# ਪੰਜਾਬੀ ਸੂਫ਼ੀ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ



ਨਿਸ਼ਾਨ ਸਿੰਘ (ਡਾ.)

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜਾਬੀ ਸੂਫ਼ੀ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਨਿਸ਼ਾਨ ਸਿੰਘ (ਡਾ.)

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# PANJABI SUFI KAV VICH VIJOGE MANUKH DA SANKALP

*by*

*Dr. Nishan Singh*

*H.No. 1054/1, W.No. 15A*
*Bhagwan Nagar Colony, Pipli*
*Distt. Kurukshetra (HR). Pin-136131*
*Mob. 075892-33437, 098961-61534*
*Email. nishanrathaur@gmail.com*

© ਪ੍ਰਕਾਸ਼ਕ

**ISBN : 978-93-84306-??????**

ਪਹਿਲੀ ਵਾਰ: 2015

ਮੁੱਲ: 300 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

**ਸਮਰਪਣ**

ਆਪਣੇ
ਪੂਜਨੀਕ ਦਾਦਾ ਜੀ
ਸਵ. ਸਰਦਾਰ ਸ਼ਬੇਗ ਸਿੰਘ ਜੀ ਨੰਬਰਦਾਰ
ਦੀ ਆਤਮਕ-ਰੂਹ
ਨੂੰ

https://archive.org/details/namdhari

## ਮੈਂ ਧੰਨਵਾਦੀ ਹਾਂ...

ਆਪਣੇ ਪ੍ਰਾਧਿਆਪਕ ਡਾ. ਕਰਮਜੀਤ ਸਿੰਘ ਜੀ ਹੁਰਾਂ ਦਾ ਜਿਨ੍ਹਾਂ ਦੀ ਪ੍ਰੇਰਣਾ ਸਦਕਾ ਇਹ ਕਾਰਜ ਪੁਸਤਕ ਰੂਪ ਵਿਚ ਪਾਠਕਾਂ ਸਾਹਮਣੇ ਪੇਸ਼ ਹੋਇਆ ਹੈ।

ਆਪਣੀ ਮਾਤਾ ਜੀ ਸ੍ਰੀਮਤੀ ਜਸਬੀਰ ਕੌਰ ਅਤੇ ਪਿਤਾ ਜੀ ਸ੍ਰ. ਅਮਰੀਕ ਸਿੰਘ ਹੁਰਾਂ ਦਾ, ਜਿਨ੍ਹਾਂ ਦਾ ਆਸ਼ੀਰਵਾਦ ਹਮੇਸ਼ਾ ਮੇਰੇ ਸਿਰ ਤੇ ਰਿਹਾ ਹੈ।

ਪਤਨੀ ਚਰਨਜੀਤ, ਬੇਟੇ ਅਸ਼ਨੂਰ ਅਤੇ ਪਵਨੂਰ ਦਾ, ਜਿਨ੍ਹਾਂ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਰੱਖਿਆ।

ਭਰਾ ਪ੍ਰਧਾਨ ਸਿੰਘ, ਦਿਲਜੀਤ ਕੌਰ, ਬੇਟੀ ਤ੍ਰਿਪਤ ਦਾ, ਜਿਨ੍ਹਾਂ ਹਮੇਸ਼ਾ ਹੱਲਾਸ਼ੇਰੀ ਦਿੱਤੀ।

ਭੈਣ ਕੁਲਦੀਪ ਕੌਰ, ਬੇਟੀ ਅਸ਼ਮੀਤ, ਮਨਸੀਰਤ ਅਤੇ ਸ੍ਰ. ਗੁਰਮੇਲ ਸਿੰਘ ਜੀ ਨਿਆਮਤਪੁਰੀ ਹੁਰਾਂ ਦਾ, ਜਿਨ੍ਹਾਂ ਦੀ ਦੁਆ ਅਤੇ ਅਸੀਸ ਹਮੇਸ਼ਾ ਮੇਰੇ ਨਾਲ ਹੈ।

**-ਡਾ. ਨਿਸ਼ਾਨ ਸਿੰਘ**

Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਤਤਕਰਾ

ਭੂਮਿਕਾ 6

*ਅਧਿਆਇ ਪਹਿਲਾ*
ਸੂਫ਼ੀ ਦਰਸ਼ਨ : ਇਤਿਹਾਸਿਕ ਪਰਿਪੇਖ 11

*ਅਧਿਆਇ ਦੂਜਾ*
ਫ਼ਰੀਦ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ 61

*ਅਧਿਆਇ ਤੀਜਾ*
ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ 112

*ਅਧਿਆਇ ਚੌਥਾ*
ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ 157

*ਅਧਿਆਇ ਪੰਜਵਾਂ*
ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ 199

ਸਹਾਇਕ ਪੁਸਤਕ-ਸੂਚੀ 250

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਭੂਮਿਕਾ

ਭਾਰਤੀ ਸਭਿਆਚਾਰ ਵਿਚ ਇਹ ਵਿਚਾਰ ਆਮ ਹੀ ਪ੍ਰਚੱਲਿਤ ਹੈ ਕਿ ਸਮਾਂ ਬਤੀਤ ਹੋਣ ਦੇ ਨਾਲ-ਨਾਲ ਜਦੋਂ ਕੋਈ ਵਸਤੂ ਜਾਂ ਸਿੱਖਿਆ ਪੁਰਾਣੀ ਹੋ ਜਾਂਦੀ ਹੈ ਤਾਂ ਉਸ ਦੀ ਆਕਰਸ਼ਣ ਸ਼ਕਤੀ ਜਾਂ ਸਿੱਖਿਆ ਦੀ ਸਾਰਥਕਤਾ ਵਿਚ ਕਮੀ ਆ ਜਾਂਦੀ ਹੈ। ਪੰਜਾਬੀ ਸੂਫ਼ੀ ਸਾਹਿਤ ਇਸ ਵਿਚਾਰ ਨੂੰ ਗ਼ਲਤ ਸਾਬਿਤ ਕਰਦਾ ਹੈ ਕਿਉਂਕਿ ਪੰਜਾਬੀ ਸੂਫ਼ੀ ਸਾਹਿਤ ਦੇ ਵਿਚਾਰ ਅਤੇ ਸਿਧਾਂਤ ਅੱਜ ਵੀ ਉਤਨੇ ਸਾਰਥਕ ਅਤੇ ਪ੍ਰਮਾਣਿਕ ਹਨ ਜਿਤਨੇ ਉਸ ਸਮੇਂ ਸਨ, ਜਦੋਂ ਇਹ ਦਿੱਤੇ ਗਏ ਸਨ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਸੂਫ਼ੀ ਸਾਹਿਤ ਇਕ ਮੁੱਲਵਾਨ ਅਤੇ ਰਚਨਾਤਮਕ ਪ੍ਰਾਪਤੀ ਹੈ। ਸੂਫ਼ੀ ਸਾਹਿਤ ਮਨੁੱਖ ਨੂੰ ਪਰਮਾਤਮਾ ਨਾਲ ਅਤੇ ਮਨੁੱਖ ਨੂੰ ਮਨੁੱਖ ਨਾਲ ਜੋੜਣ ਦਾ ਸੰਦੇਸ਼ ਦਿੰਦਾ ਹੈ। ਸੂਫ਼ੀ ਸਾਹਿਤ ਜਿੱਥੇ ਮਨੁੱਖ ਨੂੰ ਪਾਰਲੌਕਿਕ ਰਹੱਸਾਂ ਦੀ ਪ੍ਰਤੀਤੀ ਕਰਵਾਉਂਦਾ ਹੈ ਉੱਥੇ ਮਨੁੱਖ ਨੂੰ ਜੀਵਨ ਜਿਊਣ ਦਾ ਢੰਗ ਵੀ ਦੱਸਦਾ ਹੈ। ਸੂਫ਼ੀ ਸਾਹਿਤ ਮਨੁੱਖ ਨੂੰ ਪਰਮਾਤਮਾ ਨਾਲੋਂ ਵਿਯੋਗੇ ਹੋਣ ਦਾ ਅਹਿਸਾਸ ਕਰਵਾ ਕੇ ਮੁੜ ਪਰਮਾਤਮਾ ਨਾਲ ਮਿਲਾਪ ਦਾ ਆਧਾਰ ਬਣਦਾ ਹੈ।

ਸੂਫ਼ੀ ਕਾਵਿ ਪਰੰਪਰਾ ਦੇ ਅਧੀਨ ਮਨੁੱਖੀ ਜੀਵਨ ਦੇ ਸਮੁੱਚੇ ਕਾਰ-ਵਿਹਾਰਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਇਸ ਕਾਵਿ ਪਰੰਪਰਾ ਦੇ ਅਧੀਨ ਮਨੁੱਖ ਦੇ ਇਸ ਜਨਮ ਤੋਂ ਪੂਰਬਲੇ ਜਨਮ ਅਤੇ ਮੌਤ ਤੋਂ ਬਾਅਦ ਹੋਣ ਵਾਲੇ ਅਗਲੇ ਜਨਮ ਦੇ ਪ੍ਰਸੰਗ ਵਿਚ ਵੀ ਵਿਚਾਰ ਕੀਤਾ ਜਾਂਦਾ ਹੈ। ਇਸ ਲਈ ਸੂਫ਼ੀ ਸਾਹਿਤ ਮਨੁੱਖ ਦੇ ਪੂਰਬਲੇ ਜਨਮ, ਇਸ ਜਨਮ ਅਤੇ ਆਉਣ ਵਾਲੇ ਜਨਮ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਵਿਯੋਗ ਅਤੇ ਬਿਰਹਾ ਦੇ ਤਿੱਖੇ ਸੰਤਾਪ ਵਿਚੋਂ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਰਾਹ ਦੱਸਦਾ ਹੈ।

ਪੰਜਾਬੀ ਦੇ ਸ਼ਬਦ **ਵਿਯੋਗ** ਨੂੰ ਹਿੰਦੀ ਦੇ ਸ਼ਬਦ **ਅਲਗਾਵ** ਰਾਹੀਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਅਲਗਾਵ ਕੇਵਲ ਅਧਿਆਤਮਕ ਜਗਤ ਵਿਚ ਹੀ ਚਰਚਾ ਦਾ ਵਿਸ਼ਾ ਨਹੀਂ ਹੈ ਬਲਕਿ ਇਹ ਸਮਾਜ-ਸ਼ਾਸ਼ਤਰ, ਅਰਥ-ਸ਼ਾਸ਼ਤਰ, ਰਾਜਨੀਤੀ ਸ਼ਾਸ਼ਤਰ ਅਤੇ ਮਨੋਵਿਗਿਆਨ ਆਦਿ ਵਿਸ਼ਿਆਂ ਵਿਚ ਵੀ ਵਿਚਾਰ-ਚਰਚਾ ਦਾ ਹਿੱਸਾ ਬਣਾਇਆ ਜਾਂਦਾ ਹੈ।

ਅਧਿਆਤਮਕ ਜਗਤ ਵਿਚ ਅਲਗਾਵ ਨੂੰ ਪਰਮਾਤਮਾ ਅਤੇ ਜਨਮ-ਮਰਨ ਦੇ ਆਪਸੀ ਸੰਬੰਧ ਨਾਲ ਜੋੜ ਦਿੱਤਾ ਜਾਂਦਾ ਹੈ। ਸੂਫ਼ੀ ਸਾਹਿਤ ਅਨੁਸਾਰ ਜਦੋਂ ਕਿਸੇ ਮਨੁੱਖ ਦਾ ਜਨਮ ਇਸ ਧਰਤੀ ਉੱਪਰ ਹੁੰਦਾ ਹੈ ਤਾਂ ਉਸ ਮਨੁੱਖ ਦਾ ਪਰਮਾਤਮਾ ਨਾਲੋਂ ਅਲਗਾਵ ਪੈਣਾ ਕਿਹਾ ਜਾਂਦਾ ਹੈ। ਇਸ ਅਲਗਾਵ ਨੂੰ ਪੰਜਾਬੀ ਵਿਦਵਾਨਾਂ ਨੇ **ਵਿਯੋਗ** ਅਤੇ **ਬਿਰਹਾ** ਦਾ ਨਾਮ ਦਿੱਤਾ ਹੈ। ਸੂਫ਼ੀ ਸਾਹਿਤ ਦੇ ਅੰਤਰਗਤ ਮਨੁੱਖ ਨੂੰ ਜਦੋਂ ਆਪਣੇ ਅਲਗਾਵ ਦਾ ਅਹਿਸਾਸ ਹੁੰਦਾ



Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਉਹ ਇਸ ਅਲਗਾਵ ਦੀ ਅਵਸਥਾ ਤੋਂ ਪਾਰ ਪਾਉਣਾ ਚਾਹੁੰਦਾ ਹੈ ਅਤੇ ਮਨੁੱਖੀ ਜ਼ਿੰਦਗੀ ਦੇ ਸਾਰੇ ਕਾਰ-ਵਿਹਾਰ ਇਸ ਅਲਗਾਵ ਤੋਂ ਪਾਰ ਪਾਉਣ ਦੇ ਉਪਰਾਲੇ ਕਹੇ ਜਾਂਦੇ ਹਨ।

ਸੂਫ਼ੀ ਸਾਹਿਤ ਦਾ ਅਧਿਐਨ ਕਰਦਿਆਂ ਅਸੀਂ ਸੂਫ਼ੀ ਦਰਸ਼ਨ ਸੰਬੰਧੀ ਇਕ ਪਰਿਭਾਸ਼ਾ ਨਿਸ਼ਚਿਤ ਕਰਨ ਦੇ ਯੋਗ ਹੋਏ ਹਾਂ। ਇਸ ਪਰਿਭਾਸ਼ਾ ਅਨੁਸਾਰ **ਇਸ ਸੰਸਾਰ ਵਿਚ ਪੈਦਾ ਹੋਇਆ ਹਰੇਕ ਜੀਵ-ਜੰਤੂ, ਪਸ਼ੂ-ਪੰਛੀ, ਦਰਖ਼ਤ, ਜੰਗਲ, ਨਦੀ, ਪਹਾੜ ਅਤੇ ਧਰਤੀ ਸਭ ਉਸ ਪ੍ਰਭੂ ਨਾਲੋਂ ਵਿਛੜ ਕੇ ਆਏ ਹੋਏ ਹਨ, ਦੂਜੇ ਸ਼ਬਦਾਂ ਵਿਚ ਇਸ ਸੰਸਾਰ ਵਿਚ ਵਿਦਮਾਨ ਹਰੇਕ ਵਸਤੂ ਪਰਮਾਤਮਾ ਨਾਲੋਂ ਵਿਯੋਗ ਦਾ ਸੰਤਾਪ ਹੰਢਾ ਰਹੀ ਹੈ।** ਇਸ ਲਈ ਸਮੁੱਚੀ ਪੰਜਾਬੀ ਸੂਫ਼ੀ ਕਵਿਤਾ ਵਿਯੋਗ ਦੇ ਰੰਗ ਵਿਚ ਰੰਗੀ ਹੋਈ ਹੈ; ਉਹ ਚਾਹੇ ਬਾਬਾ ਫ਼ਰੀਦ ਦੀ ਕਵਿਤਾ ਹੋਵੇ, ਸ਼ਾਹ ਹੁਸੈਨ ਦੀ ਕਵਿਤਾ ਹੋਵੇ, ਬੁੱਲ੍ਹੇ ਸ਼ਾਹ ਦੀ ਕਵਿਤਾ ਹੋਵੇ ਜਾਂ ਫਿਰ ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਹੋਵੇ। ਸਾਰੇ ਸੂਫ਼ੀ ਕਵੀਆਂ ਦੀ ਕਵਿਤਾ ਵਿਚ ਵਿਯੋਗ ਦੇ ਸੁਰ ਭਾਰੂ ਹਨ। ਵਿਯੋਗ ਦੇ ਕਾਰਣ ਹੀ ਜੀਵਾਤਮਾ ਦਾ ਪਰਮਾਤਮਾ ਨਾਲ ਮੁੜ-ਮਿਲਾਪ ਸੰਭਵ ਹੁੰਦਾ ਹੈ। ਪਰਮਾਤਮਾ ਨਾਲ ਪਿਆ ਵਿਯੋਗ ਜਿੱਥੇ ਮਨੁੱਖ ਲਈ ਦੁੱਖ ਦਾ ਕਾਰਣ ਬਣਦਾ ਹੈ ਉੱਥੇ ਇਹ ਵਿਯੋਗ ਪਰਮਾਤਮਾ ਨਾਲ ਮਨੁੱਖ ਦੇ ਮਿਲਾਪ ਦਾ ਮੂਲ ਆਧਾਰ ਵੀ ਬਣਦਾ ਹੈ। ਇਹ ਵਿਯੋਗ ਰੱਬੀ-ਇਸ਼ਕ ਦੇ ਸੰਕਲਪ ਰਾਹੀਂ ਸੰਜੋਗ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਸੂਫ਼ੀ ਵਿਚਾਰਧਾਰਾ ਅਨੁਸਾਰ ਮਨੁੱਖ ਦਾ ਇਸ ਸੰਸਾਰ ਵਿਚ ਜਨਮ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਕਾਰਣ ਹੈ। ਜਿਨ੍ਹਾਂ ਲੋਕਾਂ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਅਹਿਸਾਸ ਹੋ ਗਿਆ ਭਾਵ ਜਿਹੜੇ ਲੋਕ ਵਿਯੋਗ ਪ੍ਰਤੀ ਜਾਗ੍ਰਤ ਹੋ ਗਏ, ਉਹ ਲੋਕ **ਸੂਫ਼ੀ** ਅਖਵਾਏ।

ਵਿਯੋਗ ਸ਼ਬਦ ਦੋ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ। ਵਿ + ਯੋਗ। ਵਿ ਤੋਂ ਭਾਵ ਹੈ ਨਹੀਂ ਅਤੇ ਯੋਗ ਤੋਂ ਭਾਵ ਹੈ ਜੋੜ; ਮਿਲਣਾ; ਜੋੜਣਾ; ਜਮਾ ਕਰਨਾ; ਮਿਲਾਪ। ਇਸ ਲਈ ਵਿ + ਯੋਗ ਤੋਂ ਮਤਲਬ ਲਿਆ ਜਾਂਦਾ ਹੈ ਵਿਛੋੜਾ; ਵਿਯੋਗ; ਦੂਰੀ; ਨਾ ਮਿਲਾਪ ਦੀ ਅਵਸਥਾ ਆਦਿ।

ਮਨੁੱਖ ਦਾ ਪਰਮਾਤਮਾ ਨਾਲੋਂ ਪਿਆ ਵਿਛੋੜਾ ਹੀ **ਵਿਯੋਗ** ਕਹਾਉਂਦਾ ਹੈ। ਇਹ ਵਿਯੋਗ ਮਨੁੱਖ ਦੇ ਮੰਦੇ ਕਰਮਾਂ ਕਾਰਨ ਪਿਆ ਹੈ ਅਤੇ ਇਸ ਸੰਸਾਰ ਵਿਚ ਆਉਣ ਤੋਂ ਬਾਅਦ ਮਨੁੱਖ ਦੁਬਾਰਾ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਉਪਰਾਲੇ ਮੁਰਸ਼ਦ ਦੀ ਅਗਵਾਈ ਹੇਠ ਕਰਦਾ ਹੈ। ਸੂਫ਼ੀ ਦਰਸ਼ਨ ਅਨੁਸਾਰ ਪਰਮਾਤਮਾ ਪ੍ਰਤੀ ਜਾਗ੍ਰਤ ਅਵਸਥਾ ਨੂੰ ਸੂਫ਼ੀ ਸਾਧਕ ਦੋ ਤਰੀਕੇ ਨਾਲ ਪ੍ਰਾਪਤ ਕਰ ਸਕਦਾ ਹੈ। ਇਕ ਤਾਂ ਸਾਧਕ ਦੀ ਆਪਣੀ ਭਟਕਣਾ ਉਸ ਨੂੰ ਜਾਗ੍ਰਿਤੀ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਦੂਜੀ ਮੁਰਸ਼ਦ ਦੀ ਅਗਵਾਈ ਸਾਧਕ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਗਿਆਨ ਕਰਵਾਉਂਦੀ ਹੈ। "ਉਸ (ਮਨੁੱਖ) ਦਾ ਸਾਰਾ ਦਰਦ ਉਸ ਵੇਲੇ ਸ਼ੁਰੂ ਹੋਇਆ ਜਦੋਂ ਉਹ ਆਪਣੀ ਮੂਲ ਇਕਾਈ (ਰੱਬ) ਤੋਂ ਵਿਛੜ ਕੇ ਇਸ ਧਰਤੀ'ਤੇ ਆ ਗਿਆ ਤੇ ਬਿਰਹਾ ਦੀਆਂ ਸਾਂਗਾਂ ਜਾਂ ਹਿਜਰ ਦੇ ਤੀਰਾਂ ਨਾਲ ਵਿੰਨ੍ਹਿਆ ਜਾਣ ਲੱਗਾ।" (**ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-220)

ਪਰਮਾਤਮਾ ਨਾਲੋਂ ਪਏ ਵਿਯੋਗ ਪ੍ਰਤੀ ਜਾਗ੍ਰਤ ਹੋਏ ਸੂਫ਼ੀ ਬਿਰਹਾ ਦੀ ਅੱਗ ਵਿਚ ਸੜਦੇ ਹਨ। ਉਹ ਹਰ ਵੇਲੇ ਪਰਮਾਤਮਾ ਨੂੰ ਮਿਲਣ ਲਈ ਤਰਸਦੇ ਰਹਿੰਦੇ ਹਨ। ਬਿਰਹਾ ਇਕ ਅਹਿਸਾਸ ਹੈ ਜੋ ਵਿਯੋਗ ਦੀ ਅਵਸਥਾ ਵਿਚ ਇਸ਼ਕ ਕਾਰਣ ਉਤਪੰਨ ਹੁੰਦਾ ਹੈ। ਸਮੁੱਚੀ



Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਕਵਿਤਾ ਵਿਚ ਵਿਦਵਾਨਾਂ ਨੇ ਵਿਯੋਗ ਅਤੇ ਬਿਰਹਾ ਨੂੰ ਇਕ ਦੂਜੇ ਨਾਲ ਮਿਲਾ ਦਿੱਤਾ ਹੈ ਪਰ ਅਸਲ ਵਿਚ ਵਿਯੋਗ ਅਤੇ ਬਿਰਹਾ ਵਿਚ ਬਹੁਤ ਅੰਤਰ ਹੈ। ਵਿਯੋਗ ਸਰੀਰਕ ਦੂਰੀ ਨੂੰ ਕਿਹਾ ਜਾਂਦਾ ਹੈ ਅਤੇ ਬਿਰਹਾ ਵਿਯੋਗ ਦੇ ਸਿੱਟੇ ਵੱਜੋਂ ਇਸ਼ਕ ਕਾਰਣ ਹੋਂਦ ਵਿਚ ਆਉਂਦੀ ਹੈ।

ਬਿਰਹਾ ਵਿਚ ਵਿਆਕੁਲ ਸਾਧਕ ਸੱਚੇ ਮੁਰਸ਼ਦ ਦੀ ਭਾਲ ਵਿਚ ਤੁਰ ਪੈਂਦਾ ਹੈ। ਜਿਸ ਸਮੇਂ ਉਸ ਨੂੰ ਸੱਚਾ ਅਤੇ ਕਾਮਿਲ ਮੁਰਸ਼ਦ ਮਿਲਦਾ ਹੈ ਤਾਂ ਉਹ ਸਾਧਕ ਆਪਣੇ ਆਪ ਨੂੰ ਮੁਰਸ਼ਦ ਦੇ ਹਵਾਲੇ ਕਰ ਦਿੰਦਾ ਹੈ। ਮੁਰਸ਼ਦ ਆਪਣੇ ਮੁਰੀਦ ਨੂੰ ਪਰਮਾਤਮਾ ਦੀ ਪ੍ਰਾਪਤੀ ਕਰਵਾਉਣ ਲਈ **ਰੱਬੀ-ਇਸ਼ਕ** ਦਾ ਮਾਰਗ ਅਖ਼ਤਿਆਰ ਕਰਨ ਲਈ ਪ੍ਰੇਰਿਤ ਕਰਦਾ ਹੈ। ਰੱਬੀ-ਇਸ਼ਕ ਦੇ ਪੰਧ ਦਾ ਸੂਫ਼ੀ ਸਾਧਕ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਸੂਫ਼ੀ ਆਪਣੀ ਆਤਮਾ ਨੂੰ ਪਰਮਾਤਮਾ ਵਿਚ **ਫ਼ਨਾ** ਕਰ ਦਿੰਦਾ ਹੈ ਅਤੇ ਇਹੀ ਸਭ ਸੂਫ਼ੀਆਂ ਦਾ ਅੰਤਿਮ ਅਤੇ ਪ੍ਰਮੁੱਖ ਲਕਸ਼ ਹੁੰਦਾ ਹੈ।

ਇਸ ਪੁਸਤਕ ਵਿਚ ਪੰਜਾਬੀ ਸੂਫ਼ੀ ਕਵਿਤਾ ਦੇ ਚਾਰ ਪ੍ਰਮੁੱਖ ਕਵੀਆਂ ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਗ਼ੁਲਾਮ ਫ਼ਰੀਦ ਦੀ ਕਵਿਤਾ ਦਾ ਵਿਸਥਾਰਪੂਰਵਕ ਅਧਿਐਨ ਕੀਤਾ ਹੈ। ਪਹਿਲਾ ਅਧਿਆਇ **ਸੂਫ਼ੀ ਦਰਸ਼ਨ: ਇਤਿਹਾਸਿਕ ਪਰਿਪੇਖ** ਹੈ। ਇਸ ਅਧਿਆਏ ਵਿਚ ਸਭ ਤੋਂ ਪਹਿਲਾਂ ਇਸਲਾਮ ਧਰਮ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ ਕਿਉਂਕਿ ਸੂਫ਼ੀ ਵਿਚਾਰਧਾਰਾ ਦਾ ਮੁੱਢ ਇਸਲਾਮ ਤੋਂ ਹੀ ਬੱਝਾ ਹੈ। ਸੂਫ਼ੀਮਤ ਦਾ ਜਨਮ ਇਸਲਾਮ ਵਿਚੋਂ ਹੋਇਆ ਹੈ। ਇਸ ਤੋਂ ਇਲਾਵਾ ਇਸ ਅਧਿਆਏ ਵਿਚ ਇਸਲਾਮ ਧਰਮ ਦੇ ਬੁਨਿਆਦੀ ਅਸੂਲ, ਸੂਫ਼ੀਮਤ ਦਾ ਜਨਮ, ਪਿਛੋਕੜ, ਸੂਫ਼ੀਵਾਦ ਦੇ ਵਿਕਾਸ ਪੜਾਅ, ਭਾਰਤ ਵਿਚ ਸੂਫ਼ੀਮਤ ਦਾ ਆਗਮਨ, ਸੂਫ਼ੀਮਤ ਉੱਤੇ ਇਸਲਾਮ ਅਤੇ ਦੂਜੇ ਧਰਮਾਂ ਦਾ ਪਿਆ ਪ੍ਰਭਾਵ, ਸੂਫ਼ੀ ਸੰਪਰਦਾਵਾਂ, ਸੂਫ਼ੀ ਦਰਸ਼ਨ, ਪਰਮਾਤਮਾ ਸੰਬੰਧੀ ਸੂਫ਼ੀਆਂ ਦੇ ਵਿਚਾਰ, ਸੰਸਾਰ ਦੀ ਨਾਸ਼ਮਾਨਤਾ ਅਤੇ ਜੀਵਾਤਮਾ, ਸੂਫ਼ੀ ਸਾਧਨਾ/ਭਗਤੀ, ਸੂਫ਼ੀ ਵਿਚਾਰਧਾਰਾ ਵਿਚ ਵਿਯੋਗ ਜਾਂ ਬਿਰਹਾ ਦਾ ਸੰਕਲਪ, ਮੌਤ ਦਾ ਸੰਕਲਪ, ਨੈਤਿਕ ਕਦਰਾਂ-ਕੀਮਤਾਂ ਅਤੇ ਇਤਿਹਾਸਕ ਵਿਕਾਸ ਪੜਾਅ ਦਾ ਵਰਣਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਅਸੀਂ ਕੁਝ ਚੋਣਵੇਂ ਪੰਜਾਬੀ ਸੂਫ਼ੀ ਕਵੀਆਂ ਦੇ ਜੀਵਨ ਅਤੇ ਰਚਨਾ ਸੰਬੰਧੀ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਵਿਚੋਂ ਮੁਹੰਮਦ ਸਈਦ ਸਰਮਦ, ਸੁਲਤਾਨ ਬਾਹੂ, ਸ਼ਾਹ ਮੁਰਾਦ, ਅਲੀ ਹੈਦਰ ਅਤੇ ਹਾਸ਼ਮ ਸ਼ਾਹ ਪ੍ਰਮੁੱਖ ਹਨ।

**ਦੂਜੇ ਅਧਿਆਇ** ਦੇ ਅੰਤਰਗਤ **ਫ਼ਰੀਦ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ** ਵਿਸ਼ੇ ਉੱਪਰ ਵਿਚਾਰ-ਚਰਚਾ ਕੀਤੀ ਹੈ। ਅਸਲ ਵਿਚ ਸੂਫ਼ੀ ਕਵਿਤਾ ਦਾ ਮੁੱਢ ਬਾਬਾ ਫ਼ਰੀਦ ਦੇ ਕਾਵਿ ਨਾਲ ਹੀ ਬੱਝਦਾ ਹੈ। ਬਾਬਾ ਫ਼ਰੀਦ ਨੇ ਪਹਿਲੀ ਵਾਰ ਆਮ ਲੋਕਾਂ ਦੀ ਭਾਸ਼ਾ **ਪੰਜਾਬੀ** ਵਿਚ ਰੱਬੀ-ਇਸ਼ਕ ਦੇ ਗੀਤ ਗਾਏ ਅਤੇ ਇਹੀ ਬਾਬਾ ਫ਼ਰੀਦ ਦੀ ਲੋਕਪ੍ਰਿਯਤਾ ਦਾ ਕਾਰਣ ਮੰਨਿਆ ਜਾਂਦਾ ਹੈ। ਬਾਬਾ ਫ਼ਰੀਦ ਨੇ ਸਭ ਤੋਂ ਪਹਿਲਾਂ ਵਿਯੋਗ ਨੂੰ ਆਪਣੇ ਕਲਾਮ ਵਿਚ ਥਾਂ ਦਿੱਤੀ। ਉਨ੍ਹਾਂ ਪਰਮਾਤਮਾ ਨਾਲੋਂ ਵਿਛੜ ਕੇ ਆਏ ਮਨੁੱਖ ਨੂੰ ਇਸ ਨਾਸ਼ਮਾਨ ਸੰਸਾਰ ਨਾਲ ਮੋਹ ਨਾ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਵਿਯੋਗ ਨੂੰ ਸਮਾਪਤ ਕਰਨ ਲਈ ਰੱਬੀ-ਇਸ਼ਕ ਦੇ ਗੀਤ ਗਾਉਣ ਲਈ ਉਪਦੇਸ਼ ਦਿੱਤਾ। ਉਨ੍ਹਾਂ ਆਪਣੇ ਕਲਾਮ ਵਿਚ ਨੈਤਿਕ ਕਦਰਾਂ-ਕੀਮਤਾਂ ਅਤੇ ਉੱਚ ਆਚਰਣ ਉੱਤੇ ਪਹਿਰਾ ਦੇਣ ਲਈ ਮਨੁੱਖ ਨੂੰ ਜਾਗ੍ਰਤ ਕੀਤਾ। ਬਾਬਾ ਫ਼ਰੀਦ ਦੀ ਸਮੁੱਚੀ ਕਵਿਤਾ ਅਧਿਆਤਮਕ ਰੰਗਤ ਵਾਲੀ ਹੈ। ਇਸ ਲਈ ਬਾਬਾ ਫ਼ਰੀਦ ਨੇ ਮਨੁੱਖ ਨੂੰ ਪਰਮਾਤਮਾ ਦੇ ਦਰ'ਤੇ ਪਰਵਾਨ ਹੋਣ ਲਈ **ਰੱਤੇ ਇਸ਼ਕ ਖ਼ੁਦਾਇ ਰੰਗ ਦੀਦਾਰ ਕੇ** ਦਾ ਉਪਦੇਸ਼ ਦਿੱਤਾ।



Sri Satguru Jagjit Singh Ji eLibrary NamdhariElibrary@gmail.com

**ਤੀਜੇ ਅਧਿਆਇ** ਦੇ ਅੰਤਰਗਤ **ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ** ਵਿਸ਼ੇ ਉੱਪਰ ਵਿਚਾਰ-ਚਰਚਾ ਕੀਤੀ ਗਈ ਹੈ। ਬਾਬਾ ਫ਼ਰੀਦ ਤੋਂ ਬਾਅਦ ਸ਼ਾਹ ਹੁਸੈਨ ਅਜਿਹਾ ਸੂਫ਼ੀ ਕਵੀ ਹੈ ਜਿਸ ਨੇ ਪੰਜਾਬੀ ਸੂਫ਼ੀ ਕਵਿਤਾ ਨੂੰ ਅਧਿਆਤਮ ਮਾਰਗ ਤੋਂ ਸਮਾਜਕ ਮਾਰਗ ਉੱਪਰ ਤੋਰਿਆ। ਬਾਬਾ ਫ਼ਰੀਦ ਦਾ ਸਮੁੱਚਾ ਕਾਵਿ ਅਧਿਆਤਮਕ ਬਾਤਾਂ ਪਾਉਂਦਾ ਹੈ ਇਸ ਕਾਵਿ ਵਿਚ ਸਮਾਜ ਵਿਚ ਰਹਿੰਦੇ ਮਨੁੱਖ ਬਾਰੇ ਬਹੁਤੀ ਚਰਚਾ ਨਹੀਂ ਕੀਤੀ ਗਈ। ਦੂਜੇ ਪਾਸੇ ਜਿਸ ਸਮੇਂ ਸ਼ਾਹ ਹੁਸੈਨ ਸੂਫ਼ੀ ਕਵਿਤਾ ਦੀ ਸ਼ੁਰੂਆਤ ਕਰਦਾ ਹੈ ਤਾਂ ਉਹ ਸੂਫ਼ੀ ਕਵਿਤਾ ਨੂੰ ਅਧਿਆਤਮਕ ਮੰਡਲ ਵਿਚੋਂ ਕੱਢ ਕੇ ਸਮਾਜਕ ਮੰਡਲ ਵਾਲੇ ਪਾਸੇ ਲੈ ਕੇ ਆਉਂਦਾ ਹੈ। ਸ਼ਾਹ ਹੁਸੈਨ ਨੇ ਆਪਣੀ ਕਵਿਤਾ ਵਿਚ ਮਨੁੱਖ ਨੂੰ ਪਰਮਾਤਮਾ ਨਾਲ ਅਤੇ ਮਨੁੱਖ ਨੂੰ ਮਨੁੱਖ ਨਾਲ ਜੋੜਨ ਦਾ ਕੰਮ ਕੀਤਾ ਹੈ। ਉਹ ਆਪਣੇ ਕਲਾਮ ਵਿਚ ਨਿਰਾ ਅਧਿਆਤਮਕ ਪ੍ਰਵਚਨ ਹੀ ਨਹੀਂ ਕਰਦਾ ਬਲਕਿ ਇਸ਼ਕ-ਕਿੱਸਿਆਂ ਦੇ ਮਾਧਿਅਮ ਦੁਆਰਾ ਰੱਬੀ-ਇਸ਼ਕ ਦਾ ਸੰਦੇਸ਼ ਵੀ ਦਿੰਦਾ ਹੈ।

**ਚੌਥੇ ਅਧਿਆਇ** ਦੇ ਅੰਤਰਗਤ **ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ** ਵਿਸ਼ੇ ਉੱਪਰ ਵਿਚਾਰ-ਚਰਚਾ ਕੀਤੀ ਹੈ। ਬੁੱਲ੍ਹੇ ਸ਼ਾਹ ਇਕ ਅਜਿਹਾ ਸ਼ਾਇਰ ਹੈ ਜੋ ਪੰਜਾਬੀ ਸੂਫ਼ੀ ਕਵਿਤਾ ਵਿਚ ਸਭ ਤੋਂ ਜਿਆਦਾ ਮਕਬੂਲ ਸ਼ਾਇਰ ਹੈ। ਪੰਜਾਬੀ ਸੂਫ਼ੀ ਸਾਹਿਤ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਬਹੁਤ ਹਰਮਨ ਪਿਆਰੀਆਂ ਹਨ। ਇਹ ਕਾਫ਼ੀਆਂ ਆਮ ਜਨ-ਜੀਵਨ ਵਿਚ ਵਰਤੀਆਂ ਜਾਂਦੀਆਂ ਹਨ। ਪੰਜਾਬੀ ਸਮਾਜ ਵਿਚ ਰਹਿੰਦੇ ਲੋਕ ਇਨ੍ਹਾਂ ਕਾਫ਼ੀਆਂ ਨੂੰ ਅਖਾਣਾਂ, ਮੁਹਾਵਰਿਆਂ ਦੇ ਤੌਰ'ਤੇ ਵਰਤਦੇ ਹਨ। ਬੁੱਲ੍ਹੇ ਸ਼ਾਹ ਨੇ ਆਪਣੀ ਕਵਿਤਾ ਵਿਚ ਪਹਿਲੀ ਵਾਰ ਇਸਲਾਮੀ ਸ਼ਰੀਅਤ ਦਾ ਖੁੱਲ੍ਹੇ ਰੂਪ ਵਿਚ ਵਿਰੋਧ ਕੀਤਾ। ਉਸ ਨੇ ਇਸਲਾਮੀ ਸ਼ਰੀਅਤ ਦਾ ਆਪਣੀ ਕਵਿਤਾ ਵਿਚ ਕੇਵਲ ਵਿਰੋਧ ਹੀ ਨਹੀਂ ਕੀਤਾ ਬਲਕਿ ਇਸਲਾਮੀ ਸ਼ਰੀਅਤ ਦੀ ਰੱਜ ਕੇ ਭੰਡੀ ਵੀ ਕੀਤੀ। ਬੁੱਲ੍ਹੇ ਸ਼ਾਹ ਨੇ ਪਰਮਾਤਮਾ ਨਾਲੋਂ ਪਏ ਵਿਯੋਗ ਨੂੰ ਖ਼ਤਮ ਕਰਕੇ ਮੁੜ ਮਿਲਾਪ ਦੀ ਅਵਸਥਾ ਪ੍ਰਾਪਤ ਕਰਨ ਲਈ ਕਿਸੇ ਪ੍ਰਕਾਰ ਦੇ ਬਾਹਰੀ ਭੇਖਾਂ, ਪਾਖੰਡਾਂ ਅਤੇ ਸ਼ਰੀਅਤ ਦੀ ਜ਼ਰੂਰਤ ਦੀ ਸਖ਼ਤ ਸ਼ਬਦਾਂ ਵਿਚ ਵਿਰੋਧਤਾ ਕੀਤੀ ਹੈ।

ਬੁੱਲ੍ਹੇ ਸ਼ਾਹ ਆਪ ਫ਼ੱਕਰ ਸੁਭਾਅ ਦਾ ਮਾਲਕ ਸ਼ਾਇਰ ਸੀ। ਉਸ ਨੇ ਆਪਣੀ ਉੱਚੀ ਕੁੱਲ ਅਤੇ ਉੱਚੇ ਖ਼ਾਨਦਾਨ ਦੀ ਪਰਵਾਹ ਕੀਤੇ ਬਿਨਾਂ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਗਲੀਆਂ ਵਿਚ ਨੱਚ ਕੇ ਯਾਰ (ਪਰਮਾਤਮਾ) ਨੂੰ ਮਨਾਇਆ। ਬੁੱਲ੍ਹੇ ਸ਼ਾਹ ਅਨੁਸਾਰ ਜਦੋਂ ਕੋਈ ਵਿਅਕਤੀ ਪਰਮਾਤਮਾ ਦੇ ਇਸ਼ਕ ਵਿਚ ਮਸਤ ਹੋ ਜਾਂਦਾ ਹੈ ਤਾਂ ਉਸ ਨੂੰ ਦੁਨੀਆਂਦਾਰੀ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਹ ਰੱਬੀ-ਇਸ਼ਕ ਵਿਚ ਮਸਤ ਆਪਣੇ ਮਹਿਬੂਬ ਨੂੰ ਪਾਉਣ ਦੇ ਉਪਰਾਲੇ ਕਰਦਾ ਰਹਿੰਦਾ ਹੈ।

**ਪੰਜਵੇਂ ਅਧਿਆਇ** ਦੇ ਅੰਤਰਗਤ **ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ** ਵਿਸ਼ੇ ਉੱਪਰ ਵਿਚਾਰ-ਚਰਚਾ ਕੀਤੀ ਗਈ ਹੈ। ਜਿਹੜੇ ਵਿਚਾਰ ਅਤੇ ਭਾਵ ਪਹਿਲੇ ਸੂਫ਼ੀ ਕਵੀ ਬਾਬਾ ਫ਼ਰੀਦ ਦੇ ਕਾਵਿ ਵਿਚ ਸ਼ਾਮਿਲ ਕੀਤੇ ਗਏ ਹਨ ਉਹੀ ਭਾਵ ਅਤੇ ਵਿਚਾਰ ਖ਼ਵਾਜਾ ਗ਼ੁਲਾਮ ਫ਼ਰੀਦ ਦੇ ਕਾਵਿ ਵਿਚ ਸਹਿਜੇ ਹੀ ਦੇਖੇ ਜਾ ਸਕਦੇ ਹਨ। ਗ਼ੁਲਾਮ ਫ਼ਰੀਦ ਨੇ ਇਸ਼ਕ-ਮਜਾਜ਼ੀ ਦਾ ਸੰਤਾਪ ਆਪਣੇ ਪਿੰਡੇ'ਤੇ ਹੰਢਾਇਆ ਹੈ। ਇਸ ਲਈ ਉਨ੍ਹਾਂ ਆਪਣੇ ਕਲਾਮ ਵਿਚ ਇਸ਼ਕ-ਮਜਾਜ਼ੀ ਦੀ ਗੱਲ ਕਰਦਿਆਂ ਹੋਇਆਂ ਵੀ ਇਸ਼ਕ-ਹਕੀਕੀ ਦੇ ਸੰਦਰਭ ਨੂੰ ਛੁਹਿਆ ਹੈ। ਉਨ੍ਹਾਂ ਦੁਨਿਆਵੀ ਇਸ਼ਕ ਦੀ ਗੱਲ ਕਰਦਿਆਂ ਵੀ ਰੱਬੀ-ਇਸ਼ਕ ਦੇ



Sri Satguru Jagjit Singh Ji eLibrary NamdhariElibrary@gmail.com

ਭੇਦ ਨੂੰ ਖੋਲਿਆ ਹੈ।

ਗ਼ੁਲਾਮ ਫ਼ਰੀਦ ਨੇ ਆਪਣੀ ਕਵਿਤਾ ਵਿਚ ਮਨੁੱਖ ਨੂੰ ਮਨੁੱਖ ਨਾਲ ਜੋੜਨ ਦਾ ਯਤਨ ਕੀਤਾ ਹੈ। ਉਹ ਆਪਣੇ ਕਲਾਮ ਵਿਚ ਮਨੁੱਖ ਨੂੰ ਇਬਾਦਤ (ਸਾਧਨਾ/ਭਗਤੀ) ਦੁਆਰਾ ਪਰਮਾਤਮਾ ਦੇ ਮਿਲਾਪ ਦਾ ਰਾਹ ਦੱਸਦਾ ਹੈ। ਉਹ ਮਨੁੱਖ ਨੂੰ ਰੱਬੀ-ਇਸ਼ਕ ਦਾ ਰਾਹ ਅਖ਼ਤਿਆਰ ਕਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਕਿ ਜੀਵਾਤਮਾ ਦਾ ਮਿਲਾਪ ਪਰਮਾਤਮਾ ਨਾਲ ਸੰਭਵ ਹੋ ਸਕੇ। ਉਹ ਸੂਫ਼ੀ ਸਾਧਕ ਨੂੰ ਪਰਮਾਤਮਾ ਵਿਚ **ਫ਼ਨਾ** ਹੋਣ ਲਈ ਦੁਨੀਆਂ ਦੀ ਪਰਵਾਹ ਨਾ ਕਰਨ ਦੀ ਸਲਾਹ ਦਿੰਦਾ ਹੈ। ਇਸ ਤੋਂ ਇਲਾਵਾ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦੇ ਵਿਭਿੰਨ ਬਿੰਬ ਸਿਰਜੇ ਗਏ ਹਨ।

**-ਡਾ. ਨਿਸ਼ਾਨ ਸਿੰਘ**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਅਧਿਆਇ ਪਹਿਲਾ

# ਸੂਫ਼ੀ ਦਰਸ਼ਨ : ਇਤਿਹਾਸਿਕ ਪਰਿਪੇਖ

ਆਦਿ ਕਾਲ ਤੋਂ ਹੀ ਮਨੁੱਖੀ ਬਿਰਤੀ ਕੁਦਰਤੀ ਰਹੱਸਾਂ ਨੂੰ ਜਾਨਣ ਦੀ ਰਹੀ ਹੈ। ਕਦੇ ਆਕਾਸ਼ ਦੀ ਜਾਣਕਾਰੀ, ਕਦੇ ਧਰਤੀ ਦੀ, ਕਦੇ ਧਰਤੀ ਤੋਂ ਹੇਠਾਂ ਦੀ ਅਤੇ ਕਦੇ ਆਕਾਸ਼ ਤੋਂ ਉੱਪਰ ਦੀ। ਮਨੁੱਖ ਹਮੇਸ਼ਾ ਹੀ ਜਗਿਆਸੂ ਪਰਵਿਰਤੀ ਦਾ ਮਾਲਕ ਰਿਹਾ ਹੈ। ਮਨੁੱਖ ਦੀ ਇਸ ਜਗਿਆਸਾ ਨੇ ਹੀ ਧਰਮ ਨੂੰ ਜਨਮ ਦਿੱਤਾ। ਜਿਸ ਵੇਲੇ ਮਨੁੱਖ ਜੰਗਲਾਂ ਵਿਚ ਦੂਜੇ ਜਾਨਵਰਾਂ ਵਾਂਗ ਰਹਿੰਦਾ ਸੀ ਤਾਂ ਕਦੇ ਆਕਾਸ਼ੀ ਬਿਜਲੀ ਦੀ ਚਮਕ ਤੇ ਕਦੇ ਮੀਂਹ ਝੱਖੜ ਦਾ ਡਰ, ਸੋ ਮਨੁੱਖ ਨੇ ਆਪਣੇ ਮਨ ਵਿਚ ਇਕ ਅਜਿਹੀ ਸ਼ਕਤੀ ਧਾਰ ਲਈ ਜਿਹੜੀ ਬਾਅਦ ਵਿਚ ਧਰਮ ਦੇ ਰੂਪ ਵਿਚ ਸਾਹਮਣੇ ਆਈ। ਧਰਮ ਦਾ ਸਰੂਪ ਸਹਿਜੇ-ਸਹਿਜੇ ਵਿਕਸਿਤ ਹੋਣ ਲੱਗਾ। ਕਾਇਦੇ-ਕਾਨੂੰਨ ਬਣਨ ਲੱਗੇ। ਇਨ੍ਹਾਂ ਕਾਇਦੇ-ਕਾਨੂੰਨਾਂ ਦਾ ਅਸਲ ਮਕਸਦ ਮਨੁੱਖ ਨੂੰ ਮਾੜੇ ਕਰਮਾਂ ਤੋਂ ਵਰਜਣਾ ਸੀ ਅਤੇ ਚੰਗੇ ਅਤੇ ਨੇਕ ਕੰਮਾਂ ਵਾਲੇ ਪਾਸੇ ਮੋੜਨਾ ਸੀ;

"ਮਾਨਵ ਦੇ ਸੰਪੂਰਣ ਵਿਕਾਸ ਵਿਚ ਧਰਮ ਇਕਾਈ ਮੁੱਢ ਕਦੀਮ ਤੋਂ ਹੀ ਇਕ ਸ਼੍ਰੇਸ਼ਟ ਸਾਧਨ ਵੱਜੋਂ ਕਿਰਿਆਸ਼ੀਲ ਤੱਤ ਰਿਹਾ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਜੇ ਅਸੀਂ ਇਕ ਨਜ਼ਰ ਮਨੁੱਖੀ ਇਤਿਹਾਸ (ਪੂਰੇ ਵਿਸ਼ਵ ਪੱਧਰ'ਤੇ) ਉੱਪਰ ਮਾਰੀਏ ਤਾਂ ਇਕ ਤੱਥ ਸਾਫ਼ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਜਦ ਕਦੇ ਵੀ ਮਨੁੱਖੀ ਸਭਿਅਤਾ ਵੱਖ-ਵੱਖ ਅੰਸ਼ਾਂ ਵਿਚ ਵੰਡੀ ਜਾਣ ਲੱਗੀ ਤਾਂ ਇਕ ਨਵੀਨ ਧਾਰਮਿਕ ਸੰਗਠਨ ਉਸ ਦੀ ਯੋਗ ਪਰਕਿਰਿਆ ਤੇ ਹੋਂਦ ਸਿਰਜਣਾ ਦੇ ਤੌਰ'ਤੇ ਦ੍ਰਿਸ਼ਟੀਮਾਨ ਹੋਇਆ।"[1]

ਧਰਮ ਮਨੁੱਖੀ ਜੀਵਨ ਵਿਚ ਸਾਰਥਕ ਅਤੇ ਸਿਹਤਮੰਦ ਰੋਲ ਅਦਾ ਕਰਦਾ ਹੈ। ਇਹ ਮਨੁੱਖ ਨੂੰ ਸਮਾਜ ਵਿਚ ਰਹਿੰਦਿਆਂ ਆਪਸੀ ਭਾਈਚਾਰੇ, ਪ੍ਰੇਮ-ਭਾਵਨਾ, ਸਹਿਨਸ਼ੀਲਤਾ ਅਤੇ ਪਰਮਾਤਮਾ ਦੀ ਭਗਤੀ ਕਰਨ ਦਾ ਪਾਠ ਪੜ੍ਹਾਉਂਦਾ ਹੈ। ਧਾਰਮਿਕ ਚੇਤਨਾ ਨੇ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਪ੍ਰਭਾਵਿਤ ਕੀਤਾ ਹੈ। ਧਰਮ ਮਨੁੱਖ ਨੂੰ ਮੰਦੇ ਕੰਮਾਂ ਤੋਂ ਵਰਜਦਾ ਹੈ ਅਤੇ ਚੰਗੇ ਅਤੇ ਨੇਕ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਸਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਧਰਮ ਮਨੁੱਖੀ ਜ਼ਿੰਦਗੀ ਦੇ ਵਿਕਾਸ ਲਈ ਸਾਜਿਆ ਗਿਆ ਸੀ;

"ਧਰਮ ਦੁਆਰਾ ਪ੍ਰਸਤੁਤ ਰੱਬ ਦੇ ਸਰਬ-ਸ਼ਕਤੀਮਾਨ ਹੋਣ ਦਾ ਸਿਧਾਂਤ ਮਨੁੱਖ ਨੂੰ ਹੰਕਾਰ-ਗ੍ਰਸਤ ਹੋਣ/ਰੱਬ ਬਣਨ ਤੋਂ ਰੋਕਦਾ ਹੈ। ਜੇ ਮਨੁੱਖ ਨੂੰ ਆਪਣੇ ਤੋਂ ਵਡੇਰੀ ਕਿਸੇ ਹੋਰ ਮਹਾਂਸ਼ਕਤੀ ਦਾ ਅਹਿਸਾਸ/ਡਰ ਨਾ ਹੁੰਦਾ ਤਾਂ ਉਸ ਦੀਆਂ ਬਦ-ਬਿਰਤੀਆਂ ਬੇਲਗਾਮ ਹੋ ਜਾਣੀਆਂ ਸਨ।"[2]

ਇਸ ਅਧਿਆਇ ਦਾ ਮੂਲ ਪ੍ਰਯੋਜਨ **ਸੂਫ਼ੀ ਦਰਸ਼ਨ ਦੇ ਇਤਿਹਾਸਿਕ ਪਰਿਪੇਖ** ਬਾਰੇ ਚਰਚਾ ਕਰਨਾ ਹੈ ਪਰ ਅਸੀਂ ਪਹਿਲਾਂ ਇਸਲਾਮ ਅਤੇ ਇਸ ਦੇ ਬੁਨਿਆਦੀ ਸਿਧਾਤਾਂ ਬਾਰੇ



Sri Satguru Jagjit Singh Ji eLibrary NamdhariElibrary@gmail.com

ਵਿਚਾਰ-ਚਰਚਾ ਕਰਾਂਗੇ ਤਾਂ ਕਿ ਇਸਲਾਮ ਧਰਮ ਵਿਚੋਂ ਨਿਕਲੀ ਸੂਫ਼ੀ ਵਿਚਾਰਧਾਰਾ ਬਾਰੇ ਸਹੀ ਅਤੇ ਪੁਖ਼ਤਾ ਜਾਣਕਾਰੀ ਹਾਸਲ ਕੀਤੀ ਜਾ ਸਕੇ।

## ਇਸਲਾਮ

ਇਸਲਾਮ ਅਸਲ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਵਿਭਿੰਨ ਅਰਥ ਹਨ ਜਿਨ੍ਹਾਂ ਵਿਚੋਂ ਗ੍ਰਹਿਣ ਕਰਨਾ/ਮੰਨਣਾ ਜਾਂ ਅੰਗੀਕਾਰ ਕਰਨਾ ਪ੍ਰਮੁੱਖ ਹਨ। **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ** ਪੁਸਤਕ ਵਿਚ ਡਾ. ਗੁਰਦੇਵ ਸਿੰਘ ਨੇ ਇਸਲਾਮ ਸ਼ਬਦ ਦੀ ਵਿਆਖਿਆ ਕਰਦਿਆਂ ਕਿਹਾ ਹੈ, "ਇਸਲਾਮ ਸ਼ਬਦ ਅਰਬੀ ਤੋਂ ਵਿਉਤਪਤ ਹੈ ਜਿਸ ਦੇ ਅਰਥ ਹਨ ਅੰਗੀਕਾਰ ਕਰਨਾ, ਮੰਨਣਾ; ਤਰਕ ਕਰਨਾ, ਤਿਆਗਣਾ; ਜਾਂ ਸਿਰ ਝੁਕਾਉਣਾ। ਸੋ ਰੱਬ ਦੇ ਹੁਕਮ ਨੂੰ ਅੰਗੀਕਾਰ ਕਰਨ; ਦੁਨੀਆਵੀ ਕਸ਼ਿਸ਼ ਦੇ ਸਾਰੇ ਕਾਰਨਾਂ ਨੂੰ ਤਰਕ ਕਰਨ ਜਾਂ ਤਿਆਗਣ ਅਤੇ ਰੱਬ ਦੀ ਰਜ਼ਾ ਨੂੰ ਸਿਰ ਝੁਕਾ ਕੇ, ਖਿੜੇ ਮੱਥੇ ਮੰਨਣ ਵਾਲਿਆਂ ਦੇ ਧਰਮ ਨੂੰ ਇਸਲਾਮ ਕਿਹਾ ਜਾਂਦਾ ਹੈ।"[3]

"ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ। ... ਇਸ ਸ਼ਬਦ ਦਾ ਅਰਥ ਹੈ ਸਿਰ ਝੁਕਾਉਣਾ, ਖ਼ੁਦਾ ਦੀ ਰਜ਼ਾ ਨੂੰ ਅੰਗੀਕਾਰ ਕਰਨਾ। ... ਇਸਲਾਮ ਦੇ ਕੋਸ਼ਾਗਤ ਅਰਥ ਰੱਬ ਦੀ ਆਗਿਆਕਾਰੀ, ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਮੰਨਣਾ ਅਤੇ ਅਮਨ ਸ਼ਾਂਤੀ ਹਨ।"[4]

"ਇਸਲਾਮ; ਬੰਦਗੀ ਵਿਚ ਸਿਰ ਝੁਕਾ ਦੇਣਾ; ਮੁਸਲਮਾਨ ਹੋਣਾ (ਮੁਹੰਮਦੀ ਧਰਮ, ਮੁਸਲਮਾਨੀ ਮਜ਼੍ਹਬ) ਇਸ ਦਾ ਮੂਲ ਹੈ ਅਰਬੀ ਸਲਮ ਸੌਂਪਣਾ ਭਾਵ ਖ਼ੁਦ ਨੂੰ ਅੱਲ੍ਹਾ ਦੇ ਹਵਾਲੇ ਕਰ ਦੇਣਾ।"[5]

ਇਸਲਾਮ ਪ੍ਰਾਚੀਨ ਅਤੇ ਵਿਸ਼ਵ-ਵਿਆਪੀ ਧਰਮ ਹੈ। ਇਹ ਇਕ ਧਰਮ ਹੀ ਨਹੀਂ ਬਲਕਿ ਇਕ ਅਜਿਹੀ ਜੀਵਨ ਜਾਚ ਹੈ ਜੋ ਮਨੁੱਖ ਨੂੰ ਜ਼ਿੰਦਗੀ ਦੇ ਹਰ ਪੜਾਅ ਤੇ ਨੇਕ-ਦਿਲੀ ਦਾ ਰਾਹ ਦਿਖਾਉਂਦੀ ਹੈ। ਇਸਲਾਮ ਧਰਮ ਦੇ ਵਿਦਵਾਨਾਂ ਅਨੁਸਾਰ ਇਸ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਮਨੁੱਖ **ਆਦਮ** ਉਨ੍ਹਾਂ ਦਾ ਪਹਿਲਾ ਪੈਗ਼ੰਬਰ ਸੀ ਅਤੇ ਅਰਬ ਦੇ ਪ੍ਰਸਿੱਧ ਸ਼ਹਿਰ ਮੱਕਾ ਵਿਚ ਪੈਦਾ ਹੋਣ ਵਾਲਾ **ਹਜ਼ਰਤ ਮੁਹੰਮਦ ਸਾਹਿਬ** ਆਖ਼ੀਰਲਾ ਪੈਗ਼ੰਬਰ ਸੀ;

"ਇਸਲਾਮ ਦੇ ਪਹਿਲੇ ਪੈਗ਼ੰਬਰ ਹਜ਼ਰਤ ਆਦਮ (ਅਲੈ.) ਅਤੇ ਅੰਤਿਮ ਪੈਗ਼ੰਬਰ ਹਜ਼ਰਤ ਮੁਹੰਮਦ (ਸ.) ਹਨ।"[6]

ਇਸਲਾਮ ਮਨੁੱਖ ਨੂੰ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਮਨੁੱਖ ਦੀ ਹਉਮੈ ਨੂੰ ਖ਼ਤਮ ਕਰਨ ਦਾ ਰਾਹ ਦੱਸਦਾ ਹੈ। ਇਸਲਾਮ ਧਰਮ ਦਾ ਮੂਲ ਮੰਤਵ ਹੈ ਕਿ ਸਮੂਹ ਲੋਕਾਂ ਨੂੰ ਇਕ ਪਰਮਾਤਮਾ ਦੇ ਦਰ ਤੇ ਇਕੱਠਾ ਕੀਤਾ ਜਾਵੇ। ਇਸਲਾਮ ਮਨੁੱਖ ਨੂੰ ਇਕ ਪ੍ਰਭੂ ਦੀ ਹੋਂਦ ਨੂੰ ਹੀ ਸਵੀਕਾਰ ਕਰਨਾ ਸਿਖਾਉਂਦਾ ਹੈ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਆਪਣੇ ਜੀਵਨ ਨੂੰ ਢਾਲਣਾ ਅਤੇ ਜੀਉਣਾ ਸਿਖਾਉਂਦਾ ਹੈ।

## ਇਸਲਾਮ ਧਰਮ ਦੇ ਪ੍ਰਮੁੱਖ ਸਿਧਾਂਤ

ਇਸਲਾਮ ਧਰਮ ਦੇ ਪੰਜ ਪ੍ਰਮੁੱਖ ਸਿਧਾਂਤ ਹਨ। ਇਨ੍ਹਾਂ ਦਾ ਪਾਲਨ ਕਰਨਾ ਅਤੇ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਣਾ ਇਸਲਾਮੀ ਜਗਤ ਵਿਚ ਬੇਹੱਦ ਜ਼ਰੂਰੀ ਸਮਝਿਆ ਜਾਂਦਾ ਹੈ। ਕੋਈ ਵਿਅਕਤੀ ਜੇਕਰ ਇਨ੍ਹਾਂ ਪੰਜਾਂ ਸਿਧਾਂਤਾਂ ਦਾ ਪਾਲਣ ਨਹੀਂ ਕਰਦਾ ਤਾਂ ਉਸ ਨੂੰ ਦੋਜ਼ਖ਼/ਨਰਕ ਦੀ ਅੱਗ ਵਿਚ ਸੜਨਾ ਪਵੇਗਾ, ਇਹ ਇਸਲਾਮੀ ਵਿਸ਼ਵਾਸ ਹੈ;



Sri Satguru Jagjit Singh Ji eLibrary NamdhariElibrary@gmail.com

"ਉੱਥੇ ਅੱਲ੍ਹਾ ਲਈ ਪੰਜ ਮੂਲ ਕਰਤੱਵ ਹਨ ਜਿਨ੍ਹਾਂ ਨੂੰ ਇਸਲਾਮ ਵਿਚ ਅਰਕਾਨ ਦੇ ਰੂਪ ਵਿਚ ਜਾਣਿਆਂ ਜਾਂਦਾ ਹੈ। ਪਹਿਲਾ ਈਮਾਨ (ਵਿਸ਼ਵਾਸ) ਹੈ। ਦੂਜਾ ਸਲਾਤ (ਅਰਦਾਸ) ਹੈ। ... ਜਕਾਤ ਇਸਲਾਮ ਦਾ ਤੀਜਾ ਖੰਭਾ ਹੈ। ਇਹ ਪੈਸਾ ਧਾਰਮਕ ਪ੍ਰਯੋਜਨਾਂ ਲਈ ਦਿੱਤਾ ਜਾਂਦਾ ਇਕ ਨਿਸ਼ਚਿਤ ਭਾਗ ਹੈ। ... ਇਸਲਾਮ ਦਾ ਚੋਥਾ ਖੰਭਾ ਹੈ ਰੋਜ਼ਾ। ਰਮਜਾਨ ਦੇ ਪੂਰੇ ਮਹੀਨੇ ਦੇ ਦੌਰਾਨ ਉਪਵਾਸ ਹਰ ਸਾਲ ਹਰ ਬਾਲਗ ਉਮਰ ਦੇ ਆਦਮੀ ਅਤੇ ਔਰਤ ਉੱਤੇ ਲਾਜ਼ਮੀ ਹੈ। ... ਹੱਜ ਇਸਲਾਮ ਦਾ ਪੰਜਵਾਂ ਖੰਭਾ ਹੈ।"[7]

ਇਸਲਾਮ ਦੇ ਮੂਲ ਸਿਧਾਂਤਾਂ ਦਾ ਪ੍ਰਮੁੱਖ ਉਦੇਸ਼ ਵਿਅਕਤੀ ਨੂੰ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਲਾਉਣਾ ਹੈ। ਇਹਨਾਂ ਪੰਜਾਂ ਦਾ ਮੁੱਖ ਮੰਤਵ ਈਸ਼ਵਰੀ ਇਬਾਦਤ ਨਾਲ ਸੰਬੰਧ ਰੱਖਦਾ ਹੈ। ਇਸਲਾਮ ਦੇ ਪੰਜ ਮੂਲ ਸਿਧਾਂਤ ਮਨੁੱਖ ਨੂੰ ਅਨੁਸ਼ਾਸ਼ਨ ਵਿਚ ਰੱਖਣ ਲਈ ਬਣਾਏ ਗਏ ਸਨ ਤਾਂ ਕਿ ਸਮਾਜਿਕ ਬਣਤਰ ਵਿਚ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ ਅਤੇ ਮਨੁੱਖ ਦਾ ਜੀਵਨ ਸਹੀ ਦਿਸ਼ਾ ਵਾਲੇ ਪਾਸੇ ਚੱਲਦਾ ਰਹੇ;

"ਇਸਲਾਮੀ ਤਰਜ਼-ਏ-ਜ਼ਿੰਦਗੀ ਵਿਚ ਜਿਹੜੇ ਬੁਨਿਆਦੀ ਸਿਧਾਂਤਾਂ ਅਤੇ ਇਬਾਦਤਾਂ ਉੱਪਰ ਅਤਿ-ਅਧਿਕ ਬਲ ਦਿੱਤਾ ਜਾਂਦਾ ਹੈ ਉਹ ਹਨ ਈਮਾਨ, ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ। ਇਹਨਾਂ ਨੂੰ ਇਸਲਾਮ ਦੇ ਪੰਜ ਥੰਮ੍ਹ ਜਾਂ ਅਰਕਾਨ-ਏ-ਇਸਲਾਮ ਵੀ ਕਿਹਾ ਜਾਂਦਾ ਹੈ।"[8]

(1) ਈਮਾਨ
(2) ਨਮਾਜ਼
(3) ਰੋਜ਼ਾ
(4) ਜ਼ਕਾਤ
(5) ਹੱਜ।

ਇਸਲਾਮ ਦੇ ਬੁਨਿਆਦੀ ਅਸੂਲਾਂ ਈਮਾਨ, ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ ਦਾ ਵਿਸਥਾਰ-ਪੂਰਵਕ ਵਰਨਣ ਇਸ ਪ੍ਰਕਾਰ ਕੀਤਾ ਜਾ ਰਿਹਾ ਹੈ।

(1) **ਈਮਾਨ**: ਈਮਾਨ ਤੋਂ ਭਾਵ ਲਿਆ ਜਾਂਦਾ ਹੈ ਵਿਸ਼ਵਾਸ ਕਰਨਾ ਜਾਂ ਯਕੀਨ ਕਰਨਾ। ਹਰ ਮੁਸਲਮਾਨ ਲਈ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਕੇਵਲ ਅੱਲ੍ਹਾ ਹੀ ਇਬਾਦਤ ਦੇ ਕਾਬਿਲ ਹੈ। ਉਸ ਤੋਂ ਬਿਨਾਂ ਹੋਰ ਕੋਈ ਇਬਾਦਤ/ਪੂਜਾ ਦੇ ਕਾਬਿਲ ਨਹੀਂ ਹੈ ਅਤੇ ਹਜ਼ਰਤ ਮੁਹੰਮਦ ਸਾਹਿਬ ਉਨ੍ਹਾਂ ਦੇ ਪੈਗੰਬਰ ਹਨ;

"ਈਮਾਨ ਅਰਬੀ ਸ਼ਬਦ ਭਾਵ ਪੂਰਾ ਯਕੀਨ; ਅਕੀਦਾ, ਧਰਮ; ਸੱਚਾਈ, ਇਸ ਦੇ ਸ਼ਬਦੀ ਅਰਥ ਹਨ ਬੇ-ਖ਼ੌਫ਼ ਕਰਨਾ। ਅਮਨ-ਅਮਾਨ ਦੇਣਾ। ਇਸਲਾਮੀ ਸ਼ਰੀਅਤ ਵਿਚ ਖ਼ੁਦਾ ਦੀ ਅਦਵੈਤ ਦਾ ਜ਼ੁਬਾਨ ਨਾਲ ਇਕਰਾਰ ਕਰਨ ਅਤੇ ਉਸ ਨੂੰ ਦਿਲੋਂ ਸੱਚ ਜਾਨਣ ਨੂੰ ਈਮਾਨ ਕਹਿੰਦੇ ਹਨ।"[9]

"ਇਸਲਾਮ ਦਾ ਪਹਿਲਾ ਰੁਕਨ ਕਲਮਾ-ਏ-ਸ਼ਹਾਦਤ ਉੱਤੇ ਦਿਲੋਂ ਯਕੀਨ ਰੱਖਣਾ ਅਤੇ ਜ਼ੁਬਾਨ ਤੋਂ ਇਸ ਦਾ ਇਕਰਾਰ ਕਰਨਾ ਹੈ। ਇਸ ਕਲਮੇ ਦਾ ਭਾਵਾਰਥ ਹੈ ਕਿ ਮੈਂ ਇਕਰਾਰ ਕਰਦਾ ਹਾਂ ਕਿ ਅੱਲ੍ਹਾ ਤੋਂ ਇਲਾਵਾ ਕੋਈ ਬੰਦਗੀ ਦੇ ਯੋਗ ਨਹੀਂ ਅਤੇ ਮੈਂ ਇਕਰਾਰ ਕਰਦਾ ਹਾਂ ਕਿ ਹਜ਼ਰਤ ਮੁਹੰਮਦ (ਸ.) ਅੱਲ੍ਹਾ ਦੇ ਬੰਦੇ ਅਤੇ ਰਸੂਲ ਹਨ। ਇਸ ਨੂੰ ਈਮਾਨ ਕਿਹਾ ਜਾਂਦਾ ਹੈ।"[10]



Sri Satguru Jagjit Singh Ji eLibrary NamdhariElibrary@gmail.com

ਇਸਲਾਮ ਵਿਚ ਇਕ ਈਸ਼ਵਰਵਾਦ ਦਾ ਬੋਲ-ਬਾਲਾ ਹੈ। ਇਸਲਾਮ ਵਿਚ ਇਕ ਅੱਲ੍ਹਾ ਤੋਂ ਇਲਾਵਾ ਕਿਸੇ ਹੋਰ ਦੀ ਕੋਈ ਹੋਂਦ ਸਵੀਕਾਰ ਨਹੀਂ ਕੀਤੀ ਜਾਂਦੀ। ਹਰ ਇਕ ਮੁਸਲਮਾਨ ਲਈ ਇਹ ਲਾਜ਼ਮੀ ਹੈ ਕਿ ਉਹ ਕੇਵਲ ਇਕ ਅੱਲ੍ਹਾ ਦੀ ਹੋਂਦ ਨੂੰ ਸਵੀਕਾਰ ਕਰੇ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ'ਤੇ ਆਪਣੇ ਜੀਵਨ ਨੂੰ ਢਾਲੇ। ਆਪਸੀ ਭਾਈਚਾਰੇ ਅਤੇ ਪ੍ਰੇਮ-ਭਾਵ ਨਾਲ ਸਮਾਜ ਵਿਚ ਜੀਵਨ ਬਤੀਤ ਕਰੇ।

(2) **ਨਮਾਜ਼:** ਇਸਲਾਮ ਧਰਮ ਦੇ ਅਨੁਸਾਰ ਹਰ ਮੁਸਲਮਾਨ ਲਈ ਦਿਨ ਵਿਚ ਪੰਜ ਵਾਰ ਨਮਾਜ਼ ਅਦਾ ਕਰਨ ਦਾ ਹੁਕਮ ਹੈ। ਇਸਲਾਮੀ ਵਿਸ਼ਵਾਸ ਅਨੁਸਾਰ ਨਮਾਜ਼ ਖ਼ੁਦਾ ਅਤੇ ਬੰਦੇ ਦਰਮਿਆਨ ਸਿੱਧਾ ਸੰਬੰਧ ਕਾਇਮ ਕਰਦੀ ਹੈ। ਨਮਾਜ਼ ਅਦਾ ਕਰਨ ਨਾਲ ਮਨੁੱਖ ਦੇ ਬਾਹਰੀ ਜੀਵਨ ਵਿਚ ਤਬਦੀਲੀ ਹੋਣ ਦੇ ਨਾਲ-ਨਾਲ ਉਸਦੀ ਆਤਮਿਕ ਸ਼ੁੱਧਤਾ ਵੀ ਪ੍ਰਭਾਵਿਤ ਹੁੰਦੀ ਹੈ। ਉਹ ਆਤਮਿਕ ਤੌਰ'ਤੇ ਤਾਕਤਵਰ ਹੁੰਦਾ ਹੈ। ਨਮਾਜ਼ ਅਦਾ ਕਰਨ ਨਾਲ ਮੁਸਲਮਾਨ ਸਾਧਕ ਦੇ ਆਪਸੀ ਪ੍ਰੇਮ-ਪਿਆਰ ਅਤੇ ਦੂਜਿਆਂ ਦੇ ਭਲੇ ਦੀ ਬਿਰਤੀ ਵਿਚ ਵਾਧਾ ਹੁੰਦਾ ਹੈ;

"ਨਮਾਜ਼ ਫ਼ਾਰਸੀ ਸ਼ਬਦ ਭਾਵ ਅਜਿਜ਼ੀ ਪੂਜਾ; ਇਸਲਾਮ ਵਾਲਿਆਂ ਦੀ ਨਿਸ਼ਚਿਤ ਇਬਾਦਤ; ਮੁਸਲਮਾਨਾਂ ਦੀ ਨਿਸ਼ਚਿਤ ਇਬਾਦਤ ਜੋ ਰੋਜ਼ਾਨਾ ਪੰਜ ਵਾਰ ਪੜ੍ਹੀ ਜਾਂਦੀ ਹੈ।"[11]

"ਨਮਾਜ਼ ਇਕ ਵਿਸ਼ੇਸ਼ ਇਸਲਾਮੀ ਇਬਾਦਤ ਹੈ ਜੋ ਹਰ ਬਾਲਿਗ ਮਰਦ ਜਾਂ ਔਰਤ ਲਈ ਸਰੀਰ, ਲਿਬਾਸ ਅਤੇ ਸਥਾਨ ਦੀ ਪਵਿੱਤਰਤਾ ਸਹਿਤ ਨਿਸ਼ਚਤ ਸਮੇਂ ਅਨੁਸਾਰ ਦਿਨ ਵਿਚ ਪੰਜ ਵਾਰ ਅਦਾ ਕਰਨਾ ਫ਼ਰਜ਼ (Obligatiory) ਹੈ।"[12]

ਇਸਲਾਮ ਵਿਚ ਪਰਮਾਤਮਾ ਦੀ ਇਬਾਦਤ ਨੂੰ ਵਿਸ਼ੇਸ਼ ਦਰਜ਼ਾ ਦਿੱਤਾ ਗਿਆ ਹੈ। ਪ੍ਰਭੂ ਦੀ ਇਬਾਦਤ ਨੂੰ ਇਸਲਾਮ ਧਰਮ ਦੇ ਪੈਰੋਕਾਰਾਂ ਨੇ ਪ੍ਰਮੁੱਖ ਸਿਧਾਂਤਾਂ ਵਿਚ ਥਾਂ ਦੇ ਕੇ ਪਰਮਾਤਮਾ ਦੀ ਇਬਾਦਤ ਲਾਜ਼ਮੀ ਕਰ ਦਿੱਤੀ ਹੈ। ਇਸ ਨਾਲ ਮਨੁੱਖ ਦੀਆਂ ਕਾਮੁਕ ਬਿਰਤੀਆਂ ਤੇ ਅੰਕੁਸ਼ ਲਗਾਇਆ ਜਾ ਸਕਦਾ ਹੈ। ਇਹ ਮਨੁੱਖ ਨੂੰ ਹਉਮੈ-ਗ੍ਰਸਤ ਹੋਣ ਤੋਂ ਰੋਕਦੀ ਹੈ ਅਤੇ ਚੰਗੇ ਅਤੇ ਨੇਕ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ।

(3) **ਰੋਜ਼ਾ:** ਇਸਲਾਮ ਵਿਚ ਨਮਾਜ਼ ਤੋਂ ਬਾਅਦ ਰੋਜ਼ਾ ਰੱਖਣਾ ਮਹਤੱਵਪੂਰਨ ਇਬਾਦਤ ਮੰਨੀ ਜਾਂਦੀ ਹੈ। ਰੋਜ਼ਾ ਤੋਂ ਭਾਵ ਵਰਤ ਰੱਖਣ ਤੋਂ ਹੈ। ਇਸਲਾਮੀ ਵਿਸ਼ਵਾਸ ਅਨੁਸਾਰ ਹਰ ਰੋਜ਼ਾ ਰੱਖਣ ਵਿਚ ਸਾਧਕ ਦੀ ਅਧਿਆਤਮਕ ਉੱਚਤਾ ਵਿਚ ਵਾਧਾ ਹੁੰਦਾ ਹੈ। ਨਮਾਜ਼ ਦੇ ਵਾਂਗ ਹਰ ਬਾਲਿਗ ਮਰਦ ਅਤੇ ਔਰਤ ਲਈ ਰੋਜ਼ੇ ਰੱਖਣਾ ਰਮਜਾਨ ਦੇ ਮਹੀਨੇ ਵਿਚ ਲਾਜ਼ਮੀ ਹੈ। ਮਨੁੱਖੀ ਵਾਸ਼ਨਾਵਾਂ'ਤੇ ਕਾਬੂ ਪਾਉਣ ਲਈ ਰੋਜ਼ਾ ਇਕ ਮਹਤੱਵਪੂਰਨ ਜ਼ਰੀਆ ਹੈ;

"ਰੋਜ਼ਾ ਫ਼ਾਰਸੀ ਸ਼ਬਦ; ਰੋਜ਼ ਭਾਵ ਦਿਨ ਨਾਲ ਸੰਬੰਧਤ; ਦਿਨ ਦਾ, ਦਿਨਾਂ ਦਾ ਜਿਵੇਂ ਦੋ-ਰੋਜ਼ਾ ਸੈਮੀਨਾਰ; ਦਿਨ ਦਾ ਬਰਤ, ਸਵੇਰ ਤੋਂ ਲੈ ਕੇ ਸ਼ਾਮ ਤੱਕ ਖਾਣ-ਪੀਣ ਤੋਂ ਪ੍ਰਹੇਜ਼; ਫ਼ਾਕਾ, ਭੁੱਖਾ ਰਹਿਣਾ।"[13]

ਰੋਜ਼ਾ ਕੇਵਲ ਸਰੀਰਿਕ ਭੁੱਖ ਨਾਲ ਹੀ ਸੰਬੰਧਤ ਨਹੀਂ ਹੈ ਬਲਕਿ ਇਹ ਮਨੁੱਖ ਦੀਆਂ ਇੰਦਰੀਆਂ ਨੂੰ ਵੀ ਕਾਬੂ ਵਿਚ ਰੱਖਣ ਲਈ ਸਹਾਇਕ ਹੁੰਦਾ ਹੈ। ਇਸ ਨਾਲ ਜਿੱਥੇ ਮਨੁੱਖ ਦਾ ਸਰੀਰ ਤੰਦਰੁਸਤ ਰਹਿੰਦਾ ਹੈ ਉੱਥੇ ਮਨੁੱਖ ਦਾ ਆਤਮਿਕ ਵਿਕਾਸ ਵੀ ਹੁੰਦਾ ਹੈ। ਮਨੁੱਖ ਦੇ ਹਿਰਦੇ ਵਿਚ ਦਇਆ ਭਾਵਨਾ ਉਤਪੰਨ ਹੁੰਦੀ ਹੈ ਅਤੇ ਆਪਸੀ ਭਾਈਚਾਰੇ ਦੀ ਪਰਵ੍ਰਿਤੀ ਦਾ ਉਦੇ ਹੁੰਦਾ ਹੈ;

"ਵਾਸ਼ਨਾਵਾਂ'ਤੇ ਨਿਯੰਤਰਣ ਲਈ ਰੋਜ਼ਾ ਬੜਾ ਪ੍ਰਭਾਵਸ਼ਾਲੀ ਸਾਧਨ ਹੈ। ਇਕ ਹਦੀਸ



Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਮਨੁੱਖ ਦਾ ਹਰ ਨੇਕ ਅਮਲ ਰਮਜ਼ਾਨ ਵਿਚ ਕੁਝ ਨਾ ਕੁਝ ਵਧਦਾ ਹੈ। ਇਕ ਸ਼ੁਭ ਕਰਮ 10 ਤੋਂ ਲੈ ਕੇ 700 ਗੁਣਾ ਤੱਕ ਫੈਲਦਾ ਹੈ, ਪਰੰਤੂ ਖ਼ੁਦਾ ਦਾ ਕਹਿਣਾ ਹੈ ਕਿ ਰੋਜ਼ਾ ਇਸ ਤੋਂ ਵੱਧ ਹੈ।"[14]

ਰੋਜ਼ਾ ਕੇਵਲ ਖਾਣ-ਪੀਣ ਨਾਲ ਹੀ ਸੰਬੰਧਤ ਨਹੀਂ ਹੈ ਇਸ ਦਾ ਸੰਬੰਧ ਮਨੁੱਖ ਦੇ ਅੰਦਰ ਚੱਲ ਰਹੀਆਂ ਬੁਰਾਈਆਂ ਉੱਪਰ ਵੀ ਕਾਬੂ ਕਰਨਾ ਹੈ। ਮਨੁੱਖ ਨੇ ਆਪਣੇ ਮਨ ਅੰਦਰ ਚਲ ਰਹੇ ਬੁਰੇ ਵਿਚਾਰਾਂ ਨੂੰ, ਕਿਸੇ ਦਾ ਬੁਰਾ ਕਰਨ ਦੀ ਪਰਵ੍ਰਿਤੀ ਨੂੰ ਅਤੇ ਕਿਸੇ ਦੂਜੇ ਵਿਅਕਤੀ ਦਾ ਹੱਕ ਖਾਣ ਨੂੰ ਰੋਜ਼ੇ ਰੱਖਣ ਵਾਂਗ ਕਾਬੂ ਵਿਚ ਰੱਖਣ ਲਈ ਤਾਕੀਦ ਕੀਤੀ ਹੈ।

(4) **ਜ਼ਕਾਤ**: ਜ਼ਕਾਤ ਤੋਂ ਭਾਵ ਦਾਨ ਕਰਨ ਤੋਂ ਹੈ। ਪਰੰਤੂ ਨਮਾਜ਼, ਰੋਜ਼ੇ ਅਤੇ ਈਮਾਨ ਵਾਂਗ ਇਨ੍ਹਾਂ ਦਾ ਹੋਣਾ ਸਾਧਨਾਂ ਦੇ ਹੋਣ'ਤੇ ਨਿਰਭਰ ਕਰਦਾ ਹੈ। ਜਿਸ ਮੁਸਲਮਾਨ ਵਿਅਕਤੀ ਕੋਲ ਦਾਨ ਕਰਨ ਲਈ ਧਨ ਦੀ ਕਮੀ ਨਹੀਂ ਹੈ ਉਹ ਜ਼ਕਾਤ/ਦਾਨ ਕਰ ਸਕਦਾ ਹੈ;

"ਜ਼ਕਾਤ ਅਰਬੀ ਸ਼ਬਦ ਭਾਵ ਮਾਲ ਦੇ 1/40 ਹਿੱਸੇ ਦੀ ਖ਼ੁਦਾ ਦੇ ਰਾਹ'ਚ ਖ਼ੈਰਾਤ; ਮਾਲ ਦਾ ਉਹ ਚਾਲੀਵਾਂ ਹਿੱਸਾ ਜਿਹੜਾ ਸਾਲ ਮਗਰੋਂ ਖ਼ੁਦਾ ਦੇ ਨਾਉਂ'ਤੇ ਦਿੱਤਾ ਜਾਵੇ। ਘੱਟੋ ਘੱਟ ਸਾਢੇ ਬਵੰਜਾ ਤੋਲੇ ਚਾਂਦੀ ਜਾਂ ਸਾਢੇ ਸੱਤ ਤੋਲੇ ਸੋਨਾ ਜਾਂ ਐਨੇ ਮਾਲ ਤੱਕ ਜ਼ਕਾਤ ਵਾਜਵ ਹੈ। ਇਹ ਰਕਮ ਚਾਹੇ ਨਕਦ ਹੋਵੇ ਜਾਂ ਜ਼ੇਵਰ ਦੀ ਸ਼ਕਲ ਵਿਚ।"[15]

"ਸ਼ਰੀਅਤ ਅਨੁਸਾਰ ਸਾਲ ਵਿਚ ਇਕ ਵਾਰ ਹਰ ਸਾਧਨ-ਸੰਪਨ ਵਿਅਕਤੀ ਲਈ ਨਿਸ਼ਚਤ ਰੂਪ ਵਿਚ ਜ਼ਕਾਤ ਅਦਾ ਕਰਨਾ ਫ਼ਰਜ਼ ਹੈ।"[16]

ਇਸਲਾਮ ਵਿਚ ਮਨੁੱਖ ਨੂੰ ਰਹਿਮ-ਦਿਲ ਬਣਾਇਆ ਗਿਆ ਹੈ ਕਿਉਂਕਿ ਮਨੁੱਖ ਦਾਨ ਉਸ ਸਮੇਂ ਹੀ ਕਰ ਸਕਦਾ ਹੈ ਜਿਸ ਵੇਲੇ ਉਸ ਦੇ ਮਨ ਵਿਚ ਦੂਜੇ ਲੋਕਾਂ ਲਈ ਪ੍ਰੇਮ ਦੀ ਭਾਵਨਾ ਉਤਪੰਨ ਹੋਵੇਗੀ। ਦੂਜੀ ਗੱਲ ਇਸ ਸਿਧਾਂਤ ਦੇ ਫਲਸਰੂਪ ਸਮਾਜ ਵਿਚ ਆਪਸੀ ਭਾਈਚਾਰੇ ਦੀ ਸਾਂਝ ਦਾ ਵਿਕਾਸ ਹੁੰਦਾ ਹੈ। ਸਮਾਜ ਵਿਚ ਬਰਾਬਰਤਾ ਆਉਂਦੀ ਹੈ ਕਿਉਂਕਿ ਜਦੋਂ ਸਮਾਜ ਵਿਚ ਅਮੀਰ-ਗ਼ਰੀਬ ਦਾ ਪਾੜਾ ਵੱਧਦਾ ਹੈ ਤਾਂ ਸਮਾਜ ਦੀ ਬਣਤਰ ਨੂੰ ਖ਼ਤਰਾ ਉਤਪੰਨ ਹੋ ਜਾਂਦਾ ਹੈ। ਜ਼ਕਾਤ ਨਾਲ ਗ਼ਰੀਬ ਨੂੰ ਅਮੀਰ ਦੇ ਬਰਾਬਰ ਰੱਖਣ ਦਾ ਯਤਨ ਕੀਤਾ ਜਾਂਦਾ ਹੈ। ਇਸਲਾਮ ਵਿਚ ਮਨੁੱਖ ਨੂੰ ਨੇਕ-ਦਿਲ ਮਨੁੱਖ ਬਣਾਉਣ ਲਈ ਜ਼ਕਾਤ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ ਤਾਂ ਕਿ ਸਮਾਜ ਵਿਚ ਆਪਸੀ ਭਾਈਚਾਰੇ ਦਾ ਮਾਹੌਲ ਪੈਦਾ ਕੀਤਾ ਜਾ ਸਕੇ ਕਿਉਂਕਿ ਜਦੋਂ ਕੋਈ ਮਨੁੱਖ ਧਰਮ ਦੇ ਨਾਂ ਤੇ ਕੋਈ ਵਸਤੂ ਦਾਨ ਕਰਨ ਲਈ ਤਿਆਰ ਹੁੰਦਾ ਹੈ ਤਾਂ ਇਸ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਉਹ ਵਿਅਕਤੀ ਸਮਾਜ ਦੇ ਦੂਜੇ ਲੋਕਾਂ ਪ੍ਰਤੀ ਦਇਆ ਦਾ ਭਾਵ ਰੱਖਦਾ ਹੈ। ਇਸ ਲਈ ਜ਼ਕਾਤ ਤੋਂ ਭਾਵ ਮਨੁੱਖ ਨੂੰ ਦਇਆਵਾਨ ਅਤੇ ਰਹਿਮ-ਦਿਲ ਬਣਾਉਣਾ ਅਤੇ ਹਉਮੈ ਦੀ ਭਾਵਨਾ ਤੋਂ ਰੋਕਣਾ ਹੈ।

(5) **ਹੱਜ**: ਇਸਲਾਮ ਵਿਚ ਹੱਜ ਕਰਨਾ ਅਤੇ ਹਿੰਦੂਮੱਤ ਅਨੁਸਾਰ ਤੀਰਥ-ਯਾਤਰਾ ਤੇ ਜਾਣਾ ਇਕ ਸਮਾਨ ਹੀ ਮੰਨਿਆ ਜਾਂਦਾ ਹੈ। ਇਸਲਾਮੀ ਸ਼ਰੀਅਤ ਅਨੁਸਾਰ ਸਾਧਨ-ਸੰਪਨ ਮੁਸਲਮਾਨਾਂ ਲਈ ਆਪਣੀ ਜ਼ਿੰਦਗੀ ਵਿਚ ਇਕ ਵਾਰ ਹੱਜ ਕਰਨਾ ਲਾਜ਼ਮੀ ਹੈ;

"ਹੱਜ ਅਰਬੀ ਭਾਸ਼ਾ ਦਾ ਸ਼ਬਦ; ਇਬਾਦਤ ਦੀ ਨੀਅਤ ਨਾਲ ਕਾਅਬੇ ਦੀ ਪਰਕਰਮਾਂ ਕਰਨ ਦਾ ਇਰਾਦਾ; ਮੱਕੇ ਦਾ ਹੱਜ, ਮੱਕੇ ਦੀ ਤੀਰਥ-ਯਾਤਰਾ।"[17]

"ਹੱਜ ਇਸਲਾਮ ਦੇ ਪੰਜ ਸਥੰਮਾਂ ਭਾਵ ਕਲਮਾ, ਨਮਾਜ਼, ਰੋਜ਼ਾ, ਜ਼ਕਾਤ ਤੇ ਹੱਜ ਵਿਚੋਂ ਇਕ ਹੈ। ਹਰੇਕ ਮੁਸਲਮਾਨ ਲਈ ਨਹੀਂ ਸਗੋਂ ਮਾਲਦਾਰ ਮੁਸਲਮਾਨ ਲਈ ਫ਼ਰਜ਼ ਹੈ ਕਿ ਉਹ



Sri Satguru Jagjit Singh Ji eLibrary NamdhariElibrary@gmail.com

ਆਪਣੇ ਜੀਵਨ ਵਿਚ ਘੱਟੋ ਘੱਟ ਇਕ ਵਾਰ ਮੱਕੇ ਜਾ ਕੇ ਨਿਯਤ ਸ਼ਰਤਾਂ ਸਹਿਤ ਕਾਅਬੇ ਦੀ ਪਰਕਰਮਾਂ ਅਤੇ ਮਦੀਨੇ ਦਾ ਸਫ਼ਰ ਕਰੇ। ਹੱਜ ਦੋ ਪ੍ਰਕਾਰ ਦਾ ਹੈ ਭਾਵ ਹੱਜ-ਏ-ਅਸਗ਼ਰ – ਛੋਟਾ ਹੱਜ। ਉਹ ਹੱਜ ਜਿਹੜਾ ਜੁਮੇ ਤੋਂ ਇਲਾਵਾ ਹੋਰ ਦਿਨਾਂ'ਚ ਪਵੇ। ਸੂਫ਼ੀ ਇਸ ਨੂੰ ਆਮ ਹੱਜ ਆਖਦੇ ਹਨ। ਦੂਜਾ ਹੈ ਹੱਜ-ਏ-ਅਕਬਰ – ਵੱਡਾ ਹੱਜ, ਉਹ ਹੱਜ ਜਿਹੜਾ ਜੁਮੇਂ (ਸ਼ੁੱਕਰਵਾਰ) ਵਾਲੇ ਦਿਨ ਪਵੇ। ਹੱਜ ਲਈ ਕਾਅਬੇ ਪੁੱਜਣ ਦੀ ਮਿਤੀ 9 ਜ਼ਿਲਹਿੱਜ ਹੈ।"[18]

ਹੱਜ ਕਰਨ ਗਏ ਨਮਾਜ਼ੀਆਂ ਦਾ ਇਕੱਠ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਇਕ ਬਹੁਤ ਵਧੀਆ ਅੰਤਰ-ਰਾਸ਼ਟਰੀ ਮੰਚ ਮੰਨਿਆ ਜਾਂਦਾ ਹੈ। ਇਸਲਾਮ ਦੇ ਜਨਮ ਸਥਾਨ ਮੱਕਾ ਵਿਚ ਦੁਨੀਆਂ ਦੇ ਹਰ ਦੇਸ਼ ਦੇ ਮੁਸਲਮਾਨ ਹੱਜ ਕਰਨ ਜਾਂਦੇ ਹਨ। ਹਰ ਦੇਸ਼ ਦੀ ਆਪਣੀ ਵੱਖਰੀ ਸਭਿਆਚਾਰਕ ਪਹਿਚਾਣ ਹੁੰਦੀ ਹੈ ਜਦੋਂ ਮੁਸਲਮਾਨ ਇਕ ਦੂਜੇ ਨਾਲ ਮਿਲਦੇ ਹਨ ਤਾਂ ਉਨ੍ਹਾਂ ਵਿਚਾਲੇ ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਇਸ ਨਾਲ ਇਕ ਦੂਜੇ ਦੇਸ਼ ਦੀਆਂ ਸਮੱਸਿਆਵਾਂ, ਰੀਤੀ-ਰਿਵਾਜਾਂ, ਧਾਰਮਿਕ ਰਹੁ-ਰੀਤਾਂ, ਕਾਰੋਬਾਰਾਂ ਅਤੇ ਭਾਸ਼ਾਈ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰਕਾਰ ਮੁਸਲਮਾਨਾਂ ਦਾ ਧਰਮ ਅਸਥਾਨ ਮੱਕਾ ਇਕ ਪ੍ਰਕਾਰ ਦਾ ਅੰਤਰ-ਰਾਸ਼ਟਰੀ ਵਿਚਾਰ ਮੰਚ ਬਣਕੇ ਉੱਭਰਦਾ ਹੈ।

ਇਸਲਾਮ ਨੇ ਮਨੁੱਖ ਦੇ ਸਾਹਮਣੇ ਇਕ ਮੁਕੰਮਲ ਜੀਵਨ ਜਾਚ ਦਾ ਰੋਲ ਮਾਡਲ ਪੇਸ਼ ਕੀਤਾ ਹੈ। ਇਸਲਾਮ-ਧਰਮ ਮਨੁੱਖ ਨੂੰ ਸਦਾਚਾਰ, ਨੈਤਿਕ, ਸਮਾਜਿਕ, ਆਰਥਿਕ, ਪ੍ਰੇਮ-ਭਾਵਨਾ ਅਤੇ ਪ੍ਰਭੂ-ਭਗਤੀ ਦਾ ਪਾਠ ਪੜਾਉਂਦਾ ਹੈ। ਦੂਜੇ ਪਾਸੇ ਇਸਲਾਮੀ ਜੀਵਨ-ਜਾਚ ਵਿਚ ਜਿਸ ਵੇਲੇ ਸ਼ਰੀਅਤ ਦੀ ਬੇਲੋੜੀ ਕਠੋਰਤਾ ਪ੍ਰਵੇਸ਼ ਕਰਦੀ ਹੈ ਤਾਂ ਉਸ ਵੇਲੇ ਇਕ ਵਿਚਾਰਧਾਰਾ ਦਾ ਜਨਮ ਹੁੰਦਾ ਹੈ ਅਤੇ ਉਸ ਵਿਚਾਰਧਾਰਾ ਨੂੰ ਬਾਅਦ ਵਿਚ **ਸੂਫ਼ੀ ਵਿਚਾਰਧਾਰਾ** ਦਾ ਨਾਮ ਦਿੱਤਾ ਗਿਆ।

## ਸੂਫ਼ੀ ਵਿਚਾਰਧਾਰਾ

ਇਸਲਾਮ ਵਿਚੋਂ ਨਿਕਲੀ ਸੂਫ਼ੀ ਸ਼ਾਖਾ ਆਪਣੇ-ਆਪ ਵਿਚ ਕੋਈ ਸਿਧਾਂਤਕ ਧਰਮ ਨਹੀਂ ਹੈ ਬਲਕਿ ਇਕ ਵਿਚਾਰਧਾਰਾ ਹੈ। ਕਿਸੇ ਵੀ ਧਰਮ ਦਾ ਮਨੁੱਖ ਜਦੋਂ ਧਰਮ ਦੇ ਨਾਂ ਤੇ ਹੁੰਦੇ ਫੋਕੇ ਕਰਮ-ਕਾਂਡਾਂ ਤੋਂ ਪਾਸਾ ਵੱਟ ਲੈਂਦਾ ਹੈ ਤਾਂ ਉਸ ਦੀ ਆਤਮਾ ਸੂਫ਼ੀ ਹੋ ਜਾਂਦੀ ਹੈ। ਸੂਫ਼ੀ ਬਾਹਰੀ ਆਡੰਬਰਾਂ ਦਾ ਤਿਆਗ ਕਰਕੇ ਪ੍ਰਭੂ ਨਾਲ ਇਸ਼ਕ/ਪ੍ਰੇਮ ਪਾਉਂਦਾ ਹੈ। ਇਸ ਅਵਸਥਾ ਵਿਚ ਪਹੁੰਚਿਆ ਹੋਇਆ ਵਿਅਕਤੀ ਪਰਮਾਤਮਾ ਦੀ ਹੋਂਦ ਦੇ ਪ੍ਰਤੀ ਜਾਗ੍ਰਤ ਹੋ ਜਾਂਦਾ ਹੈ। ਉਸ ਨੂੰ ਪਰਮਾਤਮਾ ਦੀ ਹੋਂਦ ਅਤੇ ਮਨੁੱਖੀ ਵਿਯੋਗ ਦੀ ਸਮਝ ਆ ਜਾਂਦੀ ਹੈ। ਉਹ ਪਰਮਾਤਮਾ ਪ੍ਰਾਪਤੀ ਦੇ ਰਾਹ ਤੇ ਤੁਰ ਪੈਂਦਾ ਹੈ;

"ਮੂਲ ਰੂਪ ਵਿਚ ਸੂਫ਼ੀਵਾਦ ਕੋਈ ਧਰਮ ਨਹੀਂ ਸਗੋਂ ਆਤਮ ਗਿਆਨ ਦੀ ਇਕ ਪੱਧਤੀ ਹੈ ਜੋ ਇਸਲਾਮ ਦੇ ਘੇਰੇ ਵਿਚ ਰਹਿੰਦੇ ਹੋਏ, ਇਸ ਦੀ ਰੂਹਾਨੀਅਤ ਦੇ ਰਹੱਸ ਨੂੰ ਆਪਣੀ ਉੱਚੀ ਸੁਰਤਿ ਵਿਚ ਹੰਢਾਉਂਦੇ ਹੋਏ ਇਕ ਵਿਲੱਖਣ ਪਹਿਚਾਣ ਕਾਇਮ ਕਰ ਲੈਂਦੀ ਹੈ।"[19]

ਸੂਫ਼ੀ ਜੀਵਨ ਜੀਉਣ ਦੀ ਜਾਚ ਦਾ ਨਾਮ ਹੈ। ਇਹ ਸੂਫ਼ੀ ਲੋਕ ਕਿਸੇ ਸਿਧਾਂਤ ਦੇ ਬੰਧਨ ਵਿਚ ਆਪਣੇ ਆਪ ਨੂੰ ਨਹੀਂ ਬੰਨਦੇ ਬਲਕਿ ਇਹ ਮਨੁੱਖੀ ਜੀਵਨ ਨੂੰ ਜੀਉਂਦੇ ਹਨ। ਸੂਫ਼ੀਆਂ ਦੇ ਅਨੁਸਾਰ ਮਨੁੱਖਾ ਜਨਮ ਮੰਜ਼ਿਲ ਨਹੀਂ ਬਲਕਿ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਰਸਤਾ ਹੈ। ਮਨੁੱਖੀ ਜੀਵਨ ਪਰਮਾਤਮਾ ਨੂੰ ਪਾਉਣ ਦਾ ਅੰਤ ਨਹੀਂ ਸਗੋਂ ਸ਼ੁਰੂਆਤ ਹੈ;



Sri Satguru Jagjit Singh Ji eLibrary NamdhariElibrary@gmail.com

"ਸੂਫ਼ੀ ਦੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਸੂਫ਼ੀਵਾਦ ਨਾ ਤਾਂ ਧਰਮ ਹੈ ਅਤੇ ਨਾ ਹੀ ਇਕ ਦਰਸ਼ਨ ਹੈ। ਇਹ ਜੀਵਨ ਦਾ ਇਕ ਰਸਤਾ ਹੈ।"[20]

ਇਸਲਾਮ ਦੇ ਮੂਲ ਕਾਰ-ਵਿਹਾਰ ਨਾਲੋਂ ਸੂਫ਼ੀ ਸਾਧਕ ਆਪਣੇ-ਆਪ ਨੂੰ ਵੱਖਰਾ ਕਰਦੇ ਹਨ। ਇਸਲਾਮ ਵਿਚ ਸ਼ਰੀਅਤ ਅਤੇ ਕਾਇਦੇ-ਕਾਨੂੰਨਾਂ ਦੀ ਪਾਲਣਾ ਉੱਤੇ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ ਪਰੰਤੂ ਸੂਫ਼ੀ ਸਾਧਕ ਭੇਖਾਂ-ਆਡੰਬਰਾਂ ਤੋਂ ਦੂਰ ਸਨ। ਉਹ ਲੋਕ ਆਪਣੇ ਮਨ ਦੀ ਪੱਵਿਤਰਤਾ ਉੱਪਰ ਜ਼ੋਰ ਦਿੰਦੇ ਸਨ ਕਿਉਂਕਿ ਜਦੋਂ ਤੱਕ ਕਿਸੇ ਵਿਅਕਤੀ ਦਾ ਮਨ ਸਾਫ਼ ਨਹੀਂ ਹੁੰਦਾ ਉਸ ਵੇਲੇ ਤੱਕ ਬਾਹਰੀ ਦਿਖਾਵੇ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਸੂਫ਼ੀ ਮਨੁੱਖੀ ਮਨ ਦੀ ਸਫ਼ਾਈ ਦਾ ਖਿਆਲ ਰੱਖਦੇ ਸਨ ਨਾ ਕਿ ਬਾਹਰੀ ਦਿੱਖ ਦਾ। ਸੂਫ਼ੀ ਸਾਧਕ ਅਸਲ ਵਿਚ ਕਿਹੜੇ ਲੋਕ ਹਨ, ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਪ੍ਰੋ. ਬਿਕਰਮ ਸਿੰਘ ਘੁੰਮਣ ਲਿਖਦੇ ਹਨ ਕਿ, "ਇਸਲਾਮ ਦੇ ਅਧਿਆਤਮਵਾਦੀਆਂ ਨੂੰ ਸੂਫ਼ੀ ਕਹਿੰਦੇ ਹਨ।"[21]

ਬੰਦੇ ਅਤੇ ਖ਼ੁਦਾ ਦੀ ਏਕਤਾ ਅਤੇ ਅਭੇਦਤਾ ਨੂੰ ਪ੍ਰਵਾਨ ਕਰਨ ਵਾਲੀ ਸੂਫ਼ੀ ਵਿਚਾਰਧਾਰਾ ਪੀਰ-ਮੁਰਸ਼ਦ ਦੀ ਅਗਵਾਈ ਵਿਚ ਅਧਿਆਤਮਕ ਸਾਧਨਾ ਕਰਨ ਉੱਪਰ ਬਲ ਦਿੰਦੀ ਹੈ। ਸੂਫ਼ੀ ਜੀਵਨ-ਜਾਚ ਵਿਚ ਗਿਆਨ ਅਤੇ ਪ੍ਰੇਮ ਵਿਚਕਾਰ ਸੰਤੁਲਨ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਦਾ ਮੂਲ ਤਰਕ ਇਹ ਹੈ ਕਿ ਅਧਿਆਤਮਕ ਰਹੱਸ ਦੇ ਅੰਦਰਲੇ ਸੱਚ ਤੱਕ ਪਹੁੰਚਣ ਲਈ ਪ੍ਰੇਮ ਦੀ ਭਾਸ਼ਾ ਹੀ ਕੰਮ ਆਉਂਦੀ ਹੈ;

"ਸੂਫ਼ੀ ਵਿਚਾਰਧਾਰਾ ਅਨੁਸਾਰ ਹਰ ਪ੍ਰਾਣੀ ਸਰਬ-ਸ਼ਕਤੀਮਾਨ ਪ੍ਰਭੂ ਦਾ ਅੰਸ਼ ਮਾਤਰ ਹੈ ਅਤੇ ਹਰ ਜੀਵ ਨੂੰ ਮਰਨ ਪਿੱਛੋਂ ਉਸ ਦੇ ਦਰਬਾਰ ਵਿਚ ਪੇਸ਼ ਹੋਣਾ ਪੈਣਾ ਹੈ। ਜੀਵਾਤਮਾ ਉਸ ਪ੍ਰਭੂ ਤੋਂ ਵਿਛੜੀ ਹੋਈ ਹੈ ਅਤੇ ਉਸ ਨੂੰ ਮੁੜ ਮਿਲ ਸਕਣ ਲਈ ਤਰਲੇ ਕਰਦੀ ਹੈ। ਉਸ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਇਸ਼ਕ ਹੈ ਜੋ ਜੀਵ-ਆਤਮਾ ਉਸ ਪ੍ਰਭੂ ਨੂੰ ਇਸ਼ਕ ਕਰਦੀ ਹੈ ਉਹ ਹਮੇਸ਼ਾ ਪ੍ਰਭੂ ਦੇ ਰੰਗ ਵਿਚ ਰੰਗੀ ਰਹਿੰਦੀ ਹੈ।"[22]

ਸੂਫ਼ੀ ਸਾਧਕ ਆਮ ਮਨੁੱਖ ਦਾ ਜੀਵਨ ਜਿਊਣਾ ਚਾਹੁੰਦੇ ਹਨ। ਉਹ ਧਰਮ ਦੇ ਨਾਂ ਤੇ ਵਹਿਮ-ਭਰਮ ਫ਼ੈਲਾ ਕੇ ਆਪਣਾ ਜੀਵਨ ਸੁਖਾਲਾ ਨਹੀਂ ਬਣਾਉਣਾ ਚਾਹੁੰਦੇ ਬਲਕਿ ਉਸ ਪਰਮ ਸੱਚ ਅਰਥਾਤ ਪਰਮਾਤਮਾ ਵਿਚ ਲੀਨ ਹੋਣਾ ਚਾਹੁੰਦੇ ਹਨ। ਉਹ ਪਰਮਾਤਮਾ ਵਿਚ ਅਭੇਦ ਹੋਣਾ ਚਾਹੁੰਦੇ ਹਨ। ਸੂਫ਼ੀਆਂ ਅਨੁਸਾਰ ਇਸ ਅਵਸਥਾ ਨੂੰ ਫ਼ਨਾ ਹੋਣਾ ਕਿਹਾ ਜਾਂਦਾ ਹੈ। ਸੂਫ਼ੀ ਵਿਚਾਰਧਾਰਾ ਦਾ ਸ਼ਰ੍ਹਾ ਨਾਲ ਵਿਰੋਧ ਇਕ ਮੰਨੀ-ਪ੍ਰਮੰਨੀ ਸੱਚਾਈ ਹੈ। ਸ਼ਰ੍ਹਾ ਬਾਹਰਮੁਖੀ ਕਰਮ-ਕਾਂਡ ਉੱਪਰ ਬਲ ਦਿੰਦੀ ਹੈ ਜਦੋਂ ਕਿ ਸੂਫ਼ੀਆਂ ਦਾ ਮਾਰਗ ਅੰਤਰਮੁਖੀ ਰੂਹਾਨੀ ਯਾਤਰਾ ਉੱਤੇ ਬਲ ਦਿੰਦਾ ਹੈ। ਪੰਜਾਬੀ ਸੂਫ਼ੀ ਕਵਿਤਾ ਵਿਚ ਇਸ ਵਿਰੋਧ ਨੂੰ ਸ਼ਰ੍ਹਾ ਅਤੇ ਇਸ਼ਕ ਦੇ ਵਿਰੋਧ ਰਾਹੀਂ ਪੇਸ਼ ਕੀਤਾ ਗਿਆ ਹੈ। ਸ਼ਰ੍ਹਾ ਮਨੁੱਖ ਨੂੰ ਬਾਹਰੀ ਦਿੱਖ ਉੱਪਰ ਜ਼ੋਰ ਦੇਣ ਲਈ ਪਾਬੰਦ ਕਰਦੀ ਹੈ ਅਤੇ ਇਸ਼ਕ ਮਨੁੱਖ ਨੂੰ ਸਾਫ਼ ਅਤੇ ਸ਼ੁੱਧ ਹਿਰਦੇ ਨਾਲ ਪਰਮਾਤਮਾ ਦੀ ਇਬਾਦਤ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਲਈ ਸਮੁੱਚੇ ਸੂਫ਼ੀਆਂ ਨੇ ਸ਼ਰ੍ਹਾ ਦੀ ਵਿਰੋਧਤਾ ਕਰਦੇ ਹੋਏ ਰੱਬੀ-ਇਸ਼ਕ ਦੇ ਸੰਕਲਪ ਉੱਪਰ ਆਪਣਾ ਧਿਆਨ ਵਧੇਰੇ ਕੇਂਦਰਿਤ ਕੀਤਾ ਹੈ;

"ਸੂਫ਼ੀਆਂ ਦੇ ਰੋਸ ਦਾ ਨਿਸ਼ਾਨਾ ਮੁਲਾਣਾ, ਮਸਜਿਦ ਅਤੇ ਮਜ਼ਬੀ ਜ਼ਾਬਤਾ ਹੈ ਕਿਉਂਕਿ ਮੁਲਾਣੇ ਵੱਲੋਂ ਕੀਤੀ ਹੋਈ ਇਸਲਾਮ ਦੀ ਨਫ਼ਰਤ ਭਰੀ ਵਿਆਖਿਆ ਸੂਫ਼ੀ ਕਵੀਆਂ ਦੇ ਸੁਲਹ-ਕੁਲ ਸੂਫ਼ੀ ਵਿਸ਼ਵਾਸ ਦੇ ਵਿਰੁੱਧ ਸੀ।"[23]

ਸੂਫ਼ੀ ਸਾਧਕ ਅਨੁਭਵ ਦਾ ਜੀਵਨ ਜੀਉਂਦੇ ਹਨ। ਪਰਮਾਤਮਾ ਦੀ ਹੋਂਦ ਦੀ ਪਛਾਣ



Sri Satguru Jagjit Singh Ji eLibrary NamdhariElibrary@gmail.com

ਤੋਂ ਬਾਅਦ ਉਸ ਨੂੰ ਪ੍ਰਾਪਤ ਕਰਨ ਦੇ ਉਪਰਾਲਿਆਂ ਵਿਚ ਸੂਫ਼ੀ ਕਿਸੇ ਪ੍ਰਕਾਰ ਦਾ ਆਡੰਬਰ ਨਹੀਂ ਚਾਹੁੰਦੇ। ਉਹ ਸਾਫ਼ ਅਤੇ ਸੱਚੇ ਮਨ ਨਾਲ ਪਰਮਾਤਮਾ ਨਾਲ ਇਸ਼ਕ ਕਮਾਉਣਾ ਚਾਹੁੰਦੇ ਹਨ। ਸੂਫ਼ੀ ਸਾਧਕਾਂ ਦਾ ਮੂਲ ਉਦੇਸ਼ ਪਰਮਾਤਮਾ ਵਿਚ ਅਭੇਦ ਹੋਣਾ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਉਹ ਕਿਸੇ ਪ੍ਰਕਾਰ ਦੇ ਬਾਹਰੀ ਭੇਖ ਨੂੰ ਆਪਣੇ ਸਿਧਾਂਤਾਂ ਵਿਚ ਸ਼ਾਮਲ ਨਹੀਂ ਕਰਦੇ;

"ਮੂਲ ਨਾਲ ਮੇਲ ਦੀ ਬਿਹਬਲਤਾ, ਅਸਲ ਨਾਲ ਵਸਲ ਦੀ ਤਲਬ ਅਤੇ ਹਕੀਕਤ ਦੇ ਨਾਲ ਨਿਕਟਤਾ ਦਾ ਨਿੱਘਾ ਸੰਬੰਧ ਸਥਾਪਿਤ ਕਰਨ ਦੀ ਅਭਿਲਾਸ਼ਾ ਮਾਨਵ-ਮਨ ਵਿਚ ਸ਼ੁਰੂ ਤੋਂ ਹੀ ਹੈ ਅਤੇ ਆਖ਼ੀਰ ਤਕ ਰਹੇਗੀ। ਸੱਚ ਦੇ ਸਾਖਿਅਤ ਉਪਰੰਤ ਉਸ ਨੂੰ ਜੀਵਨ ਵਿਚ ਚਰਿਚਾਰਥ ਕਰਨ ਦੇ ਉਦੇਸ਼ ਨਾਲ ਸਾਧਨਾ ਕਰਨ ਵਾਲੇ ਵਿਅਕਤੀਆਂ ਨੂੰ ਸੂਫ਼ੀ ਅਰਥਾਤ ਅਹਿਲ-ਏ-ਹੱਕ ਕਿਹਾ ਜਾਂਦਾ ਹੈ।"[24]

ਸੂਫ਼ੀ ਉਹ ਲੋਕ ਸਨ ਜਿਹੜੇ ਆਪਣਾ ਆਪਾ ਪ੍ਰਭੂ-ਪ੍ਰੀਤਮ ਤੋਂ ਕੁਰਬਾਨ ਕਰਦੇ ਸਨ ਅਤੇ ਉਸ ਦੇ ਸੱਚੇ ਆਸ਼ਕ ਸਨ। ਸੂਫ਼ੀਆਂ ਦਾ ਮੂਲ ਮੰਤਵ ਪ੍ਰਭੂ ਵਿਚ ਫ਼ਨਾ ਹੋਣਾ ਹੁੰਦਾ ਹੈ ਬਾਕੀ ਸਾਰਾ ਕਾਰ-ਵਿਹਾਰ ਸੂਫ਼ੀਆਂ ਦੇ ਇਸ ਮੂਲ ਸਿਧਾਂਤ ਦੇ ਆਲੇ-ਦੁਆਲੇ ਘੁੰਮਦਾ ਹੈ। ਪ੍ਰਭੂ ਵਿਚ ਫ਼ਨਾ ਹੋਣ ਲਈ ਸੂਫ਼ੀ ਸਾਧਕ ਮੁਰਸ਼ਦ ਦੇ ਲੜ ਲੱਗਦੇ ਹਨ। ਇਸ਼ਕ ਦਾ ਰਾਹ ਅਖ਼ਤਿਆਰ ਕਰਦੇ ਹਨ ਅਤੇ ਆਪਣਾ ਆਪਾ ਪ੍ਰਭੂ ਤੋਂ ਕੁਰਬਾਨ ਕਰ ਦਿੰਦੇ ਹਨ।

## ਸੂਫ਼ੀ ਸ਼ਬਦ ਦੀ ਉੱਤਪਤੀ

ਸੂਫ਼ੀ ਸ਼ਬਦ ਦੀ ਉੱਤਪਤੀ ਬਾਰੇ ਵਿਭਿੰਨ ਵਿਦਵਾਨਾਂ ਨੇ ਵੱਖ-ਵੱਖ ਰਾਵਾਂ/ਵਿਚਾਰ ਪੇਸ਼ ਕੀਤੇ ਹਨ। ਇਸ ਲਈ ਸੂਫ਼ੀ ਸ਼ਬਦ ਦੀ ਉੱਤਪਤੀ ਸੰਬੰਧੀ ਵਾਦ-ਵਿਵਾਦਾਂ ਅਤੇ ਵੱਖੋ-ਵੱਖਰੇ ਵਿਚਾਰਾਂ ਦਾ ਪ੍ਰਗਟ ਹੋਣਾ ਲਾਜ਼ਮੀ ਗੱਲ ਹੈ। ਸੂਫ਼ੀ ਸ਼ਬਦ ਦੇ ਮੂਲ ਵਿਚ ਸਫ਼ਾ, ਸਫ਼, ਸੁੱਫ਼ਾ ਅਤੇ ਸੂਫ਼ ਵਰਗੇ ਸ਼ਬਦਾਂ ਨੂੰ ਲੈ ਕੇ ਵਿਦਵਾਨਾਂ ਨੇ ਵਿਭਿੰਨ ਵਿਚਾਰ ਪੇਸ਼ ਕੀਤੇ ਹਨ। ਇਸ ਨੂੰ ਸਫ਼ਾ ਅਰਥਾਤ ਪਵਿੱਤਰਤਾ ਤੋਂ ਬਣਿਆ ਮੰਨਦੇ ਹਨ। ਇਨ੍ਹਾਂ ਅਨੁਸਾਰ ਸੂਫ਼ੀ ਉਹ ਹੈ, ਜਿਸ ਦਾ ਮਨ ਸੰਸਾਰਕ ਵਾਸ਼ਨਾਵਾਂ ਤੋਂ ਪਵਿੱਤਰ ਹੁੰਦਾ ਹੈ। ਸੂਫ਼ੀ ਸ਼ਬਦ ਸਫ਼ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਪੰਗਤੀ (ਕਤਾਰ)। ਜਿਨ੍ਹਾਂ ਸੂਫ਼ੀ ਸਾਧਕਾਂ ਨੇ ਆਪਣਾ ਸਾਰਾ ਜੀਵਨ ਪ੍ਰਭੂ ਦੇ ਇਸ਼ਕ ਵਿਚ ਕੁਰਬਾਨ ਕਰ ਦਿੱਤਾ ਹੁੰਦਾ ਹੈ ਉਨ੍ਹਾਂ ਨੂੰ ਕਿਆਮਤ ਦੇ ਦਿਨ ਖ਼ੁਦਾ ਦੇ ਸਾਹਮਣੇ ਪਹਿਲੀ ਪੰਗਤੀ ਵਿਚ ਖੜਾ ਕੀਤਾ ਜਾਵੇਗਾ। ਸਭ ਤੋਂ ਪਹਿਲਾਂ ਉਨ੍ਹਾਂ ਲੋਕਾਂ ਨੂੰ ਸੂਫ਼ੀ ਆਖਿਆ ਗਿਆ ਜਿਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਪਿਆਰ ਵਿਚ ਆਪਣੇ ਘਰ-ਬਾਰ ਛੱਡ ਕੇ ਉਨ੍ਹਾਂ ਦਾ ਸਾਥ ਦਿੱਤਾ ਸੀ। ਇਹ ਲੋਕ ਹਜ਼ਰਤ ਮੁਹਮੰਦ ਸਾਹਿਬ ਦੀ ਬਣਵਾਈ ਹੋਈ ਮਸਜਿਦ ਦੇ ਬਾਹਰ ਬਣੇ ਚਬੂਤਰੇ ਦੇ ਬੈਠੇ ਰਹਿੰਦੇ ਸਨ। ਇਸ ਲਈ ਇਨ੍ਹਾਂ ਨੂੰ ਅਹਿਲ-ਏ-ਸੁੱਫ਼ ਅਰਥਾਤ ਚੌਂਤਰੇ ਤੇ ਬੈਠੇ ਲੋਕ ਕਿਹਾ ਜਾਣ ਲਗਾ;

"ਸੂਫ਼ੀ ਸ਼ਬਦ ਦੀ ਉੱਤਪਤੀ ਬਾਰੇ ਬੇਸ਼ਕ ਅਨੇਕਾਂ ਹੀ ਵਾਦ-ਵਿਵਾਦ ਪੜ੍ਹਨ-ਸੁਣਨ ਨੂੰ ਮਿਲਦੇ ਹਨ ਪਰੰਤੂ ਇਸ ਦੀ ਅਰਥ-ਅਭਿਵਿਅੰਜਨਾ ਲਗਭਗ ਸਪੱਸ਼ਟ ਹੈ।

(ੳ) ਸਫ਼ (ਪਵਿੱਤਰਤਾ) ਵਿਚੋਂ ਹੋਂਦ ਵਿਚ ਆਇਆ
(ਅ) ਸਫ਼ਾ (ਕਤਾਰ) ਵਿਚੋਂ ਨਿਕਸਿਆ
(ੲ) ਸਫ਼ਾ (ਅਸਾਬ-ਅਲ-ਸੁਫ਼ਾ) ਵਿਚੋਂ ਨਿਕਲਿਆ
(ਸ) ਸੂਫ਼ (ਉੱਨ) ਵਿਚੋਂ ਨਿਕਸਿਆ।"[25]



Sri Satguru Jagjit Singh Ji eLibrary NamdhariElibrary@gmail.com

"ਸੂਫ਼ੀ ਸ਼ਬਦ ਦੀ ਉੱਤਪਤੀ (ਨਿਰੁਕਤੀ) ਯੂਨਾਨੀ ਸ਼ਬਦ ਸੋਆ ਵਿਚੋਂ ਹੋਈ ਵੀ ਮੰਨੀ ਜਾਂਦੀ ਹੈ। ਜਿਸ ਦੇ ਅਰਥ ਕੀਤੇ ਜਾਂਦੇ ਹਨ-ਕਾਨਿਸ, ਅਕਲ, ਬੁੱਧੀ।"[26]

"ਕਈ ਵਿਦਵਾਨਾਂ ਨੇ ਸੂਫ਼ੀ ਸ਼ਬਦ ਦਾ ਸੰਬੰਧ ਯੂਨਾਨੀ ਪਦ ਸੋਫ਼ੀਆ ਗਿਆਨੀ ਯਾ ਅਰਬੀ ਸੰਕੇਤ ਅਹਿਲ ਸਫ਼ (ਚਟਾਈ ਤੇ ਨਮਾਜ਼ ਪੜ੍ਹਨ ਵਾਲੇ) ਯਾ ਸਫ਼ਾ (ਸਫ਼ਾਈ) ਮਾਨਸਿਕ ਸ਼ੁੱਧੀ ਆਦਿ ਵਾਲੇ ਨਾਲ ਜੋੜਿਆ ਹੈ ਪਰ ਇਹ ਇਤਨੇ ਢੁਕਵੇਂ ਨਹੀਂ ਜਾਪਦੇ, ਸੂਫ਼ ਪਹਿਨਣ ਵਾਲੀ ਗੱਲ ਵਧੇਰੇ ਪ੍ਰਮਾਣਿਕ ਹੈ।"[27]

ਅੰਗਰੇਜ਼ੀ ਵਿਦਵਾਨ ਜਲਾਲੁਦੀਨ ਰੂਮੀ ਵੀ ਉਂਨ ਦੇ ਕੱਪੜੇ (ਸੂਫ਼) ਪਾਉਣ ਵਾਲੇ ਸਾਧਕਾਂ ਲਈ ਸੂਫ਼ੀ ਸ਼ਬਦ ਪੇਸ਼ ਹੋਣਾ ਪ੍ਰਵਾਨ ਕਰਦਿਆਂ ਲਿਖਦਾ ਹੈ ਕਿ, "ਸੂਫ਼ੀ ਸ਼ਬਦ ਸੂਫ਼ ਵੱਲੋਂ ਪ੍ਰਾਪਤ ਹੁੰਦਾ ਹੈ, ਜਿਸਦਾ ਮਤਲਬ ਹੈ ਉਂਨ। ਜਦੋਂ ਅੱਠਵੀਂ ਸ਼ਤਾਬਦੀ ਈ. ਦੇ ਅੰਤ ਵਿਚ ਇਕ ਛੋਟੇ ਫ਼ਾਰਸੀ ਸੰਪਰਦਾਇ ਨੂੰ ਰੂੜ੍ਹੀਵਾਦੀ ਮੁਸਲਮਾਨ ਧਰਮ ਵੱਲੋਂ ਤੋੜ ਦਿੱਤਾ ਗਿਆ ਅਤੇ ਇਕ ਆਜ਼ਾਦ ਰਸਤੇ ਉੱਤੇ ਬਾਹਰ ਕੱਢ ਮਾਰਿਆ ਤਾਂ ਉਨ੍ਹਾਂ ਲੋਕਾਂ ਨੇ ਮਹਿੰਗੇ ਬਸਤਰ ਅਤੇ ਸੰਸਾਰਿਕ ਐਸ਼ਪ੍ਰਸਤੀ ਨਜ਼ਰਅੰਦਾਜ ਕਰ ਦਿੱਤੇ ਅਤੇ ਸਫੇਦ ਉਂਨ ਦੇ ਵਸਤਰ ਧਾਰਨ ਕਰ ਲਏ। ਇਸ ਲਈ ਉਨ੍ਹਾਂ ਉਂਨ ਦੇ ਵਸਤਰ ਪਹਿਨੇ ਲੋਕਾਂ ਨੂੰ ਸੂਫ਼ੀਆਂ ਦੇ ਰੂਪ ਵਿਚ ਜਾਣਿਆ ਗਿਆ।"[28]

"ਬਹੁਤ ਸਾਰੇ ਸੂਫ਼ੀਆਂ ਨੇ ਵੀ ਸੂਫ਼ੀ ਸ਼ਬਦ ਦੀ ਉੱਤਪਤੀ ਸੂਫ਼ ਤੋਂ ਹੀ ਹੋਈ ਸਵੀਕਾਰ ਕੀਤੀ ਹੈ। ਖਲਦੂਨ ਅਤੇ ਹੁਜ਼ਵੇਰੀ ਜਿਹੇ ਸੂਫ਼ੀ ਵਿਦਵਾਨਾਂ ਦਾ ਵਿਚਾਰ ਇਹ ਹੈ ਕਿ ਸੂਫ਼ੀ ਸ਼ਬਦ ਸੂਫ਼ ਤੋਂ ਬਣਿਆ ਹੈ।"[29]

ਇਸ ਪ੍ਰਕਾਰ ਉੱਪਰ ਪੇਸ਼ ਕੀਤੇ ਗਏ ਵਿਚਾਰ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਸੂਫ਼ੀ ਸ਼ਬਦ ਦੀ ਉੱਤਪਤੀ ਸੂਫ਼ ਵਿਚੋਂ ਉਸਰੀ ਹੈ। ਇਸ ਗੱਲ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਆਪਣੀ ਬਾਣੀ ਵਿਚ ਕਰਦਿਆਂ ਬਾਬਾ ਫ਼ਰੀਦ ਲਿਖਦੇ ਹਨ;

"ਕੰਨਿ ਮੁਸਲਾ ਸੂਫ਼ ਗਲਿ, ਦਿਲ ਕਾਤੀ ਗੁੜ ਵਾਤਿ॥
ਬਾਹਰ ਦਿਸੇ ਚਾਨਣਾ, ਦਿਲ ਅੰਧਿਆਰੀ ਰਾਤਿ॥"[30]
ਜਾਂ
"ਫ਼ਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ॥
ਗੁਨਹੀ ਭਰਿਆ ਮੈਂ ਫਿਰਾ ਲੋਕੁ ਕਹੈ ਦਰਵੇਸੁ॥"[31]

ਬਾਬਾ ਫ਼ਰੀਦ ਜੀ ਆਪਣੇ ਤਨ ਉੱਤੇ ਪਾਏ ਸੂਫ਼ ਅਰਥਾਤ ਉਂਨ ਦੇ ਕਾਲੇ ਕਪੜਿਆਂ ਬਾਰੇ ਬਿਆਨ ਕਰ ਰਹੇ ਹਨ ਭਾਵ ਜਿਨ੍ਹਾਂ ਲੋਕਾਂ ਨੇ ਆਪਣੇ ਤਨ ਤੇ ਉਂਨ ਦੇ ਕਾਲੇ ਕਪੜੇ ਧਾਰਨ ਕੀਤੇ ਹਨ, ਉਹੀ ਲੋਕ ਸੂਫ਼ੀ ਹਨ।

ਡਾ. ਲਾਜਵੰਤੀ ਰਾਮ ਕ੍ਰਿਸ਼ਨ ਆਪਣੀ ਪੁਸਤਕ **Panjabi Sufi Poets** ਵਿਚ ਇਸ ਸ਼ਬਦ ਦੀ ਉੱਤਪਤੀ ਬਾਰੇ ਜ਼ਿਕਰ ਕਰਦਿਆਂ ਕਹਿੰਦੀ ਹੈ ਕਿ, "ਇਹ ਤਪ ਛੇਤੀ ਹੀ ਰਹੱਸਵਾਦ ਵਿਚ ਪਾਰਿਤ ਕੀਤਾ ਗਿਆ ਅਤੇ ਦੂਜੀ ਸ਼ਤਾਬਦੀ (815 ਈ.) ਦੇ ਅੰਤ ਵਿਚ ਇਹ ਰਹੱਸਵਾਦ ਸੰਨਿਆਸੀਆਂ ਲਈ ਸੂਫ਼ੀਆਂ ਦੇ ਰੂਪ ਵਿਚ ਲੋਕਾਂ ਲਈ ਜਾਣਿਆ ਜਾਣ ਲੱਗਾ, ਸੂਫ਼ੀ ਨਾਮ ਉਨ੍ਹਾਂ ਨੂੰ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਊਂਨੀ ਬਸਤਰ ਪਹਿਨੇ ਸਨ।"[32]

ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸੂਫ਼ੀ ਸ਼ਬਦ ਦੀ ਉੱਤਪਤੀ ਸੂਫ਼ ਤੋਂ ਹੋਈ ਹੈ। ਇਸਲਾਮ ਤੋਂ ਪਹਿਲਾਂ ਵੀ ਸਾਧੂ-ਸੰਤ ਸੂਫ਼ ਦੇ ਕਪੜੇ ਪਾਉਂਦੇ ਸਨ। ਇਸਲਾਮ ਦੇ



Sri Satguru Jagjit Singh Ji eLibrary NamdhariElibrary@gmail.com

ਆਰੰਭਕ ਸਾਲਾਂ ਵਿਚ ਮੁਸਲਮਾਨ ਸਾਧਕ ਵੀ ਸੂਫ਼/ਉੱਨ ਦੇ ਕਪੜੇ ਪਾਉਂਦੇ ਰਹੇ ਸਨ। ਇਸ ਲਈ ਧਾਰਮਿਕ ਲੋਕਾਂ ਵਿਚ ਉੱਨ ਦੇ ਕਪੜੇ ਪਾਉਣ ਦੀ ਰਸਮ ਪਹਿਲਾਂ ਹੀ ਪ੍ਰਚੱਲਿਤ ਸੀ। ਇਸ ਲਈ ਸੂਫ਼ੀ ਲੋਕ ਉਹਨਾਂ ਨੂੰ ਕਿਹਾ ਜਾਣ ਲੱਗਾ ਜਿਹੜੇ ਲੋਕ ਤਨ ਉੱਤੇ ਸੂਫ਼ ਦੇ ਕਪੜੇ ਪਾਉਂਦੇ ਸਨ। ਇਹਨਾਂ ਦੇ ਦੋ ਪ੍ਰਮੁੱਖ ਕਾਰਣ ਮੰਨੇ ਜਾਂਦੇ ਹਨ। ਇਕ ਤਾਂ ਉੱਨ ਦਾ ਕਪੜਾ ਗਰਮ ਹੁੰਦਾ ਹੈ ਇਸ ਨਾਲ ਸਾਧਕ ਨੂੰ ਸਾਰਾ ਦਿਨ ਕਸ਼ਟ ਹੁੰਦਾ ਹੈ ਅਤੇ ਸੂਫ਼ੀ ਆਪਣੇ ਤਨ ਨੂੰ ਕਸ਼ਟ ਦੇ ਕੇ ਪਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ। ਦੂਜਾ ਕਾਰਣ ਇਹ ਹੈ ਕਿ ਉੱਨ ਦੇ ਕਪੜੇ ਪਾਉਣੇ ਗ਼ਰੀਬੀ ਦੀ ਨਿਸ਼ਾਨੀ ਹੈ। ਸੂਫ਼ੀ ਸਾਧਕ ਆਪਣੇ ਆਪ ਨੂੰ ਗ਼ਰੀਬ ਦੱਸ ਕੇ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਆਪਣੇ ਧਿਆਨ ਨੂੰ ਕੇਂਦਰਿਤ ਕਰਨਾ ਚਾਹੁੰਦੇ ਸਨ ਦੂਜਾ ਗ਼ਰੀਬੀ ਮਨੁੱਖ ਨੂੰ ਅੰਹਕਾਰ-ਗ੍ਰਸਤ ਹੋਣ ਤੋਂ ਰੋਕਦੀ ਹੈ। ਅਸੀਂ ਇਸ ਗੱਲ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਾਂ ਕਿ ਉੱਨ ਦੇ ਕਾਲੇ ਕਪੜੇ ਪਾਉਣ ਵਾਲੇ ਸਾਧਕਾਂ ਨੂੰ ਸੂਫ਼ੀ ਕਿਹਾ ਜਾਂਦਾ ਹੈ।

## ਸੂਫ਼ੀਮਤ ਦਾ ਪਿਛੋਕੜ

ਜਿਸ ਪ੍ਰਕਾਰ ਇਸਲਾਮ ਦਾ ਜਨਮ ਹਜ਼ਰਤ ਮੁਹਮੰਦ ਸਾਹਿਬ ਦੇ ਜਨਮ ਨਾਲ ਜੋੜਿਆ ਜਾਂਦਾ ਹੈ ਉਸੇ ਪ੍ਰਕਾਰ ਸੂਫ਼ੀਮਤ ਦਾ ਜਨਮ ਵੀ ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਤੋਂ ਹੀ ਸਮਝਿਆ ਜਾਂਦਾ ਹੈ। ਇਸਲਾਮ ਦਾ ਜਨਮ ਸਥਾਨ ਅਰਬ ਹੈ ਉਸੇ ਤਰ੍ਹਾਂ ਸੂਫ਼ੀਮਤ ਦਾ ਜਨਮ ਸਥਾਨ ਵੀ ਅਰਬ ਹੀ ਹੈ;

"ਇਸਲਾਮ ਦਾ ਪ੍ਰਾਰੰਭ ਅਰਬ ਦੇਸ਼ ਵਿਚ ਹਜ਼ਰਤ ਮੁਹੰਮਦ ਸਾਹਿਬ ਨਾਲ ਹੁੰਦਾ ਹੈ ਅਤੇ ਇਨ੍ਹਾਂ ਦਾ ਸਮਾਂ ਈਸਾ ਦੀ 6ਵੀਂ-7ਵੀਂ ਸਦੀ ਸੀ। ... ਸੂਫ਼ੀਵਾਦ ਜਿਸ ਨੂੰ ਪਹਿਲਾਂ ਪਹਿਲ ਤਸੱਵੁਫ਼ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਹਜ਼ਰਤ ਮੁਹਮੰਦ ਸਾਹਿਬ ਦੇ ਸਮੇਂ ਤੋਂ ਹੀ ਆਰੰਭ ਹੋ ਜਾਂਦਾ ਹੈ।"[33]

"ਸੂਫ਼ੀਵਾਦ ਦਾ ਆਰੰਭ ਹਜ਼ਰਤ ਮੁਹੰਮਦ (ਸ.) ਤੋਂ ਹੀ ਪ੍ਰਵਾਨ ਕੀਤਾ ਜਾਂਦਾ ਹੈ।"[34]

ਸੂਫ਼ੀਮਤ ਅਸਲ ਵਿਚ ਇਸਲਾਮ ਦਾ ਰਹੱਸਵਾਦ ਹੈ ਅਤੇ ਕਿਸੇ ਚੀਜ਼ ਦੇ ਭੇਦ ਨੂੰ ਅਨੁਭਵ ਕਰਨ ਲਈ ਉਸ ਦਾ ਸਥਾਪਤ ਹੋਣਾ ਲਾਜ਼ਮੀ ਹੈ। ਜਦੋਂ ਸੂਫ਼ੀ ਵਿਚਾਰਧਾਰਾ ਸਥਾਪਤ ਹੋ ਗਈ ਤਾਂ ਇਸ ਨੇ ਕਈ ਪ੍ਰਕਾਰ ਦੇ ਅਨੁਭਵ ਗ੍ਰਹਿਣ ਕੀਤੇ;

"ਸੱਚ ਤਾਂ ਇਹ ਹੈ ਕਿ ਹਰ ਵਿਚਾਰਧਾਰਾ ਆਪਣੇ ਅੰਦਰਲੇ ਇਤਿਹਾਸਕ ਵਿਕਾਸ ਅਤੇ ਬਾਹਰਲੇ ਪ੍ਰਭਾਵਾਂ ਦੇ ਕਾਰਣ ਹੀ ਆਪਣਾ ਵਿਲੱਖਣ ਸੁਭਾਅ ਗ੍ਰਹਿਣ ਕਰਦੀ ਹੈ। ਸੂਫ਼ੀ ਵਿਚਾਰਧਾਰਾ ਸ਼ੁਰੂ ਤੋਂ ਆਖ਼ੀਰ ਤੱਕ ਇਸਲਾਮ ਦੇ ਵਿਆਪਕ ਪ੍ਰਸੰਗ ਨਾਲ ਜੁੜੀ ਰਹਿੰਦੀ ਹੈ ਅਤੇ ਕਿਸੇ ਵੀ ਸੂਫ਼ੀ ਨੇ ਇਸਲਾਮ ਦੀ ਵਿਸ਼ਵਦ੍ਰਿਸ਼ਟੀ ਨੂੰ ਰੱਦ ਨਹੀਂ ਕੀਤਾ। ਇਹ ਠੀਕ ਹੈ ਕਿ ਇਨ੍ਹਾਂ ਸੂਫ਼ੀਆਂ ਨੇ ਕੁਰਾਨ ਸ਼ਰੀਫ਼ ਅਤੇ ਹੋਰ ਇਸਲਾਮੀ ਧਰਮ-ਗ੍ਰੰਥਾਂ ਨੂੰ ਰਹੱਸਵਾਦੀ ਅਰਥਾਂ ਵਿਚ ਪੁਨਰ-ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।"[35]

ਅੰਤ ਵਿਚ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਉੱਨ ਦੇ ਕਪੜੇ ਪਾਉਣ ਵਾਲੇ ਵਿਅਕਤੀ ਹੀ ਸੂਫ਼ੀ ਸਾਧਕ ਅਖਵਾਏ ਸਨ। ਇਸ ਤੋਂ ਇਲਾਵਾ ਵੱਖ-ਵੱਖ ਵਿਦਵਾਨਾਂ ਦੀਆਂ ਵਿਭਿੰਨ ਰਾਵਾਂ ਪ੍ਰਚੱਲਿਤ ਹਨ, ਜਿਨ੍ਹਾਂ ਵਿਚੋਂ ਚਾਰ ਪ੍ਰਸਿੱਧ ਧਾਰਨਾਵਾਂ ਦਾ ਵਰਨਣ ਇਸ ਪ੍ਰਕਾਰ ਹੈ;

"(ੳ) ਸੂਫ਼ੀਮਤ ਮੁਹੰਮਦ ਸਾਹਿਬ ਦੀ ਬਾਤਨੀ ਸਿੱਖਿਆ ਵਿਚੋਂ ਵਿਕਸਿਤ ਹੋਇਆ।



Sri Satguru Jagjit Singh Ji eLibrary NamdhariElibrary@gmail.com

(ਅ) ਸੂਫ਼ੀਮਤ ਸਾਮੀ ਮਜ਼ਹਬ ਵੱਲੋਂ ਈਰਾਨੀਆਂ ਉੱਤੇ ਲੱਦੇ ਗਏ ਸਾਮੀ ਮਜ਼ਹਬ ਵਿਰੁੱਧ ਪ੍ਰਤੀਕਰਮ ਦਾ ਸਿੱਟਾ ਹੈ।

(ੲ) ਇਹ ਨਵ-ਅਫ਼ਲਾਤੂਨੀ ਵਿਚਾਰਾਂ ਵਿਚੋਂ ਉਗਮਿਆ।

(ਸ) ਇਹ ਇਕ ਖੁਦਰੋ ਬੂਟੇ ਵਾਂਗ ਆਪਣੇ-ਆਪ ਪੈਦਾ ਹੋਇਆ।"[36]

"ਸੂਫ਼ੀਮਤ ਮਨੁੱਖ ਨੂੰ ਆਤਮ-ਪਵਿੱਤਰਤਾ, ਸਦਾਚਾਰ ਨੂੰ ਉੱਨਤ ਕਰਨ ਅਤੇ ਬਾਹਰੀ ਜੀਵਨ ਨੂੰ ਮਹਾਨ ਬਣਾਉਣ ਦੀ ਸਿੱਖਿਆ ਦਿੰਦਾ ਹੈ। ਇਸ ਦੀ ਨਿਯਮ ਸਾਮੱਗਰੀ ਪਵਿੱਤਰਤਾ ਹੈ ਅਤੇ ਇਸ ਦਾ ਉਦੇਸ਼ ਅਤੇ ਲਕਸ਼ ਸਦੀਵੀ ਆਨੰਦ ਪ੍ਰਾਪਤ ਕਰਨਾ ਹੈ।"[37]

"ਸੂਫ਼ੀ ਉਹ ਹੈ ਜੋ ਮਾਨਸਿਕ ਪਵਿੱਤਰਤਾ ਸਹਿਤ ਸੂਫ਼ਪੋਸ਼ੀ ਧਾਰਨ ਕਰਦਾ ਹੈ, ਕਾਮ-ਵਾਸ਼ਨਾਵਾਂ ਦਾ ਕਠੋਰਤਾ ਪੂਰਵਕ ਤਿਆਗ ਕਰਦਾ ਹੈ। ਮੁਸਤਫ਼ੀ ਸ਼ਰ੍ਹਾ ਦੀ ਪਾਬੰਦੀ ਆਪਣੇ ਲਈ ਆਵੱਸ਼ਕ ਸਮਝਦਾ ਹੈ ਅਤੇ ਸੰਸਾਰ ਵੱਲੋਂ ਵਿਰਕਤ ਹੋ ਜਾਂਦਾ ਹੈ।"[38]

"ਸੂਫ਼ੀਮਤ ਇਕ ਤੀਬਰ ਭਗਤੀ ਵਾਲਾ ਮੱਤ ਹੈ ਜਿਸ ਵਿਚ ਇਸ਼ਕ ਦੀ ਭਾਵਨਾ ਅਤੇ ਸੰਗੀਤ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ।"[39]

"ਸੂਫ਼ੀਵਾਦ ਸੰਸਾਰ ਦੇ ਵਿਸ਼ੇਸ਼ ਧਰਮਾਂ ਵਾਂਗ ਕੋਈ ਸਿਧਾਂਤਕ, ਸਮਾਜਕ ਸਦਾਚਾਰਕ ਜਾਂ ਕਰਮਕਾਂਡੀ (ਸ਼ਰੀਅਤ) ਦਾ ਲਖਾਇਕ ਧਰਮ ਨਹੀਂ ਸਗੋਂ ਇਸਲਾਮ ਦੀ ਵਲਗਣ ਦੇ ਅੰਦਰ ਹੀ ਇਕ ਮਹਾਨ ਰਹੱਸਵਾਦੀ ਸੰਸਥਾ ਦੀ ਪਦਵੀ ਰੱਖਦਾ ਹੈ ਜੋ ਇਸਲਾਮੀ ਸ਼ਰੀਅਤ ਨੂੰ ਆਪਣਾ ਆਧਾਰ ਬਣਾ ਕੇ ਆਪਣਾ ਅਸਲੀ ਅਧਿਆਤਮਕ ਵਿਕਾਸ ਪ੍ਰਾਪਤ ਕਰ ਲੈਂਦਾ ਹੈ ਅਤੇ ਸ਼ਰੀਅਤ ਤੋਂ ਉੱਕਾ ਮੁਨਕਰ ਹੋ ਜਾਂਦਾ ਹੈ।"[40]

"ਸੂਫ਼ੀਵਾਦ ਉਸ ਇਸਲਾਮੀ ਜੀਵਨ ਜਾਚ ਦਾ ਨਾਂ ਹੈ ਜਿਸ ਵਿਚ ਬਾਹਰਲੀਆਂ ਸ਼ਰ੍ਹਾ ਦੀਆਂ ਬੰਦਸ਼ਾਂ ਦੀ ਥਾਂ ਅੰਦਰਲੇ ਅਨੁਭਵ ਉੱਤੇ ਜ਼ੋਰ ਦਿੱਤਾ ਜਾਂਦਾ ਹੈ।"[41]

"ਸੂਫ਼ੀਵਾਦ ਦਾ ਅਸਲ ਮਤਲਬ ਦੋ ਗੱਲਾਂ ਉੱਪਰ ਨਿਰਭਰ ਹੈ; ਪਹਿਲੀ ਅਨੁਸਾਰ ਜ਼ਰੂਰੀ ਹੈ ਕਿ ਸੂਫ਼ੀ ਆਪਣੇ ਮਨ ਨੂੰ ਮਾਰ ਚੁਕਾ ਹੋਵੇ; ਉਸਦਾ ਦਿਲ ਸਾਫ਼ ਹੋਵੇ; ਲੋਭ ਅਤੇ ਲਾਲਚ ਉੱਪਰ ਕਾਬੂ ਪਾ ਚੁਕਾ ਹੋਵੇ; ਹਜ਼ਰਤ ਪੈਗ਼ੰਬਰ ਸਾਹਿਬ ਦੇ ਚਰਨ-ਚਿੰਨ੍ਹਾਂ ਦਾ ਅਨੁਸਾਰੀ ਹੋਵੇ; ਹੋਰ ਸਾਰੇ ਸੰਬੰਧ ਤੋੜ ਕੇ ਸਿਰਫ਼ ਅੱਲ੍ਹਾ ਨਾਲ ਸੰਬੰਧ ਜੋੜ ਚੁਕਾ ਹੋਵੇ ਅਤੇ ਹਰ ਵੇਲੇ ਰੱਬ ਦੀ ਯਾਦ ਵਿਚ ਲੀਨ ਰਹਿੰਦਾ ਹੋਵੇ। ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਜੇ ਇਕ ਗੱਲ ਵੀ ਕਿਸੇ ਵਿਅਕਤੀ ਵਿਚ ਨਾ ਹੋਵੇ ਤਾਂ ਉਸਨੂੰ ਮੁਕਮੰਲ ਸੂਫ਼ੀ ਨਹੀਂ ਕਿਹਾ ਜਾ ਸਕਦਾ।"[42]

ਸੂਫ਼ੀਮਤ ਇਸਲਾਮੀ ਜੀਵਨ ਦੇ ਧਾਰਮਿਕ, ਅਧਿਆਤਮਕ ਅਤੇ ਦਾਰਸ਼ਨਿਕ ਵਿਧਾਨ ਦਾ ਮਹੱਤਵਪੂਰਨ ਅੰਗ ਹੈ। ਇਸ ਵਿਚ ਵਿਸ਼ਵਾਸ ਅਤੇ ਸਿਧਾਂਤ ਦੀਆਂ ਸਾਰੀਆਂ ਰੇਖਾਵਾਂ ਦਾ ਕੇਂਦਰ ਹਜ਼ਰਤ ਮੁਹੰਮਦ ਸਾਹਿਬ ਅਤੇ ਕੁਰਾਨ ਸ਼ਰੀਫ ਹੈ। ਸੂਫ਼ੀਮਤ ਦੇ ਇਸਲਾਮੀ ਪਿਛੋਕੜ ਸੰਬੰਧੀ ਬਹਿਸ ਕਰਨ ਦਾ ਕੋਈ ਆਧਾਰ ਨਹੀਂ ਹੈ ਕਿਉਂਕਿ ਇਸ ਸੰਬੰਧੀ ਕੋਈ ਭਰੋਸੇਯੋਗ ਸੂਤਰ ਇਤਿਹਾਸਕ ਪਰਿਪੇਖ ਵਿਚ ਨਹੀਂ ਮਿਲਦਾ ਅਤੇ ਇਹ ਤੱਥ ਲਗਭਗ ਸਰਬ-ਪ੍ਰਵਾਣਿਤ ਹੈ ਕਿ ਸੂਫ਼ੀਮਤ ਦਾ ਜਨਮ ਇਸਲਾਮ ਵਿਚੋਂ ਹੋਇਆ ਹੈ। ਸੂਫ਼ੀਮਤ ਦੇ ਜਨਮ ਨੂੰ ਅਜੇ ਤੱਕ ਕਿਸੇ ਵਿਦਵਾਨ ਨੇ ਕਿਸੇ ਹੋਰ ਧਰਮ ਵਿਚੋਂ ਪੈਦਾ ਹੋਇਆ ਨਹੀਂ ਪ੍ਰਗਟਾਇਆ;

"ਸੂਫ਼ੀਮਤ ਦੇ ਪੈਗੰਬਰੀ ਮੁੱਢ ਦੇ ਪੱਖ ਵਿਚ ਸਭ ਤੋਂ ਵੱਡੀ ਦਲੀਲ ਸੂਫ਼ੀਮਤ ਖੁਦ ਆਪ ਹੈ ਕਿਉਂਕਿ ਹਰ ਉਹ ਸੋਮਾ ਜਿਹੜਾ ਸੂਫ਼ੀ ਵਿਧਾਨ ਦਾ ਅਨਿੱਖੜਵਾਂ ਅੰਗ ਹੈ ਉਹ ਕੁਰਾਨ ਸ਼ਰੀਫ ਅਤੇ ਹਜ਼ਰਤ ਮੁਹਮੰਦ ਸਾਹਿਬ ਦੀ ਸਿੱਖਿਆ ਉੱਤੇ ਹੀ ਆਧਾਰਿਤ ਹੈ। ਜੇਕਰ ਸੂਫ਼ੀਵਾਦ



Sri Satguru Jagjit Singh Ji eLibrary NamdhariElibrary@gmail.com

ਇਸਲਾਮ ਤੋਂ ਭਿੰਨ ਕਿਸੇ ਹੋਰ ਸ੍ਰੋਤ ਦਾ ਧਾਰਨੀ ਹੁੰਦਾ ਤਾਂ ਉਸ ਵਿਚਾਰਧਾਰਾ ਦੀ ਪ੍ਰਾਪਤੀ ਲਈ ਸਾਧਕ ਨੂੰ ਕੁਰਾਨ ਦੇ ਪ੍ਰਤੀਕਾਂ ਦਾ ਸਹਾਰਾ ਕਿਉਂ ਲੈਣਾ ਪੈਂਦਾ?"[43]

"ਇਹ ਮੁਸਲਮਾਨਾਂ ਵੱਲੋਂ ਕਿਹਾ ਗਿਆ ਹੈ ਕਿ ਸੂਫ਼ੀਵਾਦ ਖ਼ੁਦ ਹਜ਼ਰਤ ਮੁਹੰਮਦ ਦਾ ਕੀਤਾ ਹੋਇਆ ਵਾਧਾ ਸੀ। ਇਸ ਧਾਰਮਿਕ ਆਦੇਸ਼ ਅਨੁਸਾਰ ਇਕ ਉਨ੍ਹਾਂ ਲੋਕਾਂ ਦੇ ਦਿਲ ਵਿਚ ਵੱਸੀ ਹੋਈ ਕੁਰਾਨ ਅਤੇ ਦੂਜਾ ਕਿ ਉਨ੍ਹਾਂ ਦੇ ਦਿਲ ਵਿਚ ਪਈ ਹੋਈ ਹੋਰ ਸਾਮੱਗਰੀ।"[44]

"ਸਾਰੇ ਮੁਸਲਮਾਨ ਵਿਦਵਾਨ ਅਤੇ ਸੂਫ਼ੀ ਸੰਤ ਇਹ ਗੱਲ ਸਵੀਕਾਰ ਕਰਦੇ ਹਨ ਕਿ ਸੂਫ਼ੀਮਤ ਇਸਲਾਮ ਤੋਂ ਅਲਹਿਦਾ ਕੋਈ ਮੱਤ ਨਹੀਂ ਹੈ ਸਗੋਂ ਇਹ ਤਾਂ ਇਸਲਾਮੀ ਰਹੱਸ ਨੂੰ ਪਹਿਚਾਨਣ ਵਾਲੇ ਸਾਧਕਾਂ ਦਾ ਇਕ ਟੋਲਾ ਹੈ ਜਿਨ੍ਹਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਰੂਹਾਨੀ ਬਖਸ਼ਿਸ਼ ਪ੍ਰਾਪਤ ਹੋਈ ਸੀ। ਇਹੀ ਕਾਰਣ ਹੈ ਕਿ ਸੂਫ਼ੀਆਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਮੂਲ ਰੂਪ ਵਿਚ ਹਜ਼ਰਤ ਮੁਹੰਮਦ ਸਾਹਿਬ ਨਾਲ ਜੋੜਦੇ ਹਨ।"[45]

"ਸੂਫ਼ੀਵਾਦ ਪੂਰਨ ਰੂਪ ਵਿਚ ਇਸਲਾਮੀ ਚਿੰਤਨ ਦੇ ਅੰਤਰਗਤ ਹੈ। ਸੂਫ਼ੀਵਾਦ ਦੁਆਰਾ ਪ੍ਰਸਤੁਤ ਵਿਭਿੰਨ ਵਿਚਾਰ ਕੁਰਾਨ ਸ਼ਰੀਫ਼ ਅਤੇ ਹਦੀਸ ਸ਼ਰੀਫ਼ ਵਿਚ ਅੰਕਿਤ ਹਨ। ਪਰੰਤੂ ਅਹਿਮ ਗੱਲ ਇਹ ਹੈ ਕਿ ਇਸਲਾਮੀ ਦਰਸ਼ਨ ਵਿਚ ਜੋ ਵਿਚਾਰ ਬੀਜ-ਰੂਪ ਵਿਚ ਵਿਦਮਾਨ ਹਨ ਸੂਫ਼ੀਵਾਦ ਦੇ ਅੰਤਰਗਤ ਉਹ ਵਿਚਾਰ ਵਿਸ਼ੇਸ਼ ਸੰਕਲਪ ਜਾਂ ਸਿਧਾਂਤ ਦਾ ਰੂਪ ਧਾਰਨ ਕਰ ਗਏ ਹਨ।"[46]

ਸੂਫ਼ੀਵਾਦ ਅਸਲ ਵਿਚ ਇਸਲਾਮ ਵਿਚੋਂ ਨਿਕਲ ਕੇ ਹੀ ਹੋਂਦ ਵਿਚ ਆਇਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਸੂਫ਼ੀਵਾਦ ਅਤੇ ਇਸਲਾਮ ਦੀਆਂ ਸਾਰੀਆਂ ਸਿੱਖਿਆਵਾਂ ਆਪਸ ਵਿਚ ਮਿਲਦੀਆਂ ਹਨ। ਇਸਲਾਮ ਜਿੱਥੇ ਮਨੁੱਖ ਦੇ ਬਾਹਰੀ ਸਰੂਪ ਦੀ ਪਾਬੰਦੀ ਤੇ ਜ਼ੋਰ ਦਿੰਦਾ ਹੈ ਉੱਥੇ ਸੂਫ਼ੀ ਮਨੁੱਖ ਦੇ ਆਂਤਰਿਕ ਵਿਕਾਸ ਉੱਪਰ ਬਲ ਦਿੰਦਾ ਹੈ। ਇਸਲਾਮ ਮਨੁੱਖ ਨੂੰ ਬਾਹਰੀ ਰਹਿਤ-ਮਰਿਆਦਾ ਦਾ ਪਾਠ ਪੜ੍ਹਾਉਂਦਾ ਹੈ ਉੱਥੇ ਸੂਫ਼ੀ ਮਨੁੱਖ ਨੂੰ ਸਾਫ਼ ਮਨ ਅਤੇ ਸ਼ੁੱਧ ਹਿਰਦੇ ਨਾਲ ਪਰਮਾਤਮਾ ਦੀ ਭਗਤੀ ਦਾ ਪਾਠ ਪੜ੍ਹਾਉਂਦੇ ਹਨ। ਇਸਲਾਮ ਮਨੁੱਖ ਦੇ ਜੀਵਨ ਨੂੰ ਅਨੁਸ਼ਾਸ਼ਨ ਵਿਚ ਰੱਖਣ ਲਈ ਸਿਧਾਂਤ ਪੇਸ਼ ਕਰਦਾ ਹੈ ਪਰ ਸੂਫ਼ੀ ਮਨੁੱਖ ਦੇ ਜਨਮ ਨਾਲ ਸੰਬੰਧਤ ਕੋਈ ਸਿਧਾਂਤ ਪੇਸ਼ ਨਹੀਂ ਕਰਦੇ ਉਹ ਤਾਂ ਮਨੁੱਖ ਦਾ ਪਰਮਾਤਮਾ ਵਿਚ ਫ਼ਨਾ ਹੋਣਾ ਮਨੁੱਖੀ ਜੀਵਨ ਦਾ ਮਨੋਰਥ ਮੰਨਦੇ ਹਨ।

## ਸੂਫ਼ੀਵਾਦ ਦੇ ਵਿਕਾਸ ਪੜਾਅ

ਸੂਫ਼ੀਵਾਦ ਦਾ ਵਿਕਾਸ ਸੰਸਾਰਕ ਸੁੱਖਾਂ ਦੇ ਤਿਆਗ ਵਾਲੀ ਭਾਵਨਾ ਤੋਂ ਉਪਜਿਆ ਹੈ। ਸੂਫ਼ੀਮਤ ਦੇ ਵਿਕਾਸ ਪੜਾਅ ਸੰਬੰਧੀ ਅਧਿਐਨ ਕਰਨ ਤੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਇਸ ਵਿਚਾਰਧਾਰਾ ਨੇ ਵਿਕਾਸ ਦੇ ਤਿੰਨ ਪੜਾਅ ਤਹਿ ਕੀਤੇ ਹਨ। ਇਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ।

**ਪਹਿਲੇ ਪੜਾਅ** ਦੇ ਸੂਫ਼ੀ ਸਾਧਕਾਂ ਨੇ ਸਾਦਗੀ, ਤਿਆਗ, ਤਪੱਸਿਆ, ਆਤਮ-ਸ਼ੁਧੀ, ਸੰਸਾਰ ਤੋਂ ਨਿਰਲੇਪਤਾ ਅਤੇ ਰੱਬੀ ਭੈਅ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਬ੍ਰਹਮ, ਮੁਕਤੀ, ਪਰਮਾਤਮਾ ਨਾਲ ਏਕਤਾ ਆਦਿ ਪਰਵਰਤੀ ਚਿੰਤਨ ਤੇ ਵਿਆਖਿਆ ਇਨ੍ਹਾਂ ਦੀ ਸਾਧਨਾ ਪੱਧਤੀ ਤੋਂ ਪ੍ਰਗਟ ਨਹੀਂ ਹੁੰਦੀ। ਇਸ ਤੋਂ ਬਿਨਾਂ ਅਧਿਆਤਮ ਚਿੰਤਨ ਤੇ ਸੂਖਮ ਦਾਰਸ਼ਨਿਕ ਚਿੰਤਨ ਵੀ ਇਸ ਸਮੇਂ ਸੂਫ਼ੀਮਤ ਵਿਚ ਪ੍ਰਵੇਸ਼ ਹੋਇਆ ਦਿਖਾਈ ਨਹੀਂ ਦਿੰਦਾ;



Sri Satguru Jagjit Singh Ji eLibrary NamdhariElibrary@gmail.com

"ਪ੍ਰਥਮ ਪੜਾਉ ਉਸ ਨੂੰ ਕਹਿ ਸਕਦੇ ਹਾਂ ਜੋ ਇਸਲਾਮ ਦੇ ਆਰੰਭਿਕ ਦੌਰ ਨਾਲ ਸੰਬੰਧਿਤ ਹੈ। ਇਸ ਦੌਰ ਦੇ ਸੂਫ਼ੀਆਂ ਦੀ ਕੋਈ ਵਿਭਿੰਨ ਦਾਰਸ਼ਨਿਕ ਦ੍ਰਿਸ਼ਟੀ ਨਹੀਂ ਸੀ ਬਲਕਿ ਕੁਰਾਨ ਹਦੀਸ ਅਤੇ ਹਦੀਸਾਂ ਦਾ ਪੂਰਨ ਤੌਰ'ਤੇ ਅਨੁਸਰਨ ਕਰਨਾ ਇਨ੍ਹਾਂ ਦੇ ਤਸੱਵੁੱਫ਼ ਦਾ ਮੂਲ ਆਧਾਰ ਸੀ।"[47]

"ਆਰੰਭਿਕ ਕਾਲ ਦੇ ਸੂਫ਼ੀ ਸੰਤਾਂ ਦਾ ਜੀਵਨ ਸਮੁੱਚੇ ਰੂਪ ਵਿਚ ਇਸਲਾਮੀ ਸ਼ਰੀਅਤ'ਤੇ ਆਧਾਰਿਤ ਸੀ। ਜਿਸਦੇ ਫਲਸਰੂਪ ਤਤਕਾਲੀਨ ਰਾਜਨੀਤਿਕ ਸ਼ਕਤੀ ਨਾਲ ਇਹਨਾਂ ਦਾ ਕੋਈ ਵਿਰੋਧ ਉਤਪੰਨ ਨਾ ਹੋਇਆ।"[48]

ਪਹਿਲੇ ਪੜਾਅ ਦੇ ਸੂਫ਼ੀ ਸਾਧਕਾਂ ਵਿਚ "ਹਸਨ ਅਲ ਬਸਰੀ, ਮਲਿਕ ਬਿਨ ਦੀਨਾਰ, ਰਾਬਿਆ ਬਸਰੀ ਅਤੇ ਅਲਫ਼ੁਜ਼ੀਲ ਬਿਨ ਅਬਾਜ਼ (ਮੌਤ 803 ਈ:), ਈਰਾਕ ਦੇ ਇਬਰਾਹੀਮ ਬਿਨ ਅਦਹਮ (ਮੌਤ 777 ਈ:), ਅਤੇ ਸ਼ਕੀਕ ਬਲਖੀ (ਮੌਤ 810 ਈ:), ਖੁਰਾਸਨ ਦੇ ਅਬਦੁੱਲਾ ਇਬਨ ਮੁਬਾਰਕ, ਇਬਨ ਅਸੋਮ ਅਤੇ ਇਬਨੇ ਹਾਰਸ ਹਾਫੀ ਈਰਾਨ ਦੇ ਸਨ। ਇਹ ਸਾਰੇ ਤਿਆਗੀ ਸੂਫ਼ੀ ਸਾਧਕ ਸਨ।"[49]

ਸੂਫ਼ੀਵਾਦ ਦੇ ਵਿਕਾਸ ਪੜਾਅ ਦੇ ਆਰੰਭਕ ਦੌਰ ਵਿਚ ਸੂਫ਼ੀ ਸਾਧਕ ਇਹ ਪ੍ਰਗਟਾਉਣ ਦਾ ਯਤਨ ਕਰਦੇ ਸਨ ਕਿ ਸੂਫ਼ੀਮਤ ਇਸਲਾਮੀ ਵਿਧੀ-ਵਿਧਾਨ ਦੇ ਵਿਰੁੱਧ ਨਹੀਂ ਹੈ। ਇਹ ਸਮਾਂ ਇਸਲਾਮੀ ਕਟੱੜਤਾ ਦਾ ਸੀ ਅਤੇ ਇਸ ਦੇ ਜ਼ਰਾ ਜਿੰਨਾਂ ਵੀ ਵਿਰੋਧ ਵਿਚ ਖੜਾ ਹੋਣਾ ਜਾਨ ਦੀ ਬਾਜ਼ੀ ਲਗਾਉਣ ਦੇ ਤੁਲ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਸੂਫ਼ੀ ਸੰਤਾਂ ਨੇ ਆਪਣੀ ਸਾਧਨਾ-ਸ਼ੈਲੀ ਨੂੰ ਇਕ ਸਿਧਾਂਤ ਦੇ ਰੂਪ ਵਿਚ ਪੇਸ਼ ਕਰ ਦਿੱਤਾ। ਇਹ ਵਿਧੀ-ਵਿਧਾਨ ਇਸ ਤਰ੍ਹਾਂ ਬਣਾਇਆ ਗਿਆ ਸੀ ਕਿ ਇਕ ਪਾਸੇ ਆਪਣੀ ਅੰਤਰ-ਆਤਮਾ ਨੂੰ ਵੀ ਜਾਗ੍ਰਤ ਕੀਤਾ ਜਾ ਸਕੇ ਅਤੇ ਨਾਲ ਹੀ ਇਸਲਾਮੀ ਕੱਟੜ ਵਿਧੀ-ਵਿਧਾਨ ਦੀ ਪਾਲਣਾ ਵੀ ਹੁੰਦੀ ਰਹੇ;

"ਸੂਫ਼ੀਮਤ ਇਸਲਾਮ ਦੀ ਧਾਰਮਿਕ ਵਲਗਣ ਦੇ ਅੰਦਰ ਹੀ ਇਕ ਮਹਾਨ ਰਹੱਸਵਾਦੀ ਸੰਸਥਾ ਹੈ, ਜੋ ਇਸਲਾਮੀ ਸ਼ਰੀਅਤ ਨੂੰ ਆਪਣਾ ਆਧਾਰ ਬਣਾ ਕੇ ਅਸਲੀ ਅਧਿਆਤਮਵਾਦ ਵੱਲ ਵਿਕਾਸ ਕਰਦੀ ਹੈ।"[50]

ਸੂਫ਼ੀ ਸਾਧਕਾਂ ਨੇ ਇਸਲਾਮੀ ਕੱਟੜਤਾ ਦੀ ਪਾਲਣਾ ਕਰਦਿਆਂ ਦਿਖਾਵੇ ਦੀ ਰਹੁ-ਰੀਤੀ ਅਤੇ ਐਸ਼-ਪ੍ਰਸਤੀ ਵਿਰੁੱਧ ਬਗ਼ਾਵਤ ਦਾ ਸੁਰ ਪ੍ਰਗਟ ਕੀਤਾ। ਸੂਫ਼ੀਆਂ ਨੇ ਪਹਿਲਾਂ-ਪਹਿਲ ਸ਼ਰੀਅਤ ਦੀ ਪਾਲਣਾ ਦੇ ਨਾਲ-ਨਾਲ ਭਗਤੀ (ਤਰੀਕਤ) ਉੱਪਰ ਜ਼ੋਰ ਦਿੱਤਾ;

"ਸ਼ਰੀਅਤ ਸਾਡੀ ਮਾਈ ਹੈ,
ਤਰੀਕਤ ਸਾਡੀ ਦਾਈ ਹੈ,
ਅੱਗੋਂ ਹਕ ਹਕੀਕਤ ਆਈ ਹੈ,
ਤੇ ਮਾਰਫਤੋਂ ਕੁਝ ਪਾਇਆ ਹੈ।"[51]

ਇਸ਼ਕ ਦੇ ਸਿਧਾਂਤ ਨੂੰ ਅਦਵੈਤ ਦੀ ਆਧਾਰ ਭੂਮੀ ਪ੍ਰਦਾਨ ਕਰਕੇ ਅਤੇ ਆਤਮਾ ਨੂੰ ਦਿੱਵਤਾ ਨਾਲ ਸ਼ਿੰਗਾਰ ਕੇ ਸੂਫ਼ੀ ਸਾਧਕਾਂ ਨੇ ਦ੍ਰਿੜ ਬਣਾ ਦਿੱਤਾ। ਸੂਫ਼ੀ ਸਾਧਕਾਂ ਨੇ ਮਨ ਦੀਆਂ ਸਮੂਹ ਇੱਛਾਵਾਂ ਨੂੰ ਪਰਮਾਤਮਾ ਦੇ ਪ੍ਰੇਮ ਨਾਲ ਬਦਲਣ ਦਾ ਸਿਧਾਂਤ ਪ੍ਰਸਤੁਤ ਕੀਤਾ। ਸੂਫ਼ੀ ਸਾਧਕ ਆਤਮਾ ਦੀ ਜਿਸ ਪਿਆਸ ਤੋਂ ਪ੍ਰੇਰਿਤ ਹੋ ਕੇ ਪਰਮ ਪਿਆਰੇ ਦੇ ਮਿਲਾਪ ਦੀ ਮੰਜ਼ਿਲ ਵੱਲ ਤੁਰਦਾ ਹੈ ਇਹ ਯਾਤਰਾ ਹਰ ਸਾਧਕ ਦੀ ਨਿਰੋਲ ਵਿਅਕਤੀਗਤ ਯਾਤਰਾ ਹੁੰਦੀ ਹੈ ਅਤੇ ਇਸ ਯਾਤਰਾ ਤੋਂ ਉਤਪੰਨ ਸਾਰੇ ਅਨੁਭਵ ਵੀ ਉਸਦੇ ਨਿਰੋਲ ਨਿੱਜੀ ਅਨੁਭਵ ਹੁੰਦੇ ਹਨ;



Sri Satguru Jagjit Singh Ji eLibrary NamdhariElibrary@gmail.com

"ਸੂਫ਼ੀ ਜਿਹੜੇ ਅਨੁਭਵ ਪ੍ਰਾਪਤ ਕਰਨਾ ਚਾਹੁੰਦਾ ਹੈ ਉਨ੍ਹਾਂ ਦੇ ਸੱਤ ਪੜਾਅ ਮੰਨੇ ਜਾਂਦੇ ਹਨ। ਇਨ੍ਹਾਂ ਪੜਾਅ ਵਿਧੀਆਂ ਰਾਹੀਂ ਸੂਫ਼ੀ ਪਰਮਾਤਮਾ ਵਿਚ ਅਭੇਦਤਾ ਪਾਉਣਾ ਚਾਹੁੰਦਾ ਹੈ। ਇਹ ਪੜਾਅ ਇਸ ਪ੍ਰਕਾਰ ਹਨ:

1. ਇਬਾਦਤ ਅਰਥਾਤ ਪ੍ਰਾਰਥਨਾ
2. ਇਸ਼ਕ ਅਰਥਾਤ ਪ੍ਰੇਮ
3. ਤਰਕ ਅਰਥਾਤ ਤਿਆਗ
4. ਮਾਰਫ਼ਤ ਅਰਥਾਤ ਗਿਆਨ
5. ਵਜਦ ਅਰਥਾਤ ਮਸਤੀ
6. ਵਸਲ ਅਰਥਾਤ ਮਿਲਾਪ
7. ਫਿਨਾਹ-ਫਿਲਾਹ ਅਰਥਾਤ ਮੁਕਤੀ।"[52]

**ਦੂਜੇ ਪੜਾਅ** ਵਿਚ ਸੂਫ਼ੀਮਤ ਦੇ ਵਿਕਾਸ ਵਿਚ ਇਕ ਅਹਿਮ ਮੋੜ ਆਉਂਦਾ ਹੈ। ਹੁਣ ਸੂਫ਼ੀਮਤ ਵਿਚ ਦਾਰਸ਼ਨਿਕ ਚਿੰਤਨ ਵੱਲ ਰੁਚੀ ਵਧਦੀ ਹੈ। "ਡਾ. ਰੋਮਾ ਚੋਧਰੀ ਨੇ ਇਸ ਨੂੰ ਨਵ-ਸੂਫ਼ੀਵਾਦ ਕਿਹਾ ਹੈ।"[53]

ਇਸ ਸਮੇਂ ਸੂਫ਼ੀਮਤ ਉੱਤੇ ਤਤਕਾਲੀਨ ਧਰਮਾਂ ਜਿਵੇਂ ਬੁੱਧਮੱਤ, ਈਸਾਈ ਮੱਤ, ਨਵ-ਅਫਲਾਤੂਨ ਦਰਸ਼ਨ, ਨਾਸਤਿਕ ਮੱਤ ਅਤੇ ਈਰਾਨੀ ਵਿਚਾਰਧਾਰਾਵਾਂ ਦਾ ਗਹਿਰਾ ਪ੍ਰਭਾਵ ਪਿਆ। ਇਸ ਕਾਰਨ ਹੀ ਜਿੱਥੇ ਸੂਫ਼ੀਮਤ ਇਸਲਾਮ ਵਿਚੋਂ ਪੈਦਾ ਹੋਇਆ ਹੈ ਉੱਥੇ ਦੂਜੇ ਧਰਮਾਂ ਦੇ ਪ੍ਰਭਾਵ ਕਾਰਨ ਇਸ ਵਿਚ ਹਿੰਦੂ ਧਰਮ ਦੇ ਕਰਮ ਵੀ ਦੇਖੇ ਜਾ ਸਕਦੇ ਹਨ;

"ਇਹ ਮੱਤ ਇਕ ਪਾਸੇ ਬੁੱਧ ਮੱਤ, ਹਿੰਦੂ ਭਗਤੀ ਮੱਤ ਨਾਲ ਮਿਲਦਾ ਜੁਲਦਾ ਹੈ ਅਤੇ ਦੂਜੇ ਪਾਸੇ ਇਸ ਦੀ ਸੂਰਤ ਤੇ ਸੀਰਤ ਵੇਦਾਂਤ ਮੱਤ ਵਾਲੀ ਹੈ।"[54]

ਮਾਰੂਫ਼-ਅਲ-ਕਰਖੀ, ਜ਼ੂਲ-ਨੂਨ-ਮਿਸਰੀ, ਬਯਜੀਦ ਬੁਸਤਾਮੀ ਆਦਿ ਇਸ ਯੁੱਗ ਦੇ ਪ੍ਰਸਿੱਧ ਸਾਧਕ ਹਨ। ਇਨ੍ਹਾਂ ਸਾਧਕਾਂ ਦੇ ਕ੍ਰਾਂਤੀਕਾਰੀ ਵਿਚਾਰਾਂ ਅਤੇ ਸ਼ਰੀਅਤ ਦੀ ਉਪੇਖਿਆ ਕਾਰਣ ਸੰਕੀਰਣ ਸੋਚ ਵਾਲੇ ਪੁਰਾਤਨ ਪੰਥੀਆਂ ਨੇ ਇਨ੍ਹਾਂ ਦਾ ਪ੍ਰਬਲ ਵਿਰੋਧ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਕਾਫ਼ਿਰ ਕਿਹਾ ਤੇ ਕਈ ਤਰ੍ਹਾਂ ਦੇ ਅਤਿਆਚਾਰ ਵੀ ਕੀਤੇ;

"ਸੂਫ਼ੀਮਤ ਦੇ **ਤੀਸਰੇ ਪੜਾਅ** ਵਿਚ ਇਸਲਾਮ ਅਤੇ ਸੂਫ਼ੀਮਤ ਦੇ ਆਪਸੀ ਵਿਰੋਧ ਨੂੰ ਘਟਾਉਣ ਦੇ ਪ੍ਰਯੋਜਨ ਹੋਏ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਾਲਿਆਂ ਵਿਚੋਂ ਅਬੂਬਕਰ-ਅਲ-ਕਾਲਾ ਬਾਘੀ, ਅਲ-ਹੁਜ਼ਵੀਰੀ ਅਤੇ ਅਲ-ਗਜ਼ਾਲੀ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਸੂਫ਼ੀਮਤ ਨਾਲ ਇਸਲਾਮ ਦਾ ਤਾਲਮੇਲ ਸਥਾਪਿਤ ਕੀਤਾ।"[55]

ਇਸ ਸਮੇਂ ਦੇ ਚਿੰਤਕਾਂ ਨੇ ਇਸਲਾਮ ਦੀ ਸੂਫ਼ੀਮਤ ਦੇ ਅਨੁਸਾਰ ਵਿਆਖਿਆ ਕਰਕੇ ਵਿਵੇਕ ਤੇ ਪਰੰਪਰਾ ਵਿਰੋਧੀ ਵਿਚਾਰਾਂ ਵਿਚ ਏਕਤਾ ਸਥਾਪਿਤ ਕਰਨ ਦੇ ਯਤਨ ਕੀਤੇ। ਇਸ ਸਮਝੌਤਾਵਾਦੀ ਰੁਚੀ ਕਾਰਣ ਸੂਫ਼ੀਮਤ ਸਨਾਤਨ ਪੰਥ ਮੁਸਲਮਾਨਾਂ ਵਿਚ ਵੀ ਪ੍ਰਵਾਨ ਹੋਇਆ। ਇਸ ਸਮੇਂ ਪਹਿਲੇ ਦੋਹਾਂ ਕਾਲਾਂ ਦੇ ਵਿਚਾਰਾਂ ਤੇ ਇਕ ਵਾਰ ਮੁੜ ਵਿਚਾਰ ਕਰਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਿਰਧਾਰਤ ਕਰਕੇ ਉਨ੍ਹਾਂ ਦਾ ਯੋਗ ਮੁੱਲ ਪਾਇਆ ਗਿਆ। ਸੂਫ਼ੀ ਸੰਪਰਦਾਵਾਂ ਦੇ ਸੰਗਠਿਤ ਹੋਣ ਦਾ ਇਹ ਸੁਨਹਿਰੀ ਸਮਾਂ ਸੀ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਇਸਲਾਮ ਵਿਚੋਂ ਪੈਦਾ ਹੋ ਕੇ ਸੂਫ਼ੀਮਤ ਨੇ ਵਿਕਾਸ ਦੇ ਕਈ ਪੜਾਅ ਤਹਿ ਕੀਤੇ ਹਨ।



Sri Satguru Jagjit Singh Ji eLibrary NamdhariElibrary@gmail.com

## ਸੂਫ਼ੀਮਤ ਦਾ ਭਾਰਤ ਆਗਮਨ

ਇਸਲਾਮ ਦਾ ਸਭ ਤੋਂ ਪਹਿਲਾ ਫੈਲਾਅ ਭਾਰਤ ਦੇ ਤਟਵਰਤੀ ਖੇਤਰਾਂ'ਤੇ ਹੋਇਆ ਜਿਸ ਦਾ ਅਸਲ ਕਾਰਨ ਅਰਬ ਵਪਾਰੀਆਂ ਦੀਆਂ ਬਸਤੀਆਂ ਅਤੇ ਭਾਰਤੀਆਂ ਨਾਲ ਉਨ੍ਹਾਂ ਦਾ ਸਮਾਜਿਕ ਤਾਲਮੇਲ ਸੀ। ਇਹ ਅਰਬ ਵਪਾਰੀ ਭਾਰਤ ਵਿਚ ਵਪਾਰ ਕਰਨ ਲਈ ਸਭ ਤੋਂ ਪਹਿਲਾਂ ਇਨ੍ਹਾਂ ਤਟਵਰਤੀ ਖੇਤਰਾਂ ਵਿਚ ਆਉਂਦੇ ਸਨ ਉੱਥੇ ਇਨ੍ਹਾਂ ਦਾ ਵਾਸਤਾ ਭਾਰਤੀ ਲੋਕਾਂ ਨਾਲ ਪਿਆ। ਇਹ ਮੇਲ-ਜੋਲ ਧਾਰਮਿਕ ਰੀਤੀ-ਰਿਵਾਜਾਂ ਵਿਚ ਆਪਸੀ ਪ੍ਰਭਾਵ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ;

"ਸੂਫ਼ੀਮਤ ਦਾ ਇਤਿਹਾਸ ਕੁਝ ਨਿਆਂਇਕ ਜਾਂ ਮੁਸਲਮਾਨਾਂ ਦੇ ਇਕ ਪੰਚਮੇਲ ਸੰਗ੍ਰਹਿ ਦੀ ਕੋਈ ਜੋੜੀ ਗਈ ਕਹਾਣੀ ਨਹੀਂ ਹੈ। ਇਹ ਇਸਲਾਮ ਦੀ ਸੰਸਾਰਿਕ ਵਿਸ਼ਵਾਸ ਸੰਪ੍ਰਦਾਇ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੈ। ਜਿੱਥੇ ਵੀ ਮੁਸਲਮਾਨਾਂ ਨੇ ਲਗਭਗ 14 ਸਦੀਆਂ ਤਕ ਕੂਚ ਕੀਤਾ। ਉੱਥੇ ਹੀ ਸੂਫ਼ੀ ਚਲਾ ਗਿਆ।"[56]

ਇਸਲਾਮ ਦੇ ਪ੍ਰਚਾਰ ਦਾ ਮੂਲ ਕਾਰਣ ਇਸ ਦੀ ਰਾਜਸੀ ਤਾਕਤ ਹੈ। ਆਮ ਕਿਹਾ ਜਾਂਦਾ ਹੈ ਕਿ ਰਾਜਾ ਜਿਸ ਧਰਮ ਦਾ ਅਨੁਯਾਈ ਹੋਵੇ ਲੋਕ ਉਸ ਧਰਮ ਨੂੰ ਆਪਣੇ ਆਪ ਮੰਨਣ ਲੱਗ ਪੈਂਦੇ ਹਨ। ਇਸ ਲਈ ਇਸਲਾਮ ਨੇ ਭਾਰਤ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ;

"ਇਸਲਾਮ ਆਪਣੇ ਤੇਜੀ ਨਾਲ ਫੈਲਦੇ ਹੋਏ ਰਾਜਸੀ ਪ੍ਰਭਾਵ ਕਾਰਨ ਇਤਿਹਾਸਕ ਸਫ਼ਰ ਤਹਿ ਕਰਦਾ ਹੋਇਆ ਭਾਰਤ ਵਿਚ 711 ਈਸਵੀ ਵਿਚ ਪ੍ਰਵੇਸ਼ ਹੋ ਗਿਆ ਸੀ ਕਿਉਂਕਿ 711 ਈਸਵੀ ਵਿਚ ਹਿਜਾਜ਼ ਦੇ ਗਵਰਨਰ ਨੇ ਆਪਣੇ ਭਤੀਜੇ ਮੁਹੰਮਦ ਬਿਨ ਕਾਸਿਮ ਦੀ ਅਗਵਾਈ ਹੇਠ ਇਕ ਭਾਰੀ ਸੈਨਾ ਭਾਰਤ ਭੇਜੀ ਅਤੇ ਉਸਨੇ ਸਿੰਧ ਤੇ ਮੁਲਤਾਨ ਉੱਤੇ ਜਿੱਤ ਪ੍ਰਾਪਤ ਕੀਤੀ। ਇਸ ਉਪਰੰਤ ਮੁਸਲਮਾਨ ਸਾਰੇ ਭਾਰਤ ਵਿਚ ਫ਼ੈਲਣੇ ਸ਼ੁਰੂ ਹੋ ਗਏ। ਮੁਸਲਮਾਨਾਂ ਦੀ ਇਸ ਜਿੱਤ ਨਾਲ ਹੀ ਸੂਫ਼ੀਮਤ ਭਾਰਤ ਵਿਚ ਪ੍ਰਵੇਸ਼ ਕਰ ਜਾਂਦਾ ਹੈ।"[57]

"ਡਾ. ਸਾਧੂ ਰਾਮ ਸ਼ਾਰਦਾ ਭਾਰਤ ਵਿਚ ਸੂਫ਼ੀਮਤ ਦਾ ਪ੍ਰਵੇਸ਼ 12ਵੀਂ ਸਦੀ ਤੋਂ ਮੰਨਦਾ ਹੈ ਅਤੇ 16ਵੀਂ ਸਦੀ ਤੱਕ ਸਾਰੇ ਸੂਫ਼ੀ ਸਿਲਸਿਲਿਆਂ ਦੀ ਆਮਦ ਸਵੀਕਾਰ ਕਰਦਾ ਹੈ।"[58]

"ਭਾਰਤ ਵਿਚ ਸੂਫ਼ੀਮਤ ਦਾ ਪ੍ਰਵੇਸ਼ ਚਿਸ਼ਤੀ ਸਿਲਸਿਲੇ ਦੁਆਰਾ ਹੋਇਆ ...।"[59]

ਇਸਲਾਮੀ ਹਮਲਾਵਰਾਂ ਨਾਲ ਆਉਣ ਵਾਲੇ ਸੂਫ਼ੀਆਂ ਦਾ ਮੂਲ ਪ੍ਰਯੋਜਨ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਕਰਨਾ ਸੀ ਪਰ ਭਾਰਤੀ ਲੋਕ ਮਨਾਂ ਵਿਚ ਇਸਲਾਮ ਧਰਮ ਦੇ ਲੋਕਾਂ ਦਾ ਅਕਸ਼ ਠੀਕ ਨਹੀਂ ਸੀ। ਭਾਰਤੀ ਲੋਕ ਇਸਲਾਮ ਦੇ ਅਨੁਯਾਈ ਲੋਕਾਂ ਨੂੰ ਲੁੱਟਾਂ-ਮਾਰਾਂ ਕਰਨ ਵਾਲੇ ਲੋਕਾਂ ਦਾ ਧਰਮ ਸਮਝਦਾ ਸੀ। ਅਜਿਹੇ ਸਮੇਂ ਸੂਫ਼ੀ ਸਾਧਕਾਂ ਨੇ ਆਪਣੇ ਉੱਚ ਆਚਰਣ ਅਤੇ ਮਿੱਠੇ ਬੋਲਾਂ ਰਾਹੀਂ ਭਾਰਤੀ ਲੋਕਾਂ ਨੂੰ ਇਸਲਾਮ ਦੇ ਨੇੜੇ ਲਿਆਂਦਾ;

"ਇਹ ਖਿਆਲ ਵੀ ਪਾਇਆ ਜਾਂਦਾ ਹੈ ਕਿ ਸੂਫ਼ੀਆਂ ਨੇ ਇਸਲਾਮ ਧਰਮ ਦੇ ਪ੍ਰਚਾਰ ਦਾ ਬੀੜਾ ਚੁੱਕਿਆ ਸੀ ਤਾਂ ਜੋ ਇਸ ਧਰਮ ਨੂੰ ਲੋਕਾਂ ਵਿਚ ਪ੍ਰਵਾਨਗੀ ਦਿਵਾਈ ਜਾ ਸਕੇ। ਇਸੇ ਕਰਕੇ ਭਾਰਤ ਵਿਚ ਮੁਸਲਮਾਨ ਹਾਕਮਾਂ ਨਾਲੋਂ ਸੂਫ਼ੀਆਂ ਦੇ ਯਤਨਾਂ ਨੇ ਭਾਰਤੀ ਲੋਕਾਈ ਨੂੰ ਵਧੇਰੇ ਪ੍ਰਭਾਵਿਤ ਕੀਤਾ।"[60]

"ਭਾਰਤ ਵਿਚ ਸੂਫ਼ੀ ਸਿਲਸਿਲਿਆਂ ਦਾ ਆਰੰਭ ਅਬਿਲ-ਹਸਨ-ਬਿਨ-ਅਬੂ-ਉਸਮਾਨ ਨਾਲ ਹੋਇਆ। ਇਨ੍ਹਾਂ ਨੂੰ ਲਾਹੌਰ ਵਿਚ ਦਫ਼ਨਾਇਆ ਗਿਆ ਅਤੇ ਆਪਣੀ ਪੁਸਤਕ ਕਸ਼ੂਫ਼-ਅਲ-ਮਹਿਜੂਬ ਅਤੇ ਲਕਬ-ਦਾਤਾ-ਗੰਜ-ਬਖਸ਼ ਨਾਲ ਮਸ਼ਹੂਰ ਸਨ।"[61]



Sri Satguru Jagjit Singh Ji eLibrary NamdhariElibrary@gmail.com

ਡਾ. ਦੇਵਿੰਦਰ ਸਿੰਘ ਦਾ ਮੱਤ ਹੈ ਕਿ ਸੂਫ਼ੀ ਸਿਲਸਿਲਿਆਂ ਦਾ ਭਾਰਤ ਵਿਚ ਆਗਮਨ ਬਾਰ੍ਹਵੀਂ ਸਦੀ ਤੋਂ ਪੂਰਵ ਮੰਨਿਆ ਜਾ ਸਕਦਾ ਹੈ ਕਿਉਂਕਿ ਦਾਤਾ-ਗੰਜ-ਬਖਸ਼ ਮਹਿਮੂਦ ਗਜ਼ਨਵੀ ਤੋਂ 20-30 ਵਰ੍ਹੇ ਪਹਿਲਾਂ ਆਏ ਹੋਣਗੇ। ਕਸੂਫ਼-ਅਲ-ਮਹਿਜੂਬ ਫ਼ਾਰਸੀ ਦੀ ਦਾਤਾ ਮਖਦੂਮ ਹੁਜ਼ਵੀਰੀ ਹੋਰਾਂ ਦੀ ਲਿਖੀ ਹੋਈ ਪਹਿਲੀ ਫ਼ਾਰਸੀ ਦੀ ਪੁਸਤਕ ਹੈ, ਜੋ ਸੂਫ਼ੀਮਤ ਦੀ ਵਿਆਖਿਆ ਕਰਦੀ ਹੈ। ਜਦੋਂ ਗਿਆਰ੍ਹਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਦੇ ਪੁੱਤਰ ਮਾਸੂਦ ਨੇ ਪੰਜਾਬ ਤੇ ਹਮਲਾ ਕੀਤਾ ਤਾਂ ਉਸ ਦੀ ਸੈਨਾ ਨਾਲ ਹੀ ਇਕ ਪ੍ਰਸਿੱਧ ਸੂਫ਼ੀ ਵੀ ਲਾਹੌਰ ਆ ਕੇ ਰਹਿਣ ਲੱਗ ਪਿਆ। ਇਸ ਸੂਫ਼ੀ ਚਿੰਤਕ ਦਾ ਪੰਜਾਬ ਦੀ ਧਰਤੀ ਤੇ ਆ ਕੇ ਟਿਕਣਾ ਸੂਫ਼ੀ ਵਿਚਾਰਾਂ ਦੇ ਫੈਲਾਉ ਦਾ ਆਰੰਭ ਮੰਨਿਆ ਜਾ ਸਕਦਾ ਹੈ;

"ਪੰਜਾਬ ਵਿਚ ਸੂਫ਼ੀਮਤ ਗਜ਼ਨਵੀਆਂ ਦੀ ਆਮਦ ਨਾਲ ਹੋਂਦ ਵਿਚ ਆਉਂਦਾ ਹੈ। ਭਾਵੇਂ ਇਨ੍ਹਾਂ ਦਾ ਰਾਜ ਬਾਅਦ ਵਿਚ ਗੋਰੀਆਂ ਦੇ ਰਾਜਵੰਸ਼ ਵਿਚ ਪਰਿਵਰਤਿਤ ਹੋ ਗਿਆ ਪਰੰਤੂ ਉਨ੍ਹਾਂ ਦੇ ਰਾਜ-ਕਾਲ ਦੀ ਸਮਾਜਿਕ ਸਥਿਤੀ ਨੂੰ ਬਦਲ ਕੇ ਰੱਖ ਦਿੱਤਾ।"[62]

"ਪੰਜਾਬ ਵਿਚ ਸੂਫ਼ੀਵਾਦ ਦਾ ਆਗਮਨ ਗਿਆਰਵੀਂ ਸਦੀ ਈ. ਵਿਚ ਮਹਿਮੂਦ ਗ਼ਜ਼ਨਵੀ ਦੁਆਰਾ ਕੀਤੇ ਹਮਲਿਆਂ ਤੋਂ ਬਾਅਦ ਹੋਇਆ।"[63]

"ਪੰਜਾਬ ਵਿਚ ਬਾਕੀ ਦੇ ਹਿੰਦੂਸਤਾਨ ਨਾਲੋਂ ਮੁਸਲਮਾਨਾਂ ਦੀ ਆਮਦ ਤਕਰੀਬਨ ਦੋ ਸਦੀਆਂ ਪਹਿਲਾਂ ਹੋਈ।"[64]

"ਪੰਜਾਬ ਸੂਫ਼ੀ ਗਤੀਵਿਧੀਆਂ ਦਾ ਸਭ ਤੋਂ ਮਹਤੱਵਪੂਰਨ ਖੇਤਰ ਰਿਹਾ ਹੈ। ਭਾਰਤ ਦੇ ਦੂਜੇ ਖੇਤਰਾਂ ਵਿਚ ਜਾਣ ਵਾਲੇ ਸੂਫ਼ੀ ਅਤੇ ਵੱਖ-ਵੱਖ ਸੂਫ਼ੀ ਸਿਲਸਿਲੇ ਇਸੇ ਸਰਜ਼ਮੀਨ ਤੋਂ ਅੱਗੇ ਲੰਘੇ ਸਨ। ਮੁਸਲਿਮ ਹੁਕਮਰਾਨ ਵੀ ਇਸੇ ਰਸਤੇ ਤੋਂ ਅੱਗੇ ਵਧੇ ਸਨ।"[65]

ਭਾਰਤ ਵਿਚ ਸੂਫ਼ੀ ਵਿਚਾਰਧਾਰਾ ਦਾ ਮੁੱਢ ਇਸਲਾਮੀ ਹਮਲਾਵਰਾਂ ਦੇ ਹਮਲਿਆਂ ਦੇ ਨਾਲ ਹੀ ਬੱਝ ਗਿਆ ਸੀ। ਇਨ੍ਹਾਂ ਸੂਫ਼ੀਆਂ ਦਾ ਮੂਲ ਪ੍ਰਯੋਜਨ ਭਾਰਤ ਵਿਚ ਇਸਲਾਮ ਧਰਮ ਦਾ ਪ੍ਰਚਾਰ ਕਰਨਾ ਸੀ। ਇਕ ਪਾਸੇ ਜਿੱਥੇ ਮੁਸਲਮਾਨ ਹਮਲਾਵਰ ਕਠੋਰਤਾ ਨਾਲ ਭਾਰਤ ਦੇ ਲੋਕਾਂ ਨੂੰ ਲੁੱਟ-ਮਾਰ ਰਹੇ ਸਨ ਉੱਥੇ ਦੂਜੇ ਪਾਸੇ ਸੂਫ਼ੀ ਸਾਧਕ ਆਪਣੇ ਨਿਮਰਤਾ ਵਾਲੇ ਵਰਤਾਓ ਕਾਰਣ ਭਾਰਤੀ ਲੋਕਾਂ ਦੇ ਮਨਾਂ ਵਿਚ ਆਪਣੀ ਥਾਂ ਬਣਾਉਣ ਵਿਚ ਕਾਮਯਾਬ ਹੋ ਰਹੇ ਸਨ। ਇਹ ਦੋਹਰਾ ਹਮਲਾ ਸੀ ਇਕ ਆਰਥਿਕ ਲੁੱਟ ਦਾ ਤੇ ਦੂਜਾ ਧਾਰਮਿਕ ਲੁੱਟ ਦਾ।

## ਸੂਫ਼ੀਮਤ ਉੱਤੇ ਇਸਲਾਮ ਅਤੇ ਦੂਜੇ ਧਰਮਾਂ ਦਾ ਪ੍ਰਭਾਵ

ਜਿਸ ਵੇਲੇ ਇਸਲਾਮ ਧਰਮ ਨੇ ਆਪਣੇ ਪੈਰ ਪੂਰੇ ਵਿਸ਼ਵ ਵਿਚ ਪਸਾਰੇ ਤਾਂ ਇਸ ਸਮੇਂ ਦੌਰਾਨ ਦੂਜੇ ਦੇਸ਼ਾਂ ਵਿਚ ਹੋਰ ਵਿਚਾਰਧਾਰਾਵਾਂ ਅਤੇ ਧਰਮਾਂ ਦਾ ਪ੍ਰਭਾਵ ਵੀ ਇਸ ਮੱਤ ਉੱਤੇ ਪੈਣਾ ਬੜਾ ਕੁਦਰਤੀ ਅਤੇ ਲਾਜ਼ਮੀ ਸੀ। ਸੂਫ਼ੀਮਤ ਦਾ ਮੁਹਾਂਦਰਾ ਬਦਲਣ ਵਿਚ ਈਰਾਨੀ ਅਤੇ ਆਰੀਆਈ ਪ੍ਰਭਾਵ ਵਧੇਰੇ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ। ਯੂਨਾਨੀ ਫ਼ਿਲਾਸਫ਼ਰਾਂ ਦੇ ਸਿਧਾਂਤਾਂ, ਨਵ-ਅਫ਼ਲਾਤੂਨੀ ਵਿਚਾਰਾਂ, ਬੁੱਧ ਮੱਤ, ਈਸਾਈ ਵਿਚਾਰਧਾਰਾ, ਵੇਦਾਂਤ ਅਤੇ ਹੋਰ ਭਾਰਤੀ ਮੱਤਾਂ ਨੇ ਸੂਫ਼ੀਮਤ ਨੂੰ ਕਾਫ਼ੀ ਬਦਲ ਕੇ ਰੱਖ ਦਿੱਤਾ। ਇਨ੍ਹਾਂ ਮੱਤਾਂ ਦੇ ਪ੍ਰਭਾਵ ਹੇਠ ਪਹਿਲੇ ਸੂਫ਼ੀ ਵੀ ਇਸਲਾਮੀ ਸਿਧਾਂਤਾਂ ਨੂੰ ਸ਼ੰਕਾਵਾਦੀ ਦ੍ਰਿਸ਼ਟੀ ਨਾਲ ਦੇਖਣ ਲੱਗ ਪਏ। ਇਕ ਪਾਸੇ ਜਿੱਥੇ ਅਰਬ ਦਾ ਸੂਫ਼ੀਮਤ ਤਿਆਗਵਾਦੀ ਤੇ ਜ਼ੁਹਦ ਦਾ ਉਪਾਸ਼ਕ ਹੈ ਦੂਜੇ ਪਾਸੇ ਈਰਾਨ ਦਾ ਸੂਫ਼ੀਮਤ ਰਹੱਸਵਾਦੀ ਅਤੇ ਪ੍ਰੇਮਾ-ਭਗਤੀ ਮਾਰਗ ਵਾਲਾ ਸਰੂਪ ਰੱਖਦਾ ਹੈ;



Sri Satguru Jagjit Singh Ji eLibrary NamdhariElibrary@gmail.com

"ਭਾਰਤ ਵਿਚ ਵੀ ਸੂਫ਼ੀਆਂ ਦੀ ਕੋਈ ਸ਼ਾਖਾ ਇੱਥੋਂ ਦੇ ਧਾਰਮਕ ਪ੍ਰਭਾਵ ਤੋਂ ਬਚ ਨਹੀਂ ਸਕੀ। ਯੋਗੀਆਂ, ਸੰਨਿਆਸੀਆਂ ਦਾ ਪ੍ਰਭਾਵ ਤੇ ਇੱਥੋਂ ਦੇ ਸਥਾਨਕ ਰਿਵਾਜ 13ਵੀਂ ਸਦੀ ਦੇ ਸੂਫ਼ੀਆਂ ਵਿਚ ਆਮ ਵੇਖੇ ਜਾਂਦੇ ਸਨ। ਚਿਸ਼ਤੀ ਸ਼ਾਖਾ ਵਿਚ ਵੀ 13ਵੀਂ ਸਦੀ ਵਿਚ ਮੁਰਸ਼ਦ ਅੱਗੇ ਡੰਡੋਤ ਕਰਨ ਦਾ ਰਿਵਾਜ ਸੀ ਜੋ ਇੱਥੋਂ ਦਾ ਸਥਾਨਕ ਪ੍ਰਭਾਵ ਹੀ ਕਿਹਾ ਜਾ ਸਕਦਾ ਹੈ।"[66]

ਇਕ ਪਾਸੇ ਜਿੱਥੇ ਇਸਲਾਮ ਨੇ ਸੂਫ਼ੀ ਵਿਚਾਰਧਾਰਾ ਨੂੰ ਪ੍ਰਭਾਵਿਤ ਕੀਤਾ ਉੱਥੇ ਨਾਲ ਹੀ ਭਾਰਤੀ ਅਧਿਆਤਮਵਾਦ ਦਾ ਪ੍ਰਭਾਵ ਵੀ ਸੂਫ਼ੀ ਵਿਚਾਰਾਂ ਉੱਤੇ ਦੇਖਿਆ ਜਾ ਸਕਦਾ ਹੈ। ਕੁੱਝ ਵਿਦਵਾਨਾਂ ਨੇ ਇਹ ਤੱਥ ਸਵੀਕਾਰ ਕੀਤਾ ਹੈ ਕਿ ਇਸਲਾਮ ਤੋਂ ਬਿਨਾਂ ਜਿਹੜੇ ਧਾਰਮਿਕ ਪ੍ਰਭਾਵ ਗ੍ਰਹਿਣ ਕਰਕੇ ਸੂਫ਼ੀਆਂ ਨੇ ਆਪਣੀ ਵੱਖਰੀ ਸਾਧਨਾ ਵਿਧੀ ਪ੍ਰਚਲਿਤ ਕੀਤੀ ਸੀ ਉਨ੍ਹਾਂ ਵਿਚ ਭਾਰਤੀ ਅਧਿਆਤਮਵਾਦ, ਚਿੰਤਨ ਅਤੇ ਭਾਰਤੀ ਦਰਸ਼ਨ ਸ਼ਾਮਿਲ ਹਨ। ਸੂਫ਼ੀਮਤ ਨੂੰ ਸ਼ੁਰੂਆਤ ਵਿਚ ਤਾਂ ਪੂਰਬੀ ਈਸਾਈ ਗਿਰਜਿਆਂ ਦੇ ਸੰਨਿਆਸੀਆਂ ਨੇ ਹੀ ਪ੍ਰਭਾਵਿਤ ਕੀਤਾ ਪਰ ਅੱਗੇ ਚੱਲ ਕੇ ਉਨ੍ਹਾਂ ਸੂਫ਼ੀਮਤ ਦੇ ਵਿਕਾਸ ਨੂੰ ਇਸਲਾਮ ਦੇ ਕੱਟੜ ਢਾਂਚੇ ਤੱਕ ਹੀ ਸੀਮਿਤ ਕਰ ਦਿੱਤਾ। ਦੂਜੇ ਧਰਮਾਂ ਅਤੇ ਵਿਚਾਰਧਾਰਾਵਾਂ ਦੇ ਪ੍ਰਭਾਵ ਦੇ ਨਾਲ-ਨਾਲ ਭਾਰਤੀ ਦਰਸ਼ਨ ਦੇ ਪ੍ਰਭਾਵ ਕਰਕੇ ਹੀ ਮੁੱਢਲੇ ਸੂਫ਼ੀ ਅੰਤਰਮੁਖੀ ਹੋਏ ਹਨ;

"ਸੂਫ਼ੀ ਫ਼ਕੀਰ ਰੱਬ ਨਾਲ ਸਿੱਧਾ ਇਸ਼ਕ ਸੰਬੰਧ ਸਥਾਪਿਤ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਇਹ ਲੋਕ ਪਵਿੱਤਰਤਾ ਅਤੇ ਗ਼ਰੀਬੀ ਦਾ ਜੀਵਨ ਬਿਤਾਉਂਦੇ ਸਨ ਅਤੇ ਆਪਣੇ ਉੱਚੇ ਆਚਰਣਕ ਜੀਵਨ ਰਾਹੀਂ ਇਸਲਾਮ ਦੀ ਸੇਵਾ ਕਰਦੇ ਸਨ।"[67]

ਸੂਫ਼ੀ ਫ਼ਕੀਰ ਰੱਬ ਦੀ ਪ੍ਰਾਪਤੀ ਲਈ ਮੁਰਸ਼ਦ ਧਾਰ ਲੈਣਾ ਠੀਕ ਸਮਝਦੇ ਸਨ ਅਤੇ ਸ਼ਰ੍ਹਾ ਦੇ ਵੀ ਬਹੁਤੇ ਪਾਬੰਦ ਨਹੀਂ ਸਨ। ਸਗੋਂ ਦੂਜੇ ਸੂਫ਼ੀਆਂ ਦੇ ਬਿਲਕੁਲ ਉਲਟ ਇਹ ਸੂਫ਼ੀ ਸਾਧਕ ਵਜ਼ਦ ਵਿਚ ਆ ਕੇ ਨੱਚਦੇ ਅਤੇ ਗਾਉਂਦੇ ਸਨ। ਇਹ ਪ੍ਰਭਾਵ ਭਾਰਤੀ ਕਿਹਾ ਜਾ ਸਕਦਾ ਹੈ ਕਿਉਂਕਿ ਇਸਲਾਮ ਧਰਮ ਵਿਚ ਨੱਚਣਾ ਅਤੇ ਗਾਉਣਾ ਵਰਜਿਤ ਮੰਨਿਆ ਜਾਂਦਾ ਹੈ ਅਤੇ ਸੂਫ਼ੀ ਸਾਧਕਾਂ ਦੀ ਮਹਿਫ਼ਲਾਂ ਵਿਚ ਗਾਉਣ ਦਾ ਰਿਵਾਜ ਆਮ ਹੀ ਪ੍ਰਚੱਲਿਤ ਸੀ। ਬੁੱਲ੍ਹੇ ਸ਼ਾਹ ਅਜਿਹਾ ਸੂਫ਼ੀ ਹੋਇਆ ਹੈ ਜਿਸ ਨੇ ਪਰਮਾਤਮਾ ਦੇ ਪ੍ਰੇਮ ਵਿਚ ਗਲੀਆਂ ਵਿਚ ਨੱਚਣਾ ਅਤੇ ਗਾਉਣਾ ਸ਼ੁਰੂ ਕਰ ਦਿੱਤਾ। ਭਾਰਤੀ ਧਰਮ ਪਰੰਪਰਾਵਾਂ ਉੱਤੇ ਇਸਲਾਮੀ ਪ੍ਰਭਾਵ ਪਿਆ ਉੱਥੇ ਸੂਫ਼ੀਮਤ ਅਤੇ ਇਸਲਾਮ ਤੇ ਵੀ ਭਾਰਤੀ ਪ੍ਰਭਾਵ ਦੇਖਿਆ ਜਾ ਸਕਦਾ ਹੈ;

"ਸੂਫ਼ੀਆਂ ਨੇ ਭਾਰਤੀ ਧਰਮ ਪਰੰਪਰਾਵਾਂ ਦੀਆਂ ਬਹੁਤ ਸਾਰੀਆਂ ਰੀਤਾਂ ਨੂੰ ਅਪਣਾਇਆ ਅਤੇ ਭਾਰਤ ਦੇ ਲੋਕਾਂ ਨੇ ਸੂਫ਼ੀਆਂ ਦੀਆਂ ਬਹੁਤ ਸਾਰੀਆਂ ਰੀਤਾਂ ਨੂੰ ਆਪਣੇ ਜੀਵਨ ਵਿਚ ਦਾਖਲ ਕੀਤਾ। ਦੂਜੇ ਸ਼ਬਦਾਂ ਵਿਚ ਸੂਫ਼ੀ ਭਾਰਤੀ ਧਰਮ ਪਰੰਪਰਾਵਾਂ ਦੇ ਰੰਗ ਵਿਚ ਰੰਗੇ ਗਏ ਅਤੇ ਭਾਰਤੀ ਧਰਮ ਪਰੰਪਰਾਵਾਂ ਸੂਫ਼ੀਆਂ ਦੇ ਰੰਗ ਵਿਚ ਰੰਗੀਆਂ ਗਈਆਂ।"[68]

"ਸੂਫ਼ੀਮਤ ਵਿਚ ਆਈ ਨਿਮਰਤਾ, ਹਲੀਮੀ, ਤਿਆਗ, ਦੁਖ ਵਿਚ ਸੁਖ ਮਨਾਉਣਾ (ਰਜ਼ਾ), ਜਪ-ਤਪ ਤੇ ਬ੍ਰਹਮਚਾਰਯ ਦੇ ਤੱਤ ਈਸਾਈ ਪ੍ਰਭਾਵ ਦਾ ਨਤੀਜਾ ਹਨ।"[69]

"ਸੂਫ਼ੀਆਂ ਦੇ ਦਾਇਰਿਆਂ ਤੇ ਤਕੀਆਂ ਦੀ ਪ੍ਰਥਾ ਵੀ ਬੋਧੀ ਮਤਾਂ ਦੀ ਨਕਲ ਜਾਪਦੀ ਹੈ। ਮਾਲਾ ਫੇਰਨ ਦਾ ਰਿਵਾਜ ਵੀ ਬੋਧੀ ਪ੍ਰਭਾਵ ਹੈ। ਫਨ੍ਹਾ ਦੇ ਸਿਧਾਂਤ ਵਿਚ ਵੀ ਨਿਰਵਾਣ ਦਾ ਝਾਵਲਾ ਪੈਂਦਾ ਹੈ। ਸੂਫ਼ੀਆਂ ਦੇ ਮੁਕਾਮ ਭਾਵ ਆਤਮਿਕ ਉਨਤੀ ਦੇ ਪੜਾਵਾਂ ਨੂੰ ਵੀ ਬੋਧੀਆਂ ਦੀਆਂ ਪੰਜ ਭੂਮੀਆਂ ਨਾਲ ਮੇਲਿਆ ਜਾ ਸਕਦਾ ਹੈ।"[70]

ਇਸ ਜਗ੍ਹਾ ਤੇ ਧਿਆਨ ਦੇਣ ਵਾਲੀ ਅਹਿਮ ਗੱਲ ਇਹ ਹੈ ਕਿ ਸੂਫ਼ੀਆਂ ਨੇ ਭਾਰਤੀ



Sri Satguru Jagjit Singh Ji eLibrary NamdhariElibrary@gmail.com

ਧਰਮ ਪਰੰਪਰਾ ਦੇ ਉਹਨਾਂ ਸਿਧਾਂਤਾਂ ਨੂੰ ਅਪਣਾਇਆ ਜਿਹੜੇ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਦੇ ਵਿਰੁੱਧ ਨਹੀਂ ਸਨ। ਸ਼ਰੀਅਤ ਦੇ ਘੇਰੇ ਵਿਚ ਰਹਿੰਦਿਆਂ ਜਿਹੜੇ ਭਾਰਤੀ ਸਿਧਾਂਤਾਂ ਨੂੰ ਸੂਫ਼ੀ ਅਪਣਾ ਸਕਦੇ ਸਨ ਉਹ ਸਿਧਾਂਤ ਉਨ੍ਹਾਂ ਨੇ ਸੂਫ਼ੀਮਤ ਵਿਚ ਲਾਗੂ ਕੀਤੇ;

"ਸੂਫ਼ੀਆਂ ਨੇ ਹਿੰਦੂ ਸੰਸਕ੍ਰਿਤੀ ਦੇ ਉਨ੍ਹਾਂ ਪ੍ਰਭਾਵਾਂ ਨੂੰ ਸਵੀਕਾਰ ਕੀਤਾ ਜੋ ਖਾਸ ਤੌਰ ਤੇ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਹਦੀਸਾਂ ਦੇ ਵਿਰੁੱਧ ਨਹੀਂ ਸਨ।"[71]

ਸੂਫ਼ੀਮਤ ਕੋਈ ਕੱਟੜ ਸਮਾਜ ਨਹੀਂ ਹੈ ਇਸੇ ਕਾਰਨ ਸੂਫ਼ੀ ਸਿਧਾਂਤਾਂ ਅਤੇ ਸਾਧਨਾਵਾਂ ਵਿਚ ਵਿਭਿੰਨਤਾ ਮਿਲਦੀ ਹੈ। ਇਸ ਵਿਭਿੰਨਤਾ ਨੂੰ ਸੂਫ਼ੀ ਸਿਧਾਂਤਾਂ ਦੇ ਵਿਕਾਸਕ੍ਰਮ ਦੀ ਸੰਘਿਆ ਵੀ ਦਿੱਤੀ ਜਾ ਸਕਦੀ ਹੈ। ਜਿਵੇਂ-ਜਿਵੇਂ ਸਮਾਂ ਬਤੀਤ ਹੁੰਦਾ ਗਿਆ ਸੂਫ਼ੀ ਵਿਚਾਰਧਾਰਾ ਦੀਆਂ ਸਾਧਨਾ ਵਿਧੀਆਂ ਵਿਚ ਅੰਤਰ ਆਉਣਾ ਸ਼ੁਰੂ ਹੋ ਗਿਆ। ਸੂਫ਼ੀ ਸਾਧਨਾਵਾਂ ਦੀ ਇਸ ਵਿਭਿੰਨਤਾ ਨੂੰ ਕਾਲਕ੍ਰਮ ਦਾ ਹਿੱਸਾ ਕਿਹਾ ਜਾ ਸਕਦਾ ਹੈ;

"ਡਾ. ਸਾਧੂ ਰਾਮ ਸ਼ਾਰਧਾ ਸੂਫ਼ੀ ਚਿੰਤਨ ਨੂੰ ਦੋ ਭਾਗਾਂ ਵਿਚ ਵੰਡਦਾ ਹੈ- ਗਿਆਨ ਅਤੇ ਵਿਵਹਾਰਕਤਾ।"[72]

ਗਿਆਨ ਦੀ ਅਵਸਥਾ ਨਿਰੋਲ ਸਿਧਾਂਤਕ ਪੱਖ ਹੈ ਅਤੇ ਵਿਵਹਾਰਕਤਾ ਵਿਚ ਇਨ੍ਹਾਂ ਸਿਧਾਂਤਾਂ ਦੇ ਪਰਿਪੇਖ ਵਿਚ ਅਸਲ ਹੈ ਜੋ ਸੂਫ਼ੀ ਦੀ ਸਾਧਨਾ ਹੋ ਨਿਬੜਦੀ ਹੈ। ਆਤਮਾ, ਪਰਮਾਤਮਾ, ਸ੍ਰਿਸ਼ਟੀ ਆਦਿ ਸੰਬੰਧੀ ਅਨੇਕ ਧਰਮਾਂ ਦੇ ਦਰਸ਼ਨ ਵਿਚ ਸੁਵਿਸਥਾਰ ਚਰਚਾ ਹੈ। ਲਗਭਗ ਇਹ ਸਥਾਪਿਤ ਧਾਰਨਾ ਹੈ ਕਿ ਹਰ ਸਾਧਕ ਦੀ ਮੂਲ-ਭੂਤ ਪ੍ਰਾਪਤੀ ਪਰਮਾਤਮਾ ਹੈ। ਸੂਫ਼ੀਆਂ ਦਾ ਮੁੱਖ ਉਦੇਸ਼ ਵੀ ਪਰਮਾਤਮਾ ਦੀ ਪ੍ਰਾਪਤੀ ਹੈ। ਇਸ ਉਦੇਸ਼ ਪੂਰਤੀ ਲਈ ਕਈ ਸਿਧਾਂਤਾਂ ਦਾ ਉਲੇਖ ਮਿਲਦਾ ਹੈ।

## ਸੂਫ਼ੀ ਸੰਪਰਦਾਵਾਂ

ਭਾਰਤ ਵਿਚ ਆਪਣੇ ਪੈਰ ਜਮਾਉਣ ਤੋਂ ਬਾਅਦ ਸੂਫ਼ੀਮਤ ਕਈ ਸੰਪਰਦਾਵਾਂ ਵਿਚ ਵੰਡਿਆ ਗਿਆ। ਇਹਨਾਂ ਸੰਪਰਦਾਵਾਂ ਦਾ ਕੇਂਦਰੀ ਧੁਰਾ ਇਸਲਾਮ ਅਤੇ ਹਜ਼ਰਤ ਮੁਹੰਮਦ ਸਾਹਿਬ ਹੀ ਰਿਹਾ ਪਰ ਪੂਜਾ-ਪ੍ਰਣਾਲੀ ਵਿਚ ਬਦਲਾਵ ਆ ਗਿਆ। ਸੂਫ਼ੀ ਸੰਪਰਦਾਵਾਂ ਦੀ ਉੱਤਪਤੀ ਤੋਂ ਬਾਅਦ ਇਹ ਵਿਚਾਰਧਾਰਾ ਬਹੁਤ ਤੇਜੀ ਨਾਲ ਪੂਰੇ ਭਾਰਤ ਵਿਚ ਫੈਲ ਗਈ;

"ਸੂਫ਼ੀਮਤ ਇਕ ਰੂਹਾਨੀ ਅਤੇ ਅਮਲੀ ਜੀਵਨ ਜਾਚ ਦਾ ਨਾਮ ਹੈ। ਇਸ ਮੱਤ ਦਾ ਕੇਵਲ ਵਿਅਕਤੀਗਤ ਅਨੁਭਵ ਅਤੇ ਸਾਧਨਾ ਉੱਤੇ ਨਿਰਭਰ ਹੋਣਾ ਕਈ ਸੰਪਰਦਾਵਾਂ ਨੂੰ ਜਨਮ ਦਿੰਦਾ ਹੈ। ਭਾਰਤ ਅਤੇ ਖਾਸਕਰ ਪੰਜਾਬ ਵਿਚ ਆਉਣ ਤੋਂ ਬਾਅਦ ਸੂਫ਼ੀਮਤ ਵਿਚ ਕਈ ਸੂਫ਼ੀ ਸੰਪਰਦਾਵਾਂ ਪ੍ਰਚੱਲਿਤ ਹੋਈਆਂ। ਇਨ੍ਹਾਂ ਸੂਫ਼ੀ ਸੰਪਰਦਾਵਾਂ ਨੂੰ ਖ਼ਾਨਵਾਦੇ ਜਾਂ ਸਿਲਸਿਲੇ ਵੀ ਕਿਹਾ ਜਾਂਦਾ ਹੈ।"[73]

ਪੰਜਾਬ ਵਿਚ ਸੰਪਰਦਾਵਾਂ ਦੀ ਸਥਾਪਤੀ 10ਵੀਂ ਸਦੀ ਤੱਕ ਸੰਪੂਰਨ ਹੋ ਚੁੱਕੀ ਸੀ। ਬਹੁਤ ਸਾਰੇ ਸੂਫ਼ੀਆਂ ਦੀ ਪ੍ਰਸਿੱਧੀ ਉਨ੍ਹਾਂ ਦੀਆਂ ਸੰਪਰਦਾਵਾਂ ਦੇ ਆਧਾਰ ਉੱਤੇ ਹੀ ਹੋਈ। ਇਨ੍ਹਾਂ ਸੂਫ਼ੀਆਂ ਵਿਚੋਂ ਉੱਘੇ ਹਨ; ਸ਼ੇਖ਼ ਇਸਮਾਈਲ ਬੁਖ਼ਾਰੀ ਲਾਹੌਰੀ, ਸ਼ੇਖ਼ ਫ਼ਖਰੁਦੀਨ ਹੁਸੈਨੀ ਜੰਜਾਨੀ ਲਾਹੌਰੀ, ਅਖਿਲ ਹਸਨ ਬਿਨ ਅਬੂ ਉਸਮਾਨ, ਅਲ ਜੈਲਾਬੀ, ਅਹਿਮਦ ਤੋਖ਼ਤਾ ਤਿਰਮਜੀ ਲਾਹੌਰੀ, ਯਾਕੂਬ ਸਦਰ ਦੀਵਾਨ ਜੰਜਾਨੀ ਲਾਹੌਰੀ। ਇਨ੍ਹਾਂ ਤੋਂ ਇਲਾਵਾ ਅਜ਼ੀਜੋਦੀਨ ਮੱਦੀ



Sri Satguru Jagjit Singh Ji eLibrary NamdhariElibrary@gmail.com

ਲਾਹੌਰੀ, ਯੂਸਫ਼ ਗੁਰਦੇਜ਼ੀ, ਮੁਲਤਾਨ ਦੇ ਸੱਯਦ ਅਹਿਮਦ ਸੁਲਤਾਨ ਸਖੀ ਸਰਵਰ, ਜਿਨ੍ਹਾਂ ਦੀ ਪ੍ਰਸਿੱਧੀ ਲੱਖਦਾਤਾ ਨਾਂ ਨਾਲ ਹੋਈ, ਵੀ ਪ੍ਰਸਿੱਧ ਸੂਫ਼ੀ ਹੋਏ;

"13ਵੀਂ ਸਦੀ ਤੱਕ ਪੰਜਾਬ ਵਿਚ ਚਿਸ਼ਤੀ ਅਤੇ ਸੁਹਰਾਵਰਦੀ ਸੰਪਰਦਾਵਾਂ ਸਥਾਪਿਤ ਹੋ ਚੁਕੀਆਂ ਸਨ। ਭਾਰਤ ਵਿਚ ਚਿਸ਼ਤੀ ਸੰਪਰਦਾਇ ਦਾ ਮੋਢੀ ਖ਼ਵਾਜਾ ਮੁਇਨੁਦੀਨ ਚਿਸ਼ਤੀ ਸੀ। ਖ਼ਵਾਜਾ ਕੁਤੁਬਦੀਨ ਬਖ਼ਤਿਆਰ ਕਾਕੀ ਦਾ ਮੇਲ ਖ਼ਵਾਜਾ ਮੁਇਨੁਦੀਨ ਚਿਸ਼ਤੀ ਨਾਲ ਇਮਾਮ ਅਬੂ ਲੈਬ ਸਮਰਕੰਦੀ ਦੀ ਮਸਜਿਦ ਵਿਚ ਹੋਇਆ ਅਤੇ ਬਖ਼ਤਿਆਰ ਕਾਕੀ ਉਨ੍ਹਾਂ ਦੀ ਆਤਮਕ ਉੱਚਤਾ ਤੋਂ ਪ੍ਰਭਾਵਿਤ ਹੋ ਕੇ ਮੁਰੀਦ ਬਣ ਗਏ।"[74]

ਪੰਜਾਬੀ ਸੂਫ਼ੀ ਸਾਹਿਤ ਦੇ ਸੰਦਰਭ ਵਿਚ ਮਹੱਤਵ ਅਤੇ ਪ੍ਰਭਾਵ ਪੱਖੋਂ ਹੇਠ ਲਿਖੀਆਂ ਚਾਰ ਸੂਫ਼ੀ ਸੰਪਰਦਾਵਾਂ ਦਾ ਵਿਸ਼ੇਸ਼ ਰੂਪ ਵਿਚ ਜ਼ਿਕਰ ਕੀਤਾ ਜਾਂਦਾ ਹੈ। ਇਨ੍ਹਾਂ ਦਾ ਵਿਸਥਾਰ-ਪੂਰਵਕ ਵਰਨਣ ਇਸ ਪ੍ਰਕਾਰ ਕੀਤਾ ਜਾ ਰਿਹਾ ਹੈ।

1. ਕਾਦਰੀ ਸੰਪਰਦਾਇ
2. ਚਿਸ਼ਤੀ ਸੰਪਰਦਾਇ
3. ਨਕਸ਼ਬੰਦੀਆ ਸੰਪਰਦਾਇ
4. ਸੁਹਰਾਵਰਦੀ ਸੰਪਰਦਾਇ

1. **ਕਾਦਰੀ ਸੰਪਰਦਾਇ**

ਹਜ਼ਰਤ ਅਬਦੁਲ ਕਾਦਿਰ ਜੀਲਾਨੀ (470-561 ਹਿ.) ਨੇ ਇਸ ਸੰਪਰਦਾਇ ਨੂੰ ਕਾਇਮ ਕੀਤਾ। ਇਸ ਸਿਲਸਿਲੇ ਦੇ ਪ੍ਰਮੁੱਖ ਸੂਫ਼ੀ ਸੰਤਾਂ ਵਿਚ ਹਜ਼ਰਤ ਅਬੁਲ ਹਸਨ ਸ਼ਾਜ਼ਲੀ, ਸ਼ੇਖ਼ ਦਾਊਦ, ਸ਼ੇਖ਼ ਇਸਹਾਕ ਕਾਦਿਰੀ, ਸ਼ੇਖ਼ ਅਬੁਲ ਮੁਆਲੀ, ਸਈਅਦ ਇਸਮਾਈਲ ਜੀਲਾਨੀ, ਸ਼ਾਹ ਕਮਾਲ ਕੈਥਲੀ, ਇਨਾਇਤ ਸ਼ਾਹ ਕਾਦਿਰੀ, ਸਾਂਈ ਮੀਆਂ ਮੀਰ, ਸ਼ੇਖ਼ ਅਬਦੁਲ ਕੁੱਦੂਸ ਗੰਗੋਹੀ, ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਪ੍ਰਮੁੱਖ ਹਨ।

"ਕਾਦਰੀ ਸੰਪਰਦਾਇ ਨੂੰ ਸਾਂਈ ਮੀਆਂ ਮੀਰ (1531-1635 ਈਸਵੀ) ਦੁਆਰਾ ਅਦਭੁਤ ਲੋਕਪ੍ਰਿਯਤਾ ਪ੍ਰਾਪਤ ਹੋਈ। ... ਕਵੀ ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਦਾ ਸੰਬੰਧ ਵੀ ਕਾਦਿਰੀ ਸੰਪਰਦਾਇ ਨਾਲ ਹੈ।"[75]

ਕਾਦਰੀ ਸੰਪਰਦਾਇ ਇਸਲਾਮੀ ਸ਼ਰੀਅਤ ਦੀ ਪੈਰਵੀ ਤੇ ਬਲ ਦਿੰਦਾ ਹੈ ਅਤੇ ਇਸ ਸੰਪਰਦਾਇ ਦੇ ਅਨੁਯਾਈ ਆਪਣੀ ਟੋਪੀ ਵਿਚ ਗੁਲਾਬ ਦਾ ਫੁੱਲ ਲਾਉਂਦੇ ਹਨ। ਇਸ ਸੰਪਰਦਾਇ ਦੇ ਬਜ਼ੁਰਗ ਆਮਤੌਰ'ਤੇ ਹਰੇ ਰੰਗ ਦੀ ਪਗੜੀ ਬੰਨ੍ਹਦੇ ਹਨ ਅਤੇ ਉਨ੍ਹਾਂ ਦੇ ਲਿਬਾਸ ਦਾ ਕੋਈ ਨਾ ਕੋਈ ਭਾਗ ਹਲਕੇ ਬਦਾਮੀ ਰੰਗ ਦਾ ਹੁੰਦਾ ਹੈ। ਸਾਧਕ ਦੀ ਆਵਾਜ਼ ਅਜਿਹੀ ਹੋਣੀ ਚਾਹੀਦੀ ਹੈ ਕਿ ਸੌਣ ਵਾਲੇ ਦੀ ਨੀਂਦ ਵਿਚ ਵਿਘਨ ਨਾ ਪਵੇ। ਇਸ ਸਾਧਨਾ ਅਧੀਨ ਸਾਧਕ ਆਪਣੇ ਹਿਰਦੇ ਤੇ ਗਲੇ'ਚੋਂ ਅੱਲ੍ਹਾ ਸ਼ਬਦ ਦਾ ਉਚਾਰਣ ਕਰਦਾ ਹੈ। "ਇਸ ਸੰਪਰਦਾਇ ਵਿਚ ਪਰਮਾਤਮਾ ਦੇ ਸਿਮਰਨ ਦੇ ਚਾਰ ਤਰੀਕੇ ਦੱਸੇ ਗਏ ਹਨ; ਜ਼ਿਕਰ ਯਕ ਜ਼ਰਬੀ, ਜ਼ਿਕਰ ਦੋ ਜ਼ਰਬੀ, ਜ਼ਿਕਰ ਸਹ ਜ਼ਰਬੀ, ਜ਼ਿਕਰ ਚਹਾਰ ਜ਼ਰਬੀ।"[76]

ਨਫ਼ਸ ਨੂੰ ਮਾਰਨਾ ਅਤੇ ਕਾਮ-ਵਾਸ਼ਨਾਵਾਂ ਉੱਤੇ ਕਾਬੂ ਪਾਉਣਾ ਕਾਦਰੀ ਸੰਪਰਦਾਇ ਦੇ ਜ਼ਰੂਰੀ ਅੰਗ ਮੰਨੇ ਜਾਂਦੇ ਹਨ। ਹਜ਼ਰਤ ਅਬਦੁਲ ਕਾਦਿਰ ਜੀਲਾਨੀ ਦਾ ਕਥਨ ਹੈ;

"ਮੇਰਾ ਕਲਾਮ ਦਿਲਾਂ ਲਈ ਹੈ। ਇਸ ਨੂੰ ਦਿਲ ਅਤੇ ਰੂਹ ਨਾਲ ਸੁਣੋ ਤਾਂ ਕਿ ਤੁਹਾਡੇ ਜ਼ਾਹਿਰ ਅਤੇ ਬਾਤਿਨ ਨੂੰ ਚੈਨ ਨਸੀਬ ਹੋਵੇ ਅਤੇ ਤੁਹਾਡਾ ਨਫ਼ਸ ਤੇ ਵਾਸ਼ਨਾਵਾਂ ਕਮਜ਼ੋਰ ਪੈ



Sri Satguru Jagjit Singh Ji eLibrary NamdhariElibrary@gmail.com

ਜਾਣ ਤੇ ਕਾਮ ਵਾਸ਼ਨਾ ਦੀ ਅੱਗ ਬੁੱਝ ਜਾਵੇ। ਨਫ਼ਸ ਤੇ ਵਾਸ਼ਨਾਵਾਂ ਤੁਹਾਡੀਆਂ ਦੁਸ਼ਮਣ ਹਨ ਜੋ ਦੁਨੀਆ ਨੂੰ ਤੁਹਾਡੀ ਨਜ਼ਰ ਵਿਚ ਮਹਿਬੂਬ ਬਣਾਉਂਦੀਆਂ ਹਨ ਅਤੇ ਫ਼ਕੀਰੀ ਤੋਂ ਤੁਹਾਡਾ ਮਨ ਉਚਾਟ ਕਰਦੀਆਂ ਹਨ।"[77]

2. **ਚਿਸ਼ਤੀ ਸੰਪਰਦਾਇ**

ਖ਼ਵਾਜਾ ਕੁਤੁਬਦੀਨ ਬਖ਼ਤਿਆਰ ਕਾਕੀ ਅਤੇ ਖ਼ਵਾਜਾ ਮੁਇਨੁਦੀਨ ਚਿਸ਼ਤੀ ਦੋਵੇਂ ਵੱਖ-ਵੱਖ ਰਸਤਿਆਂ ਰਾਹੀਂ ਭਾਰਤ ਪੁੱਜੇ। ਪੰਜਾਬ ਵਿਚ ਚਿਸ਼ਤੀ ਸੰਪਰਦਾਇ ਦੇ ਮੋਢੀ ਸ਼ੇਖ਼ ਫ਼ਰੀਦੁਦੀਨ-ਮਸਊਦ-ਗੰਜ-ਸ਼ਕਰ ਸਨ ਜੋ ਬਖ਼ਤਿਆਰ ਕਾਕੀ ਦੇ ਚੇਲੇ ਸਨ। ਸ਼ੇਖ਼ ਫ਼ਰੀਦੁਦੀਨ-ਮਸਊਦ-ਗੰਜ-ਸ਼ਕਰ ਐਸੇ ਸੂਫ਼ੀ ਸਾਧਕ ਸਨ ਜਿਨ੍ਹਾਂ ਨੂੰ ਆਪਣੇ ਗੁਰੂ ਦਾ ਦਰਸ਼ਨ ਅਤੇ ਆਸ਼ੀਰਵਾਦ ਮਿਲਿਆ। ਸ਼ੇਖ਼ ਫ਼ਰੀਦ ਜੀ ਪਹਿਲਾਂ ਹਾਂਸੀ ਰਹੇ ਤੇ ਫਿਰ ਆਯੋਧਨ ਗਏ ਜਿਸ ਨੂੰ ਅੱਜਕਲ੍ਹ ਪਾਕ-ਪਟਨ ਕਿਹਾ ਜਾਂਦਾ ਹੈ;

"ਭਾਰਤ ਦੇ ਸੰਦਰਭ ਵਿਚ ਸੂਫ਼ੀਆਂ ਦਾ ਤੀਜਾ ਮਹੱਤਵਪੂਰਨ ਸੰਪਰਦਾਇ ਚਿਸ਼ਤੀ ਸੰਪਰਦਾਇ ਹੈ। ਇਸ ਸੰਪਰਦਾਇ ਦੀ ਨੀਂਹ ਹਜ਼ਰਤ ਅਬੂ ਅਹਿਮਦ ਅਬਦਾਲ ਚਿਸ਼ਤੀ (874-956) ਨੇ ਅਫ਼ਗਾਨਿਸਤਾਨ ਦੇ ਚਿਸ਼ਤ ਨਾਮੀਂ ਸ਼ਹਿਰ ਵਿਖੇ ਰੱਖੀ ਸੀ।"[78]

ਸੂਫ਼ੀ ਸੰਪਰਦਾਵਾਂ ਵਿਚ ਚਿਸ਼ਤੀ ਸੰਪਰਦਾਇ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਭਾਰਤ ਵਿਚ ਚਿਸ਼ਤੀ ਸੰਪਰਦਾਇ ਦੇ ਪ੍ਰਮੁੱਖ ਪ੍ਰਵਰਤਕ ਖ਼ਆਜਾ ਮੁਈਨ-ਉੱਦ-ਦੀਨ ਚਿਸ਼ਤੀ (1142-1236 ਈ.) ਹਨ। ਖ਼ਆਜਾ ਮੁਈਨਉਦੀਨ ਚਿਸ਼ਤੀ ਨੇ ਸੰਨ 1192 ਈ. ਵਿਚ ਇਸ ਸੰਪਰਦਾਇ ਨੂੰ ਭਾਰਤ ਵਿਚ ਸਥਾਪਿਤ ਤੇ ਪ੍ਰਚਾਰਿਤ ਕੀਤਾ। ਇਸ ਸੰਪਰਦਾਇ ਦੇ ਹੋਰ ਪ੍ਰਸਿੱਧ ਸੂਫ਼ੀ ਸੰਤਾਂ ਵਿਚ ਖ਼ਆਜਾ ਕੁਤਬ-ਉੱਨ-ਦੀਨ ਬਖ਼ਤਿਆਰ ਕਾਕੀ, ਫ਼ਰੀਦ-ਉੱਦ-ਦੀਨ ਮਸਊਦ ਸ਼ਕਰਗੰਜ, ਅਲਾ-ਉੱਦ-ਦੀਨ ਨਾਗੌਰੀ ਅਤੇ ਨਜ਼ਾਦ-ਉੱਨ-ਦੀਨ ਔਲੀਆ ਦਾ ਸ਼ੁਮਾਰ ਭਾਰਤ ਦੇ ਪ੍ਰਸਿੱਧ ਸੂਫ਼ੀ ਸੰਤਾਂ ਵਿਚ ਹੁੰਦਾ ਹੈ;

"ਤੇਰ੍ਹਵੀਂ ਸਦੀ ਈ. ਤੱਕ ਪੰਜਾਬ ਵਿਚ ਚਿਸ਼ਤੀ ਅਤੇ ਸੁਹਰਵਰਦੀ ਸੰਪਰਦਾਵਾਂ ਸਥਾਪਿਤ ਹੋ ਗਈਆਂ ਸਨ। ਚਿਸ਼ਤੀ ਅਤੇ ਕਾਦਿਰੀ ਸੰਪਰਦਾਵਾਂ ਨੇ ਪੰਜਾਬੀ ਜਨ-ਜੀਵਨ ਅਤੇ ਸਭਿਆਚਾਰ ਨੂੰ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕੀਤਾ।"[79]

ਇਸ ਸੰਪਰਦਾਇ ਦੀ ਸਾਧਨਾ ਪ੍ਰਣਾਲੀ ਵਿਚ **ਚਿੱਲੇ** ਅਤੇ **ਸਮਾਅ** ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਚਿੱਲਾ ਚਾਲ੍ਹੀਆ ਨੂੰ ਕਹਿੰਦੇ ਹਨ ਅਰਥਾਤ ਸਾਧਕ ਨੂੰ ਚਾਹੀਦਾ ਹੈ ਕਿ ਉਹ ਚਾਲੀ ਦਿਨ ਤਕ ਕਿਸੇ ਮਸੀਤ ਜਾਂ ਕਿਸੇ ਕਮਰੇ ਵਿਚ ਬੰਦ ਹੋ ਕੇ ਏਕਾਂਤਵਾਸ ਕਰੇ। ਇਸ ਸਮੇਂ ਉਸ ਨੂੰ ਅਲਪ-ਅਹਾਰ (ਘੱਟ ਖਾਣਾ) ਚਾਹੀਦਾ ਹੈ। ਘੱਟ ਬੋਲਣ ਤੇ ਸੂਫ਼ੀ ਸਿਧਾਂਤ ਤੇ ਵੀ ਇਸ ਸੰਪਰਦਾਇ ਵਿਚ ਬਹੁਤ ਜ਼ੋਰ ਦਿੱਤਾ ਜਾਂਦਾ ਹੈ।

"ਇਸ ਸੰਪਰਦਾਇ ਵਿਚ ਸੰਗੀਤ ਤੇ ਬੜਾ ਜ਼ੋਰ ਦਿੱਤਾ ਜਾਂਦਾ ਹੈ। ਸੰਗੀਤ ਤੇ ਨਾਚ ਦਿਲ ਨੂੰ ਗਰਮਾਉਂਦਾ ਹੈ ਅਤੇ ਅੱਲ੍ਹਾ ਦੀ ਪ੍ਰੇਮ-ਜੋਤਿ ਨੂੰ ਸਾਧਕ ਦੇ ਮਨ ਵਿਚ ਪ੍ਰਜਵਲਿਤ ਕਰਦਾ ਹੈ।"[80]

ਸ਼ਰੀਅਤ ਦੀ ਪਾਲਣਾ, ਮੁਸਸ਼ਦ ਦੀ ਤਲਬ, ਅੱਲ੍ਹਾ ਦਾ ਸਿਮਰਨ, ਉਪਵਾਸ, ਨਮਾਜ਼ ਦੀ ਪਾਬੰਦੀ, ਏਕਾਂਤਵਾਸ ਅਤੇ ਅਲਪ-ਅਹਾਰ ਆਦਿ ਦੀ ਪਾਲਣਾ ਕਰਨਾ ਇਸ ਸੰਪਰਦਾਇ ਦੇ ਫ਼ਕੀਰਾਂ ਲਈ ਜ਼ਰੂਰੀ ਅੰਗ ਹਨ। ਚਿਸ਼ਤੀ ਸੰਪਰਦਾਇ ਦੇ ਪ੍ਰਸਿੱਧ ਸੂਫ਼ੀ ਸਾਧਕ ਬਾਬਾ ਫ਼ਰੀਦ ਆਪਣੀ ਕਵਿਤਾ ਵਿਚ ਆਖਦੇ ਹਨ;



Sri Satguru Jagjit Singh Ji eLibrary NamdhariElibrary@gmail.com

https://archive.org/details/namdhari

"ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ
ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥"[81]
ਜਾਂ
"ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥"[82]

3. **ਨਕਸ਼ਬੰਦੀ ਸੰਪਰਦਾਇ**

ਇਸ ਸੰਪਰਦਾਇ ਵਿਚ ਮੁਰਸ਼ਦ ਨੂੰ ਬਹੁਤ ਉੱਚਾ ਦਰਜ਼ਾ ਦਿੱਤਾ ਜਾਂਦਾ ਹੈ ਕਿਉਂਕਿ ਬਿਨਾਂ ਮੁਰਸ਼ਦ ਦੇ ਪ੍ਰੀਤਮ ਨੂੰ ਪਾਉਣਾ ਮੁਸ਼ਕਿਲ ਹੀ ਨਹੀਂ ਨਾ-ਮੁਮਕਿਨ ਹੈ। ਇਸ ਲਈ ਮੁਰਸ਼ਦ ਨੂੰ ਪਰਮਾਤਮਾ ਦੇ ਬਰਾਬਰ ਦਾ ਦਰਜ਼ਾ ਦਿੱਤਾ ਜਾਂਦਾ ਹੈ;

"ਸੂਫ਼ੀਮਤ ਦੀ ਨਕਸ਼ਬੰਦੀਆਂ ਸੰਪਰਦਾਇ ਨੂੰ ਸਿਲਸਿਲਾ-ਏ-ਖਾਜਗਾਨ ਵੀ ਕਿਹਾ ਜਾਂਦਾ ਹੈ। ਇਹ ਤੁਰਕਸਤਾਨ ਵਿਚ ਕਾਇਮ ਹੋਈ ਸੀ। ਰਸ਼ਹਾਤ ਐਨੁਲ ਹਯਾਤ ਅਨੁਸਾਰ ਇਸ ਸੰਪਰਦਾਇ ਦੇ ਪ੍ਰਵਰਤਕ ਖ਼ਆਜਾ ਉਬੈਦੁੱਲਾਹ ਸਨ।"[83]

"ਇਹ ਸੰਪਰਦਾਇ ਮੁੱਖ ਰੂਪ ਵਿਚ ਅੱਠ ਸਿਧਾਂਤਾਂ ਤੇ ਆਧਾਰਿਤ ਹੈ। ਹੋਸ਼ ਦਰ ਦਮ, ਨਜ਼ਰ ਬਰ ਕਦਮ, ਸਫ਼ਰ ਦਰ ਵਤਨ, ਖਿਲਵਤ ਕਰ ਅੰਜਮਨ, ਯਾਦ ਕਰਦ, ਬਾਜ਼ ਗਸ਼ਤ, ਨਿਗਾਹ ਦਾਸ਼ਤ, ਯਾਦ ਦਸ਼ਤ ਜਾਂ ਗੁਦ ਗੁਜ਼ਤਸਤ।"[84]

ਇਸ ਸੰਪਰਦਾਇ ਵਿਚ ਇਕ ਵਿਸ਼ੇਸ਼ ਵਿਧੀ ਦੁਆਰਾ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ ਤਾਂ ਕਿ ਸਾਧਕ ਨੂੰ ਰੱਬੀ-ਗਿਆਨ ਦੀ ਪ੍ਰਾਪਤੀ ਹੋ ਜਾਵੇ;

"ਇਸ ਸੰਪਰਦਾਇ ਵਿਚ ਜ਼ਿਕਰ ਦਾ ਬੜਾ ਮਹੱਤਵ ਹੈ। ਮੁਰੀਦ ਨੂੰ ਇਸ ਸੰਬੰਧ ਵਿਚ ਪੂਰੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਦੇ ਲਈ ਉਸ ਨੂੰ ਗੁਰੂ ਕੋਲ ਬੈਠ ਕੇ ਉਸ ਦਾ ਅਨੁਸਰਣ ਕਰਨਾ ਪੈਂਦਾ ਹੈ। ਸਾਲਿਕ ਆਪਣੀਆਂ ਅੱਖਾਂ ਬੰਦ ਕਰਕੇ ਜ਼ੁਬਾਨ ਨੂੰ ਬੁੱਲ੍ਹਾਂ ਨਾਲ ਦਬਾਈ ਰੱਖਦਾ ਹੈ ਅਤੇ ਧਿਆਨ ਨੂੰ ਵਿਸ਼ੇਸ਼ ਵਿਧੀ ਅਨੁਸਾਰ ਹਿਰਦੇ ਉੱਤੇ ਕੇਂਦਰਿਤ ਕਰਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਧਿਆਨ ਲਗਾਉਣ ਨਾਲ ਸਾਧਕ ਦੇ ਮਨ ਤੋਂ ਸੰਸਾਰ ਅਤੇ ਉਸ ਦਾ ਮੋਹ ਸਮਾਪਤ ਹੋ ਜਾਂਦਾ ਹੈ।"[85]

ਇਸ ਸੰਪਰਦਾਇ ਵਿਚ ਧਿਆਨ ਲਗਾਉਣਾ ਅਤੇ ਪ੍ਰਭੂ-ਬੰਦਗੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਸਾਧਨਾ ਦੁਆਰਾ ਹੀ ਸਾਧਕ ਨੂੰ ਪ੍ਰੀਤਮ ਦੀ ਪ੍ਰਾਪਤੀ ਸੰਭਵ ਹੈ।

4. **ਸੁਹਾਰਵਰਦੀ ਸੰਪਰਦਾਇ**

ਸੂਫ਼ੀਮਤ ਵਿਚ ਸੁਹਾਰਵਰਦੀ ਸੰਪਰਦਾਇ ਚੌਥੀ ਸੰਪਰਦਾਇ ਹੈ। ਮਹਾਨ ਤਪੱਸਵੀ ਅਤੇ ਵਿਦਵਾਨ ਸ਼ੇਖ ਸ਼ਹਾਬ-ਉੱਨ-ਦੀਨ ਸੁਹਾਰਵਰਦੀ ਨੇ ਇਸ ਸੰਪਰਦਾਇ ਦੀ ਨੀਂਹ ਰੱਖੀ। ਇਨ੍ਹਾਂ ਦੀ ਮਹਾਨ ਰਚਨਾ ਅਵਾਰਿਫ-ਉਲ-ਮੁਆਰਿਫ਼ ਸੂਫ਼ੀਮਤ ਦੀਆਂ ਮਹੱਤਵਪੂਰਨ ਪੁਸਤਕਾਂ ਵਿਚੋਂ ਇਕ ਹੈ। ਭਾਰਤ ਵਿਚ ਇਸ ਸੰਪਰਦਾਇ ਦੇ ਮੋਢੀ ਉਨ੍ਹਾਂ ਦੇ ਮੁਰੀਦ ਬਹਾ-ਉੱਦ-ਦੀਨ ਜ਼ਕਰੀਆ ਹਨ। ਇਸ ਸੰਪਰਦਾਇ ਵਿਚ ਪ੍ਰਵੇਸ਼ ਲਈ ਸਾਧਕ ਨੂੰ ਮੁਰਸ਼ਦ ਦੇ ਆਦੇਸ਼ ਅਨੁਸਾਰ ਆਪਣੇ ਸਾਰੇ ਛੋਟੇ ਵੱਡੇ ਪਾਪਾਂ ਤੋਂ ਤੋਬਾ ਕਰਨੀ ਪੈਂਦੀ ਸੀ। ਇਸ ਤੋਂ ਬਾਅਦ ਪੰਜ ਵਾਰੀ ਕਲਮਾ ਪੜ੍ਹਨ ਅਤੇ ਧਰਮ ਵਿਚ ਪੂਰਾ ਈਮਾਨ ਲਿਆਉਣ ਲਈ ਕਿਹਾ ਜਾਂਦਾ ਸੀ। ਇਸ ਵਿਚ ਨਮਾਜ਼ ਪੜ੍ਹਨ ਅਤੇ ਰੋਜ਼ਾ ਰੱਖਣ ਦੀ ਪਾਬੰਦੀ ਉੱਤੇ ਪੂਰਾ-ਪੂਰਾ ਜ਼ੋਰ ਦਿੱਤਾ ਜਾਂਦਾ ਸੀ। ਇਨ੍ਹਾਂ ਸਾਰੇ ਵਿਧੀ-ਵਿਧਾਨਾਂ ਨੂੰ ਮੁਰੀਦ ਹੋਣਾ ਕਿਹਾ ਜਾਂਦਾ ਸੀ;



Sri Satguru Jagjit Singh Ji eLibrary NamdhariElibrary@gmail.com

"ਪੰਜਾਬ ਵਿਚ ਸੁਹਰਾਵਰਦੀ ਸੰਪ੍ਰਦਾਇ ਦਾ ਮੋਢੀ ਬਹਾਉਦੀਨ ਜ਼ਕਰੀਆ ਸੀ। ਇਸ ਸੰਪਰਦਾਇ ਦਾ ਪ੍ਰਚਾਰ ਚਿਸ਼ਤੀ ਸੰਪਰਦਾਇ ਦੇ ਮੁਕਾਬਲੇ ਘੱਟ ਸੀ ਅਤੇ ਇਸ ਦਾ ਪ੍ਰਚਾਰ ਖੇਤਰ ਪੱਛਮੀ ਪੰਜਾਬ ਤੇ ਸਿੰਧ ਸੀ।"[86]

ਬਹਾਉਦੀਨ ਜ਼ਕਰੀਆ ਦਾ ਪੁੱਤਰ ਸ਼ਕਰੁਦੀਨ ਆਰਫ਼ਿ ਮੁੱਖ ਖਲੀਫ਼ੇ ਦੇ ਤੌਰ ਤੇ ਗੱਦੀ ਤੇ ਬੈਠਾ। ਇਸ ਸੰਪਰਦਾਇ ਦੀਆਂ ਹੋਰ ਕਈ ਉੱਪ-ਸੰਪਰਦਾਵਾਂ ਦਾ ਵਿਵਰਣ ਵੀ ਮਿਲਦਾ ਹੈ;

"ਇਹ ਲੋਕ ਕਈ ਤਰ੍ਹਾਂ ਦੇ ਕਪੜਿਆਂ ਨਾਲ ਆਪਣੇ ਤਨ ਨੂੰ ਢੱਕੀ ਰੱਖਦੇ ਹਨ। ਇਸ ਦਾ ਕਾਰਣ ਇਹ ਦੱਸਿਆ ਜਾਂਦਾ ਹੈ ਕਿ ਇਨਸਾਨ ਇਸ ਨਾਲ ਉਨ੍ਹਾਂ ਨੂੰ ਮਨੁੱਖ ਦੇ ਨੰਗੇ ਹੋਣ ਤੇ ਪਰਮਾਤਮਾ ਦੇ ਉਸ ਨੂੰ ਵੇਖਦੇ ਰਹਿਣ ਦੀ ਪ੍ਰਤੀਤੀ ਹੁੰਦੀ ਹੈ।"[87]

"ਇਹ ਲੋਕ ਗਲ ਵਿਚ ਉੱਨ ਦੀ ਮਾਲਾ ਪਾਉਂਦੇ ਹਨ ਅਤੇ ਭਿੰਨ-ਭਿੰਨ ਰੰਗਾਂ ਦੇ ਸੂਤ ਨਾਲ ਗਲ ਨੂੰ ਲਪੇਟ ਕੇ ਰੱਖਦੇ ਹਨ ਅਤੇ ਤੇੜ ਲੰਗੋਟ ਬੰਨ੍ਹਦੇ ਹਨ, ਹੱਥ ਵਿਚ ਵੀ ਤਾਵੀਜ਼ ਬੰਨ੍ਹਦੇ ਹਨ ਤੇ ਸਿਰ ਤੇ ਕਾਲਾ ਸੂਤ ਲਪੇਟਦੇ ਹਨ। ਇਹ ਸਿੰਗੀ ਵੀ ਰੱਖਦੇ ਹਨ ਤੇ ਹਾਲ ਦੀ ਸਥਿਤੀ ਵਿਚ ਇਸ ਨੂੰ ਵਜਾਉਂਦੇ ਹਨ।"[88]

"ਇਨ੍ਹਾਂ ਤੋਂ ਇਲਾਵਾ ਕੁਝ ਹੋਰ ਜ਼ਿਕਰਯੋਗ ਸੰਪਰਦਾਇ ਹਨ- ਸ਼ੱਤਾਰੀ, ਫ਼ਿਰਦੋਸੀ, ਕੁਬਰਵੀ, ਕਲੰਦਰੀ, ਮਵਲਵੀ, ਸਾਜ਼ਲੀ ਅਤੇ ਮਦਯਨੀ ਆਦਿ।"[89]

ਸੂਫ਼ੀਮਤ ਦੀਆਂ ਕਈ ਸੰਪਰਦਾਵਾਂ ਆਪਣੀ ਹੋਂਦ ਅਖ਼ਤਿਆਰ ਕਰਦੀਆਂ ਹਨ ਪਰ ਸਭ ਦਾ ਮੂਲ ਥੀਮ ਇਕ ਹੀ ਨਜ਼ਰ ਆਉਂਦਾ ਹੈ। ਸੂਫ਼ੀ ਸੰਪਰਦਾਵਾਂ ਦਾ ਮੂਲ ਥੀਮ ਇਹ ਹੈ ਕਿ ਸਭ ਸਾਧਕਾਂ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਉਪਰਾਲੇ ਕਰਨੇ ਹਨ। ਇਸ ਤੋਂ ਇਲਾਵਾ ਧਰਮ ਦੇ ਨਾਂ ਤੇ ਹੁੰਦੇ ਬਾਹਰੀ ਵਿਖਾਵਿਆਂ ਤੋਂ ਗੁਰੇਜ਼ ਕਰਨਾ ਹੈ ਅਤੇ ਸੱਚੇ ਅਤੇ ਸਾਫ਼ ਹਿਰਦੇ ਨਾਲ ਪਰਮਾਤਮਾ ਨਾਲ ਇਸ਼ਕ ਕਮਾਉਣਾ ਹੈ। ਮੁਰਸ਼ਦ ਦੀ ਅਗਵਾਈ ਧਾਰਨ ਕਰਨੀ ਹੈ ਅਤੇ ਪਰਮਾਤਮਾ ਵਿਚ ਫ਼ਨਾ ਹੋਣਾ ਹੈ। ਇਹੀ ਸਭ ਸੂਫ਼ੀਆਂ ਦਾ ਲਕਸ਼ ਮੰਨਿਆ ਜਾਂਦਾ ਹੈ।

## ਸੂਫ਼ੀ ਦਰਸ਼ਨ

ਸੂਫ਼ੀ ਸਾਧਕਾਂ ਦਾ ਵਿਸ਼ਵਾਸ ਜਿਨ੍ਹਾਂ ਸਿਧਾਂਤਾਂ ਪ੍ਰਤੀ ਹੈ ਉਹ ਧਰਮ ਦਾ ਰੂਪ ਨਾ ਹੋ ਕੇ ਦਰਸ਼ਨ ਦੀ ਸ਼੍ਰੇਣੀ ਵਿਚ ਆਉਂਦੇ ਹਨ। ਸੂਫ਼ੀਮਤ ਵਿਚ ਸ਼ੁੱਧ ਹਿਰਦੇ ਨਾਲ ਇਸ਼ਕ ਕਮਾਉਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਨਾ ਕਿ ਬੇ-ਲੋੜੀਆਂ ਰਹੁ-ਰੀਤਾਂ, ਆਡੰਬਰ ਅਤੇ ਬਾਹਰੀ ਵਿਖਾਵੇ ਉੱਤੇ। ਸੂਫ਼ੀ ਆਪਣੀ ਸਾਧਨਾ ਦੁਆਰਾ ਈਸ਼ਵਰ ਦੀ ਛੁਹ ਪਾਉਣਾ ਚਾਹੁੰਦਾ ਹੈ। ਉਸ ਲਈ ਜੀਵਨ ਦਾ ਪਹਿਲਾ ਤੇ ਅੰਤਿਮ ਲਕਸ਼ ਪਰਮਾਤਮਾ ਵਿਚ ਲੀਨ ਹੋਣਾ ਹੈ। ਇਸ ਨੂੰ ਸੂਫ਼ੀ ਫ਼ਨਾ ਹੋਣਾ ਕਹਿੰਦੇ ਹਨ;

"ਸੂਫ਼ੀਆਂ ਦੇ ਵਿਚਾਰਾਂ, ਰਹਿਣੀ-ਬਹਿਣੀ ਅਤੇ ਪਰਮਾਤਮਾ ਪ੍ਰਤੀ ਉਹਨਾਂ ਦੀ ਬੰਦਗੀ ਹੋਲੀ-ਹੋਲੀ ਵਿਚਾਰਧਾਰਾ ਦੇ ਰੂਪ ਵਿਚ ਗ੍ਰਹਿਣ ਹੁੰਦੀ ਗਈ। ਉਪਰੰਤ ਸੂਫ਼ੀ ਚਿੰਤਨ ਇਕ ਸਸ਼ਕਤ ਦਰਸ਼ਨ ਵਜੋਂ ਚਾਰੇ ਪਾਸੇ ਫੈਲ ਗਿਆ। ਸੂਫ਼ੀ ਦਰਸ਼ਨ ਵਿਚ ਸਦਾਚਾਰਕ ਗੁਣ ਧਾਰਨ ਕਰਨ ਉੱਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਰਿਹਾ ਹੈ। ਸੂਫ਼ੀ ਸਾਧਕ ਇਸ ਜ਼ਿੰਦਗੀ ਨੂੰ ਥੋੜ ਚਿਰਾ ਸਵੀਕਾਰਦੇ ਹੋਏ ਹਉਮੈ ਦਾ ਤਿਆਗ ਕਰਕੇ ਨਿਮਰਤਾ ਧਾਰਨ ਕਰਦੇ ਹਨ।"[90]

ਇਸ ਜਗ੍ਹਾ ਤੇ ਗਿਆਨ ਅਤੇ ਚਿੰਤਨ ਕੋਈ ਮਹਤੱਵ ਨਹੀਂ ਰੱਖਦੇ ਬਲਕਿ ਇਸ ਸਥਾਨ ਤੇ ਇਸ਼ਕ, ਸਮਰਪਣ, ਬਿਰਹਾ, ਈਸ਼ਵਰ, ਜੀਵਾਤਮਾ, ਸੰਸਾਰ ਦੀ ਨਾਸ਼ਮਾਨਤਾ ਅਤੇ



Sri Satguru Jagjit Singh Ji eLibrary NamdhariElibrary@gmail.com

ਫ਼ਨਾ ਵਿਸ਼ੇਸ਼ ਅਰਥ ਗ੍ਰਹਿਣ ਕਰ ਲੈਂਦੇ ਹਨ;

"ਸੂਫ਼ੀਮਤ ਵਿਚ ਸ਼ੁੱਧ ਸਤਿ ਰੂਪ ਈਸ਼ਵਰ ਦੀ ਅਨੁਭੂਤੀ ਨੂੰ ਵਿਸ਼ਾ ਬਣਾਇਆ ਜਾਂਦਾ ਹੈ ਜੋ ਕਿ ਚਿੰਤਨ ਤੇ ਗਿਆਨ ਤੋਂ ਪਰ੍ਹੇ ਹੈ। ਇਸ ਦੀ ਪ੍ਰਾਪਤੀ ਵਜਦ ਤੇ ਸਮਾਧੀ ਦੀ ਰਹੱਸਮਈ ਅਵਸਥਾ ਹੈ। ਇਸ ਰਹਸਵਾਦੀ ਮਿਲਣ ਦੀ ਫ਼ਿਲਾਸਫ਼ੀ ਬ੍ਰਹਮ ਗਿਆਨ ਦੀ ਫ਼ਿਲਾਸਫ਼ੀ ਹੈ ਤੇ ਇਹੀ ਸੂਫ਼ੀ ਦਰਸ਼ਨ ਹੈ।"[91]

ਸੂਫ਼ੀ ਦਰਸ਼ਨ ਅਨੁਸਾਰ ਪਰਮਾਤਮਾ ਉੱਤੇ ਵਿਸ਼ਵਾਸ, ਜੀਵਾਤਮਾ ਦਾ ਸੰਸਾਰ ਵਿਚ ਵਿਚਰਨਾ, ਸੰਸਾਰ ਦੀ ਨਾਸ਼ਮਾਨਤਾ, ਪ੍ਰਭੂ ਦੀ ਸਾਧਨਾ/ਭਗਤੀ ਅਤੇ ਫ਼ਨਾ ਹੋਣਾ ਆਦਿ ਸੰਕਲਪਾਂ ਦਾ ਵਿਸਥਾਰ-ਪੂਰਵਕ ਵਰਣਨ ਇਸ ਪ੍ਰਕਾਰ ਕੀਤਾ ਜਾ ਰਿਹਾ ਹੈ।

## ਪਰਮਾਤਮਾ ਦਾ ਸੰਕਲਪ

ਸੂਫ਼ੀ ਸਾਧਕ ਪਰਮਾਤਮਾ ਨੂੰ ਪ੍ਰੇਮੀ ਦੇ ਰੂਪ ਵਿਚ ਚਿੱਤਰਦੇ ਹਨ ਅਤੇ ਜੀਵਾਤਮਾ ਨੂੰ ਪ੍ਰੇਮਿਕਾ ਦੇ ਰੂਪ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਨੇ ਕਿਸੇ ਮਾੜੇ ਕਰਮ ਕਾਰਨ ਉਨ੍ਹਾਂ ਨੂੰ ਆਪਣੇ ਤੋਂ ਵਿਛੋੜ ਕੇ ਨਾਸ਼ਮਾਨ ਜਗਤ ਵਿਚ ਜਨਮ ਦੇ ਕੇ ਭੇਜਿਆ ਹੈ। ਇਸ ਲਈ ਇਹ ਜੀਵਨ ਪ੍ਰਭੂ ਦੀ ਭਗਤੀ ਕਰਨ ਲਈ ਹੈ। ਇਸ ਜਨਮ ਵਿਚ ਕੀਤੀ ਹੋਈ ਭਗਤੀ/ਸਾਧਨਾ ਦੁਆਰਾ ਹੀ ਉਨ੍ਹਾਂ ਦਾ ਮੁੜ ਕੇ ਪ੍ਰਭੂ ਦੇ ਨਾਲ ਮਿਲਾਪ ਸੰਭਵ ਹੈ;

"ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥"[92]

ਸੂਫ਼ੀ ਇਸ ਸੰਸਾਰ ਵਿਚ ਜਨਮ ਲੈਣ ਦੇ ਦੁੱਖ ਨੂੰ ਮੁੜ ਕੇ ਫੇਰ ਨਹੀਂ ਹੰਢਾਉਣਾ ਚਾਹੁੰਦੇ ਇਸ ਲਈ ਉਹ ਰੱਬ ਨੂੰ ਆਪਣਾ ਮਹਿਬੂਬ ਸਮਝ ਕੇ ਉਸ ਤੋਂ ਆਪਣਾ ਆਪਾ ਵਾਰਦੇ ਹਨ ਅਤੇ ਉਸ ਪਰਮਾਤਮਾ ਨੂੰ ਪਾਉਣ ਲਈ ਉਪਰਾਲੇ ਕਰਦੇ ਹਨ;

"ਮੁੱਢਲੇ ਸੂਫ਼ੀਆਂ ਦਾ ਈਸ਼ਵਰ ਪਰਮ ਇੱਛਾ ਹੈ, ... ਰੱਬ ਪ੍ਰਤੀ ਸੂਫ਼ੀਆਂ ਦਾ ਵਿਚਾਰ ਇਸਲਾਮ ਵਾਲਾ ਹੀ ਹੈ ਭਾਵੇਂ ਮੰਨਣ ਢੰਗ ਵਿਚ ਫ਼ਰਕ ਹੈ। ਸੂਫ਼ੀ ਰੱਬ ਨੂੰ ਪ੍ਰੇਮੀ ਦੇ ਰੂਪ ਵਿਚ ਵਧੇਰੇ ਚਿੱਤਰਦੇ ਹਨ ਤੇ ਜੀਵ ਨੂੰ ਪ੍ਰੇਮਿਕਾ ਜਾਂ ਪਤਨੀ ਮੰਨਦੇ ਹਨ। ਇਵੇਂ ਸੂਫ਼ੀਆਂ ਦਾ ਰੱਬ, ਕਰਤਾ, ਸਰਬ ਵਿਆਪਕ ਤੇ ਪਰਮ ਸੁੰਦਰ ਹੈ।"[93]

" ... ਪਰਮਾਤਮਾ ਦਾ ਸਰੂਪ (ਜ਼ਾਤ) ਇੰਨਾ ਮਹਾਨ ਹੈ ਕਿ ਉਸਦੇ ਸਾਹਮਣੇ ਸ੍ਰਿਸ਼ਟੀ ਦੇ ਹੋਰ ਪਦਾਰਥ ਨਹੀਂ ਦੇ ਬਰਾਬਰ ਹਨ। ... ਇਹ ਜ਼ਾਤ (ਸਰੂਪ) ਹੀ ਦ੍ਰਿਸ਼ਟਮਾਨ ਹੈ ਅਤੇ ਸਿਫਤ (ਗੁਣ) ਬਰਾਬਰ ਗੁਪਤ ਰਹਿੰਦੀ ਹੈ ਜਿਵੇਂ ਉਪਕਾਰੀ ਵਿਚ ਛੁਪੇ ਹੋਏ ਉਪਕਾਰ ਨਾਮ ਦੇ ਗੁਣ ਨੂੰ ਕੋਈ ਨਹੀਂ ਦੇਖ ਸਕਦਾ ਅਤੇ ਉਪਕਾਰੀ ਹੀ ਪ੍ਰਗਟ ਹੁੰਦਾ ਹੈ।"[94]

"ਸੂਫ਼ੀਮਤ ਅਨੁਸਾਰ ਸਾਧਕ ਦੇ ਜੀਵਨ ਦੀ ਉੱਤਮਤਾ ਇਹੀ ਹੈ ਕਿ ਉਹ ਖ਼ੁਦਾ ਦੀ ਜ਼ਾਤ ਵਿਚ ਵਿਸ਼ਵਾਸ ਰੱਖੇ ਅਤੇ ਉਸ ਦੀ ਇਬਾਦਤ (ਭਗਤੀ) ਕਰੇ। ਉਪਾਸਨਾ ਦੇ ਨਜ਼ਰੀਏ ਤੋਂ ਸਿਰਫ ਅੱਲ੍ਹਾ ਹੀ ਇਲਾ ਅਰਥਾਤ ਉਪਾਸਨਾ ਦੇ ਯੋਗ ਹੈ।"[95]

ਸੂਫ਼ੀਆਂ ਦਾ ਪਰਮਾਤਮਾ ਪਰਮ ਸੱਤ ਹੈ। ਸੂਫ਼ੀ ਮੰਡਲ ਵਿਚ ਪਰਮਾਤਮਾ ਤੋਂ ਇਲਾਵਾ ਹੋਰ ਕਿਸੇ ਦੀ ਹੋਂਦ ਸਵੀਕਾਰ ਨਹੀਂ ਕੀਤੀ ਜਾਂਦੀ। ਸੂਫ਼ੀਆਂ ਦਾ ਪਰਮਾਤਮਾ ਉਨ੍ਹਾਂ ਦਾ ਮਹਿਬੂਬ, ਪਤੀ, ਕੰਤ ਅਤੇ ਮਾਲਕ ਹੈ ਅਤੇ ਹਰ ਸੂਫ਼ੀ ਇਸ ਪਰਮ ਸੱਤ ਵਿਚ ਅਭੇਦ ਹੋਣਾ ਚਾਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸੰਸਾਰ ਦੀ ਨਾਸ਼ਮਾਨਤਾ ਅਤੇ ਜੀਵਾਤਮਾ

ਸੂਫ਼ੀ ਦਰਸ਼ਨ ਅਨੁਸਾਰ ਇਹ ਦਿੱਸਦਾ ਹੋਇਆ ਸਮੁੱਚਾ ਪਸਾਰਾ ਨਾਸ਼ਮਾਨ ਹੈ ਅਤੇ ਜੀਵਾਤਮਾ ਇਸ ਪਸਾਰੇ ਵਿਚ ਗੁਆਚੀ ਹੋਈ ਹੈ। ਉਸ ਨੂੰ ਆਪਣੇ ਅਸਲ ਦੀ ਭਾਲ ਹੈ ਅਤੇ ਉਹ ਅਸਲ ਹੈ ਪਰਮਾਤਮਾ ਵਿਚ ਅਭੇਦ ਹੋਣਾ। ਹਰ ਜੀਵਾਤਮਾ ਨੇ ਉਸ ਪਰਮ ਸੱਤਾ ਵਿਚ ਲੀਨ ਹੋਣਾ ਹੈ। ਸੂਫ਼ੀਆਂ ਅਨੁਸਾਰ ਸੰਸਾਰ ਜੀਵਾਤਮਾ ਲਈ ਪੇਕੇ ਘਰ ਦੇ ਸਮਾਨ ਹੈ ਜਿੱਥੇ ਕੁੱਝ ਸਮਾਂ ਰਹਿਣ ਤੋਂ ਬਾਅਦ ਜੀਵਾਤਮਾ ਨੂੰ ਆਪਣੇ ਸਹੁਰੇ ਘਰ ਜਾਣਾ ਹੀ ਪੈਂਦਾ ਹੈ। ਇਸ ਲਈ ਸੂਫ਼ੀ ਸੰਸਾਰ ਨਾਲ ਮੋਹ ਨਹੀਂ ਪਾਉਣਾ ਚਾਹੁੰਦੇ;

"ਪਰਮਾਤਮਾ ਇਕ ਹੈ ਅਤੇ ਸਾਰੀਆਂ ਰੂਹਾਂ ਪਰਮ ਸਤਿ ਵਿਚੋਂ ਖ਼ੁਦਾਈ ਹੁਕਮ ਅਤੇ ਕਰਮ ਕਰਕੇ ਇਸ ਸੰਸਾਰ ਵਿਚ ਆਈਆਂ ਹਨ ਅਤੇ ਜੀਵ-ਆਤਮਾ ਕਹਾਉਂਦੀਆਂ ਹਨ। ਇਨ੍ਹਾਂ ਦਾ ਅੰਤਿਮ ਮਨੋਰਥ ਪਰਮ ਸਤਿ ਵਿਚ ਅਭੇਦ **ਫ਼ਨਾ** ਹੋਣਾ ਹੈ।"[96]

"ਸੂਫ਼ੀਆਂ ਅਨੁਸਾਰ ਪਰਮਾਤਮਾ ਇਕ ਹੈ ਪਰ ਜੀਵਾਤਮਾ ਵਧੇਰੇ ਹਨ। ਸਾਰੀਆਂ ਆਤਮਾਵਾਂ ਉਸ ਪਰਮ-ਆਤਮਾ ਦਾ ਹਿੱਸਾ ਹਨ, ਇਸੇ ਵਿਚ ਹੀ ਅਭੇਦ ਹੋਣਾ ਹੈ।"[97]

ਮਨੁੱਖੀ ਸਰੀਰ ਨਾਸ਼ਮਾਨ ਹੈ ਪਰ ਆਤਮਾ ਅਵਿਨਾਸ਼ੀ ਹੈ। ਇਸ ਲਈ ਸਰੀਰਕ ਕਸ਼ਟਾਂ/ਦੁੱਖਾਂ ਦਾ ਆਤਮਾ ਉੱਪਰ ਕੋਈ ਪ੍ਰਭਾਵ ਨਹੀਂ ਹੈ। ਸੂਫ਼ੀਆਂ ਦਾ ਅਸਲ ਵਿਚਾਰ ਇਹ ਹੈ ਕਿ ਆਤਮਾ ਦਾ ਮਿਲਾਪ ਹੀ ਪਰਮਾਤਮਾ ਨਾਲ ਹੁੰਦਾ ਹੈ ਨਾ ਕਿ ਸਰੀਰ ਨਾਲ। ਇਸ ਲਈ ਸੂਫ਼ੀ ਦਰਸ਼ਨ ਵਿਚ ਆਤਮਾ ਦੀ ਵਧੇਰੇ ਮਹੱਤਤਾ ਹੈ;

"ਸੂਫ਼ੀ ਕਵਿਤਾ ਦਾ ਵਿਸ਼ਾ-ਬਿੰਦੂ ਪਰਮਾਤਮਾ ਲਈ ਮਨੁੱਖ ਦੀ ਵਿਆਕੁਲਤਾ ਹੈ।"[98]

"ਸੂਫ਼ੀ ਜਦੋਂ ਇਹ ਕਹਿੰਦੇ ਹਨ ਕਿ ਆਤਮਾ ਪਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ ਤਾਂ ਉਨ੍ਹਾਂ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਕੁਝ ਵੀ ਨਹੀਂ ਰਹਿ ਜਾਂਦੀ ਸਗੋਂ ਇਹ ਸਮਝਿਆ ਜਾਂਦਾ ਹੈ ਕਿ ਉਹ ਸਰਬ ਵਿਆਪਕ ਸੱਤਾ ਵਿਚ ਵਿਲੀਨ ਹੋ ਕੇ ਉਸਦਾ ਅੰਗ ਬਣ ਜਾਂਦੀ ਹੈ।"[99]

ਫ਼ਨਾ ਦੀ ਅਵਸਥਾ ਉਹ ਅਵਸਥਾ ਹੈ ਜਦੋਂ ਕੋਈ ਸਾਧਕ ਸੂਫ਼ੀਆਂ ਦੇ ਮਾਰਗ ਤੇ ਚੱਲਦਿਆਂ ਆਪਣੇ ਕੀਤੇ ਹੋਏ ਸਾਰੇ ਪਾਪਾਂ ਅਤੇ ਮਨੋਕਾਮਨਾਵਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਉਸ ਸਾਧਕ ਦੀ ਆਤਮਾ ਪਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ। ਉਸ ਸਮੇਂ ਸਾਧਕ ਵਿਚ ਅੰਹਕਾਰ ਦੀ ਸਮਾਪਤੀ ਅਤੇ ਅਨਹਦ ਨਾਦ ਦੀ ਧੁਨ ਸੁਣਾਈ ਦਿੰਦੀ ਹੈ। ਇਹੀ ਕਿਸੇ ਸੂਫ਼ੀ ਸਾਧਕ ਦਾ ਪਰਮ ਅਤੇ ਅੰਤਿਮ ਲਕਸ਼ ਮੰਨਿਆ ਜਾਂਦਾ ਹੈ।

## ਸਾਧਨਾ/ਭਗਤੀ

ਧਰਮ ਦਾ ਮੁੱਖ ਉਦੇਸ਼ ਮਨੁੱਖ ਨੂੰ ਅਧਿਆਤਮਕ ਜੀਵਨ ਦਾ ਸੱਚਾ ਮਾਰਗ ਦਿਖਾਉਣਾ ਹੁੰਦਾ ਹੈ। ਇਸ ਸੱਚੇ ਮਾਰਗ ਦਾ ਰਸਤਾ ਸਾਧਨਾ/ਭਗਤੀ ਵਿਚੋਂ ਹੋ ਕੇ ਲੰਘਦਾ ਹੈ। ਸਾਧਨਾ/ ਭਗਤੀ ਨੂੰ ਕਿਸੇ ਵੀ ਵਿਚਾਰਧਾਰਾ ਜਾਂ ਧਰਮ-ਮਾਰਗ ਦਾ ਸਭ ਤੋਂ ਮਹਤੱਵਪੂਰਨ ਅੰਗ ਮੰਨਿਆ ਜਾਂਦਾ ਹੈ। ਸਾਧਨਾ ਦੇ ਸ਼ਬਦੀ ਅਰਥ ਆਰਾਧਨਾ, ਉਪਾਸਨਾ ਜਾਂ ਭਗਤੀ ਕਰਨਾ ਹਨ;

"ਸੂਫ਼ੀ ਧਾਰਨਾ ਅਨੁਸਾਰ ਸੂਫ਼ੀ ਸਾਧਕ ਰੱਬ ਦੇ ਦਰਸ਼ਨ ਦਿਲ ਦੇ ਸ਼ੀਸ਼ੇ ਰਾਹੀਂ ਕਰਨਾ ਚਾਹੁੰਦੇ ਹਨ। ਇਹ ਸ਼ੀਸ਼ਾ ਨਫ਼ਸ ਦੀ ਮੈਲ ਕਰਕੇ ਮੈਲਾ ਹੋਇਆ ਪਿਆ ਹੈ। ਇਸ ਨਫ਼ਸ ਨੂੰ ਮਾਰਨ ਲਈ ਸਾਧਕ ਵਲੋਂ ਕੀਤੇ ਗਏ ਉੱਦਮ ਸਾਧਨਾ ਅਖਵਾਉਂਦੇ ਹਨ।"[100]



Sri Satguru Jagjit Singh Ji eLibrary NamdhariElibrary@gmail.com

"ਸੂਫ਼ੀ ਸਾਧਨਾ ਰਾਹੀਂ ਰੱਬ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਮਾਰਫ਼ਤ ਹਾਸਲ ਕਰਨਾ ਉਸ ਦਾ ਆਖ਼ਰੀ ਉਦੇਸ਼ ਹੁੰਦਾ ਹੈ।"[101]

ਦੂਜੇ ਪਾਸੇ ਪਰਮਾਤਮਾ ਵਿਚ ਅਭੇਦਤਾ ਜਾਂ ਪਰਮਾਤਮਾ ਨੂੰ ਪਾਉਣ ਲਈ ਕੀਤੇ ਗਏ ਯਤਨਾਂ ਨੂੰ ਅਧਿਆਤਮਕ ਜਗਤ ਵਿਚ ਸਾਧਨਾ/ਭਗਤੀ ਦਾ ਨਾਮ ਦਿੱਤਾ ਗਿਆ ਹੈ। ਸੂਫ਼ੀ ਸਾਧਕਾਂ ਦਾ ਜੀਵਨ ਬੜਾ ਕਠਿਨ ਅਤੇ ਤੱਪ ਵਾਲਾ ਹੈ। ਸੂਫ਼ੀ ਸਾਧਕ ਭਗਤੀ ਵਿਚ ਇਤਨਾ ਲੀਨ/ਮਸਤ ਰਹਿੰਦਾ ਹੈ ਕਿ ਉਸ ਨੂੰ ਆਪਣੇ ਜੀਵਨ ਅਤੇ ਆਲੇ-ਦੁਆਲੇ ਦੀ ਕੋਈ ਪ੍ਰਵਾਹ ਨਹੀਂ ਰਹਿੰਦੀ। ਸੂਫ਼ੀ ਸਾਧਨਾ ਵਿਚ ਇਸ਼ਕ ਇਕ ਮਹਤੱਵਪੂਰਨ ਕੜੀ ਦਾ ਕੰਮ ਕਰਦਾ ਹੈ ਕਿਉਂਕਿ ਸੂਫ਼ੀਆਂ ਦੀ ਭਗਤੀ ਵਿਚ ਸ਼ਰੀਅਤ, ਕਾਇਦੇ-ਕਾਨੂੰਨਾਂ ਦੀ ਬਜਾਏ ਪਰਮਾਤਮਾ ਨਾਲ ਸਿੱਧਾ ਸੰਬੰਧ ਕਾਇਮ ਕਰਨ ਤੇ ਜ਼ੋਰ ਦਿੱਤਾ ਜਾਂਦਾ ਹੈ;

"ਰੱਬ ਨੂੰ ਪਾਉਣ ਲਈ ਸਭ ਤੋਂ ਚੰਗਾ ਮਾਰਗ ਪ੍ਰੇਮ/ਮੁਹਬਤ/ਇਸ਼ਕ ਦਾ ਰਸਤਾ ਹੈ।"[102]

ਇਸ਼ਕ ਦੇ ਰਸਤੇ ਤੇ ਤੁਰਨ ਲਈ ਸੂਫ਼ੀ ਨੂੰ ਸਭ ਤੋਂ ਪਹਿਲਾਂ ਆਪਣਾ ਮਨ ਤਿਆਰ ਕਰਨਾ ਪੈਂਦਾ ਹੈ ਅਤੇ ਜਦੋਂ ਮੁਰਸ਼ਦ ਦੀ ਮਿਹਰ ਹੋ ਜਾਏ ਤਾਂ ਸਾਧਕ ਇਸ ਮਾਰਗ ਤੇ ਚੱਲ ਪੈਂਦਾ ਹੈ ਤੇ ਪਰਮਾਤਮਾ ਵਿਚ ਲੀਨ ਹੋਣ ਲਈ ਉਪਰਾਲੇ ਕਰਦਾ ਹੈ।

## ਵਿਯੋਗ ਜਾਂ ਬਿਰਹਾ

ਸੂਫ਼ੀ ਦਰਸ਼ਨ ਅਨੁਸਾਰ ਜੀਵਾਤਮਾ ਪਰਮਾਤਮਾ ਨਾਲੋਂ ਵਿਛੜੀ ਹੋਈ ਹੈ। ਇਸ ਤੜਪ ਨੂੰ ਬਿਰਹਾ ਦੀ ਅੱਗ ਕਿਹਾ ਜਾਂਦਾ ਹੈ। ਜਿਸ ਪ੍ਰਕਾਰ ਸੰਸਾਰਕ ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਨੂੰ ਮਿਲਣ ਲਈ ਵਿਆਕੁਲ ਰਹਿੰਦੇ ਹਨ ਇਸੇ ਪ੍ਰਕਾਰ ਸੂਫ਼ੀ ਸਾਧਕ ਪ੍ਰਭੂ ਮਿਲਾਪ ਲਈ ਤੱਤਪਰ ਰਹਿੰਦੇ ਹਨ। ਵਿਯੋਗ ਜਿੱਥੇ ਵਿਛੜੇ ਹੋਣ ਦਾ ਅਹਿਸਾਸ ਹੈ ਉੱਥੇ ਨਾਲ ਹੀ ਮਿਲਾਪ ਦੀ ਆਸ ਵੀ ਜਗਾਉਂਦਾ ਹੈ। ਪ੍ਰਤੱਖ ਰੂਪ ਵਿਚ ਬਿਰਹਾ ਤੜਪ ਹੈ ਅਪ੍ਰਤੱਖ ਰੂਪ ਵਿਚ ਮਿਲਾਪ ਦੀ ਇੱਛਾ ਹੈ;

"ਬਿਰਹਾ-ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"[103]

ਬਿਰਹਾ ਨੂੰ ਸੰਸਕ੍ਰਿਤ ਪ੍ਰਭਾਵ ਅਧੀਨ ਕਿਤੇ-ਕਿਤੇ ਵਿਰਹ ਜਾਂ ਬਿਰਹੋ ਵੀ ਕਿਹਾ ਗਿਆ ਹੈ ਜਿਸਦਾ ਅਰਥ ਹੈ ਵਿਛੋੜੇ ਦਾ ਦੁੱਖ;

"ਵਿਰਹ ਸ਼ਬਦ ਜਿਹੜਾ ਕਿ ਪੰਜਾਬੀ ਦੇ ਬ੍ਰਿਹਾ ਸ਼ਬਦ ਦਾ ਹਿੰਦੀ ਵਿਚ ਅਨੁਵਾਦ ਹੈ, ਸੰਸਕ੍ਰਿਤ ਦੇ 'ਰਹ' ਸ਼ਬਦ ਨਾਲ 'ਵਿ' ਉਪਸਗਰ ਜੋੜਨ ਤੋਂ ਬਣਿਆ ਹੈ। 'ਰਹ' ਦਾ ਅਰਥ ਹੈ ਵੰਡਣਾ, ਤਿਆਗ ਕਰਨਾ, ਜ਼ੁਦਾ ਹੋਣਾ ਆਦਿ। 'ਵਿ' ਦਾ ਅਰਥ ਹੈ ਵਿਸ਼ੇਸ਼ ਭਾਵ, ਖ਼ਾਸ ਤਿਆਗ ਜਾਂ ਜੁਦਾਈ।"[104]

ਬਿਰਹੋਂ ਦਾ ਸੰਕੇਤ ਆਮ ਕਰਕੇ ਸੰਸਾਰਕ ਪ੍ਰੇਮੀ-ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਤੋਂ ਵਿਛੜ ਜਾਣ ਤੋਂ ਬਾਅਦ ਇਕ ਦੂਜੇ ਨੂੰ ਵਧੇਰੇ ਯਾਦ ਆਉਂਦੇ ਹਨ। ਉਹ ਆਪਸ ਵਿਚ ਮੁੜ ਮਿਲਣ ਦੀ ਇੱਛਾ ਰੱਖਦੇ ਹਨ। ਉਹ ਬਹੁਤ ਬਿਲਬਲ ਰਹਿੰਦੇ ਹਨ ਤਾਂ ਇਸ ਭਾਵਨਾ ਨੂੰ ਬਿਰਹਾ ਦੀ ਭਾਵਨਾ ਕਿਹਾ ਜਾਂਦਾ ਹੈ;



Sri Satguru Jagjit Singh Ji eLibrary NamdhariElibrary@gmail.com

"ਬਿਰਹਾ ਅਨੁਭਵ ਤੋਂ ਸ਼ੁਰੂ ਹੋ ਕੇ ਮਨੁੱਖ ਨੂੰ ਰੱਬ ਦੇ ਵਸਲ ਤੱਕ ਪਹੁੰਚਾਉਂਦਾ ਹੈ, ਨਿਰਾਸ਼ਤਾ ਅਤੇ ਵਿਸ਼ਾਦ ਦੇ ਬਾਹਰਲੇ ਦਰਵਾਜ਼ੇ ਵਿਚੋਂ ਲੰਘ ਕੇ ਜਿਸ ਸ਼ਾਨਦਾਰ ਬਾਗ ਦੇ ਮਹੱਲ ਦੀ ਫ਼ਰੀਦ ਜੀ ਨੇ ਸੈਰ ਕਰਾਉਣੀ ਹੈ ਉਹ ਇਸ਼ਕ ਦੀ ਅਗੰਮੀ ਚੇਟਕ ਨਾਲ ਚਿਤਵਿਆ ਹੋਇਆ, ਦ੍ਰਿੜ੍ਹ ਸਦਾਚਾਰ ਦੀਆਂ ਨੀਹਾਂ ਉੱਤੇ ਉਸਰਿਆ ਹੋਇਆ, ਵਿਸ਼ਵਾਸ ਅਤੇ ਪ੍ਰਤੀਤ ਦੇ ਪਾਰਸਮਈ ਹੀਰੇ ਨਾਲ ਜੜਿਆ ਇਕ ਰਹੱਸਵਾਦੀ ਬਹਿਸ਼ਤ ਹੈ।"[105]

ਸੂਫ਼ੀ ਸਾਹਿਤ ਵਿਚ ਜੀਵਾਤਮਾ ਅਤੇ ਪਰਮਾਤਮਾ ਨੂੰ ਪ੍ਰੇਮੀ-ਪ੍ਰੇਮਿਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਜੀਵਾਤਮਾ ਅਰਥਾਤ ਮਨੁੱਖ ਨੂੰ ਆਪਣੇ ਪੂਰਬ ਜਨਮ ਦੇ ਕਰਮਾਂ ਦੀ ਸਜ਼ਾ ਭੁਗਤਨ ਲਈ ਪਰਮਾਤਮਾ ਨੇ ਨਾਸ਼ਮਾਨ ਸੰਸਾਰ ਅੰਦਰ ਭੇਜਿਆ ਹੈ। ਇਸ ਗੱਲ ਦਾ ਪ੍ਰਮਾਣ ਸਾਨੂੰ ਬਾਬਾ ਫ਼ਰੀਦ ਦੀ ਰਚਨਾ ਵਿਚ ਵੀ ਮਿਲਦਾ ਹੈ;

"ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥"[106]

ਸੂਫ਼ੀ ਸਾਹਿਤ ਦੇ ਰਹੱਸਵਾਦ ਦਾ ਮੁੱਖ ਆਧਾਰ ਬਿਰਹਾ/ਵਿਯੋਗ/ਵਿਛੋੜਾ ਹੈ। ਇਹ ਮਨੁੱਖ ਨੂੰ ਪਰਮਾਤਮਾ ਨਾਲੋਂ ਵਿਛੜੇ ਹੋਣ ਦਾ ਅਹਿਸਾਸ ਕਰਵਾ ਕੇ ਉਸ ਨਾਲ ਮੁੜ ਅਭੇਦ ਹੋਣ ਦੀ ਤਾਂਘ ਪੈਦਾ ਕਰਦਾ ਹੈ। ਗੁਰਮਤਿ ਵਿਚਾਰਧਾਰਾ ਵੀ ਸੂਫ਼ੀਆਂ ਵਾਂਗ ਮਨੁੱਖ ਨੂੰ ਇਹ ਪ੍ਰੇਰਣਾ ਦਿੰਦੀ ਹੈ ਕਿ ਮਨੁੱਖ ਨੇ ਆਪਣੇ ਮੂਲ ਨਾਲ ਅਭੇਦ ਹੋਣਾ ਹੈ ਅਥਵਾ ਮੂਲ ਨੂੰ ਪਛਾਨਣਾ ਹੈ;

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ"[107]

ਜੀਵਾਤਮਾ ਇਸ ਸੰਸਾਰ ਵਿਚ ਆ ਕੇ ਬਿਰਹੋਂ ਦਾ ਦੁੱਖ ਹੰਢਾ ਰਹੀ ਹੈ। ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਉਸ ਉੱਤੇ ਕੋਈ ਤਰਸ ਵੀ ਨਹੀਂ ਕਰਦਾ। ਐਸੀ ਸਥਿਤੀ ਵਿਚ ਉਸ ਬਿਰਹਨ ਜੀਵਾਤਮਾ ਨੂੰ ਆਪਣਾ ਪ੍ਰੀਤਮ ਪਿਆਰਾ ਹੀ ਸਹਾਰਾ ਨਜ਼ਰ ਆਉਂਦਾ ਹੈ। ਬਿਰਹਨ ਜੀਵਾਤਮਾ ਲਈ ਵਿਛੋੜੇ ਦਾ ਅਹਿਸਾਸ ਇਤਨਾ ਤੀਬਰ ਹੈ ਕਿ ਉਹ ਪਦਾਰਥ ਜੋ ਦੇਖਣ ਨੂੰ ਮਨੁੱਖ ਲਈ ਸੁਖਦਾਈ ਪ੍ਰਤੀਤ ਹੁੰਦੇ ਹਨ ਪਰ ਬਾਵਜੂਦ ਇਸ ਦੇ ਉਹ ਪਰਮਾਤਮਾ ਦੇ ਨਾਮ ਦੇ ਅੱਗੇ ਫਿੱਕੇ ਹਨ। ਇਹ ਬਿਰਹਾ ਦੀ ਪੀੜਾ ਨੂੰ ਹੋਰ ਵਧਾ ਰਹੇ ਹਨ;

"ਬਿਰਹਾ ਸੁਲਤਾਨ ਹੈ, ਬਿਰਹਾ ਜੀਵਨ ਦਾ ਚਿੰਨ੍ਹ ਹੈ। ਬਿਰਹਾ ਮਿਲਾਪ ਵੱਲ ਪੁਲਾਂਘ ਹੈ। ਬਿਰਹਾ ਬੰਦੇ ਦਾ ਰੱਬ ਤੋਂ ਵਿਛੜੇ ਹੋਣ ਦਾ ਅਹਿਸਾਸ ਹੈ। ਬਿਰਹਾ ਜਾਗ੍ਰਤੀ ਵੱਲ ਜ਼ਰੂਰੀ ਸ਼ਰਤ ਹੈ। ਇਹੀ ਪਹਿਲੀ ਪੁਲਾਂਘ ਹੈ, ਜਦੋਂ ਬੰਦਾ ਸਾਹਸ ਧਾਰਨ ਕਰਦਾ ਹੈ। ਪੈਂਡੇ ਤੇ ਤੁਰਨ ਦੀ ਦ੍ਰਿੜ੍ਹਤਾ ਕਰਦਾ ਹੈ, ਆਪਣੀ ਸਮਰੱਥਾ ਦਾ ਅਨੁਭਵ ਕਰਦਾ ਹੈ। ਆਪਣੀ ਅਧੋਗਤੀ ਤੋਂ ਗਿਲਾਨੀ ਕਰਦਾ ਹੈ ਅਤੇ ਆਪਣੀ ਹੋਣੀ ਨੂੰ ਸਵਾਰਨ ਲਈ ਤੱਤਪਰ ਹੋ ਜਾਂਦਾ ਹੈ। ਬਿਰਹਾ ਇਹ ਅਹਿਸਾਸ ਹੈ ਕਿ ਮੈਂ ਲਤਾੜਿਆ ਪਿਆ ਹਾਂ। ਬਿਰਹਾ ਉੱਚੇ ਜਾਣ ਦੀ ਲੋਚਾ ਹੈ। ਬਿਰਹਾ ਰੱਬ ਨੂੰ ਮਿਲਣ ਲਈ ਚੜ੍ਹਾਈ ਹੈ।"[108]

ਬਿਰਹਾ ਜਾਂ ਵਿਯੋਗ ਜਿੱਥੇ ਦੁੱਖ ਦਾ ਕਾਰਣ ਬਣਦਾ ਹੈ ਉੱਥੇ ਇਹ ਮਿਲਾਪ ਦਾ ਆਧਾਰ ਵੀ ਹੈ। ਜਿਹੜਾ ਵਿਅਕਤੀ ਬਿਰਹਾ ਦੇ ਸੇਕ ਨਾਲ ਆਪਣੀ ਰੂਹ ਨੂੰ ਨਹੀਂ ਸੇਕ ਸਕਦਾ ਉਹ ਪਰਮਾਤਮਾ ਨੂੰ ਪਾਉਣ ਦੇ ਉਪਰਾਲੇ ਵੀ ਨਹੀਂ ਕਰ ਸਕਦਾ ਅਤੇ ਬਿਨਾਂ ਉਪਰਾਲਿਆਂ ਦੇ ਕਿਸੇ ਵਿਅਕਤੀ ਨੂੰ ਕਦੇ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ। ਇਸ ਪ੍ਰਕਾਰ ਜਿੱਥੇ ਵਿਯੋਗ ਦੁੱਖ ਦਾ ਕਾਰਣ ਬਣਦਾ ਹੈ ਉੱਥੇ ਵਿਯੋਗ ਮਨੁੱਖੀ ਵਿਕਾਸ ਦੀ ਪੌੜੀ ਵੀ ਬਣਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸੂਫ਼ੀ ਵਿਚਾਰਧਾਰਾ ਦੇ ਚਾਰ ਪੜਾਅ

ਸੂਫ਼ੀ ਸਾਧਕਾਂ ਦਾ ਪ੍ਰਮੁੱਖ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਜਾਂ **ਫ਼ਨਾ** ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਫ਼ਨਾ ਦੀ ਅਵਸਥਾ ਨੂੰ ਪ੍ਰਾਪਤ ਕਰਨ ਲਈ ਸੂਫ਼ੀ ਸਾਧਕ ਨੂੰ ਆਪਣੇ ਜੀਵਨ ਵਿਚ ਕਈ ਅਸਵਥਾਵਾਂ ਵਿਚੋਂ ਲੰਘਣਾ ਪੈਂਦਾ ਹੈ। ਸੂਫ਼ੀ ਵਿਚਾਰਧਾਰਾ ਦੇ ਚਾਰ ਪ੍ਰਮੁੱਖ ਪੜਾਅ ਹਨ। ਇਨ੍ਹਾਂ ਤੋਂ ਪਾਰ ਪਾ ਕੇ ਹੀ ਸਾਧਕ ਵੱਲੋਂ ਪ੍ਰਭੂ ਵਿਚ ਅਭੇਦਤਾ ਪਾਈ ਜਾ ਸਕਦੀ ਹੈ ਜਾਂ ਦੂਜੇ ਸ਼ਬਦਾਂ ਵਿਚ ਸੂਫ਼ੀ ਸਾਧਕ ਵੱਲੋਂ ਫ਼ਨਾ ਹੋਇਆ ਜਾਂਦਾ ਹੈ। ਇਹਨਾਂ ਚਾਰ ਪੜਾਵਾਂ ਦਾ ਵਰਣਨ ਇਸ ਪ੍ਰਕਾਰ ਹੈ;

(1) ਸ਼ਰੀਅਤ
(2) ਤਰੀਕਤ
(3) ਮਾਰਫ਼ਤ
(4) ਹਕੀਕਤ

"ਸੂਫ਼ੀਆਂ ਅਨੁਸਾਰ ਮਨੁੱਖ ਦੀ ਰੂਹਾਨੀ ਯਾਤਰਾ ਦੇ ਚਾਰ ਪੜਾਉ ਹਨ। 1. ਸ਼ਰੀਅਤ 2. ਤਰੀਕਤ 3. ਮਾਰਫ਼ਤ ਅਤੇ 4. ਹਕੀਕਤ।"[109]

(1) **ਸ਼ਰੀਅਤ:** ਇਸਲਾਮੀ ਧਰਮ ਚਿੰਤਕਾਂ ਅਨੁਸਾਰ ਸ਼ਰ੍ਹਾ ਹਰ ਮੁਸਲਮਾਨ ਲਈ ਰੱਬੀ ਕਾਨੂੰਨ ਹਨ ਜਿਸ ਨੂੰ ਪ੍ਰਵਾਨ ਕਰਨਾ ਹਰ ਮੁਸਲਮਾਨ ਦਾ ਧਰਮ ਹੈ। ਸ਼ਰ੍ਹਾ ਉੱਤੇ ਚੱਲਣ ਨਾਲ ਆਚਰਣ ਦੀ ਉਸਾਰੀ ਹੁੰਦੀ ਹੈ। ਹਰੇਕ ਸੂਫ਼ੀ ਸਾਧਕ ਇਸੇ ਵਿਧੀ-ਵਿਧਾਨ ਅਨੁਸਾਰ ਹੀ ਆਪਣੇ ਜੀਵਨ ਨੂੰ ਢਾਲਦਾ ਹੈ। ਸੂਫ਼ੀ ਸਾਧਨਾ ਦੀ ਇਹ ਪਹਿਲੀ ਅਵਸਥਾ ਮੰਨੀ ਜਾਂਦੀ ਹੈ;

"ਸ਼ਰ੍ਹਾ ਅਰਬੀ ਸ਼ਬਦ ਸ਼ਰਅ - ਸਿੱਧਾ ਰਸਤਾ, ਮੁਹੰਮਦੀ ਕਾਨੂੰਨ, ਜਿਹੜਾ ਕੁਰਾਨ ਸ਼ਰੀਫ਼ ਦੇ ਮੁਤਾਬਿਕ ਹੈ, ਦੀਨ ਇਸਲਾਮ ਅਤੇ ਉਸ ਦਾ ਕਾਨੂੰਨ।"[110]

ਦੂਜੇ ਪਾਸੇ ਸ਼ਰੀਅਤ ਦੇ ਮਹਤੱਵ ਸੰਬੰਧੀ ਇਸਲਾਮੀ ਵਿਚਾਰਕਾਂ ਅਤੇ ਅਧਿਆਤਮਵਾਦੀਆਂ ਦੇ ਵੱਖੋ-ਵਖਰੇ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿੱਥੇ ਇਕ ਮੱਤ ਵਾਲੇ ਵਿਦਵਾਨ ਸ਼ਰੀਅਤ ਨੂੰ ਇਸਲਾਮੀ ਜੀਵਨ ਦੇ ਹਰ ਪੱਖ ਨਾਲ ਸੰਬੰਧਿਤ ਕਰਦਿਆਂ ਇਸ ਦੇ ਪਾਲਣ ਉੱਤੇ ਵਿਸ਼ੇਸ਼ ਬਲ ਦਿੰਦੇ ਹਨ। ਦੂਜੇ ਉਹ ਹਨ ਜਿਹੜੇ ਸ਼ਰੀਅਤ ਨੂੰ ਅਧਿਆਤਮਕ ਪ੍ਰਗਤੀ ਵਾਸਤੇ ਨਿਰਮੂਲ ਤੇ ਨਿਰਾਰਥਕ ਸਮਝਦੇ ਹੋਏ ਇਸ ਦਾ ਸੰਬੰਧ ਕੇਵਲ ਕੁਝ ਇਕ ਨਿਯਮਾਂ ਦੀ ਪਾਲਣਾ ਤੱਕ ਹੀ ਸੀਮਤ ਰੱਖਦੇ ਹਨ;

"ਇਸਲਾਮੀ ਧਰਮ ਦੀ ਮਰਿਆਦਾ ਅਨੁਸਾਰ ਸ਼ਰੀਅਤ ਸੂਫ਼ੀ ਸਾਧਕਾਂ ਦੇ ਆਤਮਿਕ ਵਿਕਾਸ ਦੀ ਪਹਿਲੀ ਅਹਿਮ ਅਵਸਥਾ ਹੈ। ਇਸਦੇ ਅੰਤਰਗਤ ਹੱਜ, ਰੋਜ਼ਾ, ਨਮਾਜ਼, ਜ਼ਕਾਤ ਅਤੇ ਈਮਾਨ ਆਦਿ ਸ਼ਰ੍ਹਾ ਦੇ ਨਿਯਮ ਆਉਂਦੇ ਹਨ। ... ਜੇਕਰ ਸ਼ਰੀਅਤ ਨੂੰ ਸੂਫ਼ੀਮਤ ਦੀ ਬੁਨਿਆਦ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂ ਜੋ ਸਾਰਾ ਇਸਲਾਮੀ ਜੀਵਨ ਸ਼ਰੀਅਤ ਦੇ ਥੰਮਾਂ ਉੱਪਰ ਉਸਾਰਿਆ ਹੋਇਆ ਹੈ।"[111]

ਸ਼ਰੀਅਤ ਇਕ ਸਾਧਕ ਨੂੰ ਵਿਸ਼ੇਸ਼ ਤੌਰ ਤੇ ਅਨੁਸ਼ਾਸਨ-ਬੱਧ ਕਰਦੀ ਹੈ ਅਤੇ ਅਧਿਆਤਮਕ ਮਾਰਗ ਤੇ ਚੱਲਣ ਲਈ ਪ੍ਰੇਰਣਾ ਦਿੰਦੀ ਹੈ। ਇਸ ਦੀ ਆਵੱਸ਼ਕਤਾ ਅਰਥ-ਭਰਪੂਰ ਹੈ। ਅਧਿਆਤਮਕ ਮਾਰਗ ਦਾ ਪਹਿਲਾ ਪੜ੍ਹਾ ਹੈ ਸ਼ਰੀਅਤ ਅਤੇ ਸ਼ਰੀਅਤ ਦੀ ਪਾਲਣਾ ਤੋਂ ਬਿਨਾਂ ਤਰੀਕਤ ਦੀ ਪ੍ਰਾਪਤੀ ਅਸੰਭਵ ਹੈ;



Sri Satguru Jagjit Singh Ji eLibrary NamdhariElibrary@gmail.com

"ਸ਼ਰੀਅਤ ਸਾਡੀ ਮਾਈ ਹੈ,
ਤਰੀਕਤ ਸਾਡੀ ਦਾਈ ਹੈ,
ਅੱਗੋਂ ਹਕ ਹਕੀਕਤ ਆਈ ਹੈ,
ਤੇ ਮਾਰਫਤੋਂ ਕੁਝ ਪਾਇਆ ਹੈ।"[112]

ਸ਼ਰੀਅਤ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਇਕ ਸੂਫ਼ੀ ਸਾਧਕ ਅਗਲੀ ਅਵਸਥਾ ਤਰੀਕਤ ਨੂੰ ਪ੍ਰਾਪਤ ਕਰਦਾ ਹੈ।

(2) **ਤਰੀਕਤ**: ਇਹ ਉਹ ਅਵਸਥਾ ਹੈ ਜਦੋਂ ਇਕ ਸੂਫ਼ੀ ਸਾਧਕ ਬਾਹਰੀ ਦਿਖਾਵੇ ਛੱਡ ਕੇ ਸ਼ੁੱਧ ਹਿਰਦੇ ਨਾਲ ਅੱਲ੍ਹਾ ਦਾ ਧਿਆਨ ਲਗਾਉਂਦਾ ਹੈ। ਸੂਫ਼ੀ ਸਾਧਨਾ ਦੇ ਵਿਕਾਸ ਵਿਚ ਤਰੀਕਤ ਨੂੰ ਦੂਜਾ ਅਹਿਮ ਪੜਾਵ ਕਿਹਾ ਜਾਂਦਾ ਹੈ;

"ਇਸ ਅਵਸਥਾ ਵਿਚ ਸਾਧਕ ਨੂੰ ਨਫ਼ਸ ਨਾਲ ਜੰਗ ਕਰਨੀ ਪੈਂਦੀ ਹੈ। ਆਪਣੀਆਂ ਨਿਮਤ ਬਿਰਤੀਆਂ ਦੇ ਹਿਰਦੇ ਨੂੰ ਸ਼ੁੱਧ ਕਰਕੇ ਪਰਮਾਤਮਾ ਨਾਲ ਸਿਮਰਨ ਦੀ ਬਹੁਲਤਾ ਸੂਫ਼ੀ ਲਈ ਸਹਾਇਕ ਬਣਦੀ ਹੈ। ਇਸ ਪੜਾਵ ਵਿਚ ਸਾਧਕ ਮੁਰਸ਼ਦ ਦੀ ਅਗਵਾਈ ਵਿਚ ਰੱਬੀ ਮਾਰਗ ਉੱਤੇ ਚਲਦਾ ਹੈ।"[113]

ਦੂਜੇ ਪਾਸੇ ਤਰੀਕਤ ਤੋਂ ਬਿਨਾਂ ਸ਼ਰੀਅਤ ਆਤਮਾ ਰਹਿਤ ਸਰੀਰ ਹੋਵੇਗਾ। ਤੱਪ ਅਤੇ ਸਾਧਨਾ ਨਵੇਂ ਬਣੇ ਸੂਫ਼ੀ ਲਈ ਜ਼ਰੂਰੀ ਸ਼ਰਤ ਹੈ ਕਿਉਂਕਿ ਉਸ ਨੇ ਆਪਣੇ ਮਨ ਤੇ ਕਾਬੂ ਪਾਉਣਾ ਹੈ। ਭਾਵੇਂ ਇਸ਼ਕ ਵੀ ਇਸ ਅਵਸਥਾ ਵਿਚ ਇਕ ਮਹਤੱਵਪੂਰਨ ਅੰਗ ਹੈ ਪਰੰਤੂ ਸਾਧਕ ਲਈ ਤੱਪ ਕਰਨਾ ਅਰਥਾਤ ਜਾਪ ਕਰਨਾ ਵਿਸ਼ੇਸ਼ ਸਾਧਨ ਹੈ। ਪ੍ਰਭੂ ਦੀ ਬੰਦਗੀ ਕਰਨਾ, ਅੰਦਰੋਂ ਅਤੇ ਬਾਹਰੋਂ (ਮਨ, ਬਚਨ ਅਤੇ ਕਰਮ) ਨਾਲ ਰੱਬ ਨੂੰ ਯਾਦ ਰੱਖਣਾ। ਜ਼ਿਕਰ ਨੂੰ ਸਾਹ ਨਾਲ ਜੋੜਨਾ ਇਸ ਸਾਧਨ ਦਾ ਇਕ ਵਿਕਸਿਤ ਰੂਪ ਹੈ। ਚਿੱਲਾ ਕੱਟਣਾ, ਮੁਰਾਕਬਾ, ਰਤਜਗਾ ਆਦਿਕ ਹੋਰ ਸਾਧਨ ਘੋਰ ਤੱਪ ਦੇ ਸੂਚਕ ਹਨ। ਇਸ ਤੋਂ ਇਲਾਵਾ ਰੋਜ਼ਾ, ਏਕਾਂਤਵਾਸ, ਅਲਪ-ਅਹਾਰ, ਗ਼ਰੀਬੀ, ਭਗਤੀ, ਮੁਰਸ਼ਦ (ਗੁਰੂ) ਦੀ ਸੇਵਾ, ਰੱਬ ਦਾ ਭੈਅ, ਮੁਰਸ਼ਦ ਦੀ ਆਗਿਆ ਪਾਲਣ ਕਰਨਾ ਆਦਿਕ ਇਸ ਅਸਵਥਾ ਦੇ ਜ਼ਰੂਰੀ ਸਾਧਨ ਹਨ। ਜਿਸ ਸਮੇਂ ਕੋਈ ਵਿਅਕਤੀ ਪਰਮਾਤਮਾ ਦੇ ਮਿਲਾਪ ਦੀ ਤਾਂਘ ਆਪਣੇ ਮਨ ਪੈਦਾ ਕਰਦਾ ਹੈ ਤਾਂ ਉਹ ਵਿਅਕਤੀ ਆਮ ਵਿਅਕਤੀ ਤੋਂ ਮੋਮਿਨ ਬਣਨ ਦਾ ਅਭਿਆਸ ਕਰਦਾ ਹੈ। ਉਸ ਵਿਅਕਤੀ ਦੇ ਮੋਮਿਨ ਬਣਨ ਤੋਂ ਬਾਅਦ ਵੀ ਜੇਕਰ ਪਰਮਾਤਮਾ ਦਾ ਪਿਆਰ ਉਸ ਨੇ ਅੰਤਰ-ਮਨ ਵਿਚ ਪੈਦਾ ਨਹੀਂ ਹੁੰਦਾ ਤਾਂ ਉਹ ਵਿਅਕਤੀ ਆਪਣੀ ਪੂਰੀ ਉਮਰ ਫੋਕੇ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਵਿਚ ਹੀ ਬਤੀਤ ਕਰ ਦਿੰਦਾ ਹੈ। ਦੂਜੇ ਪਾਸੇ ਜਿਸ ਮੋਮਿਨ ਦੇ ਮਨ ਵਿਚ ਪ੍ਰਭੂ ਦੇ ਮਿਲਾਪ ਦਾ ਬੀਜ ਫੁੱਟ ਪੈਂਦਾ ਹੈ, ਉਹ ਕਰਮ-ਕਾਂਡਾਂ ਦੀ ਸਥਿਤੀ ਵਿਚੋਂ ਨਿਕਲ ਕੇ ਪਰਮਾਤਮਾ ਦੀ ਭਾਲ ਵਿਚ ਚੱਲ ਪੈਂਦਾ ਹੈ। ਸਾਲਿਕ ਤੋਂ ਭਾਵ ਹੈ ਯਾਤਰੀ। ਜਦੋਂ ਸਾਲਿਕ ਦੇ ਅੰਦਰ ਪ੍ਰਭੂ ਦੀ ਭਾਲ ਦੀ ਤੀਬਰ ਕਾਮਨਾ ਜਾਗ੍ਰਿਤ ਹੋ ਜਾਂਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਮੁਰਸ਼ਦ (ਗੁਰੂ) ਦੀ ਸ਼ਰਨ ਵਿਚ ਜਾਂਦਾ ਹੈ, ਸੂਫ਼ੀ ਆਏ ਸ਼ਾਗਿਰਦ (ਚੇਲੇ) ਨੂੰ ਤਰੀਕਤ ਦੀ ਪਾਲਣਾ ਕਰਨ ਲਾ ਦਿੰਦਾ ਹੈ;

"ਤਰੀਕਤ ਦੀ ਸਥਿਤੀ ਵਿਚ ਯਾਤਰੀ ਪਸ਼ਚਾਤਾਪ, ਸੰਜਮ, ਤਿਆਗ, ਧੀਰਜ, ਈਸ਼ਵਰ ਵਿਚ ਵਿਸ਼ਵਾਸ, ਸੀਮਿਤ ਭੋਜਨ, ਸੀਮਿਤ ਬੋਲਣਾ ਆਦਿ ਗੁਣਾਂ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਲੈਂਦਾ ਹੈ।"[114]

ਇਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਦੇ ਨਾਲ ਸਾਧਕ ਦੇ ਮਨ ਦੀ ਸਾਰੀ ਮੈਲ ਲੱਥ ਜਾਂਦੀ



Sri Satguru Jagjit Singh Ji eLibrary NamdhariElibrary@gmail.com

ਹੈ ਅਤੇ ਸਾਧਕ ਦਾ ਮਨ ਸਾਫ਼-ਸ਼ੁੱਧ ਹੋ ਜਾਂਦਾ ਹੈ। ਤਰੀਕਤ ਦਾ ਅਰਥ ਹੀ ਮਨ ਦੀ ਸ਼ੁੱਧਤਾ ਹੈ। ਜਦੋਂ ਸਾਧਕ ਦਾ ਮਨ ਅਤੇ ਸਰੀਰ ਸ਼ੁੱਧ ਹੋ ਜਾਂਦੇ ਹਨ, ਉਸ ਸਮੇਂ ਸਾਲਿਕ ਨੂੰ ਆਪਣੇ ਮਨ ਦੇ ਸ਼ੀਸ਼ੇ ਵਿਚ ਪਰਮਾਤਮਾ ਦੀ ਛਾਪ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ।

(3) **ਮਾਰਫ਼ਤ:** ਸੂਫ਼ੀ ਵਿਚਾਰਧਾਰਾ ਦਾ ਇਸ ਤੋਂ ਅਗਲਾ ਪੜਾਅ ਮਾਰਫ਼ਤ ਦਾ ਹੈ। ਸ਼ਰੀਅਤ ਅਤੇ ਤਰੀਕਤ ਦੀਆਂ ਪੌੜੀਆਂ ਚੱੜ ਕੇ ਜਦੋਂ ਕਿਸੇ ਸਾਧਕ ਨੂੰ ਗਿਆਨ ਹੁੰਦਾ ਹੈ ਤਾਂ ਉਹ ਹੋਰ ਵੀ ਜਿਆਦਾ ਅੰਤਰਮੁਖੀ ਹੋ ਜਾਂਦਾ ਹੈ। ਉਸ ਨੂੰ ਪ੍ਰਭੂ ਦੀ ਤਾਂਘ ਤੋਂ ਬਿਨਾਂ ਹੋਰ ਸਭ ਕੁਝ ਵਿਅਰਥ ਜਾਪਦਾ ਹੈ। ਜਿਸ ਵੇਲੇ ਸੂਫ਼ੀ ਸਾਧਕ ਨੂੰ ਪਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਤਾਂ ਉਸ ਸੂਫ਼ੀ ਸਾਧਕ ਦਾ ਮਨ ਸੰਸਾਰ ਤੋਂ ਉਪਰਾਮ ਹੋਣਾ ਸ਼ੁਰੂ ਹੋ ਜਾਂਦਾ ਹੈ। ਇਕਾਂਤ ਵਿਚ ਬੈਠ ਕੇ ਪਰਮਾਤਮਾ ਦੀ ਛਾਪ ਨੂੰ ਦੇਖਦਿਆਂ ਉਸ ਸਾਧਕ ਵਿਚ ਦਿੱਵ-ਪ੍ਰਕਾਸ਼ ਫੈਲਣ ਲੱਗਦਾ ਹੈ। ਇਸ ਅਵਸਥਾ ਨੂੰ ਮਾਰਫ਼ਤ ਦੀ ਅਵਸਥਾ ਕਿਹਾ ਜਾਂਦਾ ਹੈ। ਸੰਸਾਰਕ ਸੁੱਖਾਂ, ਐਸ਼-ਪ੍ਰਸਤੀ ਵੱਲੋਂ ਉਹ ਬਿਲਕੁਲ ਉਪਰਾਮ ਹੋ ਜਾਂਦਾ ਹੈ। ਇਹ ਅਵਸਥਾ ਨਿਰੋਲ ਗਿਆਨ ਦੀ ਅਵਸਥਾ ਹੈ;

"ਮਾਰਫ਼ਤ ਅਰਬੀ ਸ਼ਬਦ; ਮਅਰਿਫ਼ਤ - (ਸ਼ਨਾਖ਼ਤ, ਪਛਾਣ, ਗਿਆਨ) ਦੇ ਰਾਹੀਂ, ਦੇ ਦੁਆਰਾ, ਵਿਚੋਂ ਦੀ, ਵਸੀਲੇ ਨਾਲ, ਬਜ਼ਰੀਆ; ਸ਼ਨਾਖ਼ਤ, ਜਾਣ-ਪਛਾਣ; ਗਿਆਨ ਵਾਕਿਫ਼ੀਅਤ; ਖ਼ੁਦਾ ਸ਼ਨਾਸੀ।"[115]

ਇਸ ਤੋਂ ਭਾਵ ਇਹ ਹੈ ਕਿ ਗਿਆਨ ਦੁਆਰਾ ਜਾਂ ਗਿਆਨ ਦੇ ਰਾਹੀਂ ਜਾਂ ਗਿਆਨ ਦੇ ਵਸੀਲੇ ਨਾਲ ਪਰਮਾਤਮਾ ਦੀ ਪਛਾਣ ਕਰਨੀ ਜਾਂ ਸ਼ਨਾਖ਼ਤ ਕਰਨੀ ਜਾਂ ਖ਼ੁਦਾ ਨੂੰ ਜਾਣ ਲੈਣਾ। ਇਸ ਪ੍ਰਕਾਰ ਮਾਰਫ਼ਤ ਦੀ ਅਵਸਥਾ ਕੇਵਲ ਗਿਆਨ ਦੀ ਅਵਸਥਾ ਕਹੀ ਜਾ ਸਕਦੀ ਹੈ;

"ਇਹ ਗਿਆਨ ਦਾ ਪੜਾਅ ਹੈ। ਇਸ ਅਵਸਥਾ ਵਿਚ ਪਹੁੰਚ ਕੇ ਸੂਫ਼ੀ ਸਾਧਕ ਨੂੰ ਰੱਬੀ ਜੋਤਿ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਸ ਅਵਸਥਾ ਦੇ ਅੰਤਰਗਤ ਸੂਫ਼ੀ ਸਾਧਕ ਨੂੰ ਅੱਲ੍ਹਾ ਦੀ ਹੋਂਦ ਰੋਮ-ਰੋਮ ਵਿਚ ਪ੍ਰਤੀਤ ਹੋਣ ਲੱਗਦੀ ਹੈ।"[116]

ਸੂਫ਼ੀ ਸਾਧਕਾਂ ਦੇ ਜੀਵਨ ਵਿਚ ਸਾਧਨਾ/ਭਗਤੀ ਦਾ ਵਿਸ਼ੇਸ਼ ਮਹੱਤਵ ਹੈ। ਸਾਧਨਾ ਦੁਆਰਾ ਹੀ ਸੂਫ਼ੀ ਸਾਧਕ ਪਰਮਾਤਮਾ ਨੂੰ ਪਾਉਣ ਦਾ ਯਤਨ ਕਰਦਾ ਹੈ ਜਾਂ ਪਰਮਾਤਮਾ ਵਿਚ **ਫ਼ਨਾ** ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਸੂਫ਼ੀ ਵਿਚਾਰਧਾਰਾ ਦੇ ਅਨੁਸਾਰ ਸਾਧਨਾ ਤੋਂ ਬਿਨਾਂ ਹੋਰ ਕੋਈ ਅਜਿਹਾ ਸਾਧਨ ਨਹੀਂ ਹੈ ਜਿਸ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੋਵੇ। ਸਾਧਨਾ ਦੇ ਅੰਤਰਗਤ ਇਸ਼ਕ, ਤੱਪ, ਗਿਆਨ, ਸੰਸਾਰਕ ਮੋਹ-ਮਾਇਆ ਦਾ ਤਿਆਗ ਆਉਂਦੇ ਹਨ;

"ਸੂਫ਼ੀ ਸਾਧਨਾ ਰਾਹੀਂ ਰੱਬ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਮਾਰਫ਼ਤ ਹਾਸਲ ਕਰਨਾ ਉਸ ਦਾ ਆਖਰੀ ਉਦੇਸ਼ ਹੁੰਦਾ ਹੈ।"[117]

ਮਾਰਫ਼ਤ ਦੀ ਅਵਸਥਾ ਵਿਚ ਸੂਫ਼ੀ ਸਾਧਕ ਪਰਮਾਤਮਾ ਦੇ ਨਾਮ ਦੇ ਨਸ਼ੇ ਵਿਚ ਮਸਤ ਹੋ ਕੇ ਨੱਚ ਉੱਠਦਾ ਹੈ ਅਤੇ ਕਹਿੰਦਾ ਹੈ;

"ਨਾ ਮੈਂ ਮੋਮਨ, ਨਾ ਮੈਂ ਕਾਫ਼ਰ, ਨਾ ਸਈਯਦ ਨਾ ਸੈਦ।
ਚੌਧੀਂ ਤਬਕੀ ਨੀਰ ਅਸਾਡਾ ਕਿਤੇ ਨਾ ਹੁੰਦਾ ਕੈਦ॥"[118]

ਮਾਰਫ਼ਤ ਦੀ ਅਵਸਥਾ ਵਿਚ ਸੂਫ਼ੀ ਸਾਧਕ ਬਾਹਰੀ ਭੇਖ ਛੱਡ ਕੇ ਆਂਤਰਿਕ ਗਿਆਨ ਦੁਆਰਾ ਪਰਮਾਤਮਾ ਦੀ ਸਾਧਨਾ ਵਾਲੇ ਪਾਸੇ ਆਪਣੇ ਧਿਆਨ ਨੂੰ ਲਗਾਉਂਦਾ ਹੈ। ਇਸ ਅਵਸਥਾ



Sri Satguru Jagjit Singh Ji eLibrary NamdhariElibrary@gmail.com

ਵਿਚ ਸਾਧਕ ਨੂੰ ਬਾਹਰੀ ਦੁਨੀਆਦਾਰੀ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਸ ਦਾ ਮੂਲ ਮੰਤਵ ਪਰਮਾਤਮਾ ਵਿਚ **ਫ਼ਨਾ** ਹੋਣਾ ਅਤੇ ਉਸ ਦੀ ਪ੍ਰਾਪਤੀ ਹੁੰਦੀ ਹੈ।

(4) **ਹਕੀਕਤ**: ਇਹ ਅਵਸਥਾ ਸੂਫ਼ੀ ਸਾਧਕਾਂ ਦੇ ਅਧਿਆਤਮਕ ਵਿਕਾਸ ਦਾ ਆਖ਼ਰੀ ਪੜਾਅ ਹੈ। ਇਸ ਅਵਸਥਾ ਵਿਚ ਸੂਫ਼ੀ ਸਾਧਕ ਦੀ ਆਤਮਾ ਪਰਮਾਤਮਾ ਵਿਚ ਲੀਨ/ਫ਼ਨਾ ਹੋ ਜਾਂਦੀ ਹੈ। ਅਸਲ ਵਿਚ ਇਹ ਅਵਸਥਾ ਸੂਫ਼ੀ ਦੀ ਆਪਣੇ ਪ੍ਰੀਤਮ ਨਾਲ ਮਿਲਾਪ ਦੀ ਅਵਸਥਾ ਹੈ। ਇਸ ਅਵਸਥਾ ਵਿਚ ਸਾਧਕ ਨੂੰ ਆਪਣੀ ਹੋਂਦ ਦਾ ਕੋਈ ਅਹਿਸਾਸ ਨਹੀਂ ਰਹਿੰਦਾ;

"ਇਹ ਸਾਧਨਾ ਦੀ ਅੰਤਿਮ ਉਹ ਪਰਮ ਉੱਚ ਆਨੰਦ ਅਵਸਥਾ ਹੈ, ਜਿੱਥੇ ਸੂਫ਼ੀ ਸਾਧਕ ਨੂੰ ਕਰੜੀ ਸਾਧਨਾ ਦਾ ਫ਼ਲ ਵਿਸਮਾਦ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇੱਥੇ ਸਾਧਕ ਪਰਮਾਤਮਾ ਨਾਲ ਨੇੜਤਾ ਦੀ ਅਨੁਭੂਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਇੱਥੇ ਪਹੁੰਚ ਕੇ ਉਸ ਨੂੰ ਬਾਹਰਮੁਖੀ ਆਚਾਰ-ਵਿਹਾਰ ਦੀ ਅਸਲੋਂ ਕੋਈ ਪ੍ਰਵਾਹ ਨਹੀਂ ਰਹਿੰਦੀ। ਉਹ ਸਦਾ ਪਰਮ ਸੌਂਦਰਯ ਦੇ ਪ੍ਰੇਮ ਵਿਚ ਮਗਨ ਰਹਿੰਦਾ ਹੈ। ਉਹ ਪ੍ਰਭੂ ਪਰਮਾਤਮਾ ਵਿਚ ਏਨਾ ਲੀਨ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਹਿਰਦੇ ਅਤੇ ਰੱਬ ਵਿੱਚਕਾਰ ਕੋਈ ਭੇਦ ਦਿਖਾਈ ਨਹੀਂ ਦਿੰਦਾ।"[119]

ਮਾਰਫ਼ਤ ਦੀ ਅਵਸਥਾ ਤੋਂ ਬਾਅਦ ਸੂਫ਼ੀ ਸਾਧਕ ਨੂੰ ਬ੍ਰਹਮ-ਗਿਆਨ ਦੀ ਪ੍ਰਾਪਤੀ ਹੋਣੀ ਆਰੰਭ ਹੋ ਜਾਂਦੀ ਹੈ। ਜਦੋਂ ਬ੍ਰਹਮ-ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੀ ਨਿਮਗਨਤਾ ਵੱਧਦੀ ਜਾਂਦੀ ਹੈ। ਹਰ ਸਮੇਂ ਪਰਮਾਤਮਾ ਦੇ ਪ੍ਰੇਮ ਵਿੱਚ ਨਿਮਗਨ ਰਹਿਣ ਨਾਲ ਸਾਧਕ ਸੱਚ ਦੀ ਪਛਾਣ ਦੇ ਸਮਰੱਥ ਹੋ ਜਾਂਦਾ ਹੈ। ਇਹ ਸੱਚ ਦੀ ਪਛਾਣ ਹਕੀਕਤ ਹੈ। ਇਹ ਵਾਸਤਵਿਕ ਸੱਚ ਹੈ, ਕਿਉਂਕਿ ਬਾਕੀ ਸਭ ਕੁਝ ਮਾਇਆ, ਭਰਮ ਅਤੇ ਮਿੱਥਿਆ ਹੈ। ਗਿਆਨ ਦੀ ਅਵਸਥਾ ਤੋਂ ਅੱਗੇ ਰੱਬੀ ਏਕਤਾ ਵੱਲ ਵੱਧਣਾ, ਉਸਦੀ ਅਖ਼ੀਰੀ ਮੰਜ਼ਿਲ ਹੈ। ਜਦ ਉਹ ਫ਼ਨਾ ਪ੍ਰਾਪਤ ਕਰਕੇ ਬਕਾ ਦੀ ਪਦਵੀ ਪ੍ਰਾਪਤ ਕਰਦਾ ਹੈ ਤਾਂ ਫਿਰ ਸਿਵਾਏ ਰੱਬ ਦੇ ਹੋਰ ਕੋਈ ਅਨੁਭਵ ਜਾਂ ਸੰਕਲਪ ਜਾਂ ਫੁਰਨਾ ਸਾਧਕ ਲਈ ਮਹਤੱਵਪੂਰਨ ਨਹੀਂ ਰਹਿੰਦਾ। ਕੇਵਲ ਰੱਬ ਹੀ ਰੱਬ, ਅੰਦਰ ਕੀ ਤੇ ਬਾਹਰ ਕੀ? ਸੂਫ਼ੀ ਰੱਬ ਵਿਚ ਅਭੇਦ ਹੋ ਜਾਂਦਾ ਹੈ। ਬੁੱਲ੍ਹੇ ਸ਼ਾਹ ਦੀਆਂ ਹੇਠ ਲਿਖੀਆਂ ਸਤਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ;

"ਮਾਹੀ ਮਾਹੀ ਕੂਕਦੀ,
ਮੈਂ ਆਪੇ ਰਾਂਝਣ ਹੋਈ।ਰਹਾਓ॥
ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੋ,
ਹੀਰ ਨਾ ਆਖੋ ਕੋਈ॥"[120]

ਹਕੀਕਤ ਦੀ ਅਵਸਥਾ ਵਿਚ ਸਾਧਕ ਦੀ ਆਤਮਾ, ਪਰਮਾਤਮਾ ਦੇ ਨੇੜੇ ਪਹੁੰਚ ਜਾਂਦੀ ਹੈ। ਇਸ ਤੋਂ ਬਾਅਦ ਆਤਮਾ ਆਪਣੇ ਮੂਲ, ਆਪਣੀ ਜੜ੍ਹ, ਆਪਣੇ ਸਰੋਤ, ਆਪਣੇ ਸੁਆਮੀ ਵਿਚ ਲੀਨ ਹੋ ਜਾਂਦੀ ਹੈ। ਇਸ ਅਵਸਥਾ ਨੂੰ ਸੂਫ਼ੀ ਸਾਧਕ ਫ਼ਨਾ ਦੀ ਅਵਸਥਾ ਆਖਦੇ ਹਨ।

## ਪਰਮਾਤਮਾ ਸੰਬੰਧੀ ਸੂਫ਼ੀਆਂ ਦੇ ਵਿਚਾਰ

ਪਰਮਾਤਮਾ ਬਾਰੇ ਸੂਫ਼ੀਆਂ ਦੇ ਚਿੰਤਨ ਵਿਚ ਅਨੇਕਤਾ ਹੈ। ਕੱਟੜਪੰਥੀਆਂ ਮੁਤਾਬਿਕ ਪਰਮਾਤਮਾ ਕਾਲ ਮੁਕਤ, ਸਥਾਨ ਮੁਕਤ ਅਤੇ ਸੰਪੂਰਨ ਹੈ। ਉਸ ਦੀ ਸਿਫ਼ਤ ਪਰਿਵਰਤਨ ਤੋਂ ਮੁਕਤ ਹੈ। ਉਹ ਸਰਬ ਸ਼ਕਤੀਮਾਨ ਹੈ। ਜਿੱਥੋ ਉਹ ਸਭ ਜਾਣੀ-ਜਾਣ ਹੈ ਉੱਥੇ ਉਸਦਾ ਗਿਆਨ ਮਨੁੱਖੀ ਸੀਮਾ ਤੋਂ ਬਾਹਰੀ ਹੈ। ਪਰਮਾਤਮਾ ਰੋਸ਼ਨੀ ਅਤੇ ਹਨੇਰੇ ਦੀਆਂ ਸੱਤਰ ਹਜ਼ਾਰ ਤਹਿਆਂ



Sri Satguru Jagjit Singh Ji eLibrary NamdhariElibrary@gmail.com

ਵਿਚ ਛਿਪਿਆ ਹੋਇਆ ਹੈ। ਜਿਸ ਨੂੰ ਜਲਵਾ ਅਤੇ ਮਹਿਮਾ ਦੀ ਸੰਘਿਆ ਦਿੱਤੀ ਜਾਂਦੀ ਹੈ। ਉਹ ਸ੍ਰਿਸ਼ਟੀ ਦਾ ਜਨਮਦਾਤਾ ਹੈ ਅਤੇ ਸਮਸਤ ਪ੍ਰਿਥਵੀ ਅਤੇ ਆਕਾਸ਼ ਉਸ ਦੇ ਗੁਣ ਗਾਉਂਦੇ ਹਨ। ਪਰਮਾਤਮਾ ਅਤੇ ਮਨੁੱਖ ਦਾ ਰਿਸ਼ਤਾ ਨਿਰਕੁੰਸ਼ ਸਵਾਮੀ ਅਤੇ ਦਾਸ ਵਾਲਾ ਹੈ;

"ਰਾਮ ਪੂਜਨ ਤਿਵਾੜੀ ਸੂਫ਼ੀਆਂ ਦੇ ਪਰਮਾਤਮਾ ਸੰਬੰਧੀ ਵਿਚਾਰਾਂ ਨੂੰ ਦੋ ਵਰਗਾਂ ਵਿਚ ਵੰਡਦਾ ਹੈ- ਵਹਿਦਤੁਲ ਵਜੂਦ ਅਤੇ ਵਹਿਤੁਸ ਸੁਹੂਦ।"[121]

"ਸੂਫ਼ੀ ਸਿਧਾਂਤਾਂ ਵਿਚ ਵਹਿਦਤੁਲ ਵਜੂਦ ਦਾ ਪਰਿਵੇਸ਼ ਇਬਨ-ਅਲ-ਅਰਬੀ ਨਾਲ ਹੁੰਦਾ ਹੈ ਪਰ ਉਸਨੇ ਇਸ ਸਿਧਾਂਤ ਦਾ ਅਵਿਸ਼ਕਾਰ ਨਹੀਂ ਕੀਤਾ ਸਗੋਂ ਬਾਕੀ ਸੂਫ਼ੀਆਂ ਦੇ ਪਰਮ ਸੱਤ ਸੰਬੰਧੀ ਚਿੰਤਨਾਂ ਦਾ ਸਮਾਧਾਨ ਕਰਕੇ ਇਸ ਸਿਧਾਂਤ ਨੂੰ ਇਸ ਢੰਗ ਨਾਲ ਮੁੜ ਵਿਕਾਸਸ਼ੀਲ ਕੀਤਾ ਕਿ ਇਹ ਰਹੱਸਵਾਦੀ ਮੰਡਲ ਵਿਚ ਪ੍ਰਸਿੱਧ ਹੋ ਗਿਆ।"[122]

"ਇਸ ਸਿਧਾਂਤ ਅਨੁਸਾਰ ਵਾਸਤਵਿਕ ਸੱਤਾ ਇਕ ਹੈ ਅਤੇ ਉਸ ਸੱਤਾ ਤੋਂ ਬਿਨਾਂ ਕਿਸੇ ਹੋਰ ਸੱਤਾ ਦਾ ਅਸਤਿਤਵ ਨਹੀਂ ਹੈ। ਇਹ ਸੱਤਾ ਪਰਮਾਤਮਾ ਹੈ। ਦ੍ਰਿਸ਼ਟੀਮਾਨ ਜਗਤ ਉਸ ਪਰਮ-ਸੱਤਾ ਦੀ ਅਭਿਵਿਅਕਤੀ ਹੈ। ਇਸੇ ਸਿਧਾਂਤ ਉੱਪਰ ਹਮਾਉਸਤ ਅਰਥਾਤ ਸਭ ਕੁਝ ਉਹੀ ਹੈ ਦਾ ਸਿਧਾਂਤ ਆਧਾਰਤ ਹੈ।"[123]

ਪਰਮਾਤਮਾ ਦਾ ਸਰੂਪ ਇੰਨਾ ਮਹਾਨ ਹੈ ਕਿ ਸ੍ਰਿਸ਼ਟੀ, ਉਸ ਸਾਹਮਣੇ ਨਾਂਹ ਦੇ ਬਰਾਬਰ ਹੈ। ਇਕ ਸੱਤਾ ਪਰਮਾਤਮਾ ਦੀ ਹੈ ਅਤੇ ਦੂਜੀ ਜੀਵ ਦੀ। ਜੀਵ ਨੂੰ ਆਪਣੇ ਅਸਤਿਤਵ ਲਈ ਪਰਮਾਰਥ (ਪਰਮਾਤਮਾ ਦੀ ਸੱਤਾ) ਦੀ ਆਵੱਸ਼ਕਤਾ ਹੈ ਲੇਕਿਨ ਪਰਮਾਤਮਾ ਦੀ ਸੱਤਾ ਨੂੰ ਜੀਵ ਦੀ ਸੱਤਾ ਦੀ ਆਵੱਸ਼ਕਤਾ ਨਹੀਂ ਹੈ;

"ਜੀਵ ਸਰੀਰ ਅਤੇ ਆਤਮਾ ਦੇ ਸੁਮੇਲ ਤੋਂ ਬਣਿਆ ਹੈ। ਸਰੀਰ ਪਰਮ-ਸੱਤਾ ਵਿਚ ਲੀਨ ਹੋਣ ਵਿਚ ਰੁਕਾਵਟ ਬਣਿਆ ਹੋਇਆ ਹੈ ਅਤੇ ਇਸ ਤਰ੍ਹਾਂ ਸਰੀਰ ਝੂਠ ਹੈ ਅਤੇ ਆਤਮਾ ਸੱਚ ਹੈ। ਸੂਫ਼ੀਆਂ ਅਨੁਸਾਰ ਪਰਮਾਤਮਾ ਦੇ ਦੋ ਭੇਦ ਹਨ- ਨਫ਼ਸ ਅਤੇ ਰੂਹ।"[124]

ਨਫ਼ਸ ਨੂੰ ਮਾਰਨਾ ਅਤੇ ਰੂਹ ਨੂੰ ਪਛਾਣਨਾ ਹੀ ਪਰਮਾਤਮਾ ਨਾਲ ਇਕਮਿਕਤਾ ਦਾ ਸਾਧਨ ਹੈ। ਨਫ਼ਸ ਨੂੰ ਮਾਰਨ ਲਈ ਸੂਫ਼ੀ ਸਾਧਕ ਮੌਨ, ਉਪਵਾਸ, ਏਕਾਂਤਵਾਸ, ਸਾਧਨਾ ਅਤੇ ਅਲਪ-ਅਹਾਰ ਆਦਿ ਸਾਧਨ ਅਪਣਾਉਂਦਾ ਹੈ। ਇਸ ਤਰ੍ਹਾਂ ਆਤਮ ਰਹੱਸ ਨੂੰ ਪਛਾਣ ਕੇ ਅਤੇ ਉਸ ਉੱਤੇ ਨਿਯੰਤ੍ਰਣ ਪਾਉਣਾ ਸੂਫ਼ੀ ਸਾਧਨਾ ਦਾ ਮਹੱਤਵਪੂਰਨ ਅੰਗ ਹੈ। ਆਤਮ ਸੱਤਾ ਨੂੰ ਸਰੀਰਕ ਕੈਦ ਤੋਂ ਮੁਕਤ ਕਰਾਉਣਾ ਅਰਥਾਤ ਮੌਤ ਨੂੰ ਕਬੂਲਣਾ ਹੈ। ਇਹੀ ਸਾਧਨਾ ਪਰਮਾਤਮਾ ਨਾਲ ਸੰਜੋਗ ਦਾ ਸਾਧਨ ਹੈ ਪਰੰਤੂ ਇਹ ਸੰਜੋਗ ਪਰਮਾਤਮਾ ਦੀ ਰਜ਼ਾ ਤੋਂ ਬਿਨਾਂ ਸੰਭਵ ਨਹੀਂ। ਉਸ ਪਰਮ ਸੱਤਾ ਬਿਨਾਂ ਸਭ ਕੁਝ ਨਾਸ਼ਵਾਨ ਹੈ, ਭਰਮ ਹੈ, ਅਸਤਿ ਹੈ ਅਤੇ ਇਸ ਜਿਲ੍ਹਣ ਵਿਚ ਫਸਣਾ ਦੁੱਖ ਭੋਗਣਾ ਹੈ। ਇਸੇ ਲਈ ਸੂਫ਼ੀਆਂ ਵੱਲੋਂ ਸੰਸਾਰਕ ਜੀਵਾਂ ਨੂੰ ਉਸ ਪਰਮ-ਸੱਤਾ ਅਰਥਾਤ ਪਰਮਾਤਮਾ ਦੀ ਨਿਰੰਤਰ ਬੰਦਗੀ ਕਰਨ ਦੀ ਤਾੜਨਾ ਕੀਤੀ ਜਾਂਦੀ ਹੈ, ਜੋ ਸੂਫ਼ੀ ਸਾਧਨਾਵਾਂ ਦਾ ਇਕ ਮਹੱਤਵਪੂਰਨ ਪੱਖ ਹੈ;

"ਸੂਫ਼ੀਮਤ ਅਨੁਸਾਰ ਸਾਧਕ ਦੇ ਜੀਵਨ ਦੀ ਉੱਤਮਤਾ ਇਹੀ ਹੈ ਕਿ ਉਹ ਖ਼ੁਦਾ ਦੀ ਜ਼ਾਤ ਵਿਚ ਵਿਸ਼ਵਾਸ ਰੱਖੇ ਅਤੇ ਉਸ ਦੀ ਇਬਾਦਤ (ਭਗਤੀ) ਕਰੇ। ਉਪਾਸਨਾ ਦੇ ਨਜ਼ਰੀਏ ਤੋਂ ਸਿਰਫ਼ ਅੱਲ੍ਹਾ ਹੀ ਇਲਾ ਅਰਥਾਤ ਉਪਾਸਨਾ ਦੇ ਯੋਗ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਹਕੀਕੀ ਵਜੂਦ ਸਿਰਫ਼ ਅੱਲ੍ਹਾ ਦਾ ਹੈ ਜਿਸ ਨੂੰ ਉਹ ਅਨਾ-ਏ-ਮੁਤਲਕ (ਨਿਰਪੇਖ ਆਤਮਾ) ਜਾਂ ਵਜੂਦ-ਏ-ਮੁਤਲਕ (ਪਰਮ ਸਤਿ) ਆਖਦੇ ਹਨ। ਖ਼ੁਦਾ ਨਿਰਾਕਾਰ ਅਤੇ ਅਰੂਪ ਹੈ। ਆਕਾਰ ਦੀਆਂ



Sri Satguru Jagjit Singh Ji eLibrary NamdhariElibrary@gmail.com

ਵਡਿਆਈਆਂ ਉਸ ਦੀ ਅਪਾਰਤਾ ਨੂੰ ਸੀਮਤ ਨਹੀਂ ਕਰ ਸਕਦੀਆਂ। ਉਹ ਆਪਣੇ ਆਪ ਵਿਚ ਅਤੇ ਆਪਣੇ ਦੁਆਰਾ ਹੀ ਕਾਇਮ ਹੈ। ਉਹ ਕਰਨ ਕਰਾਵਣਹਾਰ ਅਤੇ ਪਰਵਰਦਗਾਰ ਹੈ।"[125]

ਸੂਫ਼ੀਆਂ ਦਾ ਸ੍ਰਿਸ਼ਟੀ ਨਿਰਮਾਣ ਸੰਬੰਧੀ ਸਿਧਾਂਤ ਵੀ ਮਹੱਤਤਾ ਦਾ ਧਾਰਨੀ ਹੈ। ਇਸ ਸਿਧਾਂਤ ਅਨੁਸਾਰ ਮੁੱਢ ਵੇਲੇ ਸਿਰਫ਼ ਪਰਮਾਤਮਾ ਆਪਣੇ ਆਪ ਵਿਚ ਸੀ ਅਤੇ ਸਾਰੇ ਤੱਤ ਉਸ ਵਿਚ ਸਮਾਏ ਹੋਏ ਸਨ। ਅਜੋਕੀ ਦ੍ਰਿਸ਼ਟਮਾਨ ਸ੍ਰਿਸ਼ਟੀ ਨਾਸ਼ਮਾਨ ਹੈ ਅਤੇ ਦੁਨਿਆਵੀ ਸੁੱਖਾਂ ਅਤੇ ਇੱਛਾਵਾਂ ਦਾ ਤਿਆਗ ਹੀ ਪਰਮ-ਸੱਤਾ ਨਾਲ ਸੰਜੋਗ ਦਾ ਸਾਧਨ ਹੈ। ਮੁੱਢਲੇ ਸੂਫ਼ੀ ਰੱਬ ਨੂੰ ਮਨੁੱਖ ਦਾ ਅਸਲੀ ਘਰ ਮੰਨਦੇ ਹਨ, ਜੋ ਦ੍ਰਿਸ਼ਟਮਾਨ ਨਹੀਂ ਹੈ। ਇਸ ਤਰ੍ਹਾਂ ਦ੍ਰਿਸ਼ਟਮਾਨ ਅਤੇ ਦੁਨਿਆਵੀ ਪਦਾਰਥਾਂ ਤੋਂ ਨਿਰਲੇਪ ਰਹਿ ਕੇ ਪਰਮਾਤਮਾ ਵਿਚ ਵਿਲੀਨ ਹੋਇਆ ਜਾ ਸਕਦਾ ਹੈ। ਸ੍ਰਿਸ਼ਟੀ ਉਸੇ ਸਰਵ ਸੱਤਾ ਦੀ ਮੌਜ ਹੈ, ਆਖ਼ਿਰ ਇਸ ਨੇ ਵੀ ਉਸੇ ਵਿਚ ਵਿਲੀਨ ਹੋਣਾ ਹੈ। ਸੂਫ਼ੀਆਂ ਨੇ ਜੀਵ ਅਤੇ ਪਰਮਾਤਮਾ ਦੇ ਸਦੀਵੀ ਮਿਲਾਪ ਲਈ ਕਈ ਸਿਧਾਂਤ ਪੇਸ਼ ਕੀਤੇ ਹਨ। ਨੂਰੇ ਮੁਹੰਮਦੀ, ਫ਼ਕੀਰੀ, ਇਨਸਾਨ-ਉਲ-ਕਮਾਨ ਆਦਿ ਪ੍ਰਸਿੱਧ ਸਿਧਾਂਤਵੇਤਾ ਹਨ। ਇਨ੍ਹਾਂ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਸਭ ਤੋਂ ਉੱਤਮ ਵਸੀਲਾ ਇਸ਼ਕ ਹੈ। ਇਸ਼ਕ ਹੀ ਜੀਵਨ ਦੀ ਇਕ ਅਟੱਲ ਸੱਚਾਈ ਹੈ ਅਤੇ ਇਸ ਇਸ਼ਕ ਦੀ ਸਦੀਵੀ ਹੋਂਦ ਨਿਰੋਲ ਅਤੇ ਆਤਮਿਕ ਪ੍ਰੀਤ ਉੱਤੇ ਕੇਂਦਰਿਤ ਹੈ। ਪਰਮਾਤਮਾ ਦੀ ਪ੍ਰਾਪਤੀ ਉਸੇ ਜੀਵਾਤਮਾ ਨੂੰ ਹੋਣੀ ਹੈ ਜਿਸ ਨੇ ਇਸ਼ਕ ਨੂੰ ਆਪਣੇ ਹੱਡਾਂ ਵਿਚ ਵਸਾ ਲਿਆ ਹੈ। ਇਸ ਰੱਬੀ ਅਵਸਥਾ ਤੇ ਪੁੱਜੀ ਮਨੁੱਖੀ ਆਤਮਾ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ।

ਸੂਫ਼ੀ ਸਾਧਨਾ ਦੇ ਅੰਤਰਗਤ ਇਸ਼ਕ ਕਰਨਾ ਮਨੁੱਖੀ ਵਿਕਾਸ ਦੀ ਪਹਿਲੀ ਤੇ ਬੁਨਿਆਦੀ ਲੋੜ ਦੱਸਿਆ ਗਿਆ ਹੈ। ਸੂਫ਼ੀਆਂ ਦੇ ਰੱਬ ਦੀ ਖਾਸੀਅਤ ਹੀ ਇਹ ਹੈ ਕਿ ਉਹ ਪਿਆਰ ਦਾ ਪੁੰਜ ਹੈ। ਰੱਬ ਆਪਣੇ-ਆਪ ਨਾਲ ਇਸ਼ਕ ਕਰਕੇ ਇਸ ਸ੍ਰਿਸ਼ਟੀ ਤੇ ਮਨੁੱਖ ਪੈਦਾ ਕਰਦਾ ਹੈ ਪਰ ਮਨੁੱਖ ਸਿੱਧਾ ਰੱਬ ਨੂੰ ਨਹੀਂ ਪ੍ਰਾਪਤ ਕਰ ਸਕਦਾ। ਉਹ ਰੱਬ ਨਾਲ ਇਸ਼ਕ ਕਰਕੇ ਹੀ ਉਸ ਤੱਕ ਪਹੁੰਚ ਸਕਦਾ ਹੈ। ਦੁਨੀਆਂ ਦੇ ਦੁੱਖ, ਰੁਕਾਵਟਾਂ ਅਤੇ ਰੁਝੇਵੇਂ ਮਨੁੱਖ ਦੇ ਰਾਹ ਦਾ ਰੋੜਾ ਬਣ ਜਾਂਦੇ ਹਨ ਅਤੇ ਪਿਆਰੇ ਮਹਿਬੂਬ ਲਈ ਮਨੁੱਖ ਦੀ ਤੜਪ ਵੱਧ ਜਾਂਦੀ ਹੈ। ਇਹੋ ਤੜਪ ਬਿਰਹਾ ਅਖਵਾਉਂਦੀ ਹੈ। ਸੂਫ਼ੀ ਸਾਧਨਾ ਵਿਚ ਇਸ਼ਕ ਅਤੇ ਬਿਰਹਾ ਦੀ ਉੱਘੀ ਥਾਂ ਹੈ। ਇਸ਼ਕ ਵਾਂਗ ਬਿਰਹਾ ਦਾ ਵੀ ਸੂਫ਼ੀ ਸਾਧਨਾ ਵਿਚ ਵਿਸ਼ੇਸ਼ ਮਹੱਤਵ ਹੈ। ਇਸ ਸਾਧਨਾ ਵਿਚ ਬਿਰਹਾ ਦਾ ਸਿਹਰਾ ਨਾਰੀ ਦੇ ਸਿਰ ਬੰਨ੍ਹਿਆ ਗਿਆ ਹੈ। ਗੁਰਮਤਿ ਵਿਚਾਰਧਾਰਾ ਵਿਚ ਵੀ ਬਿਰਹਾ ਦਾ ਸੰਬੰਧ ਵਧੇਰੇ ਕਰਕੇ ਔਰਤ ਨਾਲ ਹੀ ਹੈ ਪਰ ਸੂਫ਼ੀ ਕਵਿਤਾ ਦੀ ਨਾਰੀ ਆਪਣੇ ਰੱਬ ਲਈ ਆਪਣੇ ਮਾਲਕ/ਪਤੀ/ਕੰਤ ਜਾਂ ਪਿਰ ਲਈ ਅੱਤ ਦੀ ਬਿਰਹਾ ਝੱਲਦੀ ਹੈ;

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"[126]

ਸੂਫ਼ੀ ਸਾਧਨਾ ਦਾ ਇਹ ਅਪਵਾਦ ਹੈ ਕਿ ਕੇਵਲ ਨਾਰੀ ਰੂਪੀ ਸੂਫ਼ੀ ਸਾਧਕ ਹੀ ਆਪਣੇ ਮਹਿਬੂਬ ਲਈ ਵਧੇਰੇ ਤੜਪਦਾ ਹੈ। ਬਿਰਹਾ ਅਸਲੀ ਪੱਧਰ'ਤੇ ਸੰਸਾਰ ਦੇ ਅਸਲੀ ਸੁੱਖਾਂ ਦੀ ਪਛਾਣ ਜਾਂ ਪਰਖ ਦੀ ਕਸਵੱਟੀ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਹ ਰੱਬ ਦੇ ਰਾਹ'ਤੇ ਪੈ ਕੇ ਉਸ ਦੇ ਵਿਯੋਗ ਵਿਚ ਸੜਿਆਂ ਹੀ ਪਤਾ ਲੱਗਦਾ ਹੈ ਕਿ ਦੁਨੀਆਂ ਦੀ ਕਿਹੜੀ ਵਸਤੂ ਬੰਦੇ ਲਈ ਕਿੰਨੀ ਜ਼ਰੂਰੀ ਹੈ। ਇਸ ਤਰ੍ਹਾਂ ਮਨੁੱਖ ਦੁਨੀਆ ਦੇ ਵਾਧੂ ਮੋਹ ਤੋਂ ਬਚ ਜਾਂਦਾ ਹੈ। ਜੇਕਰ ਜੀਵ ਵਿਚ ਬਿਰਹਾ ਦਾ ਜਜ਼ਬਾ ਨਾ ਹੁੰਦਾ ਤਾਂ ਸ਼ਾਇਦ ਜ਼ਿੰਦਗੀ ਦੇ ਸੁੱਖਾਂ ਦੇ ਨਾਲ ਵੀ ਜੀਵਨ ਦਾ



Sri Satguru Jagjit Singh Ji eLibrary NamdhariElibrary@gmail.com

ਕੋਈ ਸੰਬੰਧ ਜਾਂ ਲਗਾਓ ਨਾ ਰਹਿ ਜਾਂਦਾ। ਇੱਥੋਂ ਤੱਕ ਕਿ ਮੌਤ ਦਾ ਹਵਾਲਾ ਸੂਫ਼ੀ ਨੂੰ ਕਦੇ ਵੀ ਢਾਹੂ ਰੁਚੀਆਂ ਵੱਲ ਨਹੀਂ ਪ੍ਰੇਰਦਾ ਸਗੋਂ ਉਸਨੂੰ ਹਮੇਸ਼ਾ ਆਪਣੇ ਮਹਿਬੂਬ ਵੱਲ ਨਿਰੰਤਰ ਅੱਗੇ ਵਧਣ ਦੀ ਪ੍ਰੇਰਣਾ ਦਿੰਦਾ ਹੈ। ਬਿਰਹਾ ਦੀ ਪੀੜ ਉਸਾਰੂ ਹੈ, ਢਾਹੂ ਨਹੀਂ। ਇਹ ਇਕ ਆਤਮਿਕ ਅਨੁਭੂਤੀ ਬਣ ਕੇ ਉਪਜੀ ਹੈ ਜੋ ਪੱਥਰ ਦਿਲਾਂ ਵਿਚ ਵੀ ਜਾਨ ਪਾ ਦਿੰਦੀ ਹੈ। ਬਿਰਹਾ ਮਨੁੱਖ ਦੇ ਜੀਉਂਦਾ ਹੋਣ ਦੀ, ਆਪਣੇ-ਆਪ ਪ੍ਰਤੀ ਸੁਚੇਤ ਹੋਣ ਦੀ ਅਤੇ ਅੰਤਿਮ ਰਾਹ ਦੀ ਭਾਲ ਵਿਚ ਜੁਟੇ ਹੋਣ ਦੀ ਨਿਸ਼ਾਨੀ ਹੈ;

"ਹਾਲ, ਮੁਕਾਮ, ਦੁਨਿਆਵੀ ਪਦਾਰਥਾਂ ਨਾਲੋਂ ਸੰਬੰਧ ਤੋੜਨਾ, ਜੋ ਤੋਬਾ, ਵਗ, ਜੁਹਦ, ਫ਼ਕਰ ਅਤੇ ਸਬਰ ਨਾਲ ਸੰਭਵ ਹੈ। ਅਲ-ਜਿਹਾਦ ਅਲਬਰ ਅਰਥਾਤ ਅੰਦਰਲੀਆਂ ਇੱਛਾਵਾਂ ਨੂੰ ਮਾਰਨਾ ਅਤੇ ਅਧਿਆਤਮਕ ਅਵਸਥਾ ਨੂੰ ਪ੍ਰਾਪਤ ਕਰਨਾ ਹੈ।"[127]

ਸੂਫ਼ੀਆਂ ਦਾ ਮੂਲ ਮਨੋਰਥ ਪਰਮਾਤਮਾ ਵਿਚ ਅਭੇਦ ਹੋਣਾ ਹੈ। ਇਸ ਮਨੋਰਥ ਲਈ ਸੂਫ਼ੀ ਸਾਧਕ ਸੰਸਾਰਕ ਵਸਤੂਆਂ ਨਾਲੋਂ ਆਪਣੇ ਮੋਹ ਨੂੰ ਤਿਆਗ ਦਿੰਦੇ ਹਨ ਕਿਉਂਕਿ ਸੰਸਾਰਕ ਵਸਤੂਆਂ ਦੁੱਖਾਂ ਦਾ ਕਾਰਨ ਬਣਦੀਆਂ ਹਨ। ਸੂਫ਼ੀਆਂ ਦਾ ਉਦੇਸ਼ ਤਾਂ ਹੀ ਪੂਰਨ ਹੋ ਸਕਦਾ ਹੈ ਜਿਸ ਵੇਲੇ ਉਹ ਆਪਣੇ ਮੁਰਸ਼ਦ ਦੇ ਕਹਿਣ ਤੇ ਆਪਣੇ ਪ੍ਰੀਤਮ ਨਾਲ ਇਸ਼ਕ ਕਮਾਉਣ। ਇਸ ਲਈ ਸੂਫ਼ੀ ਕਿਸੇ ਵੀ ਤਰੀਕੇ ਨਾਲ ਪਰਮਾਤਮਾ ਵਿਚ ਫ਼ਨਾ ਹੋਣਾ ਚਾਹੁੰਦੇ ਹਨ;

"ਇਸ ਤਰ੍ਹਾਂ ਸੂਫ਼ੀ ਸਿਧਾਂਤ ਅਤੇ ਸਾਧਨਾਵਾਂ ਨਿਰੰਤਰ ਵਿਕਾਸ ਪੱਥ ਤੇ ਨਿਰੰਤਰ ਵਿਗਸਦੇ ਰਹੇ ਹਨ। ਮੁੱਢਲੇ ਸੂਫ਼ੀ ਦੁਨਿਆਵੀ ਪਦਾਰਥਾਂ ਤੋਂ ਮੁਕਤੀ ਪਾ ਕੇ, ਆਪਣੇ ਅਸਲੀ ਘਰ, ਪਰਮਾਤਮਾ ਵਿਚ ਵਿਲੀਨ ਹੋਣ ਦਾ ਸੰਦੇਸ਼ ਦਿੰਦੇ ਹਨ।"[128]

ਇਸ ਤਰ੍ਹਾਂ ਸੂਫ਼ੀ ਸਿਧਾਂਤਾਂ ਵਿਚ ਪਰਮਾਤਮਾ, ਜੀਵ ਅਤੇ ਦੁਨੀਆ ਸੰਬੰਧੀ ਚਿੰਤਨ ਵਿਚ ਵਿਕਾਸ ਦੇਖਿਆ ਜਾ ਸਕਦਾ ਹੈ।

## ਪੰਜਾਬੀ ਸੂਫ਼ੀ ਕਵਿਤਾ ਦਾ ਵਿਕਾਸ ਪੜਾਅ

ਸੂਫ਼ੀ ਕਵਿਤਾ ਪੰਜਾਬੀ ਸਾਹਿਤ ਦਾ ਵਡਮੁੱਲਾ ਸਰਮਾਇਆ ਹੈ। ਇਸ ਕਵਿਤਾ ਨੇ ਉਸ ਸਮੇਂ ਭਾਰਤੀ ਵਿਸ਼ੇਸ਼ ਕਰਕੇ ਪੰਜਾਬੀ ਸਮਾਜ ਨੂੰ ਨਫ਼ਰਤ ਅਤੇ ਹਿੰਸਾ ਦੀ ਭਾਵਨਾ ਤੋਂ ਮੁਕਤ ਰੱਖਿਆ ਜਦੋਂ ਹਮਲਾਵਰ ਮੁਸਲਮਾਨਾਂ ਪ੍ਰਤੀ ਉਸਦਾ ਰੋਲ ਕੋਈ ਵੀ ਭਿਆਨਕ ਰੂਪ ਧਾਰਨ ਕਰ ਸਕਦਾ ਸੀ। ਸੂਫ਼ੀ ਕਵੀਆਂ ਨੇ ਆਮ ਵਿਅਕਤੀ ਨਾਲ ਬੋਲਬਾਣੀ ਦੀ ਸਾਂਝ ਪਾ ਕੇ ਆਪਣੇ ਹਿਰਦੇ ਦਾ ਸੱਚਾ-ਸੁੱਚਾ ਪਿਆਰ ਚਾਰੇ ਪਾਸੇ ਖਿਲੇਰਿਆ ਸੀ। ਇਸ ਲਈ ਹਾਰੀ ਹੋਈ ਭਾਰਤੀ ਜਨਤਾ ਦੀ ਮਾਨਸਿਕਤਾ ਵਿਚ ਮੁਸਲਮਾਨਾਂ ਪ੍ਰਤੀ ਜੋ ਪ੍ਰਤੀਕਰਮ ਜਾਗ੍ਰਿਤ ਹੋ ਸਕਦਾ ਸੀ ਉਹ ਨਹੀਂ ਹੋਇਆ ਸਗੋਂ ਉਨ੍ਹਾਂ ਨੇ ਇਨ੍ਹਾਂ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਨੂੰ ਚੁੰਮ ਕੇ ਆਪਣੀ ਹਿੱਕ ਨਾਲ ਲਾ ਲਿਆ।

ਸੂਫ਼ੀ ਰਚਨਾ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਮਨੁੱਖ ਦੀ ਸੋਚ ਨੂੰ ਧਰਮ ਅਤੇ ਸੰਪਰਦਾਇ ਦੀਆਂ ਸੀਮਾਵਾਂ ਤੋਂ ਪਰ੍ਹਾਂ ਲਿਜਾ ਕੇ ਮਾਨਵ-ਏਕਤਾ ਦੀ ਉਹ ਭਾਵ-ਭੂਮੀ ਪ੍ਰਦਾਨ ਕੀਤੀ ਜਿਸ ਤੇ ਖਲੋ ਕੇ ਉਹ ਕੁਲ-ਲੁਕਾਈ ਵਿਚ ਉਸ ਇਸ਼ਟ ਦਾ ਰੂਪ ਨਿਹਾਰ ਸਕੇ ਤੇ ਹਰ ਪ੍ਰਾਣੀ ਵਿਚ ਉਸਦੇ ਨੂਰ ਦੇ ਦਰਸ਼ਨ ਕਰ ਸਕੇ। ਮਨੁੱਖ ਨੂੰ ਸੰਸਾਰਕ ਮੋਹ-ਮਾਇਆ ਤੇ ਜਾਲ ਵਿਚੋਂ ਕੱਢ ਕੇ ਅਧਿਆਤਮ ਦੀਆਂ ਬੁਲੰਦੀਆਂ ਵੱਲ ਪ੍ਰੇਰਿਤ ਕਰਨਾ ਹੈ।

ਸੂਫ਼ੀ ਲਹਿਰ ਬਾਰੇ ਡਾ. ਅਮਰਜੀਤ ਸਿੰਘ ਕਾਂਗ ਦੀ ਧਾਰਨਾ ਰਾਹੀਂ ਭਾਰਤੀ ਸਮਾਜ



Sri Satguru Jagjit Singh Ji eLibrary NamdhariElibrary@gmail.com

ਦੀ ਸੰਬਾਦ ਰਹਿਤ ਅਤੇ ਪ੍ਰਤੀ-ਉੱਤਰ ਸਿਰਜ ਸਕਣ ਤੋਂ ਅਸਮਰੱਥ ਵਿਵਸਥਾ ਦਾ ਪਤਾ ਲਗਦਾ ਹੈ। ਡਾ. ਅਮਰਜੀਤ ਸਿੰਘ ਕਾਂਗ ਅਨੁਸਾਰ, "ਵਾਸਤਵ ਵਿਚ ਭਾਰਤੀ ਮਨੁੱਖ ਦੀ ਹੀਣਤਾ ਦੂਹਰੀ-ਤੀਹਰੀ ਸੀ। ਇਸ (ਇਕ) ਗ਼ੁਲਾਮੀ'ਚੋਂ ਪੈਦਾ ਹੋਈ, ਦੂਜੀ ਸਾਂਸਕ੍ਰਿਤਕ ਪੱਖੋਂ ਅਤੇ ਤੀਜੀ ਆਪਣੇ ਘਰ ਵਿਚ ਹੀ ਕੁਲੀਨ ਵਰਗ ਦੇ ਤ੍ਰਿਸਕਾਰ ਦੇ ਪ੍ਰਤੀਕਰਮ ਵਜੋਂ ਪੈਦਾ ਹੋਈ ਸੀ। ਇਕ ਧਿਰ ਦੇ ਅਤਿਹੀਣਤਾ ਭਾਵੀ ਅਤੇ ਦੂਜੀ ਧਿਰ ਦੇ ਸਾਂਸਕ੍ਰਿਤਕ ਗੌਰਵਤਾ ਨਾਲ ਭਰਪੂਰ ਹੋਣ ਕਾਰਨ ਪਹਿਲੀ ਮਿਲਣੀ ਵਿਚ ਸੰਬਾਦ ਸੰਭਵ ਹੀ ਨਹੀਂ ਸੀ।"[129]

ਬ੍ਰਾਹਮਣ ਅਤੇ ਪੁਜਾਰੀ ਵਰਗ ਵੱਲੋਂ ਡੰਗਰ-ਢੋਰ ਸਮਝੇ ਜਾਂਦੇ ਸ਼ੂਦਰਾਂ ਅਤੇ ਹੋਰ ਨੀਵੀਆਂ ਜਾਤਾਂ ਨੂੰ ਜਦ ਇਸਲਾਮ ਵਿਚ ਬਰਾਬਰੀ ਦਾ ਸਨਮਾਨਯੋਗ ਦਰਜ਼ਾ ਮਿਲਿਆ ਤਾਂ ਉਨ੍ਹਾਂ ਭਾਰਤੀ ਲੋਕਾਂ ਨੇ ਇਸਲਾਮ ਨੂੰ ਇਕ ਸਹਾਰੇ ਵਜੋਂ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਭਾਰਤ ਵਿਚ ਸਦੀਆਂ ਤੋਂ ਗ਼ੁਲਾਮੀ ਦੀ ਦਲਦਲ ਵਿਚ ਗ਼ਲਤਾਨ ਲੋਕਾਂ ਨੇ ਇਸਲਾਮ ਕਬੂਲ ਕਰਨਾ ਆਰੰਭ ਕਰ ਦਿੱਤਾ। ਉਹ ਇਸਲਾਮੀ ਜੀਵਨ ਵਿਚ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਸਮਝਣ ਲੱਗੇ;

"ਅਜਿਹੇ (ਜਿਸ) ਸਮੇਂ ਇਸਲਾਮ ਨੇ ਭਾਰਤ ਉੱਤੇ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕੀਤਾ ਲੋਕਾਂ ਨੂੰ ਸ਼ਾਂਤੀ, ਪਿਆਰ, ਸਮਾਜਿਕ ਬਰਾਬਰੀ, ਸਾਂਝ ਤੇ ਹਮਦਰਦੀ ਲਈ ਰਾਹ ਤਿਆਰ ਕਰਕੇ ਤੇ ਸਾਰਿਆਂ ਦੇ ਸਾਂਝੇ ਰੱਬ ਵੱਲ ਧਰਮ ਨੂੰ ਪੇਸ਼ ਕਰਕੇ ਪੂਰੀ ਕੀਤੀ। ... ਕੋਈ ਹੈਰਾਨੀ ਦੀ ਗੱਲ ਨਹੀਂ ਕਿ ਥੋੜ੍ਹੇ ਜਿਹੇ ਸਮੇਂ ਵਿਚ ਪੰਜਾਬ ਦੀ ਅੱਧੀ ਤੋਂ ਵੱਧ ਅਤੇ ਭਾਰਤ ਦੀ ਚੋਥਾਈ ਤੋਂ ਵੱਧ ਆਬਾਦੀ ਇਸਲਾਮ ਦੀ ਬੁੱਕਲ ਵਿਚ ਚਲੀ ਗਈ।"[130]

ਇਸਲਾਮ ਨੇ ਭਾਰਤੀ ਲੋਕਾਂ ਨੂੰ ਸਮਾਜ ਵਿਚਲੀਆਂ ਕੋਝੀਆਂ ਕੀਮਤਾਂ ਤੋਂ ਨਿਜ਼ਾਤ ਦੁਆਈ। ਇਸ ਦੇ ਨਾਲ ਹੀ ਇਸਲਾਮੀ ਸ਼ਾਸਕਾਂ ਦਾ ਉਦੇਸ਼ ਭਾਰਤ ਵਿਚ ਸਥਾਪਿਤ ਹੋਣਾ ਸੀ। ਇਸ ਰਾਜਨੀਤਿਕ ਸਥਾਪਤੀ ਲਈ ਸਥਾਨਕ ਲੋਕਾਂ ਦੀ ਸੰਸਕ੍ਰਿਤੀ ਨਾਲ ਸਾਂਝ ਉਸ ਵੇਲੇ ਦੀ ਸਖ਼ਤ ਜ਼ਰੂਰਤ ਸੀ। ਭਾਰਤੀ ਸਮਾਜ ਨਾਲ ਸਾਂਸਕ੍ਰਿਤਕ ਸਾਂਝ ਪਾਉਣ ਦਾ ਕੰਮ ਸੂਫ਼ੀਆਂ ਨੇ ਬਾਖ਼ੂਬੀ ਕੀਤਾ। ਇਸ ਸਾਂਝ ਦਾ ਮੁੱਖ ਉਦੇਸ਼ ਇਸਲਾਮ ਦੀਆਂ ਜੜ੍ਹਾਂ ਭਾਰਤ ਵਿਚ ਜਮਾਉਣਾ ਸੀ ਤਾਂ ਕਿ ਇਸਲਾਮ ਆਮ ਲੋਕਾਂ ਦੀ ਨੇੜਤਾ ਪ੍ਰਾਪਤ ਕਰ ਸਕੇ। ਇਸ ਕੰਮ ਵਿਚ ਮੁੱਲਾਂ-ਮੁਲਾਣਿਆਂ ਨਾਲੋਂ ਸੂਫ਼ੀਆਂ ਨੇ ਜਿਆਦਾ ਵਧੀਆ ਪ੍ਰਚਾਰਕਾਂ ਵਾਲਾ ਕੰਮ ਕੀਤਾ;

"ਸਭ ਸੂਫ਼ੀ ਆਰੰਭ ਵਿਚ ਇਸਲਾਮ ਦੇ ਪ੍ਰਚਾਰਕ ਸਨ। ਕੁਰਾਨ ਦੀ ਤਾਲੀਮ ਤੇ ਹਜ਼ਰਤ ਮੁਹੰਮਦ ਦੇ ਜੀਵਨ ਤੋਂ ਹੀ ਉਹ ਚਾਨਣ ਲੈਂਦੇ ਸਨ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦਾ ਪ੍ਰਚਾਰ ਢੰਗ ਮੁਸਲਮਾਨ ਹਾਕਮਾਂ ਨਾਲੋਂ ਵੱਖਰਾ ਸੀ।"[131]

ਸੂਫ਼ੀਆਂ ਨੇ ਇਸਲਾਮੀ ਸ਼ਾਸਨ ਦੇ ਸਹਾਇਕ ਅੰਗ ਵਜੋਂ ਇਸਲਾਮੀ ਕਦਰਾਂ-ਕੀਮਤਾਂ ਦਾ ਪ੍ਰਚਾਰ ਸਥਾਨਕ ਭਾਸ਼ਾਵਾਂ ਵਿਚ ਕੀਤਾ। ਸੂਫ਼ੀਆਂ ਦੁਆਰਾ ਨਿਭਾਈ ਇਸ ਭੂਮਿਕਾ ਰਾਹੀਂ ਇਸਲਾਮ ਦਾ ਭਾਰਤੀਕਰਨ ਜਾਂ ਪੰਜਾਬੀਕਰਨ ਹੋਇਆ। ਇਸਲਾਮ ਦੇ ਭਾਰਤੀ ਸਮਾਜ ਉੱਪਰ ਪਏ ਪ੍ਰਭਾਵ ਕਾਰਣ ਸਿਰਜਣਾਤਮਕ ਗਤੀਵਿਧੀਆਂ ਵਿਚ ਵਾਧਾ ਹੋਇਆ। ਸੂਫ਼ੀਮਤ ਇਸੇ ਸਭਿਆਚਾਰਕ ਪੁਨਰ-ਸੁਰਜੀਤੀ ਜਾਂ ਸਭਿਆਚਾਰ ਨਵ-ਨਿਰਮਾਣ ਦਾ ਅੰਗ ਹੈ ਜੋ ਬਾਬਾ ਫ਼ਰੀਦ ਤੋਂ ਗ਼ੁਲਾਮ ਫ਼ਰੀਦ ਤੱਕ (12ਵੀਂ ਸਦੀ ਤੋਂ 19ਵੀਂ ਸਦੀ) ਪੰਜਾਬੀ ਅਤੇ ਭਾਰਤੀ ਸਮਾਜ ਵਿਚ ਵਿਸ਼ੇਸ਼ ਪ੍ਰਭਾਵ ਦੀ ਲਖਾਇਕ ਹੈ। ਬਾਬਾ ਫ਼ਰੀਦ ਪੰਜਾਬੀ ਸੂਫ਼ੀ ਕਾਵਿ ਦਾ ਪਹਿਲਾ ਕਵੀ ਤੇ ਵਿਚਾਰਵਾਨ ਸੀ। ਬਾਬਾ ਫ਼ਰੀਦ ਦੀ ਕਵਿਤਾ ਦਾ ਸਾਰੇ ਸੂਫ਼ੀ ਕਵੀਆਂ ਨਾਲੋਂ ਵੱਧ



Sri Satguru Jagjit Singh Ji eLibrary NamdhariElibrary@gmail.com

ਸਭਿਆਚਾਰਕ ਪ੍ਰਭਾਵ ਪਿਆ ਜਿਸ ਕਾਰਨ ਉਸ ਦੀ ਕਵਿਤਾ ਵਿਚ ਪਹਿਲੀ ਵਾਰ ਲੋਕ ਬੋਲੀ ਦੀ ਵਰਤੋਂ, ਕੁਲੀਨ ਵਰਗ ਦੀ ਭਾਸ਼ਾ ਦਾ ਸੁਚੇਤ ਪੱਧਰ ਤੇ ਵਿਰੋਧ, ਇਸਲਾਮੀ ਵਿਚਾਰਧਾਰਾ ਤੋਂ ਪ੍ਰੇਰਣਾ ਲੈਂਦਿਆਂ ਪੰਜਾਬੀ ਲੋਕ ਜੀਵਨ ਵਿਚੋਂ ਚੁਣੇ ਕਾਵਿ ਬਿੰਬਾਂ, ਅੰਲਕਾਰਾਂ ਅਤੇ ਕਾਵਿ ਮੁਹਾਵਰੇ ਦੀ ਵਰਤੋਂ ਸੀ।

## ਕੁੱਝ ਪ੍ਰਸਿੱਧ ਸੂਫ਼ੀ ਕਵੀ

ਅਸੀਂ ਆਪਣੀ ਇਸ ਪੁਸਤਕ ਵਿਚ ਪੰਜਾਬੀ ਸੂਫ਼ੀ ਸਾਹਿਤ ਵਿਚ ਆਪਣੇ ਕਲਾਮ ਅਤੇ ਜੀਵਨ ਰਾਹੀਂ ਯੋਗਦਾਨ ਪਾਉਣ ਵਾਲੇ ਕੁਝ ਪ੍ਰਸਿੱਧ ਸੂਫ਼ੀ ਸਾਧਕਾਂ ਬਾਰੇ ਵਿਚਾਰ-ਚਰਚਾ ਕਰ ਰਹੇ ਹਾਂ। ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਗ਼ੁਲਾਮ ਫ਼ਰੀਦ ਬਾਰੇ ਇਸ ਲਈ ਵਿਚਾਰ-ਚਰਚਾ ਨਹੀਂ ਕੀਤੀ ਜਾ ਰਹੀ ਕਿਉਂਕਿ ਪੁਸਤਕ ਦੇ ਅਗਲੇ ਅਧਿਆਵਾਂ ਵਿਚ ਇਹਨਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।

## ਮੁਹੰਮਦ ਸਈਦ ਸਰਮਦ

ਮੁਹੰਮਦ ਸਈਦ ਸਰਮਦ ਦਾ ਜਨਮ 1618 ਈ. ਨੂੰ ਈਰਾਨ ਦੇ ਕਸਬੇ ਵਿਚ ਇਕ ਯਹੂਦੀ ਪਰਿਵਾਰ ਵਿਚ ਹੋਇਆ। ਸਰਮਦ ਉਸ ਦਾ ਤੁਖਲੁੱਸ ਸੀ, ਜਿਸ ਦਾ ਸ਼ਬਦੀ ਅਰਥ ਹੈ ਆਦਿ ਅੰਤ ਤੋਂ ਰਹਿਤ ਭਾਵ ਸਦਾ ਜੀਵਤ ਰਹਿਣ ਵਾਲਾ ਅਤੇ ਸਮੇਂ ਅਤੇ ਸਥਾਨ ਤੋਂ ਪਾਰ ਅਭਿਨਾਸ਼ੀ ਪੁਰਖ;

"ਸਰਮਦ ਦਾ ਸ਼ਾਬਦਿਕ ਅਰਥ ਹੁੰਦਾ ਹੈ ਜੋ ਆਦਿ ਅਤੇ ਅੰਤ ਤੋਂ ਰਹਿਤ ਹੋਵੇ। ਅਜ਼ਰ-ਅਮਰ, ਸਦਾ ਜੀਵਤ ਰਹਿਣ ਵਾਲਾ ਅਤੇ ਸਮੇਂ, ਸਥਾਨ ਤੋਂ ਪਰੇ ਜੋ ਅਨੰਤ ਹੈ ਉਹੀ ਸਰਮਦ ਹੈ।"[132]

"ਆਰਮੀਨੀਆ ਦੇ ਯਹੂਦੀ ਵਪਾਰੀ ਖਾਨਦਾਨ ਵਿਚ ਸਰਮਦ ਸੰਨ 1618 ਨੂੰ ਪੈਦਾ ਹੋਏ। ਜਨਮ ਈਰਾਨ ਦੇ ਕਾਸ਼ਾਨ ਵਿਚ ਹੋਇਆ। ਬਚਪਣ ਵਿਚ ਹੀ ਸਰਮਦ ਯਹੂਦੀ ਧਰਮ-ਗ੍ਰੰਥਾਂ ਵਿਚ ਮਾਹਰ ਹੋ ਗਿਆ ਸੀ ਲੇਕਿਨ ਗਿਆਨ ਦੀ ਪਿਆਸ ਨਾ ਸ਼ਾਂਤ ਹੋਈ ਤਾਂ ਦੂਜੇ ਧਰਮ-ਗ੍ਰੰਥਾਂ ਦਾ ਅਧਿਐਨ ਸ਼ੁਰੂ ਕੀਤਾ। ਸਰਮਦ ਮਸਤ ਮੌਲਾ ਸੀ। ਉਨ੍ਹਾਂ ਦਾ ਅਸਲੀ ਨਾਮ ਕੋਈ ਨਹੀਂ ਜਾਣਦਾ ਦਰਅਸਲ ਸਰਮਦ ਤੁਖਲੁੱਸ ਹੈ ਜੋ ਕਵਿਤਾ ਦਾ ਉਪਨਾਮ ਹੈ।"[133]

ਸਰਮਦ ਨੇ ਦੂਜੇ ਸੂਫ਼ੀ ਕਵੀਆਂ ਦੀ ਤਰ੍ਹਾਂ ਹੀ ਮਨੁੱਖ ਦੀ ਪਰਮਾਤਮਾ ਨਾਲ ਨੇੜਤਾ ਸਥਾਪਤ ਕਰਨ ਦਾ ਸੁਨੇਹਾ ਦਿੱਤਾ ਹੈ ਅਤੇ ਇਹ ਨੇੜਤਾ ਪਰਮਾਤਮਾ ਦੀ ਮਿਹਰ ਦ੍ਰਿਸ਼ਟੀ ਤੋਂ ਬਿਨਾਂ ਸੰਭਵ ਨਹੀਂ ਹੈ;

"ਸਾਰੇ ਮਿੱਤਰ ਦੁਸ਼ਮਣ ਹੋ ਜਾਣ ਮੈਨੂੰ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ। ਮੇਰੇ ਲਈ ਤਾਂ ਇਕ ਉਸੇ ਦੀ ਪ੍ਰੀਤ ਆਨੰਦਦਾਇਕ ਹੈ। ਸਭ ਤੋਂ ਆਜ਼ਾਦ ਮੈਂ ਉਸ ਵਲ ਪਰਤਦਾ ਹਾਂ। ਮੇਰਾ ਤੇ ਉਸ ਦਾ ਦਿਲ ਇਕਮਿਕ ਹੈ। ਮੈਂ ਉਸ ਨੂੰ ਆਪਣੇ ਅੰਦਰ ਲੱਭ ਲਿਆ ਹੈ।... ਪਿਆਰੇ ਤੋਂ ਇਕ ਛਿਣ ਦਾ ਵਿਛੋੜਾ ਵੀ ਅਸਹਿ ਹੈ। ਵਿਛੋੜੇ ਦੀਆਂ ਪੀੜਾਂ ਸ਼ਬਦਾਂ ਦੀ ਪਕੜ ਤੋਂ ਬਾਹਰ ਹਨ। ਰੱਬ ਸਾਗਰ ਹੈ, ਮੇਰਾ ਦਿਲ ਇਕ ਘੜਾ ਹੈ। ਕੀ ਇਕ ਘੜਾ ਸਾਗਰ ਨੂੰ ਆਪੇ ਵਿਚ ਸਮਾ ਸਕਦਾ ਹੈ।"[134]



Sri Satguru Jagjit Singh Ji eLibrary NamdhariElibrary@gmail.com

ਮਨੁੱਖ ਦੇ ਪਾਪਾਂ ਨੂੰ ਸਰਮਦ ਅਨੁਸਾਰ ਕੇਵਲ ਪ੍ਰਭੂ ਦੀ ਮਿਹਰ ਦੀ ਦ੍ਰਿਸ਼ਟੀ ਦੁਆਰਾ ਹੀ ਦੂਰ ਕੀਤਾ ਜਾ ਸਕਦਾ ਹੈ। ਉਹ ਕਹਿੰਦਾ ਹੈ ਕਿ ਅੱਲ੍ਹਾ ਦੀ ਕਿਰਪਾ ਤੋਂ ਬਿਨਾਂ ਮਨੁੱਖ ਆਪਣੇ ਕੀਤੇ ਪਾਪਾਂ ਤੋਂ ਛੁੱਟਕਾਰਾ ਨਹੀਂ ਪਾ ਸਕਦਾ ਪਰ ਜੇਕਰ ਉਸ ਦੀ ਨਿਗ੍ਹਾਹ ਸੁਵੱਲੀ ਹੋ ਜਾਵੇ ਤਾਂ ਮਨੁੱਖ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਂਦਾ ਹੈ;

"ਮੇਰੇ ਪਾਪ ਬੇਅੰਤ ਹਨ, ਪਰ ਤੇਰੀ ਮਿਹਰ ਉਨ੍ਹਾਂ ਤੋਂ ਵੀ ਬੇਅੰਤ ਹੈ। ਸਿਆਣਾ ਉਹ ਹੈ ਜੋ ਉਸਦੇ ਨਾਮ ਦਾ ਦੀਵਾਨਾ ਹੈ।"[135]

ਸਰਮਦ ਅਜਿਹਾ ਸੂਫ਼ੀ ਕਵੀ ਹੈ ਜੋ ਸ਼ਰੀਅਤ ਦੀ ਪਾਲਣਾ ਨੂੰ ਮਨੁੱਖੀ ਮਨ ਉੱਤੇ ਵਾਧੂ ਭਾਰ ਸਮਝਦਾ ਹੈ। ਉਹ ਸਮਾਜ ਵਿਚ ਵਿਚਰ ਰਹੇ ਮਨੁੱਖ ਨੂੰ ਆਜ਼ਾਦ ਹਸਤੀ ਦਾ ਮਾਲਕ ਬਣਾਉਣਾ ਚਾਹੁੰਦਾ ਹੈ। ਸਰਮਦ ਅਨੁਸਾਰ ਸਮਾਜ ਵਿਚ ਜਿਤਨੇ ਵੀ ਰਿਸ਼ਤੇ ਨਾਤੇ ਹਨ ਉਹ ਝੂਠ ਤੇ ਟਿਕੇ ਹਨ; ਕੋਈ ਵੀ ਕਿਸੇ ਦਾ ਮਿੱਤਰ ਨਹੀਂ ਹੈ;

"ਇੱਥੋ ਦੋਸਤੀ ਕੇਵਲ ਰੋਟੀ ਖਾਤਰ ਹੈ। ਕੋਈ ਵੀ ਰੂਹ ਤੋਂ ਪਿਆਰ ਨਹੀਂ ਕਰਦਾ। ਲੋਕ ਕੁੱਤਿਆਂ ਵਾਂਗ ਦਰ ਦਰ ਤੇ ਟੁਕੜੇ ਮੰਗਦੇ ਫਿਰਦੇ ਹਨ; ਪਰ ਇਸ ਨੂੰ ਉਹ ਮਿੱਤਰ-ਮਿਲਣੀ ਦਾ ਨਾਮ ਦਿੰਦੇ ਹਨ।"[136]

ਸਰਮਦ ਉੱਪਰ ਇਹ ਦੋਸ਼ ਲਗਾਇਆ ਗਿਆ ਕਿ ਉਹ ਨੰਗਾ ਰਹਿੰਦਾ ਸੀ ਅਤੇ ਦੂਜਾ ਦੋਸ਼ ਇਹ ਲਗਾਇਆ ਗਿਆ ਕਿ ਉਹ ਅੱਧਾ ਕਲਮਾ ਪੜ੍ਹਦਾ ਸੀ। ਉਹ ਕੇਵਲ ਲਾ ਇਲਾ ਹੀ ਪੜ੍ਹਦਾ ਸੀ ਜਿਸ ਤੋਂ ਭਾਵ ਇਹ ਲਿਆ ਜਾਂਦਾ ਹੈ 'ਨਹੀਂ ਹੈ ਅੱਲ੍ਹਾ';

"ਮੁਲਾਣਿਆਂ ਨੇ ਔਰੰਗਜ਼ੇਬੀ ਇੱਛਾ ਪੂਰਤੀ ਲਈ ਸਰਮਦ ਤੇ ਤਿੰਨ ਇਲਜਾਮ ਲਾਏ ਸਨ; ਇਕ ਇਹ ਕਿ ਉਹ ਨੰਗਾ ਰਹਿੰਦਾ ਹੈ। ਦੂਜਾ ਇਹ ਕਿ ਉਹ ਅੱਧਾ ਕਲਮਾ ਪੜ੍ਹਦਾ ਹੈ ਯਾਨੀ ਲਾ ਇਲਾ ਹੀ ਕਹਿੰਦਾ ਹੈ ਜਿਸ ਦਾ ਅਰਥ ਹੈ ਕਿ ਰੱਬ ਹੈ ਨਹੀਂ ਅਤੇ ਤੀਜਾ ਦੋਸ਼ ਲਾਇਆ ਕਿ ਉਹ ਸ਼ਬੇ ਮਿਅਰਾਜ ਵਾਲੀ ਘਟਨਾ ਨੂੰ ਨਹੀਂ ਮੰਨਦਾ ਯਾਨੀ ਉਹ ਕਹਿੰਦਾ ਹੈ ਕਿ ਅਹਿਮਦ ਉੱਪਰ ਨਹੀਂ ਗਿਆ ਸਗੋਂ ਆਸਮਾਨ ਉਹਦੇ ਕੋਲ ਆਇਆ।"[137]

ਇਨ੍ਹਾਂ ਦੋਸ਼ਾ ਕਾਰਨ ਹੀ ਮੁਲਾਣਿਆਂ ਨੇ ਸਰਮਦ ਨੂੰ ਕਤਲ ਕਰਨ ਦੀ ਸਜ਼ਾ ਸੁਣਾ ਦਿੱਤੀ। ਸਰਮਦ ਨੂੰ ਲਾਲ ਕਿਲ੍ਹੇ ਤੋਂ ਜਲੂਸ ਦੀ ਸ਼ਕਲ ਵਿਚ ਜਾਮਾ ਮਸਜਦ ਲਿਆਂਦਾ ਗਿਆ। ਇਸ ਜਗ੍ਹਾ ਤੇ ਇਕ ਉੱਚੇ ਚਬੂਤਰੇ'ਤੇ ਖੜ੍ਹਾ ਕਰਕੇ ਸਰਮਦ ਨੂੰ ਕਿਹਾ ਗਿਆ ਕਿ ਤੇਰੀ ਮੌਤ ਦੀ ਸਜ਼ਾ ਖਤਮ ਹੋ ਸਕਦੀ ਹੈ ਜੇਕਰ ਤੂੰ ਆਪਣੇ ਸਰੀਰ ਤੇ ਕਪੜੇ ਪਹਿਨ ਲਵੇਂ ਅਤੇ ਪੂਰਾ ਕਲਮਾ ਪੜ੍ਹ ਲਵੇਂ। ਸਰਮਦ ਨੇ ਕਿਹਾ;

"ਚਿਰ ਹੋਇਆ ਮਨਸੂਰ ਦੀ ਗੱਲ ਭੁੱਲੀ ਵਿਸਰੀ ਹੋ ਗਈ ਸੀ, ਮੈਂ ਅੱਜ ਮੁੜ ਸੂਲੀ ਚੜ੍ਹ ਕੇ ਮਹਿਬੂਬ ਦਾ ਦੀਦਾਰ ਕਰਾਂਗਾ।"[138]

ਇਸ ਤੋਂ ਬਾਅਦ ਸਰਮਦ ਨੂੰ ਸ਼ਰੇਆਮ ਕਤਲ ਕਰ ਦਿੱਤਾ ਗਿਆ। ਡਾ. ਗ਼ੁਲਜ਼ਾਰ ਸਿੰਘ ਕੰਗ ਨੇ ਆਪਣੀ ਪੁਸਤਕ **ਸੂਫ਼ੀਮਤ ਸਿਲਸਿਲੇ ਅਤੇ ਸਾਧਕ** ਵਿਚ ਸੂਫ਼ੀ ਦਰਵੇਸ਼ ਮੁਹੰਮਦ ਸਈਦ ਸਰਮਦ ਦੀ ਸ਼ਹਾਦਤ ਦਾ ਸਮਾਂ 1660 ਈ. ਲਿਖਿਆ ਹੈ। ਸੂਫ਼ੀ ਕਵੀ ਸਰਮਦ ਦੀ ਕਵਿਤਾ ਤੇ ਜ਼ਿੰਦਗੀ ਵਿਚ ਸ਼ਰ੍ਹਾ ਦੀ ਬੇ-ਲੋੜੀ ਕਠੋਰਤਾ ਕਦੇ ਵੀ ਘਰ ਨਹੀਂ ਕਰ ਪਾਈ। ਸਰਮਦ ਨੇ ਆਪਣੇ ਜੀਵਨ ਅਤੇ ਕਲਾਮ ਵਿਚ ਬਾਹਰੀ ਵਿਖਾਵੇ ਦੀ ਰੱਜ ਕੇ ਭੰਡੀ ਕੀਤੀ ਹੈ। ਸਰਮਦ ਅਨੁਸਾਰ ਸ਼ਰ੍ਹਾ ਦੇ ਨਿਯਮਾਂ ਦੁਆਰਾ ਮਨੁੱਖ ਕਦੇ ਵੀ ਪਰਮਾਤਮਾ ਨੂੰ ਨਾ ਤਾਂ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਉਸ ਵਿਚ ਫ਼ਨਾ ਹੋ ਸਕਦਾ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਕੇਵਲ



Sri Satguru Jagjit Singh Ji eLibrary NamdhariElibrary@gmail.com

ਇਕੋ ਹੀ ਰਾਹ ਹੈ ਅਤੇ ਉਹ ਰਾਹ ਹੈ ਪਰਮਾਤਮਾ ਨਾਲ ਇਸ਼ਕ ਕੀਤਾ ਜਾਣਾ। ਸਰਮਦ ਦੇ ਅਨੁਸਾਰ ਇਸ ਸੰਸਾਰ ਵਿਚ ਅਜਿਹਾ ਕੋਈ ਮਨੁੱਖ ਨਹੀਂ ਹੈ ਜਿਸ ਨੇ ਬਿਨਾਂ ਇਸ਼ਕ ਕੀਤਿਆਂ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਹੋਵੇ। ਸੂਫ਼ੀ ਕਵੀ ਸਰਮਦ ਲੋਕਾਂ ਨੂੰ ਪਰਮਾਤਮਾ ਦੇ ਨਾਮ ਨਾਲ ਇਸ਼ਕ ਕਰਨ ਦਾ ਪਾਠ ਪੜ੍ਹਾਉਂਦਾ ਹੈ।

## ਸੁਲਤਾਨ ਬਾਹੂ

ਸ਼ਾਹ ਹੁਸੈਨ ਤੋਂ ਬਾਅਦ ਅਤੇ ਬੁੱਲ੍ਹੇ ਸ਼ਾਹ ਤੋਂ ਪਹਿਲਾਂ ਪੰਜਾਬੀ ਸਾਹਿਤ ਨੂੰ ਆਪਣੇ ਅਮੀਰ ਬੋਲਾਂ ਰਾਹੀਂ ਵਡਿਆਉਣ ਵਾਲੇ ਸੂਫ਼ੀ ਕਵੀ ਸੁਲਤਾਨ ਬਾਹੂ ਦਾ ਜਨਮ 1630 ਈ. ਨੂੰ ਜ਼ਿਲ੍ਹਾ ਝੰਗ ਦੇ ਪਿੰਡ ਅਵਾਨ ਵਿਖੇ ਹੋਇਆ। ਸੁਲਤਾਨ ਬਾਹੂ ਦੇ ਪਿਤਾ ਦਾ ਨਾਮ ਬਾਜ਼ੀਦ ਮੁਹੰਮਦ ਤੇ ਮਾਤਾ ਦਾ ਨਾਮ ਰਾਸਤੀ-ਕੁਦਮ-ਸਰਾ ਸੀ। ਬਾਹੂ ਦੇ ਪੁਰਖੇ ਅਰਬ ਵਿਚੋਂ ਆ ਕੇ ਪੰਜਾਬ ਵਿਚ ਵੱਸੇ ਸਨ;

"ਬਾਹੂ ਦੇ ਵੱਡੇ ਵਡੇਰੇ ਅਰਬ ਵਿਚੋਂ ਆ ਕੇ ਪੰਜਾਬ ਵਿਚ ਵੱਸੇ ਸਨ। ਬਾਹੂ ਦੇ ਪਿਤਾ ਦਾ ਸ਼ਾਹ-ਜਹਾਨ (ਮੁਗਲ ਬਾਦਸ਼ਾਹ) ਦੇ ਦਿਲ ਵਿਚ ਕਾਫੀ ਸਤਿਕਾਰ ਸੀ। ਇਸ ਕਰਕੇ ਇਸ ਨੂੰ ਝਨਾ ਦਰਿਆ ਦੇ ਕੰਢੇ ਕਹਰਗਾਨ ਵਿਚ ਜਗੀਰ ਦਿੱਤੀ ਹੋਈ ਸੀ। ਅਸਲ ਵਿਚ ਬਾਹੂ ਦਾ ਪਿਤਾ ਇਕ ਰਜਵਾੜਾ ਸੀ। ਬਾਹੂ ਦਾ ਬਚਪਣ ਤੋਂ ਹੀ ਪਾਲਣ-ਪੋਸਣ ਅਮੀਰੀ ਠਾਠ ਵਿਚ ਹੋਇਆ। ਕਿਹਾ ਜਾਂਦਾ ਹੈ ਕਿ ਬਚਪਣ ਵਿਚ ਹੀ ਆਪ ਦੇ ਚਿਹਰੇ ਤੇ ਰੱਬੀ ਨੂਰ ਦੀ ਝਲਕ ਤੇ ਜਲਾਲ ਵਿਖਾਈ ਦਿੰਦਾ ਸੀ।"[139]

"ਸੁਲਤਾਨ ਬਾਹੂ ਦੇ ਪਿਤਾ ਸੁਲਤਾਨ ਬਾਜ਼ੀਦ ਨੂੰ ਬਾਦਸ਼ਾਹ ਸ਼ਾਹ ਜਹਾਨ ਵੱਲੋਂ ਪਿੰਡ ਕਹਾਰ ਜਾਨਾਂ ਜਗੀਰ ਦੇ ਤੌਰ'ਤੇ ਬਖਸ਼ਿਸ਼ ਵਜੋਂ ਮਿਲਿਆ। ਬਾਦਸ਼ਾਹ ਉਸਦੇ ਪਰਿਵਾਰ ਦਾ ਬਹੁਤ ਸਤਿਕਾਰ ਕਰਦਾ ਸੀ।"[140]

ਸੁਲਤਾਨ ਬਾਹੂ ਉਨ੍ਹਾਂ ਸੁਚੇਤ ਸੂਫ਼ੀਆਂ ਵਿਚੋਂ ਇਕ ਹੈ ਜਿਨ੍ਹਾਂ ਨੇ ਸੱਚ ਦੀ ਤਲਾਸ਼ ਵਿਚ ਸਾਧਨਾ ਮਾਰਗ ਉੱਤੇ ਚੱਲਦਿਆਂ ਹਾਸਲ ਕੀਤੇ ਹਕੀਕੀ ਗਿਆਨ ਤੇ ਸੱਚੀ-ਸੁੱਚੀ ਸੂਫ਼ੀਆਨਾ ਵਿਚਾਰਧਾਰਾ ਨੂੰ ਪ੍ਰਗਟਾਉਣ ਲਈ ਸਾਹਿਤ ਮਾਧਿਅਮ ਦਾ ਮਹਤੱਵ ਸਮਝਿਆ;

"ਸੁਲਤਾਨ ਬਾਹੂ ਦੀ ਪੰਜਾਬੀ ਕਾਵਿ ਰਚਨਾ ਦਾ ਮੁੱਖ ਨਿਸ਼ਾਨਾ ਇਸ਼ਕ-ਹਕੀਕੀ ਦਾ ਸੰਕਲਪ ਮੁਰਸ਼ਦ ਰਾਹੀਂ ਰੂਹਾਨੀ ਗਿਆਨ ਤੇ ਸ਼ਰੀਅਤ ਦੀ ਰੂਹਾਨੀ ਵਿਆਖਿਆ ਕਰਨਾ ਹੈ। ਇਸ ਦੇ ਬਿਨਾਂ ਸੰਸਾਰ ਦੀ ਨਾਸ਼ਮਾਨਤਾ ਤੇ ਧਾਰਮਿਕ ਸਹਿਨਸ਼ੀਲਤਾ ਦੇ ਵਿਸ਼ਿਆਂ ਨੂੰ ਵੀ ਬਾਹੂ ਦੇ ਛੋਹਿਆ। ਇਸ ਮਹਾਨ ਸੂਫ਼ੀ ਸ਼ਾਇਰ ਨੇ ਪਾਖੰਡੀ ਆਲਮਾਂ ਦੇ ਚਰਿਤਰ ਨੂੰ ਸਭ ਤੋਂ ਵੱਧ ਭੰਡਿਆ ਜਿਹੜੇ ਸਾਰੇ ਮਜ਼੍ਹਬੀ ਮਸਲਿਆਂ ਉੱਤੇ ਲੋਕਾਂ ਨੂੰ ਗੁੰਮਰਾਹ ਕਰਦੇ ਸਨ। ਬਾਹੂ ਅਨੁਸਾਰ ਅਜਿਹੇ ਆਲਮਾਂ ਨੂੰ ਪਹਿਲਾਂ ਇਸ਼ਕ ਦੀ ਪੋਥੀ ਪੜ੍ਹਣੀ ਚਾਹੀਦੀ ਹੈ, ਇਕ ਨਿਗਾਹ ਜਗਾਣੀ ਚਾਹੀਦੀ ਹੈ ਤਾਂ ਕਿ ਉਹ ਵਹਿਦਤ ਦੇ ਦਰਿਆ ਵਿਚ ਚੁੱਭੀ ਲਾ ਸਕਣ ਤੇ ਜ਼ਮਾਨੇ ਨੂੰ ਅਸਲੀਅਤ ਸਮਝਾ ਸਕਣ।"[141]

ਸੁਲਤਾਨ ਬਾਹੂ ਦੇ ਰਚਨਾ ਸੰਸਾਰ ਵਿਚ ਇਸ਼ਕ ਦੇ ਸੰਕਲਪ ਦੀ ਵਾਰ-ਵਾਰ ਦੁਹਰਾਈ ਹੁੰਦੀ ਹੈ। ਪਰਮਾਤਮਾ ਨਾਲ ਇਸ਼ਕ ਕੀਤੇ ਬਗ਼ੈਰ ਉਸ ਦੀ ਪ੍ਰਾਪਤੀ ਸੰਭਵ ਨਹੀਂ ਹੈ;

"ਪੇ ਪੜ੍ਹ ਪੜ੍ਹ ਇਲਮ ਹਜ਼ਾਰ ਕਿਤਾਬਾਂ, ਆਲਮ ਹੁਏ ਸਾਰੇ ਹੂ।
ਇਕ ਹਰਫ ਇਸ਼ਕ ਦਾ ਨਾ ਪੜ੍ਹ ਜਾਨਣ, ਭੁੱਲੇ ਫਿਰਨ ਬਿਚਾਰੇ ਹੂ।



Sri Satguru Jagjit Singh Ji eLibrary NamdhariElibrary@gmail.com

ਇਕ ਨਿਗਾਹ ਜੇ ਆਸ਼ਕ ਵੇਖੇ, ਲੱਖ ਹਜ਼ਾਰਾਂ ਤਾਰੇ ਹੂ।
ਲਖ ਨਿਗਾਹ ਜੇ ਆਲਮ ਵੇਖੇ, ਕਿਸੇ ਨਾ ਕੰਧੀ ਚਾਹੜੇ ਹੂ।
ਇਸ਼ਕ ਅਕਲ ਵਿਚ ਮੰਜ਼ਿਲ ਭਾਰੀ ਸੈਆ ਕੋਹਾ ਦੇ ਪਾੜੇ ਹੂ।"[142]

"ਪਰਮਾਤਮਾ ਦਾ ਵਸਲ ਪ੍ਰਾਪਤ ਕਰਨ ਲਈ ਬਾਹੂ ਅਨੁਸਾਰ ਇਕੋ ਇਕ ਰਸਤਾ ਇਸ਼ਕ-ਹਕੀਕੀ ਦਾ ਝਰੋਖਾ ਹੈ। ਅਕਲ ਤੇ ਫ਼ਿਕਰ ਮਨੁੱਖ ਨੂੰ ਪਰਮਾਤਮਾ ਨਾਲ ਨਹੀਂ ਮਿਲਾ ਸਕਦੇ ਕੇਵਲ ਇਸ਼ਕ ਹੀ ਇਹ ਕੁਝ ਕਰ ਸਕਦਾ ਹੈ। ... ਇਸ਼ਕ ਰੱਬ ਦਾ ਦੂਜਾ ਨਾਮ ਹੈ ਤੇ ਸੰਸਾਰ ਵਿਚ ਉਸ ਦੀ ਵਿਆਪਕਤਾ ਇਸ਼ਕ ਰੂਪ ਵਿਚ ਹੀ ਹੈ।"[143]

ਸੁਲਤਾਨ ਬਾਹੂ ਅਨੁਸਾਰ ਗਿਆਨ ਤੋਂ ਬਿਨਾਂ ਫ਼ਕੀਰੀ ਬਾਣਾ ਪਹਿਣ ਕੇ ਜੰਗਲਾਂ ਵਿਚ ਘੁੰਮਦੇ ਫਿਰਨਾ ਚੰਗਾ ਨਹੀਂ ਹੈ ਅਤੇ ਬਿਨਾਂ ਗਿਆਨ ਤੋਂ ਪਰਮਾਤਮਾ ਦੀ ਭਗਤੀ ਦਾ ਪਾਖੰਡ ਕਰਨ ਨਾਲ ਉਸਦੀ ਪ੍ਰਾਪਤੀ ਨਹੀਂ ਹੁੰਦੀ। ਉਸ ਦੇ ਅਨੁਸਾਰ ਸਾਧਕ ਨੂੰ ਪਰਮਾਤਮਾ ਦਾ ਗਿਆਨ ਪ੍ਰਾਪਤ ਕਰਨ ਲਈ ਉਸ ਦਾ ਸੱਚੇ ਮਨ ਨਾਲ ਧਿਆਨ ਕਰਨਾ ਚਾਹੀਦਾ ਹੈ;

"ਐਮ ਇਲਮ ਬਾਝੋਂ ਕੋਈ ਫ਼ਕਰ ਕਮਾਏ, ਕਾਫ਼ਿਰ ਮਰੇ ਦੀਵਾਨਾ ਹੂ।
ਸੈ ਵਰਿਆਂ ਦੀ ਕਰੇ ਇਬਾਦਤ, ਰਾਹ ਅੱਲਾ ਕੰਨੂ ਬੇਗਾਨਾ ਹੂ।
ਗ਼ਫ਼ਲਤ ਕੰਨੂ ਨਾ ਖੁਲਸਨ ਪਰਦੇ ਦਿਲ ਜ਼ਾਹਿਲ ਬੁੱਤਖਾਨਾ ਹੂ।
ਮੈਂ ਕੁਰਬਾਨ ਤਿਨ੍ਹਾਂ ਦੇ ਬਾਹੂ, ਜਿਨ੍ਹਾਂ ਮਿਲਿਆ ਯਾਰ ਜਗਾਨਾ ਹੂ।"[144]

" ... ਬਾਹੂ ਦੀ ਬਿੰਬਾਵਲੀ ਬਹੁਭਾਂਤੀ ਹੈ। ਉਹ ਮਹਿਬੂਬ ਨੂੰ ਕਸਾਈ ਨਾਲ, ਤਨ ਨੂੰ ਸ਼ਹਿਰ ਨਾਲ, ਮੁਰਸ਼ਦ ਨੂੰ ਧੋਬੀ ਨਾਲ ਉਪਮਾ ਦੇਂਦਾ ਹੈ।"[145]

ਸੁਲਤਾਨ ਬਾਹੂ ਦੇ ਅਨੁਸਾਰ ਜਿਨ੍ਹਾਂ ਲੋਕਾਂ ਨੇ ਇਸ਼ਕ ਦਾ ਰਾਹ ਅਖ਼ਤਿਆਰ ਕੀਤਾ ਉਨ੍ਹਾਂ ਲੋਕਾਂ ਨੇ ਅਜਿਹੀ ਮੰਜ਼ਿਲ ਪ੍ਰਾਪਤ ਕੀਤੀ ਜਿੱਥੇ ਧਰਮਾਂ, ਨਸਲਾਂ ਤੇ ਰਵਾਇਤਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਜਿੱਥੇ ਬਾਹਰੀ ਭੇਖਾਂ, ਰਸਮੀ ਪੂਜਾ-ਪਾਠਾਂ ਅਤੇ ਫੋਕੇ ਅਡੰਬਰਾਂ ਦਾ ਕੋਈ ਮਤਲਬ ਨਹੀਂ ਹੁੰਦਾ ਬਲਕਿ ਉੱਥੇ ਤਾਂ ਕਣ-ਕਣ ਦੇ ਵਿਚ ਅੱਲ੍ਹਾ ਦਾ ਪ੍ਰਕਾਸ਼ ਹੀ ਦਿਖਾਈ ਦੇਣ ਲੱਗ ਪੈਂਦਾ ਹੈ;

"ਨੂਨ-ਨਾ ਉਹ ਹਿੰਦੂ ਨਾ ਉਹ ਮੋਮਨ, ਨਾ ਸਿਜਦਾ ਦੇਣ ਮਸੀਤੀ ਹੂ।
ਦਮ ਦਮ ਦੇ ਵਿਚ ਵੇਖਣ ਮੋਲਾ, ਜਿਨ੍ਹਾਂ ਜਾਨ ਕਜ਼ਾ ਨਾ ਕੀਤੀ ਹੂ।"[146]

ਸੁਲਤਾਨ ਬਾਹੂ ਦੀ ਮੌਤ ਸੰਨ 1691 ਈ. ਨੂੰ 63 ਸਾਲ ਦੀ ਉਮਰ ਵਿਚ ਕਹਰਗਾਨ ਪਿੰਡ ਵਿਚ ਹੋਈ। ਸ਼ਾਹ ਹੁਸੈਨ ਦੇ ਵਾਂਗ ਹੀ ਸੁਲਤਾਨ ਬਾਹੂ ਦੀ ਕਬਰ ਨੂੰ ਵੀ ਝਨਾ ਦਰਿਆ ਰੋੜ੍ਹ ਕੇ ਲੈ ਗਿਆ। ਡਾ. ਨਰੇਸ਼ ਨੇ ਵੀ ਆਪਣੀ ਪੁਸਤਕ **ਸੂਫ਼ੀਮਤ ਅਤੇ ਸੂਫ਼ੀ ਕਾਵਿ** ਵਿਚ ਸੁਲਤਾਨ ਬਾਹੂ ਦੀ ਮੌਤ ਦਾ ਸੰਨ 1691 ਈ. ਲਿਖਿਆ ਹੈ;

"61 ਵਰ੍ਹਿਆਂ ਦੀ ਉਮਰ ਭੋਗ ਕੇ, ਸੰਨ 1691 ਵਿਚ ਸੁਲਤਾਨ ਬਾਹੂ ਨੇ ਅਕਾਲ ਚਲਾਣਾ ਕੀਤਾ ਤੇ ਉਨ੍ਹਾਂ ਨੂੰ ਕਹਿਰਜਾਨਾਂ ਪਿੰਡ ਵਿਚ ਦਫ਼ਨ ਕੀਤਾ ਗਿਆ।"[147]

ਸੁਲਤਾਨ ਬਾਹੂ ਨੇ ਆਪਣੇ ਕਲਾਮ ਵਿਚ ਸ਼ਰ੍ਹਾ ਦੀਆਂ ਬਾਹਰੀ ਦਿਖਾਵਟਾਂ ਦਾ ਵਿਰੋਧ ਕਰਕੇ ਅੰਤਰ-ਮੁਖੀ ਜਾਗ੍ਰਿਤੀ ਦੁਆਰਾ ਪਰਮਾਤਮਾ ਦੀ ਭਗਤੀ ਦਾ ਸੰਦੇਸ਼ ਦਿੱਤਾ ਹੈ। ਸੁਲਤਾਨ ਬਾਹੂ ਨੇ ਆਪਣੇ ਜੀਵਨ ਵਿਚ ਵੀ ਬਾਹਰੀ ਆਡੰਬਰਾਂ, ਵਹਿਮਾਂ-ਭਰਮਾਂ ਦਾ ਵਿਰੋਧ ਕੀਤਾ ਅਤੇ ਸੱਚੇ ਅਤੇ ਨੇਕ ਮਨ ਨਾਲ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੱਤਾ ਹੈ। ਇਹ ਸੰਦੇਸ਼ ਉਸ ਦੀ ਕਾਵਿ ਰਚਨਾ ਵਿਚ ਵੀ ਦੇਖਿਆ ਜਾ ਸਕਦਾ ਹੈ। ਸੁਲਤਾਨ ਬਾਹੂ ਨੇ ਸਾਧਕ ਨੂੰ ਇਸ਼ਕ ਮਾਰਗ



Sri Satguru Jagjit Singh Ji eLibrary NamdhariElibrary@gmail.com

ਤੇ ਚੱਲਣ ਦੀ ਤਾਕੀਦ ਕੀਤੀ ਹੈ ਕਿਉਂਕਿ ਬਿਨਾਂ ਇਸ਼ਕ ਕੀਤਿਆਂ ਕੋਈ ਵੀ ਸੂਫ਼ੀ ਪਰਮਾਤਮਾ ਦੇ ਦਰ ਤੇ ਪਰਵਾਨ ਨਹੀਂ ਹੋ ਸਕਦਾ। ਇਸ ਗੱਲ ਦਾ ਇਲਮ ਸੁਲਤਾਨ ਬਾਹੂ ਨੂੰ ਹੈ। ਇਸ ਲਈ ਉਹ ਮਨੁੱਖ ਨੂੰ ਪਰਮਾਤਮਾ ਨਾਲ ਇਸ਼ਕ ਪਾਉਣ'ਤੇ ਜ਼ੋਰ ਦਿੰਦਾ ਹੈ।

## ਸ਼ਾਹ ਮੁਰਾਦ

ਸ਼ਾਹ ਮੁਰਾਦ ਇਕ ਉੱਘਾ ਪੰਜਾਬੀ ਸੂਫ਼ੀ ਕਵੀ ਹੈ ਜਿਸ ਨੇ ਸੂਫ਼ੀ ਵਿਚਾਰਧਾਰਾ ਨੂੰ ਆਮ ਜਨ-ਜੀਵਨ ਵਿਚ ਸਥਾਪਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ। ਸ਼ਾਹ ਮੁਰਾਦ ਲਈ ਪਰਮਾਤਮਾ ਦੀ ਭਗਤੀ ਵਾਂਗ ਹੀ ਇਨਸਾਨੀ ਦੋਸਤੀ, ਆਪਸੀ ਭਾਈਚਾਰੇ ਦੀ ਭਾਵਨਾ, ਹਿੰਦੂ-ਮੁਸਲਿਮ ਏਕਤਾ ਲਈ ਡੂੰਘੀ ਭਾਵਨਾ ਅਤੇ ਜਜ਼ਬਾ ਸੀ;

" ... ਸ਼ਾਹ ਮੁਰਾਦ ਇਕ ਚੰਗੇ ਫ਼ਕੀਰ ਸਨ ਅਰ ਏਕਤਾ ਦੇ ਘਰ ਕੁਝ ਕੁਝ ਜਾਣੂੰ ਸਨ।"[148]

ਸ਼ਾਹ ਮੁਰਾਦ ਦਾ ਜਨਮ ਪਿੰਡ ਜਾਨਪੁਰ ਤਹਿਸੀਲ ਚਕਵਾਲ ਵਿਚ ਪਿਤਾ ਕਾਜ਼ੀ ਜਾਨ ਮੁਹੰਮਦ ਦੇ ਗ੍ਰਹਿ ਵਿਖੇ ਹੋਇਆ। ਸ਼ਾਹ ਮੁਰਾਦ ਦੀ ਜਨਮ ਤਾਰੀਖ਼ ਬਾਰੇ ਕੋਈ ਨਿਸ਼ਚਿਤ ਤੱਥ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਪਰੰਤੂ ਉਨ੍ਹਾਂ ਦੀ ਮੌਤ 1114 ਹਿਜਰੀ ਵਿਚ ਹੋਈ। ਸ਼ਾਹ ਮੁਰਾਦ ਸੂਫ਼ੀਆਂ ਦੇ ਕਾਦਰੀ ਸਿਲਸਿਲੇ ਨਾਲ ਸੰਬੰਧ ਰੱਖਦੇ ਸਨ। ਸ਼ਾਹ ਮੁਰਾਦ ਨੇ ਜਿੱਥੇ ਪੰਜਾਬੀ ਵਿਚ ਰਚਨਾ ਕੀਤੀ ਉੱਥੇ ਨਾਲ ਹੀ ਫ਼ਾਰਸੀ ਅਤੇ ਉਰਦੂ ਵਿਚ ਵੀ ਉਨ੍ਹਾਂ ਦਾ ਕਲਾਮ ਮਿਲਦਾ ਹੈ।

ਸ਼ਾਹ ਮੁਰਾਦ ਦੀ ਕਵਿਤਾ ਵਿਚ ਪ੍ਰਭੂ ਦੇ ਪ੍ਰੇਮ ਵਿਚ ਮਸਤ ਹੋਣ ਦੀ ਗੱਲ ਆਖੀ ਗਈ ਹੈ। ਉਹ ਆਪ ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਮਸਤ ਫ਼ਕੀਰ ਸਨ। ਉਹ ਬਾਹਰੀ ਦਿਖਾਵੇ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਸਖ਼ਤ ਵਿਰੋਧੀ ਸਨ। ਸ਼ਾਹ ਮੁਰਾਦ ਦੀ ਕਵਿਤਾ ਦੀ ਭਾਸ਼ਾ ਸਰਲ ਹੈ ਅਤੇ ਆਮ ਪਾਠਕਾਂ ਦੀ ਸਮਝ ਵਿਚ ਆਸਾਨੀ ਨਾਲ ਆਉਣ ਵਾਲੀ ਹੈ;

"ਸ਼ਾਹ ਮੁਰਾਦ ਪ੍ਰਭੂ ਦੇ ਪ੍ਰੇਮ ਵਿਚ ਰੱਤੇ ਇਕ ਮਸਤ ਫ਼ਕੀਰ ਸਨ, ਇਸ਼ਕ ਦੇ ਰੰਗ ਵਿਚ ਰੱਤੇ, ਬਿਰਹੋਂ ਦੀਆਂ ਸਾਗਾਂ ਸਹਿਣ ਵਾਲੇ ਸੱਚੇ-ਸੁੱਚੇ ਸਾਧਕ, ਹਿੰਦੂ-ਮੁਸਲਮਾਨ ਦੀ ਏਕਤਾ ਵਿਚ ਡੂੰਘਾ ਵਿਸ਼ਵਾਸ ਰੱਖਣ ਵਾਲੇ ਅਤੇ ਮੱਕੇ ਦਾ ਹੱਜ ਕਰਨ ਤੇ ਗੰਗਾ ਤੀਰਥ ਦਾ ਇਸ਼ਨਾਨ ਕਰਨ ਨਾਲੋਂ ਘਰ ਵਿਚ ਰਹਿਕੇ ਇਬਾਦਤ ਕਰਨ ਵਾਲੇ ਸੁਲਾਹਕੁਨ ਇਨਸਾਨ ਸਨ। ਆਪਦੀ ਕਵਿਤਾ ਵਿਚ ਡੂੰਘਾ ਪ੍ਰੇਮ ਰਸ ਹੈ, ਦਿਲੀ ਵੇਦਨਾ ਹੈ, ਸ਼ਿਅਰਾਂ ਵਿਚ ਰਵਾਨੀ ਹੈ ਤੇ ਭਾਸ਼ਾ ਆਮ ਫਹਿਮ ਹੈ।"[149]

ਸ਼ਾਹ ਮੁਰਾਦ ਦੀ ਕਵਿਤਾ ਵਿਚ ਮਨੁੱਖ ਦਾ ਪਰਮਾਤਮਾ ਤੋਂ ਵਿਛੋੜੇ ਦਾ ਵਰਨਣ ਦਿਖਾਈ ਦਿੰਦਾ ਹੈ। ਸ਼ਾਹ ਮੁਰਾਦ ਦੀ ਕਵਿਤਾ ਦੀ ਨਾਇਕਾ ਬਿਰਹਾ ਦਾ ਸੰਤਾਪ ਹੰਢਾ ਰਹੀ ਹੈ। ਉਹ ਆਪਣੇ ਪ੍ਰੀਤਮ ਦਾ ਦੀਦਾਰ ਲੋਚਦੀ ਹੈ। ਬਿਰਹਾ ਕਸਾਈ ਵੱਲੋਂ ਪ੍ਰੇਮ ਵਿਚ ਦੀਵਾਨੀ ਹੋਈ ਨਾਇਕਾ ਦਾ ਮਾਸ ਅਤੇ ਖ਼ੂਨ ਪੀਤਾ ਜਾ ਰਿਹਾ ਹੈ ਪਰੰਤੂ ਉਸ ਨੂੰ ਕੋਈ ਪ੍ਰਵਾਹ ਨਹੀਂ ਹੈ ਉਹ ਨਾਇਕਾ ਤਾਂ ਕੇਵਲ ਆਪਣੇ ਪਿਆਰੇ ਦਾ ਦੀਦਾਰ ਕਰਨਾ ਚਾਹੁੰਦੀ ਹੈ। ਇਸ ਦੀਦਾਰ ਲਈ ਉਹ ਆਪਣੀ ਜਿੰਦ ਨੂੰ ਵੀ ਕੁਰਬਾਨ ਕਰਨ ਤੋਂ ਸੰਕੋਚ ਨਹੀਂ ਕਰਦੀ;

"ਬਿਰਹੋਂ ਕੀਹ ਜਾਨੇਂ ਮਾਏ, ਰੱਤ ਪੀਵੇ ਮਾਸ ਖਾਏ,
ਸੂਲ ਦੇਕੇ ਮੰਜੀ ਪਾਏ, ਸੀਨੇ ਬਰਛੀ ਸਾਰ ਦੀ।
ਕਮਲੀ ਦੀਵਾਨੀ ਵੱਤਾਂ ਕੱਤਣ ਬੈਠੀ ਕਿਥੋਂ ਕੱਤਾਂ,



Sri Satguru Jagjit Singh Ji eLibrary NamdhariElibrary@gmail.com

ਭੁਲ ਗਈਆਂ ਨੇ ਸਭੇ ਮੱਤਾਂ, ਤਾਲਬ ਹਾਂ ਦੀਦਾਰ ਦੀ।
ਜਿਥੇ ਹੋਵੇ ਜਾਨੀ ਮੇਰਾ, ਲਖ ਕਰਾਂ ਮੈਂ ਉਥਾਈ ਫੇਰਾ,
ਜੀ ਤੇ ਜਾਨ ਹੈ ਉਥੇ ਮੇਰਾ, ਖ਼ੂਬੀ ਵੇਖਾਂ ਯਾਰ ਦੀ।
ਮੈ ਮੁਰਾਦ ਇਹ ਦਿਸਦੀ ਮੇਰੀ, ਸੂਰਤ ਵੇਖਾਂ ਸੋਹਣੀ ਤੇਰੀ,
ਗੋਲੀ ਹੋਵਾਂ ਯਾਰਾ ਤੇਰੀ, ਦੁਖੀਆਂ ਹਾ ਸੰਸਾਰ ਦੀ।"[150]

ਬਿਰਹੋਂ ਦੀ ਅੱਗ ਵਿਚ ਸੜ ਰਹੀ ਪ੍ਰੇਮਿਕਾ ਕਹਿੰਦੀ ਹੈ ਕਿ ਭਾਵੇਂ ਮੈਨੂੰ ਸੂਲ (ਦਰਦ) ਦੇ ਕੇ ਮੰਜੇ ਤੇ ਪਾਇਆ ਜਾਵੇ ਭਾਵੇਂ ਮੇਰਾ ਮਾਸ ਖਾਧਾ ਜਾਵੇ ਅਤੇ ਖ਼ੂਨ ਪੀਤਾ ਜਾਵੇ ਪਰ ਮੈਂ ਆਪਣੇ ਪ੍ਰੀਤਮ ਦੇ ਦਰਸ਼ਨ ਦੀ ਤਾਲਬ (ਇੱਛਾ) ਰੱਖਦੀ ਹਾਂ। ਉਹ ਆਪਣੇ ਪ੍ਰੀਤਮ ਪਿਆਰੇ ਦੀ ਸੋਹਣੀ ਸੂਰਤ ਦੇ ਦੀਦਾਰ ਕਰਨ ਲਈ ਬਿਲਬਲ ਰਹਿੰਦੀ ਹੈ। ਉਹ ਕਹਿੰਦੀ ਹੈ ਜਿਸ ਜਗ੍ਹਾ ਤੇ ਉਸ ਦਾ ਪ੍ਰੀਤਮ ਪਿਆਰਾ ਰਹਿੰਦਾ ਹੈ ਉਹ ਉਸ ਜਗ੍ਹਾ ਤੇ ਜਾਣਾ ਚਾਹੁੰਦੀ ਹੈ;

"ਫਿਰ ਚੜ੍ਹਿਆ ਮਹੀਨਾ ਪੋਹ, ਵਿਛੋੜੇ ਕੀਤਾ ਡਾਢਾ ਰੋਹ,
ਲਾਇਸੁ ਰਾਤੀਂ ਦਿਹਾਂ ਅੰਦੋਹ, ... ਕਰੇਂਦੀ ਰੱਬ, ਰੱਬ, ਰੱਬ।"[151]

ਸ਼ਾਹ ਮੁਰਾਦ ਦੀ ਕਵਿਤਾ ਵਿਚ ਵਿਯੋਗ ਹੰਢਾ ਰਹੀ ਪ੍ਰੇਮਿਕਾ ਦੇ ਮਨੋਭਾਵਾਂ ਨੂੰ ਪ੍ਰਗਟਾਇਆ ਗਿਆ ਹੈ। ਸ਼ਾਹ ਮੁਰਾਦ ਦੀ ਕਵਿਤਾ ਵਿਚ ਵਿਛੋੜੇ ਦੀ ਅੱਗ ਵਿਚ ਸੜ ਰਹੀ ਨਾਇਕਾ ਇਸ ਆਸ ਨਾਲ ਆਪਣਾ ਜੀਵਨ ਜਿਉਂਦੀ ਹੈ ਕਿ ਉਸ ਦਾ ਮਾਹੀ ਉਸ ਨੂੰ ਮੁੜ ਮਿਲੇਗਾ। ਇਸ ਪ੍ਰਾਪਤੀ ਲਈ ਨਾਇਕਾ ਇਸ਼ਕ ਦਾ ਰਾਹ ਚੁਣਦੀ ਹੈ। ਇਸ ਇਸ਼ਕ ਦੇ ਰਾਹ ਤੇ ਨਾਇਕਾ ਨੂੰ ਕਈ ਪ੍ਰਕਾਰ ਦੇ ਕਸ਼ਟ ਵੀ ਝੱਲਣੇ ਪੈ ਰਹੇ ਹਨ ਪਰ ਇਸ ਦੇ ਬਾਵਜੂਦ ਨਾਇਕਾ ਆਪਣੇ ਪ੍ਰੀਤਮ ਨੂੰ ਪਾਉਣ ਦੀ ਚਾਹਤ ਨੂੰ ਮੱਧਮ ਨਹੀਂ ਪੈਣ ਦਿੰਦੀ। ਉਹ ਹਰ ਵੇਲੇ ਪ੍ਰਭੂ-ਮਿਲਾਪ ਲਈ ਤੱਤਪਰ ਰਹਿੰਦੀ ਹੈ।

## ਅਲੀ ਹੈਦਰ

ਪੰਜਾਬੀ ਸੂਫ਼ੀ ਸਾਹਿਤ ਵਿਚ ਅਲੀ ਹੈਦਰ ਦਾ ਨਾਮ ਆਮ ਪਾਠਕ ਵਰਗ ਵਿਚ ਘੱਟ ਹੀ ਸੁਨਣ ਨੂੰ ਮਿਲਦਾ ਹੈ। ਇਸ ਦਾ ਕਾਰਣ ਇਹ ਹੈ ਕਿ ਉਨ੍ਹਾਂ ਆਪਣਾ ਪੂਰਾ ਜੀਵਨ ਆਪਣੇ ਜੱਦੀ ਪਿੰਡ ਵਿਚ ਹੀ ਬਤੀਤ ਕੀਤਾ। ਸੂਫ਼ੀ ਸਾਧਕ ਅਲੀ ਹੈਦਰ ਦਾ ਜਨਮ ਪਿਤਾ ਸ਼ੇਖ਼ ਮੁਹੰਮਦ ਅਮੀਨ ਦੇ ਘਰ ਸੰਨ 1690 ਈ. ਨੂੰ ਪਿੰਡ ਕਾਜੀਆਂ ਜ਼ਿਲ੍ਹਾ ਮੁਲਤਾਨ ਵਿਖੇ ਹੋਇਆ। ਉਨ੍ਹਾਂ ਦੇ ਮੁਰਸ਼ਦ ਦਾ ਨਾਮ ਖ਼ੁਵਾਜਾ ਫ਼ਖ਼ਰੁੱਦੀਨ ਦਿਹਲਵੀ ਸੀ ਜਿਨ੍ਹਾਂ ਕੋਲੋਂ ਅਲੀ ਹੈਦਰ ਨੇ ਅਰਬੀ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ;

"ਇਕ ਕਵੀ ਦੇ ਤੌਰ ਤੇ ਅਲੀ ਹੈਦਰ ਪੰਜਾਬੀ ਦੇ ਸਿਰਕੱਢ ਸੂਫ਼ੀ ਹਨ। ਉਨ੍ਹਾਂ ਦਾ ਸੂਫ਼ੀ-ਕਾਵਿ ਇਸਲਾਮੀ ਰਹੱਸਵਾਦ ਦੀਆਂ ਸੀਮਾਵਾਂ ਅੰਦਰ ਕੈਦ ਹੈ ਅਤੇ ਉਹ ਸੂਫ਼ੀ-ਸਾਧਨਾ ਨੂੰ ਇਸਲਾਮ ਦੇ ਇੰਨ-ਬਿੰਨ ਅਨੁਕੂਲ ਸਿੱਧ ਕਰਨ ਦਾ ਚੇਤੰਨ ਉਪਰਾਲਾ ਕਰਦੇ ਹਨ।"[152]

ਅਲੀ ਹੈਦਰ ਦੀ ਕਵਿਤਾ ਵਿਚ ਮੁਰਸ਼ਦ ਪ੍ਰਤੀ ਸ਼ਰਧਾ ਦੇ ਭਾਵ ਵਧੇਰੇ ਦੇਖਣ ਨੂੰ ਮਿਲਦੇ ਹਨ। ਉਹ ਆਪਣੇ ਮੁਰਸ਼ਦ ਤੋਂ ਕੁਰਬਾਨ ਜਾਂਦਾ ਹੈ ਕਿਉਂਕਿ ਮੁਰਸ਼ਦ ਦੀ ਰਹਿਮਤ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਾਂ ਪ੍ਰਭੂ ਵਿਚ ਅਭੇਦਤਾ ਨਹੀਂ ਪਾਈ ਜਾ ਸਕਦੀ। ਇਸ ਲਈ ਮੁਰਸ਼ਦ ਦਾ ਪੱਲਾ ਫੜ ਕੇ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਨ ਦੇ ਕਈ ਸੰਕੇਤ ਅਲੀ ਹੈਦਰ ਦੀ ਕਵਿਤਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ;



Sri Satguru Jagjit Singh Ji eLibrary NamdhariElibrary@gmail.com

"ਅੱਲ੍ਹਾ ਦੀ ਇਨਾਇਤ (ਮਿਹਰਬਾਨੀ) ਤੇ ਫ਼ਜ਼ਲ (ਬਖ਼ਸ਼ਿਸ਼) ਪ੍ਰਾਪਤ ਹੋ ਜਾਵੇ ਤਾਂ ਅਣਹੋਣੀਆਂ, ਹੋਣੀਆਂ ਵਿਚ ਬਦਲ ਜਾਂਦੀਆਂ ਹਨ; ਪਰ ਉਸ ਦੀ ਇਨਾਇਤ ਤੇ ਉਸ ਦਾ ਫ਼ਜ਼ਲ ਉਸ ਦੀ ਆਪਣੀ ਰਜ਼ਾ ਅਨੁਸਾਰ ਹੁੰਦੇ ਹਨ; ਉਹੀ ਤੋੜਦਾ ਤੇ ਵਿਛੋੜਦਾ ਹੈ ਅਤੇ ਉਹੀ ਮਿਲਾਪ ਦੀਆਂ ਦੌਲਤਾਂ ਬਖ਼ਸ਼ਦਾ ਹੈ ਜਿਸ ਕਰਕੇ ਉਸ ਦੇ ਪਿਆਰੇ ਉਸੇ ਦਾ ਜ਼ਿਕਰ (ਭਜਨ) ਕਰਦੇ ਹਨ ਤੇ ਉਸੇ ਦਾ ਫ਼ਿਕਰ (ਚਿੰਤਨ) ਕਰਦੇ ਹਨ। ਉਹੀ ਸਭ ਆਸਰਿਆਂ ਦਾ ਆਸਰਾ ਹੈ ਏਸੇ ਕਰਕੇ ਕਲਮਾਇ-ਪਾਕ ਅਨੁਸਾਰ ਉਹ ਲਾ ਇਲਾਹ ਇਲੱਲਾਹ (ਕੋਈ ਰੱਬ ਨਹੀਂ ਸਿਵਾਏ ਰੱਬ ਦੇ) ਹੈ।"[153]

"ਹੋਰਨਾਂ ਸੂਫ਼ੀ-ਸਾਧਕਾਂ ਵਾਂਗ ਅਲੀ ਹੈਦਰ ਦੀ ਅਧਿਆਤਮ-ਸਾਧਨਾ ਵੀ ਗੁਰੂ ਦੀ ਕਿਰਪਾ ਨਾਲ ਹੀ ਆਰੰਭ ਹੁੰਦੀ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਨਿਰਾ-ਪੁਰਾ ਪੁਸਤਕ ਗਿਆਨ ਮਨੁੱਖ ਦੇ ਅੰਦਰ ਲੁਕੇ ਹਉਮੈ ਭਾਵ ਨੂੰ ਪ੍ਰੋੜ੍ਹਤਾ ਦਿੰਦਾ ਹੈ ਤੇ ਇਹ ਗਿਆਨ ਸਾਧਨਾ-ਮਾਰਗ ਦੀ ਬਹੁਤ ਵੱਡੀ ਰੁਕਾਵਟ ਬਣਦਾ ਹੈ। ਉਨ੍ਹਾਂ ਅਨੁਸਾਰ ਪੁਸਤਕ ਗਿਆਨ ਆਤਮਾ ਅਤੇ ਪਰਮਾਤਮਾ ਵਿਚਕਾਰ ਇਕ ਪਰਦੇ ਵਾਂਗ ਤਣ ਜਾਂਦਾ ਹੈ। ਇਸ ਪਰਦੇ ਨੂੰ ਦੂਰ ਕਰਨਾ ਉਦੋਂ ਤੱਕ ਮਨੁੱਖ ਦੇ ਵੱਸ ਵਿਚ ਨਹੀਂ ਹੁੰਦਾ, ਜਦੋਂ ਤੱਕ ਉਸ ਨੂੰ ਗੁਰੂ ਦੀ ਸਹਾਇਤਾ ਪ੍ਰਾਪਤ ਨਹੀਂ ਹੁੰਦੀ।"[154]

ਅਲੀ ਹੈਦਰ ਆਪਣੇ ਕਲਾਮ ਵਿਚ ਸਮਾਜ ਵਿਚ ਹੁੰਦੇ ਫੋਕੇ ਵਹਿਮਾਂ-ਭਰਮਾਂ ਦੀ ਵਿਰੋਧਤਾ ਕਰਦਾ ਹੈ। ਉਸ ਅਨੁਸਾਰ ਪ੍ਰਭੂ ਦਾ ਆਸ਼ਕ ਬਨਣ ਤੋਂ ਬਿਨਾਂ ਉਸ ਦਾ ਦੀਦਾਰ ਨਹੀਂ ਹੋ ਸਕਦਾ। ਉਹ ਕਹਿੰਦਾ ਹੈ ਕਿ ਮੈਂ ਆਪਣੇ ਸੋਹਣੇ ਯਾਰ ਦੇ ਕਾਰਨ ਕਾਫ਼ਿਰ ਹੋ ਗਿਆ ਹਾਂ;

"ਕਾਫ਼ਿਰ ਹੋਈ ਹਾਂ ਸੁਹਣੇ ਯਾਰ ਪਿੱਛੇ,
ਮੁੱਲਾਂ ਡਿੰਗੀ ਨਮਾਜ਼ ਪੜ੍ਹਾਉਂਦੇ ਨੇ।
ਆਸ਼ਿਕ ਸਜਦਾ ਕਰਦੇ ਮੁੱਖ ਯਾਰ ਦੇ ਨੂੰ,
ਵੱਲ ਕਾਅਬੇ ਸ਼ੀਸ਼ ਝਕਾਉਂਦੇ ਨੇ।
ਦੀਨ ਮਜ਼ਹਬ ਨਹੀਂ ਇਨ੍ਹਾਂ ਆਸ਼ਿਕਾਂ ਦਾ,
ਤਸਬੀ ਤੋੜ ਜੰਜੂ ਗਲ ਪਾਉਂਦੇ ਨੇ।
ਹੈਦਰ ਵਾਰੇ ਜਾਈਏ ਇਨ੍ਹਾਂ ਆਸ਼ਕਾਂ ਦੇ,
ਜਿਹੜੇ ਕੁਫਰੋਂ ਰਾਹ ਨੂੰ ਪਾਉਂਦੇ ਨੇ।"[155]

ਅਲੀ ਹੈਦਰ ਕਹਿੰਦਾ ਹੈ ਕਿ ਉਸ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਇਬਾਦਤ ਦੇ ਕਾਬਿਲ ਨਹੀਂ ਹੈ। ਉਹ ਕਹਿੰਦਾ ਹੈ ਕਿ ਮੇਰਾ ਦੀਨ-ਈਮਾਨ, ਸੁੱਖ-ਦੁੱਖ, ਪਰਿਵਾਰ, ਮਾਂ-ਬਾਪ, ਫ਼ੌਜਾਂ, ਝੰਡਾ, ਤਲਵਾਰ, ਨੇਜ਼ਾ, ਖ਼ੰਜਰ, ਮਾਲਕ, ਤਾਨ, ਸ਼ਾਨ, ਤੀਰ, ਸੁਲਤਾਨ ਅਤੇ ਸਰਦਾਰ ਸਭ ਪਰਮਾਤਮਾ ਹੈ। ਉਹ ਕਹਿੰਦਾ ਹੈ ਕਿ ਮੈਂ ਤਾਂ ਕੇਵਲ ਸਾਜ ਵਜਾਉਣ ਵਾਲਾ ਹੈ ਉਸ ਵਿਚੋਂ ਸੁਰ ਤਾਂ ਪਰਮਾਤਮਾ ਕੱਢ ਰਿਹਾ ਹੈ;

"ਮੈਂਡਾ ਦੀਨ ਸ਼ਕੀਨ ਈਮਾਨ ਭੀ ਤੂਹੀਂ, ਦੀਨ ਦੀ ਰਾਖ ਅਮਾਨ ਭੀ ਤੂੰ।
ਮੈਂਡੀ ਵਾਹਰ ਭੀ ਤੂਹੀਂ, ਸੁਖ ਭੀ ਤੂਹੀਂ, ਮਾਣ ਭੀ ਤੂਹੀਂ, ਤ੍ਰਾਣ ਭੂ ਤੂੰ।
ਮੈਂਡਾ ਸੱਕਾ-ਸੌਹਰਾ ਖ਼ੇਸ਼ ਭੀ ਤੂਹੀ, ਮਾਂ ਭੀ ਤੂਹੀਂ, ਤੇ ਜਾਨ ਭੀ ਤੂੰ।
ਮੈਂਡਾ ਲਸ਼ਕਰ ਫ਼ੌਜਾਂ ਗੁੱਟ ਕਟਕ, ਤੇ ਨੇਜ਼ਾ ਭੀ ਤੂੰ ਹੀ, ਨਿਸ਼ਾਨ ਭੂ ਤੂੰ।
ਉਹ ਘੁਣ-ਘੁਣ, ਘਿਣ-ਘਿਣ, ਧਾਵਾਂ-ਧਾਵਾਂ, ਨੌਬਤ ਭੀ ਤੂ ਹੀਂ, ਸ਼ਾਨ ਭੂ ਤੂੰ।
ਮੈਂਡਾ ਖ਼ੰਜਰ ਤੂੰ, ਤਲਵਾਰ ਭੂ ਤੂ ਹੀਂ, ਨੇਜ਼ਾ ਭੀ ਤੂਹੀਂ, ਬਾਣ ਭੀ ਤੂੰ।



Sri Satguru Jagjit Singh Ji eLibrary NamdhariElibrary@gmail.com

ਮੈਂਡਾ ਸਾਹਿਬ ਭੀ ਤੂਹੀਂ, ਸਰਦਾਰ ਭੀ ਤੂਹੀਂ, ਰਾਜਾ ਤੇ ਸੁਲਤਾਨ ਭੀ ਤੂੰ।
ਤੂੰ ਹੀ ਲਾਲ ਸ਼ਕਰ-ਲਬ ਮਿੱਠੜਾ ਹਾਸਾ ਤੂਹੀਂ, ਮਾਨ ਭੀ ਤੂੰ।
ਤੂੰ ਹੀ ਨਾਜ਼ ਨਿਗਾਹ ਤੂੰ ਸੁਰਮਾ ਭੀ, ਚਸ਼ਮ-ਮਸਤਾਨ ਭੀ ਤੂੰ।
ਮੈਂਡਾ ਦਿਲਦਾਰ ਦਿਲਬਰ ਯਾਰ ਪਿਆਰਾ, ਤੂਹੀਂ, ਦੀਨ ਭੀ ਤੂੰ, ਈਮਾਨ ਭੀ ਤੂੰ।
ਅਲੀ ਹੈਦਰ ਸਾਜ ਵਜਾਵਣ ਵਾਲਾ, ਤਾਰ ਭੀ ਤੂਹੀਂ, ਤੇ ਤਾਨ ਭੀ ਤੂੰ।"[156]

ਅਲੀ ਹੈਦਰ ਆਪਣੇ ਕਲਾਮ ਵਿਚ ਇਸ਼ਕ-ਮਜਾਜ਼ੀ ਦਾ ਵਰਨਣ ਕਰਦਿਆਂ ਇਸ਼ਕ-ਹਕੀਕੀ ਦੀ ਰਮਜ਼ ਨੂੰ ਖੋਲਦਿਆਂ ਪ੍ਰਤੀਤ ਹੁੰਦਾ ਹੈ। ਉਨ੍ਹਾਂ ਦੀ ਸ਼ਾਇਰੀ ਜਿੱਥੇ ਬੁੱਲੇ ਸ਼ਾਹ ਅਤੇ ਸ਼ਾਹ ਸ਼ਰਫ਼ ਬਟਾਲਵੀ ਤੋਂ ਪ੍ਰਭਾਵਿਤ ਸੀ ਉੱਥੇ ਕਿਤੇ-ਕਿਤੇ ਉਹ ਵਾਰਿਸ ਸ਼ਾਹ ਤੋਂ ਵੀ ਪ੍ਰਭਾਵਿਤ ਹੋਏ ਜਾਪਦੇ ਹਨ;

" ... ਉਨ੍ਹਾਂ (ਅਲੀ ਹੈਦਰ) ਦੇ ਕਲਾਮ ਵਿਚ ਜਿੱਥੇ ਇਸ਼ਕ-ਮਜਾਜ਼ੀ ਦਾ ਭਰਪੂਰ ਚਿਤ੍ਰਣ ਹੈ ਉੱਥੇ ਇਸ਼ਕ-ਹਕੀਕੀ ਦਾ ਰਮਜ਼ਾਂ ਭਰਪੂਰ ਚਿਤ੍ਰਣ ਵੀ ਹੈ।"[157]

ਅਲੀ ਹੈਦਰ ਦੀ ਕਵਿਤਾ ਅੰਲਕਾਰ ਭਰਪੂਰ ਹੈ ਅਤੇ ਕਾਵਿ ਸ਼ੈਲੀ ਸੁਹਜਮਈ ਹੈ। ਆਪਣੇ ਕਲਾਮ ਵਿਚ ਬੋਲਾਂ ਦੀ ਰਵਾਨਗੀ ਅਤੇ ਭਾਸ਼ਾ ਦੇ ਬਹੁ-ਅਰਥਾਂ ਕਾਰਨ ਅਲੀ ਹੈਦਰ ਸਿਰਮੌਰ ਸੂਫ਼ੀਆਂ ਦੀ ਜਮਾਤ ਵਿਚ ਸ਼ਾਮਲ ਹੋ ਜਾਂਦਾ ਹੈ। ਡਾ. ਲਾਜਵੰਤੀ ਰਾਮ ਕ੍ਰਿਸ਼ਨ ਨੇ ਬੁੱਲ੍ਹੇ ਸ਼ਾਹ ਅਤੇ ਹਾਸ਼ਮ ਨੂੰ ਛੱਡ ਕੇ ਅਲੀ ਹੈਦਰ ਨੂੰ ਚੋਟੀ ਦਾ ਸੂਫ਼ੀ ਕਵੀ ਬਿਆਨ ਕੀਤਾ ਹੈ;

"ਅਲੀ ਹੈਦਰ ਦੀ ਕਾਵਿ-ਸ਼ੈਲੀ ਬਹੁਤ ਸੁਹਜਮਈ ਹੈ। ਕਾਵਿਕ ਰਵਾਨਗੀ ਅਤੇ ਭਾਸ਼ਾ ਦੀ ਬਹੁ-ਅਰਥਤਾ ਤੇ ਰਮਣੀਕਤਾ ਦੇ ਪੱਖੋਂ ਬੁੱਲ੍ਹੇ ਤੇ ਹਾਸ਼ਮ ਨੂੰ ਛੱਡ ਕੇ ਕੋਈ ਹੋਰ ਸੂਫ਼ੀ ਕਵੀ ਅਲੀ ਹੈਦਰ ਨੂੰ ਮਾਤ ਨਹੀਂ ਦੇ ਸਕਿਆ। ਸ਼ਿੰਗਾਰਮਈ ਸ਼ੈਲੀ ਵਾਲੀ ਹੋਣ ਕਰਕੇ ਉਸ ਦੀ ਕਵਿਤਾ ਅੰਲਕਾਰਾਂ ਨਾਲ ਭਰਪੂਰ ਹੈ ਅਤੇ ਖਾਸ ਕਰਕੇ ਵ੍ਰਿਤੀ ਅਨੁਪ੍ਰਾਸਾਂ ਨਾਲ ਸੁਸੱਜਿਤ ਹੈ।"[158]

"ਅਲੀ ਹੈਦਰ ਦੀ ਕਵਿਤਾ ਨੂੰ ਪ੍ਰਕਾਸ਼ਿਤ ਰੂਪ ਵਿਚ ਪੇਸ਼ ਕਰਨ ਵਾਲੇ ਵਿਦਵਾਨਾਂ ਨੇ ਉਨ੍ਹਾਂ ਦੀ ਮ੍ਰਿਤੂ ਸੰਨ 1785 ਈ. ਵਿਚ ਹੋਈ ਦੱਸੀ।"[159]

ਅਲੀ ਹੈਦਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਅਹਿਸਾਸ ਹੁੰਦਾ ਹੈ ਕਿ ਉਹ ਆਪਣੀ ਕਵਿਤਾ ਨੂੰ ਇਸਲਾਮੀ ਸ਼ਰ੍ਹਾ ਦੇ ਅਨੁਕੂਲ ਸਿੱਧ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਸੂਫ਼ੀ ਵਿਚਾਰਧਾਰਾ ਨਾਲ ਸੰਬੰਧਤ ਜਿਤਨੇ ਵੀ ਸਿਧਾਂਤ ਆਪਣੀ ਕਵਿਤਾ ਵਿਚ ਪੇਸ਼ ਕੀਤੇ ਹਨ ਉਹ ਇਸਲਾਮੀ ਸ਼ਰੀਅਤ ਨਾਲ ਮੇਲ ਖਾਂਦੇ ਹਨ। ਕਿਹਾ ਜਾ ਸਕਦਾ ਹੈ ਕਿ ਅਲੀ ਹੈਦਰ ਨੇ ਇਸਲਾਮੀ ਰਹੁ-ਰੀਤਾਂ ਦਾ ਪਾਲਣ ਕਰਦਿਆਂ ਸੂਫ਼ੀ ਵਿਚਾਰਧਾਰਾ ਨੂੰ ਅੱਗੇ ਵਧਾਇਆ।

### ਹਾਸ਼ਮ ਸ਼ਾਹ

ਪੰਜਾਬੀ ਸੂਫ਼ੀ ਕਵੀ ਹਾਸ਼ਮ ਸ਼ਾਹ ਦਾ 1753 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜਗਦੇਓ ਕਲਾਂ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਮ ਕਾਸ਼ਿਮ ਸ਼ਾਹ ਸੀ। ਹਾਸ਼ਮ ਸ਼ਾਹ ਨੂੰ ਹਜ਼ਰਤ ਅਲੀ ਦੀ ਵੰਸ਼ ਵਿਚੋਂ ਮੰਨਿਆ ਜਾਂਦਾ ਹੈ। ਆਪ ਦੇ ਪਿਤਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕ ਨੇਕ ਦਿਲ ਅਤੇ ਪਾਕ ਰੂਹ ਦੇ ਮਾਲਕ ਵਿਅਕਤੀ ਸਨ। ਹਾਸ਼ਮ ਸ਼ਾਹ ਉੱਪਰ ਵੀ ਆਪਣੇ ਪਿਤਾ ਦੇ ਨੇਕ ਵਿਚਾਰਾਂ ਦਾ ਪ੍ਰਭਾਵ ਪਿਆ;

"ਦਰਵੇਸ਼ੀ ਸੁਭਾਉ, ਫ਼ਕਰ ਨਾਲ ਲਗਾਉ, ਇਲਮ ਹਾਸਿਲ ਕਰਨ ਦਾ ਚਾਉ, ਮੁਹੱਬਤਾਂ ਵੰਡਦੀ ਮਸਤੀ, ਵਜਦ ਤੇ ਸ਼ੌਕ ਨੇ ਆਪ (ਹਾਸ਼ਮ ਸ਼ਾਹ) ਨੂੰ ਇਕ ਕਵੀ ਬਣਾ ਦਿੱਤਾ।"[160]



Sri Satguru Jagjit Singh Ji eLibrary NamdhariElibrary@gmail.com

"ਸੱਯਦ ਮੁਹੰਮਦ ਹਾਸ਼ਮ ਸ਼ਾਹ ਨੂੰ ਆਮਤੌਰ ਤੇ ਹਾਸ਼ਮ ਸ਼ਾਹ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਮਸ਼ਹੂਰ ਪਿੰਡ ਜਗਦੇਉ ਕਲਾਂ ਵਿਖੇ ਹੋਇਆ।"[161]

ਹਾਸ਼ਮ ਸ਼ਾਹ ਨੇ ਆਪਣੇ ਕਲਾਮ ਵਿਚ ਅਰਬੀ-ਫ਼ਾਰਸੀ, ਹਿੰਦੀ, ਸੰਸਕ੍ਰਿਤ ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਹਾਸ਼ਮ ਸ਼ਾਹ ਦੀਆਂ ਰਚਨਾਵਾਂ ਵਿਚ ਸੱਸੀ-ਪੁੱਨੂੰ, ਸੋਹਣੀ-ਮਹੀਂਵਾਲ, ਸ਼ੀਰੀ-ਫ਼ਰਹਾਦ, ਬਾਰਾਂਮਾਹ, ਸੀਹਰਫ਼ੀਆਂ, ਡਿਓਢਾਂ ਅਤੇ ਦੋਹੜੇ ਪ੍ਰਮੁੱਖ ਹਨ। ਹਾਸ਼ਮ ਸ਼ਾਹ ਦੀ ਕਵਿਤਾ ਵਿਚ ਦੂਜੇ ਸੂਫ਼ੀ ਕਵੀਆਂ ਵਾਂਗ ਬਿਰਹੋਂ ਦੀ ਪੀੜ ਨਾਲ ਵਿਆਕੁਲ ਪ੍ਰੇਮਿਕਾ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਪ੍ਰੇਮ ਵਿਚ ਵਿਆਕੁਲ ਹੋਈ ਪ੍ਰੇਮਿਕਾ ਕਹਿੰਦੀ ਹੈ ਕਿ ਮੈਨੂੰ ਇਸ ਸੰਸਾਰ ਵਿਚ ਹੋਰ ਕੋਈ ਸ਼ੌਕ ਨਹੀਂ ਹੈ ਸਿਵਾਏ ਆਪਣੇ ਪ੍ਰੀਤਮ ਦੇ ਦੀਦਾਰ ਕਰਨ ਦੇ। ਉਹ ਪ੍ਰੀਤਮ-ਪਿਆਰਾ ਮੇਰੇ ਦਿਲ ਵਿਚ ਵੱਸ ਰਿਹਾ ਹੈ ਪਰ ਉਸ ਪ੍ਰੀਤਮ-ਪਿਆਰੇ ਨੂੰ ਪ੍ਰੇਮਿਕਾ ਉੱਤੇ ਕੋਈ ਤਰਸ ਨਹੀਂ ਆ ਰਿਹਾ;

"ਕਾਮਲ ਸ਼ੌਕ ਮਾਹੀ ਦਾ ਮੈਨੂੰ, ਨਿੱਤ ਰਹੇ ਜਿਗਰ ਵਿਚ ਵਸਦਾ,
ਲੂੰ ਲੂੰ ਰਸਦਾ।
ਰਾਂਝਣ ਬੇਪਰਵਾਹੀ ਕਰਦਾ, ਕੋਈ ਗੁਨਾਹ ਨਾ ਦਸਦਾ,
ਉਠ ਉਠ ਨਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ, ਦੇਖ ਤੱਤੀ ਵਲ ਹਸਦਾ,
ਜ਼ਰਾ ਨਾ ਖਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ, ਆਸ਼ਕ ਹੋਣ ਦਰਸ ਦਾ,
ਬਿਰਹੋਂ ਰਸ ਦਾ।"[162]

ਹਾਸ਼ਮ ਸ਼ਾਹ ਕਹਿੰਦਾ ਹੈ ਕਿ ਮੇਰੇ ਦਿਲ ਵਿਚ ਕੇਵਲ ਇਕ ਹੀ ਰੀਝ ਹੈ ਅਤੇ ਉਹ ਰੀਝ ਇਹ ਹੈ ਕਿ ਮੈਨੂੰ ਮੇਰੇ ਪ੍ਰੀਤਮ ਦਾ ਦੀਦਾਰ ਹੋ ਜਾਵੇ। ਹਾਸ਼ਮ ਕਹਿੰਦਾ ਹੈ ਕਿ ਪ੍ਰੀਤਮ ਦੇ ਵਿਯੋਗ ਵਿਚ ਉਤਪੰਨ ਹੋ ਰਹੀ ਬਿਰਹਾ ਦਾ ਵੀ ਆਪਣਾ ਰਸ ਹੈ। ਉਹ ਇਸ ਰਸ ਦਾ ਆਨੰਦ ਮਾਣ ਰਿਹਾ ਹੈ;

"ਆਪ ਦੁਆਰਾ ਰਚਿਤ ਦੋਹੜੇ ਤੇ ਡਿਉਢਾਂ ਵਿਚੋਂ ਆਪ ਦੇ ਤਸੱਵੁੱਫ਼ਾਨਾ ਅੰਦਾਜ਼ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਇਨ੍ਹਾਂ ਰਚਨਾਵਾਂ ਵਿਚੋਂ ਹਾਸ਼ਮ ਦਾ ਦਰਦ-ਫ਼ਿਰਾਕ ਜਾਂ ਬਿਰਹਾ-ਵੇਦਨਾ ਥਾਂ ਥਾਂ ਉਜਾਗਰ ਹੁੰਦੀ ਹੈ। ਆਪ ਦੇ ਕਲਾਮ ਵਿਚ ਮਜਾਜ਼ੀ ਤੇ ਹਕੀਕੀ, ਦੋਹਾਂ ਤਰ੍ਹਾਂ ਦੇ ਇਸ਼ਕ ਦਾ ਪ੍ਰਗਟਾਵਾ ਮਿਲਦਾ ਹੈ। ਇਸ ਪ੍ਰਗਟਾਵੇ ਵਿਚ ਸੋਜ਼ ਜਾਂ ਤੜਪ ਹੈ, ਮਾਅਰਿਫ਼ਤ ਦੀਆਂ ਰਮਜ਼ਾਂ ਹਨ, ਵਸਲ-ਪ੍ਰਾਪਤੀ ਦੀਆਂ ਅਮੋੜ ਸੱਧਰਾਂ ਹਨ, ਰਸਿਕਤਾ ਤੇ ਸੰਗੀਤਮਈਤਾ ਹੈ।"[163]

ਹਾਸ਼ਮ ਸ਼ਾਹ ਦੀ ਕਵਿਤਾ ਵਿਚ ਪ੍ਰੀਤਮ-ਪਿਆਰੇ ਨੂੰ ਆਪਣਾਆਪ ਕੁਰਬਾਨ ਕੀਤਾ ਗਿਆ ਹੈ। ਉਹ ਕਹਿੰਦਾ ਹੈ ਕਿ ਮੇਰੇ ਪ੍ਰੀਤਮ-ਪਿਆਰੇ ਤੋਂ ਬਿਨਾਂ ਹੋਰ ਕੋਈ ਸੰਸਾਰ ਵਿਚ ਉਸ ਵਰਗਾ ਨਹੀਂ ਹੈ ਅਤੇ ਉਹ ਹੀ ਕਿਸੇ ਸੂਫ਼ੀ ਸਾਧਕ ਦੀ ਅੰਤਿਮ ਮੰਜ਼ਿਲ ਮੰਨੀ ਜਾਂਦੀ ਹੈ;

"ਦਿਲ ਤੂੰ ਹੈਂ, ਦਿਲਬਰ ਭੀ ਤੂੰ ਹੈਂ ਅਤੇ ਦੀਦ ਤੇਰੀ ਦੁੱਖ ਤੇਰਾ।
ਨੀਂਦਰ, ਭੁੱਖ, ਆਰਾਮ ਤੂੰਹੀ ਹੈਂ ਅਤੇ ਤੈਂ ਬਿਨ ਜਗਤ ਅੰਧੇਰਾ।
ਨੈਣ, ਪ੍ਰਾਣ, ਹਯਾਤੀ ਤੂੰ ਹੈ ਤੂੰ ਹੈਂ ਤਕੀਆ ਡੇਰਾ।



Sri Satguru Jagjit Singh Ji eLibrary NamdhariElibrary@gmail.com

ਹਾਸ਼ਿਮ ਸਾਂਝ ਤੁਸਾਡੇ ਦਮ ਦੀ, ਹੋਰ ਵਸਦਾ ਮੁਲਕ ਬਥੇਰਾ।"[164]

ਹਾਸ਼ਮ ਸ਼ਾਹ ਆਪਣੇ ਕਲਾਮ ਵਿਚ ਮਨੁੱਖ ਨੂੰ ਮੰਦੇ ਕੰਮਾਂ ਤੋਂ ਵਰਜਦਾ ਹੈ ਅਤੇ ਚੰਗੇ ਅਤੇ ਨੇਕ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਉਹ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ ਬਾਰੇ ਦੱਸਦਾ ਹੈ। ਉਹ ਮਨੁੱਖ ਨੂੰ ਆਪਣੀਆਂ ਵਾਸ਼ਨਾਵਾਂ ਤੇ ਇੰਦਰੀਆਂ ਤੇ ਕਾਬੂ ਪਾਉਣ ਲਈ ਪ੍ਰੇਰਿਤ ਕਰਦਾ ਹੈ;

"ਸੂਫ਼ੀ ਕਵੀ ਦੇ ਰੂਪ ਵਿਚ ਹਾਸ਼ਮ ਦੀ ਦੇਣ ਇਹੋ ਹੈ ਕਿ ਉਨ੍ਹਾਂ ਦੀ ਕਵਿਤਾ ਸਾਧਾਰਨ ਪਾਠਕ ਨੂੰ ਸੰਸਾਰ ਦੀ ਨਾਸ਼ਮਾਨਤਾ ਪ੍ਰਤੀ ਸੁਚੇਤ ਕਰ ਕੇ ਮੰਦੇ ਕਰਮਾਂ ਤੋਂ ਗੁਰੇਜ਼ ਕਰਨਾ ਸਿਖਾਉਂਦੀ ਹੈ ਤੇ ਉਸ ਨੂੰ ਵਾਸ਼ਨਾਵਾਂ ਤੇ ਕਾਬੂ ਪਾ ਕੇ, ਹਰ ਸਮੇਂ ਸੱਚੇ ਰੱਬ ਨੂੰ ਯਾਦ ਕਰਨ ਵੱਲ ਪ੍ਰੇਰਿਤ ਕਰਦੀ ਹੈ।"[165]

ਸੂਫ਼ੀ ਦਰਸ਼ਨ ਮਨੁੱਖ ਨੂੰ ਬਾਹਰੀ ਦਿਖਾਵੇ ਕਰਨ ਦੀ ਬਜਾਏ ਪਰਮਾਤਮਾ ਨਾਲ ਸੱਚੇ ਮਨ ਨਾਲ ਪ੍ਰੇਮ ਕਰਨ ਦੀ ਸਿੱਖਿਆ ਦਿੰਦਾ ਹੈ ਅਤੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਦਾ ਹੈ। ਜਿਸ ਵੇਲੇ ਵੀ ਕਿਸੇ ਧਰਮ ਵਿਚ ਬਾਹਰੀ ਆਡੰਬਰਾਂ ਦਾ ਬੋਲ-ਬਾਲਾ ਹੋ ਜਾਂਦਾ ਹੈ ਤਾਂ ਕੁਝ ਚੇਤੰਨ ਲੋਕ ਉਸ ਧਰਮ ਦੇ ਰਹੱਸਵਾਦ ਵਾਲੇ ਪਾਸੇ ਆਪਣੀ ਬਿਰਤੀ ਨੂੰ ਲਗਾ ਲੈਂਦੇ ਹਨ। ਸੂਫ਼ੀ ਸਾਧਕ ਵੀ ਇਸਲਾਮ ਦੇ ਰਹੱਸਵਾਦੀ ਲੋਕ ਕਹੇ ਜਾਂਦੇ ਹਨ। ਇਹਨਾਂ ਲੋਕਾਂ ਨੇ ਆਪਣੇ ਸਦਾਚਾਰੀ ਜੀਵਨ ਅਤੇ ਸਿੱਖਿਆ ਦੁਆਰਾ ਮਨੁੱਖ ਨੂੰ ਮਨੁੱਖ ਨਾਲ ਜੋੜਿਆ ਅਤੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਿਆ ਹੈ।

## ਟਿੱਪਣੀਆਂ ਅਤੇ ਹਵਾਲੇ

1. ਡਾ. ਅੰਜੀਲ ਕੌਰ, **ਸੂਫ਼ੀਵਾਦ ਵਿਚ ਵਿਦਰੋਹੀ ਸੁਰ**, ਪੰਨਾ-11.
2. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-13.
3. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-15.
4. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-22.
5. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-44.
6. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-21.
7. There are five basic duties to God which are known as the pillars (arkan) of Islam. The first is Iman (faith). The second is Salat (prayer). ….. The third pillar of Islam is Zakat. It is giving of a fixed portion of the wealth for specified purposes. ….The fourth pillar of Islam is Sawm. Fasting during the whole month of Ramazan every year is incumbent on every adult man and woman. ….The fifth pillar of Islam is Hajj. Dr. M. Abdul Haq Ansari, **Islam**, Page 23-24.
8. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-23.
9. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-52.
10. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-23.



Sri Satguru Jagjit Singh Ji eLibrary NamdhariElibrary@gmail.com

11. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-435.
12. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-36.
13. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-704.
14. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-36.
15. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-295.
16. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-37.
17. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-133.
18. ਉਹੀ, ਪੰਨਾ-133.
19. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-27.
20. सूफीवाद अपरिभाष्य है। तसव्वुफ सूफीवाद न तो धर्म है और न ही एक दर्षन है, और न ही एक अनुष्ठान या मात्र सीख है, यह जीवन का एक रास्ता है। http://www.geocities.com/sufisaints.
21. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), **ਕਾਫ਼ੀਆਂ ਗ਼ੁਲਾਮ ਫ਼ਰੀਦ**, ਪੰਨਾ-39.
22. ਡਾ. ਕੁਲਦੀਪ ਕੌਰ, **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**-33, ਪੰਨਾ-30.
23. ਡਾ. ਜੀ. ਐਲ. ਸ਼ਰਮਾ, **ਬੁੱਲੇ ਸ਼ਾਹ: ਵਿਵੇਚਨ ਤੇ ਰਚਨਾ**, ਪੰਨਾ-138.
24. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-57.
25. Mir Valiudin, **The Quranic Sufism**, Page-1-2.
26. **ਪੰਜਾਬੀ ਸਾਹਿਤ ਕੋਸ਼**, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-180.
27. ਪ੍ਰੋ. ਪਿਆਰਾ ਸਿੰਘ ਪਦਮ, **ਸਾਂਈ ਬੁੱਲ੍ਹੇ ਸ਼ਾਹ**, ਪੰਨਾ-6.
28. The word Sufi is derived from Suf, meaning wool. When a little Persian sect at the end of the eighth century A.D. broke away from the orthodox Muslim religion, and struck out on an independent path, they ignored costly robes and worldly ostentation, and clad themselves in a white wool garment. Hence they were known as wool wearers, or Sufis. F. Hadland Davis (Editor), **The Persian Mystics, Jalalu'd-Din Rumi**, Page-11.
29. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-14.
30. ਆਸ਼ਾ ਗੁਪਤਾ, **ਬਾਬਾ ਫ਼ਰੀਦ ਅਤੇ ਬੁੱਲ੍ਹੇ ਸ਼ਾਹ ਤੁਲਨਾਤਮਕ ਅਧਿਐਨ**, ਪੰਨਾ-109.
31. **ਗੁਰੂ ਗ੍ਰੰਥ ਸਾਹਿਬ**, ਪੰਨਾ-1381.
32. This asceticism soon passed into mysticism, and before the end of the second century A.H. (A.D. 815), these ascetics began to be known to the people as Sufis**.** The name was given to them because they wore woolen garments. Dr. Lajwanti Rama Krishna, **Punjabi Sufi Poets**, Page-7.
33. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-28.
34. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-89.
35. ਪੰਜਾਬੀ ਦੁਨੀਆਂ, **ਸੂਫ਼ੀਮਤ ਦਾ ਨਿਕਾਸ**, **ਸੂਫ਼ੀ ਵਿਸ਼ੇਸ਼ ਅੰਕ**, ਪੰਨਾ-5.



Sri Satguru Jagjit Singh Ji eLibrary NamdhariElibrary@gmail.com

36. Quranic Sufism, Page-3.
37. **ਸੂਫ਼ੀ ਸਾਹਿਤ**, ਭਾਸ਼ਾ ਵਿਭਾਗ ਪੰਜਾਬ, ਪੰਨਾ-327.
38. **Influence of Islam on Indian Culture**, Page-152.
39. **ਸੂਫ਼ੀਵਾਦ ਤੇ ਹੋਰ ਲੇਖ**, ਪੰਨਾ-12.
40. De Lacy O'Leary, **Arabic thought and its Place in History**, Page-194.
41. ਡਾ. ਗੋਬਿੰਦ ਸਿੰਘ ਲਾਂਬਾ, **ਸੂਫ਼ੀ ਸਾਹਿਤ**, ਪੰਨਾ-5.
42. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-61.
43. -Ibid-, Page-8.
44. It is asserted by Muslims that Sufism had its rise in Muhammad himself, and that all the religious orders trace their lines of succession back to him. "He is said to have been the recipient of a two-fold revelation, the one embodied in the contents of the Quran, the other within his heart. John A. Sub. Man, **Sufism Its Saints and Sharines**, Page-20.
45. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-16.
46. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-136.
47. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-21.
48. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ 93-94.
49. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-30.
50. ਡਾ. ਦੀਵਾਨ ਸਿੰਘ, **ਸੂਫ਼ੀਵਾਦ ਤੇ ਹੋਰ ਲੇਖ**, ਪੰਨਾ-12.
51. **ਬੁਲ੍ਹੇ ਸ਼ਾਹ ਦਾ ਕਾਵਿ ਲੋਕ**, ਪੰਨਾ-172.
52. ਡਾ. ਗੋਬਿੰਦ ਸਿੰਘ ਲਾਂਬਾ, **ਸੂਫ਼ੀ ਸਾਹਿਤ**, ਪੰਨਾ 8-9.
53. ਡਾ. ਗੁਰਦਿਆਲ ਸਿੰਘ ਢਿੱਲੋਂ, **ਸ਼ਾਹ ਹੁਸੈਨ ਦਰਸ਼ਨ: ਸਾਧਨਾ ਤੇ ਕਲਾ**, ਪੰਨਾ-19.
54. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-30.
55. ਉਹੀ, ਪੰਨਾ-21.
56. The history of Sufism is not the story of some aberrant sect or cult, no mere chronicle of a motley collection of wayward Muslims. It is integral to the history of the global faith community of Islam. Wherever Muslims have traveled over nearly 14 centuries, there Sufis have gone. John Renard, **The A to Z of Sufism**, page-48.
57. Dr. Lajwanti Rama Krishna, **Punjabi Sufi Poets**, Page-6.
58. ਸਾਧੂ ਰਾਮ ਸ਼ਾਰਦਾ, **ਸੂਫ਼ੀਮਤ ਤੇ ਪੰਜਾਬੀ ਸੂਫ਼ੀ ਸਾਹਿਤ**, ਪੰਨਾ-73.
59. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-47.
60. ਮਹਿਮੂਦ ਸ਼ੀਰਾਨੀ, **ਪੰਜਾਬ ਮੇਂ ਉਰਦੂ**, ਪੰਨਾ-61.
61. Bakhshis Singh Nijjar, **Punjab Under the Sultanas**, Page-137.
62. K.A. Nizami, **The life of Times of Faridu-din-Ganj-I-Shakar**, Page-20.



Sri Satguru Jagjit Singh Ji eLibrary NamdhariElibrary@gmail.com

63. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ 97-98.
64. ਡਾ. ਰਤਨ ਸਿੰਘ ਜੱਗੀ, (ਸੰਪਾਦਕ), **ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-18.
65. ਡਾ. ਮੁਹੰਮਦ ਹਬੀਬ, **ਭਾਰਤ ਵਿਚ ਸੂਫ਼ੀਵਾਦ: ਚੋਣਵੇਂ ਸੰਦਰਭ**, ਪੰਨਾ-7.
66. ਡਾ. ਗੋਬਿੰਦ ਸਿੰਘ ਲਾਂਬਾ, **ਮਸਲੇ ਸ਼ੇਖ਼ ਫ਼ਰੀਦ (ਇਕ ਆਲੋਚਨਾਤਮਕ ਵਿਵੇਚਨ)**, ਪੰਨਾ-23.
67. ਡਾ. ਜੀ. ਐਲ. ਸ਼ਰਮਾ, **ਸ਼ੇਖ਼ ਫ਼ਰੀਦ ਚਿੰਤਨ ਤੇ ਕਲਾ**, ਪੰਨਾ-12.
68. ਡਾ. ਮੁਹੰਮਦ ਹਬੀਬ, **ਭਾਰਤ ਵਿਚ ਸੂਫ਼ੀਵਾਦ: ਚੋਣਵੇਂ ਸੰਦਰਭ**, ਪੰਨਾ-119.
69. ਡਾ. ਗੁਲਜ਼ਾਰ ਸਿੰਘ ਕੰਗ, **ਪੰਜਾਬੀ ਸੂਫ਼ੀ ਕਾਵਿ ਅਧਿਐਨ**, ਪੰਨਾ-14.
70. ਡਾ. ਮੋਹਨ ਸਿੰਘ, **ਸੂਫ਼ੀ ਸਾਹਿਤ**, ਪੰਨਾ-14.
71. Sadhu Ram Sharda, **Sufi Thoughts**, Page-25.
72. ਰਾਮ ਪੂਜਨ ਤਿਵਾੜੀ, **ਸੂਫ਼ੀਮਤ ਸਾਧਨਾ ਔਰ ਸਾਹਿਤਯ**, ਪੰਨਾ-250.
73. ਡਾ. ਤਾਰਿਕ ਕਿਫ਼ਾਇਤ, **ਪੰਜਾਬ ਕੇ ਅਹਿਮ ਸੂਫ਼ੀ ਸਿਲਸਿਲੇ**; ਅਣ-ਪ੍ਰਕਾਸ਼ਿਤ ਖੋਜ-ਪੱਤਰ।
74. ਸਾਧੂ ਰਾਮ ਸ਼ਾਰਦਾ, **ਸੂਫ਼ੀਮਤ ਤੇ ਪੰਜਾਬੀ ਸੂਫ਼ੀ ਸਾਹਿਤ**, ਪੰਨਾ-104.
75. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-100.
76. -Ibid-, Page-544.
77. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-101.
78. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-58.
79. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-98.
80. Rose, **The Darvishes**, Page-438.
81. **ਗੁਰੂ ਗ੍ਰੰਥ ਸਾਹਿਬ**, ਸਲੋਕ ਫ਼ਰੀਦ ਜੀ ਕੇ, ਪੰਨਾ-1381.
82. ਉਹੀ, ਪੰਨਾ-1381.
83. A.M.A. Shushtery, **Outines of Islamic Culture**, Page-359.
84. Dictionary of Islam, Page-704.
85. Glossory of Punjab Tribes and Castes (Vol. I), Page 39-40.
86. ਡਾ. ਅਮਰਜੀਤ ਸਿੰਘ ਕਾਂਗ, **ਮੱਧਕਾਲੀ ਸਾਹਿਤ ਚਿੰਤਨ**, ਪੰਨਾ 27-28.
87. Iqbal Singh, **Islamic Sufism**, Page 347-350.
88. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-51.
89. Gurbachan Singh Talib (Editor), The Life & Teaching of Baba Farid (English Section), A.A.K. Sozi, **Sheikh Farid Missionary of Islam**, Page 31.
90. ਡਾ. ਹਰਪ੍ਰੀਤ ਰੂਬੀ, **ਬੁੱਲ੍ਹੇ ਸ਼ਾਹ ਦਾ ਕਾਵਿ ਜਗਤ**, ਪੰਨਾ-13.
91. ਡਾ. ਗੁਲਜ਼ਾਰ ਸਿੰਘ ਕੰਗ, **ਪੰਜਾਬੀ ਸੂਫ਼ੀ ਕਾਵਿ ਅਧਿਐਨ**, ਪੰਨਾ-21.
92. **ਗੁਰੂ ਗ੍ਰੰਥ ਸਾਹਿਬ**, ਪੰਨਾ-1381.
93. ਡਾ. ਗੁਲਜ਼ਾਰ ਸਿੰਘ ਕੰਗ, **ਪੰਜਾਬੀ ਸੂਫ਼ੀ ਕਾਵਿ ਅਧਿਐਨ**, ਪੰਨਾ-22.
94. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-13.
95. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-39.



Sri Satguru Jagjit Singh Ji eLibrary NamdhariElibrary@gmail.com

96. ਉਹੀ, ਪੰਨਾ-41.
97. ਉਹੀ, ਪੰਨਾ-22.
98. ਡਾ. ਕੁਲਜੀਤ ਸ਼ੈਲੀ, **ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ-ਵਿਵੇਕ**, ਪੰਨਾ-98.
99. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-19.
100. ਡਾ. ਗ਼ੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-47.
101. ਡਾ. ਮੁਹੰਮਦ ਹਬੀਬ, **ਭਾਰਤ ਵਿਚ ਸੂਫ਼ੀਵਾਦ: ਚੋਣਵੇਂ ਸੰਦਰਭ**, ਪੰਨਾ-132.
102. ਡਾ. ਮੋਹਨ ਸਿੰਘ ਦੀਵਾਨਾ, **ਸੂਫ਼ੀ ਸਾਹਿਤ**, ਪੰਨਾ-7.
103. **ਗੁਰੂ ਗ੍ਰੰਥ ਸਾਹਿਬ**, ਰਾਗ ਸੂਹੀ, ਪੰਨਾ-1379.
104. ਭਾਈ ਕਾਨ੍ਹ ਸਿੰਘ ਨਾਭਾ, **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ-59.
105. ਸੁਰਿੰਦਰ ਕੋਹਲੀ, **ਫ਼ਰੀਦ ਦਰਪਣ**, ਪੰਨਾ-14.
106. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ 43-44.
107. **ਗੁਰੂ ਗ੍ਰੰਥ ਸਾਹਿਬ**, ਰਾਗ ਆਸਾ, ਪੰਨਾ-441.
108. ਪ੍ਰੋ. ਹਰਚੇਤ ਸਿੰਘ ਪੰਛੀ, **ਪੰਜਾਬੀ ਕਾਵਿ ਵਿਚ ਬਿਰਹਾ ਭਾਵਨਾ**, ਪੰਨਾ-11.
109. ਡਾ. ਜਗਬੀਰ ਸਿੰਘ, **ਬਾਬਾ ਫ਼ਰੀਦ ਬਾਣੀ ਦੀ ਸਮਕਾਲੀਨ ਸਾਰਥਕਤਾ ਤੇ ਪ੍ਰਾਸੰਗਿਕਤਾ** (**ਖੋਜ-ਪੱਤਰ**), ਪੰਨਾ-9.
110. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-112.
111. ਡਾ. ਹਰਪ੍ਰੀਤ ਰੂਬੀ, **ਬੁੱਲ੍ਹੇ ਸ਼ਾਹ ਦਾ ਕਾਵਿ ਜਗਤ**, ਪੰਨਾ-17.
112. **ਬੁਲ੍ਹੇ ਸ਼ਾਹ ਦਾ ਕਾਵਿ ਲੋਕ**, ਪੰਨਾ-172.
113. ਡਾ. ਹਰਪ੍ਰੀਤ ਰੂਬੀ, **ਬੁੱਲ੍ਹੇ ਸ਼ਾਹ ਦਾ ਕਾਵਿ ਜਗਤ**, ਪੰਨਾ-17.
114. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-41.
115. ਡਾ. ਅਮਰਵੰਤ ਸਿੰਘ, **ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ**, ਪੰਨਾ-618.
116. ਡਾ. ਹਰਪ੍ਰੀਤ ਰੂਬੀ, **ਬੁੱਲ੍ਹੇ ਸ਼ਾਹ ਦਾ ਕਾਵਿ ਜਗਤ**, ਪੰਨਾ-18.
117. ਡਾ. ਮੁਹੰਮਦ ਹਬੀਬ, **ਭਾਰਤ ਵਿਚ ਸੂਫ਼ੀਵਾਦ: ਚੋਣਵੇਂ ਸੰਦਰਭ**, ਪੰਨਾ-132.
118. ਡਾ. ਗੁਰਦੇਵ ਸਿੰਘ, (ਸੰਪਾਦਕ), **ਕਲਾਮ ਬੁੱਲ੍ਹੇ ਸ਼ਾਹ**, ਪੰਨਾ-31.
119. ਡਾ. ਹਰਪ੍ਰੀਤ ਰੂਬੀ, **ਬੁੱਲ੍ਹੇ ਸ਼ਾਹ ਦਾ ਕਾਵਿ ਜਗਤ**, ਪੰਨਾ-18.
120. ਡਾ. ਕੁਲਜੀਤ ਸ਼ੈਲੀ, **ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ-ਵਿਵੇਕ**, ਪੰਨਾ-134.
121. ਰਾਮ ਪੂਜਨ ਤਿਵਾੜੀ, **ਸੂਫ਼ੀਮਤ ਸਾਧਨਾ ਔਰ ਸਾਹਿਤਯ**, ਪੰਨਾ-256.
122. ਡਾ. ਦਵਿੰਦਰ ਸਿੰਘ, **ਪੰਜਾਬੀ ਸੂਫ਼ੀ ਸਾਹਿਤ ਅਧਿਐਨ**, ਪੰਨਾ-38.
123. ਰਾਮ ਪੂਜਨ ਤਿਵਾੜੀ, **ਸੂਫ਼ੀਮਤ ਸਾਧਨਾ ਔਰ ਸਾਹਿਤਯ**, ਪੰਨਾ-281.
124. Sadhu Ram Sharda, **Sufi Thoughts**, Page 37-46.
125. ਡਾ. ਗ਼ੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-39.
126. **ਗੁਰੂ ਗ੍ਰੰਥ ਸਾਹਿਬ**, ਸਲੋਕ ਫ਼ਰੀਦ ਜੀ, ਪੰਨਾ-1379.
127. ਸਾਧੂ ਰਾਮ ਸ਼ਾਰਦਾ, **ਸੂਫ਼ੀਮਤ ਤੇ ਪੰਜਾਬੀ ਸੂਫ਼ੀ ਸਾਹਿਤ**, ਪੰਨਾ-48.
128. Dr. Lajwanti Rama Krishna, **Punjabi Sufi Poets**, Page-4.
129. ਡਾ. ਅਤਰ ਸਿੰਘ, **ਪੰਜਾਬੀ ਸੂਫ਼ੀ ਕਾਵਿ ਦੀ ਵਿਸ਼ੇਸ਼ਤਾ: ਦ੍ਰਿਸ਼ਟੀਕੋਣ**, ਪੰਨਾ-66.
130. ਪ੍ਰੋ. ਕਿਸ਼ਨ ਸਿੰਘ, **ਸੂਫ਼ੀ ਵਿਚਾਰਧਾਰਾ: ਸੂਫ਼ੀਮਤ ਤੇ ਕਵਿਤਾ**, ਡਾ. ਜੀਤ ਸਿੰਘ ਸੀਤਲ (ਸੰਪਾਦਕ), ਪੰਨਾ-27.



Sri Satguru Jagjit Singh Ji eLibrary NamdhariElibrary@gmail.com

131. ਡਾ. ਗੁਲਜ਼ਾਰ ਸਿੰਘ ਕੰਗ, **ਪੰਜਾਬੀ ਸੂਫ਼ੀ ਕਾਵਿ ਅਧਿਐਨ**, ਪੰਨਾ-13.

132. सरमद का शाब्दिक अर्थ होता है जो आदि और अंत से रहित, अजर–अमर, सदा जीवित और समय, स्थान से परे व अनंत है, वही सरमद है। http://vichar.bhadas4media.com/sahitya-jagat/1333-2011-06-07-09-36-18.html.

133. आरमीनीया के यहूदी व्यापारी खानदान में सरमद सन 1618 को पैदा हुए। जन्म ईरान के काशान में हुआ। बचपन में ही सरमद यहूदी धर्म–ग्रंथों में निपुण हो चुके थे। लेकिन ज्ञान की प्यास नहीं बुझी तो दूसरे धर्मों के ग्रंथों का अध्ययन शुरू किया। सरमद मस्त–मौला थे। असली नाम कोई नहीं जानता। दरअसल, सरमद तखल्लुस है जो कविता का उपनाम है।
http://vichar.bhadas4media.com/sahitya-jagat/1333-2011-06-07-09-36-18.html.

134. ਡਾ. ਕਰਮਜੀਤ ਸਿੰਘ, **ਪੰਜਾਬੀ ਰੁਬਾਈ: ਨਿਕਾਸ ਤੇ ਵਿਕਾਸ**, ਪੰਨਾ-63.

135. ਉਹੀ, ਪੰਨਾ-63.

136. ਉਹੀ, ਪੰਨਾ-64.

137. http://junkyard007.wordpress.com/2010/04/10/ਸਰਮਦ-ਦੀ-ਇਕ-ਰੁਬਾਈ

138. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-129.

139. ਉਹੀ, ਪੰਨਾ-167.

140. ਡਾ. ਲਾਜਵੰਤੀ ਰਾਮ ਕ੍ਰਿਸ਼ਨ, **ਪੰਜਾਬੀ ਸੂਫ਼ੀ ਕਵੀ**, ਪੰਨਾ-79.

141. ਪ੍ਰੋ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-175.

142. ਡਾ. ਗੁਲਜ਼ਾਰ ਸਿੰਘ ਕੰਗ, **ਸੂਫ਼ੀਮਤ ਸਿਲਸਿਲੇ ਅਤੇ ਸਾਧਕ**, ਪੰਨਾ-166.

143. ਉਹੀ, ਪੰਨਾ-168.

144. ਡਾ. ਲਾਜਵੰਤੀ ਰਾਮ ਕ੍ਰਿਸ਼ਨ, **ਪੰਜਾਬੀ ਸੂਫ਼ੀ ਕਵੀ**, ਪੰਨਾ-85.

145. ਡਾ. ਕਰਮਜੀਤ ਸਿੰਘ, **ਪੰਜਾਬੀ ਰੁਬਾਈ: ਨਿਕਾਸ ਤੇ ਵਿਕਾਸ**, ਪੰਨਾ-68.

146. ਪ੍ਰੋ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-175.

147. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-95.

148. ਬਾਵਾ ਬੁੱਧ ਸਿੰਘ, **ਹੰਸ ਚੋਗ**, ਪੰਨਾ-372.

149. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-192.

150. ਉਹੀ, ਪੰਨਾ-197.

151. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-149.

152. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-107.

153. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-152.



Sri Satguru Jagjit Singh Ji eLibrary NamdhariElibrary@gmail.com

154. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-108.
155. ਡਾ. ਸੁਖਦੇਵ ਸਿੰਘ, **ਪੰਜਾਬੀ ਸੂਫ਼ੀ ਕਵਿਤਾ ਦੀ ਰਮਜ਼** http://www.likhtam.com/august/sukhdev4.html
156. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ 152, 153.
157. ਉਹੀ, ਪੰਨਾ-154.
158. ਡਾ. ਲਾਜਵੰਤੀ ਰਾਮ ਕ੍ਰਿਸ਼ਨ, **ਪੰਜਾਬੀ ਸੂਫ਼ੀ ਕਵੀ**, ਪੰਨਾ-122.
159. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-105.
160. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-195.
161. http://www.punjabi-kavita.com/Hashim-U/Hashim-Shah-U.php.
162. http://www.punjabi-kavita.com/Hashim-U/Deodhan-Hashim-Shah-U.php.
163. ਡਾ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-195.
164. ਉਹੀ, ਪੰਨਾ-196.
165. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-114.



Sri Satguru Jagjit Singh Ji eLibrary NamdhariElibrary@gmail.com

## ਅਧਿਆਇ ਦੂਜਾ

# ਫ਼ਰੀਦ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਪੰਜਾਬੀ ਸੂਫ਼ੀ ਸਾਹਿਤ ਦੇ ਖੇਤਰ ਵਿਚ ਬਾਬਾ ਫ਼ਰੀਦ ਦਾ ਕਾਵਿ ਬਹੁਤ ਮੁੱਲਵਾਨ ਅਤੇ ਅਮੀਰ ਕਾਵਿ-ਪਰੰਪਰਾ ਦਾ ਹਿੱਸਾ ਹੈ। ਬਾਬਾ ਫ਼ਰੀਦ ਦੇ ਕਾਵਿ ਨੂੰ ਪੰਜਾਬੀ ਸੂਫ਼ੀ ਕਵਿਤਾ ਦੀ ਪ੍ਰਥਮ ਪ੍ਰਮਾਣਿਕ ਕਾਵਿ-ਰਚਨਾ ਮੰਨਿਆ ਜਾਂਦਾ ਹੈ ਅਤੇ ਬਾਬਾ ਫ਼ਰੀਦ ਨੂੰ ਸੂਫ਼ੀ ਕਵਿਤਾ ਦਾ ਮੋਢੀ ਸਵੀਕਾਰ ਕੀਤਾ ਜਾਂਦਾ ਹੈ। ਬਾਬਾ ਫ਼ਰੀਦ ਇਕ ਮਹਾਨ ਅਨੁਭਵੀ ਯੁੱਗ-ਪੁਰਸ਼ ਸਨ ਜਿਨ੍ਹਾਂ ਨੇ ਆਪਣੇ ਕਲਾਮ ਰਾਹੀਂ ਪੰਜਾਬੀ ਸਾਹਿਤ ਚੇਤਨਾ ਨੂੰ ਇਕ ਨਵਾਂ ਦਾਰਸ਼ਨਿਕ ਤੇ ਕਲਿਆਣਕਾਰੀ ਮੋੜ ਦਿੱਤਾ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਭਾਰਤੀ ਦਰਸ਼ਨ ਅਤੇ ਅਧਿਆਤਮਕ ਵਿਸ਼ਵਾਸਾਂ ਵਿਚ ਹਨ੍ਹੇਰੇ ਦੇ ਬੱਦਲ ਛਾਏ ਹੋਏ ਸਨ। ਪਰਮਾਤਮਾ, ਉਸ ਦੇ ਸਰੂਪ, ਨੈਤਿਕ ਕਦਰਾਂ-ਕੀਮਤਾਂ, ਅਧਿਆਤਮਵਾਦ ਅਤੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੇ ਆਮ ਮਨੁੱਖ ਤੋਂ ਉਸ ਦੇ ਅਧਿਕਾਰ ਖੋਹ ਲਏ ਸਨ। ਸਮਾਜ ਅੰਦਰ ਜਾਤ-ਪਾਤ ਦਾ ਬੋਲਬਾਲਾ ਸੀ ਅਤੇ ਔਰਤ ਦੀ ਸਥਿਤੀ ਬਹੁਤ ਤਰਸਯੋਗ ਸੀ।

ਹਾਕਮ ਵਰਗ ਨੇ ਕੁਲੀਨ ਵਰਗ ਨੂੰ ਆਪਣਾ ਗ਼ੁਲਾਮ ਬਣਾਈ ਰੱਖਣ ਲਈ ਕਈ ਪ੍ਰਕਾਰ ਦੇ ਵਹਿਮ-ਭਰਮ ਫੈਲਾ ਰੱਖੇ ਸਨ। ਗ਼ਰੀਬ ਲੋਕਾਂ ਲਈ ਸਮਾਜ ਵਿਚ ਅਨੇਕਾਂ ਪ੍ਰਕਾਰ ਦੇ ਬੰਧਨ ਪ੍ਰਚਲਿੱਤ ਸਨ। ਹਾਕਮ ਧਿਰ ਦੇ ਲੋਕ ਕਾਨੂੰਨਾਂ ਨੂੰ ਆਪਣੇ ਹਿੱਤਾਂ ਅਤੇ ਲਾਭ ਲਈ ਬਣਾਉਂਦੇ ਸਨ। ਧਰਮ ਦੇ ਨਾਂ ਉੱਤੇ ਲੋਕਾਂ ਵਿਚ ਲੜਾਈ-ਝਗੜਾ ਆਮ ਗੱਲ ਸੀ ਅਤੇ ਲੋਕਾਂ ਵਿਚ ਆਪਸੀ ਪ੍ਰੇਮ-ਪਿਆਰ ਦੀ ਭਾਵਨਾ ਅਸਲੋਂ ਹੀ ਗਾਇਬ ਸੀ;

"ਪੂਰਵ ਫ਼ਰੀਦ ਕਾਲ ਬਾਰੇ ਜੇ ਇਤਿਹਾਸਕ ਪਰਿਪੇਖ ਤੋਂ ਮੁਲਾਂਕਣ ਕਰੀਏ ਤਾਂ ਉਸ ਸਮੇਂ ਵਧੇਰੇ ਰੂੜ੍ਹੀਵਾਦੀ ਧੁੰਦ ਛਾਈ ਹੋਈ ਸੀ। ਸਦਾਚਾਰ, ਧਾਰਮਿਕ ਸਹਿਨਸ਼ੀਲਤਾ ਅਤੇ ਪ੍ਰਭੂ ਦੇ ਸੰਕਲਪ ਬਾਰੇ ਬਹੁਤ ਵੱਡਾ ਰੋਲ-ਘਚੋਲਾ ਸੀ ਕਿਉਂਕਿ ਭਗਤੀ-ਮਾਰਗ ਦਾ ਹਾਲੇ ਉਦਭਵ ਨਹੀਂ ਸੀ ਹੋਇਆ।"[1]

ਬਾਬਾ ਫ਼ਰੀਦ ਦੇ ਜਨਮ ਤੋਂ ਪਹਿਲਾਂ ਮੁਸਲਮਾਨ ਹਮਲਾਵਰਾਂ ਕਾਰਨ ਇਸਲਾਮ ਧਰਮ ਦਾ ਅਕਸ ਸਮਾਜ ਵਿਚ ਰਹਿੰਦੇ ਆਮ ਲੋਕਾਂ ਵਿਚ ਠੀਕ ਨਹੀਂ ਸੀ। ਭਾਰਤੀ ਸਮਾਜ ਵਿਚ ਰਹਿੰਦਾ ਆਮ ਮਨੁੱਖ ਇਸਲਾਮ ਧਰਮ ਨੂੰ ਹਮਲਾਵਰਾਂ ਅਤੇ ਲੁੱਟਾਂ-ਮਾਰਾਂ ਕਰਨ ਵਾਲਿਆਂ ਦਾ ਧਰਮ ਸਮਝਦਾ ਸੀ।ਅਸਲ ਵਿਚ ਤੱਤਕਾਲੀਨ ਹਮਲਾਵਰ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਤੇ ਉਤਾਰੂ ਸਨ। ਉਹ ਲੋਕ ਤਲਵਾਰ ਦੇ ਜ਼ੋਰ ਨਾਲ ਸਮਾਜ ਵਿਚ ਵਿਚਰ ਰਹੇ ਆਮ ਲੋਕਾਂ ਨੂੰ ਡਰਾ ਕੇ ਇਸਲਾਮ ਦੇ ਦਾਇਰੇ ਵਿਚ ਲਿਆਉਣਾ ਚਾਹੁੰਦੇ ਸਨ;

"ਫ਼ਰੀਦ ਦੇ ਆਗਮਨ ਤੋਂ ਪਹਿਲਾਂ ... ਭਾਰਤੀ ਲੋਕਾਂ ਵਿਚ ਇਸਲਾਮ ਦਾ ਪ੍ਰਚਲਣ ਵੀ ਘੱਟ ਚਲਿਆ ਸੀ ਕਿਉਂਕਿ ਇਸਲਾਮੀ ਹਮਲਾਵਰਾਂ ਨੇ ਆਪਣੇ ਅਣਮਨੁੱਖੀ ਜ਼ੁਲਮਾਂ ਦੁਆਰਾ ਭਾਰਤੀਆਂ ਨੂੰ ਬਦੋ-ਬਦੀ ਇਸਲਾਮ ਮੱਤ ਧਾਰਨ ਲਈ ਮਜਬੂਰ ਕਰਨ ਦੀ ਵਿਵਸਥਾ



Sri Satguru Jagjit Singh Ji eLibrary NamdhariElibrary@gmail.com

ਕਾਰਣ ਆਮ ਲੋਕ ਇਸਲਾਮ ਪ੍ਰਤੀ ਮੁਨਫ਼ਰ ਹੁੰਦੇ ਜਾ ਰਹੇ ਸਨ।"[2]

ਭਾਰਤੀ ਸਮਾਜ ਵਿਚ ਰਹਿੰਦੇ ਆਮ ਮਨੁੱਖ ਨੂੰ ਸੂਫ਼ੀ ਸੰਤਾਂ ਨੇ ਆਪਣੀ ਨਿਰਮਤਾ, ਮਿੱਠੇ ਆਚਰਣ, ਪਰਮਾਤਮਾ ਦੇ ਸ਼ੁੱਧ ਸਰੂਪ, ਵਹਿਮਾਂ-ਭਰਮਾਂ ਤੋਂ ਦੂਰ ਅਤੇ ਆਮ ਬੋਲ-ਚਾਲ ਦੀ ਭਾਸ਼ਾ ਵਿਚ ਪ੍ਰਚਾਰ ਕਰਕੇ ਇਸਲਾਮ ਦੇ ਨੇੜੇ ਲਿਆਂਦਾ। ਇਨ੍ਹਾਂ ਸੂਫ਼ੀ ਸਾਧਕਾਂ ਦੀ ਸਾਰਥਕ ਅਤੇ ਉਸਾਰੂ ਸੋਚ ਦੁਆਰਾ ਇਸਲਾਮ ਧਰਮ ਨੇ ਭਾਰਤ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ। ਸੂਫ਼ੀ ਸਾਧਕਾਂ ਨੇ ਆਮ ਮਨੁੱਖ ਨਾਲ ਸੰਪਰਕ ਕਾਇਮ ਕੀਤਾ ਉਸ ਨਾਲ ਪ੍ਰੇਮ ਦੀ ਭਾਸ਼ਾ ਵਿਚ ਗੱਲ ਕੀਤੀ। ਉਸ ਨੂੰ ਸਦਗੁਣ, ਨਿਮਰਤਾ, ਨੈਤਿਕਤਾ ਅਤੇ ਆਪਸੀ ਪਿਆਰ ਦੀ ਭਾਵਨਾ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਉਸ ਨੂੰ ਇਸਲਾਮ ਦੇ ਨੇੜੇ ਲਿਆਂਦਾ। ਕਿਹਾ ਜਾਂਦਾ ਹੈ ਕਿ ਜਿਤਨੇ ਲੋਕਾਂ ਨੂੰ ਸੂਫ਼ੀ ਸਾਧਕਾਂ ਨੇ ਪ੍ਰੇਮ ਦੀ ਬੋਲੀ ਕਾਰਨ ਇਸਲਾਮ ਦੇ ਨੇੜੇ ਲਿਆਂਦਾ ਉਤਨੇ ਲੋਕਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਲਾਮ ਦੇ ਨੇੜੇ ਨਹੀਂ ਲਿਆਂਦਾ ਜਾ ਸਕਿਆ;

" ... ਜਿੰਨੇ ਲੋਕਾਂ ਨੂੰ ਇਹ (ਸੂਫ਼ੀ) ਇਸਲਾਮ ਵਿਚ ਲਿਆਏ ਓਨੇ ਕੋਈ ਜ਼ਾਲਮ ਬਾਦਸ਼ਾਹ ਵੀ ਨਹੀਂ ਲਿਆ ਸਕਿਆ।"[3]

ਸੂਫ਼ੀ ਸਾਧਕਾਂ ਨੇ ਇਸਲਾਮ ਦੇ ਪ੍ਰਚਾਰ ਦੇ ਨਾਲ-ਨਾਲ ਲੋਕਾਂ ਨੂੰ ਆਪਸੀ ਪ੍ਰੇਮ-ਪਿਆਰ ਦਾ ਪਾਠ ਵੀ ਪੜਾਇਆ। ਲੋਕਾਂ ਨੂੰ ਸਮਾਜਿਕ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ। ਸਮਾਜ ਵਿਚ ਵਿਆਪਤ ਜਾਤ-ਪਾਤ ਦਾ ਵਿਰੋਧ ਕੀਤਾ ਅਤੇ ਲੋਕਾਂ ਨੂੰ ਇਨਸਾਨੀ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਲਈ ਸਿੱਖਿਆ ਦਿੱਤੀ;

"ਸੂਫ਼ੀ ਸੰਤਾਂ ਨੇ ਜਿੱਥੇ ਆਪਣੇ ਮੂਲ ਧਰਮ ਦਾ ਪ੍ਰਚਾਰ ਕੀਤਾ, ਉੱਥੇ ਆਪਣੇ ਸੁਭਾਉ ਤੇ ਖਾਸੇ ਅਨੁਸਾਰ ਰੱਬ ਲਈ ਆਪਾ-ਵਾਰੂ ਮਸਤੀ, ਸੱਚਾ-ਸੁੱਚਾ ਪਿਆਰ, ਧਾਰਮਿਕ ਸਹਿਨਸ਼ੀਲਤਾ, ਗੁਰੂ ਉੱਤੇ ਦ੍ਰਿੜ ਨਿਸ਼ਚਾ, ਪਿਆਰ ਦੀ ਸ਼੍ਰੇਸ਼ਟਤਾ, ਹਿੰਦੂ-ਮੁਸਲਿਮ ਭਾਈਚਾਰੇ ਦੀ ਏਕਤਾ ਆਦਿ ਨੇ ਉਸ ਵੇਲੇ ਦੇ ਭਾਰਤੀ ਸਮਾਜ ਵਿਚ ਉਸਾਰੂ ਸੋਚ, ਸਾਂਝੇ ਭਾਈਚਾਰੇ, ਇਨਸਾਨੀ ਦੋਸਤੀ, ਆਪਣੀ ਧਰਤੀ ਦੇ ਪਿਆਰ, ਬਰਾਬਰੀ ਤੇ ਏਕਤਾ ਦੇ ਬੀਜ ਵੀ ਬੀਜੇ। ਹਾਕਮ ਤੇ ਮਹਿਕੂਨ ਧੜਿਆਂ ਵਿਚ ਪੈ ਚੁਕੀ ਡੂੰਘੀ ਖਾਈ ਨੂੰ ਪੂਰਨ ਦਾ ਸੂਫ਼ੀ ਸੰਤਾਂ ਦਾ ਉਦਮ ਸਾਡੇ ਇਤਿਹਾਸ ਦਾ ਮਹਤੱਵਪੂਰਨ ਕਾਂਡ ਹੈ।"[4]

ਬਾਬਾ ਫ਼ਰੀਦ ਨੇ ਉਸ ਸਮੇਂ ਦੀ ਸਮਾਜਿਕ ਸਥਿਤੀ ਦਾ ਚਿੱਤਰਣ ਆਪਣੇ ਕਲਾਮ ਵਿਚ ਕੀਤਾ ਹੈ। ਸਮਾਜ ਵਿਚ ਹੋ ਰਿਹਾ ਨੈਤਿਕ ਕਦਰਾਂ-ਕੀਮਤਾਂ ਦਾ ਘਾਣ, ਪਾਖੰਡਵਾਦ, ਧਾਰਮਿਕ ਕੱਟੜਤਾ ਅਤੇ ਅਮਾਨਵੀ ਵਿਵਹਾਰ ਦਾ ਪੂਰਨ ਚਿੱਤਰ ਬਾਬਾ ਫ਼ਰੀਦ ਦੇ ਕਲਾਮ ਵਿਚ ਪੇਸ਼ ਕੀਤਾ ਗਿਆ ਹੈ। ਸੂਫ਼ੀ ਵਿਚਾਰਧਾਰਾ ਨੇ ਉਸ ਵੇਲੇ ਦੇ ਰੂੜ੍ਹੀਵਾਦ ਤੇ ਕੱਟੜ ਧਾਰਮਿਕ ਮਾਹੌਲ'ਤੇ ਕਰਾਰੀ ਸੱਟ ਮਾਰੀ।

ਬਾਬਾ ਫ਼ਰੀਦ ਨੇ ਮੁਨੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਬਾਹਰੀ ਵਿਖਾਵੇ ਅਤੇ ਆਡੰਬਰ ਛੱਡ ਕੇ ਆਪਣੇ ਅੰਦਰ ਝਾਕਣ ਦਾ ਸੱਦਾ ਦਿੱਤਾ ਅਤੇ ਜੰਗਲ-ਜੰਗਲ ਘੁੰਮਣ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਕਾਲੇ ਕਪੜੇ ਪਾਉਣ ਨਾਲ ਕੋਈ ਵਿਅਕਤੀ ਸੂਫ਼ੀ ਜਾਂ ਦਰਵੇਸ਼ ਨਹੀਂ ਬਣ ਜਾਂਦਾ ਬਲਕਿ ਦਰਵੇਸ਼ ਬਣਨ ਲਈ ਆਤਮਿਕ ਤੌਰ'ਤੇ ਪਰਮਾਤਮਾ ਨਾਲ ਇਸ਼ਕ ਕੀਤਾ ਜਾਣਾ ਚਾਹੀਦਾ ਹੈ;

"ਪੰਜਾਬੀ ਕਾਵਿ ਪਰੰਪਰਾ ਨੂੰ ਜਨਮ ਦੇਂਦਿਆਂ ਸ਼ੇਖ਼ ਫ਼ਰੀਦ ਨੇ ਇਸ ਨੂੰ ਇਕ ਮੂਲ ਮਾਨਵਵਾਦੀ ਦ੍ਰਿਸ਼ਟੀ ਤੇ ਆਦਰਸ਼ ਵੀ ਪ੍ਰਦਾਨ ਕੀਤੇ।"[5]



Sri Satguru Jagjit Singh Ji eLibrary NamdhariElibrary@gmail.com

ਬਾਬਾ ਫ਼ਰੀਦ ਖ਼ੁਦ ਇਸਲਾਮੀ ਰਹੁ-ਰੀਤਾਂ ਦੇ ਪੂਰਨ ਪਾਬੰਦ ਸਨ ਪਰ ਉਹ ਆਪਣੇ ਕਲਾਮ ਵਿਚ ਲੋਕਾਂ ਨੂੰ ਆਤਮਿਕ ਜਾਗ੍ਰਿਤੀ ਲਈ ਪ੍ਰੇਰਿਤ ਕਰਦੇ ਹਨ;

"ਸ਼ੇਖ਼ ਫ਼ਰੀਦ ਇਸਲਾਮ ਦਾ ਇਕ ਬੜਾ ਵੱਡਾ ਪ੍ਰਚਾਰਕ ਸੀ ਅਤੇ ਅਨੇਕਾਂ ਲੋਕਾਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਕੇ ਉਸ ਨੇ ਇਸਲਾਮੀ ਰਾਜ ਦੀਆਂ ਜੜ੍ਹਾਂ ਭਾਰਤ ਵਰਗੇ ਅਣ-ਇਸਲਾਮੀ ਦੇਸ਼ ਵਿਚ ਗੱਡਣ ਲਈ ਚੋਖੀ ਸਹਾਇਤਾ ਕੀਤੀ ਹੈ ਪਰ ਬੌਧਿਕ ਤੌਰ ਤੇ ਉਹ ਵੇਲੇ ਦੇ ਹਾਕਮ ਧੜੇ ਨਾਲ ਇਕਸੁਰ ਨਹੀਂ ਸੀ। ਨਾ ਕੇਵਲ ਉਹ ਆਪਣੇ ਨਿੱਜੀ ਜੀਵਨ ਵਿਚ ਹੀ ਐਸ਼-ਪ੍ਰਸਤ ਤੇ ਆਰਾਮ ਤਲਬ ਲੋਕਾਂ ਨੂੰ ਕੋਈ ਵਿਸ਼ੇਸ਼ਤਾ ਨਹੀਂ ਸੀ ਦਿੰਦਾ ਸਗੋਂ ਉਸਦੀ ਬਾਣੀ ਵੀ ਉਸ ਦੀਆਂ ਅਜਿਹੀਆਂ ਰੁਚੀਆਂ ਵੱਲ ਇਕ ਸੰਕੇਤ ਹੈ।"[6]

ਸਾਡੀ ਪੁਸਤਕ ਦੇ ਇਸ ਅਧਿਆਇ ਦਾ ਮੂਲ ਮਨੋਰਥ **ਫ਼ਰੀਦ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ** ਵਿਸ਼ੇ ਉੱਪਰ ਵਿਚਾਰ-ਚਰਚਾ ਕਰਨਾ ਹੈ। ਇਸ ਲਈ ਸਭ ਤੋਂ ਪਹਿਲਾਂ ਬਾਬਾ ਫ਼ਰੀਦ ਦੇ ਜਨਮ ਅਤੇ ਸਖਸ਼ੀਅਤ ਬਾਰੇ ਵਿਚਾਰ-ਚਰਚਾ ਕਰਾਂਗੇ।

## ਬਾਬਾ ਫ਼ਰੀਦ

ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਅਤੇ ਪੰਜਾਬੀ ਸਮਾਜ ਵਿਚ ਸੂਫ਼ੀ ਕਾਵਿਤਾ ਦਾ ਅਹਿਮ ਅਤੇ ਮਹੱਤਵਪੂਰਨ ਸਥਾਨ ਹੈ। ਸਮਾਜ ਵਿਚ ਇਸ ਸਾਹਿਤ ਦੀ ਲੋਕਪ੍ਰਿਯਤਾ ਦੇ ਨਾਲ-ਨਾਲ ਪਹਿਲੇ ਪ੍ਰਮਾਣਿਕ ਸੂਫ਼ੀ ਕਵੀ ਬਾਬਾ ਫ਼ਰੀਦ ਦੇ ਕਲਾਮ ਦਾ ਅਹਿਮ ਸਥਾਨ ਨਿਰਧਾਰਤ ਹੈ। ਬਾਬਾ ਫ਼ਰੀਦ ਆਪਣੇ ਕਲਾਮ ਨਾਲ ਭਾਰਤੀ ਸੂਫ਼ੀ ਪਰੰਪਰਾ ਨੂੰ ਵਿਕਾਸ ਦੀਆਂ ਲੀਹਾਂ'ਤੇ ਤੋਰਦਾ ਹੈ। ਇਹ ਪਰੰਪਰਾ ਸਮਾਂ ਬਤੀਤ ਹੋਣ ਦੇ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਅਹਿਮ ਅਤੇ ਨਿਵੇਕਲਾ ਸਥਾਨ ਬਣਾ ਲੈਂਦੀ ਹੈ। ਇਸ ਗੱਲ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਪੰਜਾਬੀ ਸੂਫ਼ੀ ਸਾਹਿਤ ਦੀ ਸ਼ੁਰੂਆਤ ਬਾਬਾ ਫ਼ਰੀਦ ਤੋਂ ਹੋਈ ਹੈ। ਡਾ. ਧਰਮਪਾਲ ਸਿੰਗਲ ਨੇ ਆਪਣੀ ਪੁਸਤਕ **ਪੰਜਾਬੀ ਸਾਹਿਤ ਦਾ ਇਤਿਹਾਸ** ਵਿਚ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਪੰਜਾਬੀ ਸੂਫ਼ੀ ਕਵਿਤਾ ਦੀ ਸ਼ੁਰੂਆਤ ਬਾਬਾ ਫ਼ਰੀਦ ਦੇ ਕਲਾਮ ਤੋਂ ਹੋਈ ਹੈ;

"ਇਸ ਗੱਲ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਬਾਬਾ ਫ਼ਰੀਦ ਤੋਂ ਸ਼ੁਰੂ ਹੋਣ ਵਾਲੀ ਸੂਫ਼ੀ ਕਵਿਤਾ ਸਾਡਾ ਵਡਮੁੱਲਾ ਵਿਰਸਾ ਹੈ ਅਤੇ ਸਾਹਿਤਕ ਪੰਜਾਬੀ ਦੇ ਦਰਸ਼ਨ ਸਭ ਤੋਂ ਪਹਿਲਾਂ ਇਨ੍ਹਾਂ ਸੂਫ਼ੀ ਫ਼ਕੀਰਾਂ ਦੀਆਂ ਰਚਨਾਵਾਂ ਵਿਚ ਹੁੰਦੇ ਹਨ ਤੇ ਬਾਬਾ ਫ਼ਰੀਦ ਨੇ ਇਸ ਵਿਚ ਸਭ ਤੋਂ ਪਹਿਲਾਂ ਪ੍ਰਾਣ ਚੇਤਨਾ ਭਰੀ।"[7]

ਵਿਦਵਾਨਾਂ ਅਨੁਸਾਰ ਸ਼ੇਖ ਫ਼ਰੀਦ ਦਾ ਕਲਾਮ ਅਤੇ ਸਿੱਖਿਆ ਦੇ ਹਰਮਨ-ਪਿਆਰੀ ਹੋਣ ਦਾ ਕਾਰਣ ਇਹ ਮੰਨਿਆ ਜਾਂਦਾ ਹੈ ਕਿ ਬਾਬਾ ਫ਼ਰੀਦ ਨੇ ਇਸਲਾਮ ਦੀ ਕੱਟੜਤਾ ਅਤੇ ਹਿੰਦੂ ਧਰਮ ਦੀ ਸੰਕੀਰਣਤਾ ਦੇ ਵਿਰੋਧ ਵਿਚ ਉਦਾਰ ਅਤੇ ਮਾਨਵੀ ਵਿਚਾਰਾਂ ਨੂੰ ਸਰਲਤਾ ਨਾਲ ਪੇਸ਼ ਕੀਤਾ। ਉਨ੍ਹਾਂ ਆਪਣੀ ਰਚਨਾ ਰਾਹੀਂ ਮਨੁੱਖ ਨੂੰ ਜ਼ਿੰਦਗੀ ਜੀਉਣ ਦੀ ਜਾਚ ਸਿੱਖਾਈ। ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਜਾਲ ਵਿਚੋਂ ਬਾਹਰ ਕੱਢਿਆ। ਬਾਬਾ ਫ਼ਰੀਦ ਨੂੰ ਪੰਜਾਬੀ ਸੂਫ਼ੀ ਕਾਵਿ ਦਾ ਮੋਢੀ ਪ੍ਰਵਾਨ ਕੀਤਾ ਗਿਆ ਹੈ। ਇਸ ਲਈ ਜੋ ਦਰਜ਼ਾ/ਸਥਾਨ ਗੁਰਮਤਿ ਕਾਵਿ ਵਿਚ ਗੁਰੂ ਨਾਨਕ ਦੇਵ ਨੂੰ ਮਿਲਿਆ ਹੋਇਆ ਹੈ, ਉਹੀ ਦਰਜ਼ਾ ਸੂਫ਼ੀ ਕਾਵਿ ਵਿਚ ਬਾਬਾ ਫ਼ਰੀਦ ਅਤੇ ਉਨ੍ਹਾਂ ਦੇ ਕਲਾਮ ਨੂੰ ਪ੍ਰਾਪਤ ਹੈ। ਫ਼ਰੀਦ ਕਾਵਿ ਇਕਾਗਰ ਬਿਰਤੀ ਵਾਲਾ ਕਾਵਿ ਹੈ। ਸੂਫ਼ੀ ਪਰੰਪਰਾ ਵਿਚ ਪਰਮਾਤਮਾ ਦੇ ਮਿਲਾਪ ਦੀ ਇੱਛਾ ਦੇ ਪਿੱਛੇ ਮੌਤ ਦੀ ਅੱਟਲਤਾ, ਸਰੀਰ



Sri Satguru Jagjit Singh Ji eLibrary NamdhariElibrary@gmail.com

ਦੀ ਨਾਸ਼ਮਾਨਤਾ, ਦੁੱਖ ਦਾ ਸਰੂਪ, ਦੁੱਖ ਦੀ ਸਰਬ-ਵਿਆਪਕਤਾ, ਇਸ਼ਕ ਦੀ ਤੜਪ ਅਤੇ ਬਿਰਹਾ ਦੀ ਤੜਪ ਆਦਿ ਕਾਰਨ ਮੰਨੇ ਜਾਂਦੇ ਹਨ।

ਬਾਬਾ ਫ਼ਰੀਦ ਸਿਧਾਂਤਕ ਜਾਂ ਕਲਪਣਾ ਦੀ ਗੱਲ ਨਹੀਂ ਕਰਦੇ ਬਲਕਿ ਇਕ ਸਾਧਾਰਣ ਮਨੁੱਖ ਦੀ ਜ਼ਿੰਦਗੀ ਵਿਚ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਆਪਣੇ ਕਲਾਮ ਵਿਚ ਸ਼ਬਦਾਂ ਰਾਹੀਂ ਬਿਆਨ ਕਰਦੇ ਹਨ। ਦੂਜੇ ਸ਼ਬਦਾਂ ਵਿਚ ਬਾਬਾ ਫ਼ਰੀਦ ਜੀ ਦੀ ਕਵਿਤਾ **ਜੱਗ-ਬੀਤੀ** ਨਹੀਂ ਬਲਕਿ **ਹੱਡ-ਬੀਤੀ** ਕਵਿਤਾ ਵੱਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਵਿਯੋਗ, ਦਰਦ, ਬਿਰਹਾ ਅਤੇ ਬਿਹਬਲਤਾ ਦੀ ਤੜਪ ਬਾਬਾ ਫ਼ਰੀਦ ਨੇ ਆਪਣੇ ਤਨ ਅਤੇ ਮਨ ਤੇ ਹੰਢਾਈ ਹੈ ਜਿਸ ਦੇ ਨਤੀਜੇ ਵੱਜੋਂ ਫ਼ਰੀਦ ਕਾਵਿ ਹੋਂਦ ਵਿਚ ਆਇਆ ਹੈ।

## ਬਾਬਾ ਫ਼ਰੀਦ: ਜੀਵਨ ਅਤੇ ਸਖਸ਼ੀਅਤ

ਭਾਰਤੀ ਸਾਹਿਤ ਦੇ ਖੇਤਰ ਵਿਚ ਅਜਿਹੀਆਂ ਕਈ ਮਿਸਾਲਾਂ ਦੇਖਣ ਨੂੰ ਮਿਲਦੀਆਂ ਹਨ ਕਿ ਆਮ ਲੋਕਾਂ ਦੇ ਜੀਵਨ ਨੂੰ ਵਹਿਮਾਂ-ਭਰਮਾਂ ਤੋਂ ਬਚਾਉਣ ਲਈ ਹਿੰਦੂਸਤਾਨ ਵਿਚ ਸਮੇਂ-ਸਮੇਂ ਸਿਰ ਕਈ ਪੀਰਾਂ-ਫ਼ਕੀਰਾਂ, ਸਾਧੂ-ਸੰਤਾਂ, ਗੁਰੂਆਂ ਨੇ ਜਨਮ ਲਿਆ ਹੈ ਅਤੇ ਆਪਣੀ ਜ਼ਿੰਦਗੀ ਨੂੰ ਲੋਕਾਂ ਦੇ ਲੇਖੇ ਲਾਇਆ ਹੈ। ਜਿਸ ਪ੍ਰਕਾਰ ਗੁਰਮਤਿ ਕਾਵਿ ਵਿਚ ਗੁਰੂ ਨਾਨਕ ਦੇਵ ਦੇ ਜਨਮ ਤੋਂ ਪਹਿਲੇ ਦੇ ਸਮੇਂ ਨੂੰ ਅਗਿਆਨਤਾ ਦਾ ਸਮਾਂ ਸਮਝਿਆ ਜਾਂਦਾ ਹੈ ਅਤੇ ਜਿਸ ਵੇਲੇ ਗੁਰੂ ਨਾਨਕ ਦੇਵ ਦਾ ਜਨਮ/ਪ੍ਰਕਾਸ਼ ਹੁੰਦਾ ਹੈ ਤਾਂ ਗਿਆਨ ਦਾ ਪ੍ਰਕਾਸ਼ ਹੋ ਗਿਆ ਸਮਝਿਆ ਜਾਂਦਾ ਹੈ;

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥"[8]

ਸਮਾਜ ਵਿਚ ਭਟਕੇ ਹੋਏ ਮਨੁੱਖ ਨੂੰ ਸਹੀ ਸੇਧ ਦੇਣ ਅਤੇ ਸਮਾਜਿਕ ਕਦਰਾਂ-ਕੀਮਤਾਂ ਦੀ ਰੱਖਿਆ ਲਈ ਭਾਰਤੀ ਸੰਤ ਪਰੰਪਰਾ ਦੇ ਮਹਾਨ ਮਹਾਪੁਰਸ਼ਾਂ ਨੇ ਆਪਣੀ ਰਚਨਾ ਰਾਹੀਂ ਲੋਕਾਂ ਨੂੰ ਸਚਾਈ ਉੱਤੇ ਚੱਲਣ ਦਾ ਮਾਰਗ ਦੱਸਿਆ ਹੈ। ਜਿਸ ਸਮੇਂ ਮਨੁੱਖ ਨੇ ਦਿੱਸਦੇ ਸੰਸਾਰ ਦੇ ਲੋਭ/ਭਰਮ ਵਿਚ ਆ ਕੇ ਆਪਣੇ ਉਦੇਸ਼ ਤੋਂ ਲਾਂਭੇ ਹੋਣ ਦਾ ਰਾਹ ਚੁਣਿਆ ਤਾਂ ਉਸ ਨੂੰ ਕਿਸੇ ਆਤਮਿਕ ਸਹਾਰੇ ਦੀ ਲੋੜ ਮਹਿਸੂਸ ਹੋਈ ਜੋ ਉਸ ਨੂੰ ਸਹੀ ਸੇਧ ਦੇ ਸਕੇ ਅਤੇ ਉਸ ਦੀ ਪ੍ਰੇਰਣਾ ਦੇ ਕਾਬਿਲ ਹੋਵੇ। ਅਜਿਹੇ ਮੌਕੇ ਕੋਈ ਉੱਚ ਅਵਸਥਾ ਦਾ ਧਾਰਨੀ ਮਹਾਪੁਰਸ਼ ਆਪਣੇ ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖ ਜਾਤੀ ਨੂੰ ਰਾਹ ਦਰਸਾਉਣ ਲਈ ਇਕ ਚਾਨਣ ਮੁਨਾਰੇ ਵਾਂਗ ਕੰਮ ਕਰਦਾ ਹੈ। ਇਹ ਮਹਾਨ ਆਗੂ ਆਉਣ ਵਾਲੀਆਂ ਪੀੜ੍ਹੀਆਂ ਲਈ ਆਦਰਸ਼ਕ ਮਨੁੱਖ ਦੀ ਮਿਸਾਲ ਵੱਜੋਂ ਉੱਭਰਦਾ ਹੈ। ਉਸਦੀ ਪਛਾਣ ਇਕ ਲੋਕ ਨਾਇਕ ਵਾਂਗ ਹੁੰਦੀ ਹੈ। ਇਸੇ ਤਰ੍ਹਾਂ ਹੀ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਦੇ ਪਰਿਪੇਖ ਵਿਚ ਬਾਬਾ ਫ਼ਰੀਦ ਇਕ ਲੋਕ ਨਾਇਕ ਵਾਂਗ ਪੇਸ਼ ਹੁੰਦੇ ਹਨ ਅਤੇ ਜਿਹੜੀ ਥਾਂ ਬਾਬਾ ਫ਼ਰੀਦ ਨੇ ਕਾਇਮ ਕੀਤੀ ਹੈ ਉਹ ਥਾਂ ਕਿਸੇ ਹੋਰ ਸੂਫ਼ੀ ਸੰਤ ਦੇ ਹਿੱਸਾ ਵਿਚ ਨਹੀਂ ਆਈ;

"ਫਿਰ ਉਠੀ ਆਖ਼ਰ ਸਦਾਅ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ਼ਾਬ ਸੇ।"[9]

"ਜਿਤਨੇ ਵੀ ਮੁਸਲਮਾਨ ਫ਼ਕੀਰ ਪੀਰ ਹਿੰਦੁਸਤਾਨ ਵਿਚ ਹੋਏ ਹਨ, ਉਹਨਾਂ ਵਿਚ ਬਹੁਤ ਘੱਟ ਬਾਬਾ ਫ਼ਰੀਦ ਜਿਹੀ ਮਾਨਤਾ ਦੇ ਪਾਤਰ ਹੋਏ ਹਨ। ਪੰਜਾਬ ਵਿਚ ਤਾਂ ਬਾਬਾ ਫ਼ਰੀਦ



Sri Satguru Jagjit Singh Ji eLibrary NamdhariElibrary@gmail.com

ਜਿਹੀ ਉੱਚੀ ਪਦਵੀ ਕਿਸੇ ਹੋਰ ਮੁਸਲਮਾਨ ਫ਼ਕੀਰ ਨੂੰ ਪ੍ਰਾਪਤ ਨਹੀਂ ਹੋਈ। ਇਸ ਉੱਚ-ਪਦਵੀ ਦੀ ਲਿਖਤੀ ਗਵਾਹੀ ਬਾਬਾ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਣ ਤੋਂ ਮਿਲ ਜਾਂਦੀ ਹੈ।"[10]

"ਪੰਜਾਬ ਵਿਚ ਤਾਂ ਬਾਬਾ ਫ਼ਰੀਦ ਵਾਲੀ ਪਦਵੀ ਕਿਸੇ ਹੋਰ ਮੁਸਲਮਾਨ ਫ਼ਕੀਰ ਨੂੰ ਪ੍ਰਾਪਤ ਨਹੀਂ।"[11]

ਬਾਬਾ ਫ਼ਰੀਦ ਜਿੱਥੇ ਇਸਲਾਮੀ ਜਗਤ ਵਿਚ ਸਤਿਕਾਰਯੋਗ ਹਸਤੀ ਸਨ ਉੱਥੇ ਹਿੰਦੂ ਸਮਾਜ ਵਿਚ ਵੀ ਉਹਨਾਂ ਦਾ ਰੁਤਬਾ ਕਿਸੇ ਨਾਲੋਂ ਘੱਟ ਨਹੀਂ ਸੀ। ਹਿੰਦੂ ਅਤੇ ਮੁਸਲਮਾਨ ਬਾਬਾ ਫ਼ਰੀਦ ਦਾ ਬਹੁਤ ਸਤਿਕਾਰ ਕਰਦੇ ਸਨ;

"ਬਾਬਾ ਫ਼ਰੀਦ ਜਿਸ ਨੂੰ ਪਹਿਲਾਂ ਪੰਜਾਬੀ ਸੂਫ਼ੀ ਕਵੀ ਪ੍ਰਵਾਨ ਕੀਤਾ ਜਾਂਦਾ ਹੈ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਇੱਕੋ ਜਿੰਨਾ ਹਰਮਨ ਪਿਆਰਾ ਸੀ।"[12]

ਬਾਬਾ ਫ਼ਰੀਦ ਨੇ ਆਪਣੇ ਸਮੇਂ ਵਿਚ ਭੁੱਲੇ-ਭਟਕੇ ਅਤੇ ਸੰਸਾਰ ਤੋਂ ਨਿਰਾਸ਼ ਆਮ ਮਨੁੱਖ ਨੂੰ ਜਿਸ ਢੰਗ ਨਾਲ ਦਿਲਾਸਾ ਅਤੇ ਹਮਦਰਦੀ ਵਿਖਾ ਕੇ ਉਸਦਾ ਮਾਰਗ-ਦਰਸ਼ਨ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਬਾਬਾ ਫ਼ਰੀਦ ਨੇ ਗੁੰਮਰਾਹ ਮਨੁੱਖਤਾ ਨੂੰ ਦੁਨਿਆਵੀ ਅਸਲੀਅਤ ਦਾ ਗਿਆਨ ਕਰਵਾ ਕੇ ਮਨੁੱਖੀ ਕਦਰਾਂ-ਕੀਮਤਾਂ ਨੂੰ ਪਛਾਣ ਕੇ ਅਧਿਆਤਮਕ ਮਾਰਗ ਉੱਤੇ ਚੱਲਣ ਲਈ ਪ੍ਰੇਰਣਾ ਦਿੱਤੀ। ਉਨ੍ਹਾਂ ਆਪਣੇ ਕਲਾਮ ਵਿਚ ਆਪਣੀ ਹੱਡ-ਬੀਤੀ ਵਾਰਤਾ ਅਤੇ ਅਨੁਭਵਾਂ ਨੂੰ ਸ਼ਬਦਾਂ ਦਾ ਰੂਪ ਪ੍ਰਦਾਨ ਕਰਕੇ ਆਮ ਲੋਕਾਂ ਨੂੰ ਕੁਰਾਹੇ ਪੈਣ ਤੋਂ ਬਚਾਇਆ;

"ਫ਼ਰੀਦ ਦੀ ਰਚਨਾ ਦਾ ਧਰਾਤਲ ਉਸ ਦੇ ਆਪਣੇ ਹੱਡ ਵਰਤੇ, ਤਨ ਝਾਗੇ ਅਨੁਭਵ ਹਨ ਜਿਹੜੇ ਅਸਲ ਵਿਚ ਸਾਧਾਰਣ ਮਨੁੱਖ ਦੇ ਨਿੱਤ ਦੇ ਅਨੁਭਵ ਹਨ।"[13]

ਬਾਬਾ ਫ਼ਰੀਦ ਪੰਜਾਬੀ ਸੂਫ਼ੀ ਕਾਵਿ ਦੇ ਖੇਤਰ ਵਿਚ ਉਦੋਂ ਪ੍ਰਵੇਸ਼ ਕਰਦੇ ਹਨ ਜਦੋਂ ਮੁਸਲਮਾਨ ਹਾਕਮ ਆਪਣੇ ਰਾਜ ਅਤੇ ਧਰਮ ਨੂੰ ਫੈਲਾਉਣ ਵਿਚ ਜੀਅ-ਜਾਨ ਨਾਲ ਲੱਗੇ ਹੋਏ ਸਨ। ਇਸਲਾਮ ਦੇ ਪ੍ਰਵੇਸ਼ ਨਾਲ ਇਸ ਸਮੇਂ ਵਿਚ ਦੋ ਅਸਲੋਂ ਵੱਖਰੇ ਧਰਮਾਂ (ਹਿੰਦੂ ਅਤੇ ਇਸਲਾਮ) ਦਾ ਟਕਰਾਉ ਹੋਣਾ ਸੁਭਾਵਿਕ ਸੀ, ਇਸ ਲਈ ਇਸਲਾਮ ਦੇ ਪ੍ਰਵੇਸ਼ ਨਾਲ ਇੱਥੋਂ ਦੀ ਰਾਜਨੀਤੀ'ਚ ਤਾਂ ਪਰਿਵਰਤਨ ਆਇਆ ਹੀ, ਨਾਲ ਹੀ ਸੰਸਕ੍ਰਿਤੀ ਦੀ ਦ੍ਰਿਸ਼ਟੀ ਤੋਂ ਵੀ ਪਰਿਵਰਤਨ ਆਇਆ। ਇਸਲਾਮ ਦੇ ਫੈਲਾਉ ਨਾਲ ਲੋਕਾਂ ਨੂੰ ਧਰਮ ਪਰਿਵਰਤਨ ਲਈ ਕਠੋਰ ਸਜਾਵਾਂ ਦਿੱਤੀਆਂ ਜਾ ਰਹੀਆਂ ਸਨ ਅਤੇ ਲੋਕਾਂ ਦਾ ਧਰਮ ਜ਼ਬਰਦਸਤੀ ਬਦਲਿਆ ਜਾ ਰਿਹਾ ਸੀ। ਦੂਜੇ ਪਾਸੇ ਬਾਬਾ ਫ਼ਰੀਦ ਅਤੇ ਹੋਰ ਸੂਫ਼ੀ ਸੰਤਾਂ ਨੇ ਪ੍ਰੇਮ-ਪਿਆਰ ਦੀ ਮਿੱਠੀ ਬਾਣੀ ਨਾਲ ਲੋਕਾਂ ਨੂੰ ਇਸਲਾਮ ਧਰਮ ਨਾਲ ਜੋੜਿਆ;

"ਫ਼ਰੀਦ ਦੇ ਆਗਮਨ ਤੋਂ ਪਹਿਲਾਂ ... ਭਾਰਤੀ ਲੋਕਾਂ ਵਿਚ ਇਸਲਾਮ ਦਾ ਪ੍ਰਚਲਣ ਵੀ ਘੱਟ ਚਲਿਆ ਸੀ ਕਿਉਂਕਿ ਇਸਲਾਮੀ ਹਮਲਾਵਰਾਂ ਨੇ ਆਪਣੇ ਅਣਮਨੁੱਖੀ ਜ਼ੁਲਮਾਂ ਦੁਆਰਾ ਭਾਰਤੀਆਂ ਨੂੰ ਬਦੋ-ਬਦੀ ਇਸਲਾਮ ਮੱਤ ਧਾਰਨ ਲਈ ਮਜ਼ਬੂਰ ਕਰਨ ਦੀ ਵਿਵਸਥਾ ਕਾਰਣ ਆਮ ਲੋਕ ਇਸਲਾਮ ਪ੍ਰਤੀ ਮੁਨਫ਼ਰ ਹੁੰਦੇ ਜਾ ਰਹੇ ਸਨ।"[14]

ਬਾਬਾ ਫ਼ਰੀਦ ਦਾ ਜਨਮ 1173 ਈਸਵੀ ਨੂੰ (571 ਹਿਜ਼ਰੀ) ਪਿੰਡ ਕੋਠੀਵਾਲ ਮੁਲਤਾਨ (ਹੁਣ ਪਾਕਿਸਤਾਨ) ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ਼ੇਖ ਜਲਾਲੁਦੀਨ ਸੁਲੇਮਾਨ ਸੀ। ਆਪ ਦਾ ਅਸਲ ਨਾਮ ਮਸਕਰਦੀਨ ਲਕਬ ਗੰਜ-ਏ-ਸ਼ਕਰ ਅਤੇ ਤਖਲੁੱਸ



Sri Satguru Jagjit Singh Ji eLibrary NamdhariElibrary@gmail.com

ਫ਼ਰੀਦ ਦੱਸਿਆ ਜਾਂਦਾ ਹੈ ਪਰ ਆਪ ਜੀ ਦੀ ਪ੍ਰਸਿੱਧੀ ਬਾਬਾ ਫ਼ਰੀਦ ਜਾਂ ਸ਼ੇਖ਼ ਫ਼ਰੀਦ ਕਰਕੇ ਵਧੇਰੇ ਹੋਈ ਹੈ;

"ਸ਼ੇਖ਼ ਸ਼ਾਯੀਬ ਦੇ ਵੱਡੇ ਲੜਕੇ ਸ਼ੇਖ ਜਲਾਲੁਦੀਨ ਸੁਲੇਮਾਨ ਦੇ ਘਰ ਅਤੇ ਬੀਬੀ ਕਰਸੂਮ ਦੀ ਕੁੱਖੋਂ ਫ਼ਰੀਦ-ਉ-ਦੀਨ ਮਸਊਦ ਦਾ ਜਨਮ ਹੋਇਆ।"[15]

"ਸ਼ੇਖ਼ ਫ਼ਰੀਦ ਦਾ ਜਨਮ ਮੁਲਤਾਨ ਜ਼ਿਲ੍ਹੇ ਦੇ ਇਕ ਪਿੰਡ ਖਾਨੇਵਾਲ (ਕੌਹਤਵਾਲ, ਕਹਿਤਵਾਲ, ਕੌਥੀਵਾਲ, ਖੋਤਵਾਲਾ, ਕੋਠੀਵਾਲ) ਵਿਚ ਸੰਨ 1175 ਵਿਚ ਹੋਇਆ ਸੀ। ਉਸ ਦਾ ਪਿਤਾ ਜਮਾਲਉਦੀਨ ਸੁਲੇਮਾਨ ਸੀ ਜੋ ਆਪਣੇ ਪਿਤਾ ਸ਼ੁਆਹਬ (ਸ਼ਈਬ) ਦੇ ਬਾਅਦ ਉਸ ਥਾਂ ਦਾ ਕਾਜ਼ੀ ਬਣਿਆ। ਸ਼ੇਖ਼ ਸ਼ਈਬ ਕਾਬੁਲ ਤੋਂ ਰਾਜਸੀ ਗੜਬੜ ਕਾਰਨ ਸ਼ਰਣਾਰਥੀ ਬਣ ਕੇ ਲਾਹੌਰ ਆ ਗਿਆ। ਹਾਕਮ ਦੀ ਆਗਿਆ ਨਾਲ ਉਹ ਲਾਹੌਰ ਤੋਂ ਕਸੂਰ ਅਤੇ ਫੇਰ ਕਸੂਰ ਤੋਂ ਕੋਠੀਵਾਲ ਆ ਕੇ ਵਸ ਗਿਆ। ਸੋ ਬਾਬਾ ਫ਼ਰੀਦ ਜਨਮ ਤੋਂ ਪੰਜਾਬੀ ਸੀ।"[16]

"ਸ਼ੇਖ਼ ਫ਼ਰੀਦ ਜਿਨ੍ਹਾਂ ਦਾ ਪੂਰਾ ਨਾਮ ਫ਼ਰੀਦ-ਮਸਊਦ-ਸ਼ਕਰ-ਗੰਜ਼ ਸੀ। ਸ਼ੇਖ਼ ਫ਼ਰੀਦ ਜੀ ਦਾ ਜਨਮ 1172 ਈ. ਨੂੰ ਪਿੰਡ ਖੋਤਵਾਤ ਜ਼ਿਲ੍ਹਾ ਮੁਲਤਾਨ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਮ ਸ਼ੇਖ਼ ਜਮਾਨ ਸੁਲੇਮਾਨ ਅਤੇ ਮਾਤਾ ਦਾ ਨਾਮ ਮਰਿਯਮ ਸੀ। ਇਨ੍ਹਾਂ ਦੀ ਮਾਤਾ ਇਸਲਾਮੀ ਸਿੱਖਿਆ ਦੀ ਜਾਣਕਾਰ ਸੀ। ਉਹ ਸ਼ੁੱਧ ਮਨ ਵਾਲੀ ਅਤੇ ਇਮਾਨਦਾਰ ਔਰਤ ਸੀ। ਇਨ੍ਹਾਂ ਦੀ ਸਿੱਖਿਆ ਦਾ ਪ੍ਰਭਾਵ ਫ਼ਰੀਦ ਜੀ ਉੱਪਰ ਬਚਪਣ ਵਿਚ ਹੀ ਬਹੁਤ ਪਿਆ। ਬਾਬਾ ਫ਼ਰੀਦ ਜੀ 12 ਸਾਲ ਦੀ ਉੱਮਰ ਤੋਂ ਪਹਿਲਾਂ ਹੀ ਕੁਰਾਨ ਮਜੀਦ ਅਧਿਐਨ ਕਰ ਗਏ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਫ਼ਰੀਦ ਜੀ ਨੇ ਕੁਰਾਨ ਸ਼ਰੀਫ਼ ਮੌਖਿਕ ਰੂਪ ਵਿਚ ਯਾਦ ਕਰ ਲਿਆ ਅਤੇ ਧਾਰਮਿਕ ਤੌਰ ਤੇ ਪਰਿਪੱਕ ਹੋ ਗਏ। ਇਨ੍ਹਾਂ ਦੇ ਪਿਤਾ ਮਸ਼ਹੂਰ ਸੂਫ਼ੀ ਸਨ।"[17]

ਬਾਬਾ ਫ਼ਰੀਦ ਨੇ ਜ਼ਿੰਦਗੀ ਦੇ ਉੱਚ ਆਦਰਸ਼ਾਂ ਦੀ ਸ਼ੁਰੂਆਤੀ ਸਿੱਖਿਆ ਆਪਣੀ ਮਾਤਾ ਕਰਸੂਮ ਪਾਸੋਂ ਪ੍ਰਾਪਤ ਕੀਤੀ ਜੋ ਕਿ ਨੇਕ ਵਿਚਾਰਾਂ ਵਾਲੀ ਅਤੇ ਪ੍ਰਭੂ ਦੀ ਭਗਤੀ ਵਿਚ ਲੀਨ ਰਹਿਣ ਵਾਲੀ ਔਰਤ ਸੀ। ਬਚਪਨ ਤੋਂ ਹੀ ਫ਼ਰੀਦ ਦੀ ਮਾਤਾ ਨੇ ਉਨ੍ਹਾਂ ਦੇ ਬਾਲ ਮਨ ਨੂੰ ਪਰਮਾਤਮਾ ਦੀ ਭਗਤੀ ਵੱਲ ਲਾਉਣਾ ਆਰੰਭ ਕਰ ਦਿੱਤਾ ਸੀ। ਸ਼ੱਕਰ ਦਾ ਲਾਲਚ ਦੇ ਕੇ ਉਨ੍ਹਾਂ ਦੀ ਮਾਤਾ ਜੀ ਫ਼ਰੀਦ ਨੂੰ ਪੰਜ ਵਕਤ ਦੀਆਂ ਨਮਾਜ਼ਾਂ ਪੜ੍ਹਾ ਦਿੰਦੀ ਸੀ।

ਇਕ ਰਿਵਾਇਤ ਪ੍ਰਚਲਿਤ ਹੈ ਕਿ ਉਨ੍ਹਾਂ ਦੀ ਮਾਤਾ ਨੇ ਫ਼ਰੀਦ ਨੂੰ ਵਿਸ਼ਵਾਸ਼ ਕਰਵਾ ਦਿੱਤਾ ਸੀ ਕਿ ਨਮਾਜ਼ ਪੜ੍ਹਣ ਵਾਲਿਆਂ ਬੱਚਿਆਂ ਤੇ ਅੱਲ੍ਹਾ/ਰੱਬ ਬਹੁਤ ਖ਼ੁਸ਼ ਹੁੰਦਾ ਹੈ ਤੇ ਉਨ੍ਹਾਂ ਦੇ ਮੁਸੱਲੇ (ਨਮਾਜ਼ ਪੜ੍ਹਣ ਸਮੇਂ ਹੇਠ ਵਿਛਾਇਆ ਹੋਇਆ ਕਪੜਾ) ਹੇਠਾਂ ਸ਼ੱਕਰ ਰੱਖ ਦਿੰਦਾ ਹੈ। ਅਸਲ ਵਿਚ ਉਨ੍ਹਾਂ ਦੀ ਮਾਤਾ ਆਪ ਹੀ ਫ਼ਰੀਦ ਦੇ ਮੁਸੱਲੇ ਹੇਠਾਂ ਸ਼ੱਕਰ ਰੱਖ ਦਿੰਦੀ ਸੀ ਅਤੇ ਨਮਾਜ਼ ਪੜ੍ਹਣ ਤੋਂ ਬਾਅਦ ਫ਼ਰੀਦ ਮੁਸੱਲੇ ਹੇਠੋਂ ਸ਼ੱਕਰ ਚੁੱਕ ਲੈਂਦੇ ਸਨ। ਇਕ ਦਿਨ ਬਾਬਾ ਫ਼ਰੀਦ ਜੀ ਦੀ ਮਾਤਾ ਕਰਸੂਮ ਕਿਸੇ ਕੰਮ ਲਈ ਘਰੋਂ ਬਾਹਰ ਗਈ ਹੋਈ ਸੀ ਕਿ ਨਮਾਜ਼ ਪੜ੍ਹਣ ਦਾ ਵੇਲਾ ਹੋ ਗਿਆ। ਉਸ ਨੂੰ ਬੜੀ ਚਿੰਤਾ ਹੋਈ ਕਿ ਅੱਜ ਨਮਾਜ਼ ਪੜ੍ਹਣ ਤੋਂ ਬਾਅਦ ਫ਼ਰੀਦ ਨੂੰ ਮੁਸੱਲੇ ਹੇਠੋਂ ਸ਼ੱਕਰ ਨਹੀਂ ਮਿਲੇਗੀ ਅਤੇ ਉਸ ਦਾ ਅੱਲ੍ਹਾ/ਰੱਬ ਤੋਂ ਵਿਸ਼ਵਾਸ਼ ਟੁੱਟ ਜਾਵੇਗਾ। ਉਸ ਨੇ ਪਰਮਾਤਮਾ ਅੱਗੇ ਬੇਨਤੀ ਕਿ ਰੱਬ ਉਸਦੀ ਲਾਜ ਰੱਖੇ। ਉੱਧਰ ਜਦੋਂ ਫ਼ਰੀਦ ਨਮਾਜ਼ ਪੜ੍ਹ ਕੇ ਉਠਿਆ ਅਤੇ ਮੁਸੱਲੇ ਹੇਠੋਂ ਸ਼ੱਕਰ ਲੈਣ ਲੱਗਾ ਤਾਂ ਉੱਥੇ ਸ਼ੱਕਰ ਪਈ ਹੋਈ ਸੀ। ਜਦੋਂ ਫ਼ਰੀਦ ਜੀ ਦੀ ਮਾਤਾ ਨੂੰ ਇਸ ਰੱਬੀ ਮਿਹਰ ਦਾ ਪਤਾ ਲੱਗਾ ਤਾਂ ਉਹ ਹੈਰਾਨ ਰਹਿ ਗਈ। ਕਈ ਵਿਦਵਾਨਾਂ ਦਾ ਵਿਸ਼ਵਾਸ਼ ਹੈ ਕਿ ਇਸ ਗੱਲ ਕਾਰਨ ਹੀ ਬਾਬਾ ਫ਼ਰੀਦ ਦਾ ਨਾਮ ਗੰਜ-ਏ-ਸ਼ਕਰ ਅਰਥਾਤ



Sri Satguru Jagjit Singh Ji eLibrary NamdhariElibrary@gmail.com

ਮਿਠਾਸ ਦਾ ਭੰਡਾਰ ਪੈ ਗਿਆ;

"ਜਦੋਂ ਫ਼ਰੀਦ ਜੀ ਛੋਟੇ ਸਨ ਤਾਂ ਉਨ੍ਹਾਂ ਦੀ ਮਾਤਾ ਨੇ ਉਨ੍ਹਾਂ ਨੂੰ ਅੱਲ੍ਹਾ ਦੀ ਇਬਾਦਤ ਲਈ ਪ੍ਰੇਰਿਤ ਕੀਤਾ। ਬਾਲਕ ਨੇ ਪੁੱਛਿਆ ਕਿ ਜੇਕਰ ਮੈਂ ਅੱਲ੍ਹਾ ਦੀ ਇਬਾਦਤ ਕਰਾਂਗਾ ਤਾਂ ਅੱਲ੍ਹਾ ਮੈਨੂੰ ਕੀ ਦੇਵੇਗਾ? ਮਾਂ ਨੇ ਕਿਹਾ ਕਿ ਅੱਲ੍ਹਾ ਤੈਨੂੰ ਖਾਣ ਨੂੰ ਗੁੜ ਦੇਵੇਗਾ। ਜਿਸ ਵੇਲੇ ਫ਼ਰੀਦ ਨਮਾਜ਼ ਪੜ ਕੇ ਉੱਠਦਾ ਤਾਂ ਮਾਤਾ ਉਨ੍ਹਾਂ ਦੇ ਮੁਸੱਲੇ ਹੇਠਾਂ ਗੁੜ ਰੱਖ ਦਿੰਦੀ। ਇਕ ਦਿਨ ਬਾਬਾ ਫ਼ਰੀਦ ਦੀ ਮਾਤਾ ਬਾਹਰ ਗਈ। ਫ਼ਰੀਦ ਜਦੋਂ ਨਮਾਜ਼ ਪੜ੍ਹ ਕੇ ਉਠਿਆ ਤੇ ਮੁਸੱਲੇ ਹੇਠੋਂ ਸ਼ੱਕਰ ਲੈਣ ਲੱਗਾ ਤਾਂ ਉੱਥੇ ਸ਼ੱਕਰ ਪਈ ਹੋਈ ਸੀ। ਇਸ ਗੱਲ ਕਾਰਨ ਹੀ ਬਾਬਾ ਫ਼ਰੀਦ ਜੀ ਦਾ ਨਾਮ ਗੰਜ-ਏ-ਸ਼ਕਰ ਅਰਥਾਤ ਮਿਠਾਸ ਦਾ ਭੰਡਾਰ ਪੈ ਗਿਆ।"[18]

"ਸ਼ੇਖ਼ ਫ਼ਰੀਦ ਨੂੰ ਸ਼ਕਰ ਗੰਜ ਕਹਿਣ ਦੀ ਦੂਜੀ ਕਹਾਣੀ ਇਹ ਹੈ ਕਿ ਇਕ ਦਿਨ ਦਿੱਲੀ ਵਿਚ ਰਹਿੰਦੇ ਹੋਏ, ਫ਼ਰੀਦ ਗਜ਼ਨੀ ਦਰਵਾਜ਼ੇ ਤੋਂ ਆਪਣੇ ਮੁਰਸ਼ਦ ਨੂੰ ਮਿਲਣ ਚਲਿਆ ਪਰ ਰਸਤੇ ਵਿਚ ਬਰਖ਼ਾ ਦੇ ਕਾਰਨ ਚਿਕੜ ਵਿਚ ਤਿਲਕ ਕੇ ਡਿਗ ਪਿਆ। ਜਿੰਨੀ ਚਿਕੜ ਉਸਦੇ ਹੋਠਾਂ ਤੇ ਲਗੀ ਉਹ ਸ਼ੱਕਰ ਬਣ ਗਈ। ਜਦ ਮੁਰਸ਼ਦ ਦੇ ਪਾਸ ਪਹੁੰਚਾ ਤਾਂ ਫ਼ਰੀਦ ਨੇ ਇਹ ਕਰਾਮਾਤ ਉਸ ਨੂੰ ਦੱਸੀ। ਉਸ ਨੇ ਖੁਸ਼ ਹੋ ਕੇ ਬਖ਼ਸ਼ਿਸ਼ ਕੀਤੀ ਕਿ ਤੇਰਾ ਸਾਰਾ ਸਰੀਰ ਹੀ ਸ਼ੱਕਰ ਵਾਂਗ ਮਿੱਠਾ ਹੋ ਗਿਆ ਹੈ। ਉਸ ਦਿਨ ਤੋਂ ਫ਼ਰੀਦ ਦਾ ਲੋਕ ਨਾਮ ਸ਼ੱਕਰਗੰਜ ਜਾਂ ਗੰਜ-ਏ-ਸ਼ੱਕਰ ਪੈ ਗਿਆ ਪਰ ਅਸਲ ਵਿਚ ਉਹ ਕਠੋਰ ਸੁਭਾਅ ਦਾ ਸੀ।"[19]

ਜਿਸ ਵੇਲੇ ਬਾਬਾ ਫ਼ਰੀਦ ਦੀ ਉਮਰ ਪੰਜ ਸਾਲਾਂ ਦੀ ਹੋਈ ਤਾਂ ਉਨ੍ਹਾਂ ਨੂੰ ਮਦਰੱਸੇ ਪੜ੍ਹਨ ਲਈ ਭੇਜਿਆ ਗਿਆ। ਫ਼ਰੀਦ ਨੇ ਗਿਆਰਾਂ ਸਾਲ ਦੀ ਉਮਰ ਵਿਚ ਹੀ ਸਾਰਾ ਕੁਰਾਨ ਕੰਠ ਕਰ ਲਿਆ ਸੀ। ਇਸ ਤੋਂ ਬਾਅਦ ਫ਼ਰੀਦ ਨੂੰ ਤਾਲੀਮ ਦੁਆਉਣ ਲਈ ਉਨ੍ਹਾਂ ਦੀ ਮਾਤਾ ਨੇ ਮੁਲਤਾਨ ਭੇਜਿਆ ਜਿੱਥੇ ਬਾਬਾ ਫ਼ਰੀਦ ਨੇ ਇਸਲਾਮੀ ਦਰਸ਼ਨ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਦੌਰਾਨ ਉਹ ਖ਼ਵਾਜਾ ਬਖ਼ਤਿਆਰ ਕਾਕੀ ਦੇ ਸੰਪਰਕ ਵਿਚ ਆਏ ਤੇ ਉਨ੍ਹਾਂ ਦੀ ਸਿੱਖਿਆ ਦੁਆਰਾ ਸੂਫ਼ੀਮਤ ਵਿਚ ਦਾਖਲ ਹੋ ਗਏ;

"ਅਠਾਰਾਂ ਵਰ੍ਹਿਆਂ ਦੀ ਉਮਰ ਵਿਚ ਸ਼ੇਖ਼ ਫ਼ਰੀਦ ਮੁਲਤਾਨ ਚਲੇ ਗਏ, ਜਿੱਥੇ ਉਨ੍ਹਾਂ ਦੀ ਮੁਲਾਕਾਤ ਖ਼ਵਾਜਾ ਬਖ਼ਤਿਆਰ ਕਾਕੀ ਨਾਲ ਹੋਈ। ਫਿਰ ਮੁਲਤਾਨ ਵਿਚ ਫ਼ਰੀਦ ਨੇ ਸੱਚਾ ਗੁਰੂ ਲੱਭ ਲਿਆ ਤਾਂ ਉਹ ਅਧਿਆਤਮ-ਸਾਧਨਾ ਵੱਲ ਤੁਰ ਪਏ।"[20]

ਬਾਬਾ ਫ਼ਰੀਦ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਹਾਂਸੀ ਅਤੇ ਸਿਰਸੇ ਗੁਜ਼ਾਰ ਕੇ ਅੰਤ ਵਿਚ ਅਜੋਧਨ ਆ ਗਏ ਜਿਸ ਨੂੰ ਅੱਜਕੱਲ੍ਹ ਪਾਕਪਟਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਬਾਦਤ ਵਿਚ ਏਨੇ ਲੀਨ ਰਹਿੰਦੇ ਸਨ ਕਿ ਦੁਨੀਆਂ ਦਾ ਕੋਈ ਸੁਰ-ਪਤਾ ਉਨ੍ਹਾਂ ਨੂੰ ਨਾ ਰਹਿੰਦਾ। ਭਾਰਤੀ ਸੰਤ ਪਰੰਪਰਾ ਵਿਚ ਮਹਾਨ ਪੁਰਸ਼ ਸੰਸਾਰਕ ਕਰਮ ਤੇ ਵਿਹਾਰ ਤੋਂ ਬੇਪਰਵਾਹ ਰਹੇ ਹਨ। ਅਜਿਹਾ ਇਨ੍ਹਾਂ ਸੰਤਾਂ ਦਾ ਸੁਭਾਅ ਬਣ ਜਾਂਦਾ ਹੈ। ਘਰਵਾਲਿਆਂ ਵੱਲੋਂ ਜਿਸ ਵੇਲੇ ਵੀ ਫ਼ਰੀਦ ਜੀ ਦੇ ਨਿਕਾਹ ਦੀ ਗੱਲ ਕੀਤੀ ਜਾਂਦੀ ਤਾਂ ਉਹ ਚੁੱਪ ਹੋ ਜਾਂਦੇ। ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਨਿਕਾਹ ਦੀ ਗੱਲ ਕਰਨ ਤੇ ਚੁੱਪ ਕਿਉਂ ਹੋ ਜਾਂਦੇ ਹੋ, ਫ਼ਰੀਦ ਜੀ ਨੇ ਉੱਤਰ ਦਿੱਤਾ ਕਿ ਮੈਂ ਡਰਦਾ ਹਾਂ ਕਿ ਜੇਕਰ ਮੇਰੀ ਔਲਾਦ ਅੱਲ੍ਹਾ/ਪਰਮਾਤਮਾ ਨੂੰ ਯਾਦ ਕਰਨ ਵਾਲੀ ਨਾ ਹੋਈ ਤਾਂ ਮੈਂ ਉਸ ਖ਼ੁਦਾ ਕੋਲ ਕਿਹੜਾ ਮੂੰਹ ਲੈ ਕੇ ਜਾਵਾਂਗਾ। ਕੁੱਝ ਸਮਾਂ ਬਤੀਤ ਹੋਣ ਤੋਂ ਮਗਰੋਂ ਬਾਬਾ ਫ਼ਰੀਦ ਜੀ ਨੇ ਦੋ ਨਿਕਾਹ ਕੀਤੇ;

"ਸ਼ੇਖ਼ ਫ਼ਰੀਦ ਨੇ ਦੋ ਵਿਆਹ ਕੀਤੇ। ਉਨ੍ਹਾਂ ਦੀ ਇਕ ਪਤਨੀ ਬਾਦਸ਼ਾਹ ਬਲਵਨ ਦੀ



Sri Satguru Jagjit Singh Ji eLibrary NamdhariElibrary@gmail.com

ਧੀ ਸੀ। ਇਹਨਾਂ ਦੋਵਾਂ ਪਤਨੀਆਂ ਤੋਂ ਉਨ੍ਹਾਂ ਦੇ ਘਰ ਛੇ ਪੁੱਤਰ ਤੇ ਦੋ ਧੀਆਂ ਦਾ ਜਨਮ ਹੋਇਆ।"[21]

ਪ੍ਰੋ. ਸੰਤ ਸਿੰਘ ਸੇਖੋਂ ਨੇ ਵੀ ਬਾਬਾ ਫ਼ਰੀਦ ਜੀ ਦੇ ਦੋ ਵਿਆਹਾਂ ਦਾ ਜ਼ਿਕਰ ਆਪਣੀ ਪੁਸਤਕ **ਪੰਜਾਬੀ ਕਾਵਿ-ਸ਼ਿਰੋਮਣੀ** ਵਿਚ ਕੀਤਾ ਹੈ। ਉਨ੍ਹਾਂ ਅਨੁਸਾਰ, "ਆਪ (ਬਾਬਾ ਫ਼ਰੀਦ) ਨੇ ਦੋ ਵਿਆਹ ਕੀਤੇ ਸਨ ਤੇ ਆਪ ਦੇ ਘਰ ਛੇ ਪੁੱਤਰ ਤੇ ਦੋ ਪੁੱਤਰੀਆਂ ਵੀ ਹੋਈਆਂ ਦੱਸੀਆਂ ਹਨ।"[22]

ਬਾਬਾ ਫ਼ਰੀਦ ਸੂਫ਼ੀਮਤ ਦੇ ਚਿਸ਼ਤੀ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਸਨ। ਉਹ ਅਰਬੀ-ਫ਼ਾਰਸੀ ਵਿਚ ਸਰਬ ਭਗਤੀ ਚਿਸ਼ਤੀ ਸੰਪਰਦਾਇ ਦੇ ਪੰਜ ਪੀਰਾਂ ਵਿਚੋਂ ਇਕ ਮੰਨੇ ਜਾਂਦੇ ਸਨ ਅਤੇ ਉਨ੍ਹਾਂ ਨੇ ਭਾਰਤ ਵਿਚ ਚਿਸ਼ਤੀ ਸੰਪ੍ਰਦਾਇ ਨੂੰ ਨਿਸ਼ਚਿਤ ਰੂਪ ਪ੍ਰਦਾਨ ਕਰਨ ਵਿਚ ਅਹਿਮ ਯੋਗਦਾਨ ਅਦਾ ਕੀਤਾ;

"ਬਾਬਾ ਫ਼ਰੀਦ ਇਕ ਬਹੁਤ ਵੱਡਾ ਵਿਦਵਾਨ ਤਪੱਸਿਆਸ਼ੀਲ ਦਰਵੇਸ਼ ਅਤੇ ਅਨੁਭਵੀ ਸੂਫ਼ੀ ਸੰਤ ਸੀ ਜਿਸਨੇ ਚਿਸ਼ਤੀਆ ਸੰਪ੍ਰਦਾਇ ਦੇ ਪ੍ਰਭਾਵ ਨੂੰ ਨਾ ਕੇਵਲ ਜ਼ਿਆਦਾ ਵਿਸ਼ਾਲ ਕੀਤਾ ਸਗੋਂ ਸਿਧਾਂਤਿਕ ਪਿੜ ਵਿਚ ਵੀ ਸੂਖਮ ਵਾਧਾ ਕੀਤਾ। ਉਸ ਦੁਆਰਾ ਪ੍ਰਚਾਰਿਤ ਸੂਫ਼ੀਵਾਦ ਸੰਬੰਧੀ ਜਿਹੜੀ ਗੱਲ ਸਭ ਤੋਂ ਪਹਿਲਾਂ ਉਲੇਖਯੋਗ ਹੈ ਉਹ ਇਹ ਹੈ ਕਿ ਉਸਦੀ ਸਿੱਖਿਆ ਇਹ ਹੈ ਕਿ ਇਕਾਗਰ ਚਿੱਤ ਨਾਲ **ਸਾਂਈ ਸਿਉ ਪਿਰਹੜੀ** ਕੀਤੀ ਜਾਵੇ, ਹਰਾਮ ਦੀ ਕਮਾਈ ਤੋਂ ਪਰਹੇਜ਼ ਕੀਤਾ ਜਾਵੇ ਅਤੇ ਬਾਦਸ਼ਾਹੀ ਦਰਬਾਰ ਵੱਲੋਂ ਨਿਰਲੇਪ ਰਿਹਾ ਜਾਵੇ।"[23]

"ਆਪ (ਬਾਬਾ ਫ਼ਰੀਦ) ਦੇ ਵਡੇਰਿਆਂ ਬਾਰੇ ਦੱਸਦੇ ਹਨ ਕਿ ਜਦ ਚੰਗੇਜ਼ ਖ਼ਾਨ ਨੇ ਗਜ਼ਨੀ ਤੇ ਹੱਲਾ ਬੋਲਿਆ ਤਾਂ ਸ਼ੇਖ਼ ਫ਼ਰੀਦ ਦਾ ਪੜਦਾਦਾ ਜੰਗ ਵਿੱਚ ਮਾਰਿਆ ਗਿਆ। ਗ਼ਜ਼ਨੀ ਵਿਚ ਫ਼ਰੀਦ ਦੇ ਦਾਦੇ ਕਾਜ਼ੀ ਸ਼ਾਯੀਬ ਦਾ ਰਹਿਣਾ ਮੁਹਾਲ ਹੋ ਗਿਆ ਅਤੇ ਉਹ ਆਪਣੇ ਤਿੰਨ ਪੁੱਤਰਾਂ ਸਮੇਤ ਲਾਹੌਰ ਸੱਯਦ ਅਲੀ ਹਜ਼ੀਰਵੀ ਦਾਤਾ ਗੰਜ਼ ਬਖ਼ਸ਼ ਦੇ ਦੁਆਰ ਤੇ ਆ ਗਏ। ਉੱਥੋਂ ਸ਼ਾਯੀਬ ਕਸੂਰ ਚਲੇ ਗਏ। ਕਸੂਰ ਦੇ ਨਵਾਬ ਨੇ ਜਦ ਉਨ੍ਹਾਂ ਦਾ ਆਪਣੇ ਇਲਾਕੇ ਵਿਚ ਆਉਣਾ ਸੁਣਿਆ ਤਾਂ ਸ਼ਾਯੀਬ ਨੂੰ ਕੋਤਵਾਲ ਬਣਾ ਦਿੱਤਾ। ਉੱਥੇ ਹੀ ਆਪਣੇ ਪੁੱਤਰ ਜਲਾਲੁਦੀਨ ਦੀ ਸ਼ਾਦੀ ਕਰਸੂਮ ਨਾਂ ਦੀ ਨੇਕ ਔਰਤ ਨਾਲ ਕਰ ਦਿੱਤੀ। ਉਸ ਦੀ ਕੁੱਖੋਂ ਬਾਬਾ ਫ਼ਰੀਦ ਦਾ ਜਨਮ ਹੋਇਆ।"[24]

ਪੰਜਾਬੀ ਸੂਫ਼ੀ ਸਾਹਿਤ ਦਾ ਇਹ ਬਾਬਾ ਬੋਹੜ 93 ਸਾਲਾਂ ਦੀ ਲੰਮੀ ਉਮਰ ਭੋਗ ਕੇ ਸੰਨ 1266 ਈ. ਨੂੰ ਇਸ ਫ਼ਾਨੀ ਦੁਨੀਆ ਤੋਂ ਅਲਵਿਦਾ ਹੋ ਗਿਆ;

"ਸ਼ੇਖ਼ ਫ਼ਰੀਦ ਨੇ 17 ਅਕਤੂਬਰ 1265 ਨੂੰ ਪੰਜ ਵਾਰੀ ਕੁਰਾਨ ਦਾ ਪੂਰਾ ਪਾਠ ਕੀਤਾ। ਸ਼ਾਮ ਦੀ ਨਮਾਜ਼ ਪੜ੍ਹਨ ਬਾਅਦ ਕਿਹਾ ਕਿ ਮੈਨੂੰ ਇਕੱਲਾ ਛੱਡ ਦਿਓ। ਮੇਰੇ ਬੁਲਾਏ ਬਗ਼ੈਰ ਕੋਈ ਅੰਦਰ ਨਾ ਆਵੇ। ਹੁਜਰਾ ਬੰਦ ਕਰ ਲਿਆ। ਗਈ ਰਾਤ (ਅਸ਼ਾ) ਦੀ ਨਮਾਜ਼ ਅਦਾ ਕੀਤੀ ਹੀ ਸੀ ਕਿ ਗਸ਼ੀ ਆ ਗਈ। ਜਦ ਰਤਾ ਕੁ ਹੋਸ਼ ਪਰਤੀ ਤਾਂ ਪੁੱਛਿਆ ਕਿ ਨਮਾਜ਼ ਪੜ੍ਹ ਲਈ ਹੈ ਕਿ ਨਹੀਂ। ਲੋਕਾਂ ਜਦ ਕੋਈ ਉੱਤਰ ਨਾ ਦਿੱਤਾ ਤਾਂ ਕਹਿਣ ਲੱਗੇ ਕਿ ਕੀ ਹਰਜ ਹੈ ਫਿਰ ਪੜ੍ਹ ਲੈਂਦੇ ਹਾਂ। ਜਦ ਸਿਜਦੇ ਵਿਚ ਹੋਏ ਤਾਂ ਫਿਰ ਸਿਰ ਨਾ ਚੁੱਕਿਆ। ਰੂਹ ਪਰਵਾਜ਼ ਕਰ ਗਈ।"[25]

"ਬਾਬਾ ਫ਼ਰੀਦ ਦਾ ਦੇਹਾਂਤ 1266 ਈ. ਨੂੰ ਹੋਇਆ। ਉਦੋਂ ਉਹ 93 ਵਰ੍ਹਿਆਂ ਦੇ ਸਨ। ਬਾਬਾ ਫ਼ਰੀਦ ਨੇ ਆਪਣੀ ਰੂਹਾਨੀ ਵਿਰਾਸਤ ਆਪਣੇ ਮੁਰੀਦਾਂ ਨੂੰ ਸੌਂਪ ਦਿੱਤੀ ਜਿਨ੍ਹਾਂ ਨੇ



Sri Satguru Jagjit Singh Ji eLibrary NamdhariElibrary@gmail.com

ਇਸ ਰੂਹਾਨੀ ਮਿਸ਼ਨ ਨੂੰ ਪੂਰਾ ਕਰਨ ਦਾ ਪੂਰਾ ਜਤਨ ਵੀ ਕੀਤਾ। ਇਸ ਮਹਾਨ ਸੂਫ਼ੀ ਸੰਤ ਦੀ ਬਾਣੀ ਦਾ ਆਦਿ ਗ੍ਰੰਥ ਵਿਚ ਸ਼ਾਮਿਲ ਹੋਣਾ ਹੋਰ ਵੀ ਵਧੇਰੇ ਮੱਹਤਵਪੂਰਣ ਹੈ।"[26]

ਬਾਬਾ ਫ਼ਰੀਦ ਜੀ ਦਾ ਜਨਮ 1173 ਈ. ਨੂੰ ਪਿੰਡ ਕੋਠੀਵਾਲ ਮੁਲਤਾਨ ਵਿਚ ਹੋਇਆ ਅਤੇ ਆਪ ਦੇ ਪਿਤਾ ਦਾ ਨਾਂ ਸ਼ੇਖ ਜਲਾਲੁਦੀਨ ਸੁਲੇਮਾਨ ਸੀ। ਫ਼ਰੀਦ ਜੀ ਦਾ ਦਿਹਾਂਤ 93 ਸਾਲਾਂ ਦੀ ਉਮਰ ਭੋਗਣ ਤੋਂ ਬਾਅਦ ਸੰਨ 1266 ਈ. ਨੂੰ ਹੋਇਆ।

## ਬਾਬਾ ਫ਼ਰੀਦ: ਰਚਨਾ ਸੰਸਾਰ

ਬਾਬਾ ਫ਼ਰੀਦ ਅਜਿਹੇ ਸੂਫ਼ੀ ਸਾਧਕ ਅਤੇ ਕਵੀ ਹੋਏ ਹਨ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੋਣ ਦਾ ਮਾਣ ਪ੍ਰਾਪਤ ਹੈ। ਇਸ ਤੋਂ ਇਲਾਵਾ ਬਾਬਾ ਫ਼ਰੀਦ ਦੂਜੇ ਅਜਿਹੇ ਕਵੀ ਹਨ ਜਿਨ੍ਹਾਂ ਦੀ ਸਭ ਤੋਂ ਵੱਧ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਇਸ ਸੰਬੰਧੀ ਹਾਮੀ ਭਰਦਿਆਂ ਪ੍ਰੋ. ਸੰਤ ਸਿੰਘ ਸੇਖੋਂ ਲਿਖਦੇ ਹਨ; "ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਨੂੰ ਛਡ ਕੇ ਕਬੀਰ ਤੋਂ ਬਾਦ ਜਿਸ ਵਿਅਕਤੀ ਦੀ ਬਾਣੀ ਸਭ ਤੋਂ ਵਧੇਰੇ ਹੈ, ਉਹ ਸ਼ੇਖ਼ ਫ਼ਰੀਦ ਹੈ। ਇਸ ਤੋਂ ਇਹ ਗੱਲ ਪੱਕੀ ਹੈ ਕਿ ਇਹ ਫ਼ਰੀਦ ਕੋਈ ਬਹੁਤ ਹੀ ਪ੍ਰਸਿੱਧ ਹਸਤੀ ਹੈ। ਇਹ ਪਾਕਪਟਨ ਦਾ ਸਜ਼ਾਦਾ-ਨਸ਼ੀਮ ਜਾਂ ਹੋਰ ਕੋਈ ਅਪ੍ਰਸਿਧ ਜੇਹਾ ਫ਼ਕੀਰ ਨਹੀਂ ਹੋ ਸਕਦਾ।"[27]

ਗੁਰੂ ਗ੍ਰੰਥ ਸਾਹਿਬ ਵਿਚ **ਸਲੋਕ ਸ਼ੇਖ਼ ਫ਼ਰੀਦ ਕੇ** ਦੇ ਸਿਰਲੇਖ ਹੇਠ 130 ਸਲੋਕ ਦਰਜ਼ ਹਨ, ਇਨ੍ਹਾਂ ਵਿਚੋਂ 112 ਬਾਬਾ ਫ਼ਰੀਦ ਜੀ ਦੇ ਹਨ ਅਤੇ ਬਾਕੀ 18 ਵੱਖ-ਵੱਖ ਗੁਰੂ ਸਾਹਿਬਾਨ ਦੇ ਲਿਖੇ ਹੋਏ ਹਨ। ਜਿਨ੍ਹਾਂ ਵਿਚੋਂ 4 ਗੁਰੂ ਨਾਨਕ ਦੇਵ ਜੀ ਦੇ, 5 ਗੁਰੂ ਅਮਰਦਾਸ ਜੀ ਦੇ, 1 ਗੁਰੂ ਰਾਮਦਾਸ ਜੀ ਦਾ ਅਤੇ 8 ਗੁਰੂ ਅਰਜਨ ਦੇਵ ਜੀ ਦੇ ਹਨ। ਜਿਨ੍ਹਾਂ ਥਾਂਵਾਂ ਤੇ ਬਾਬਾ ਫ਼ਰੀਦ ਦੇ ਸਲੋਕਾਂ ਦੇ ਅਰਥ ਸਪਸ਼ਟ ਨਹੀਂ ਹਨ ਉਨ੍ਹਾਂ ਦੀ ਵਿਆਖਿਆ ਅਤੇ ਅਰਥ ਸਪੱਸ਼ਟ ਕਰਨ ਲਈ ਗੁਰੂ ਸਾਹਿਬਾਨ ਨੇ ਸਲੋਕਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਸਲੋਕਾਂ ਤੋਂ ਇਲਾਵਾ ਬਾਬਾ ਫ਼ਰੀਦ ਦੁਆਰਾ ਰਚੇ ਹੋਏ 4 ਸ਼ਬਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕੀਤੇ ਗਏ ਹਨ। ਇਨ੍ਹਾਂ ਸ਼ਬਦਾਂ ਵਿਚ 2 ਰਾਗ ਆਸਾ ਵਿਚ ਅਤੇ 2 ਰਾਗ ਸੂਹੀ ਵਿਚ ਦਰਜ਼ ਹਨ;

"ਫ਼ਰੀਦ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। 4 ਸ਼ਬਦ ਹਨ ਤੇ 130 ਸਲੋਕ ਦਰਜ਼ ਹਨ ਜਿਨ੍ਹਾਂ ਵਿਚੋਂ 18 ਸਲੋਕ ਵੱਖ-ਵੱਖ ਗੁਰੂ ਸਾਹਿਬਾਨ ਨੇ ਫ਼ਰੀਦ ਦੇ ਇਕ ਜਾਂ ਦੂਜੇ ਸਲੋਕ ਨਾਲ ਵਿਚਾਰਧਾਰਾਈ ਵੱਖਰੇਵਾਂ ਪ੍ਰਗਟਾਉਂਦੇ ਹੋਏ ਆਪਣੇ ਵੱਲੋਂ ਜਵਾਬੀ ਰੂਪ ਵਿਚ ਦਰਜ਼ ਕੀਤੇ ਹਨ।"[28]

"ਸ਼ੇਖ਼ ਫ਼ਰੀਦ ਦੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ, ਵਧੇਰੇ ਸਲੋਕਾਂ-ਦੋਹਰਿਆਂ ਵਿਚ ਹੈ। ਇਸ ਦੇ ਕੁਲ ਇਕ ਸੋ ਬਾਰਾਂ ਸਲੋਕ ਹਨ, ਜਿਨ੍ਹਾਂ ਵਿਚੋਂ ਪਹਿਲਾ ਸਲੋਕ ਚਾਰ ਦੋਹਰਿਆਂ ਦਾ ਤੇ 97ਵਾਂ ਤਿੰਨਾਂ ਪੰਕਤੀਆਂ ਦਾ ਅਥਵਾ ਡੇਢ ਦੋਹਰੇ ਦਾ ਹੈ। ਸਲੋਕ ਨੰਬਰ 98 ਤੇ 99 ਦੋ ਦੋ ਦੋਹਰਿਆਂ ਦੇ ਹਨ, ਸਲੋਕ ਨੰਬਰ 100 ਤਿੰਨ ਦੋਹਰਿਆਂ ਦਾ ਹੈ। ਸਲੋਕ ਨੰਬਰ 16 ਦੀਆਂ ਚਾਰ ਪੰਕਤੀਆਂ ਹਨ, ਸਲੋਕ ਨੰਬਰ 100 ਤਿੰਨ ਦੋਹਰਿਆਂ ਦਾ ਹੈ। ਸਲੋਕ ਨੰਬਰ 16 ਦੀਆਂ ਚਾਰ ਪੰਕਤੀਆਂ ਹਨ ਤੇ ਹਰ ਪੰਕਤੀ ਦਾ ਢਾਂਚਾ ਅੱਧੀ ਦੋਹਿਰਾ ਪੰਕਤੀ ਦਾ ਹੈ।"[29]

"ਆਦਿ ਗ੍ਰੰਥ ਵਿਚ ਸ਼ੇਖ਼ ਫ਼ਰੀਦ ਦੇ 112 ਸਲੋਕ ਅਤੇ 4 ਸ਼ਬਦ ਸੰਕਲਿਤ ਹਨ। ਇਹ 4 ਸ਼ਬਦ ਰਾਗ ਸੂਹੀ ਅਤੇ ਰਾਗ ਆਸਾ ਵਿਚ ਵਿਉਂਤਬੱਧ ਕੀਤੇ ਗਏ ਹਨ। ਜਿਸ ਥਾਂ ਸ਼ੇਖ਼



Sri Satguru Jagjit Singh Ji eLibrary NamdhariElibrary@gmail.com

ਫ਼ਰੀਦ ਜੀ ਦੇ 112 ਸਲੋਕ ਦਰਜ਼ ਹਨ, ਉੱਥੇ ਇਹਨਾਂ ਦੇ ਨਾਲ-ਨਾਲ 18 ਸਲੋਕ : ਗੁਰੂ ਨਾਨਕ ਦੇਵ ਜੀ (ਚਾਰ ਸਲੋਕ), ਗੁਰੂ ਅਮਰਦਾਸ ਜੀ (ਪੰਜ ਸਲੋਕ), ਗੁਰੂ ਰਾਮਦਾਸ ਜੀ (ਇਕ ਸਲੋਕ), ਅਤੇ ਗੁਰੂ ਅਰਜਨ ਦੇਵ ਜੀ (ਅੱਠ ਸਲੋਕ) ਆਦਿਕ ਗੁਰੂ ਸਾਹਿਬਾਨ ਦੇ ਵੀ ਦਰਜ਼ ਹਨ।"[30]

ਜਿੱਥੋਂ ਤੱਕ ਬਾਬਾ ਫ਼ਰੀਦ ਦੀਆਂ ਰਚਨਾਵਾਂ ਦਾ ਸੰਬੰਧ ਹੈ ਤਾਂ ਇਹ ਵਿਦਵਾਨਾਂ ਦੁਆਰਾ ਇਹ ਅਨੁਮਾਨ ਲਗਾਇਆ ਜਾਂਦਾ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ 112 ਸਲੋਕਾਂ ਅਤੇ 4 ਸ਼ਬਦਾਂ ਤੋਂ ਇਲਾਵਾ ਵੀ ਬਾਬਾ ਫ਼ਰੀਦ ਨੇ ਬਹੁਤ ਸਾਰੀ ਬਾਣੀ ਪੰਜਾਬੀ ਵਿਚ ਲਿਖੀ ਹੋਵੇਗੀ ਜੋ ਕਿਸੇ ਨਾ ਕਿਸੇ ਕਾਰਣ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੋਣੋਂ ਰਹਿ ਗਈ;

"ਜੇ ਇਕ ਵਾਰੀ ਬਾਬਾ ਫ਼ਰੀਦ ਜੀ ਨੂੰ ਕਵੀ ਮੰਨ ਲਿਆ ਜਾਏ ਤਾਂ ਇਹ ਫਤਵਾ ਦੇਣਾ ਕਠਿਨ ਹੈ ਕਿ ਉਸ ਨੇ ਗੁਰੂ ਗ੍ਰੰਥ ਸਾਹਿਬ ਵਾਲੇ ਸਲੋਕਾਂ ਤੇ ਸ਼ਬਦਾਂ ਤੋਂ ਬਿਨਾਂ ਹੋਰ ਕੋਈ ਰਚਨਾ ਕੀਤੀ ਹੀ ਨਹੀਂ ਹੋਵੇਗੀ। ਇਸ ਦਾ ਇਕ ਕਾਰਨ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਹਰ ਭਗਤ ਦੀ ਸਮੁੱਚੀ ਬਾਣੀ ਦਾ ਸੰਗ੍ਰਹਿ ਨਹੀਂ ਹੈ, ਜਿਵੇਂ ਭਗਤ ਜੈ ਦੇਵ, ਜੇ ਉਸ ਨੂੰ **ਗੀਤ ਗੋਬਿੰਦ** ਵਾਲਾ ਹੀ ਮੰਨ ਲਈਏ, ਤਾਂ ਇਸ ਤੋਂ ਇਲਾਵਾ ਉਹ ਹੋਰ ਬਥੇਰੀ ਰਚਨਾ ਦਾ ਮਾਲਕ ਹੈ। ਰਵਿਦਾਸ ਜਾਂ ਨਾਮਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਵੀ ਮਿਲਦੀ ਹੈ ਤੇ ਕਬੀਰ ਜੀ ਦੀਆਂ ਰਚਨਾਵਾਂ ਬਹੁਤ ਹਨ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੋਣ ਦਾ ਮਾਣ ਪ੍ਰਾਪਤ ਨਹੀਂ ਕਰ ਸਕੀਆਂ।"[31]

ਪ੍ਰੋ. ਪ੍ਰੀਤਮ ਸਿੰਘ ਦੇ ਇਸ ਕਥਨ ਨਾਲ ਅਸੀਂ ਆਪਣੀ ਸਹਿਮਤੀ ਪ੍ਰਗਟਾਉਂਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਵੀ ਬਾਬਾ ਫ਼ਰੀਦ ਜੀ ਨੇ ਬਾਣੀ ਦੀ ਰਚਨਾ ਕੀਤੀ ਹੈ ਜੋ ਗੁਰਮਤਿ ਆਸ਼ੇ ਦੇ ਅਨੁਕੂਲ ਨਾ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਨਹੀਂ ਕੀਤੀ ਗਈ।

## ਬਾਬਾ ਫ਼ਰੀਦ ਅਤੇ ਇਸਲਾਮੀ ਸ਼ਰੀਅਤ

ਬਾਬਾ ਫ਼ਰੀਦ ਨੇ ਆਪਣੀ ਕਵਿਤਾ ਰਾਹੀਂ ਇਸਲਾਮੀ ਦਰਸ਼ਨ ਦਾ ਪ੍ਰਚਾਰ ਕੀਤਾ ਹੈ। ਉਹ ਇਸਲਾਮੀ ਸ਼ਰੀਅਤ ਦੀ ਪਾਲਣਾ ਉੱਤੇ ਜ਼ੋਰ ਦਿੰਦਾ ਹੈ ਅਤੇ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਪੂਰਨ ਰੂਪ ਵਿਚ ਲਾਗੂ ਵੀ ਕਰਦਾ ਹੈ। ਉਸ ਦੀ ਸਖਸ਼ੀਅਤ ਦੇ ਪ੍ਰਭਾਵ ਕਾਰਨ ਲੱਖਾਂ ਹਿੰਦੂਆਂ ਨੇ ਇਸਲਾਮ ਧਰਮ ਗ੍ਰਹਿਣ ਕੀਤਾ। ਵਿਅਕਤੀਗਤ ਪੱਧਰ ਤੇ ਸ਼ੇਖ਼ ਫ਼ਰੀਦ ਪੰਜੇ ਵਕਤ ਨਮਾਜ਼ ਪੜਦਾ ਸੀ ਅਤੇ ਸ਼ਰੀਅਤ ਦੇ ਨਿਯਮਾਂ ਨੂੰ ਕੱਟੜਤਾ ਨਾਲ ਆਪਣੇ ਜੀਵਨ ਵਿਚ ਲਾਗੂ ਕਰਦਾ ਸੀ ਭਾਵੇਂ ਕਿ ਧਾਰਮਿਕ ਕੱਟੜਤਾ ਵਾਲੇ ਸਲੋਕ ਫ਼ਰੀਦ ਦੀ ਕਵਿਤਾ ਵਿਚ ਘੱਟ ਹੀ ਮਿਲਦੇ ਹਨ ਪਰੰਤੂ ਸ਼ੇਖ਼ ਫ਼ਰੀਦ ਇਸਲਾਮੀ ਰਹੁ-ਰੀਤਾਂ ਦਾ ਪੂਰਨ ਪਾਬੰਦ ਸੀ;

"ਸ਼ੇਖ਼ ਫ਼ਰੀਦ ਜੀ ਇਸਲਾਮੀ ਧਰਮ ਅਤੇ ਚਿੰਤਨ ਦੇ ਪੈਰੋਕਾਰ ਸਨ। ਆਪ ਦੀ ਬਾਣੀ ਸੂਫ਼ੀਵਾਦ ਇਸਲਾਮੀ ਚਿੰਤਨ ਦੇ ਬੁਨਿਆਦੀ ਸਿਧਾਂਤਾ (ਸ਼ਰੀਅਤ, ਤਰੀਕਤ, ਮਾਰਫ਼ਤ, ਹਕੀਕਤ) ਨਾਲ ਇਕਸੁਰਤਾ ਦੀ ਧਾਰਨੀ ਹੈ। ਮੂਲ ਰੂਪ ਵਿਚ ਆਪ ਸ਼ਰੀਅਤ ਦੇ ਪਾਬੰਦ ਕਵੀ ਸਨ।"[32]

"ਉਹ (ਬਾਬਾ ਫ਼ਰੀਦ) ਆਪਣੇ ਧਰਮ ਦੇ ਸਥਾਪਿਤ ਵਿਸ਼ਵਾਸਾਂ ਦੀ ਸ਼ਰ੍ਹੇਆਮ



Sri Satguru Jagjit Singh Ji eLibrary NamdhariElibrary@gmail.com

ਆਲੋਚਨਾ ਨਹੀਂ ਸੀ ਕਰਦਾ, ਕਿਉਂਕਿ ਉਹ ਇਸ ਦਾ ਵਿਰਾਸਤੀ ਦਾਹਵੇਦਾਰ ਹੋਣ ਦੇ ਨਾਤੇ ਆਪਣੀ ਤਾਕਤ ਅਤੇ ਸਨਮਾਨਜਨਕ ਰੁਤਬਾ ਇਸ ਤੋਂ ਹੀ ਹਾਸਿਲ ਕਰਦਾ ਸੀ, ਪਰੰਤੂ ਇਹ ਉਸਨੂੰ ਕੁਝ ਨਿੱਜੀ ਵਿਚਾਰ ਰੱਖਣ ਤੋਂ ਰੋਕ ਨਹੀਂ ਸੀ ਸਕਦਾ।"[33]

"ਬਾਬਾ ਫ਼ਰੀਦ ਜੀ ਇਸਲਾਮ ਦੇ ਹੋਰ ਸ਼ਰੀਅਤ ਵਾਲੇ ਅਸੂਲਾਂ ਜਿਵੇਂ ਨਮਾਜ਼ ਪੜ੍ਹਨਾ, ਵਜੂ ਕਰਨਾ ਆਦਿ ਦੇ ਕੱਟੜ ਹਮਾਇਤੀ ਸਨ। ਉਹ ਤਾਂ ਨਮਾਜ਼ ਨਾ ਪੜ੍ਹਨ'ਤੇ ਮਨੁੱਖ ਨੂੰ ਕੁੱਤਾ ਤੱਕ ਵੀ ਆਖ ਜਾਂਦੇ ਸਨ। ਉਨ੍ਹਾਂ ਅਨੁਸਾਰ ਨਮਾਜ਼ ਪੜ੍ਹਨਾ, ਮਸੀਤ ਜਾਣਾ, ਉਜੂ ਸਾਜਨਾ ਸਾਰੇ ਹੀ ਨੇਮ ਜ਼ਿੰਦਗੀ ਦਾ ਇਕ ਅਤੁੱਟ ਹਿੱਸਾ ਸਨ।"[34]

"ਸ਼ੇਖ਼ ਫ਼ਰੀਦ ਦੀਆਂ ਰਚਨਾਵਾਂ ਤੋਂ ਜੋ ਇਸਲਾਮੀ ਦਰਸ਼ਨ ਸਪਸ਼ਟ ਹੁੰਦਾ ਹੈ, ਉਸਦੇ ਅਨੁਸਾਰ ਇਸ ਸੰਸਾਰ ਛਿਣਭੰਗਰ ਵੀ ਹੈ ਤੇ ਸ਼ੈਤਾਨੀ ਮਾਇਆ ਦਾ ਜਾਲ ਵੀ। ਇਹ ਉਹ ਪ੍ਰੀਖਿਆ-ਭੂਮੀ ਹੈ, ਜਿੱਥੇ ਹਰ ਸਮੇਂ ਬੰਦੇ ਦਾ ਇਮਤਿਹਾਨ ਹੁੰਦਾ ਰਹਿੰਦਾ ਹੈ।"[35]

ਡਾ. ਨਰੇਸ਼ ਤੋਂ ਇਲਾਵਾ ਡਾ. ਅਨਵਰ ਚਿਰਾਗ਼ ਵੀ ਇਹ ਸਵੀਕਾਰ ਕਰਦੇ ਹਨ ਕਿ ਬਾਬਾ ਫ਼ਰੀਦ ਖ਼ੁਦ ਆਪ ਅਤੇ ਉਸ ਦੀਆਂ ਰਚਨਾਵਾਂ ਇਸਲਾਮੀ ਰਹੁ-ਰੀਤਾਂ ਦੀ ਹਾਮੀ ਭਰਦੀਆਂ ਹਨ;

"ਫ਼ਰੀਦ ਕਾਵਿ ਵਿਸ਼ੇ ਪੱਖੋਂ ਸਮੁੱਚੇ ਰੂਪ'ਚ ਇਸਲਾਮੀ ਸ਼ਰੀਅਤ ਅਤੇ ਤਸੱਵੁਫ਼'ਤੇ ਆਧਾਰਿਤ ਹੈ। ਇਸ ਵਿਚ ਸ਼ਰੀਅਤ ਦੀ ਪਾਲਣਾ ਅਤੇ ਵਿਸ਼ੇਸ਼ਕਰ ਇਸਲਾਮ ਦੇ ਪ੍ਰਮੁੱਖ ਰੁਕਨ ਨਮਾਜ਼'ਤੇ ਅਤਿਅੰਤ ਬਲ ਦਿੱਤਾ ਗਿਆ ਹੈ।"[36]

"ਸ਼ੇਖ਼ ਫ਼ਰੀਦ ਦੀ ਰਚਨਾ ਵਿਚ ਸਾਨੂੰ ਸ਼ਰੀਅਤ ਦੇ ਮੁਢਲੇ ਸਿਧਾਂਤਾਂ ਦੀ ਝਲਕ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸਲਾਮੀ ਸ਼ਰੀਅਤ ਦਾ ਮੁਢਲਾ ਸਿਧਾਂਤ ਏ ਤਿਕਾਦਾਤ ਹੈ। ਇਸ ਅਨੁਸਾਰ ਇਸਲਾਮ ਧਰਮ ਦੇ ਅਨੁਯਾਈ ਵਾਸਤੇ ਇਕ ਰੱਬ, ਉਸ ਦੇ ਫ਼ਰਿਸ਼ਤਿਆਂ, ਕਤੇਬਾਂ, ਪੈਗੰਬਰਾਂ, ਕਿਆਮਤ ਦੇ ਦਿਨ ਅਤੇ ਰੱਬੀ ਹੁਕਮ ਵਿਚ ਵਿਸ਼ਵਾਸ ਰੱਖਣਾ ਉਸ ਦਾ ਪ੍ਰਮੁੱਖ ਕਰਤੱਵ ਬਣ ਜਾਂਦਾ ਹੈ। ਸ਼ੇਖ਼ ਫ਼ਰੀਦ ਦਾ ਰੱਬ, ਅੱਲ੍ਹਾ ਅਥਵਾ ਖ਼ੁਦਾ ਉੱਤੇ ਪੂਰਨ ਵਿਸ਼ਵਾਸ ਹੈ। ਉਸ ਦਾ ਰੱਬ ਜੰਗਲਾਂ ਜਾਂ ਕਿਸੇ ਏਕਾਂਤ ਵਿਚ ਨਿਵਾਸ ਕਰਨ ਵਾਲਾ ਨਹੀਂ, ਉਹ ਮਨੁੱਖੀ ਹਿਰਦਿਆਂ ਵਿਚ ਵਿਚਰਦਾ ਹੈ। ਬਾਬਾ ਫ਼ਰੀਦ ਅਨੁਸਾਰ ਉਸ ਪਰਮਾਤਮਾ ਨੂੰ ਬਾਹਰੋਂ ਲੱਭਣ ਦੀ ਨਹੀਂ ਬਲਕਿ ਆਪਣੇ ਧੁਰ ਅੰਦਰੋਂ ਮਹਿਸੂਸ ਕਰਨ ਅਤੇ ਖੋਜਣ ਦੀ ਜ਼ਰੂਰਤ ਹੈ।"[37]

"ਹਰ ਵੱਡੇ ਸੂਫ਼ੀ ਸੰਤਾਂ ਵਾਂਗ ਫ਼ਰੀਦ ਵੀ ਇਸਲਾਮੀ ਸ਼ਰੀਅਤ ਦਿਆਂ ਆਦੇਸ਼ਾਂ ਦੀ ਪਾਬੰਦੀ ਉੱਪਰ ਜ਼ੋਰ ਦਿੰਦਾ ਹੈ ਅਤੇ ਅਧਿਆਤਮਿਕ ਉੱਨਤੀ ਲਈ ਸ਼ਰੀਅਤ ਦੀ ਪਾਬੰਦੀ ਨੂੰ ਆਵੱਸ਼ਕ ਸਮਝਦਾ ਹੈ। ਉਹ ਇਹੋ ਉਪਦੇਸ਼ ਦਿੰਦਾ ਸੀ ਕਿ ਨਮਾਜ਼ 'ਜਮਾਅਤ' (ਸੰਗਤ) ਦੇ ਨਾਲ ਮਿਲ ਕੇ ਪੜ੍ਹਨੀ ਚਾਹੀਦੀ ਹੈ। ਫ਼ਰੀਦ ਦਾ ਵਿਚਾਰ ਹੈ ਕਿ ਬ੍ਰਹਿਮੰਡ ਦਿਆਂ ਅਨੇਕ ਖੰਡਾਂ ਅਤੇ ਉਪ-ਖੰਡਾਂ ਵਿਚ ਜੇ ਕੋਈ ਨਿਆਮਤ ਪੈਦਾ ਕੀਤੀ ਗਈ ਹੈ ਤਾਂ ਉਹ ਨਮਾਜ਼ ਹੈ। ਉਸ ਨੇ ਸਾਰੀ ਉਮਰ ਨਿਯਮਿਤ ਰੂਪ ਵਿਚ ਰੋਜ਼ੇ ਰੱਖੇ ਅਤੇ ਸਾਰਿਆਂ ਮੁਰੀਦਾਂ ਨੂੰ ਇਹੋ ਉਪਦੇਸ਼ ਦਿੱਤਾ ਕਿ ਰਮਜ਼ਾਨ ਦੇ ਮਹੀਨੇ ਰੋਜ਼ਾ ਰੱਖਣ ਨਾਲ ਇਕ ਹਜ਼ਾਰ ਸਾਲ ਦੀ ਬੰਦਗੀ ਦਾ ਸਵਾਬ ਮਿਲਦਾ ਹੈ।"[38]

ਡਾ. ਅਤਰ ਸਿੰਘ ਪ੍ਰੋ. ਕਿਸ਼ਨ ਸਿੰਘ ਦਾ ਹਵਾਲਾ ਦਿੰਦਿਆਂ ਬਾਬਾ ਫ਼ਰੀਦ ਦੇ ਵਿਅਕਤੀਤਤਵ ਨੂੰ ਸਮੇਂ ਦੀ ਮੰਗ ਅਨੁਸਾਰ ਢਲਿਆ ਸਮਝਕੇ ਕਹਿੰਦਾ ਹੈ, "ਸ਼ੇਖ਼ ਫ਼ਰੀਦ ਨਿਮਾਜ਼ੀ ਹੈ ਕਿਉਂਕਿ ਉਸ ਵਕਤ ਤੱਕ ਮਸਜਦ ਦਾ ਸਰਕਾਰੀ ਇਸਲਾਮ ਦਾ ਮੁਸਲਮਾਨ



Sri Satguru Jagjit Singh Ji eLibrary NamdhariElibrary@gmail.com

ਸ਼ਹਿਨਸ਼ਾਹ ਦਾ ਸਮਾਜ ਵਿਚ ਰੋਲ ਉਸਾਰੂ ਸੀ।"[39]

"ਬਾਬਾ ਫ਼ਰੀਦ ਸ਼ਰ੍ਹਾ ਦੀ ਪਾਲਨਾ ਕਰਨ ਵਾਲੇ ਮੁਕੰਮਲ ਮੁਸਲਮਾਨ ਸਨ ਅਤੇ ਉਨ੍ਹਾਂ ਨੇ ਆਪਣੇ ਗੁਰੂ ਤੋਂ ਸਿੱਖਿਆ-ਦੀਖਿਆ ਲੈਣ ਤੋਂ ਬਾਅਦ ਉਸੇ ਡੇਰੇ ਵਿਚ ਗੱਦੀ-ਨਸ਼ੀਨ ਹੋਣ ਦੀ ਥਾਂ ਇਕ ਆਪਣਾ ਨਵਾਂ ਮੁਕਾਮ ਬਣਾਉਣ ਦਾ ਇਰਾਦਾ ਕੀਤਾ, ਜਿੱਥੇ ਬਹਿ ਕੇ ਉਹ ਇਸਲਾਮ ਤੇ ਮਨੁੱਖੀ ਸਦਾਚਾਰ ਦੇ ਗੁਣਾਂ ਦਾ ਪਾਸਾਰ ਕਰ ਸਕਣ। ਬੇਸ਼ਕ ਉਹ ਸੂਫ਼ੀ ਸਿਲਸਿਲਿਆਂ ਵਿਚ ਚਿਸ਼ਤੀ ਸੂਫ਼ੀ ਘਰਾਣੇ ਦੇ ਰੌਸ਼ਨ ਚਿਰਾਗ਼ ਸਨ ਪਰ ਉਨ੍ਹਾਂ ਦੀ ਸੁਤੰਤਰ ਆਤਮਾ ਕਿਸੇ ਇਕ ਵਲਗਣ ਦੀ ਕੈਦ ਵਿਚ ਨਹੀਂ ਸੀ। ਉਹ ਜ਼ਾਤੀ ਤੌਰ'ਤੇ ਸ਼ਰ੍ਹਾ ਦੇ ਪਾਬੰਦ ਸਨ। ਪੰਜੇ ਵਕਤ ਨਮਾਜ਼ ਪੜ੍ਹਦੇ, ਰੋਜ਼ੇ ਰੱਖਦੇ ਸਨ ਤੇ ਉਨ੍ਹਾਂ ਸਾਰੀ ਜ਼ਿੰਦਗੀ ਮੁਕੰਮਲ ਇਬਾਦਤ ਵਿਚ ਗੁਜ਼ਾਰੀ।"[40]

ਬਾਬਾ ਫ਼ਰੀਦ ਇਸਲਾਮੀ ਰਹੁ-ਰੀਤਾਂ ਦਾ ਪੂਰਨ ਪਾਬੰਦ ਸੀ। ਉਹ ਇਸਲਾਮੀ ਧਾਰਮਿਕ ਵਿਸ਼ਵਾਸਾਂ ਅਤੇ ਸਿਧਾਂਤਾਂ ਦਾ ਆਪਣੇ ਜੀਵਨ ਵਿਚ ਪਾਲਣ ਕਰਦਾ ਸੀ ਅਤੇ ਦੂਜਿਆਂ ਨੂੰ ਅਜਿਹਾ ਕਰਨ ਲਈ ਪ੍ਰੇਰਿਤ ਕਰਦਾ ਸੀ। ਇਹ ਪ੍ਰਭਾਵ ਉਨ੍ਹਾਂ ਦੇ ਕਲਾਮ ਵਿਚ ਵੀ ਸਾਫ਼ ਦਿਖਾਈ ਦਿੰਦਾ ਹੈ;

"ਫ਼ਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥"[41]
ਜਾਂ
"ਉਠੁ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥"[42]

ਬਾਬਾ ਫ਼ਰੀਦ ਨੇ ਮੁਸਲਮਾਨੀ ਸ਼ਹਿਨਸ਼ਾਹੀਅਤ ਦੀ ਸਥਾਪਤੀ ਲਈ ਸਹਾਇਕ ਦਾ ਰੋਲ ਨਿਭਾਇਆ ਪਰੰਤੂ ਉਸ ਨੇ ਦੂਸਰੇ ਸੂਫ਼ੀ ਸਾਧਕਾਂ ਦੇ ਵਾਂਗ ਪ੍ਰੇਹਜਮਾਰੀ ਤਿਆਗ ਅਤੇ ਮਾਨਸਿਕ ਸਫ਼ਾਈ ਦੀ ਸਿੱਖਿਆ ਰਾਹੀਂ ਬਾਦਸ਼ਾਹਾਂ ਦੇ ਵਿਲਾਸਤਾ ਭਰੂਪਰ ਜੀਵਨ ਢੰਗਾਂ ਦਾ ਵਿਰੋਧ ਕਰਕੇ ਸਬਰ-ਸ਼ੁਕਰ ਵਾਲਾ ਜੀਵਨ ਜਿਉਣ ਲਈ ਪ੍ਰੇਰਿਆ। ਉਨ੍ਹਾਂ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ।

ਬਾਬਾ ਫ਼ਰੀਦ ਆਪਣੇ ਜੀਵਨ ਵਿਚ ਇਸਲਾਮੀ ਰਹੁ-ਰੀਤਾਂ ਦਾ ਪੂਰਨ ਪਾਬੰਦ ਸੀ। ਉਹ ਸ਼ਰੀਅਤ ਅਨੁਸਾਰ ਆਪਣੇ ਜੀਵਨ ਨੂੰ ਜਿਊਂਦਾ ਸੀ। ਪਰੰਤੂ ਕੇਵਲ ਸ਼ਰੀਅਤ ਅਨੁਸਾਰ ਹੀ ਜੀਵਨ ਬਤੀਤ ਕਰਨ ਤੋਂ ਇਲਾਵਾ ਬਾਬਾ ਫ਼ਰੀਦ ਨੇ ਲੋਕਾਂ ਨੂੰ ਨੇਕੀ ਦੇ ਰਾਹ ਤੇ ਤੁਰਨ ਦੀ ਸਿੱਖਿਆ ਦਿੱਤੀ। ਬਾਬਾ ਫ਼ਰੀਦ ਅਨੁਸਾਰ ਮਨੁੱਖ ਦੇ ਮਨ ਵਿਚ ਸੰਤੋਖ ਦੀ ਭਾਵਨਾ ਹੋਣੀ ਚਾਹੀਦੀ ਹੈ ਅਤੇ ਹਰ ਵੇਲੇ ਪਰਮਾਤਮਾ ਦੇ ਸ਼ੁਕਰਾਨੇ ਦੇ ਭਾਵ ਮਨੁੱਖੀ ਬਿਰਤੀ ਦਾ ਹਿੱਸਾ ਹੋਣੇ ਚਾਹੀਦੇ ਹਨ।

## ਫ਼ਰੀਦ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਫ਼ਰੀਦ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ ਵਿਸ਼ੇ ਉੱਪਰ ਵਿਚਾਰ-ਚਰਚਾ ਆਰੰਭ ਕਰਣ ਤੋਂ ਪਹਿਲਾਂ ਇਹ ਜਾਣ ਲੈਣਾ ਬੇਹੱਦ ਜ਼ਰੂਰੀ ਹੈ ਕਿ ਵਿਯੋਗ ਅਸਲ ਵਿਚ ਕੀ ਹੈ? ਇਸ ਸ਼ਬਦ ਦਾ ਅਰਥ ਕੀ ਹੈ ਅਤੇ ਇਹ ਦੇ ਮੂਲ ਵਿਚ ਕਿਹੜਾ ਵਿਚਾਰ ਕੰਮ ਕਰ ਰਿਹਾ ਹੈ।

ਵਿਯੋਗ ਸ਼ਬਦ ਦੋ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ। ਵਿ + ਯੋਗ। ਵਿ ਤੋਂ ਭਾਵ ਹੈ ਨਹੀਂ ਅਤੇ ਯੋਗ ਤੋਂ ਭਾਵ ਹੈ ਜੋੜ; ਮਿਲਣਾ; ਜੋੜਣਾ; ਜਮਾ ਕਰਨਾ; ਮਿਲਾਪ। ਸੋ ਵਿ + ਯੋਗ



Sri Satguru Jagjit Singh Ji eLibrary NamdhariElibrary@gmail.com

ਤੋਂ ਮਤਲਬ ਲਿਆ ਜਾਂਦਾ ਹੈ ਵਿਛੋੜਾ; ਵਿਯੋਗ; ਦੂਰੀ; ਨਾ ਮਿਲਾਪ ਦੀ ਅਵਸਥਾ ਆਦਿਕ।

"(ੳ) ਯੋਗ ਨਾ ਹੋਣ ਦੀ ਅਵਸਥਾ ਦਾ ਭਾਵ। (ਅ) ਅਜਿਹੀ ਅਵਸਥਾ ਜਿਸ ਵਿਚ ਦੋ ਜੀਵ ਵਿਸ਼ੇਸ਼; ਪ੍ਰੇਮੀ ਇਕ ਦੂਜੇ ਨਾਲੋਂ ਦੂਰ ਹੋਣ ਅਤੇ ਇਸ ਪ੍ਰਕਾਰ ਉਨ੍ਹਾਂ ਵਿਚ ਮਿਲਣ ਨਾ ਹੁੰਦਾ ਹੋਵੇ। (ੲ) ਇਸ ਅਵਸਥਾ ਦੇ ਨਤੀਜੇ ਵੱਜੋਂ ਪ੍ਰੇਮੀਆਂ ਨੂੰ ਹੋਣ ਵਾਲਾ ਦੁੱਖ।"[43]

ਜਿੱਥੇ ਵਿਯੋਗ ਨੂੰ ਵਿਛੋੜੇ ਦਾ ਪ੍ਰਤੀਕ ਕਿਹਾ ਜਾਂਦਾ ਹੈ ਉੱਥੇ ਵਿਯੋਗ ਨੂੰ ਬਿਰਹਾ ਦੇ ਰੂਪ ਵਿਚ ਵਿਚ ਚਿੱਤਰਿਤ ਕੀਤਾ ਜਾਂਦਾ ਹੈ। ਵਿਯੋਗ ਉਹ ਸਮੇਂ ਨੂੰ ਕਹਿੰਦੇ ਹਨ ਜਦੋਂ ਦੋ ਵਿਅਕਤੀ ਸਰੀਰਿਕ ਤੌਰ ਤੇ ਇਕ ਦੂਜੇ ਨਾਲੋਂ ਦੂਰ ਹੋ ਜਾਣ। ਬਿਰਹਾ ਦੀ ਅਵਸਥਾ ਉਹ ਹੈ ਜੋ ਇਸ ਦੂਰੀ ਦੇ ਸਮੇਂ ਵਿਛੜੇ ਹੋਏ ਵਿਅਕਤੀਆਂ ਵੱਲੋਂ ਮਾਨਸਿਕ ਤੌਰ ਤੇ ਮਹਿਸੂਸ ਕੀਤੀ ਜਾਂਦੀ ਹੈ। ਭਾਵ ਵਿਯੋਗ ਸਰੀਰਿਕ ਵਿਛੋੜਾ ਹੈ ਅਤੇ ਬਿਰਹਾ ਮਾਨਸਿਕ ਵਿਛੋੜਾ।

ਬਿਰਹਾ ਨੂੰ ਸੰਸਕ੍ਰਿਤ ਦੇ ਪ੍ਰਭਾਵ ਅਧੀਨ ਕਿਤੇ-ਕਿਤੇ ਵਿਰਹ ਜਾਂ ਬਿਰਹੋਂ ਵੀ ਕਿਹਾ ਗਿਆ ਹੈ ਜਿਸ ਦਾ ਅਰਥ ਹੈ ਵਿਛੋੜੇ ਦਾ ਦੁੱਖ। ਵਿਯੋਗ ਦੋ ਪ੍ਰੇਮੀਆਂ ਵਿਚ ਪਿਆ ਵਿਛੋੜਾ ਹੈ ਅਤੇ ਬਿਰਹਾ ਇਸ ਵਿਯੋਗ ਕਾਰਣ ਹੋਣ ਵਾਲਾ ਦੁੱਖ। ਜਦੋਂ ਕਿਸੇ ਸਾਧਕ ਨੂੰ ਵਿਯੋਗ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਹ ਬਿਰਹਾ ਦੀ ਪੀੜਾ ਨਾਲ ਵਿਆਕੁਲ ਜੋ ਜਾਂਦਾ ਹੈ ਅਤੇ ਇਸ ਬਿਰਹਾ ਦੀ ਅਵਸਥਾ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ;

"ਵਿਰਹ ਸ਼ਬਦ ਜਿਹੜਾ ਕਿ ਪੰਜਾਬੀ ਦੇ ਬ੍ਰਿਹਾ ਸ਼ਬਦ ਦਾ ਹਿੰਦੀ ਵਿਚ ਅਨੁਵਾਦ ਹੈ, ਸੰਸਕ੍ਰਿਤ ਦੇ 'ਰਹ' ਸ਼ਬਦ ਨਾਲ 'ਵਿ' ਉਪਸਗਰ ਜੋੜਨ ਤੋਂ ਬਣਿਆ ਹੈ। 'ਰਹ' ਦਾ ਅਰਥ ਹੈ ਵੰਡਣਾ, ਤਿਆਗ ਕਰਨਾ, ਜ਼ੁਦਾ ਹੋਣਾ ਆਦਿ। 'ਵਿ' ਦਾ ਅਰਥ ਹੈ ਵਿਸ਼ੇਸ਼ ਭਾਵ, ਖ਼ਾਸ ਤਿਆਗ ਜਾਂ ਜੁਦਾਈ।"[44]

ਪੰਜਾਬੀ ਸੂਫ਼ੀ ਕਵਿਤਾ ਵਿਚ ਵਿਯੋਗ ਅਤੇ ਵਿਛੋੜੇ ਨੂੰ ਬਹੁਤ ਹੀ ਉੱਚਾ ਦਰਜ਼ਾ ਹਾਸਿਲ ਹੈ। ਬਾਬਾ ਫ਼ਰੀਦ ਨੇ ਬਿਰਹਾ ਨੂੰ ਕੇਵਲ ਵਡਿਆਇਆ ਹੀ ਨਹੀਂ ਬਲਕਿ ਬਿਰਹਾ ਵਿਹੂਣੇ ਤਨ ਨੂੰ ਨਿੰਦਿਆ ਵੀ ਹੈ। ਬਾਬਾ ਫ਼ਰੀਦ ਅਨੁਸਾਰ ਜਿਤਨਾ ਚਿਰ ਜੀਵਾਤਮਾ ਨੂੰ ਪਰਮਾਤਮਾ ਨਾਲੋਂ ਵਿਛੜੇ ਹੋਣ ਦਾ ਅਹਿਸਾਸ ਨਹੀਂ ਹੁੰਦਾ ਉਤਨੀ ਦੇਰ ਤੱਕ ਉਸ ਦੇ ਅੰਦਰ ਪਰਮਾਤਮਾ ਦੇ ਮਿਲਾਪ ਦੀ ਤਾਂਘ ਵੀ ਉਤਪੰਨ ਨਹੀਂ ਹੋ ਸਕਦੀ। ਜਿਸ ਸਮੇਂ ਕਿਸੇ ਮਨੁੱਖ ਨੂੰ ਵਿਯੋਗ ਦੀ ਅਵਸਥਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਜਾਗ੍ਰਤ ਹੋਣ ਕਾਰਣ ਬਿਰਹਾ ਨਾਲ ਵਿਆਕੁਲ ਹੋ ਜਾਂਦਾ ਹੈ ਅਤੇ ਉਹ ਵਿਅਕਤੀ ਪਰਮਾਤਮਾ ਦੇ ਮਿਲਾਪ ਲਈ ਤੱਤਪਰ ਹੋ ਜਾਂਦਾ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸਾਧਕ ਮੁਰਸ਼ਦ ਦੀ ਅਗਵਾਈ ਵਿਚ ਇਸ਼ਕ-ਮਾਰਗ ਦਾ ਪਾਂਧੀ ਬਣਦਾ ਹੈ;

"ਸੂਫ਼ੀ ਸਾਧਨਾ ਮਾਰਗ ਦਾ ਸਭ ਨਾਲੋਂ ਮਹੱਤਵਪੂਰਨ ਪੜਾਅ ਬਿਰਹੋਂ ਦਾ ਹੈ। ਬਿਰਹਾ, ਜੀਵ ਦੀ ਪਰਮਾਤਮਾ ਪ੍ਰਾਪਤੀ ਦੀ ਉਹ ਪਵਿੱਤਰ ਸਥਿਤੀ ਹੈ, ਜਿਸ ਵਿਚ ਸਾਧਕ ਨਿਰਫਲ ਤੇ ਇੱਛਾ ਸਹਿਤ ਪ੍ਰਯਤਨਸ਼ੀਲ ਹੁੰਦਾ ਹੈ। ਜਦ ਤੱਕ ਸਾਧਕ ਬਿਰਹੋਂ ਦੀ ਅਗਨੀ ਵਿਚੋਂ ਦੀ ਲੰਘ ਨਾ ਜਾਵੇ ਤਦ ਤਕ ਉਹ ਫਿਨਾ ਫਿਲਾ ਅਰਥਾਤ ਪ੍ਰਭੂ ਵਿਚ ਲੀਨਤਾ ਦੀ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਬਿਰਹੋਂ ਦੀ ਪਵਿੱਤਰ ਅਗਨੀ ਵਿਚੋਂ ਲੰਘਣ ਨਾਲ ਜੀਵ ਦੇ ਵਿਅਕਤਿਤਵ ਵਿਚੋਂ ਦਵੈਤ ਭਾਵ ਦੀ ਸਾਰੀ ਮੈਲ ਸੜ ਜਾਂਦੀ ਹੈ। ਬਿਰਹੋਂ, ਪ੍ਰੇਮੀ ਰੂਪੀ ਸੋਨੇ ਦੇ ਪਰਖਣ ਦੀ ਉਹ ਭੱਠੀ ਹੈ, ਜਿਸ ਦੀ ਅਗਨੀ ਵਿਚ ਪੈ ਕੇ, ਸਾਧਕ ਵਿਚਲੀ ਮਲੀਨਤਾ, ਇੱਛਾ, ਲਾਲਸਾ, ਵਾਸਨਾ ਆਦਿ ਮਲੀਨ ਭਾਵ ਸੜ ਜਾਂਦੇ ਹਨ, ਜੋ ਬਾਕੀ ਬਚਦਾ ਹੈ, ਉਹ ਸ਼ੁੱਧ ਤੇ ਨਿਰਮਲ ਪ੍ਰੇਮ



Sri Satguru Jagjit Singh Ji eLibrary NamdhariElibrary@gmail.com

ਭਾਵ ਹੀ ਹੁੰਦਾ ਹੈ।"[45]

ਪੰਜਾਬੀ ਸੂਫ਼ੀ ਸਾਹਿਤ ਦੇ ਨਾਲ-ਨਾਲ ਗੁਰਮਤਿ ਕਾਵਿ ਵਿਚ ਵੀ ਗੁਰੂ ਸਾਹਿਬਾਨ ਵੱਲੋਂ ਪਰਮਾਤਮਾ ਤੋਂ ਪਏ ਵਿਯੋਗ ਦਾ ਕਈ ਥਾਂਈ ਚਿੱਤਰਣ ਕੀਤਾ ਮਿਲਦਾ ਹੈ। ਗੁਰੂ ਅੰਗਦ ਦੇਵ ਬਾਣੀ ਵਿਚ ਲਿਖਦੇ ਹਨ ਕਿ ਜਿਸ ਮਨੁੱਖੀ ਸਰੀਰ ਵਿਚ ਬਿਰਹਾ ਦੀ ਪੀੜ ਉਤਪੰਨ ਨਹੀਂ ਹੋਈ, ਉਹ ਸਰੀਰ ਸਮਾਪਤ ਹੋ ਜਾਣਾ ਚਾਹੀਦਾ ਹੈ ਭਾਅ ਮਰ ਜਾਣਾ ਚਾਹੀਦਾ ਹੈ;

"ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀਂ ਸੋ ਪਿੰਜਰੁ ਲੈ ਜਾਰਿ।"[46]

ਵਿਯੋਗ ਮਨੁੱਖ ਦੇ ਜਾਗ੍ਰਤ ਹੋਣ ਦਾ ਪ੍ਰਮਾਣ ਹੈ। ਜਿਸ ਸਮੇਂ ਤੱਕ ਕੋਈ ਵਿਅਕਤੀ ਜਾਗ੍ਰਤ ਨਹੀਂ ਹੁੰਦਾ ਉਸ ਨੂੰ ਵਿਯੋਗ ਦਾ ਅਹਿਸਾਸ ਹੀ ਨਹੀਂ ਹੋ ਸਕਦਾ ਅਤੇ ਜਿਸ ਸਮੇਂ ਉਸ ਨੂੰ ਵਿਯੋਗ ਦਾ ਇਲਮ ਹੋ ਗਿਆ ਹੈ ਤਾਂ ਉਹ ਵਿਅਕਤੀ ਆਪਣੇ ਅਸਲ ਨਾਲ ਅਭੇਦ ਜਾਂ ਪ੍ਰਭੂ ਨੂੰ ਪਾਉਣ ਲਈ ਉਪਰਾਲੇ ਕਰਨੇ ਆਰੰਭ ਕਰ ਦਿੰਦਾ ਹੈ। ਇਨ੍ਹਾਂ ਉਪਰਾਲਿਆਂ ਵਿਚ **ਇਸ਼ਕ** ਸਭ ਤੋਂ ਅਹਿਮ ਤੇ ਮਹੱਤਵਪੂਰਨ ਜ਼ਰੀਆ ਹੈ।

"ਸ਼ੇਖ਼ ਫ਼ਰੀਦ ਜੀ ਨੇ ਆਪੇ ਦੀ ਪਛਾਣ ਨੂੰ ਸੁੱਖਾਂ ਦਾ ਕੇਂਦਰ ਬਿੰਦੂ ਮੰਨਿਆ ਹੈ। ਉਨ੍ਹਾਂ ਅਨੁਸਾਰ ਜਿਹੜੇ ਲੋਕ ਆਪਣੇ-ਆਪ ਨੂੰ ਜਾਣ ਲੈਂਦੇ ਹਨ ਭਾਵ ਆਪਣੇ ਆਪ ਨੂੰ ਸੰਵਾਰ ਲੈਂਦੇ ਹਨ, ਉਨ੍ਹਾਂ ਨੂੰ ਹਰ ਪਾਸੇ ਤੋਂ ਸੁੱਖ ਮਿਲਦਾ ਹੈ ਪਰ ਆਪੇ ਦੀ ਪਛਾਣ ਪ੍ਰਭੂ ਨਾਲ ਇਕ ਹੋਣ ਤੇ ਹੀ ਪ੍ਰਾਪਤ ਹੁੰਦੀ ਹੈ ਜੇ ਮਨੁੱਖ ਪ੍ਰਭੂ ਦਾ ਹੋ ਜਾਵੇ ਤਾਂ ਸਾਰਾ ਸੰਸਾਰ ਹੀ ਉਸ ਪ੍ਰਾਣੀ ਦਾ ਹੋ ਜਾਂਦਾ ਹੈ।"[47]

"ਇਸ਼ਕ ਬਿਰਹਾ ਦੀ ਪੱਕੀ ਨੀਂਹ ਤੇ ਖਲੋਤਾ ਸੀ। ਬਿਰਹਾ ਇਸ਼ਕ ਦੀ ਸੱਚਾਈ ਹੈ। ਇਸ ਨਾਲ ਇਸ਼ਕ ਵੱਧਦਾ ਹੈ, ਸਿਖਰਾਂ ਛੋਂਹਦਾ ਹੈ, ਪ੍ਰੀਤਮ ਤਕ ਪਹੁੰਚਾ ਦੇਂਦਾ ਹੈ। ਇਸ ਲਈ ਬਿਰਹਾ ਨੂੰ ਉਨ੍ਹਾਂ (ਬਾਬਾ ਫ਼ਰੀਦ) ਨੇ ਸੁਲਤਾਨ ਕਿਹਾ ਹੈ ਭਾਵ ਸਭ ਕਰਤੱਵਾਂ ਤੇ ਭਾਵਨਾਵਾਂ ਦਾ ਸਰਤਾਜ।"[48]

ਜਿਸ ਵੇਲੇ ਕਿਸੇ ਸਾਧਕ ਦੇ ਮਨ ਵਿਚ ਵਿਯੋਗ ਕਾਰਨ ਬਿਰਹਾ ਦੇ ਭਾਵ ਉਤਪੰਨ ਹੋ ਜਾਂਦੇ ਹਨ ਤਾਂ ਉਹ **ਇਸ਼ਕ** ਦੇ ਪੰਧ ਤੇ ਤੁਰਨ ਲਈ ਪ੍ਰੇਰਿਤ ਹੋ ਜਾਂਦਾ ਹੈ ਪਰ ਇਸ਼ਕ ਦਾ ਰਾਹ ਸੁਖਾਲਾ ਨਹੀਂ ਹੈ। ਇਸ ਰਾਹ ਵਿਚ ਕਈ ਪ੍ਰਕਾਰ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ;

"ਇਸ਼ਕ ਦਾ ਰਾਹ ਬਹੁਤ ਦੁਸ਼ਵਾਰ ਹੈ। ਇਹ ਮਾਰਗ ਕੰਡਿਆਂ ਭਰਿਆ ਹੁੰਦਾ ਹੈ। ਸਾਧਕ ਨੂੰ ਪੈਰ-ਪੈਰ ਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਸੂਫ਼ੀ ਸਾਧਕ ਆਪਣੇ ਪ੍ਰੇਮ ਪ੍ਰਤੀ ਨਿਸ਼ਠਾਵਾਨ ਹੁੰਦੇ ਹਨ। ਇਨ੍ਹਾਂ ਔਕੜਾਂ ਤੋਂ ਡਰਦੇ, ਆਪਣੇ ਮਾਰਗ ਤੋਂ ਨਹੀਂ ਹਟਦੇ ਹਨ, ਡੋਲਦੇ ਨਹੀਂ ਹਨ। ਅਸਲ ਵਿਚ, ਇਨ੍ਹਾਂ ਦੀ ਪ੍ਰੇਮ ਸਾਧਨਾ ਦੀ ਸੁੰਦਰਤਾ ਮੁਸੀਬਤਾਂ ਦੇ ਆਉਣ ਤੇ ਹੀ ਨਿਖਰਦੀ ਹੈ।"[49]

ਵਿਯੋਗ ਮਨੁੱਖ ਦਾ ਪਰਮਾਤਮਾ ਨਾਲੋਂ ਵਿਛੜੇ ਹੋਣਾ ਹੈ ਅਤੇ ਇਸ ਨੂੰ ਮਹਿਸੂਸ ਕਰਨਾ **ਬਿਰਹਾ** ਹੈ ਭਾਵ ਜਾਣਨਾ ਹੈ। ਸੂਫ਼ੀ ਉਹ ਵਿਅਕਤੀ ਹੈ ਜਿਸ ਨੇ ਆਪਣੀ ਅੰਤਰ-ਆਤਮਾ ਨੂੰ ਜਾਗ੍ਰਤ ਕਰਕੇ ਇਸ ਵਿਯੋਗ ਨੂੰ ਸਮਝ ਲਿਆ ਹੈ ਅਤੇ ਬਿਰਹਾ ਨੂੰ ਮਹਿਸੂਸ ਕਰ ਲਿਆ ਹੈ। ਬਾਬਾ ਫ਼ਰੀਦ ਦੇ ਕਲਾਮ ਵਿਚ ਮੌਤ ਦੀ ਭਿਆਨਕਤਾ ਨੂੰ ਵਿਯੋਗ ਅਤੇ ਬਿਰਹਾ ਦੀ ਪੀੜਾ ਦੇ ਸਮਾਨ ਰੱਖ ਕੇ ਪੇਸ਼ ਕੀਤਾ ਗਿਆ ਹੈ। ਬਾਬਾ ਫ਼ਰੀਦ ਆਪਣੇ ਕਲਾਮ ਵਿਚ ਮੌਤ ਨੂੰ ਇਸ ਕਾਰਨ ਆਦਰਸ਼ਕ ਸਥਿਤੀ ਮੰਨਦੇ ਹਨ ਕਿਉਂਕਿ ਇਸ (ਮੌਤ) ਦੇ ਆਉਣ ਕਰਕੇ ਪ੍ਰੇਮਿਕਾ



Sri Satguru Jagjit Singh Ji eLibrary NamdhariElibrary@gmail.com

ਦੇ ਵਿਯੋਗ ਦਾ ਸਮਾਪਨ ਹੋ ਜਾਂਦਾ ਹੈ ਅਤੇ ਉਹ ਆਪਣੇ ਕੰਤ ਨੂੰ ਪ੍ਰਾਪਤ ਕਰ ਲੈਂਦੀ ਹੈ ਪਰੰਤੂ ਜਦੋਂ ਤੱਕ ਪ੍ਰੇਮਿਕਾ ਨੂੰ ਆਪਣੇ ਪ੍ਰੀਤਮ ਦਾ ਦੀਦਾਰ ਨਹੀਂ ਹੁੰਦਾ ਉਹ ਵਿਯੋਗ ਦੇ ਅਤਿ ਦੁੱਖਦਾਇਕ ਸੰਤਾਪ ਨੂੰ ਹੰਢਾ ਰਹੀ ਹੁੰਦੀ ਹੈ। ਬਾਬਾ ਫ਼ਰੀਦ ਅਜਿਹੀ ਹੀ ਨਾਇਕਾ ਦੇ ਵਿਯੋਗ/ਵਿਛੋੜੇ ਨੂੰ ਬਹੁਤ ਸੁਚੱਜੇ ਢੰਗ ਨਾਲ ਬਿਆਨ ਕਰਦੇ ਹਨ;

"ਫ਼ਰੀਦ ਜੀ ਦੀ ਬਾਣੀ ਵਿਚ ਬਿਰਹਾ ਦੀ ਵਿਆਕੁਲਤਾ ਨੂੰ ਬੜੀ ਸ਼ਿੱਦਤ ਨਾਲ ਅਨੁਭਵ ਕੀਤਾ ਗਿਆ ਹੈ। ਬਿਰਹਾ ਦਾ ਇਹਸਾਸ ਇਕ ਮੁਰੀਦ ਦੇ ਆਪਣੇ ਮੁਰਸ਼ਦ ਨਾਲ ਵਿਛੋੜੇ ਤੋਂ ਸ਼ੁਰੂ ਹੁੰਦਾ ਹੈ ਅਤੇ ਪਰਮਾਤਮਾ ਤੋਂ ਦੂਰੀ ਤੇ ਜਾਨਲੇਵਾ ਅਨੁਭਵ ਨਾਲ ਸਮਾਪਤ ਹੁੰਦਾ ਹੈ। ਸੂਫ਼ੀ ਅਨੁਭਵ ਵਿਚ ਬਿਰਹਾ ਨੂੰ ਕਿਸੇ ਵਿਅਕਤੀ ਦੀ ਪ੍ਰਮਾਣਿਕਤਾ ਦੀ ਕਸੌਟੀ ਮੰਨਿਆ ਜਾਂਦਾ ਹੈ।"[50]

ਬਾਬਾ ਫ਼ਰੀਦ ਨੇ ਵਿਯੋਗ ਨੂੰ ਆਪਣੀ ਰਚਨਾ ਵਿਚ ਬਿਰਹਾ ਦਾ ਰੂਪ ਪ੍ਰਦਾਨ ਕਰਕੇ ਇਸ ਨੂੰ ਸੁਲਤਾਨ ਭਾਵ ਉੱਤਮਤਾ ਦੀ ਪਦਵੀ ਦਿੱਤੀ ਹੈ। ਸੂਫ਼ੀ ਸਾਧਕ ਉਹ ਹੈ ਜਿਸ ਨੇ ਬਿਰਹਾ ਦੀ ਅਵਸਥਾ ਨੂੰ ਜਾਣ/ਪਛਾਣ ਲਿਆ ਹੈ ਕਿ ਵਿਯੋਗ ਅਸਲ ਵਿਚ ਹੈ ਕੀ? ਬੰਦੇ ਦਾ ਰੱਬ ਨਾਲੋਂ ਵਿਯੋਗ ਜਾਂ ਬੰਦੇ ਦਾ ਬੰਦੇ ਨਾਲੋਂ ਵਿਯੋਗ। ਇਕ ਅਵਸਥਾ ਅਧਿਆਤਮ ਦੀ ਹੈ ਤੇ ਦੂਜੀ ਸੰਸਾਰਕ। ਇਸ ਅਵਸਥਾ ਨੂੰ ਸੂਫ਼ੀ ਸੰਸਾਰ ਵਿਚ **ਇਸ਼ਕ-ਹਕੀਕੀ** ਅਤੇ **ਇਸ਼ਕ-ਮਜਾਜ਼ੀ** ਦਾ ਨਾਮ ਨਾਲ ਜਾਣਿਆ ਜਾਂਦਾ ਹੈ। ਸੂਫ਼ੀ ਸਾਧਕ ਅਧਿਆਤਮਕ ਅਵਸਥਾ ਬਾਰੇ ਜ਼ਿਕਰ ਕਰਦੇ ਹਨ। ਬਾਬਾ ਫ਼ਰੀਦ ਵੀ ਆਪਣੇ ਕਲਾਮ ਵਿਚ ਬਿਰਹਾ/ਵਿਯੋਗ ਨੂੰ ਸੁਲਤਾਨ ਦਾ ਰੂਪ ਦਿੰਦਿਆਂ ਆਖਦੇ ਹਨ;

"ਬਿਰਹਾ-ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥"[51]

ਬਾਬਾ ਫ਼ਰੀਦ ਅਨੁਸਾਰ ਜਿਹੜੇ ਲੋਕ ਮਨ, ਵਚਨ ਅਤੇ ਕਰਮ ਦੇ ਪੱਕੇ ਹਨ ਉਹ ਲੋਕ ਪ੍ਰਭੂ ਨਾਲ ਅਭੇਦ ਹੁੰਦੇ ਹਨ ਅਤੇ ਜਿਹੜੇ ਲੋਕਾਂ ਦੇ ਵਚਨ ਅਤੇ ਕਰਮ ਵਿਚ ਅੰਤਰ ਹੁੰਦਾ ਹੈ ਉਹ ਪ੍ਰਭੂ ਦੇ ਸੱਚੇ ਇਸ਼ਕ ਤੋਂ ਵੰਚਿਤ ਹਨ। ਉਹ ਲੋਕ ਵਿਯੋਗ ਦੀ ਅੱਗ ਵਿਚ ਸੜ ਰਹੇ ਹਨ। ਉਹ ਲੋਕ ਬਿਰਹਾ ਦਾ ਸੰਤਾਪ ਹੰਢਾ ਰਹੇ ਹਨ;

"ਫ਼ਰੀਦ ਅਨੁਸਾਰ ਜਿਹੜੇ ਸਾਧਕ ਖ਼ੁਦਾ ਦੇ ਇਸ਼ਕ ਵਿਚ ਸਰਸ਼ਾਰ ਹਨ ਅਤੇ ਜਿਨ੍ਹਾਂ ਦੇ ਮਨ ਵਚਨ ਤਥਾ ਕਰਮ ਵਿਚ ਪੂਰੀ ਇਕਸੁਰਤਾ ਹੈ ਉਹ ਉੱਤਮ ਅਤੇ ਸ਼੍ਰੇਸਟ ਹਨ। ਜਿਨ੍ਹਾਂ ਵਿਅਕਤੀਆਂ ਦੇ ਆਚਰਣ ਵਿਚ ਸਥਿਰਤਾ ਨਹੀਂ ਅਤੇ ਜੋ ਕਥਨ ਅਤੇ ਕਰਮ ਵਿਚ ਇਕਸੁਰਤਾ ਨੂੰ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ ਉਹ ਕੱਚੇ ਹਨ ਕਿਉਂ ਜੋ ਉਹ ਸੱਚੇ ਇਸ਼ਕ ਤੋਂ ਵੰਚਿਤ ਹਨ।"[52]

ਵਿਯੋਗ, ਵਿਛੋੜੇ ਜਾਂ ਬਿਰਹਾ ਦਾ ਸੰਕੇਤ ਆਮ ਕਰਕੇ ਸੰਸਾਰਕ ਪ੍ਰੇਮੀ-ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਨਾਲੋਂ ਵਿਛੜ ਜਾਣ ਤੋਂ ਬਾਅਦ ਇਕ ਦੂਜੇ ਨੂੰ ਵਧੇਰੇ ਯਾਦ ਆਉਂਦੇ ਹਨ। ਵਿਛੋੜੇ ਦੇ ਪਲ ਪ੍ਰੇਮੀ-ਪ੍ਰੇਮਿਕਾ ਲਈ ਬਹੁਤ ਕਠਿਨ ਹੁੰਦੇ ਹਨ ਪਰ ਉਹ ਭਵਿੱਖ ਵਿਚ ਆਪਸੀ ਮਿਲਾਪ ਹੋ ਜਾਣ ਦੀ ਇੱਛਾ ਰੱਖਦੇ ਹਨ ਅਤੇ ਇਸ ਤਮੰਨਾ ਨਾਲ ਹੀ ਜੀਵਤ ਰਹਿੰਦੇ ਹਨ। ਪ੍ਰੇਮੀ-ਪ੍ਰੇਮਿਕਾ ਮਿਲਾਪ ਦੀ ਅਵਸਥਾ ਲਈ ਬਹੁਤ ਬਿਲਬਲ ਰਹਿੰਦੇ ਹਨ ਤਾਂ ਇਸ ਭਾਵਨਾ ਨੂੰ ਬਿਰਹਾ ਦੀ ਭਾਵਨਾ ਕਿਹਾ ਜਾਂਦਾ ਹੈ। ਸੂਫ਼ੀ ਸਾਧਕ ਇਸ ਲਈ ਇਸ਼ਕ-ਹਕੀਕੀ ਅਤੇ ਇਸ਼ਕ-ਮਜਾਜ਼ੀ ਦੀ ਗੱਲ



Sri Satguru Jagjit Singh Ji eLibrary NamdhariElibrary@gmail.com

ਆਪਣੇ ਕਲਾਮ ਵਿਚ ਕਰਦੇ ਹਨ;

"ਆਸ਼ਕ ਨੂੰ ਵਸਲ ਲਈ ਬਿਰਹਾ ਤੋਂ ਖਾਸ ਕਿਸਮ ਦੀ ਪ੍ਰੇਰਣਾ ਮਿਲੀ ਰਹਿੰਦੀ ਹੈ, ਬਿਰਹਾ ਉਸ ਲਈ ਇਕ ਕੁਠਾਲੀ ਬਣ ਜਾਂਦੀ ਹੈ, ਜਿਸ ਵਿਚ ਵਿਕਾਰ-ਭਰਪੂਰ ਮਨ ਦੇ ਖੋਟਾ ਸੋਨਾ ਪਿਘਲਣਾ ਸ਼ੁਰੂ ਹੋ ਜਾਂਦਾ ਹੈ ਤੇ ਸੋਜ਼ ਦੀ ਅੱਗ ਮਨ ਨੂੰ ਸ਼ੁੱਧ ਕੁੰਦਨ ਬਣਾ ਦਿੰਦੀ ਹੈ। ਭਾਵ ਮਨ ਵਿਚੋਂ ਵਿਕਾਰ ਮਿਟ ਜਾਂਦੇ ਹਨ ਤੇ ਜੀਵ ਆਪਣੇ ਮਿਥੇ ਪੜਾਅ ਉੱਪਰ ਪੁੱਜ ਜਾਂਦਾ ਹੈ।"[53]

ਵਿਯੋਗ ਮਨੁੱਖ ਦਾ ਪਰਮਾਤਮਾ ਨਾਲੋਂ ਦੂਰ ਹੋਣਾ ਹੈ ਅਤੇ ਬਿਰਹਾ ਮਨੁੱਖੀ ਮਨ ਦਾ ਅਹਿਸਾਸ ਹੈ। ਜਿਸ ਵੇਲੇ ਉਹ (ਸੂਫ਼ੀ) ਜਾਣ ਲੈਂਦਾ ਹੈ ਕਿ ਉਹ ਪ੍ਰਭੂ ਤੋਂ ਵਿਛੜੀ ਹੋਈ ਰੂਹ ਹੈ ਤਾਂ ਉਹ ਉਸ ਪ੍ਰਭੂ ਵਿਚ ਅਭੇਦ ਹੋਣ ਲਈ ਉਪਰਾਲੇ ਕਰਦਾ ਹੈ। ਇਹ ਕਿਸੇ ਸੂਫ਼ੀ ਦਾ ਸਰਵੋਤਮ ਲਕਸ਼ ਹੁੰਦਾ ਹੈ;

"ਸੂਫ਼ੀ ਜੋ ਪਰਮਾਤਮਾ ਨਾਲੋਂ ਆਪਣੀ ਕਿਸੇ ਭੁੱਲ ਸਦਕਾ ਵਿਛੜ ਗਿਆ ਹੈ, ਮੁੜ ਮਿਲਣ ਲਈ ਹਾੜੇ, ਮਿੰਨਤਾਂ ਅਤੇ ਤਰਲੇ ਪਾਉਂਦਾ ਹੈ। ਸੂਫ਼ੀ ਇਸੇ ਪ੍ਰਾਪਤੀ ਨੂੰ ਆਪਣੇ ਜੀਵਨ ਦਾ **ਚਰਮ-ਲਕਸ਼** ਮੰਨਦਾ ਹੈ।"[54]

ਇਹ ਵਿਯੋਗ ਹੀ ਹੈ ਜੋ ਮਨੁੱਖ ਨੂੰ ਦੁਬਾਰਾ ਉਸਦੇ ਅਸਲ ਘਰ ਤੱਕ ਦਾ ਸਫ਼ਰ ਕਰਵਾਉਂਦਾ ਹੈ। ਵਿਯੋਗ ਵਿਹੂਣਾ ਤਨ ਕਿਸੇ ਕੰਮ ਦਾ ਨਹੀਂ ਹੈ ਕਿਉਂਕਿ ਉਸ ਨੂੰ ਆਪਣੇ ਆਪੇ ਦੀ ਪਛਾਣ ਨਹੀਂ ਹੈ ਅਤੇ ਨਾ ਹੀ ਆਪੇ ਦੀ ਪਛਾਣ ਕਰਨ ਦੀ ਉਸ ਅੰਦਰ ਕੋਈ ਤੜਪ ਪੈਦਾ ਹੋਈ ਹੈ। ਇਸ ਵਿਯੋਗ ਦੀ ਭਾਵਨਾ ਹੀ ਹੈ ਜੋ ਮਨੁੱਖ ਨੂੰ ਵਿਛੋੜੇ ਦਾ ਅਹਿਸਾਸ ਕਰਵਾਉਣ ਦੇ ਨਾਲ-ਨਾਲ ਪ੍ਰਭੂ ਨਾਲ ਅਭੇਦ ਹੋਣ ਦੀ ਜਾਚ ਦੱਸਦਾ ਹੈ;

"ਬਿਰਹਾ ਅਨੁਭਵ ਤੋਂ ਸ਼ੁਰੂ ਹੋ ਕੇ ਮਨੁੱਖ ਨੂੰ ਰੱਬ ਦੇ ਵਸਲ ਤੱਕ ਪਹੁੰਚਾਉਂਦਾ ਹੈ, ਨਿਰਾਸ਼ਤਾ ਅਤੇ ਵਿਸ਼ਾਦ ਦੇ ਬਾਹਰਲੇ ਦਰਵਾਜ਼ੇ ਵਿਚੋਂ ਲੰਘ ਕੇ ਜਿਸ ਸ਼ਾਨਦਾਰ ਬਾਗ ਦੇ ਮਹੱਲ ਦੀ ਫ਼ਰੀਦ ਜੀ ਨੇ ਸੈਰ ਕਰਾਉਣੀ ਹੈ ਉਹ ਇਸ਼ਕ ਦੀ ਅਗੰਮੀ ਚੇਟਕ ਨਾਲ ਚਿਤਵਿਆ ਹੋਇਆ, ਦ੍ਰਿੜ੍ਹ ਸਦਾਚਾਰ ਦੀਆਂ ਨੀਹਾਂ ਉੱਤੇ ਉਸਰਿਆ ਹੋਇਆ, ਵਿਸ਼ਵਾਸ ਅਤੇ ਪ੍ਰਤੀਤ ਦੇ ਪਾਰਸਮਈ ਹੀਰੇ ਨਾਲ ਜੜਿਆ ਇਕ ਰਹੱਸਵਾਦੀ ਬਹਿਸ਼ਤ ਹੈ।"[55]

ਸੂਫ਼ੀ ਪਰੰਪਰਾ ਵਿਚ ਜੀਵਾਤਮਾ ਅਤੇ ਪਰਮਾਤਮਾ ਨੂੰ ਪ੍ਰੇਮੀ-ਪ੍ਰੇਮਿਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਜੀਵਾਤਮਾ ਅਰਥਾਤ ਮਨੁੱਖ ਨੂੰ ਕਿਸੇ ਪੂਰਬਲੇ ਕਰਮਾਂ ਦੀ ਸਜ਼ਾ ਭੁਗਤਨ ਲਈ ਇਸ ਸੰਸਾਰ ਵਿਚ ਭੇਜਿਆ ਗਿਆ ਹੈ। ਸੂਫ਼ੀ ਕਾਵਿ ਪਰੰਪਰਾ ਵਿਚ ਮਨੁੱਖ ਦਾ ਇਹ ਜਨਮ ਵਰ ਨਹੀਂ ਸਰਾਪ ਭਾਵ ਚੰਗੇ ਨਹੀਂ ਮੰਦੇ ਕਰਮਾਂ ਕਾਰਨ ਮਿਲਿਆ ਹੋਇਆ ਪੇਸ਼ ਕੀਤਾ ਜਾਂਦਾ ਹੈ। ਇਸ ਗੱਲ ਦਾ ਪ੍ਰਮਾਣ ਸਾਨੂੰ ਬਾਬਾ ਫ਼ਰੀਦ ਦੇ ਕਲਾਮ ਵਿਚ ਮਿਲ ਜਾਂਦਾ ਹੈ;

"ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥"[56]

ਫ਼ਰੀਦ ਕਲਾਮ ਦੇ ਰਹੱਸਵਾਦ ਦਾ ਮੁੱਖ ਆਧਾਰ ਬਿਰਹੋਂ ਜਾਂ ਵਿਛੋੜਾ ਹੈ। ਇਹ ਵਿਯੋਗ ਹੀ ਮਨੁੱਖ ਨੂੰ ਰੱਬ ਨਾਲੋਂ ਵਿਛੜੇ ਹੋਣ ਦਾ ਅਹਿਸਾਸ ਕਰਵਾ ਕੇ ਉਸ ਨਾਲ ਅਭੇਦ ਹੋਣ ਦੀ ਤਾਂਘ ਜਗਾਉਂਦਾ ਹੈ। ਫ਼ਰੀਦ ਕਲਾਮ ਵਿਚ ਬਿਰਹੋਂ ਜਾਂ ਵਿਛੋੜੇ ਨੂੰ ਨਿਰਾ ਅਧਿਆਤਮਕ ਦੁੱਖ ਨਹੀਂ ਮੰਨਿਆ ਗਿਆ ਬਲਕਿ ਇਸ ਨੂੰ ਆਪਣੀ ਹੋਂਦ ਬਾਰੇ ਜਾਗ੍ਰਿਤ ਹੋਣ ਦੀ ਅਵਸਥਾ ਵੀ ਮੰਨਿਆ ਗਿਆ ਹੈ;



Sri Satguru Jagjit Singh Ji eLibrary NamdhariElibrary@gmail.com

"ਫ਼ਰੀਦ ਜੀ ਦਾ ਰਹੱਸਵਾਦੀ ਅਨੁਭਵ ਕਾਰਜਸ਼ੀਲ ਹੈ। ਰਹੱਸਵਾਦ ਦੀ ਸ਼ਿਖਰ ਸਾਧਕ ਦੀ ਆਪਣੇ ਇਸ਼ਟ ਨਾਲ ਸੰਜੋਗ-ਅਵਸਥਾ ਦੁਆਰਾ ਪੈਦਾ ਹੁੰਦੀ ਹੈ ਪਰੰਤੂ ਇਹ ਅਵਸਥਾ ਸਥਾਈ ਨਹੀਂ ਹੁੰਦੀ ਬਲਕਿ ਖਿਣਕ ਹੁੰਦੀ ਹੈ ਅਤੇ ਕੁਝ ਛਿਣਾਂ ਤੋਂ ਬਾਅਦ ਇਸ ਅਵਸਥਾ ਭੰਗ ਹੋ ਜਾਂਦੀ ਹੈ। ਉਸ ਸਮੇਂ ਸਾਧਕ ਦੀ ਵਿਆਕੁਲਤਾ ਅਤੇ ਤੜਪ ਅਤਿਅੰਤ ਤੀਬਰ ਹੋ ਜਾਂਦੀ ਹੈ।"[57]

ਇਸ ਅਵਸਥਾ ਵਿਚ ਸਾਧਕ ਰੂਪੀ ਪ੍ਰੇਮਿਕਾ ਬਹੁਤ ਵਿਆਕੁਲ ਹੋ ਜਾਂਦੀ ਹੈ ਅਤੇ ਇਸ ਵਿਆਕੁਲਤਾ ਵਿਚ ਉਹ ਆਪਣੇ ਹੱਥ ਮਰੋੜਦੀ (ਮਲ੍ਹਦੀ) ਹੈ। ਇਹ ਉਸ ਦੀ ਪ੍ਰੇਸ਼ਾਨੀ/ ਵਿਯੋਗ ਦੀ ਨਿਸ਼ਾਨੀ ਹੈ। ਇਸ ਬਿਰਹਾ ਦੀ ਘੜੀ ਵਿਚ ਉਸ ਬੈਰਾਗਣ ਦਾ ਕੋਈ ਸਾਥੀ ਨਹੀਂ ਹੈ। ਉਹ ਬਿਰਹਾ ਰੂਪੀ ਖੂਹ ਵਿਚ ਇਕੱਲੀ ਡਿੱਗੀ ਹੋਈ ਹੈ। ਉਹ ਆਪਣੇ ਪ੍ਰੀਤਮ ਪਿਆਰੇ ਨੂੰ ਯਾਦ ਕਰਦੀ ਹੈ;

"ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥ ...
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥"[58]

ਜਿਸ ਸਮੇਂ ਗੁਰਮਤਿ ਵਿਚਾਰਧਾਰਾ ਸੂਫ਼ੀ ਸਾਧਕਾਂ ਦੇ ਵਾਂਗ ਮਨੁੱਖ ਨੂੰ ਇਹ ਪ੍ਰੇਰਣਾ ਦਿੰਦੀ ਹੈ ਕਿ ਮਨੁੱਖ ਨੇ ਆਪਣੇ ਮੂਲ ਨਾਲ ਅਭੇਦ ਹੋਣਾ ਹੈ ਜਾਂ ਫਿਰ ਆਪਣੇ ਅਸਲ ਮੂਲ ਨੂੰ ਪਛਾਣਨਾ ਹੈ;

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥"[59]

ਤਾਂ ਪਤਾ ਲੱਗਦਾ ਹੈ ਕਿ ਗੁਰਮਤਿ ਵਿਚਾਰਧਾਰਾ ਵੀ ਸੂਫ਼ੀਆਂ ਵਾਲੇ ਦਵੈਤਵਾਦੀ ਸੰਕਲਪ ਨੂੰ ਪ੍ਰਗਟ ਕਰ ਰਹੀ ਹੈ। ਪਰੰਤੂ ਗੁਰਮਤਿ ਵਿਚਾਰਧਾਰਾ ਅਤੇ ਸੂਫ਼ੀ ਵਿਚਾਰਧਾਰਾ ਵਿਚ ਇਹ ਗੱਲ ਬੜੀ ਸਪਸ਼ਟ ਹੈ ਕਿ ਗੁਰਮਤਿ ਵਿਚਾਰਧਾਰਾ ਸੂਫ਼ੀ ਵਿਚਾਰਧਾਰਾ ਵਾਂਗ ਮਾਨਵੀ ਹੋਂਦ ਦੇ ਸ਼ੁਧ ਦਵੈਤਵਾਦੀ ਸੰਕਲਪ ਦੀ ਧਾਰਨੀ ਨਹੀਂ, ਕਿਉਂਕਿ ਬਾਣੀ ਦੇ ਰਚਣਹਾਰਿਆਂ ਨੇ ਇਸ ਸੰਸਾਰ ਰਚਨਾ ਨੂੰ ਪ੍ਰਭੂ ਦੀ ਹੋਂਦ ਦਾ ਵਿਸਥਾਰ ਮੰਨਿਆ ਹੈ ਪਰੰਤੂ ਸੂਫ਼ੀ ਵਿਚਾਰਧਾਰਾ ਜਾਂ ਫ਼ਰੀਦ ਬਾਣੀ ਮਾਨਵੀ ਹੋਂਦ ਦੇ ਦਵੈਤਵਾਦੀ ਸੰਕਲਪ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦੀ ਹੈ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਫ਼ਰੀਦ ਜੀ ਦੀ ਕਵਿਤਾ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਸ ਕਵਿਤਾ ਵਿਚ ਮਾਨਵੀ ਹੋਂਦ ਤੇ ਵਿਛੋੜੇ ਦੀ ਸਥਿਤੀ ਨੂੰ ਬੜੀ ਤੀਬਰ ਵੇਦਨਾ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ। ਫ਼ਰੀਦ ਕਾਵਿ ਵਿਚ ਇਹ ਵਿਛੋੜਾ ਅਸਹਿ ਦੁੱਖ ਅਤੇ ਬਿਰਹਾ ਦੇ ਰੂਪ ਵਿਚ ਪ੍ਰਗਟ ਹੋਇਆ ਹੈ।

ਬਾਬਾ ਫ਼ਰੀਦ ਨੇ ਆਪਣੇ ਕਲਾਮ ਵਿਚ ਬਿਰਹਾ ਲਈ ਕੋਇਲ ਦਾ ਪ੍ਰਤੀਕ ਵਰਤਿਆ ਹੈ। ਕੁਦਰਤੀ ਨੇਮ ਅਨੁਸਾਰ ਕਾਲੇ ਰੰਗ ਦੀ ਕੋਇਲ ਵੀ ਬਾਬਾ ਫ਼ਰੀਦ ਜੀ ਨੂੰ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਅੱਗ ਵਿਚ ਸੜ ਕੇ ਕਾਲੀ ਹੋ ਗਈ ਜਾਪਦੀ ਹੈ। ਉਹ ਆਪਣੇ ਪ੍ਰੀਤਮ ਦੇ ਵਿਛੋੜੇ ਦੇ ਕਾਰਨ ਕਾਲੇ ਰੰਗ ਦੀ ਹੋਈ ਨਜ਼ਰ ਆਉਂਦੀ ਹੈ। ਬਾਬਾ ਫ਼ਰੀਦ ਜੀ ਕੋਇਲ ਨੂੰ



Sri Satguru Jagjit Singh Ji eLibrary NamdhariElibrary@gmail.com

ਸੰਬੋਧਨ ਹੁੰਦਿਆਂ ਆਖਦੇ ਹਨ ਕਿ ਹੇ ਕੋਇਲ, ਤੂੰ ਕਿਸ ਕਾਰਨ ਕਾਲੇ ਰੰਗ ਦੀ ਹੋ ਗਈ ਹੈਂ। ਕੋਇਲ ਦੇ ਰੂਪ ਵਿਚ ਖ਼ੁਦ ਦੀ ਸੁਆਲ ਦਾ ਜਵਾਬ ਦਿੰਦਿਆਂ ਬਾਬਾ ਫ਼ਰੀਦ ਜੀ ਆਖਦੇ ਹਨ ਕਿ ਮੈਂ ਆਪਣੇ ਪ੍ਰੀਤਮ ਦੇ ਵਿਯੋਗ ਕਾਰਨ ਕਾਲੇ ਰੰਗ ਹੀ ਹੋ ਗਈ ਹਾਂ ਕਿਉਂਕਿ ਮੇਰਾ ਪ੍ਰੀਤਮ ਪਿਆਰਾ ਮੇਰੇ ਨਾਲੋਂ ਵਿਛੜ ਗਿਆ ਹੈ। ਮੈਂ ਆਪਣੇ ਕੰਤ ਤੋਂ ਦੂਰ ਹੋ ਗਈ ਹਾਂ ਇਸ ਲਈ ਮੇਰਾ ਰੰਗ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਕਾਲਾ ਹੋ ਗਿਆ ਹੈ;

"ਕਾਲੀ ਕੋਇਲ ਤੂ ਕਿਤੁ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥"[60]

ਪਰਮਾਤਮਾ ਨਾਲੋਂ ਪਏ ਵਿਛੋੜੇ ਤੋਂ ਬਾਅਦ ਜੀਵਾਤਮਾ ਇਸ ਸੰਸਾਰ ਵਿਚ ਆ ਕੇ ਬਿਰਹੋਂ ਦਾ ਦੁੱਖ ਹੰਢਾ ਰਹੀ ਹੈ। ਇਕ ਤਰੀਕੇ ਨਾਲ ਵਿਯੋਗ ਕਾਰਨ ਜੀਵਾਤਮਾ ਲਈ **ਵਿਚਾਰੀ** ਦੇ ਭਾਵ ਉਤਪੰਨ ਹੋਣੇ ਚਾਹੀਦੇ ਹਨ ਪਰ ਦੂਜੇ ਪਾਸੇ ਸਥਿਤੀ ਦੀ ਤ੍ਰਾਸਦੀ ਇਹ ਵੀ ਹੈ ਕਿ ਉਸ ਉੱਤੇ ਕੋਈ ਤਰਸ ਵੀ ਨਹੀਂ ਕਰਦਾ। ਇਸ ਸਥਿਤੀ ਵਿਚ ਉਸ ਬਿਰਹਨ ਜੀਵਾਤਮਾ ਨੂੰ ਆਪਣਾ ਪ੍ਰੀਤਮ-ਪਿਆਰਾ ਹੀ ਇਕ ਸਹਾਰਾ ਨਜ਼ਰ ਆਉਂਦਾ ਹੈ। ਬਿਰਹਨ ਜੀਵਾਤਮਾ ਲਈ ਵਿਛੋੜੇ ਦਾ ਅਹਿਸਾਸ ਇਤਨਾ ਤੀਬਰ ਹੈ ਕਿ ਉਹ ਪਦਾਰਥ ਜੋ ਸੰਸਾਰਕ ਪੱਧਰ ਤੇ ਵੇਖਣ ਨੂੰ ਮਨੁੱਖ ਲਈ ਸੁਖਦਾਈ ਪ੍ਰਤੀਤ ਹੁੰਦੇ ਹਨ ਪਰ ਬਾਵਜੂਦ ਇਸ ਦੇ ਉਹ ਪਰਮਾਤਮਾ ਦੇ ਨਾਮ ਦੇ ਅੱਗੇ ਫਿੱਕੇ ਹਨ। ਇਹ ਪਦਾਰਥ ਜੀਵਾਤਮਾ ਦੇ ਬਿਰਹਾ ਦੀ ਪੀੜ ਨੂੰ ਹੋਰ ਵਧਾ ਰਹੇ ਹਨ;

"ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥"[61]

ਬਾਬਾ ਫ਼ਰੀਦ ਦਾ ਪਰਮਾਤਮਾ ਖੰਡ, ਸ਼ੱਕਰ, ਗੁੜ ਤੇ ਸ਼ਹਿਦ ਨਾਲੋਂ ਵੀ ਮਿੱਠਾ ਹੈ। ਸੰਸਾਰਕ ਪੱਧਰ'ਤੇ ਭਾਵੇਂ ਇਹਨਾਂ ਵਸਤੂਆਂ ਨੂੰ ਸਭ ਤੋਂ ਮਿੱਠਾ ਮੰਨਿਆ ਜਾਂਦਾ ਹੈ ਪਰ ਬਾਬਾ ਫ਼ਰੀਦ ਕਹਿੰਦੇ ਹਨ ਕਿ ਮੇਰਾ ਪਿਆਰਾ ਇਹਨਾਂ ਸਭ ਵਸਤੂਆਂ ਨਾਲੋਂ ਕਿਤੇ ਵੱਧ ਮਿੱਠਾ ਹੈ। ਸੰਸਾਰਕ ਰੂਪ ਵਿਚ ਇਹਨਾਂ ਮਿੱਠੀਆਂ ਵਸਤੂਆਂ ਨੂੰ ਪਾ ਲੈਣ ਤੋਂ ਬਾਅਦ ਵਿਚ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਇਹ ਮਿੱਠੀਆਂ ਵਸਤੂਆਂ ਪਰਮਾਤਮਾ ਨੂੰ ਪਾਉਣ ਵਿਚ ਮਨੁੱਖ ਦੀ ਕਿਸੇ ਪ੍ਰਕਾਰ ਦੀ ਸਹਾਇਤਾ ਨਹੀਂ ਕਰਦੀਆਂ। ਪਰਮਾਤਮਾ ਨੂੰ ਪਾਉਣ ਲਈ ਸਾਧਕ ਦੇ ਮਨ ਵਿਚ ਵਿਯੋਗ ਦੀ ਅਵਸਥਾ ਤੋਂ ਬਾਅਦ ਬਿਰਹਾ ਉਤਪੰਨ ਹੋਣੀ ਲਾਜ਼ਮੀ ਹੈ। ਇਹ ਬਿਰਹਾ ਹੀ ਹੈ ਜੋ ਸਾਧਕ ਦਾ ਮਿਲਾਪ ਪਰਮਾਤਮਾ ਨਾਲ ਕਰਵਾਉਂਦੀ ਹੈ। ਬਿਰਹਾ ਮਨੁੱਖ ਦਾ ਪਰਮਾਤਮਾ ਦੇ ਪ੍ਰਤੀ ਜਾਗ੍ਰਤ ਹੋਣ ਦਾ ਸੰਕੇਤ ਹੈ। ਜਿਸ ਸਮੇਂ ਕੋਈ ਮਨੁੱਖ ਪਰਮਾਤਮਾ ਦੀ ਪ੍ਰਾਪਤੀ ਦੇ ਪ੍ਰਤੀ ਜਾਗ੍ਰਤ ਹੋ ਗਿਆ ਉਹ ਪਰਮਾਤਮਾ ਨੂੰ ਪਾਉਣ ਲਈ ਉਪਰਾਲੇ ਕਰਨੇ ਆਰੰਭ ਕਰ ਦੇਵੇਗਾ। ਇਸ ਲਈ ਬਿਰਹਾ ਪਰਮਾਤਮਾ ਨੂੰ ਪਾਉਣ ਪ੍ਰਤੀ ਮਿਲਾਪ ਦੀ ਅਵਸਥਾ ਦੀ ਪਹਿਲੀ ਕੜੀ ਹੈ।

"ਬਿਰਹਾ ਸੁਲਤਾਨ ਹੈ, ਬਿਰਹਾ ਜੀਵਨ ਦਾ ਚਿੰਨ੍ਹ ਹੈ। ਬਿਰਹਾ ਮਿਲਾਪ ਵੱਲ ਪੁਲਾਂਘ ਹੈ। ਬਿਰਹਾ ਬੰਦੇ ਦਾ ਰੱਬ ਤੋਂ ਵਿਛੜੇ ਹੋਣ ਦਾ ਅਹਿਸਾਸ ਹੈ। ਬਿਰਹਾ ਜਾਗ੍ਰਤੀ ਵੱਲ ਜ਼ਰੂਰੀ ਸ਼ਰਤ ਹੈ। ਇਹੀ ਪਹਿਲੀ ਪੁਲਾਂਘ ਹੈ, ਜਦੋਂ ਬੰਦਾ ਸਾਹਸ ਧਾਰਨ ਕਰਦਾ ਹੈ। ਪੈਂਡੇ ਤੇ ਤੁਰਨ ਦੀ ਦ੍ਰਿੜ੍ਹਤਾ ਕਰਦਾ ਹੈ, ਆਪਣੀ ਸਮਰੱਥਾ ਦਾ ਅਨੁਭਵ ਕਰਦਾ ਹੈ। ਆਪਣੀ ਅਧੋਗਤੀ ਤੋਂ ਗਿਲਾਨੀ ਕਰਦਾ ਹੈ ਅਤੇ ਆਪਣੀ ਹੋਣੀ ਨੂੰ ਸਵਾਰਨ ਲਈ ਤੱਤਪਰ ਹੋ ਜਾਂਦਾ ਹੈ। ਬਿਰਹਾ ਇਹ ਅਹਿਸਾਸ ਹੈ ਕਿ ਮੈਂ ਲਤਾੜਿਆ ਪਿਆ ਹਾਂ। ਬਿਰਹਾ ਉੱਚੇ ਜਾਣ ਦੀ ਲੋਚਾ ਹੈ। ਬਿਰਹਾ ਰੱਬ ਨੂੰ ਮਿਲਣ



Sri Satguru Jagjit Singh Ji eLibrary NamdhariElibrary@gmail.com

ਲਈ ਚੜ੍ਹਾਈ ਹੈ।"[62]

ਇਸ ਜਗ੍ਹਾ ਤੇ ਸਾਡੇ ਮਨ ਵਿਚ ਖਿਆਲ ਪੈਦਾ ਹੁੰਦਾ ਹੈ ਕਿ ਕਿਤੇ ਬਾਬਾ ਫ਼ਰੀਦ ਦਾ ਕਲਾਮ ਨਿਰਾਸ਼ਾਵਾਦੀ ਸੁਰ ਤਾਂ ਪ੍ਰਗਟ ਨਹੀਂ ਕਰ ਰਿਹਾ। ਇਸ ਕਲਾਮ ਵਿਚ ਹਰ ਥਾਂ ਵਿਯੋਗ, ਵਿਛੋੜਾ, ਗ਼ਮ, ਬਿਰਹਾ, ਮੌਤ ਅਤੇ ਮਨੁੱਖੀ ਸਰੀਰ ਦੀ ਨਾਸ਼ਮਾਤਮਾ ਆਦਿ ਦਾ ਜ਼ਿਕਰ ਹੋ ਰਿਹਾ ਹੈ ਪਰੰਤੂ ਫ਼ਰੀਦ ਕਲਾਮ ਵਿਚ ਇਹ ਤੱਥ ਬੜਾ ਧਿਆਨਯੋਗ ਹੈ ਕਿ ਇਸ ਵਿਚ ਜਿੱਥੇ ਇਕ ਪਾਸੇ ਵਿਯੋਗ ਦੁੱਖ ਦਾ ਕਾਰਨ ਹੈ ਉੱਥੇ ਦੂਜੇ ਪਾਸੇ ਪ੍ਰਭੂ ਨਾਲ ਮਿਲਾਪ ਦਾ ਆਧਾਰ ਵੀ ਹੈ। ਬਾਬਾ ਫ਼ਰੀਦ ਦੇ ਕਲਾਮ ਦੇ ਅਨੁਸਾਰ ਕਿਸੇ ਸੂਫ਼ੀ ਦੇ ਮਨ ਵਿਚ ਜਿੰਨੀ ਦੇਰ ਤੱਕ ਬਿਰਹਾ ਦਾ ਅਨੁਭਵ ਨਹੀਂ ਹੋਵੇਗਾ ਉਤਨੀ ਦੇਰ ਤੱਕ ਮਿਲਾਪ ਦੀ ਤਾਂਘ ਵੀ ਪੈਦਾ ਨਹੀਂ ਹੋ ਸਕਦੀ। ਅਸਲ ਵਿਚ ਵਿਯੋਗ ਪ੍ਰਭੂ-ਮਿਲਾਪ ਦੇ ਪਹਿਲੂ ਦਾ ਦੂਜਾ ਪੱਖ ਹੈ। ਜਿਸ ਨੂੰ ਸਮਝਣ ਦੀ ਲੋੜ ਹੈ। ਜੇ ਕਿਸੇ ਸਾਧਕ ਦੇ ਮਨ ਵਿਚ ਇਸ ਗੱਲ ਦਾ ਅਹਿਸਾਸ ਹੀ ਨਾ ਹੋਵੇ ਕਿ ਉਹ ਪਰਮਾਤਮਾ ਨਾਲੋਂ ਵਿਯੋਗਿਆ ਹੋਇਆ ਹੈ ਫਿਰ ਉਸ ਨੇ ਪਰਮਾਤਮਾ ਨਾਲ ਮਿਲਾਪ ਲਈ ਉਪਰਾਲੇ ਕਿਸ ਤਰ੍ਹਾਂ ਕਰਨੇ ਹਨ? ਜੇਕਰ ਉਸ ਨੂੰ ਵਿਯੋਗ ਦਾ ਅਹਿਸਾਸ ਹੋਵੇਗਾ ਤਾਂ ਹੀ ਉਹ ਬਿਰਹਾ ਦੀ ਅੱਗ ਵਿਚ ਸੜ ਕੇ ਪ੍ਰਭੂ ਨੂੰ ਪਾਉਣ ਲਈ ਯਤਨਸ਼ੀਲ ਹੋਵੇਗਾ।

ਬਾਬਾ ਫ਼ਰੀਦ ਦੇ ਕਲਾਮ ਵਿਚ ਇਹ ਵਿਯੋਗ ਕੇਵਲ ਦੁੱਖ ਦਾ ਕਾਰਣ ਹੀ ਨਹੀਂ ਬਣਦਾ ਬਲਕਿ ਇਹ ਵਿਯੋਗ ਮਨੁੱਖ ਦਾ ਪ੍ਰਭੂ ਨਾਲ ਮਿਲਾਪ ਵੀ ਕਰਵਾਉਂਦਾ ਹੈ। ਫ਼ਰੀਦ ਕਾਵਿ ਦਾ ਇਹ ਵਿਯੋਗ ਨਿਰਾਸ਼ਾਵਾਦੀ ਨਹੀਂ ਬਲਕਿ ਆਸ਼ਾਵਾਦੀ ਹੈ ਕਿਉਂਕਿ ਜਦੋਂ ਤੱਕ ਕਿਸੇ ਵਿਅਕਤੀ/ਸਾਧਕ ਨੂੰ ਪ੍ਰਭੂ ਨਾਲ ਪਏ ਵਿਯੋਗ ਦਾ ਗਿਆਨ ਹੀ ਨਹੀਂ ਉਹ ਪ੍ਰਭੂ ਪ੍ਰਾਪਤੀ ਦੇ ਉਪਰਾਲੇ ਨਹੀਂ ਕਰ ਸਕਦਾ। ਜਿਸ ਸਮੇਂ ਉਸ ਵਿਅਕਤੀ/ਸਾਧਕ ਨੂੰ ਪਰਮਾਤਮਾ ਨਾਲ ਪਏ ਹੋਏ ਵਿਯੋਗ ਦਾ ਗਿਆਨ ਹੋ ਜਾਂਦਾ ਹੈ ਉਹ ਆਪਣੇ ਅਸਲ ਨਾਲ ਅਭੇਦ ਹੋਣ ਲਈ ਜਾਗਰੁਕ ਹੋ ਜਾਂਦਾ ਹੈ। ਉਸ ਨੂੰ ਸੋਝੀ ਆ ਜਾਂਦੀ ਹੈ ਅਤੇ ਉਹ ਪ੍ਰਭੂ ਪ੍ਰਾਪਤੀ ਲਈ ਤੱਤਪਰ ਹੋ ਕੇ ਉਪਰਾਲੇ ਕਰਨੇ ਆਰੰਭ ਕਰ ਦਿੰਦਾ ਹੈ। ਇਸ ਲਈ ਬਾਬਾ ਫ਼ਰੀਦ ਜੀ ਦੇ ਕਲਾਮ ਵਿਚ ਵਿਯੋਗ ਨੂੰ ਬੜਾ ਉੱਚਾ ਦਰਜ਼ਾ ਦਿੱਤਾ ਗਿਆ ਹੈ।

ਬਾਬਾ ਫ਼ਰੀਦ ਦੇ ਕਲਾਮ ਵਿਚ ਵਿਯੋਗ ਮਨੁੱਖ ਦੇ ਜਾਗ੍ਰਤ ਹੋਣ ਦਾ ਅਹਿਸਾਸ ਹੈ। ਮਨੁੱਖ ਨੇ ਆਪਣੇ ਅਸਲ ਘਰ (ਪਰਮਾਤਮਾ) ਦੇ ਪ੍ਰਤੀ, ਆਪਣੇ ਮਨੁੱਖਾ ਜੀਵਨ ਦੇ ਉਦੇਸ਼ ਦੇ ਪ੍ਰਤੀ (ਪ੍ਰਭੂ ਵਿਚ ਅਭੇਦ ਹੋਣਾ) ਜਾਗ੍ਰਤ ਹੋਣ ਦਾ ਸੰਕੇਤ ਹੈ। ਬਾਬਾ ਫ਼ਰੀਦ ਜੀ ਦਾ ਕਲਾਮ ਨਿਰਾਸ਼ਾਵਾਦੀ ਨਾ ਹੋਣ ਕੇ ਆਸ਼ਾਵਾਦੀ ਸੁਰ ਪ੍ਰਗਟ ਕਰਦਾ ਹੈ। ਵਿਯੋਗ ਜਿੱਥੇ ਵਿਛੋੜੇ ਜਾਂ ਦੂਰੀ ਦਾ ਪ੍ਰਤੀਕ ਹੈ ਉੱਥੇ ਮਿਲਾਪ ਦੀ ਤਾਂਘ ਵੀ ਜਗਾਉਂਦਾ ਹੈ। ਮਿਲਾਪ ਲਈ ਉਪਰਾਲੇ ਕਰਨ ਲਈ ਪ੍ਰੇਰਿਤ ਕਰਦਾ ਹੈ। ਵਿਯੋਗ ਮਨੁੱਖ ਦਾ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਹਿਲਾ ਕਦਮ ਹੈ, ਪਹਿਲੀ ਪੁਲਾਂਘ ਹੈ।

## ਫ਼ਰੀਦ ਕਾਵਿ ਵਿਚ ਦੁੱਖ ਦਾ ਸੰਕਲਪ

ਬਾਬਾ ਫ਼ਰੀਦ ਜੀ ਦੇ ਕਾਵਿ ਦੇ ਪ੍ਰਮੁੱਖ ਆਧਾਰਾਂ ਵਿਚੋਂ ਇਕ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਆਧਾਰ ਹੈ ਦੁੱਖ ਦਾ ਸੰਕਲਪ। ਜਦੋਂ ਅਸੀਂ ਬਾਬਾ ਫ਼ਰੀਦ ਦੇ ਕਲਾਮ ਵਿਚ ਦੁੱਖ ਦੇ ਸੰਕਲਪ ਬਾਰੇ ਚਰਚਾ ਕਰਦੇ ਹਾਂ ਤਾਂ ਇਸ ਨੂੰ ਮੁੱਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ।



Sri Satguru Jagjit Singh Ji eLibrary NamdhariElibrary@gmail.com

1. ਫ਼ਰੀਦ ਕਲਾਮ ਵਿਚ ਪੇਸ਼ ਦੁੱਖ ਦਾ ਮੂਲ ਕਾਰਨ।
2. ਦੁੱਖ ਦਾ ਅਸਲ ਸਰੂਪ।
3. ਇਸ ਦੁੱਖ ਤੋਂ ਬਚਣ ਦਾ ਉਪਾਅ।

**1. ਫ਼ਰੀਦ ਕਲਾਮ ਵਿਚ ਪੇਸ਼ ਦੁੱਖ ਦਾ ਮੂਲ ਕਾਰਨ**

ਬਾਬਾ ਫ਼ਰੀਦ ਦੇ ਕਲਾਮ ਵਿਚ ਦੁੱਖ ਦੇ ਮੂਲ ਕਾਰਨ ਸੰਬੰਧੀ ਕਿਹਾ ਗਿਆ ਹੈ ਕਿ ਇਹ ਜੀਵਾਤਮਾ ਪਰਮਾਤਮਾ ਤੋਂ ਵਿਛੜ ਕੇ ਆਈ ਹੋਈ ਸੂਖਮ ਹੋਂਦ ਹੈ। ਇਸ ਦੇ ਵਿਯੋਗ ਦਾ ਕਾਰਨ ਮੰਦੇ ਕਰਮ ਹਨ ਅਤੇ ਇਸ ਨੇ ਦੁਬਾਰਾ ਆਪਣੇ ਪ੍ਰੀਤਮ ਦੇ ਨਾਲ ਅਭੇਦ ਹੋਣ ਲਈ ਉਪਰਾਲੇ ਕਰਨੇ ਹਨ। ਫ਼ਰੀਦ ਕਲਾਮ ਵਿਚ ਦੂਜੀ ਗੱਲ ਇਹ ਦ੍ਰਿਸ਼ਟੀਮਾਨ ਹੁੰਦੀ ਹੈ ਕਿ ਇਹ ਸੰਸਾਰ ਤ੍ਰਿਸ਼ਨਾ ਦੀ ਭੱਠੀ ਹੈ। ਮਨੁੱਖ ਇਸ ਭੱਠੀ ਦੀ ਅੱਗ ਵਿਚ ਸੜ ਰਿਹਾ ਹੈ। ਇਸ ਸੰਸਾਰ ਦੇ ਦੁੱਖਾਂ ਨਾਲ ਆਪਣੇ ਤਨ ਅਤੇ ਮਨ ਨੂੰ ਕਸ਼ਟ ਦੇ ਰਿਹਾ ਹੈ, ਦੁੱਖ ਭੋਗ ਰਿਹਾ ਹੈ;

"ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥
ਸਾਂਈਂ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥"[63]

ਇਸ ਵਿਛੋੜੇ ਦੀ ਅੱਗ ਰੂਪੀ ਭੱਠੀ ਵਿਚ ਮਨੁੱਖ ਸੜ ਰਿਹਾ ਹੈ। ਜੀਵਾਤਮਾ ਲਈ ਉਸ ਸਰਬ-ਸ਼ਕਤੀਮਾਨ ਪਰਮਾਤਮਾ ਤੋਂ ਵਿਛੋੜਾ ਹੀ ਸਭ ਤੋਂ ਵੱਡਾ ਦੁੱਖ ਹੈ ਜੋ ਜੀਵਾਤਮਾ ਭੋਗ ਰਹੀ ਹੈ। ਬਾਬਾ ਫ਼ਰੀਦ ਜੀ ਅਨੁਸਾਰ ਇਹ ਦੁੱਖ ਦੋ ਪ੍ਰਕਾਰ ਦਾ ਹੈ। ਇਕ ਪਾਸੇ ਜਿੱਥੇ ਪਰਮਾਤਮਾ ਤੋਂ ਵਿਛੜਨਾ ਜੀਵਾਤਮਾ ਲਈ ਬਹੁਤ ਵੱਡਾ ਦੁੱਖ ਹੈ ਉੱਥੇ ਦੂਜੇ ਪਾਸੇ ਇਸ ਸੰਸਾਰ ਵਿਚ ਆਉਣਾ ਭਾਵ ਜਨਮ ਲੈਣਾ ਵੀ ਦੁੱਖ ਹੀ ਮੰਨਿਆ ਗਿਆ ਹੈ। ਇਸ ਪ੍ਰਕਾਰ ਵਿਛੋੜੇ ਦਾ ਦੁੱਖ ਹੋਰ ਸੰਘਣਾ ਹੋ ਜਾਂਦਾ ਹੈ। ਇਸ ਲਈ ਬਾਬਾ ਫ਼ਰੀਦ ਆਪਣੇ ਕਲਾਮ ਵਿਚ ਇਹ ਭਾਵ ਬਹੁਤ ਪ੍ਰਬਲ ਰੂਪ ਵਿਚ ਬਿਆਨ ਕਰਦੇ ਹਨ ਕਿ ਸਾਰੇ ਦੁੱਖ ਸੰਸਾਰ ਵਿਚ ਪੈਦਾ ਹੋਣ ਨਾਲ ਹੀ ਪੈਦਾ ਹੋ ਗਏ ਹਨ। ਬਾਬਾ ਫ਼ਰੀਦ ਆਪਣੇ ਕਲਾਮ ਵਿਚ ਕਹਿੰਦੇ ਹਨ ਕਿ ਕਾਸ਼ ਇਸ ਨਾਸ਼ਵਾਨ ਸੰਸਾਰ ਵਿਚ ਮੇਰਾ ਜਨਮ ਨਾ ਹੋਇਆ ਹੁੰਦਾ ਤਾਂ ਮੈਂ ਇਸ ਵਿਛੋੜੇ ਦੀ ਅੱਗ ਤੋਂ ਬਚ ਜਾਂਦਾ। ਇਸ ਜਗ੍ਹਾ ਤੇ ਸੂਫ਼ੀਮਤ ਅਤੇ ਗੁਰਮਤਿ ਵਿਚ ਵਿਰੋਧੀ ਸੁਰ ਉਤਪੰਨ ਹੋ ਜਾਂਦੇ ਹਨ। ਸੂਫ਼ੀ ਸਾਧਕ ਜਿੱਥੇ ਸੰਸਾਰ ਵਿਚ ਮਨੁੱਖੀ ਜਨਮ ਨੂੰ ਸਰਾਪ (ਮੰਦੇ ਕਰਮਾਂ ਦੇ ਫਲਸਰੂਪ) ਦੇ ਰੂਪ ਵਿਚ ਪੇਸ਼ ਕਰਦੇ ਹਨ ਉੱਥੇ ਦੂਜੇ ਪਾਸੇ ਗੁਰਮਤਿ ਵਿਚ ਸੰਸਾਰ ਵਿਚ ਮਨੁੱਖੀ ਜਨਮ ਨੂੰ ਵਰ (ਚੰਗੇ ਕਰਮਾਂ ਦੇ ਫਲਸਰੂਪ) ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਸੂਫ਼ੀ ਆਖਦੇ ਹਨ ਕਿ ਪਰਮਾਤਮਾ ਨੇ ਉਨ੍ਹਾਂ ਦੇ ਪਿਛਲੇ ਜਨਮ ਦੇ ਮਾੜੇ ਕੰਮਾਂ ਕਰਕੇ ਉਨ੍ਹਾਂ ਨੂੰ ਇਸ ਦੁੱਖਦਾਇਕ ਸੰਸਾਰ ਵਿਚ ਜਨਮ ਦੇ ਕੇ ਭੇਜਿਆ ਹੈ ਪਰ ਗੁਰਮਤਿ ਅਨੁਸਾਰ ਪਿਛਲੇ ਜਨਮ ਦੇ ਚੰਗੇ ਕੰਮਾਂ ਕਰਕੇ ਪਰਮਾਤਮਾ ਨੇ ਉਨ੍ਹਾਂ ਨੂੰ ਮਨੁੱਖ ਦਾ ਸਰੀਰ ਦਿੱਤਾ ਹੈ। ਗੁਰੂ ਅਰਜਨ ਦੇਵ ਆਪਣੀ ਬਾਣੀ ਵਿਚ ਆਖਦੇ ਹਨ ਕਿ ਮਨੁੱਖ ਨੂੰ ਉਸ ਦੇ ਪੂਰਬਲੇ ਚੰਗੇ ਕਰਮਾਂ ਕਾਰਨ ਇਹ ਮਨੁੱਖਾ ਦੇਹ ਮਿਲੀ ਹੈ ਅਤੇ ਇਹ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਵਾਰੀ ਹੈ। ਇਸ ਲਈ ਮਨੁੱਖ ਨੂੰ ਪਰਮਾਤਮਾ ਪ੍ਰਾਪਤੀ ਲਈ ਉਪਰਾਲੇ ਕਰਨੇ ਚਾਹੀਦੇ ਹਨ;

"ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥"[64]

ਦੂਜੇ ਪਾਸੇ ਸੂਫ਼ੀਮਤ ਅਨੁਸਾਰ ਇਸ ਨਾਸ਼ਮਾਨ ਸੰਸਾਰ ਵਿਚ ਮਨੁੱਖ ਨੂੰ ਸਰੀਰ ਮਿਲਣ ਬਾਰੇ ਬਾਬਾ ਫ਼ਰੀਦ ਦੇ ਵਿਚਾਰ ਹਨ;



Sri Satguru Jagjit Singh Ji eLibrary NamdhariElibrary@gmail.com

"ਫ਼ਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁੱਖ॥"[65]

ਬਾਬਾ ਫ਼ਰੀਦ ਲਈ ਦੂਜਾ ਵੱਡਾ ਦੁੱਖ ਦਾ ਕਾਰਨ ਸੰਸਾਰਕ ਪਦਾਰਥ ਅਤੇ ਇਸ ਦੀ ਤ੍ਰਿਸ਼ਨਾ ਹੈ। ਸੰਸਾਰਕ ਪਦਾਰਥ ਦੁਨਿਆਵੀ ਤੌਰ ਤੇ ਦੇਖਣ ਨੂੰ ਸੁਖਦਾਈ ਪ੍ਰਤੀਤ ਹੁੰਦਾ ਹੈ ਪਰ ਇਹ ਸੰਸਾਰਕ ਪਦਾਰਥ ਆਤਮਾ ਅਤੇ ਪਰਮਾਤਮਾ ਵਿਚ ਵਿੱਥ ਪਾ ਕੇ ਮਨੁੱਖ ਨੂੰ ਦੁੱਖ ਦਿੰਦੇ ਹਨ। ਇਸ ਪਦਾਰਥ ਦੀ ਪਰਕ੍ਰਿਤੀ ਨੂੰ ਸਮਝਣ ਲਈ ਵੀ ਬਾਬਾ ਫ਼ਰੀਦ ਜੀ ਦੇ ਦੋ ਸਲੋਕਾਂ ਨੂੰ ਇਕੱਠੇ ਰੱਖ ਕੇ ਵਿਚਾਰਨਾ ਠੀਕ ਹੋਵੇਗਾ। ਪਹਿਲਾ ਸਲੋਕ ਪਦਾਰਥ ਭਰਮ ਪੈਦਾ ਕਰਨ ਵਾਲਾ ਪਰ ਮਿਲਾਪ ਵਿਚ ਸਹਾਈ ਨਾ ਹੋ ਸਕਣ ਵਾਲਾ ਹੈ;

"ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥"[66]

ਇਸੇ ਤਰ੍ਹਾਂ ਦੂਜੇ ਸਲੋਕ ਵਿਚ ਪਦਾਰਥ ਜਦ ਆਪਣੇ ਅਸਲ ਰੂਪ ਵਿਚ ਪੇਸ਼ ਹੁੰਦਾ ਹੈ ਤਾਂ ਇੰਨਾ ਦੁੱਖਦਾਈ ਰੂਪ ਅਖ਼ਤਿਆਰ ਕਰ ਲੈਂਦਾ ਹੈ ਕਿ ਅਕਹਿ ਅਤੇ ਅਸਹਿ ਦੁੱਖ ਦਿੰਦਾ ਪ੍ਰਤੀਤ ਹੁੰਦਾ ਹੈ। ਦੁੱਖ ਵੀ ਅਜਿਹਾ ਕਿ ਜਿਸ ਦਾ ਵਰਨਣ ਇਸ ਦਿੱਸਦੇ ਸੰਸਾਰ ਦੇ ਪ੍ਰਾਣੀਆਂ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ। ਅਜਿਹਾ ਦੁੱਖ ਤਾਂ ਕੇਵਲ ਪਤੀ/ਪਰਮਾਤਮਾ ਅੱਗੇ ਹੀ ਦੱਸਿਆ ਜਾ ਸਕਦਾ ਹੈ;

"ਦੇਖੁ ਫ਼ਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥"[67]

ਬਾਬਾ ਫ਼ਰੀਦ ਕਹਿੰਦੇ ਹਨ ਕਿ ਆਪਣੇ ਪ੍ਰੀਤਮ ਪਿਆਰੇ ਦੇ ਵਿਯੋਗ ਵਿਚ ਸ਼ੱਕਰ ਵਰਗੀ ਮਿੱਠੀ ਵਸਤੂ ਵੀ ਜ਼ਹਿਰ ਦੇ ਸਮਾਨ ਹੋ ਗਈ ਹੈ। ਪ੍ਰੇਮਿਕਾ ਨੂੰ ਸ਼ੱਕਰ ਜ਼ਹਿਰ ਦੇ ਸਮਾਨ ਇਸ ਲਈ ਪ੍ਰਤੀਤ ਹੋ ਰਹੀ ਹੈ ਕਿਉਂਕਿ ਉਸ ਦਾ ਪ੍ਰੀਤਮ ਉਸ ਤੋਂ ਵਿਛੜ ਗਿਆ ਹੈ ਅਤੇ ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਇਹ ਵਿਯੋਗ/ਵਿਛੋੜੇ ਦੀ ਪੀੜਾ ਨੂੰ ਉਹ ਕਿਸ ਅੱਗੇ ਪੇਸ਼ ਕਰੇ ਕਿਉਂਕਿ ਉਸਦਾ ਕੰਤ ਤਾਂ ਦੂਰ ਗਿਆ ਹੋਇਆ ਹੈ ਭਾਵ ਵਿਯੋਗ ਕਾਰਨ ਵਿਛੋੜਾ ਪਿਆ ਹੋਇਆ ਹੈ ਅਤੇ ਉਸਦਾ ਦੁੱਖ ਸੁਣਨ ਵਾਲਾ ਕੋਈ ਨਹੀਂ ਹੈ। ਪ੍ਰੇਮਿਕਾ ਲਈ ਇਹ ਦੁੱਖ ਹੋਰ ਗਹਿਰਾ ਹੋ ਜਾਂਦਾ ਹੈ ਜਦੋਂ ਇਸ ਨਾਸ਼ਮਾਨ ਸੰਸਾਰ ਵਿਚ ਦੁੱਖ ਭੋਗਦੇ ਹੋਏ, ਆਪਣਾ ਆਪ ਗੁਆ ਕੇ ਵੀ ਉਸ ਪ੍ਰਭੂ ਦੀ ਪ੍ਰਾਪਤੀ ਨਹੀਂ ਜਾਪਦੀ ਜਾਂ ਉਸ ਵਿਚ ਦੇਰ ਹੁੰਦੀ ਪ੍ਰਤੀਤ ਹੁੰਦੀ ਹੈ। ਸੂਫ਼ੀ ਸਾਧਕ (ਪ੍ਰੇਮਿਕਾ) ਲਈ ਇਹ ਉਡੀਕ ਅਤੇ ਪਰਮਾਤਮਾ ਦੀ ਅਪ੍ਰਾਪਤੀ ਦੀ ਅਵਸਥਾ ਹੀ ਦੁੱਖ ਦਾ ਕਾਰਨ ਹੋ ਨਿਬੜਦੀ ਹੈ। ਸਾਧਕ ਨੂੰ ਜਿਤਨੀ ਦੇਰ ਤੱਕ ਪਰਮਾਤਮਾ ਦੇ ਦੀਦਾਰ ਨਹੀਂ ਹੋ ਜਾਂਦੇ ਉਤਨੀ ਦੇਰ ਤੱਕ ਦਾ ਸਮਾਂ ਉਸ ਲਈ ਵਿਯੋਗ ਦਾ ਸਮਾਂ ਹੈ ਅਤੇ ਇਸ ਵਿਯੋਗੇ ਸਮੇਂ ਵਿਚ ਸਾਧਕ ਦਾ ਸਰੀਰ ਸੁੱਕ ਕੇ ਪਿੰਜਰ ਬਣ ਜਾਂਦਾ ਹੈ;

"ਫ਼ਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥"[68]

ਬਾਬਾ ਫ਼ਰੀਦ ਜੀ ਦੇ ਕਲਾਮ ਵਿਚ ਦੁੱਖ ਦਾ ਮੁੱਖ ਅਤੇ ਵੱਡਾ ਕਾਰਨ **ਵਿਯੋਗ** ਹੀ ਬਣਦਾ ਹੈ। ਜਿਸ ਵਿਚ ਜੀਵਾਤਮਾ ਪਰਮਾਤਮਾ ਦੇ ਵਿਯੋਗ ਵਿਚ ਦੁੱਖ ਭੋਗ ਰਹੀ ਹੈ ਅਸਲ ਵਿਚ ਜੀਵਾਤਮਾ ਦਾ ਉਦੇਸ਼ ਪ੍ਰਭੂ ਦੀ ਪ੍ਰਾਪਤੀ ਹੈ, ਉਸ ਵਿਚ ਅਭੇਦ ਹੋਣਾ ਹੈ ਪਰੰਤੂ ਪਰਮਾਤਮਾ ਦੀ ਪ੍ਰਾਪਤੀ ਵਿਚ ਹੋ ਰਹੀ ਦੇਰੀ ਸੂਫ਼ੀ ਸਾਧਕ ਲਈ ਦੁੱਖ ਦਾ ਕਾਰਨ ਬਣਦੀ ਹੈ। ਬਾਬਾ ਫ਼ਰੀਦ



Sri Satguru Jagjit Singh Ji eLibrary NamdhariElibrary@gmail.com

ਜੀ ਅਨੁਸਾਰ ਇਸ ਦੁੱਖ ਦੀ ਅਵਸਥਾ ਤੋਂ ਸੁੱਖ ਦੀ ਅਵਸਥਾ ਪ੍ਰਾਪਤ ਕਰਨ ਦਾ ਸਭ ਤੋਂ ਸੁਖਾਲਾ ਅਤੇ ਆਸਾਨ ਤਰੀਕਾ **ਆਪੇ** ਦੀ ਪਛਾਣ ਕਰਨਾ ਹੈ। ਜਿਸ ਸਮੇਂ ਮਨੁੱਖ ਆਪਣੇ ਅੰਦਰਲੇ ਅਵਗੁਣਾਂ ਨੂੰ ਜਾਣ ਲੈਂਦਾ ਹੈ ਅਤੇ ਇਨ੍ਹਾਂ ਅਵਗੁਣਾਂ ਤੋਂ ਛੁਟਕਾਰਾ ਪਾਉਣ ਲਈ ਸੱਚੇ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ ਤਾਂ ਉਸ ਵੇਲੇ ਉਸ ਨੂੰ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਬਾਬਾ ਫ਼ਰੀਦ ਅਨੁਸਾਰ ਇਸ ਸੰਸਾਰ ਵਿਚ ਵਿਚਰ ਰਿਹਾ ਮਨੁੱਖ ਆਪਣੇ ਅਵਗੁਣਾਂ ਤੇ ਪਰਦਾ ਪਾਉਂਦਾ ਫਿਰਦਾ ਹੈ ਅਤੇ ਆਪਣੇ ਗੁਣਾਂ ਦਾ ਪ੍ਰਚਾਰ/ਦਿਖਾਵਾ ਕਰਦਾ ਹੈ ਪਰੰਤੂ ਦੂਜੇ ਲੋਕਾਂ ਦੇ ਗੁਣਾਂ ਨੂੰ ਅਣਦੇਖਾ ਕਰਕੇ ਉਨ੍ਹਾਂ ਦੇ ਅਵਗੁਣਾਂ ਨੂੰ ਪ੍ਰਚਾਰਦਾ ਹੈ ਤਾਂ ਦੁੱਖ ਦੀ ਸਥਿਤੀ ਉਤਪੰਨ ਹੁੰਦੀ ਹੈ। ਜਿਸ ਵੇਲੇ ਕੋਈ ਮਨੁੱਖ ਆਪਣੇ ਅਵਗੁਣਾਂ ਦੀ ਪਛਾਣ ਕਰਕੇ ਉਨ੍ਹਾਂ ਤੇ ਕਾਬੂ ਪਾ ਲੈਂਦਾ ਹੈ; ਆਪੇ ਦੀ ਪਛਾਣ ਕਰ ਲੈਂਦਾ ਹੈ, ਹਉਮੈ ਨੂੰ ਮਾਰ ਲੈਂਦਾ ਹੈ ਤਾਂ ਉਸ ਨੂੰ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ;

"ਸ਼ੇਖ਼ ਫ਼ਰੀਦ ਜੀ ਨੇ ਆਪੇ ਦੀ ਪਛਾਣ ਨੂੰ ਸੁੱਖਾਂ ਦਾ ਕੇਂਦਰ-ਬਿੰਦੂ ਮੰਨਿਆ ਹੈ। ਉਨ੍ਹਾਂ ਅਨੁਸਾਰ ਜਿਹੜੇ ਲੋਕ ਆਪਣੇ-ਆਪ ਨੂੰ ਜਾਣ ਲੈਂਦੇ ਹਨ ਭਾਵ ਆਪਣੇ-ਆਪ ਨੂੰ ਸੰਵਾਰ ਲੈਂਦੇ ਹਨ ਉਨ੍ਹਾਂ ਨੂੰ ਹਰ ਪਾਸੇ ਤੋਂ ਸੁੱਖ ਮਿਲਦਾ ਹੈ ਪਰ ਆਪੇ ਦੀ ਪਛਾਣ ਪ੍ਰਭੂ ਨਾਲ ਇਕ ਹੋਣ ਤੇ ਹੀ ਪ੍ਰਾਪਤ ਹੁੰਦੀ ਹੈ। ਜੇ ਮਨੁੱਖ ਪ੍ਰਭੂ ਦਾ ਹੋ ਜਾਵੇਗਾ ਤਾਂ ਸਾਰਾ ਸੰਸਾਰ ਹੀ ਉਸ ਪ੍ਰਾਣੀ ਦਾ ਹੋ ਜਾਂਦਾ ਹੈ।"[69]

ਬਾਬਾ ਫ਼ਰੀਦ ਜੀ ਦੇ ਕਲਾਮ ਵਿਚ ਅਸਲ ਦੁੱਖ ਮਨੁੱਖ ਦਾ ਪਰਮਾਤਮਾ ਨਾਲੋਂ ਪਿਆ ਵਿਯੋਗ ਹੀ ਹੈ। ਇਸ ਵਿਯੋਗ ਦੀ ਅਸਵਥਾ ਦੌਰਾਨ ਜੀਵਾਤਮਾ ਤੇ ਜਿਤਨੇ ਦੁੱਖ/ਕਸ਼ਟ ਆਉਂਦੇ ਹਨ ਉਹ ਵਿਯੋਗ ਦੀ ਅਸਵਥਾ ਨੂੰ ਹੋਰ ਦੁੱਖਦਾਈ ਬਣਾ ਦਿੰਦੇ ਹਨ ਅਤੇ ਜਿਸ ਸਮੇਂ ਜੀਵਾਤਮਾ ਨੂੰ ਆਪੇ ਦੀ ਪਛਾਣ ਹੋ ਜਾਂਦੀ ਹੈ ਤਾਂ ਇਨ੍ਹਾਂ ਸੰਸਾਰਕ ਦੁੱਖਾਂ ਦਾ ਅੰਤ ਹੋ ਜਾਂਦਾ ਹੈ ਅਤੇ ਸੂਫ਼ੀ ਆਪਣੇ ਅਸਲ (ਪਰਮਾਤਮਾ) ਵਿਚ ਅਭੇਦ ਹੋ ਜਾਂਦਾ ਹੈ।

### 2. ਫ਼ਰੀਦ ਕਲਾਮ ਵਿਚ ਦੁੱਖ ਦਾ ਅਸਲ ਸਰੂਪ

ਸੂਫ਼ੀ ਪਰੰਪਰਾ ਦੇ ਅਨੁਸਾਰ ਸੰਸਾਰ ਵਿਚ ਜੀਵਾਤਮਾ ਦਾ ਜਨਮ ਲੈਣਾ/ਆਉਣਾ ਹੀ ਸਭ ਤੋਂ ਵੱਡਾ ਦੁੱਖ ਮੰਨਿਆ ਜਾਂਦਾ ਹੈ। ਦੂਜੇ ਪਾਸੇ ਜੀਵਾਤਮਾ ਦਾ ਇਸ ਨਾਸ਼ਮਾਨ ਸੰਸਾਰ ਵਿਚ ਵਿਚਰਨਾ/ਰਹਿਣਾ ਵੀ ਆਪਣੇ-ਆਪ ਵਿਚ ਇਕ ਦੁੱਖਦਾਈ ਕਰਮ ਹੋ ਨਿਬੜਦਾ ਹੈ। ਸੂਫ਼ੀ ਕਵੀਆਂ ਦੇ ਅਨੁਸਾਰ ਦੁੱਖ ਦਾ ਦੂਜਾ ਨਾਮ ਜੀਵਨ ਹੈ। ਸਾਡੇ ਸਾਰੇ ਕਾਰ-ਵਿਹਾਰ, ਖਾਣ-ਪੀਣ, ਪਹਿਨਣ-ਹੰਢਾਉਣ ਅਤੇ ਓਡਣ-ਵਿਛਾਉਣ ਸਭ ਦੁੱਖ ਦਾ ਹੀ ਦੂਜਾ ਰੂਪ ਹਨ। ਸੂਫ਼ੀ ਸਾਧਕ ਇਸ ਜੀਵਨ ਨੂੰ ਦੁੱਖ ਹੀ ਮੰਨਦੇ ਹਨ ਕਿਉਂਕਿ ਇਹ ਜਨਮ ਮਾੜੇ ਕਰਮਾਂ ਦੀ ਇਵਜ਼ ਵਜੋਂ ਪਰਮਾਤਮਾ ਨੇ ਆਪਣੇ ਤੋਂ ਵਿਛੋੜ ਕੇ ਉਹਨਾਂ ਨੂੰ ਦਿੱਤਾ ਹੈ;

"ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥"[70]
ਜਾਂ
"ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥"[71]

ਬਾਬਾ ਫ਼ਰੀਦ ਦੇ ਕਲਾਮ ਦੇ ਇਨ੍ਹਾਂ ਸਲੋਕਾਂ ਵਿਚ ਇਕ ਪਾਸੇ ਜਿੱਥੇ ਦੁੱਖ ਦੀ ਵੇਦਨਾ ਦਾ ਵਰਨਣ ਕੀਤਾ ਗਿਆ ਹੈ ਉੱਥੇ ਦੂਜੇ ਪਾਸੇ ਸੰਭਾਵੀ ਦੁੱਖ ਤੋਂ ਸੁਚੇਤ ਵੀ ਕੀਤਾ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਕਿਤੇ-ਕਿਤੇ ਦੁੱਖ ਦੀ ਵਿਆਪਕਤਾ ਨੂੰ ਬਾਬਾ ਫ਼ਰੀਦ ਜੀ ਬੜੇ ਅਧਿਆਤਮਿਕ ਸਰੂਪ ਨਾਲ ਪੇਸ਼ ਕਰਦੇ ਦਿਖਾਈ ਦਿੰਦੇ ਹਨ। ਬਾਬਾ ਫ਼ਰੀਦ ਦੇ ਕਲਾਮ ਦਾ ਅਧਿਐਨ ਕਰਦਿਆਂ ਪਾਠਕਾਂ ਨੂੰ ਕਈ ਵਾਰ ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਜਿਸ ਦੁੱਖ ਦਾ ਚਿੱਤਰਣ ਆਪਣੇ ਕਲਾਮ ਵਿਚ ਕਰ ਰਹੇ ਹਨ ਉਹ ਨਿੱਜੀ ਦਰਦ ਅਤੇ ਨਿੱਜੀ ਭਾਵਨਾ ਨਾਲ ਸੰਬੰਧਤ ਹੈ ਪਰੰਤੂ ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਸਪਸ਼ਟ ਪਤਾ ਚਲਦਾ ਹੈ ਕਿ ਬਾਬਾ ਫ਼ਰੀਦ ਜੀ ਦੁੱਖ ਦੀ ਸਰਬ-ਵਿਆਪਕਤਾ ਦਾ ਵਰਨਣ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਸਮੂਹ ਦੇ ਦੁੱਖ ਦੀ ਗੱਲ ਵੀ ਕਰਦੇ ਨਜ਼ਰ ਆਉਂਦੇ ਹਨ, ਸੰਸਾਰ ਦਾ ਹਰ ਪ੍ਰਾਣੀ ਦੁੱਖ ਦੇ ਇਸ ਦਰਦ ਨਾਲ ਆਪਣੇ ਆਪ ਨੂੰ ਵਿਆਕੁਲ ਹੋਇਆ ਮਹਿਸੂਸ ਕਰਦਾ ਹੈ;

"ਫ਼ਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥"[72]

ਇੱਥੇ ਬਾਬਾ ਫ਼ਰੀਦ ਦੁੱਖ ਨੂੰ ਸ੍ਰਿਸ਼ਟੀ ਦੇ ਪੱਧਰ'ਤੇ ਵਰਣਨ ਕਰ ਰਹੇ ਹਨ। ਫ਼ਰੀਦ ਕਾਵਿ ਵਿਚ ਦੁੱਖ ਸੂਖਮ ਅਤੇ ਸਥੂਲ ਦੋਹਾਂ ਰੂਪਾਂ ਵਿਚ ਵਿਦਮਾਨ ਹੈ। ਇਸ ਦੇ ਨਾਲ ਹੀ ਬਾਬਾ ਫ਼ਰੀਦ ਲੋਕਾਈ ਦੇ ਦਰਦ ਦਾ ਹਿੱਸਾ ਬਣ ਕੇ ਮਾਨਵਵਾਦੀ ਦ੍ਰਿਸ਼ਟੀ ਤੋਂ ਉਸ ਵਿਚ ਸ਼ਾਮਲ ਹੋਣ ਦੀ ਪ੍ਰਕਿਰਿਆ ਰਚ ਰਹੇ ਹਨ। ਇਸ ਤੋਂ ਵੀ ਅੱਗੇ ਐਨਾ ਵੱਡਾ ਵਿਸ਼ਾਲ ਦੁੱਖ ਦਾ ਬਿੰਬ ਰਚ ਕੇ ਆਪਣੇ ਦੁੱਖ ਨੂੰ ਛੁਟਿਆ ਕੇ ਦੇਖਣ ਨਾਲ ਦੁੱਖ ਦੀ ਤੀਖਣਤਾ ਨੂੰ ਘਟਾਉਣ ਦਾ ਮਾਰਗ ਦੱਸਣ ਦੀ ਚੇਸ਼ਟਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਬਾਬਾ ਫ਼ਰੀਦ ਅਸਲ ਵਿਚ ਸਵੈ/ਆਪਣੇ ਆਪ ਤੋਂ ਉੱਪਰ ਉੱਠ ਕੇ ਸਮੂਹ/ਸਮਾਜ ਦੇ ਦੁੱਖ ਦੀ ਚਿੰਤਾ ਕਰਦੇ ਵੇਖੇ ਜਾ ਸਕਦੇ ਹਨ;

"ਫ਼ਰੀਦ ਦੇ ਇਹਨਾਂ ਸਲੋਕਾਂ ਅੰਦਰ ਉਸ ਮਨੁੱਖ ਲਈ ਗਿਆਨ ਸੋਝੀ ਹੈ ਜੋ ਮਾਇਆ ਵਿਚ ਡੁੱਬਾ ਆਪਣੇ ਧਰਮ/ਕਰਮ ਦੀ ਪਛਾਣ ਗੁਆ ਬੈਠਾ ਹੈ। ਇਹ ਕਹਿਣਾ ਕਿ **ਬੁਰੇ ਦਾ ਭਲਾ ਕਰ** ਬੜੀ ਗੰਭੀਰ ਸੁਰਤਿ ਵਾਲਾ ਹੈ। ਬੁਰੇ ਦਾ ਭਲਾ ਕਰਨ ਦੀ ਸਥਿਤੀ ਵਿਚ ਪਹੁੰਚਿਆ ਹੋਇਆ ਮਨੁੱਖ ਹੀ ਅਸਲ ਵਿਚ ਸੰਪੂਰਨ ਮਨੁੱਖ ਹੈ, ਇਹ ਮਾਨਵਤਾ ਦੀ ਚਰਮ-ਸੀਮਾ ਹੈ ਜਿੱਥੇ ਪਹੁੰਚ ਕੇ ਮਨੁੱਖ ਨੂੰ ਦੂਜੇ ਵਿਚੋਂ ਆਪਣਾ ਦੀਦਾਰ ਹੋਣ ਲੱਗਦਾ ਹੈ। ਫ਼ਰੀਦ ਜੀ ਦਾ ਪ੍ਰਵਚਨ **ਦੇਹੀ ਰੋਗੁ ਨ ਲਗਈ** ਐਨਾ ਪ੍ਰਮਾਣਿਕ ਹੈ ਕਿ ਇਸ ਉੱਪਰ ਅਮਲ ਕਰਨ ਵਾਲਾ ਆਪਣੇ ਅੰਦਰੋਂ ਹੀ ਸਭ ਕੁੱਝ ਪ੍ਰਾਪਤ ਲੈਂਦਾ ਹੈ। ਦੇਹੀ ਦਾ ਦੁੱਖ ਅਸਲ ਵਿਚ ਮਨ ਦੇ ਸੰਤਾਪ ਵਿਚੋਂ ਹੀ ਪੈਦਾ ਹੁੰਦਾ ਹੈ। ਫ਼ਰੀਦ ਜੀ ਨੇ ਮਨੁੱਖ ਨੂੰ ਉਸ ਦੀ ਜਿੰਦਗੀ ਦਾ ਰਹੱਸ ਸਮਝਾ ਦਿੱਤਾ ਹੈ ਕਿ ਜਿਸ ਮਨੁੱਖ ਅੰਦਰ ਮੁਆਫ਼ ਕਰਨ ਦੀ ਸ਼ਕਤੀ ਆ ਗਈ, ਉਹ ਨਿਸ਼ਚੇ ਹੀ ਪਾਰਗਾਮੀ ਅਵੱਸਥਾ ਤੱਕ ਪਹੁੰਚ ਚੁਕਾ ਹੈ।"[73]

ਬਾਬਾ ਫ਼ਰੀਦ ਜੀ ਦੀ ਕਵਿਤਾ ਵਿਚ ਪੇਸ਼ ਦੁੱਖ ਦੇ ਕਾਰਨਾਂ ਵਿਚੋਂ ਇਕ ਇਹ ਨੁਕਤਾ ਵੀ ਵਿਚਾਰਯੋਗ ਹੈ ਕਿ ਸੂਫ਼ੀ ਸਾਧਕ ਦਾ ਮੁੱਖ ਉਦੇਸ਼ ਆਪਣੇ ਪ੍ਰੀਤਮ ਪਿਆਰ ਨਾਲ ਮਿਲਾਪ ਦੀ ਅਵਸਥਾ ਹੈ। ਜਦੋਂ ਕੋਈ ਸਾਧਕ ਇਸ ਰਸਤੇ'ਤੇ ਚੱਲਦਾ ਹੈ ਤਾਂ ਰਸਤੇ ਵਿਚ ਆਉਣ ਵਾਲੀਆਂ ਮੁਸੀਬਤਾਂ (ਜਿਵੇਂ ਕਾਮ ਵਾਸ਼ਨਾਵਾਂ, ਸੰਸਾਰਕ ਮੋਹ, ਅੰਹਕਾਰੀ ਸੁਭਾਅ) ਵੀ ਸਾਧਕਾਂ ਲਈ ਦੁੱਖ ਦਾ ਕਾਰਨ ਬਣਦੀਆਂ ਹਨ। ਸੂਫ਼ੀ ਸਾਹਿਤ ਵਿਚ ਦੁੱਖ ਦੀ ਪਰਿਭਾਸ਼ਾ ਨਿਰਧਾਰਤ ਕਰਦਿਆਂ ਡਾ. ਜਸਪਾਲ ਕੌਰ ਕਾਂਗ ਕਹਿੰਦੀ ਹੈ ਕਿ, "ਸਾਧਕ ਪ੍ਰਭੂ-ਭਗਤੀ ਵਿਚ ਲੀਨ ਹੋਣ ਲਈ ਹਰ ਘੜੀ ਯਤਨਸ਼ੀਲ ਹੁੰਦਾ ਹੈ, ਜਗਿਆਸੂ ਲਈ ਇਸ ਸਥਿਤੀ ਦੇ ਰਾਹ ਵਿਚ ਜੋ ਰੁਕਾਵਟ ਹੈ, ਉਹੀ ਇਸ ਲਈ ਸੰਤਾਪ (ਦੁੱਖ) ਹੈ।"[74]



Sri Satguru Jagjit Singh Ji eLibrary NamdhariElibrary@gmail.com

ਬਿਰਹਾ ਦੀ ਅੱਗ ਕਾਰਨ ਵਿਆਕੁਲ ਸਾਧਕ ਸੰਸਾਰਕ ਦੁੱਖਾਂ ਨੂੰ ਸਹਿਣ ਕਰਨ ਤੋਂ ਬਾਅਦ ਵੀ ਪਰਮਾਤਮਾ ਦੇ ਪਿਆਰ ਵਿਚ ਮਸਤ ਰਹਿੰਦਾ ਹੈ। ਉਸ ਨੂੰ ਮੁਸੀਬਤਾਂ ਦੀ ਕੋਈ ਪਰਵਾਹ ਨਹੀਂ ਰਹਿੰਦੀ, ਉਹ ਤਾਂ ਕੇਵਲ ਪ੍ਰਭੂ ਪ੍ਰਾਪਤੀ ਲਈ ਉਤਾਵਲਾ ਰਹਿੰਦਾ ਹੈ;

"ਬਾਬਾ ਫ਼ਰੀਦ ਅਨੁਸਾਰ ਭਗਤੀ-ਮਾਰਗ ਦਾ ਪੰਧਾਊ ਬਿਰਹਾ ਦੀ ਅਗਨੀ ਵਿਚ ਤਨ ਨੂੰ ਤਪਾ ਕੇ, ਹੱਡਾਂ ਦਾ ਬਾਲਣ ਬਾਲ ਕੇ, ਪੈਰਾਂ ਦੇ ਸਤਿਆਹੀਨ ਹੋਣ ਤੇ ਸਿਰ ਭਾਰ ਤੁਰ ਕੇ ਵੀ ਪ੍ਰਭੂ ਪ੍ਰਾਪਤੀ ਲਈ ਤਾਂਘਦਾ ਹੈ।"[75]

ਇਸ ਤੋਂ ਭਾਵ ਇਹ ਹੈ ਕਿ ਸਾਧਕ ਦੀ ਲਕਸ਼-ਸਿੱਧੀ ਵਿਚ ਆਉਣ ਵਾਲਾ ਕੋਈ ਵੀ ਵਿੱਘਨ ਉਸ ਲਈ ਦੁੱਖ ਦਾ ਕਾਰਨ ਬਣ ਜਾਂਦਾ ਹੈ। ਪਰਮਾਤਮਾ ਤੋਂ ਵਿਛੜੇ ਹੋਏ ਸਾਧਕ ਦੇ ਮਨ ਅੰਦਰ ਪੀੜਾ, ਬਿਲਬਲਤਾ, ਵੇਦਨਾ ਅਤੇ ਬਿਰਹਾ ਦੀ ਹੂਕ ਉੱਠਣ ਲੱਗਦੀ ਹੈ। ਬਾਬਾ ਫ਼ਰੀਦ ਜੀ ਦੇ ਕਾਵਿ ਵਿਚ ਦੁੱਖ ਦਾ ਕੇਂਦਰੀ ਥੀਮ ਇਹ ਹੈ ਕਿ ਸੰਸਾਰ ਵਿਚ ਵਿਚਰ ਰਹੀ ਜੀਵਾਤਮਾ ਪਰਮਾਤਮਾ ਨਾਲੋਂ ਵਿਛੜੀ ਹੋਈ ਸੂਖਮ ਹੋਂਦ ਹੈ ਅਤੇ ਇਹ ਵਿਛੋੜੇ ਦਾ ਸਮਾਂ ਹੀ ਉਸ ਲਈ ਦੁੱਖਾਂ ਦਾ ਕਾਰਨ ਹੈ।

3. **ਦੁੱਖ ਤੋਂ ਬਚਣ ਦਾ ਉਪਾਅ**

ਬਾਬਾ ਫ਼ਰੀਦ ਦੇ ਅਨੁਸਾਰ ਸੰਸਾਰ ਰੂਪੀ **ਵਿਧਣ ਖੂਹੀ** ਵਿਚ **ਮੁੰਧ ਇਕੇਲੀ** ਤ੍ਰਾਸ ਭੋਗ ਰਹੀ ਹੈ। ਸਾਧ ਸੰਗਤ ਦੇ ਮਿਲਾਪ ਨਾਲ ਇਸ ਸੰਸਾਰ ਵਿਚ ਹਰ ਥਾਂ **ਅਲਹੁ ਬੇਲੀ** ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਦੁੱਖ ਤੋਂ ਬਚਣ ਵਾਲੀ ਦੂਸਰੀ ਵਿਧੀ ਹੈ ਉਸ ਪਰਮਾਤਮਾ ਦੀ ਰਹਿਮ ਜਾਂ ਕਿਰਪਾ-ਦ੍ਰਿਸ਼ਟੀ। ਪਰਮਾਤਮਾ ਦੀ ਕਿਰਪਾ ਨਾਲ ਹੀ ਸਾਧ-ਸੰਗਤ ਦੀ ਪ੍ਰਾਪਤੀ ਹੁੰਦੀ ਹੈ;

"ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥"[76]

ਪਰਮਾਤਮਾ ਦੀ ਕਿਰਪਾ ਦੁਆਰਾ ਸਾਧ ਸੰਗਤ ਦਾ ਮਿਲਾਪ ਦੁੱਖ ਨੂੰ ਦੂਰ ਕਰਨ ਦਾ ਸਾਧਨ ਬਣਦਾ ਹੈ। ਇਸ ਦੇ ਨਾਲ ਹੀ ਦੁੱਖ ਤੋਂ ਮੁਕਤੀ ਦਾ ਸਭ ਤੋਂ ਵੱਡਾ ਵਸੀਲਾ ਆਪੇ ਨਾਲ ਸਖਿਆਤਕਾਰ ਹੈ। ਆਪੇ ਦੀ ਪਛਾਣ ਅਤੇ ਆਪੇ ਨਾਲ ਇੱਕਮਿਕ ਹੋਣਾ ਹੀ ਦੁੱਖ ਤੋਂ ਛੁਟਕਾਰਾ ਹੈ ਜਾਂ ਸੁੱਖ ਦੀ ਪ੍ਰਾਪਤੀ ਹੈ। ਇਹੀ ਸੂਫ਼ੀਆਂ ਦੀ ਅਸਲ ਮੰਜ਼ਿਲ ਹੈ।

ਜਿਸ ਸਮੇਂ ਸਾਧਕ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ ਕਿਉਂਕਿ ਸਾਧਕ ਲਈ ਦੁੱਖ ਦਾ ਕਾਰਨ ਤਾਂ ਪਰਮਾਤਮਾ ਨਾਲੋਂ ਪਿਆ ਹੋਇਆ ਵਿਯੋਗ ਹੀ ਹੈ। ਜਿਸ ਸਮੇਂ ਇਸ ਵਿਯੋਗ ਦੀ ਅਵਸਥਾ ਦਾ ਅੰਤ ਹੁੰਦਾ ਹੈ ਉਸ ਸਮੇਂ ਸਾਧਕ ਦੇ ਸੰਸਾਰਕ ਦੁੱਖਾਂ ਦਾ ਅੰਤ ਹੋ ਜਾਂਦਾ ਹੈ। ਸਾਧਕ ਦਾ ਇਹ ਸੰਜੋਗ ਪਰਮਾਤਮਾ ਨੂੰ ਇਸ਼ਕ ਕੀਤੇ ਤੋਂ ਬਗ਼ੈਰ ਨਹੀਂ ਹੋ ਸਕਦਾ।

## ਫ਼ਰੀਦ ਕਾਵਿ ਵਿਚ ਰੱਬੀ-ਇਸ਼ਕ ਦਾ ਸੰਕਲਪ

ਪੰਜਾਬੀ ਸੂਫ਼ੀ ਕਾਵਿ ਵਿਚ ਰੱਬੀ-ਇਸ਼ਕ ਦੇ ਸੰਕਲਪ ਦਾ ਪ੍ਰਮੁੱਖ ਸਥਾਨ ਹੈ। ਇਹ ਜਿੱਥੇ ਸਾਧਕ ਨੂੰ ਪਰਮਾਤਮਾ ਨਾਲ ਜੋੜਦਾ ਹੈ ਉੱਥੇ ਦੂਜੇ ਪਾਸੇ ਸਰੀਰ ਤੋਂ ਪਾਰਗਾਮੀ ਹੋ ਕੇ ਰੂਹਾਂ ਦੀ ਬਾਤ ਪਾਉਂਦਾ ਹੈ। ਇਸ਼ਕ ਦੇ ਸ਼ਬਦੀ ਅਰਥ ਕੀ ਹਨ ਅਤੇ ਇਸ ਦਾ ਭਾਵ ਕਿਸ ਤਰ੍ਹਾਂ ਦਾ ਹੈ। ਇਸ ਸੰਬੰਧੀ ਡਾ. ਸੁਹਿੰਦਰਬੀਰ ਲਿਖਦੇ ਹਨ ਕਿ, "ਇਸ਼ਕ ਅਰਬੀ ਸ਼ਬਦ ਆਸ਼ਿਕਹ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਨਿਕਲਿਆ ਹੈ ਅਤੇ ਆਸ਼ਿਕਹ ਉਹ ਬਨਸਪਤੀ ਜਾਂ ਵੇਲ ਹੈ, ਜਿਸ ਨੂੰ ਫ਼ਾਰਸੀ ਵਿਚ ਇਸ਼ਕ-ਪੇਚਾ ਅਤੇ ਅਰਬੀ ਵਿਚ ਲਿਬਲਾਬ ਕਹਿੰਦੇ ਹਨ। ਜਦੋਂ ਇਹ ਕਿਸੇ ਰੁੱਖ ਨੂੰ ਚੰਬੜ ਜਾਂਦੀ ਹੈ ਤਾਂ ਉਸ ਨੂੰ ਇਹ ਸੁਕਾ ਦਿੰਦੀ ਹੈ। ਇਹੋ ਹਾਲਤ ਇਸ਼ਕ ਦੀ ਹੈ, ਇਹ ਜਿਸ ਦਿਲ ਉੱਤੇ ਛਾ ਜਾਂਦੀ ਹੈ, ਉਸ ਦਿਲ ਦੇ ਮਾਲਿਕ ਨੂੰ ਖ਼ੁਸ਼ਕ ਤੇ ਪੀਲਾ ਕਰ ਦਿੰਦਾ ਹੈ।"[77]

ਸੂਫ਼ੀ ਸਾਧਕ ਰੱਬ ਅਤੇ ਰਸੂਲ ਦੇ ਸੱਚੇ ਆਸ਼ਕ ਸਨ। ਉਹ ਕੁਰਾਨ ਦੀ ਸਿੱਖਿਆ ਨੂੰ ਅਮਲੀ ਰੂਪ ਵਿਚ ਮੰਨਦੇ ਸਨ। ਸੂਫ਼ੀਆਂ ਦਾ ਮਾਰਗ ਪ੍ਰੇਮ ਵਾਲਾ ਹੈ। ਜਿਸ ਵੇਲੇ ਤੱਕ ਕਿਸੇ ਸਾਧਕ ਦੇ ਮਨ ਵਿਚ ਪ੍ਰੇਮ/ਇਸ਼ਕ ਦੀ ਭਾਵਨਾ ਉਤਪੰਨ ਨਹੀਂ ਹੁੰਦੀ ਉਹ ਸੱਚਾ ਆਸ਼ਕ ਨਹੀਂ ਬਣ ਸਕਦਾ। ਜਿਸ ਵੇਲੇ ਸਾਧਕ ਦੇ ਮਨ ਵਿਚ ਪਰਮਾਤਮਾ ਦੇ ਪ੍ਰਤੀ ਪ੍ਰੇਮ ਉਤਪੰਨ ਹੋ ਗਿਆ ਤਾਂ ਉਸ ਤੋਂ ਕਿਸੇ ਪ੍ਰਕਾਰ ਦਾ ਪਾਪ ਹੋਣਾ ਸੰਭਵ ਨਹੀਂ ਹੈ;

"ਫ਼ਰੀਦ ਬਾਣੀ ਮੁਹੱਬਤ ਦਾ ਇਕ ਅਨੂਠਾ ਪ੍ਰਵਚਨ ਹੈ। ਫ਼ਰੀਦ ਕਾਵਿ ਬੁਨਿਆਦੀ ਤੌਰ ਤੇ ਪਿਆਰ ਕਾਵਿ ਹੈ। ਇਸ ਵਿਚਲੇ ਪਿਆਰ ਸੰਬੰਧ ਦਾ ਬੁਨਿਆਦੀ ਰੂਪਕ **ਧਨ-ਪਿਰ** ਵਾਲਾ ਹੈ। ਇੱਥੇ ਜੀਵ ਇਸਤਰੀ ਜਗਿਆਸੂ ਹੈ ਤੇ ਪ੍ਰਭੂ ਪ੍ਰੀਤਮ ਨਾਲ ਮਿਲਾਪ ਉਸ ਦੀ ਆਦਰਸ਼ਕ ਸਥਿਤੀ ਹੈ।"[78]

ਫ਼ਰੀਦ ਕਾਵਿ ਵਿਚ ਵੀ ਪ੍ਰਭੂ-ਪ੍ਰੇਮ ਦਾ ਜ਼ਿਕਰ ਵਾਰ-ਵਾਰ ਕੀਤਾ ਗਿਆ ਹੈ। ਫ਼ਰੀਦ ਜੀ ਅਨੁਸਾਰ ਸਾਧਕ ਨੂੰ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਰਹਿਣਾ ਚਾਹੀਦਾ ਹੈ। ਜਦੋਂ ਤੱਕ ਸਾਧਕ ਦੇ ਮਨ ਵਿਚ ਪਰਮਾਤਮਾ ਦੇ ਪ੍ਰਤੀ ਪ੍ਰੇਮ ਦਾ ਬੀਜ ਅੰਕੁਰਿਤ ਨਹੀਂ ਹੁੰਦਾ ਉਹ ਸੱਚਾ ਆਸ਼ਕ ਨਹੀਂ ਬਣ ਸਕਦਾ ਕਿਉਂਕਿ ਸੂਫ਼ੀ ਪ੍ਰੇਮ ਦੇ ਮਾਰਗ ਦਾ ਯਾਤਰੀ ਹੈ;

"ਸੂਫ਼ੀ ਦਰਵੇਸ਼ ਪ੍ਰੇਮ-ਮਾਰਗ ਦਾ ਸਾਧਕ ਹੈ ਅਤੇ ਵਿਦਵਾਨ ਬੁੱਧੀਵਾਦ ਦਾ ਅਨੁਯਾਈ ਹੈ। ਜਿੰਨਾ ਚਿਰ ਤਕ ਪ੍ਰਭੂ-ਪ੍ਰੇਮ ਦਿਲ ਦੀ ਡੂੰਘਾਈ ਤਕ ਨਹੀਂ ਪਹੁੰਚਦਾ ਪਾਪ ਸੰਭਵ ਹੈ। ਪਰੰਤੂ ਜਦੋਂ ਸਮੁੱਚੇ ਮਨ ਉੱਪਰ ਪ੍ਰੇਮ ਦਾ ਸਾਮਰਾਜ ਪੂਰੀ ਤਰ੍ਹਾਂ ਸਥਾਪਿਤ ਹੋ ਜਾਂਦਾ ਹੈ ਤਾਂ ਕਿਸੇ ਗੁਨਾਹ ਜਾਂ ਭੁੱਲ ਜਾਂ ਕੁਰੀਤੀ ਜਾਂ ਸਖਲਨ ਦੀ ਕੋਈ ਸੰਭਾਵਨਾ ਨਹੀਂ।"[79]

ਬਾਬਾ ਫ਼ਰੀਦ ਦੀ ਵਿਚਾਰਧਾਰਾ ਅਨੁਸਾਰ ਹਰ ਪ੍ਰਾਣੀ ਸਰਬ-ਸ਼ਕਤੀਮਾਨ ਪ੍ਰਭੂ ਦਾ ਅੰਸ਼ ਮਾਤਰ ਹੈ ਅਤੇ ਹਰ ਜੀਵ ਨੇ ਮਰਨ ਤੋਂ ਬਾਅਦ ਉਸ ਦੇ ਦਰਬਾਰ ਵਿਚ ਪੇਸ਼ ਹੋਣਾ ਹੈ। ਜੀਵਾਤਮਾ ਪ੍ਰਭੂ ਤੋਂ ਵਿਛੜੀ ਹੋਈ ਹੈ ਅਤੇ ਉਸ ਨੂੰ ਮੁੜ ਮਿਲ ਸਕਣ ਲਈ ਤਰਲੇ ਅਤੇ ਉਪਰਾਲੇ ਕਰਦੀ ਹੈ;

"ਫ਼ਰੀਦ ਕਾਵਿ ਵਿਚ ਮਨੁੱਖ ਆਪਣੀ ਪੂਰੀ ਵਿਆਕੁਲਤਾ ਸਹਿਤ ਔਰਤ ਰੂਪ ਅਧੀਨ ਪ੍ਰੇਮ ਮਾਰਗ ਦਾ ਪਾਂਧੀ ਬਣਦਾ ਹੈ। ਪ੍ਰੇਮ ਇਕ ਮਾਰਗ ਹੈ ਜੋ ਬਾਕੀ ਮਾਰਗਾਂ ਦਾ ਬਦਲ ਹੈ। ਮਨੁੱਖੀ ਆਤਮਾ ਨੂੰ ਔਰਤ ਦਾ ਰੂਪ ਦੇ ਕੇ ਮੌਤ ਵਰਗੀ ਸਥਿਤੀ ਨੂੰ ਵਿਆਹ ਵਰਗੀ ਸਥਿਤੀ ਵਿਚ ਬਦਲ ਦਿੱਤਾ ਗਿਆ ਹੈ। ਪਿਆਰ ਮਨੁੱਖ ਦਾ ਮੂਲ ਜਜ਼ਬਾ ਹੈ।"[80]

ਬਾਬਾ ਫ਼ਰੀਦ ਦੇ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਦਾ ਇਕੋ ਇਕ ਸਾਧਨ **ਰੱਬੀ-ਇਸ਼ਕ** ਹੈ। ਜੋ ਜੀਵਾਤਮਾ ਪ੍ਰਭੂ ਨੂੰ ਇਸ਼ਕ ਕਰਦੀ ਹੈ ਉਹ ਹਮੇਸ਼ਾ ਪ੍ਰਭੂ ਦੇ ਰੰਗ ਵਿਚ ਰੰਗੀ ਰਹਿੰਦੀ ਹੈ;

"ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥"[81]

"ਇਸ਼ਕ ਅਰਬੀ ਭਾਸ਼ਾ ਦਾ ਸ਼ਬਦ ਹੈ, ਨਾਂਵ ਰੂਪ ਹੈ ਤੇ ਇਸ ਦਾ ਸਮਾਨਾਰਥਕ ਸ਼ਬਦ ਹੈ ਮੁਹੱਬਤ, ਉਲਫ਼ਤ, ਚਾਹਤ, ਕਿਸੇ ਵਸਤੂ ਵਿਅਕਤੀ ਜਾਂ ਸਥਾਨ ਦੀ ਪ੍ਰਾਪਤੀ ਦੀ



Sri Satguru Jagjit Singh Ji eLibrary NamdhariElibrary@gmail.com

ਪ੍ਰਬਲ ਇੱਛਾ ਆਦਿ।"[82]

"ਇਸ਼ਕ ਦਾ ਦਸਤੂਰ ਨਿਰਾਲਾ ਅਤੇ ਇਸ਼ਕ ਦਾ ਪੰਧ ਨਿਆਰਾ ਹੈ। ਇਸ਼ਕ ਦੀ ਵਿਵਹਾਰਗਤੀ ਜੋ ਵਾਸਤਵ ਵਿਚ **ਮਾਹੀ-ਯਾਰ** ਵੱਲ ਪ੍ਰਗਤੀ ਹੈ ਸੰਸਥਾਵਾਦੀਆਂ ਨੂੰ ਬੇਸੁਰ ਪ੍ਰਤੀਤ ਹੁੰਦੀ ਹੈ। ਇਸ਼ਕ ਕੋਈ ਜਜ਼ਬਾਤੀ ਉਬਾਲ ਜਾਂ ਭਾਵਨਾਵਾਂ ਦੀ ਤੀਬਰਤਾ ਨਹੀਂ। ਸੂਫ਼ੀ ਮੰਡਲ ਵਿਚ ਇਸ਼ਕ ਇਕ ਸੂਖਮ, ਗੰਭੀਰ ਅਤੇ ਵਿਵੇਕਮਈ ਸਾਖਿਆਤ-ਦ੍ਰਿਸ਼ਟੀ ਹੈ ਜੋ ਸੱਚ ਦੀ ਨੁਹਾਰ ਨੂੰ ਪਛਾਣਦੀ ਹੈ ਅਤੇ ਉਸਦੇ ਨਾਲ ਇਕਮਿਕਤਾ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹੈ।"[83]

ਇਸ਼ਕ ਇਕ ਅਜਿਹਾ ਜ਼ਰੀਆ ਹੈ ਜਿਸ ਨਾਲ ਕਿਸੇ ਮਨੁੱਖ ਦੇ ਸਮੁੱਚੇ ਪਾਪ ਖ਼ਤਮ ਹੋ ਜਾਂਦੇ ਹਨ। ਇਹ ਮਨੁੱਖ ਨੂੰ ਪਰਮਾਤਮਾ ਦੇ ਨੇੜੇ ਲੈ ਜਾਂਦਾ ਹੈ। ਪਰਮਾਤਮਾ ਨਾਲ ਇਸ਼ਕ ਕਰਨ ਨਾਲ ਮਨੁੱਖ ਨੂੰ ਸੁੱਖ ਦਾ ਅਹਿਸਾਸ ਹੁੰਦਾ ਹੈ;

"ਫ਼ਰੀਦ ਬਾਣੀ ਮੁਹੱਬਤ ਦਾ ਕਾਵਿ ਹੈ। ਨੈਤਿਕਤਾ ਦੀ ਅੰਤਿਮ ਮੰਜ਼ਿਲ ਵੀ ਮੁਹੱਬਤ ਹੈ ਅਤੇ ਸੰਕਲਪਾਂ ਦੀ ਵੀ। ਜੇ ਮੁਹੱਬਤ ਹੈ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਹੋਂਦ ਹੈ ਵਰਨਾ ਇਹ ਸਭ ਕੂੜ ਹੈ। ਇਸੇ ਲਈ ਫ਼ਰੀਦ ਸੱਚ ਨੂੰ ਆਪਣੇ ਆਪ ਵਿਚ ਨਿਰਪੇਖ ਕੀਮਤ ਜਾਂ ਜਜ਼ਬਾ ਨਹੀਂ ਮੰਨਦਾ। ਉਹ ਸੱਚ ਨੂੰ ਮੁਹੱਬਤ ਦਾ ਪ੍ਰਤੀਫਲ ਖ਼ਿਆਲ ਕਰਦਾ ਹੈ। ਮੁਹੱਬਤ ਕਾਰਨ ਹੈ ਅਤੇ ਸੱਚ ਉਸ ਦਾ ਕਾਰਜ। ਜੇ ਨਿਰੋਲ ਕਾਰਜ ਹੋਵੇ, ਕਾਰਨ ਨਾ ਹੋਵੇ ਤਾਂ ਉਸਦੀ ਹੋਂਦ ਬੇ-ਮਾਇਨੀ ਹੈ। ਇਸੇ ਲਈ ਫ਼ਰੀਦ ਨੇ ਦਿਲ, ਮੁਹੱਬਤ, ਸੱਚ ਅਤੇ ਸੱਚੇ ਬੰਦਿਆਂ ਦਾ ਇਕ ਸੰਬੰਧ ਸਿਰਜਿਆ ਹੈ।"[84]

"ਸੂਫ਼ੀ-ਸਾਧਨਾ ਵਿਚ ਪ੍ਰੇਮ ਜਾਂ ਇਸ਼ਕ ਪਰਮਾਤਮਾ ਜਾਂ ਮਾਅਸ਼ੂਕ ਤਕ ਲੈ ਜਾਣ ਦਾ ਬਲਵਾਨ ਤੇ ਅਦੁੱਤੀ ਸਾਧਨ-ਮਾਤਰ ਹੈ। ਮੌਲਾਨਾ ਰੂਮ ਨੇ ਇਸ਼ਕ ਨੂੰ ਇਕ ਮੁਆਲਜ ਜਾਂ ਹਕੀਮ ਮੰਨ ਕੇ ਫ਼ਰਮਾਇਆ ਹੈ ਕਿ ਇਸ ਵਿਚ ਸਾਰੇ ਰੋਗਾਂ, ਦੁਨਿਆਵੀ ਮਹਾਂ ਦੋਖਾਂ ਤੇ ਅਸਾਧ ਰੋਗਾਂ ਨੂੰ ਨਿਵਾਰਣ ਦੀ ਸ਼ਕਤੀ ਹੈ। ਇਸ਼ਕ ਉਹ ਜਵਾਲਾ ਹੈ ਜਿਸ ਵਿਚ ਉਸ ਸਾਰੇ ਸਵਫ਼ ਸੜ ਕੇ ਸੁਆਹ ਹੋ ਜਾਂਦੇ ਹਨ ਜੋ ਅੱਲ੍ਹਾ ਵੱਲ, ਸੂਫ਼ੀ ਦੇ ਰੁਜਹਾਨ ਨੂੰ ਰੋਕਣ ਵਾਲੇ ਹੁੰਦੇ ਹਨ।"[85]

ਇਸੇ ਤਰ੍ਹਾਂ ਸ਼ਾਹ ਹੁਸੈਨ ਵੀ ਆਪਣੇ ਮਹਿਬੂਬ ਨੂੰ ਪ੍ਰੇਮ ਕਰਦਾ ਹੋਇਆ ਉਸ ਜਿਹਾ ਖ਼ੁਦ ਹੀ ਹੋ ਜਾਂਦਾ ਹੈ। ਉਹ ਅੱਲ੍ਹਾ ਦੇ ਨੂਰ ਵਿਚ ਇਸ ਪ੍ਰਕਾਰ ਘੁਲ-ਮਿਲ ਜਾਂਦਾ ਹੈ ਕਿ ਉਸ ਨੂੰ ਆਪਣੇ ਆਪੇ ਦੀ ਕੋਈ ਪ੍ਰਵਾਹ ਨਹੀਂ ਰਹਿੰਦੀ। ਸ਼ਾਹ ਹੁਸੈਨ ਕਹਿੰਦਾ ਹੈ ਕਿ ਮੈਂ ਆਪਣੇ ਪ੍ਰੀਤਮ ਦੇ ਨਾਮ ਨੂੰ ਜਪਦਿਆਂ ਅਜਿਹਾ ਹੋ ਗਿਆ ਹਾਂ ਕਿ ਪਰਮਾਤਮਾ ਵਿਚ ਤੇ ਮੈਨੂੰ ਆਪਣੇ ਵਿਚ ਕੋਈ ਭੇਦ ਨਹੀਂ ਜਾਪਦਾ;

"ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।"[86]

ਸੂਫ਼ੀ ਸਾਧਕ ਲਈ ਪ੍ਰਭੂ ਦੇ ਪਿਆਰ ਵਿਚ ਆਸ਼ਕ ਹੋਣਾ ਅਤੇ ਉਸ ਨਾਲ ਇਸ਼ਕ ਕਮਾਉਣਾ ਬਹੁਤ ਮੁਸ਼ਕਿਲ ਹੈ। ਪਰਮਾਤਮਾ ਨਾਲ ਕੀਤੇ ਗਏ ਇਸ਼ਕ ਦਾ ਮਾਰਗ ਭਾਵ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਰਸਤਾ ਬਹੁਤ ਬਿਖੜਾ ਹੈ ਅਤੇ ਇਸ ਰਸਤੇ ਤੇ ਕੋਈ ਵਿਰਲਾ ਮਨੁੱਖ ਹੀ ਚੱਲ ਸਕਦਾ ਹੈ। ਸੂਫ਼ੀ ਸਾਧਕ ਪ੍ਰੇਮ/ਇਸ਼ਕ ਦੀ ਭਾਵਨਾ ਨਾਲ ਭਰਪੂਰ ਹੁੰਦਿਆਂ ਕੰਤ/ਪਤੀ ਨਾਲ ਆਪਣੀ ਪ੍ਰੀਤ ਨਹੀਂ ਟੁੱਟਣ ਦਿੰਦੇ। ਇਸ ਲਈ ਚਾਹੇ ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ ਪਰ ਉਹ ਆਪਣੇ ਪਿਆਰੇ ਦੀ ਪ੍ਰੀਤ ਅੰਦਰ ਭਿੱਜੇ ਹੋਏ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਮਿਲਣ ਲਈ ਬੇਤਾਬ ਰਹਿੰਦੇ ਹਨ;

"ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤਾ ਤੁਟੈ ਨੇਹੁ॥"[87]

ਸੂਫ਼ੀ ਸਾਧਕਾਂ ਅਨੁਸਾਰ ਇਸ਼ਕ ਦੀ ਸਾਰ ਉਹੀ ਜਾਣ ਸਕਦਾ ਹੈ ਜੋ ਪ੍ਰਭੂ ਨੂੰ ਇਸ਼ਕ ਕਰਦਾ ਹੋਵੇ, ਹੋਰ ਕੋਈ ਮਨੁੱਖ ਅਜਿਹਾ ਭੇਦ ਨਹੀਂ ਜਾਣ ਸਕਦਾ। ਸੂਫ਼ੀ ਸਾਧਕ ਪ੍ਰਭੂ ਨੂੰ ਮਿਲਣ ਲਈ ਤੜਫ਼ਦਾ ਹੈ। ਵਿਛੋੜੇ ਦੀ ਅੱਗ ਵਿਚ ਉਸ ਦੀ ਹਾਲਤ ਬਿਰਹੋਂ ਜਲੀ ਕੋਇਲ ਵਰਗੀ ਹੋ ਜਾਂਦੀ ਹੈ;

"ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥"[88]

ਜਿਸ ਪ੍ਰਕਾਰ ਕਾਲੇ ਰੰਗ ਦੀ ਕੋਇਲ ਆਪਣੇ ਪ੍ਰੀਤਮ ਦੇ ਵਿਛੋੜੇ ਦੀ ਅੱਗ ਵਿਚ ਕਾਲੀ ਹੋਈ ਹੁੰਦੀ ਹੈ ਉਸੇ ਪ੍ਰਕਾਰ ਸੂਫ਼ੀ ਸਾਧਕ ਵੀ ਆਪਣੇ ਪ੍ਰੀਤਮ ਤੋਂ ਵਿਛੜੇ ਹੋਣ ਦੇ ਅਹਿਸਾਸ ਨਾਲ ਹੀ ਬਿਰਹੋਂ ਹੀ ਅੱਗ ਵਿਚ ਸੜ ਰਿਹਾ ਹੁੰਦਾ ਹੈ। ਉਹ ਆਪਣੇ ਪ੍ਰੀਤਮ ਨੂੰ ਮੁੜ ਮਿਲਣ ਲਈ ਉਪਰਾਲੇ ਕਰਦਾ ਹੈ ਅਤੇ ਬਹੁਤ ਬਿਲਬਲ ਰਹਿੰਦਾ ਹੈ ਕਿ ਕਿਸ ਦਿਨ ਉਸ ਦਾ ਮੁੜ ਆਪਣੇ ਕੰਤ ਨਾਲ ਮਿਲਾਪ ਹੋਵੇਗਾ?

"ਸੂਫ਼ੀ ਚੇਤਨਾ ਦਾਰਸ਼ਨਿਕ ਜਾਂ ਵਿਵਹਾਰਿਕ ਚੇਤਨਾ ਤੋਂ ਵਿਲੱਖਣ ਅਤੇ ਨਿਆਰੀ ਹੁੰਦੀ ਹੈ ਜੋ ਹਰ ਕਣ ਨੂੰ ਚੇਤੰਨ ਮੰਨਦੀ ਹੋਈ ਇਹ ਸਮਝਦੀ ਹੈ ਕਿ ਨਾਮ ਰੂਪਾਤਮਿਕ ਪਸਾਰੇ ਵਿਚ ਹੋਂਦ ਦਾ ਹਰ ਪ੍ਰਕਾਰ ਆਪਣੇ ਅੰਤਿਮ ਲਕਸ਼ ਵੱਲ ਗਤੀਸ਼ੀਲ ਹੈ। ਮਜ਼ਹਬ ਅਤੇ ਸੂਫ਼ੀਵਾਦ ਵਿਚ ਅੰਤਿਮ ਲਕਸ਼ ਖ਼ੁਦਾ ਹੈ ਜੋ ਇਕ ਹੈ ਅਤੇ ਸਦੀਵੀ ਹੈ। ਸਾਰੇ ਪਸਾਰੇ ਵਿਚ ਪ੍ਰਗਤੀ ਅਤੇ ਵਿਕਾਸ ਜਾਂ ਉੱਨਤੀ ਅਤੇ ਆਰੋਹਣ ਦਾ ਇਕ ਅਟੱਲ ਨਿਯਮ ਵਿਆਪਤ ਹੈ ਜਿਸ ਅਨੁਸਾਰ ਸਾਰੇ ਜੀਵ ਇਕ ਵਿਸ਼ੇਸ਼ ਦਿਸ਼ਾ ਵੱਲ ਹਰਕਤ ਕਰ ਰਹੇ ਹਨ।"[89]

ਸੂਫ਼ੀਆਂ ਦੇ ਇਸ਼ਕ ਵਿਚ ਕਿਸੇ ਪ੍ਰਕਾਰ ਦਾ ਕੋਈ ਲਾਲਚ ਨਹੀਂ ਹੈ। ਉਹ ਕੇਵਲ ਆਪਣਾ ਆਪਾ ਪਰਮਾਤਮਾ ਤੋਂ ਵਾਰਨ ਲਈ ਬਿਲਬਲ ਰਹਿੰਦੇ ਹਨ ਅਤੇ ਉਹ ਪਰਮਾਤਮਾ ਵਿਚ ਅਭੇਦਤਾ ਪਾਉਣਾ ਚਾਹੁੰਦੇ ਹਨ। ਜਿਸ ਦਿਨ ਸੂਫ਼ੀ ਦਾ ਆਪਣੇ ਕੰਤ (ਪਰਮਾਤਮਾ) ਨਾਲ ਮਿਲਾਪ ਹੋਵੇਗਾ ਉਹ ਦਿਨ ਮਿਲਾਪ ਦਾ ਦਿਨ ਹੋਵੇਗਾ ਪਰਮਾਤਮਾ ਵਿਚ ਫ਼ਨਾ ਦਾ ਦਿਨ ਹੋਵੇਗਾ। ਇਸ ਦਿਨ ਦੀ ਸੂਫ਼ੀਆਂ ਨੂੰ ਬਹੁਤ ਉਡੀਕ ਹੁੰਦੀ ਹੈ ਅਤੇ ਇਹੀ ਸੂਫ਼ੀਆਂ ਦਾ ਅੰਤਿਮ ਲਕਸ਼ ਹੁੰਦਾ ਹੈ;

"ਫ਼ਰੀਦ ਸਾਹਿਬ ਅਨੁਸਾਰ ਇਸ਼ਕ ਵਿਚ ਲਾਲਚ ਦੀ ਕੋਈ ਥਾਂ ਨਹੀ; ਇਸ਼ਕ ਗੱਲਾਂ ਦਾ ਮਜ਼ਮੂਨ ਨਹੀਂ ਹੈ ਸੱਚੇ ਹਿਰਦੇ ਦਾ ਵਿਸ਼ਾ ਹੈ; ਆਪਣੇ ਇਸ਼ਕ ਦੀ ਖ਼ਾਤਰ ਆਸ਼ਿਕ ਆਪਣੀ ਜਵਾਨੀ ਦਾ ਸੁਹੱਪਣਾਂ ਭਰਿਆ ਸੁਨਹਿਰਾਪਨ ਵੀ ਵਾਰ ਸਕਦੇ ਹਨ; ਇਸ਼ਕ ਵਿਚ ਫ਼ਿਰਾਕ ਨੂੰ ਝੱਲਣਾ ਸੱਚੀ ਬਾਦਸ਼ਾਹੀ ਹੈ ਤੇ ਇਸ ਨੂੰ ਝੱਲਣ ਦੀ ਸਮਰੱਥਾ ਨਾ ਜੁਟਾ ਸਕਣਾ ਮੁਰਦਿਆਂ ਦੀ ਨਗਰੀ ਵਿਚ ਵਾਸਾ ਕਰ ਲੈਣ ਬਰਾਬਰ ਹੈ; ਇਸ਼ਕ ਵਿਚ ਤਨ ਨੂੰ ਤੰਦੂਰ ਵਾਂਗ ਤਪਾਉਣਾ ਪੈਂਦਾ ਹੈ ਜਿਸ ਵਿਚ ਬਾਲਣ ਦੀ ਥਾਂ ਹੱਡ ਝੋਕਣੇ ਪੈਂਦੇ ਹਨ; ਮਾਸ਼ੂਕ ਨੂੰ ਮਿਲਣ ਦੀ ਆਸ ਮਰਦੇ ਦਮ ਤਕ ਆਸ਼ਕ ਦਾ ਪਿੱਛਾ ਨਹੀਂ ਛੱਡਦੀ।"[90]

"ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥



Sri Satguru Jagjit Singh Ji eLibrary NamdhariElibrary@gmail.com

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥"[91]

ਸੂਫ਼ੀ ਸਾਧਕਾਂ ਦਾ ਇਸ਼ਕ ਕਿਸੇ ਲੋਭ, ਲਾਲਚ ਦੇ ਅਧੀਨ ਹੋ ਕੇ ਨਹੀਂ ਕੀਤਾ ਜਾਂਦਾ। ਸੂਫ਼ੀ ਤਾਂ ਆਪਣੇ ਪ੍ਰਭੂ ਵਿਚ ਅਭੇਦ ਹੋਣ ਲਈ ਸੱਚੇ ਮਨ ਨਾਲ ਪਰਮਾਤਮਾ ਨਾਲ ਇਸ਼ਕ ਕਰਦੇ ਹਨ। ਇਸ਼ਕ ਦੇ ਪੰਧ'ਤੇ ਤੁਰਨ ਤੋਂ ਬਾਅਦ ਸੂਫ਼ੀ ਕਿਸੇ ਪ੍ਰਕਾਰ ਦੀ ਮੁਸੀਬਤ ਤੋਂ ਨਹੀਂ ਘਬਰਾਉਂਦੇ। ਉਹ ਆਪਣੇ ਪੰਧ ਤੇ ਅਡੋਲ ਚੱਲਦੇ ਰਹਿੰਦੇ ਹਨ ਭਾਵੇਂ ਲੱਖਾਂ ਹੀ ਮੁਸੀਬਤਾਂ ਦਾ ਸਾਹਮਣੇ ਕਿਉਂ ਨਾ ਕਰਨਾ ਪਵੇ। ਬਾਬਾ ਫ਼ਰੀਦ ਜੀ ਦਾ ਇਸ਼ਕ ਵੀ ਇਸੇ ਪ੍ਰਕਾਰ ਦਾ ਇਸ਼ਕ ਹੈ। ਉਹ ਪਰਮਾਤਮਾ ਤੋਂ ਆਪਾ ਵਾਰਨ ਦੀ ਗੱਲ ਕਰਦੇ ਹਨ ਤੇ ਹਰ ਸਮੇਂ ਪ੍ਰਭੂ ਵਿਚ ਅਭੇਦਤਾ ਲੋਚਦੇ ਹਨ।

## ਫ਼ਰੀਦ ਕਾਵਿ ਵਿਚ ਮੌਤ ਦਾ ਸੰਕਲਪ

ਬਾਬਾ ਫ਼ਰੀਦ ਦੇ ਸਮੁੱਚੇ ਕਲਾਮ ਦਾ ਮੂਲ ਆਧਾਰ ਜੀਵਨ ਦੀ ਨਾਸ਼ਮਾਨਤਾ ਨਾਲ ਸੰਬੰਧਤ ਹੈ ਜਾਂ ਦੂਜੇ ਸ਼ਬਦਾਂ ਵਿਚ ਕਹਿ ਲਈਏ ਮੌਤ ਨਾਲ ਸੰਬੰਧਤ ਹੈ। ਉਹ ਆਪਣੇ ਕਲਾਮ ਰਾਹੀਂ ਮਨੁੱਖ ਨੂੰ ਵਾਰ-ਵਾਰ ਚੇਤਾ ਕਰਵਾਉਂਦੇ ਹਨ ਕਿ ਇਹ ਮਨੁੱਖੀ ਜੀਵਨ ਥੋੜੇ ਚਿਰ ਲਈ ਹੈ। ਆਖ਼ਰ ਇਕ ਨਾ ਇਕ ਦਿਨ ਇਸ ਸੰਸਾਰ ਨੂੰ ਅਲਵਿਦਾ ਕਹਿਣਾ ਹੈ। ਕਬਰਾਂ ਮਨੁੱਖੀ ਸਰੀਰ ਨੂੰ ਉਡੀਕ ਰਹੀਆਂ ਹਨ। ਸ਼ੇਖ਼ ਫ਼ਰੀਦ ਦੇ ਮੌਤ ਚਿੰਤਨ ਵਿਚ ਕਬਰ ਅਤੇ ਜੀਵਨ ਦੀ ਨਾਸ਼ਮਾਨਤਾ ਨੂੰ ਜਿਤਨੇ ਕੁਦਰਤੀ ਅਤੇ ਮੌਲਿਕ ਰੰਗ ਵਿਚ ਪੇਸ਼ ਕੀਤਾ ਗਿਆ ਹੈ ਉਸ ਦਾ ਕੋਈ ਜਵਾਬ ਨਹੀਂ ਹੈ;

"ਬਾਬਾ ਫ਼ਰੀਦ ਨੇ ਆਪਣੀ ਬਾਣੀ ਵਿਚ ਇਸ ਜਾਗਤਿਕ (ਦੁਨਿਆਵੀ) ਅਤੇ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਵਲ ਸਾਡਾ ਵਿਸ਼ੇਸ਼ ਤੌਰ ਤੇ ਧਿਆਨ ਦਿਵਾਇਆ ਹੈ ਅਤੇ ਕਿਹਾ ਹੈ ਕਿ ਭਾਵੇਂ ਕੋਈ ਸੌ ਵਰ੍ਹਿਆਂ ਤਕ ਜੀਵਤ ਰਹਿ ਲਵੇ ਇਸ ਦੇਹ ਨੇ ਅੰਤ ਖੇਹ ਦਾ ਰੂਪ ਧਾਰਣ ਕਰਨਾ ਹੈ।"[92]

ਫ਼ਰੀਦ ਕਾਵਿ ਵਿਚ ਮੌਤ ਵੀ ਇਕ ਇਕਾਈ ਦੇ ਰੂਪ ਵਿਚ ਪੇਸ਼ ਹੋਈ ਹੈ। ਮਨੁੱਖੀ ਜੀਵਨ ਵਿਚ ਮੌਤ ਇਕ ਅਟੱਲ ਸੱਚਾਈ ਹੈ। ਸੂਫ਼ੀ ਕਵੀਆਂ ਅਨੁਸਾਰ ਇਸ ਸੰਸਾਰ ਵਿਚ ਕੋਈ ਵੀ ਮਨੁੱਖ ਸਥਿਰ ਨਹੀਂ ਰਹਿ ਸਕਿਆ ਅਤੇ ਨਾ ਹੀ ਰਹਿ ਸਕੇਗਾ। ਸਭ ਸੰਸਾਰਕ ਪਦਾਰਥ ਝੂਠ ਹਨ ਅਤੇ ਸਭ ਫਾਨੀ ਹਨ ਭਾਵ ਨਾਸ਼ਵਾਨ ਹਨ। ਇਹ ਇਕ ਨਾ ਇਕ ਦਿਨ ਸਮਾਪਤ ਹੋ ਜਾਣ ਵਾਲੇ ਹਨ;

"ਫ਼ਰੀਦ ਜੀ ਜੀਵਨ ਦੀ ਨਾਸ਼ਮਾਨਤਾ ਦਾ ਬੋਧ ਕਰਵਾਉਣ ਲਈ ਰਾਜੇ-ਰਜਵਾੜਿਆਂ ਦੀਆਂ ਮਿਲਖਾਂ, ਉਨ੍ਹਾਂ ਦੇ ਵੱਡੇ-ਵੱਡੇ ਮਹਿਲ-ਮੁਨਾਰਿਆਂ ਅਤੇ ਦੁਨਿਆਵੀ ਸ਼ਾਨੋ-ਸ਼ੌਕਤ ਦੀਆਂ ਅਸਥਿਰ ਝਾਕੀਆਂ ਦਾ ਹਵਾਲਾ ਵੀ ਦਿੰਦੇ ਹਨ।"[93]

"ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥"[94]
ਜਾਂ



Sri Satguru Jagjit Singh Ji eLibrary NamdhariElibrary@gmail.com

"ਫ਼ਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥"[95]

ਸੂਫ਼ੀ ਸਾਧਕ ਮੌਤ ਦਾ ਚੇਤਾ ਕਰਵਾ ਕੇ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਦੇ ਮੋਹ ਤੋਂ ਬਚਣ ਲਈ ਸੁਚੇਤ ਕਰਦੇ ਹਨ। ਬਾਬਾ ਫ਼ਰੀਦ ਜੀ ਦੇ ਅਨੁਸਾਰ ਜੀਵਨ ਦਾ ਮਾਰਗ ਮੌਤ ਦੀ ਪਗਡੰਡੀ ਤੋਂ ਹੋ ਕੇ ਲੰਘਦਾ ਹੈ;

"ਪ੍ਰਭੂ ਪਿਆਰ ਤੋਂ ਵੀ ਵਧੇਰੇ ਪਰਬਲ ਵਿਸ਼ੈ ਸ਼ੇਖ਼ ਫ਼ਰੀਦ ਦੀ ਬਾਣੀ ਵਿਚ ਮੌਤ ਦਾ ਹੈ ਅਤੇ ਇਸ ਵਿਸ਼ੈ ਦੀ ਵਿਆਖਿਆ ਵਿਚ ਵੀ ਸ਼ੇਖ਼ ਫ਼ਰੀਦ ਨੇ ਬਹੁਤ ਸੁਹਣੇ ਤੇ ਭਾਵੁਕ ਅੰਲਕਾਰ ਵਰਤੇ ਹਨ। ਮੁੱਖ ਅੰਲਕਾਰ ਤਾਂ ਮੌਤ ਨੂੰ ਲਾੜਾ ਤੇ ਮਨੁੱਖ ਨੂੰ ਵਹੁਟੀ ਬਣਾਣ ਦਾ ਹੀ ਹੈ। ਇਸ ਸੰਬੰਧ ਵਿਚ ਤਨ ਦਾ ਖਾਕ ਹੋਣਾ, ਜੀਰਾਣ ਵਿਚ ਯਤੀਮਾਂ ਬਰਾਬਰ ਜਾ ਸੋਣਾ, ਅਤੋਲਵੀ ਮਿੱਟੀ ਹੇਠਾਂ ਦਬੇ ਜਾਣਾ, ਵਾਲਾ ਦਾ ਚਿੱਟੇ ਹੋਣਾ, ਤਨ ਦਾ ਕੰਬਣਾ ਆਦਿ ਸਾਧਾਰਣ ਅੰਲਕਾਰ ਬੜੇ ਪ੍ਰਭਾਵ ਸਹਿਤ ਵਰਤੇ ਹਨ।"[96]

ਬਾਬਾ ਫ਼ਰੀਦ ਦੀ ਕਵਿਤਾ ਮੌਤ ਨੂੰ ਨਾਸ਼ਵਾਨ ਸੰਸਾਰ ਦਾ ਮੂਲ ਤੱਤ ਮੰਨਦੀ ਹੋਈ ਇਹ ਸੰਦੇਸ਼ ਪ੍ਰਵਾਹਿਤ ਕਰਦੀ ਹੈ ਕਿ ਇਸ ਨਾਸ਼ਵਾਨ ਸੰਸਾਰ ਵਿਚ ਮਿੱਟੀ ਦੀਆਂ ਬਣੀਆਂ ਹੋਈਆਂ ਸਾਰੀਆਂ ਵਸਤਾਂ ਅਤੇ ਮੂਰਤਾਂ ਨੇ ਅੰਤ ਦੇ ਵਿਚ ਮਿੱਟੀ ਹੀ ਹੋ ਜਾਣਾ ਹੈ। ਇਸ ਲਈ ਕਦੇ ਭੁੱਲ ਕੇ ਵੀ ਮਿੱਟੀ ਦੀ ਨਿੰਦਿਆ ਨਾ ਕਰੋ ਕਿਉਂਕਿ ਅੰਤ ਨੂੰ ਸਭ ਨੇ ਇਸ ਮਿੱਟੀ ਵਿਚ ਮਿੱਟੀ ਬਣ ਕੇ ਮਿਲ ਜਾਣਾ ਹੈ;

"ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥"[97]
ਜਾਂ
"ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥"[98]

ਬਾਬਾ ਫ਼ਰੀਦ ਅਨੁਸਾਰ ਇਸ ਸੰਸਾਰ ਵਿਚ ਕੇਵਲ ਸੰਸਾਰਕ ਕੰਮਾਂ ਵਿਚ ਹੀ ਆਪਣਾ ਸਮਾਂ ਗੁਆ ਕੇ ਚਲੇ ਗਏ ਲੋਕ ਕਦੇ ਵੀ ਪਰਮਾਤਮਾ ਵਿਚ ਅਭੇਦ ਨਹੀਂ ਹੋ ਸਕਦੇ। ਦ੍ਰਿਸ਼ਟਮਾਨ ਸੰਸਾਰ ਦੀਆਂ ਸਾਰੀਆਂ ਵਸਤੂਆਂ ਨਾਸ਼ਮਾਨ ਹਨ ਅਤੇ ਮਨੁੱਖ ਨੂੰ ਇਹਨਾਂ ਨਾਲ ਮੋਹ-ਪਿਆਰ ਨਹੀਂ ਪਾਉਣਾ ਚਾਹੀਦਾ;

"ਬਾਬਾ ਫ਼ਰੀਦ ਕਹਿੰਦੇ ਹਨ ਕਿ ਜੀਵ ਰੂਪੀ ਪੰਛੀਆਂ ਦੀਆਂ ਡਾਰਾਂ ਪਰਾਹੁਣੀਆਂ ਹਨ ਜਿਹਨਾਂ ਨੇ ਇਸ ਸੰਸਾਰ ਰੂਪੀ ਤਾਲਾਬ ਨੂੰ ਸੁਹਾਵਣਾ ਬਣਾਇਆ ਹੋਇਆ ਹੈ। ਇਹ ਆਪੋ ਆਪਣੀ ਵਾਰੀ ਤੇ ਇਸ ਨੂੰ ਛੱਡ ਕੇ ਤੁਰੀਆਂ ਜਾ ਰਹੀਆਂ ਹਨ। ਉਹਨਾਂ ਅਨੁਸਾਰ ਜਗਤ-ਰੂਪੀ ਸਰੋਵਰ ਵੀ ਸੁਕ ਜਾਇਗਾ ਅਤੇ ਪਿਛੇ ਰਹਿ ਗਏ ਇਕੱਲੇ ਕਉਲ ਵੀ ਕੁਮਲਾ ਜਾਣਗੇ। ਭਾਵ ਇਸ ਸ੍ਰਿਸ਼ਟੀ ਦੇ ਸਮਸਤ ਸੁੰਦਰ ਪਦਾਰਥ ਨਾਸ ਹੋ ਜਾਣਗੇ।"[99]

ਪਰਮਾਤਮਾ ਨੂੰ ਪਾਉਣ ਲਈ ਸੱਚੇ ਮਨ ਨਾਲ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਸੰਸਾਰ ਦੀਆਂ ਨਾਸ਼ਮਾਨ ਵਸਤੂਆਂ ਨਾਲ ਮੋਹ-ਪਿਆਰ ਨਹੀਂ ਪਾਉਣਾ ਚਾਹੀਦਾ ਕਿਉਂਕਿ ਇਹ ਸਭ ਚਾਰ ਦਿਹਾੜੇ ਸੁੱਖ ਦੇਣ ਵਾਲੀਆਂ ਹਨ;

"ਸ਼ੇਖ਼ ਫ਼ਰੀਦ ਸਾਰੇ ਸੰਸਾਰ ਨੂੰ ਨਾਸ਼ਮਾਨ ਦੱਸਦੇ ਹੋਏ ਇੱਥੋਂ ਦੀਆਂ ਵਸਤਾਂ ਨਾਲ ਮੋਹ-ਪਿਆਰ ਨਾ ਪਾਉਣ ਉੱਤੇ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ ਇਸ ਸੰਸਾਰ ਵਿਚ ਹਾਲੇ ਤੱਕ



Sri Satguru Jagjit Singh Ji eLibrary NamdhariElibrary@gmail.com

ਕੋਈ ਵੀ ਸਥਿਰ ਨਹੀਂ ਰਹਿ ਸਕਿਆ ਅਤੇ ਨਾ ਹੀ ਕਿਸੇ ਰਹਿਣਾ ਹੈ। ਸਭ ਜੀਵ-ਜੰਤੂ, ਚੀਜ਼ਾਂ-ਵਸਤਾਂ ਇਕ ਨਾ ਇਕ ਦਿਨ ਖ਼ਤਮ ਹੋ ਜਾਂਦੀਆਂ ਹਨ। ਇਸ ਲਈ ਮਨੁੱਖ ਨੂੰ ਇਨ੍ਹਾਂ ਵਸਤਾਂ ਦਾ ਕੂੜਾ ਪਿਆਰ ਨਹੀਂ ਕਰਨਾ ਚਾਹੀਦਾ।"[100]

ਫ਼ਰੀਦ ਕਾਵਿ ਦੇ ਅਨੁਸਾਰ ਇਸ ਨਾਸ਼ਮਾਨ ਸੰਸਾਰ ਵਿਚ ਮਨੁੱਖ ਜੇਕਰ ਆਪਣੇ ਹਿਰਦੇ ਅੰਦਰ ਵਸਦੇ ਪਰਮਾਤਮਾ ਦੇ ਨੂਰੀ ਅੰਸ਼ ਨੂੰ ਸਾਕਾਰ ਕਰ ਲਵੇ ਤਾਂ ਉਹ ਆਪਣੇ ਜੀਵਨ ਦਾ ਅਸਲ ਉਦੇਸ਼ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਖਾਲਕ (ਸ੍ਰਿਸ਼ਟੀ) ਅਤੇ ਖਲਕ (ਰੱਬ) ਵਿਚ ਨਜ਼ਦੀਕੀ ਰਿਸ਼ਤਾ ਹੈ ਪਰ ਇਸ ਰਿਸ਼ਤੇ ਦੀ ਸਥਾਪਤੀ ਲਈ ਮੁਰਸ਼ਦ ਦੀ ਟੇਕ ਜ਼ਰੂਰੀ ਹੈ ਕਿਉਂਕਿ ਮੁਰਸ਼ਦ ਹੀ ਮੁਰੀਦ ਨੂੰ ਰੱਬੀ ਮੰਜ਼ਿਲ ਤਕ ਪਹੁੰਚਾਉਣ ਦਾ ਜ਼ਰੀਆ ਹੈ;

"ਸੂਫ਼ੀ ਸਾਧਨਾ ਵਿਚ ਮੁਰਸ਼ਦ ਦਾ ਵਿਸ਼ੇਸ਼ ਮਹੱਤਵ ਹੈ। ਸੂਫ਼ੀਮਤ ਅਨੁਸਾਰ ਰੱਬੀ ਇਸ਼ਕ ਦੇ ਪੰਧ ਉੱਤੇ ਚੱਲਣ ਵਾਲਾ ਜਗਿਆਸੂ ਅਥਵਾ ਸਾਲਿਕ ਆਪਣੇ ਆਪ ਨੂੰ ਕਿਸੇ ਨਾ ਕਿਸੇ ਅਧਿਆਤਮਕ ਪੱਥ-ਪ੍ਰਦਰਸ਼ਕ (ਮੁਰਸ਼ਦ, ਸ਼ੇਖ਼, ਪੀਰ, ਉਸਤਾਦ) ਦੇ ਸਮਰਪਿਤ ਕਰੇ, ਜੋ ਉਸ ਲਈ ਪ੍ਰੇਰਨਾ ਦਾ ਸੋਮਾ ਹੁੰਦਾ ਹੈ ਅਤੇ ਇਕ ਅਧਿਆਪਕ ਵਜੋਂ ਰਹਿਨੁਮਾਈ ਕਰਦਾ ਹੈ। ਮੁਰੀਦ ਦੀ ਆਪਣੇ ਮੁਰਸ਼ਦ ਵਿਚ ਅਥਾਹ ਸ਼ਰਧਾ ਹੋਣੀ ਆਵੱਸ਼ਕ ਹੈ।"[101]

ਬਾਬਾ ਫ਼ਰੀਦ ਵੀ ਆਪਣੇ ਕਲਾਮ ਵਿਚ ਮੁਰਸ਼ਦ ਦੇ ਦੱਸੇ ਰਾਹ ਉੱਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ;

"ਬੋਲੀਐ ਸਚੁ ਧਰਮੁ ਝੂਠ ਨ ਬੋਲੀਐ
ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥"[102]

ਬਾਬਾ ਫ਼ਰੀਦ ਅਨੁਸਾਰ ਅਗਿਆਨਤਾ ਵਿਚ ਫੱਸਿਆ ਹੋਇਆ ਜੀਵ ਪਰਮਾਤਮਾ ਨਾਲ ਇਕ-ਮਿਕ ਹੋਣ ਦੀ ਥਾਂ ਤੇ ਆਪਣੇ-ਆਪ ਨੂੰ ਸੰਸਾਰ ਦੇ ਨਾਸ਼ਮਾਨ ਰਿਸ਼ਤਿਆਂ ਜਾਂ ਪਦਾਰਥਾਂ ਦੇ ਨਾਲ ਜਕੜਿਆ ਹੋਇਆ ਮਹਿਸੂਸ ਕਰਦਾ ਹੈ। ਜਿਸ ਵੇਲੇ ਜੀਵ ਦੇ ਕੰਨਾਂ ਵਿਚ ਰੱਬੀ ਆਵਾਜ਼ ਪਹੁੰਚਦੀ ਹੈ ਤਾਂ ਸੰਸਾਰ ਵਿਚ ਕੀਤੇ ਮੰਦੇ ਕਰਮਾਂ ਦੇ ਕਾਰਨ ਸ਼ਰਮਸਾਰ ਹੋਈ ਜਿੰਦ ਪ੍ਰਭੂ ਦੇ ਦਰਬਾਰ ਵਿਚ ਪੇਸ਼ ਹੋ ਜਾਂਦੀ ਹੈ;

"ਕਹੈ ਫ਼ਰੀਦ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥"[103]

ਫ਼ਰੀਦ ਕਾਵਿ ਵਿਚ ਦੁੱਖ ਅਤੇ ਇਸ਼ਕ/ਬਿਰਹਾ ਆਦਿ ਮੂਲ ਇਕਾਈਆਂ ਮਿੱਥੀਆਂ ਗਈਆਂ ਹਨ ਅਤੇ ਇਸ ਦੀ ਮੂਲ ਇਕਾਈ ਮੌਤ ਹੈ। ਮੌਤ ਜਾਂ ਮੌਤ ਦੇ ਡਰ ਤੋਂ ਪ੍ਰਭਾਵਿਤ ਵੇਦਨਾ-ਸੰਵੇਦਨਾ ਫ਼ਰੀਦ ਕਾਵਿ ਦਾ ਮੂਲ ਆਧਾਰ ਹੈ। ਬਾਬਾ ਫ਼ਰੀਦ ਦੇ ਕਲਾਮ ਨੂੰ ਮੌਤ ਇਸ ਹੱਦ ਤੱਕ ਪ੍ਰਭਾਵਿਤ ਕਰਦੀ ਹੈ ਕਿ ਇਸ ਕਾਵਿ ਵਿਚ ਪੇਸ਼ ਕੀਤੇ ਗਏ ਬਹੁਤੇ ਕਾਵਿ-ਚਿੱਤਰ, ਕਾਵਿ-ਬਿੰਬ ਤੇ ਅੰਲਕਾਰ ਪ੍ਰਤੱਖ ਜਾਂ ਪਰੋਖ ਰੂਪ ਵਿਚ ਮੌਤ ਤੋਂ ਹੀ ਹੋਂਦ ਗ੍ਰਹਿਣ ਕਰਦੇ ਹਨ। ਇਸ ਪ੍ਰਕਾਰ ਫ਼ਰੀਦ ਜੀ ਦੇ ਕਲਾਮ ਦਾ ਪ੍ਰੇਰਣਾ-ਸਰੋਤ ਮੌਤ ਹੀ ਨਜ਼ਰ ਆਉਂਦਾ ਹੈ। ਮੌਤ ਦੇ ਦ੍ਰਿਸ਼ਟੀ-ਬਿੰਦੂ ਤੇ ਖਲੋ ਕੇ ਬਾਬਾ ਫ਼ਰੀਦ ਜੀ ਆਪਣੇ ਆਲੇ-ਦੁਆਲੇ ਨੂੰ ਪ੍ਰਤੱਖ ਕਰਦੇ ਅਤੇ ਆਪਣੇ ਕਾਵਿਕ ਬੋਲਾਂ ਨੂੰ ਜ਼ੁਬਾਨ ਦਿੰਦੇ ਹਨ;

"ਜੋ ਕੁਝ ਆਪ (ਬਾਬਾ ਫ਼ਰੀਦ) ਨੇ ਆਖਿਆ ਦੱਸਿਆ ਹੈ ਉਹ ਸਾਧਾਰਣ ਵਿਅਕਤੀ ਲਈ ਹੈ। ਉਸ ਦੀ ਸਿੱਖਿਆ ਦਾ ਵੱਡਾ ਅੰਗ ਹੈ ਇਹ ਹੈ ਕਿ ਮੌਤ ਅਟੱਲ ਹੈ ਅਤੇ ਅਮੀਰ-ਗ਼ਰੀਬ ਸਭ ਮੌਤ ਦੇ ਅਧੀਨ ਹਨ।"[104]



Sri Satguru Jagjit Singh Ji eLibrary NamdhariElibrary@gmail.com

ਬਾਬਾ ਫ਼ਰੀਦ ਦੀ ਕਵਿਤਾ ਆਪਣੇ ਸੁਭਾਅ ਅਨੁਸਾਰ ਕੱਥ ਅਤੇ ਕਥਨ ਵਿਚ ਪੂਰੀ ਤਰ੍ਹਾਂ ਇਕਾਗਰ ਹੈ। ਇਸ ਇਕਾਗਰਤਾ ਦਾ ਕਾਰਨ ਨਿਰੋਲ ਅਧਿਆਤਮਕ ਸਰੋਕਾਰ ਤਾਂ ਹਨ ਪਰ ਕਾਵਿ ਦੇ ਪੱਖੋਂ ਵਾਚਿਆਂ ਇਸ ਦਾ ਕਾਰਨ ਇਹ ਬਣਦਾ ਹੈ ਕਿ ਇਹ ਬਾਣੀ ਮਾਨਵ ਜੀਵਨ ਦੇ ਸਭ ਤੋਂ ਅਹਿਮ ਮਸਲੇ ਨਾਲ ਸਰੋਕਾਰ ਰੱਖਦੀ ਹੈ ਅਤੇ ਉਹ ਮਸਲਾ ਹੈ ਮੌਤ। ਬਿਨਾਂ ਕਿਸੇ ਸ਼ੱਕ ਦੇ ਮਨੁੱਖ ਦੀ ਸਰੀਰਕ ਮੌਤ ਹੀ ਬਾਬਾ ਫ਼ਰੀਦ ਦੀ ਕਵਿਤਾ ਦਾ ਕੇਂਦਰੀ ਥੀਮ ਨਿਸ਼ਚਿਤ ਕੀਤੀ ਜਾ ਸਕਦੀ ਹੈ। ਫ਼ਰੀਦ ਕਾਵਿ ਵਿਚ ਮੌਤ ਦਾ ਸਰੀਰਕ ਪ੍ਰਸੰਗ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ;

"ਫ਼ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥"[105]

ਬਾਬਾ ਫ਼ਰੀਦ ਵੱਲੋਂ ਇਸ ਸਲੋਕ ਵਿਚ ਸਰੀਰਕ ਮੌਤ ਦਾ ਵਰਣਨ ਬੜੇ ਪ੍ਰਚੰਡ ਰੂਪ ਵਿਚ ਕੀਤਾ ਗਿਆ ਹੈ। ਇਸ ਲਈ ਇਹ ਗੱਲ ਤਾਂ ਪ੍ਰਤੱਖ ਹੈ ਕਿ ਮੌਤ ਜਾਂ ਮੌਤ ਦੇ ਡਰ ਤੋਂ ਪ੍ਰੇਰਿਤ ਵੇਦਨਾ-ਸੰਵੇਦਨਾ ਇਸ ਕਵਿਤਾ ਦਾ ਮੂਲ ਆਧਾਰ ਹੈ। ਇਸ ਲਈ ਮੌਤ ਹੀ ਫ਼ਰੀਦ ਕਾਵਿ ਦਾ ਬੀਜ ਤੱਤ ਕਿਹਾ ਜਾ ਸਕਦਾ ਹੈ। ਇਕ ਬੜੀ ਧਿਆਨ ਗੋਚਰੀ ਗੱਲ ਇਹ ਹੈ ਜੋ ਬਾਬਾ ਫ਼ਰੀਦ ਜੀ ਦੀ ਕਵਿਤਾ ਵਿਚ ਦੇਖਣ ਨੂੰ ਮਿਲਦੀ ਹੈ ਕਿ ਪ੍ਰਤੱਖ ਰੂਪ ਵਿਚ ਤਾਂ ਬਾਬਾ ਫ਼ਰੀਦ ਮੌਤ ਦੀ ਹੀ ਗੱਲ ਕਰ ਰਹੇ ਹਨ ਪਰ ਉਸਦੇ ਪਰੋਖ ਵਿਚ ਜ਼ਿੰਦਗੀ ਆਪਣੀ ਨਿਰੰਤਰ ਚਾਲ ਚੱਲਦੀ ਦਿਖਾਈ ਦਿੰਦੀ ਹੈ। ਦੂਜੇ ਪਾਸੇ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਗੱਲ ਤਾਂ ਜ਼ਿੰਦਗੀ ਦੀ ਹੋ ਰਹੀ ਹੈ ਅਤੇ ਸੰਦਰਭ ਮੌਤ ਦਾ ਪ੍ਰਮੁੱਖ ਰੱਖਿਆ ਗਿਆ ਹੈ;

"ਸੰਸਾਰਿਕ ਜੀਵਨ ਦੀ ਨਾਸ਼ਮਾਨਤਾ, ਕਬਰ ਦੇ ਜੀਵਨ ਦੇ ਦੁੱਖਾਂ, ਅਜ਼ਰਾਈਲ ਫਰਿਸ਼ਤੇ, ਰਜ਼-ਏ-ਕਿਆਮਤ ਤੇ ਰੋਜ਼-ਏ-ਹਸ਼ਰ ਆਦਿ ਦਾ ਬਿਆਨ ਵੀ ਬਿੰਬਾਤਮਕ ਸ਼ੈਲੀ ਵਿਚ ਹੋਣ ਲੱਗਾ। ਸ਼ੇਖ ਫ਼ਰੀਦ ਨੇ ਵਿਆਹ ਦੇ ਪ੍ਰਤੀਕ ਰਾਹੀਂ ਜਿੰਦ ਨੂੰ ਵਹੁਟੀ, ਮੌਤ ਨੂੰ ਪਤੀ ਅਤੇ ਮੌਤ ਦੇ ਦਿਨ ਨੂੰ ਸਾਹੇ ਦਾ ਦਿਨ ਮੰਨਿਆ ਹੈ। ਜਿਸ ਤਰ੍ਹਾਂ ਸਹੁਰੇ ਤੁਰਨ ਲੱਗੀ ਕੁੜੀ ਮਾਪਿਆਂ ਦੇ ਗੱਲ ਲੱਗ ਕੇ ਰੋਂਦੀ ਹੈ, ਇਸੇ ਤਰ੍ਹਾਂ ਰੂਹ ਸਰੀਰ'ਚੋਂ ਦੁਖੀ ਹੋ ਕੇ ਨਿਕਲਦੀ ਹੈ ਪਰ ਉਹਦਾ ਦਰਦ ਵੰਡਾਉਣ ਵਾਲਾ ਕੋਈ ਨਹੀਂ।"[106]

ਬਾਬਾ ਫ਼ਰੀਦ ਮੌਤ ਦਾ ਅਜਿਹਾ ਪ੍ਰਚੰਡ ਰੂਪ ਸਿਰਜ ਕੇ ਵੀ ਜੀਵਨ ਦੀ ਗੱਲ ਕਹਿੰਦੇ ਹਨ ਅਤੇ ਉਹਨਾਂ ਦੇ ਕਲਾਮ ਵਿਚ ਕਿਸੇ ਵੀ ਤਰ੍ਹਾਂ ਨਿਰਾਸ਼ਾਵਾਦੀ ਸੁਰ ਉਤਪੰਨ ਨਹੀਂ ਹੁੰਦੇ। ਬਾਬਾ ਫ਼ਰੀਦ ਜੀ ਤਾਂ ਮੌਤ ਦੀ ਗੱਲ ਕਰਦਿਆਂ ਵੀ ਜੀਵਨ ਦੀ ਗੱਲ ਆਖ ਰਹੇ ਹਨ;

"ਮੌਤ ਦੇ ਪ੍ਰਚੰਡ ਚਿੱਤਰ ਉਲੀਕ ਕੇ ਵੀ ਕਲਾਮ-ਫ਼ਰੀਦ ਵਿਚ ਨਿਰਾਸ਼ਾ ਦੀ ਕੋਈ ਝਲਕ ਦਿਖਾਈ ਨਹੀਂ ਦਿੰਦੀ। ਇਸ ਦਾ ਮੂਲ ਕਾਰਨ ਇਹ ਹੋ ਸਕਦਾ ਹੈ ਕਿ ਇੱਥੇ ਕਵੀ ਬਜਰ ਵਾਸਤਵਿਕਤਾ, ਪ੍ਰਾਣਾਧਾਰੀ ਕਰਮ-ਪ੍ਰਤਿਕਰਮ ਨੂੰ ਉਲੰਘ ਕੇ, ਸ਼ੁੱਧ ਪ੍ਰਤੀਕ ਸਿਰਜਣ ਦੀ ਅਵੱਸਥਾ ਤਕ ਪੁੱਜ ਗਿਆ ਹੈ। ਅਸਲ ਵਿਚ ਇਹੋ ਗਿਆਨ ਦੀ ਅਵਸਥਾ ਹੈ।"[107]

ਬਾਬਾ ਫ਼ਰੀਦ ਦੁਆਰਾ ਆਪਣੇ ਕਲਾਮ ਵਿਚ ਮੌਤ ਦੇ ਸੰਕਲਪ ਦੀ ਪਿੱਠਭੂਮੀ ਵਿਚ ਉਸਾਰੀ ਜੀਵਨ ਦੇ ਸੁਹਜ ਦੀ ਹੀ ਕੀਤੀ ਜਾ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਬਾ ਫ਼ਰੀਦ ਆਪਣੇ ਕਲਾਮ ਵਿਚ ਸੰਵੇਦਨਸ਼ੀਲ ਸੁਹਜ ਪ੍ਰਬੰਧ ਸਿਰਜਣ ਲਈ ਯਤਨਸ਼ੀਲ ਹੈ। ਇਸੇ ਲਈ ਉਨ੍ਹਾਂ ਦੀ ਕਵਿਤਾ ਵਿਚ ਜੀਵਨ-ਗਤੀ ਬਕਾਇਦਾ ਸਿਲਸਿਲੇਵਾਰ ਜਾਂ ਪੜਾਅਵਾਰ ਪ੍ਰਤੱਵਣ ਗ੍ਰਹਿਣ ਕਰਦੀ ਹੈ। ਜਨਮ, ਜੁਆਨੀ, ਬੁਢਾਪਾ, ਸਰੀਰ ਦਾ ਅੰਤ ਅਤੇ ਜੀਵਨ ਦਾ ਹਰ ਪੜਾਅ ਬਾਬਾ ਫ਼ਰੀਦ ਦੀ ਸੰਵੇਦਨਾ ਨੂੰ ਆਧਾਰ ਪ੍ਰਦਾਨ ਕਰਦਾ ਹੈ ਅਤੇ ਹਰ ਪੜਾਅ ਦੇ



Sri Satguru Jagjit Singh Ji eLibrary NamdhariElibrary@gmail.com

ਨਾਲ ਮੌਤ ਜ਼ਰੂਰ ਖੜੀ ਦਿਖਾਈ ਦਿੰਦੀ ਹੈ।

ਇਸ ਪ੍ਰਕਾਰ ਜ਼ਿੰਦਗੀ ਅਤੇ ਮੌਤ ਵਿਚਲਾ ਦਵੰਦ ਉਸਾਰਨ ਵਿਚ ਮੌਤ ਅਗਰਭੂਮੀ ਤੇ ਅਤੇ ਜ਼ਿੰਦਗੀ ਪਿੱਠਭੂਮੀ ਤੇ ਚਲੀ ਗਈ ਹੈ। ਇਸੇ ਕਾਰਣ ਬਾਬਾ ਫ਼ਰੀਦ ਦੀ ਕਵਿਤਾ ਦਾ ਮੂਲ ਆਧਾਰ ਜਿੱਥੇ ਜ਼ਿੰਦਗੀ ਹੈ ਉੱਥੇ ਮੌਤ ਪ੍ਰਤੱਖ ਰੂਪ ਵਿਚ ਇਸ ਕਾਵਿ ਨੂੰ ਅਭਿਵਿਅੰਜਨ ਪ੍ਰਦਾਨ ਕਰਦੀ ਨਜ਼ਰ ਆਉਂਦੀ ਹੈ। ਜ਼ਿੰਦਗੀ ਅਤੇ ਮੌਤ ਦਾ ਇਹ ਪੜਾਅ ਬਾਬਾ ਫ਼ਰੀਦ ਦੀ ਕਵਿਤਾ ਵਿਚ ਨਿਰੰਤਰ ਗਤੀਮਾਨ ਹੈ;

"ਬਾਬਾ ਫ਼ਰੀਦ ਨੇ ਆਪਣੀ ਬਾਣੀ ਵਿਚ ਜੀਵਾਤਮਾ ਲਈ ਪ੍ਰਾਣ ਅਥਵਾ ਸੁਆਸਾਂ ਦੀ **ਲੱਜ** ਦੀ ਵੀ ਵਰਤੋਂ ਕੀਤੀ ਹੈ। ਉਹਨਾਂ ਅਨੁਸਾਰ ਜਦੋਂ ਮੌਤ ਮੂੰਹ ਵਿਖਾਲਦੀ ਹੈ ਉਦੋਂ ਸੁੰਦਰ ਰੰਗ ਵਾਲਾ ਸਰੀਰ-ਭਾਂਡਾ ਭਜ ਜਾਂਦਾ ਹੈ ਅਤੇ ਸੁਆਸਾਂ ਰੂਪੀ ਸੋਹਣੀ ਲੱਜ ਟੁਟ ਜਾਂਦੀ ਹੈ ਅਰਥਾਤ ਸਰੀਰੀ ਜੀਵ ਵਿਚੋਂ ਪ੍ਰਾਣ ਅਥਵਾ ਜੀਵਾਤਮਾ ਅਲੋਪ ਹੋ ਜਾਂਦੀ ਹੈ ਅਤੇ ਸਰੀਰ ਦਾ ਤਿਆਗ ਕਰ ਜਾਂਦੀ ਹੈ।"[108]

ਬਾਬਾ ਫ਼ਰੀਦ ਦੀ ਕਵਿਤਾ ਵਿਚ ਮਨੁੱਖ ਵੱਲ ਪਲੋ-ਪਲੀ ਵਧੀ ਆ ਰਹੀ ਮੌਤ ਦਾ ਚਿੱਤਰਨ ਤਾਂ ਭਰਵਾਂ ਹੈ ਪਰ ਜੀਵਨ ਦੀ ਪਰਵਾਹਮਾਨਤਾ ਨਾਲੋਂ ਫ਼ਰੀਦ ਜੀ ਅਸਲੋਂ ਹੀ ਟੁੱਟਦੇ ਨਹੀਂ ਸਗੋਂ ਉਸ ਨੂੰ ਪ੍ਰਤੱਖ ਵਿਚ ਰੱਖ ਕੇ ਜੀਵਨ ਜਾਚ ਦੀ ਉਸਾਰੀ ਵੀ ਕਰਦੇ ਹਨ। ਫ਼ਰੀਦ ਕਾਵਿ ਦੇ ਇਸ ਪੱਖ ਨੂੰ ਜੇਕਰ ਹੋਰ ਗਹਿਰਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਬਾਬਾ ਫ਼ਰੀਦ ਦੇ ਸਦਾਚਾਰ ਸੰਬੰਧੀ ਉਪਦੇਸ਼ਾਂ ਨੂੰ ਰੂਪਮਾਨ ਕਰਦੇ ਸਲੋਕਾਂ ਨੂੰ ਪੜ੍ਹਨਾ ਜ਼ਰੂਰੀ ਹੈ ਜਿਨ੍ਹਾਂ ਵਿਚ ਜ਼ਿੰਦਗੀ ਮੁੱਲਾਂ ਤੇ ਡੱਟ ਕੇ ਪਹਿਰਾ ਦੇਣ ਦੀ ਤਾਕੀਦ ਕੀਤੀ ਗਈ ਹੈ ਐਸਾ ਦ੍ਰਿਸ਼ਟੀਕੋਣ ਜ਼ਿੰਦਗੀ ਪ੍ਰਤੀ ਸਾਰਥਕ ਪਹੁੰਚ ਰੱਖਣ ਵਾਲੇ ਕਿਸੇ ਸੂਫ਼ੀ ਫ਼ਕੀਰ ਦਾ ਹੀ ਹੋ ਸਕਦਾ ਹੈ ਜੋ ਕਿ ਬਾਬਾ ਫ਼ਰੀਦ ਵੀ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਾ ਫ਼ਰੀਦ ਮੌਤ ਦਾ ਉਚੇਚਾ ਜ਼ਿਕਰ ਵੀ ਉਚੇਰੀ ਜੀਵਨ ਜਾਚ ਦੀ ਪ੍ਰੇਰਣਾ ਲਈ ਕਰ ਰਹੇ ਹਨ। ਮੌਤ ਦੀ ਗੱਲ ਕਰਦਿਆਂ ਵੀ ਬਾਬਾ ਫ਼ਰੀਦ ਜ਼ਿੰਦਗੀ ਦੀ ਗੱਲ ਕਰ ਰਹੇ ਹਨ;

"ਫ਼ਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥"[109]

ਮੌਤ ਸਰੀਰ ਦਾ ਇਕ ਯਕੀਨੀ ਅੰਗ ਹੈ ਜੋ ਇਸ ਸਾਰੇ ਸੰਸਾਰ ਉੱਪਰ ਵਿਆਪਤ ਹੈ। ਇਸ ਦੀ ਸੀਮਾ ਤੋਂ ਕੋਈ ਵੀ ਚੀਜ ਸੁਤੰਤਰ ਨਹੀਂ ਹੈ। ਬਾਬਾ ਫ਼ਰੀਦ ਜੀ ਦੀ ਕਵਿਤਾ ਦੇ ਅਨੁਸਾਰ ਮੌਤ ਨਿਸ਼ਚਿਤ ਹੀ ਨਹੀਂ ਬਲਕਿ ਮੌਤ ਦਾ ਦਿਨ, ਘੜੀ, ਪਲ ਵੀ ਨਿਸ਼ਚਿਤ ਹੈ ਕਿਸੇ ਵੀ ਤਰੀਕੇ ਨਾਲ ਟਾਲਿਆ ਨਹੀਂ ਜਾ ਸਕਦਾ। ਜਿਸ ਦਿਨ ਜੀਵਾਤਮਾ ਨੇ ਵਿਆਹਿਆ (ਮਰਨਾ) ਹੈ ਉਹ ਸਮਾਂ ਪਹਿਲਾਂ ਹੀ ਲਿਖ ਦਿੱਤਾ ਗਿਆ ਹੈ ਭਾਵ ਇਸ ਨਾਸ਼ਮਾਨ ਸੰਸਾਰ ਵਿਚ ਜਨਮ ਲੈਣ ਤੋਂ ਪਹਿਲਾਂ ਦੀ ਮਨੁੱਖ ਦੀ ਮੌਤ ਦਾ ਸਮਾਂ ਲਿਖ ਦਿੱਤਾ ਗਿਆ ਹੈ। ਮੌਤ ਇਕ ਅਟੱਲ ਸੱਚਾਈ ਹੈ ਜੋ ਜੀਵਨ ਦੀ ਚੇਤਨਾ ਨੂੰ ਸਦਮਾ ਪਹੁੰਚਾਉਂਦੀ ਹੈ;

"ਜਿਸ ਦਿਨ ਇਹ ਜੀਵ ਰੂਪੀ ਇਸਤਰੀ ਵਿਆਹੀ ਜਾਣੀ ਹੈ, ਉਹ ਸਮਾਂ ਪਹਿਲਾਂ ਹੀ ਲਿਖਿਆ ਗਿਆ ਹੈ। ਭਾਵ, ਇਸ ਮੰਡਲ ਵਿਚ ਆਉਣ ਤੋਂ ਪਹਿਲਾਂ ਹੀ **ਮਰਨਾ** ਲਿਖ ਦਿੱਤਾ ਗਿਆ ਹੈ। ਮੌਤ ਲਾਜ਼ਮੀ ਹੈ, ਇਕ ਕੌੜੀ ਹਕੀਕਤ ਹੈ ਜੋ ਸਾਡੀ ਚੇਤਨਾ ਨੂੰ ਝੰਜੋੜਦੀ ਹੈ। ਬੁਨਿਆਦੀ ਤੌਰ'ਤੇ ਇਹ ਵਾਸਤਵਿਕਤਾ ਦੀ ਪੱਧਰ ਹੈ। ਸਾਡੀ ਚੇਤਨਾ ਇਸ ਅਕਾਰਨ ਮੌਤ ਦੇ ਦੁੱਖ ਨੂੰ ਸਹਿੰਦੀ ਹੈ। ਜਦੋਂ ਇਸ ਤੋਂ ਬਚਾਓ ਦਾ ਕੋਈ ਹੀਲਾ ਨਹੀਂ ਬਣਦਾ ਤਾਂ ਇਸ ਨੂੰ ਸਮਝਣ



Sri Satguru Jagjit Singh Ji eLibrary NamdhariElibrary@gmail.com

ਨਾਲ ਹੀ ਸਹਿਣਯੋਗ ਬਣਾਇਆ ਜਾ ਸਕਦਾ ਹੈ।"[110]

ਦੂਜੇ ਪਾਸੇ ਬਾਬਾ ਫ਼ਰੀਦ ਜੀ ਦੀ ਕਵਿਤਾ ਵਿਚੋਂ ਅਨੇਕਾਂ ਮਿਸਾਲਾਂ ਲਈਆਂ ਜਾ ਸਕਦੀਆਂ ਹਨ ਜਿੰਨਾਂ ਵਿਚ ਮੌਤ ਦਾ ਸੰਕਲਪ ਪ੍ਰੇਰਣਾ ਦਾ ਇਕ ਰੂਪ ਅਖ਼ਤਿਆਰ ਕਰਦਾ ਹੈ। ਅਸਲ ਵਿਚ ਫ਼ਰੀਦ ਜੀ ਦਾ ਮੁੱਖ ਪ੍ਰਯੋਜਨ ਮਨੁੱਖ ਨੂੰ ਮਾਇਆ ਤੋਂ ਨਿਰਲੇਪ ਰੱਖਣਾ ਹੈ ਅਤੇ ਇਸ ਲਈ ਬਾਬਾ ਫ਼ਰੀਦ ਜੀ ਵੱਲੋਂ ਸੰਸਾਰਕ ਮਨੁੱਖ ਨੂੰ ਮੌਤ ਦਾ ਡਰਾਵਾ ਦਿੱਤਾ ਗਿਆ ਹੈ ਤਾਂ ਕਿ ਉਹ ਪ੍ਰਭੂ-ਬੰਦਗੀ ਵਾਲੇ ਪਾਸੇ ਆਪਣਾ ਧਿਆਨ ਲਗਾ ਸਕੇ। ਜਦੋਂ ਤੱਕ ਮਨੁੱਖ ਨੂੰ ਜੀਵਨ ਦੀ ਨਾਸ਼ਮਾਨਤਾ ਦਾ ਗਿਆਨ ਨਹੀਂ ਹੋ ਜਾਂਦਾ ਉਹ ਇਸ ਸੰਸਾਰ ਵਿਚ ਵਿਆਪਕ ਵਸਤੂਆਂ ਨਾਲ ਮੋਹ-ਪਿਆਰ ਕਰਦਾ ਰਹਿੰਦਾ ਹੈ ਪਰ ਜਿਸ ਵੇਲੇ ਉਸ ਨੂੰ ਮੌਤ ਦੀ ਅਟਲਤਾ ਦੀ ਸੋਝੀ ਹੋ ਜਾਂਦੀ ਹੈ ਉਹ ਆਪਣੇ ਅਸਲ ਘਰ ਜਾਣ ਦੀ ਤਿਆਰੀ ਆਰੰਭ ਕਰ ਦਿੰਦਾ ਹੈ। ਇਸ ਤਿਆਰੀ ਦੇ ਅੰਤਰਗਤ ਪ੍ਰਭੂ-ਬੰਦਗੀ, ਚੰਗੇ ਅਤੇ ਨੇਕ ਕੰਮ, ਲੋਭ-ਲਾਲਚ ਦਾ ਤਿਆਗ ਅਤੇ ਪ੍ਰਭੂ-ਮਿਲਾਪ ਲਈ ਇਸ਼ਕ ਆਦਿ ਕੰਮ ਸ਼ਾਮਲ ਹਨ;

"ਸ਼ੇਖ਼ ਫ਼ਰੀਦ ਜੀ ਦੇ ਬਾਣੀ ਸੰਸਾਰ ਵਿਚ ਮੌਤ ਅਤੇ ਇਸ ਦਾ ਡਰ ਇਕ ਨਿਰੰਤਰ ਆਉਣ ਵਾਲਾ ਥੀਮ (recurrent theme) ਹੈ। ਇਕ ਥਾਂ ਆਪ ਇਹ ਵੀ ਲਿਖਦੇ ਹਨ ਕਿ ਜਿਸ ਦਿਨ ਆਦਮੀ ਦਾ ਨਾੜੂਆ ਕੱਟਿਆ ਜਾਂਦਾ ਹੈ ਜੇ ਉਸ ਦਾ ਥੋੜਾ ਜਿਹਾ ਗਲਾ ਵੀ ਕੱਟ ਦਿੱਤਾ ਜਾਂਦਾ ਤਾਂ ਉਸ ਨੂੰ ਇਤਨੀਆਂ ਸਮੱਸਿਆਵਾਂ ਨਾਲ ਉਲਝਣਾ ਨਾ ਪੈਂਦਾ। ਇਤਨੇ ਦੁੱਖ ਉਠਾਉਣੇ ਨਾ ਪੈਂਦੇ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਸਲੋਕਾਂ ਵਿਚ ਜੀਵਨ ਦੀ ਨਾਸ਼ਮਾਨਤਾ ਦੇ ਬੜੇ ਸਜੀਵ ਪਰੰਤੂ ਭਿਆਨਕ ਚਿੱਤਰ ਪੇਸ਼ ਹੋਏ ਹਨ। ਕਈ ਵਾਰ ਅਜਿਹੇ ਸਲੋਕ ਪੜ੍ਹ ਕੇ ਅੱਜ ਦਾ ਪਾਠਕ ਉਦਾਸ ਹੋ ਜਾਂਦਾ ਹੈ ਅਤੇ ਉਸ ਦੇ ਮਨ ਵਿਚ ਵੈਰਾਗ ਦੇ ਭਾਵ ਜਾਗ੍ਰਿਤ ਹੋ ਜਾਂਦੇ ਹਨ। ਪਰੰਤੂ ਫ਼ਰੀਦ ਜੀ ਇਹ ਸਭ ਕੁੱਝ ਜਾਣ ਬੁੱਝ ਕੇ (intentionally) ਕਰ ਰਹੇ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦਾ ਸਮਕਾਲੀ ਅਤੇ ਉਤਰਕਾਲੀ ਮਨੁੱਖ ਮੋਹ-ਮਾਇਆ ਦੇ ਆਕ੍ਰਸ਼ਣ ਵਿਚ ਇਸ ਕਦਰ ਉਲਝਿਆ ਰਹੇਗਾ ਕਿ ਉਹ ਕਦੇ ਵੈਰਾਗ ਦੀ ਸਥਿਤੀ ਵਿਚ ਪਹੁੰਚੇਗਾ ਹੀ ਨਹੀਂ। ਅਜੋਕੇ ਮਨੁੱਖ ਦੀ ਵੀ ਇਹੀ ਵਿਸੰਗਤੀ ਹੈ ਕਿ ਉਸ ਨੂੰ ਕਦੇ ਵੈਰਾਗ ਨਹੀਂ ਆਉਂਦਾ। ਵੈਰਾਗ ਦੀ ਸਥਿਤੀ ਜਾਗ੍ਰਿਤ ਹੋਏ ਬਿਨਾਂ ਮਨੁੱਖ ਮਨੁੱਖ ਨਹੀਂ ਹੈ। ਉਸ ਸੂਰਤ ਵਿਚ ਤਾਂ ਉਹ ਇਕ ਰਾਕਸ਼ਸ਼ ਹੈ ਜੋ ਸੰਸਾਰ ਦੀ ਹਰ ਵਸਤੂ ਨੂੰ ਕੇਵਲ ਖਾਣ ਜਾਂ ਭੋਗਣ ਦੀ ਦ੍ਰਿਸ਼ਟੀ ਤੋਂ ਹੀ ਨਿਰਖਦਾ-ਪਰਖਦਾ ਹੈ। ਬਾਬਾ ਫ਼ਰੀਦ ਜੀ ਇਤਨੇ ਸਜੀਵ ਅਤੇ ਯਥਾਰਥਕ ਚਿੱਤਰ ਕੇਵਲ ਇਸ ਲਈ ਉਲੀਕ ਰਹੇ ਹਨ ਤਾਂ ਜੋ ਮਨੁੱਖ ਮੋਹ-ਮਾਇਆ ਦੇ ਚੱਕਰ ਤੋਂ ਮੁਕਤ ਹੋ ਕੇ ਕੁੱਝ ਪਲਾਂ ਲਈ ਆਤਮ-ਨਿਰੀਖਣ ਕਰ ਸਕੇ ਆਪਣੇ ਮਾਨਵੀ ਉਦੇਸ਼ ਤੋਂ ਸਪਸ਼ਟ ਹੋ ਸਕੇ ਅਤੇ ਫਿਰ ਉਸ ਮਾਨਵੀ ਉਦੇਸ਼ ਦੀ ਪੂਰਤੀ ਲਈ ਆਪਣੀ ਪੂਰੀ ਵਾਹ ਲਾ ਸਕੇ।"[111]

ਬਾਬਾ ਫ਼ਰੀਦ ਮੌਤ ਨੂੰ ਇਕ ਅਜਿਹਾ ਚੌਰਾਹਾ ਮੰਨਦੇ ਹਨ ਜਿਸ ਜਗ੍ਹਾ ਤੇ ਸੰਸਾਰ ਦੇ ਸਾਰੇ ਰਸਤੇ ਆ ਕੇ ਮਿਲ ਜਾਂਦੇ ਹਨ ਜਿਵੇਂ ਨਦੀਆਂ ਸਮੁੰਦਰ ਵਿਚ ਆਣ ਕੇ ਮਿਲ ਜਾਂਦੀਆਂ ਹਨ। ਮੌਤ ਦਾ ਮਲਕਲ (ਜਮਦੂਤ) ਕਿਸੇ ਅਮੀਰ-ਗ਼ਰੀਬ, ਨਿੱਕੇ-ਵੱਡੇ, ਚੰਗੇ-ਮੰਦੇ, ਬਲਵਾਨ-ਕਾਇਰ, ਮਰਦ-ਇਸਤਰੀ ਜਾਂ ਰਾਜੇ-ਰੰਕ ਨੂੰ ਨਹੀਂ ਛੱਡਦਾ। ਮੌਤ ਦੇ ਫ਼ਰਿਸ਼ਤੇ ਅੱਗੇ ਸਭ ਲਾਚਾਰ ਹਨ ਸਭ ਇਕ ਬਰਾਬਰ ਹਨ ਅਤੇ ਮੌਤ ਸਭ ਲਈ ਯਕੀਨੀ ਹੈ। ਬਾਬਾ ਫ਼ਰੀਦ ਆਪਣੀ ਕਵਿਤਾ ਵਿਚ ਮਨੁੱਖ ਨੂੰ ਚੇਤਾਵਨੀ ਦਿੰਦੇ ਹਨ ਕਿ ਮੌਤ ਦੇ ਫ਼ਰਿਸ਼ਤੇ ਦਾ ਡੰਗ ਇਤਨਾ ਵਿਸ਼ੈਲਾ ਹੈ ਇਸ ਦਾ ਕੋਈ ਇਲਾਜ ਵੀ ਨਹੀਂ ਹੈ। ਇਸ ਲਈ ਚੰਗੇ ਕਰਮਾਂ ਅਤੇ ਸ਼ੁਭ ਅਮਲਾਂ ਨਾਲ



Sri Satguru Jagjit Singh Ji eLibrary NamdhariElibrary@gmail.com

ਆਪਣੇ ਜੀਵਨ ਦਾ ਸਮਾਂ ਬਤੀਤ ਕਰੋ।

ਫ਼ਰੀਦ ਕਾਵਿ ਦਾ ਕਾਵਿ ਮੁਹਾਵਰਾ, ਕਾਵਿ ਬਿੰਬ ਅਤੇ ਪ੍ਰਤੀਕ ਇਸਲਾਮ ਤੋਂ ਪ੍ਰਭਾਵਿਤ ਹਨ। ਇਸੇ ਤਰ੍ਹਾਂ ਮੌਤ ਦੇ ਸੰਕਲਪ ਪਿੱਛੇ ਵੀ ਸਾਮੀ ਚਿੰਤਨ ਹੀ ਕਾਰਜਸ਼ੀਲ ਹੈ। ਆਪ ਦੀ ਕਵਿਤਾ ਵਿਚ ਮੌਤ ਨਾਲ ਸੰਬੰਧਤ ਸ਼ਬਦਾਵਲੀ ਤੇ ਸੰਕਲਪ ਸਭ ਇਸਲਾਮ ਦੀ ਵਿਚਾਰਧਾਰਾ ਅਨੁਸਾਰ ਹੀ ਵਰਤੇ ਗਏ ਹਨ;

"ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥"[112]

ਫ਼ਰੀਦ ਕਾਵਿ ਵਿਚ ਮੌਤ ਦਾ ਫਰਿਸ਼ਤਾ (ਮਲਕੁਲ ਮਉਤ ਜਾਂ ਅਜ਼ਰਾਈਲ) ਹਰ ਮਨੁੱਖੀ ਸਰੀਰ ਨੂੰ ਲੈ ਕੇ ਜਾਣ ਵਾਲਾ ਹੈ। ਇਸ ਤਰ੍ਹਾਂ ਮਰਨ ਤੋਂ ਮਗਰੋਂ ਇਸਲਾਮ ਧਰਮ ਦੇ ਅਨੁਸਾਰ ਵਾਲ ਤੋਂ ਵੀ ਨਿੱਕੇ ਪੁਲ ਤੋਂ ਰੂਹ ਨੂੰ ਪਾਰ ਜਾਣਾ ਪੈਂਦਾ ਹੈ। ਦਰਗਾਹ ਦਾ ਸੰਕਲਪ ਵੀ ਸਾਮੀ ਚਿੰਤਨ ਦੀ ਹੀ ਦੇਣ ਹੈ। ਇਸਲਾਮੀ ਰਿਵਾਜ਼ ਦੇ ਅਨੁਸਾਰ ਮੁਰਦੇ ਨੂੰ ਕਬਰ ਵਿਚ ਦਫ਼ਨਾਇਆ ਜਾਂਦਾ ਹੈ, ਜਿਸ ਨੂੰ **ਗੋਰ** ਕਿਹਾ ਜਾਂਦਾ ਹੈ;

"ਫ਼ਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥"[113]

ਬਾਬਾ ਫ਼ਰੀਦ ਦੁਆਰਾ ਆਪਣੇ ਇਸ ਸਲੋਕ ਵਿਚ ਗੋਰ ਦਾ ਵਰਣਨ ਮੌਤ ਦੇ ਸੰਕਲਪ ਨੂੰ ਇਸਲਾਮੀ ਚਿੰਤਨ ਨਾਲ ਜੋੜਦਾ ਹੈ। ਬਾਬਾ ਫ਼ਰੀਦ ਦੀ ਕਵਿਤਾ ਵਿਚ ਮੌਤ **ਅਸਲ ਸੱਚ** ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ। ਫ਼ਰੀਦ ਕਾਵਿ ਵਿਚ ਮੌਤ ਦੇ ਸੰਕਲਪ ਦੀ ਉੱਚ ਪੱਧਰ ਤੇ ਚਰਚਾ ਕੀਤੀ ਗਈ ਹੈ। ਅੰਤਮ ਰੂਪ ਵਿਚ ਮੌਤ ਬਾਬਾ ਫ਼ਰੀਦ ਦੀ ਰਚਨਾ ਵਿਚ ਸੁਝਾਊ ਤੇ ਪ੍ਰੇਰਕ ਸੋਮੇ ਵਾਂਗ ਹੀ ਉੱਭਰਦੀ ਹੈ ਪਰੰਤੂ ਪੇਸ਼ਕਾਰੀ ਦੇ ਪੱਖੋਂ ਬਾਬਾ ਫ਼ਰੀਦ ਜੀ ਇਸ ਨੂੰ ਸੱਚ ਵੱਜੋਂ ਹੀ ਪੇਸ਼ ਕਰਦੇ ਹਨ;

"ਬਾਬਾ ਫ਼ਰੀਦ ਅਨੁਸਾਰ ਜਗਤ ਅਥਵਾ ਪ੍ਰਕਿਰਤੀ ਬਿਨਸਨਹਾਰ ਹੈ। ਬਿਨਸਨਹਾਰ ਤੋਂ ਭਾਵ ਜਗਤ ਦੀ ਅਸੱਤਤਾ ਜਾਂ ਮਿਥਿਆਵਾਦਤਾ ਨਹੀਂ, ਸਗੋਂ ਜਗਤ ਦੀ ਅਸਥਿਰਤਾ ਹੈ। ਇਸ ਦਾ ਭਾਵ ਜਗਤ ਦਾ ਹਰ ਘੜੀ, ਹਰ ਪਲ ਪਰਿਣਾਮ ਨੂੰ ਪ੍ਰਾਪਤ ਹੋਣਾ ਜਾਂ ਧਾਰਣ ਕਰਨਾ ਹੈ।"[114]

ਫ਼ਰੀਦ ਕਾਵਿ ਵਿਚ ਵਾਰ-ਵਾਰ ਮੌਤ ਦਾ ਜ਼ਿਕਰ ਆਉਣ ਕਰਕੇ ਕਈ ਆਲੋਚਕ ਉਨ੍ਹਾਂ ਨੂੰ ਨਿਰਾਸ਼ਾਵਾਦੀ ਕਵੀ ਮੰਨਦੇ ਹਨ। ਇਹ ਸੱਚ ਹੈ ਕਿ ਫ਼ਰੀਦ ਜੀ ਦੇ ਬਹੁਤ ਸਾਰੇ ਸਲੋਕ ਵਿਯੋਗ ਜਾਂ ਬਿਰਹਾ ਦੇ ਕਾਰਨ ਨਿਰਾਸ਼ਾ ਵਾਲੀ ਸੁਰ ਦੇ ਹਨ ਪਰੰਤੂ ਇਸ ਨਿਰਾਸ਼ਾ ਵਿਚੋਂ ਵੀ ਮਿਲਾਪ ਦੀ ਤਾਂਘ ਦਾ ਜ਼ਿਕਰ ਕੀਤਾ ਗਿਆ ਹੈ। ਫ਼ਰੀਦ ਕਾਵਿ ਵਿਚ ਵਿਯੋਗ ਦੇ ਵਰਣਨ ਦੇ ਨਾਲ-ਨਾਲ ਕਈ ਥਾਂਵਾਂ ਤੇ ਸੰਯੋਗ ਦੀਆਂ ਬਹੁਤ ਸਾਰੀਆਂ ਪਰਤਾਂ ਨੂੰ ਵੀ ਦ੍ਰਿਸ਼ਟਮਾਨ ਕੀਤਾ ਗਿਆ ਹੈ;

"ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥"[115]

ਬਾਬਾ ਫ਼ਰੀਦ ਅੰਦਰ ਪਰਮਾਤਮਾ ਨੂੰ ਮਿਲਣ ਦੀ ਤਾਂਘ ਹੁਲਾਰੇ ਮਾਰਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਨਿਰਾਸ਼ਾ ਦੀ ਝਲਕ ਇਸ ਲਈ ਦਿਖਾਈ ਦਿੰਦੀ ਹੈ ਕਿਉਂਕਿ ਉਹ ਪਰਮਾਤਮਾ ਨੂੰ ਪਾਉਣ ਲਈ ਕੀਤੇ ਗਏ ਕੰਮਾਂ ਦੀ ਕਠਿਨਾਈ ਨੂੰ ਜਾਣਦੇ ਹਨ। ਪਰਮਾਤਮਾ ਨੂੰ ਪਾਉਣ ਲਈ ਸਾਧਕ ਜਿਹੜੀਆਂ ਕਠਿਨਾਈਆਂ ਵਿਚੋਂ ਲੰਘਦਾ ਹੈ ਉਸ ਦੀ ਸੋਝੀ ਬਾਬਾ ਫ਼ਰੀਦ ਨੂੰ ਹੈ।



Sri Satguru Jagjit Singh Ji eLibrary NamdhariElibrary@gmail.com

ਉਹ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਰਸਤੇ ਵਿਚ ਆਉਂਦੀਆਂ ਔਕੜਾਂ ਤੋਂ ਬਚਣ ਲਈ ਮਨੁੱਖ ਨੂੰ ਸੁਚੇਤ ਕਰਦੇ ਹਨ;

"ਸ਼ੇਖ਼ ਫ਼ਰੀਦ ਇਕ ਫ਼ਕੀਰ, ਇਕ ਤਪੱਸਵੀ ਤੇ ਮਨੁੱਖਾਂ ਦੇ ਦੁੱਖਾਂ ਦਰਦਾਂ ਨੂੰ ਜਾਣਨ ਵਾਲੇ ਵਿਅਕਤੀ ਹੋਏ ਹਨ। ਉਨ੍ਹਾਂ ਨੇ ਇਹ ਸਲੋਕ ਮਨੁੱਖੀ ਮਨ ਅਤੇ ਮਨੁੱਖੀ ਭਾਵਾਂ ਨੂੰ ਉਤੇਜਿਤ ਕਰਨ ਲਈ ਰਚੇ ਹਨ, ਭਾਵ ਉਨ੍ਹਾਂ ਦਾ ਮਨੋਰਥ ਮਨੁੱਖੀ ਮਨ ਨੂੰ ਹਲੂਣਨਾ ਹੈ।"[116]

ਮਨੁੱਖੀ ਮਨ ਨੂੰ ਆਪਣੇ ਅਸਲ ਘਰ ਬਾਰੇ ਜਾਗ੍ਰਤ ਕਰਨਾ ਹੀ ਬਾਬਾ ਫ਼ਰੀਦ ਦਾ ਮੁੱਖ ਲਖਸ਼ ਹੈ। ਫ਼ਰੀਦ ਕਾਵਿ ਦਾ ਮੂਲ ਪ੍ਰੋਯਜਨ ਮਨੁੱਖ ਨੂੰ ਮੰਦੇ ਕਰਮਾਂ ਤੋਂ ਵਰਜ ਕੇ ਚੰਗੇ ਅਤੇ ਨੇਕ ਕਰਮਾਂ ਪ੍ਰਤੀ ਉਤਸ਼ਾਹਿਤ ਕਰਨਾ ਹੈ। ਇਹੀ ਬਾਬਾ ਫ਼ਰੀਦ ਦੀ ਕਵਿਤਾ ਦੀ ਮੂਲ ਸੁਰ ਹੈ;

ਡਾ. ਅਤਰ ਸਿੰਘ ਫ਼ਰੀਦ ਕਾਵਿ ਦੇ ਮੂਲ ਸੁਰ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਦੇ ਹਨ, "ਫ਼ਰੀਦ ਦੀ ਬਾਣੀ ਦੀ ਮੂਲ ਸੁਰ ਤਾਂ ਜੀਵਨ ਤੋਂ ਤਿਆਗ ਤੇ ਉਪਰਾਮਤਾ ਦੀ ਪ੍ਰਤੀਤ ਹੁੰਦੀ ਹੈ।"[117]

ਫ਼ਰੀਦ ਕਾਵਿ ਵਿਚ ਮੌਤ ਦਾ ਪ੍ਰਚੰਡ ਰੂਪ ਪੇਸ਼ ਕਰਕੇ ਮਨੁੱਖ ਨੂੰ ਮੰਦੇ ਕੰਮਾਂ ਤੋਂ ਵਰਜ ਕੇ ਸ਼ੁਭ ਅਤੇ ਚੰਗੇ ਕੰਮਾਂ ਪ੍ਰਤੀ ਉਪਦੇਸ਼ ਦਿੱਤਾ ਗਿਆ ਹੈ। ਜਿਸ ਸਮੇਂ ਕੋਈ ਮਨੁੱਖ ਬੁਰੇ ਕੰਮਾਂ ਤੋਂ ਪਾਸਾ ਵੱਟ ਕੇ ਚੰਗੇ ਕੰਮਾਂ ਨੂੰ ਕਰਨ ਲੱਗਦਾ ਹੈ ਤਾਂ ਉਸ ਦੇ ਮਨ ਵਿਚੋਂ ਮੌਤ ਦਾ ਡਰ ਨਿਕਲ ਜਾਂਦਾ ਹੈ ਕਿਉਂਕਿ ਉਸ ਨੂੰ ਜੀਵਨ ਦੀ ਨਾਸ਼ਮਾਨਤਾ ਦਾ ਗਿਆਨ ਹੋ ਜਾਂਦਾ ਹੈ;

"ਸੂਫ਼ੀ ਸਿਧਾਂਤ ਅਨੁਸਾਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਸੰਸਾਰ ਦਾ ਹਰ ਇਕ ਜੀਵ ਤੇ ਵਸਤੂ ਨਾਸ਼ਵਾਨ ਹੈ। ਸਭ ਨੂੰ ਇਕ ਦਿਨ ਮੌਤ ਦਾ ਸ਼ਿਕਾਰ ਹੋਣਾ ਪਵੇਗਾ। ਅਸਲ ਵਿਚ, ਇੰਜ ਲਗਦਾ ਹੈ ਕਿ ਸੂਫ਼ੀ ਕਵੀਆਂ ਨੇ ਜੀਵ ਨੂੰ ਮੌਤ ਦਾ ਇਤਨਾ ਭਿਆਨਕ ਤੇ ਡਰਾਉਣਾ ਰੂਪ ਵਿਖਾ ਕੇ, ਸ਼ੁਭ ਅਮਲ ਕਰਨ ਲਈ ਪ੍ਰੇਰਨਾ ਦਿੱਤੀ ਹੈ, ਤਾਂ ਜੋ ਜੀਵ ਬੁਰੇ ਕਰਮ ਛਡ ਕੇ, ਸ਼ੁਭ ਕਰਮ ਕਮਾਉਣ ਲਗ ਪਏ।"[118]

ਬਾਬਾ ਫ਼ਰੀਦ ਦੀ ਕਵਿਤਾ ਦੀ ਸੁਰ ਨਿਰਾਸ਼ਾਵਾਦੀ ਨਹੀਂ ਹੈ ਸਗੋਂ ਉਨ੍ਹਾਂ ਦੀ ਕਵਿਤਾ ਵਿਚ ਨਿਰਾਸ਼ਾ ਵਿਚੋਂ ਆਸ (ਪਰਮਾਤਮਾ ਨੂੰ ਪਾਉਣ ਦੀ) ਅਤੇ ਵਿਯੋਗ ਵਿਚੋਂ ਸੰਯੋਗ (ਪਰਮਾਤਮਾ ਨਾਲ ਮਿਲਾਪ) ਦੀ ਝਲਕ ਦਿਖਾਈ ਦਿੰਦੀ ਹੈ। ਮੌਤ ਦਾ ਜ਼ਿਕਰ ਜ਼ਿੰਦਗੀ ਦੇ ਵਿਸ਼ਾਲ ਅਰਥਾਂ ਵਿਚ ਕੀਤਾ ਗਿਆ ਹੈ। ਸਰੀਰ ਦੀ ਨਾਸ਼ਮਾਨਤਾ ਦਾ ਹਵਾਲਾ ਸੰਸਾਰਕ ਮਨੁੱਖ ਨੂੰ ਪਰਮਾਤਮਾ ਦੇ ਪ੍ਰਤੀ ਜਾਗਰੁਕ ਕਰਨ ਲਈ ਕੀਤਾ ਗਿਆ ਹੈ। ਜੇਕਰ ਬਾਬਾ ਫ਼ਰੀਦ ਮਨੁੱਖ ਨੂੰ ਪ੍ਰਭੂ ਨਾਲੋਂ ਵਿਯੋਗੇ ਹੋਣ ਦਾ ਅਹਿਸਾਸ ਨਾ ਕਰਵਾਉਂਦੇ ਤਾਂ ਮਨੁੱਖ ਨੇ ਸੰਸਾਰਕ ਮੋਹ-ਮਾਇਆ ਵਿਚ ਮਸਤ ਹੋ ਕੇ ਆਪਣਾ ਕੀਮਤੀ ਜੀਵਨ ਵਿਅਰਥ ਗੁਆ ਲੈਣਾ ਸੀ। ਇਸ ਲਈ ਫ਼ਰੀਦ ਜੀ ਦੇ ਕਲਾਮ ਵਿਚ ਮੌਤ ਦੇ ਸੰਕਲਪ ਪਿੱਛੇ ਮਨੁੱਖ ਨੂੰ ਆਪੇ ਦੀ ਪਛਾਣ ਦਾ ਪਾਠ ਪੜਾਇਆ ਗਿਆ ਹੈ।

## ਫ਼ਰੀਦ ਕਾਵਿ ਵਿਚ ਨੈਤਿਕ ਕਦਰਾਂ-ਕੀਮਤਾਂ

ਨੈਤਿਕ ਕਦਰਾਂ-ਕੀਮਤਾਂ ਅਤੇ ਸਦਾਚਾਰਕ ਸਾਂਝ ਸਮਾਜ ਵਿਚ ਰਹਿੰਦੇ ਸਭਿਅਕ ਮਨੁੱਖ ਦੇ ਰਹਿਣ-ਸਹਿਣ, ਕਾਰ-ਵਿਹਾਰ ਅਤੇ ਜੀਵਨ ਜਿਉਣ ਦੇ ਢੰਗ ਵੱਲ ਸੰਕੇਤ ਕਰਦੀਆਂ ਹਨ, ਜਿੰਨਾਂ ਨੂੰ ਸਮਾਜ ਵਿਚ ਚੰਗਾ/ਸ਼ੁਭ ਮੰਨਿਆ ਜਾਂਦਾ ਹੈ। ਇਸੇ ਲਈ ਚੰਗੀ/ਨੇਕੀ ਅਤੇ ਮਾੜੀ/ਬਦੀ ਦੇ ਸੰਕਲਪ ਨੈਤਿਕਤਾ ਦੇ ਬੁਨਿਆਦੀ ਅਸੂਲ ਮੰਨੇ ਜਾਂਦੇ ਹਨ। ਨੈਤਿਕਤਾ ਦਾ



Sri Satguru Jagjit Singh Ji eLibrary NamdhariElibrary@gmail.com

ਇਕ ਪੱਖ ਇਹ ਹੈ ਜਿਸ ਦਾ ਸੰਬੰਧ ਸਮਾਜਿਕ ਮਨੁੱਖ ਦੀ ਆਪਣੀ ਹਸਤੀ ਨਾਲ ਹੈ ਅਤੇ ਦੂਸਰਾ ਪੱਖ ਉਹ ਹੈ ਜੋ ਮਨੁੱਖ ਦੂਜਿਆਂ ਦੇ ਪ੍ਰਤੀ ਵਿਵਹਾਰ ਨੂੰ ਨਿਰਧਾਰਿਤ ਕਰਦਾ ਹੈ। ਜਿਸ ਵੇਲੇ ਮਨੁੱਖ ਦਾ ਆਪਣਾ ਕਿਰਦਾਰ ਠੀਕ ਹੋਵੇਗਾ ਉਹ ਦੂਜੇ ਲੋਕਾਂ ਨਾਲ ਰਹਿਮ-ਦਿਲੀ ਅਤੇ ਪ੍ਰੇਮ ਨਾਲ ਪੇਸ਼ ਆਵੇਗਾ ਅਤੇ ਜਦੋਂ ਮਨੁੱਖ ਦਾ ਕਿਰਦਾਰ ਗਲਤ ਹੋਵੇਗਾ ਉਹ ਦੂਜੇ ਲੋਕਾਂ ਨਾਲ ਠੀਕ ਵਿਵਹਾਰ ਨਹੀਂ ਕਰੇਗਾ।

ਬਾਬਾ ਫ਼ਰੀਦ ਨੇ ਆਪਣੇ ਕਾਵਿ ਵਿਚ ਮਨੁੱਖ ਦੀ ਇਸ ਬਿਰਤੀ ਬਾਰੇ ਜ਼ਿਕਰ ਕੀਤਾ ਹੈ। ਫ਼ਰੀਦ ਜੀ ਨੇ ਆਪਣੇ ਕਲਾਮ ਵਿਚ ਜੋ ਵੀ ਸਿਧਾਂਤ ਪੇਸ਼ ਕੀਤੇ ਹਨ ਉਹ ਆਮ ਲੋਕਾਂ ਨੂੰ ਸਹੀ ਸੇਧ ਦੇਣ ਲਈ ਹਨ। ਉਨ੍ਹਾਂ ਮਨੁੱਖ ਨੂੰ ਪਰਮਾਤਮਾ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਹੈ। ਇਹ ਬੰਦਗੀ ਨਿਰਮਤਾ ਅਤੇ ਹਲੀਮੀ ਨਾਲ ਕੀਤੀ ਜਾਣੀ ਚਾਹੀਦੀ ਹੈ;

"ਜੋ ਕੁਝ ਆਪ (ਬਾਬਾ ਫ਼ਰੀਦ) ਨੇ ਆਖਿਆ ਦੱਸਿਆ ਹੈ ਉਹ ਸਾਧਾਰਣ ਵਿਅਕਤੀ ਲਈ ਹੈ। ਉਸ ਦੀ ਸਿੱਖਿਆ ਦਾ ਵੱਡਾ ਅੰਗ ਹੈ ਇਹ ਹੈ ਕਿ ਮੌਤ ਅਟੱਲ ਹੈ ਅਤੇ ਅਮੀਰ-ਗ਼ਰੀਬ ਸਭ ਮੌਤ ਦੇ ਅਧੀਨ ਹਨ। ਇਸ ਜਹਾਨ ਉੱਤੇ ਮਨੁੱਖ ਨੇ ਪ੍ਰਭੂ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਬੰਦਗੀ ਆਦਿ ਅਮਲ ਕਰਨੇ ਹਨ। ਉਹਨਾਂ ਅਮਲਾਂ ਵਿਚ ਨਿਮਰਤਾ, ਗ਼ਰੀਬੀ, ਮਿਠਾਸ, ਗੁੱਸਾ ਨਾ ਕਰਨਾ, ਜੀਰਾਂਦ ਅਤੇ ਸਬਰ ਦਾ ਸ਼ੇਖ਼ ਜੀ ਨੇ ਖ਼ਾਸ ਜ਼ਿਕਰ ਕੀਤਾ ਹੈ। ਜਿਹੜੇ ਅਮਲ ਨਹੀਂ ਕਰਦੇ ਉਹ ਇਸ ਜੀਵਨ ਨੂੰ ਵਿਅਰਥ ਗਵਾ ਰਹੇ ਹਨ ਅਤੇ ਦੋਜ਼ਖ ਦੀ ਅੱਗ ਦਾ ਬਾਲਣ ਬਣਨਗੇ।"[119]

ਬਾਬਾ ਫ਼ਰੀਦ ਦੇ ਕਲਾਮ ਦਾ ਮੁੱਢਲਾ ਸੰਦੇਸ਼ ਸਮੁੱਚੀ ਲੋਕਾਈ ਨਾਲ ਪਿਆਰ ਅਤੇ ਸਨੇਹ ਕਰਨਾ ਹੈ। ਉਨ੍ਹਾਂ ਦੇ ਅਨੁਸਾਰ ਕਿਸੇ ਮਨੁੱਖ ਨੂੰ ਇੱਟ ਦਾ ਜੁਆਬ ਪੱਥਰ ਨਾਲ ਦੇਣਾ ਜ਼ਰੂਰੀ ਨਹੀਂ ਹੈ ਬਲਕਿ ਉਨ੍ਹਾਂ ਲੋਕਾਂ ਨਾਲ ਵੀ ਪਿਆਰ ਕੀਤਾ ਜਾਣਾ ਚਾਹੀਦਾ ਹੈ ਜੋ ਤੁਹਾਨੂੰ ਮਾਰਦੇ ਹਨ ਜਾਂ ਬੁਰਾ-ਭਲਾ ਕਹਿੰਦੇ ਹਨ। ਕਿਸੇ ਮਨੁੱਖ ਦੀ ਬੁਰਾਈ ਦੇਖ ਕੇ ਸੂਫ਼ੀ ਨੂੰ ਆਪਣੀ ਚੰਗੀ ਅਤੇ ਨਿਮਰਤਾ ਵਾਲੀ ਬਿਰਤੀ ਸਮਾਪਤ ਨਹੀਂ ਕਰਨੀ ਚਾਹੀਦੀ। ਬਾਬਾ ਫ਼ਰੀਦ ਆਪਣੀ ਰਚਨਾ ਵਿਚ ਕਹਿੰਦੇ ਹਨ;

"ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥"[120]

ਬਾਬਾ ਫ਼ਰੀਦ ਕਹਿੰਦੇ ਹਨ ਕਿ ਜੋ ਲੋਕ ਤੁਹਾਨੂੰ ਮਾੜਾ ਸਮਝਦੇ ਹਨ, ਮਾਰਦੇ ਹਨ ਜਾਂ ਤੁਹਾਡੇ ਨਾਲ ਈਰਖ਼ਾ ਕਰਦੇ ਹਨ ਤੁਸੀਂ ਉਨ੍ਹਾਂ ਲੋਕਾਂ ਨਾਲ ਵੀ ਪਿਆਰ ਨਾਲ ਪੇਸ਼ ਆਓ। ਆਪਸੀ ਪਿਆਰ ਅਤੇ ਭਾਈਚਾਰੇ ਨੂੰ ਦਰਸਾਉਣ ਵਾਲੀ ਅਜਿਹੀ ਮਿਸਾਲ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਮਹਾਂਪੁਰਸ਼, ਸੰਤ, ਪੀਰ-ਫ਼ਕੀਰ ਨੇ ਦਿੱਤੀ ਹੋਵੇ। ਦੂਜੇ ਪਾਸੇ ਇਸ ਦਾ ਭਾਵ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਬਾਬਾ ਫ਼ਰੀਦ ਜੀ ਆਪਣੇ-ਆਪ ਨੂੰ ਹੀਣਾ ਕਰ ਦੇਣ ਵਿਚ ਵਿਸ਼ਵਾਸ ਕਰਦੇ ਹਨ। ਸਵੈ-ਮਾਣ ਦੀ ਭਾਵਨਾ ਵੀ ਬਾਬਾ ਫ਼ਰੀਦ ਜੀ ਦੀ ਦੇਣ ਹੈ। ਉਹ ਆਖਦੇ ਹਨ ਕਿ ਕਿਸੇ ਦੇ ਅਧੀਨ ਹੋਣ ਨਾਲੋਂ ਮਰ ਜਾਣਾ ਚੰਗਾ ਹੈ। ਫ਼ਰੀਦ ਜੀ ਦੇ ਅਨੁਸਾਰ ਨਿਮਰਤਾ ਅਤੇ ਗ਼ੁਲਾਮੀ ਵਿਚ ਫ਼ਰਕ ਹੈ। ਨਿਮਰਤਾ ਮਨੁੱਖ ਨੂੰ ਮਹਾਨ ਅਤੇ ਉਦਾਰ ਬਣਾਉਂਦੀ ਹੈ ਪਰੰਤੂ ਗ਼ੁਲਾਮੀ ਵਿਅਕਤੀ ਦੀ ਹੋਂਦ ਨੂੰ ਖਤਮ ਕਰ ਦਿੰਦੀ ਹੈ। ਮਨੁੱਖ ਆਪਣੀਆਂ ਨਜ਼ਰਾਂ ਵਿਚ ਖ਼ੁਦ ਹੀ ਡਿਗ ਪੈਂਦਾ ਹੈ। ਗ਼ੁਲਾਮ ਮਨੁੱਖ ਦਾ ਜੀਵਨ ਦੁੱਖਾਂ ਭਰਿਆ ਹੁੰਦਾ ਹੈ;

"ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥



Sri Satguru Jagjit Singh Ji eLibrary NamdhariElibrary@gmail.com

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥"[121]

ਬਾਬਾ ਫ਼ਰੀਦ ਇਸ ਸਲੋਕ ਵਿਚ ਆਖਦੇ ਹਨ ਕਿ ਪਰਮਾਤਮਾ ਮੈਨੂੰ ਕਿਸੇ ਦੂਜੇ ਮਨੁੱਖ ਦੇ ਬਾਰ (ਦਰਵਾਜੇ) ਤੇ ਮੰਗਣ ਲਈ ਨਾ ਭੇਜੇ ਪਰੰਤੂ ਫਿਰ ਵੀ ਜੇਕਰ ਪਰਮਾਤਮਾ ਦੀ ਮਰਜ਼ੀ ਹੋਵੇ ਕਿ ਫ਼ਰੀਦ ਨੂੰ ਕਿਸੇ ਦੇ ਦਰਵਾਜੇ ਤੇ ਮੰਗਣ ਲਈ ਭੇਜਣਾ ਹੈ ਜਾਂ ਪਰਮਾਤਮਾ ਦੇ ਮਨ ਵਿਚ ਅਜਿਹੀ ਕੋਈ ਇੱਛਾ ਹੋਵੇ ਤਾਂ ਇਸ ਕੰਮ ਤੋਂ ਪਹਿਲਾਂ ਪਰਮਾਤਮਾ ਮੈਨੂੰ (ਫ਼ਰੀਦ ਨੂੰ) ਮਾਰ ਦੇਵੇ। ਮੇਰੇ ਸਰੀਰ ਵਿਚੋਂ ਪ੍ਰਾਣ ਕੱਢ ਦੇਵੇ। ਬਾਬਾ ਫ਼ਰੀਦ ਦੇ ਅਨੁਸਾਰ ਗ਼ੁਲਾਮ ਮਨੁੱਖ ਦਾ ਜੀਵਨ ਦੁੱਖਾਂ ਨਾਲ ਭਰਿਆ ਹੁੰਦਾ ਹੈ। ਮਨੁੱਖੀ ਜੀਵਨ ਦੇ ਵਿਚ ਆਜ਼ਾਦੀ ਖ਼ੁਸ਼ੀ ਦਾ ਪ੍ਰਤੀਕ ਹੈ। ਬਾਬਾ ਫ਼ਰੀਦ ਜੀ ਸਾਰੀ ਦੁਨੀਆਂ ਲਈ ਖ਼ੁਸ਼ੀ ਪ੍ਰਦਾਨ ਕਰਨਾ ਚਾਹੁੰਦੇ ਹਨ। ਇਸੇ ਲਈ ਉਹ ਸਮਾਜ ਨੂੰ ਖ਼ੁਸ਼ਹਾਲ ਕਰਨ ਲਈ ਆਪਣੇ ਅਨੁਭਵੀ ਨੁਕਤੇ ਪੇਸ਼ ਕਰਦੇ ਹਨ।

ਬਾਬਾ ਫ਼ਰੀਦ ਅਨੁਸਾਰ ਜਿੱਥੇ ਮਨੁੱਖ ਵਿਚ ਸਵੈ-ਮਾਨ ਦੀ ਭਾਵਨਾ ਹੋਣਾ ਲਾਜ਼ਮੀ ਹੈ ਉੱਥੇ ਨੈਤਿਕਤਾ ਲਈ ਰਹਿਮ-ਦਿਲ ਹੋਣਾ ਵੀ ਜ਼ਰੂਰੀ ਮੰਨਿਆਂ ਜਾਂਦਾ ਹੈ। ਮਨੁੱਖ ਨੂੰ ਸਮਾਜ ਵਿਚ ਰਹਿੰਦੇ ਦੂਜੇ ਮਨੁੱਖਾਂ, ਔਰਤਾਂ, ਬੱਚਿਆਂ ਤੇ ਵੀ ਰਹਿਮ ਕਰਨਾ ਚਾਹੀਦਾ ਹੈ। ਇੱਥੇ ਹੀ ਬੱਸ ਨਹੀਂ ਬਾਬਾ ਫ਼ਰੀਦ ਦੇ ਕਾਵਿ ਵਿਚ ਤਾਂ ਮਨੁੱਖ ਦੀ ਰਹਿਮ-ਦਿਲੀ ਦਾ ਅਜਿਹਾ ਸਿਧਾਂਤ ਪੇਸ਼ ਕੀਤਾ ਗਿਆ ਹੈ ਕਿ ਮਨੁੱਖ ਨੂੰ ਮਨੁੱਖਾਂ ਦੇ ਪ੍ਰਤੀ ਹੀ ਨਹੀਂ ਬਲਕਿ ਪਸ਼ੂਆਂ-ਪੰਛੀਆਂ ਦੇ ਪ੍ਰਤੀ ਵੀ ਰਹਿਮ-ਦਿਲ ਹੋਣ ਦਾ ਸੰਦੇਸ਼ ਦਿੱਤਾ ਗਿਆ ਹੈ।

ਇਸ ਸੰਬੰਧੀ ਹਜ਼ਰਤ ਮੁਹੰਮਦ ਸਾਹਿਬ ਦੀ ਸਿੱਖਿਆ ਦਾ ਹਵਾਲਾ ਦਿੰਦਿਆਂ ਡਾ. ਗੁਰਦੇਵ ਸਿੰਘ ਲਿਖਦੇ ਹਨ ਕਿ ਰਹਿਮ-ਦਿਲੀ ਕੇਵਲ ਇਨਸਾਨਾਂ ਨਾਲ ਹੀ ਨਹੀਂ ਕਰਨੀ ਬਲਕਿ ਪਸ਼ੂ-ਪੰਛੀਆਂ ਪ੍ਰਤੀ ਵੀ ਮਨੁੱਖ ਨੂੰ ਨਰਮ-ਦਿਲ ਰਹਿਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, "ਇਨਸਾਨਾਂ ਨਾਲ ਨੇਕੀ ਨਾਲ ਪੇਸ਼ ਆਉਣਾ ਹੀ ਆਉਣਾ ਹੈ, ਬਲਕਿ ਬੇਜ਼ੁਬਾਨ ਪਸ਼ੂ, ਪੰਛੀ ਤੇ ਹੋਰ ਜੀਵੰਤ ਜਗਤ ਨਾਲ ਨੇਕੀ ਕਮਾਉਣਾ ਇਕ ਪੁੰਨ ਭਰਿਆ ਕਾਰਜ ਹੈ।"[122]

ਮਨੁੱਖੀ ਆਚਾਰ ਅਤੇ ਵਿਹਾਰ ਵਿਚ ਚੰਗੇ ਅਤੇ ਮਾੜੇ ਦਾ ਨਿਰਣਾ ਕਰਨ ਦੀਆਂ ਜਿਹੜੀਆਂ ਕਸਵੱਟੀਆਂ ਪ੍ਰਚਲਿਤ ਰਹੀਆਂ ਹਨ ਉਨ੍ਹਾਂ ਵਿਚ ਨੈਤਿਕਤਾ ਦਾ ਸਥਾਨ ਸਰਵੋਤਮ ਹੈ। ਮਨੁੱਖੀ ਜੀਵਨ ਦੇ ਆਰੰਭਕ ਸਾਲਾਂ ਵਿਚ ਨੈਤਿਕਤਾ ਦਾ ਆਧਾਰ ਮਨੁੱਖੀ ਸਮਾਜ ਵਿਚ ਪ੍ਰਚਲਿਤ ਰਸਮਾਂ-ਰੀਤਾਂ ਉੱਪਰ ਨਿਰਧਾਰਤ ਹੁੰਦਾ ਸੀ। ਦੂਜੇ ਪਾਸੇ ਮੱਧਕਾਲ ਵਿਚ ਨੈਤਿਕਤਾ ਦਾ ਆਧਾਰ ਬਦਲ ਕੇ ਅਧਿਆਤਮਵਾਦੀ ਜਾਂ ਈਸ਼ਵਰਵਾਦੀ ਧਾਰਨਾਵਾਂ ਉੱਤੇ ਰੱਖਿਆ ਗਿਆ। ਪਹਿਲਾਂ-ਪਹਿਲ ਸਦਾਚਾਰ ਉਹ ਸੀ ਜੋ ਲੋਕ ਪ੍ਰਚਲਿਤ ਰੀਤਾਂ ਦੇ ਅਨੁਕੂਲ ਹੋਵੇ ਅਤੇ ਬਾਅਦ ਵਿਚ ਇਹ ਕਿਸੇ ਵਿਸ਼ੇਸ਼ ਧਾਰਮਿਕ ਪ੍ਰਬੰਧ ਦੇ ਅਨੁਸਾਰ ਹੋਣ ਦਾ ਲਖਾਇਕ ਬਣ ਗਿਆ;

"ਬਾਬਾ ਫ਼ਰੀਦ ਦਾ ਸਦਾਚਾਰ ਉੱਤੇ ਇੰਨਾ ਜ਼ੋਰ ਦੇਣਾ ਇਕ ਮਨੋਵਿਗਿਆਨਕ ਤੇ ਬੁਨਿਆਦੀ ਤੱਤ ਹੈ। ਜਿਸ ਤਰ੍ਹਾਂ ਕਿਸੇ ਫਸਲ ਨੂੰ ਉਗਾਉਣ ਲਈ ਧਰਤੀ ਨੂੰ ਖ਼ਾਸ ਪੱਧਰ 'ਤੇ ਵੱਤਰ ਕਰਨਾ ਜ਼ਰੂਰੀ ਹੈ, ਇਹੀ ਹਾਲ ਮਨੁੱਖੀ ਮਨ ਦਾ ਹੈ। ਜੇ ਮਨ ਸਦਾਚਾਰਕ ਤੇ ਨੈਤਿਕ ਤੌਰ 'ਤੇ ਸ਼ੁੱਧ ਹੋਵੇ ਤਾਂ ਹੀ ਉਹ ਪ੍ਰਭੂ ਦੇ ਸੰਕਲਪ ਨੂੰ ਆਪਣੇ ਹਿਰਦੇ ਵਿਚ ਵਸਾ ਸਕਦਾ ਹੈ। ਆਪਣੇ ਯੁਗ ਦੀ ਕੁਰਾਹੇ ਪਈ ਲੁਕਾਈ ਨੂੰ ਇਕ ਪ੍ਰਭੂ ਦੀ ਅੰਤਰ-ਰਾਸ਼ਟਰੀ ਭਾਈਬੰਦੀ (International Brotherhood) ਵਿਚ ਸੰਗਠਿਤ ਕਰਨ ਲਈ ਬਾਬਾ ਫ਼ਰੀਦ ਨੇ ਸਦਾਚਾਰ ਨੂੰ ਮੂਲ ਆਧਾਰ ਮੰਨਿਆ ਅਤੇ ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਬਾਬਾ ਫ਼ਰੀਦ ਜੀ ਨੇ ਹਜ਼ਾਰਾਂ ਪ੍ਰਾਣੀਆਂ ਦੇ ਜੀਵਨ ਦਾ ਉਦਾਰ ਕੀਤਾ।"[123]



Sri Satguru Jagjit Singh Ji eLibrary NamdhariElibrary@gmail.com

"ਫ਼ਰੀਦ ਅਨੁਸਾਰ ਰੂਹਾਨੀਅਤ ਦਾ ਮਿਆਰ ਹੈ ਦਰਵੇਸ਼ੀ ਅਤੇ ਦਰਵੇਸ਼ੀ ਦਾ ਮਿਆਰ ਹੈ ਸਬਰ, ਖਿਮਾਸ਼ੀਲਤਾ ਅਤੇ ਨਿਮਰਤਾ। ਨੇਕੀ ਦੇ ਇਵਜ ਵਿਚ ਨੇਕੀ ਕਰਨਾ ਕੋਈ ਬਹੁਤੀ ਉੱਚੀ ਕੁਰਬਾਨੀ ਵਾਲੀ ਗੱਲ ਨਹੀਂ। ਕਿਸੇ ਹੋਰ ਦੀ ਕੀਤੀ ਹੋਈ ਵਧੀਕੀ ਨੂੰ ਖਿਮਾ ਕਰ ਦੇਣਾ ਚੰਗੀ ਗੱਲ ਹੈ ਪਰੰਤੂ ਵਧੀਕੀ ਦੇ ਜਵਾਬ ਵਿਚ ਨੇਕੀ ਜਾਂ ਉਪਕਾਰ ਉੱਚੀ ਦਰਵੇਸ਼ੀ ਦਾ ਪ੍ਰਮਾਣ ਹੈ ਕਿਉਂ ਜੋ ਸਹਿਨਸ਼ੀਲਤਾ ਹੀ ਦਰਵੇਸ਼ੀ ਦਾ ਵਿਲੱਖਣ ਗੁਣ ਹੈ।"[124]

ਬਾਬਾ ਫ਼ਰੀਦ ਪਰਮਾਤਮਾ ਦੀ ਸਰਬ-ਵਿਆਪਕਤਾ, ਰਹਿਮਤ, ਉਸ ਦੀ ਮਿਠਾਸ, ਜ਼ਰ੍ਹੇ-ਜ਼ਰ੍ਹੇ ਵਿਚ ਉਸ ਪ੍ਰਭੂ ਦਾ ਸਰੂਪ, ਪਰਮਾਤਮਾ ਦਾ ਇਨਸਾਫ਼ ਅਤੇ ਰੱਬ ਦਾ ਪੂਰੀ ਕਾਇਨਾਤ ਵਿਚ ਪ੍ਰਗਟ ਸਰੂਪ ਆਦਿਕ ਇਸਲਾਮੀ ਸੰਕਲਪਾਂ ਦੇ ਅਨੁਸਾਰੀ ਸਨ। ਬਾਬਾ ਫ਼ਰੀਦ ਜੀ ਨੇ ਉੱਪਰ ਦੱਸੇ ਗਏ ਗੁਣਾਂ ਨਾਲ ਭਰਪੂਰ ਪਰਮਾਤਮਾ ਦੀ ਪ੍ਰਾਪਤੀ ਅਤੇ ਅਜਿਹੇ ਪ੍ਰਭੂ ਵਿਚ ਲੀਨ/ਫ਼ਨਾ ਨੂੰ ਸੂਫ਼ੀ ਸਾਧਕ ਲਈ ਬੜਾ ਆਸਾਨ ਆਖਿਆ ਹੈ। ਬਾਬਾ ਫ਼ਰੀਦ ਜੀ ਦੇ ਅਨੁਸਾਰ ਨਿਮਰਤਾ ਅਤੇ ਹਲੀਮੀ ਖ਼ੁਦਾ ਦੇ ਬੰਦਿਆਂ ਦਾ ਖਾਸ ਗੁਣ ਹੁੰਦਾ ਹੈ;

"ਆਜਿਜ਼ੀ ਤੇ ਨਿਮਰਤਾ ਅੱਲਾਹ ਤਾਅਲਾ ਦੇ ਖ਼ਾਸ ਬੰਦਿਆਂ ਦਾ ਗੁਣ ਵਿਸ਼ੇਸ਼ ਹੈ। ਮਾਅਰਿਫ਼ਤ ਜਾਂ ਬ੍ਰਹਮ-ਗਿਆਨ ਦੇ ਜਗਤ ਵਿਚ ਹਉਮੈ, ਘੁਮੰਡ ਤੇ ਹੈਂਕੜ ਦੀ ਥਾਂ ਮਸਕੀਨੀ, ਨਿਰਅਹੰ ਤੇ ਨਿਮਰਤਾ ਦੀ ਸਰਦਾਰੀ ਹੁੰਦੀ ਹੈ।"[125]

ਬਾਬਾ ਫ਼ਰੀਦ ਨੇ ਆਪਣੀ ਰਚਨਾ ਵਿਚ ਗ੍ਰਹਿਸਥ ਜੀਵਨ ਵਾਲਾ ਘਰ-ਬਾਰ ਛੱਡ ਕੇ ਬਾਹਰ ਦੂਰ ਜੰਗਲਾਂ ਵਿਚ ਜਾਣ ਵਾਲੇ ਜੋਗੀਆਂ, ਤੰਤਰ-ਵਿੱਦਿਆ ਰਾਹੀਂ ਪਰਮਾਤਮਾ ਨੂੰ ਪ੍ਰਾਪਤ ਕਰਨ ਵਾਲੇ ਲੋਕਾਂ, ਆਪਣੇ ਪਿੰਡੇ'ਤੇ ਸੁਆਹ ਮੱਲ੍ਹ ਕੇ ਬੈਠੇ ਸਾਧੂਆਂ ਅਤੇ ਪੁੱਠੇ ਲਟਕ ਕੇ ਪਰਮਾਤਮਾ ਦੀ ਬੰਦਗੀ ਕਰਦੇ ਜੋਗੀਆਂ ਨੂੰ ਤਾੜਨਾ ਕਰਦਿਆਂ ਆਖਿਆ ਹੈ;

"ਫ਼ਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਭਾਗ॥"[126]

ਬਾਬਾ ਫ਼ਰੀਦ ਦੇ ਅਨੁਸਾਰ ਪਰਮਾਤਮਾ ਨੂੰ ਪਾਉਣ ਦਾ ਕੇਵਲ ਇਕ ਹੀ ਤਰੀਕਾ ਹੈ ਅਤੇ ਉਹ ਹੈ ਨਿਮਰਤਾ। ਇੱਥੇ ਇਹ ਵੀ ਤੱਥ ਧਿਆਨ ਦੇਣ ਯੋਗ ਹੈ ਕਿ ਗੁਰਮਤਿ ਤੋਂ ਪਹਿਲਾਂ ਹੀ ਬਾਬਾ ਫ਼ਰੀਦ ਨੇ ਇਹ ਗੱਲ ਆਪਣੀ ਰਚਨਾ ਵਿਚ ਆਖੀ ਹੈ ਕਿ ਬਾਹਰ ਜਾ ਕੇ, ਘਰ-ਬਾਰ ਛੱਡ ਕੇ, ਪਿੰਡੇ'ਤੇ ਸੁਆਹ ਮੱਲ੍ਹ ਕੇ ਭਗਤੀ ਦੀ ਲੋੜ ਨਹੀਂ ਬਲਕਿ ਗ੍ਰਹਿਸਤ ਮਾਰਗ ਵਿਚ ਰਹਿੰਦਿਆਂ ਹੋਇਆਂ ਅਤੇ ਮੋਹ-ਮਾਇਆ ਦੇ ਸੰਸਾਰਕ ਵਿਵਹਾਰ ਨਿਭਾਉਂਦਿਆਂ ਹੋਇਆਂ ਮਨੁੱਖ ਦੁਆਰਾ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ। ਬਾਬਾ ਫ਼ਰੀਦ ਜੀ ਦੇ ਨਿਮਨ ਲਿਖਤ ਸਲੋਕਾਂ ਵਿਚ ਪਹਿਲੇ ਪ੍ਰਸ਼ਨ ਕੀਤਾ ਹੈ ਅਤੇ ਫਿਰ ਉਸ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਦਰਸਾਇਆ ਗਿਆ ਹੈ;

"ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥"[127]

ਫਿਰ

"ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥"[128]

ਬਾਬਾ ਫ਼ਰੀਦ ਆਖਦੇ ਹਨ ਕਿ ਇਹ ਸੰਸਾਰ ਰੂਪੀ ਗਲੀਆਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਰੂਪੀ ਗੰਦਗੀ ਨਾਲ ਭਰੀਆਂ ਹੋਈਆਂ ਹਨ ਅਤੇ ਮਨੁੱਖ ਨੂੰ ਪਰਮਾਤਮਾ ਤੱਕ ਜਾਣ



Sri Satguru Jagjit Singh Ji eLibrary NamdhariElibrary@gmail.com

ਲਈ ਇਨ੍ਹਾਂ ਗਲੀਆਂ ਵਿਚੋਂ ਲੰਘਣਾ ਪਵੇਗਾ। ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਲੈਂਦਿਆਂ ਅਤੇ ਸੰਸਾਰਕ ਕਾਰ-ਵਿਹਾਰ ਕਰਦਿਆਂ ਇਨ੍ਹਾਂ ਗਲੀਆਂ ਵਿਚੋਂ ਗੁਜਰ ਜਾਏਗਾ ਉਸ ਉੱਪਰ ਅੱਲ੍ਹਾ ਦੀ ਮਿਹਰ/ਕਿਰਪਾ ਹੋਵੇਗੀ। ਬਾਬਾ ਫ਼ਰੀਦ ਅਨੁਸਾਰ ਜਦੋਂ ਤੱਕ ਮਨੁੱਖੀ ਸਰੀਰ ਇਨ੍ਹਾਂ ਦੁਨਿਆਵੀ ਰਸਾਂ ਦਾ ਯਥਾ ਅਨੁਕੂਲ ਭੋਗ ਨਹੀਂ ਕਰ ਲੈਂਦਾ ਤਦ ਤਕ ਉਸ ਦੀ ਆਤਮਾ ਪ੍ਰਭੂ ਵਿਚ ਲਿਵਲੀਨ ਨਹੀਂ ਹੋ ਸਕਦੀ। ਜਿਹੜੇ ਮਨੁੱਖਾਂ ਦੀ ਮਨ-ਆਤਮਾ ਤੋਂ ਸਭ ਪ੍ਰਕਾਰ ਦੇ ਚਿੱਕੜ ਲੱਥ ਜਾਂਦੇ ਹਨ ਅਜਿਹੇ ਮਨੁੱਖਾਂ'ਤੇ ਹੀ ਰੱਬ ਦੀ ਮਿਹਰ ਦਾ ਮੀਂਹ ਪੈਂਦਾ ਹੈ ਅਤੇ ਉਹ ਲੋਕ ਸ਼ੁੱਧ ਰੂਪ ਵਿਚ ਉਸ ਪਰਮ ਸੱਤਾ ਵਿਚ ਅਭੇਦ ਹੋ ਜਾਂਦੇ ਹਨ।

ਬਾਬਾ ਫ਼ਰੀਦ ਰਚਨਾ ਮੱਧਕਾਲੀਨ ਯੁਗ ਨਾਲ ਸੰਬੰਧਤ ਹੈ ਇਸ ਲਈ ਇਸ ਕਾਵਿ ਵਿਚ ਨੈਤਿਕਤਾ ਦਾ ਮੂਲ ਪ੍ਰੇਰਣਾਸ੍ਰੋਤ ਅਧਿਆਤਮਕਤਾ/ਧਾਰਮਿਕਤਾ ਨਾਲ ਹੀ ਜੋੜਿਆ ਜਾਂਦਾ ਹੈ। ਬਾਬਾ ਫ਼ਰੀਦ ਸੂਫ਼ੀ ਵਿਚਾਰਧਾਰਾ ਦੇ ਮੋਢੀ ਹਮਾਇਤੀ ਸਾਧਕ ਹੋਏ ਹਨ ਇਸ ਲਈ ਉਨ੍ਹਾਂ ਦੀ ਕਵਿਤਾ ਵਿਚ ਨੇਕੀ ਅਤੇ ਬਦੀ ਨੂੰ ਰੂਹਾਨੀ ਚੇਤਨਤਾ ਜਾਂ ਅਧਿਆਤਮਕ ਚੇਤਨਾ ਦੇ ਅਨੁਸਾਰ ਹੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਸੂਫ਼ੀ ਵਿਚਾਰਧਾਰਾ ਦੇ ਅਨੁਸਾਰ ਜੇ ਰੱਬ ਮਨੁੱਖ ਦੇ ਹਿਰਦੇ ਅੰਦਰ ਨਿਵਾਸ ਕਰਦਾ ਹੈ ਤਾਂ ਨੈਤਿਕਤਾ ਦਾ ਫ਼ੈਸਲਾ ਵੀ ਮਨੁੱਖ ਆਪਣੇ ਮਨ ਦੇ ਅੰਦਰ ਝਾਤੀ ਮਾਰ ਕੇ ਹੀ ਕਰ ਸਕਦਾ ਹੈ;

"ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥"[129]

ਬਾਬਾ ਫ਼ਰੀਦ ਆਖਦੇ ਹਨ ਕਿ ਹੇ ਮਨੁੱਖ ਜੇਕਰ ਤੂੰ ਆਪਣੇ-ਆਪ ਨੂੰ ਬਹੁਤ ਗੁਣਾਂ ਨਾਲ ਭਰਪੂਰ ਅਤੇ ਸਿਆਣਾ ਸਮਝਦਾ ਹੈ ਤਾਂ ਭੈੜੀਆਂ/ਮੰਦੀਆਂ ਗੱਲਾਂ ਨਾ ਕਰ। ਸਮਾਜ ਵਿਚ ਰਹਿੰਦੇ ਕਿਸੇ ਦੂਜੇ ਮਨੁੱਖ ਵਿਚ ਵਿਆਪਕ ਕਮੀਆਂ ਨੂੰ ਉਛਾਲਣ ਦੀ ਜਗ੍ਹਾ ਤੇ ਆਪਣੇ ਮਨ ਅੰਦਰ ਜਾਂ ਆਪਣੇ ਗਿਰੀਵਾਨੁ ਅੰਦਰ ਝਾਤੀ ਮਾਰ ਕੇ ਦੇਖ ਕਿ ਕਿਤਨੀਆਂ ਹੀ ਬੁਰਾਈਆਂ ਨੇ ਤੇਰੇ ਮਨ ਅੰਦਰ ਘਰ ਕੀਤਾ ਹੋਇਆ ਹੈ। ਮਨੁੱਖ ਜਦੋਂ ਤੱਕ ਇਨ੍ਹਾਂ ਬੁਰਾਈਆਂ ਤੋਂ ਪਾਸਾ ਨਹੀਂ ਵੱਟ ਲੈਂਦਾ ਉਦੋਂ ਤੱਕ ਉਹ ਸਹੀ ਅਰਥਾਂ ਵਿਚ ਦਰਵੇਸ਼ ਨਹੀਂ ਬਣ ਸਕਦਾ। ਚੰਗੇ ਅਤੇ ਮਾੜੇ ਵਿਅਕਤੀ ਨੂੰ ਨੈਤਿਕਤਾ ਦੇ ਪੈਮਾਨੇ ਤੇ ਹੀ ਪਰਖਿਆ ਜਾ ਸਕਦਾ ਹੈ। ਬਾਬਾ ਫ਼ਰੀਦ ਦੇ ਸਲੋਕ **ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ** ਦਾ ਅਰਥ ਇਹ ਲਿਆ ਜਾਂਦਾ ਹੈ ਕਿ ਸੂਫ਼ੀ ਸਾਧਕ ਆਪਣੀ ਅੰਤਰ-ਆਤਮਾ ਨੂੰ ਜਾਗ੍ਰਿਤ ਕਰੇ ਅਤੇ ਉਸ ਜਾਗੇ ਹੋਏ ਅੰਤਹਕਰਣ ਅਨੁਸਾਰ ਸਮਾਜ ਵਿਚ ਰਹਿੰਦਿਆਂ ਆਚਰਣ ਕਰੇ ਅਤੇ ਸਮਾਜਿਕ ਲੋਕਾਂ ਦੇ ਨਾਲ ਵਿਵਹਾਰ ਕਰੇ। ਨੈਤਿਕਤਾ ਦੀ ਇਸ ਤੋਂ ਬਿਹਤਰੀਨ ਕਸਵੱਟੀ ਹੋਰ ਕਿਹੜੀ ਹੋ ਸਕਦੀ ਹੈ? ਜਦੋਂ ਕੋਈ ਮਨੁੱਖ ਆਪਣੀ ਅੰਤਰ-ਆਤਮਾ ਵਿੱਚ ਝਾਤੀ ਮਾਰ ਕੇ ਕੋਈ ਕਾਰਜ ਕਰਦਾ ਹੈ ਤਾਂ ਉਹ ਖ਼ੁਦ ਬੁਰੇ ਭਲੇ ਦਾ ਨਿਰਣਾ ਕਰਨ ਦੇ ਯੋਗ ਹੋ ਜਾਂਦਾ ਹੈ।

ਨੈਤਿਕਤਾ ਦੀ ਇਸ ਬੁਨਿਆਦੀ ਕਸਵੱਟੀ ਤੋਂ ਇਲਾਵਾ ਫ਼ਰੀਦ ਕਾਵਿ ਵਿਚ ਕੁੱਝ ਅਜਿਹੀਆਂ ਕਦਰਾਂ-ਕੀਮਤਾਂ ਨੂੰ ਵੀ ਸਥਾਪਿਤ ਕੀਤਾ ਗਿਆ ਹੈ ਜੋ ਮਨੁੱਖ ਦੇ ਨੈਤਿਕ ਵਿਵਹਾਰ ਦੀ ਸੁਯੋਗ ਅਗਵਾਈ ਕਰ ਸਕਦਾ ਹੈ। ਫ਼ਰੀਦ ਕਾਵਿ ਦੇ ਹੇਠ ਲਿਖੇ ਸਲੋਕਾਂ ਵਿਚ ਕੁਝ ਅਜਿਹੀਆਂ ਕਦਰਾਂ-ਕੀਮਤਾਂ ਵੱਲ ਸੰਕੇਤ ਕੀਤਾ ਗਿਆ ਹੈ;

"ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥"[130]



Sri Satguru Jagjit Singh Ji eLibrary NamdhariElibrary@gmail.com

ਜਾਂ

"ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ॥
ਦੇਹੀ ਰੋਗੁ ਨਾ ਲਗਈ ਪਲੈ ਸਭੁ ਕਿਛੁ ਪਾਇ॥"[131]

ਬੁਰੇ ਦਾ ਭਲਾ ਕਰਨਾ ਅਤੇ ਮੁੱਕੀਆਂ ਮਾਰਨ ਵਾਲੇ ਦੇ ਪੈਰ ਚੁੰਮਣਾ ਹਿੰਸਕ ਵਿਵਹਾਰ ਦਾ ਢੁੱਕਵਾਂ ਪ੍ਰਤੀ-ਉੱਤਰ ਹੈ। ਦੇਖਿਆ ਜਾਵੇ ਤਾਂ ਇਹ ਅਹਿੰਸਾ ਤੋਂ ਅਗਲਾ ਪੜਾਉ ਹੈ ਜੋ ਅਥਾਹ ਨੈਤਿਕ ਦਲੇਰੀ ਦੀ ਮੰਗ ਕਰਦਾ ਹੈ। ਅਜੋਕੇ ਸਮਾਜ ਵਿਚ ਜਿੱਥੇ ਆਪਸੀ ਵੈਰ-ਵਿਰੋਧ, ਨਫ਼ਰਤ ਅਤੇ ਹਿੰਸਾ ਦਾ ਫੈਲਾਅ ਹੈ ਉੱਥੇ ਫ਼ਰੀਦ ਕਾਵਿ ਦਾ ਨੈਤਿਕ ਆਦਰਸ਼ ਹੋਰ ਵੀ ਵਧੇਰੇ ਪ੍ਰਾਸੰਗਿਕ ਮਹਿਸੂਸ ਹੁੰਦਾ ਹੈ। ਬਾਬਾ ਫ਼ਰੀਦ ਅਨੁਸਾਰ ਰੂਹਾਨੀਅਤ ਦਾ ਮਿਆਰ ਦਰਵੇਸ਼ੀ ਤੋਂ ਨਾਪਿਆ ਜਾ ਸਕਦਾ ਹੈ ਅਤੇ ਦਰਵੇਸ਼ੀ ਦਾ ਮਿਆਰ ਸਬਰ, ਖਿਮਾਸ਼ੀਲਤਾ ਅਤੇ ਨਿਮਰਤਾ ਤੋਂ ਨਾਪਿਆ ਜਾ ਸਕਦਾ ਹੈ। ਫ਼ਰੀਦ ਕਾਵਿ ਅਨੁਸਾਰ ਨੇਕੀ ਦੇ ਬਦਲੇ ਨੇਕੀ ਕਰਨਾ ਕੋਈ ਬਹੁਤ ਵੱਡਾ ਕੰਮ ਨਹੀਂ ਹੈ ਬਲਕਿ ਬਦੀ ਦੇ ਬਦਲੇ ਵੀ ਨੇਕੀ ਕਰਨਾ ਸਰਵੋਤਮ ਮੰਨਿਆ ਜਾਂਦਾ ਹੈ। ਕਿਸੇ ਦੀ ਵਧੀਕੀ ਨੂੰ ਖਿਮਾ ਕਰ ਦੇਣਾ ਦਰਵੇਸ਼ੀ ਦਾ ਮਹੱਤਰਪੂਰਨ ਗੁਣ ਹੈ;

"ਫ਼ਰੀਦ ਅਨੁਸਾਰ ਦਰਵੇਸ਼ੀ ਇਕ ਸਾਧਨਾ ਅਤੇ ਸੰਘਰਸ਼ ਹੈ ਜਿਸ ਵਿਚ ਸਹਿਨਸ਼ੀਲਤਾ ਦੀ ਪਾਲਣਾ ਅਤਿਅੰਤ ਆਵੱਸ਼ਕ ਹੈ। ਜੇ ਕੋਈ ਨੰਗੀ ਤਲਵਾਰ ਵੀ ਗਰਦਨ ਉੱਪਰ ਰੱਖ ਦੇਵੇ ਤਾਂ ਦਰਵੇਸ਼ ਨਾ ਉਸ ਨੂੰ ਮੰਦਾ ਬੋਲੇ ਅਤੇ ਨਾ ਉਸ ਨੂੰ ਬਦ-ਦੁਆ ਦੇਵੇ।"[132]

ਇਹ ਮਨੋਵਿਗਿਆਨਕ ਹਕੀਕਤ ਹੈ ਕਿ ਜਦੋਂ ਕੋਈ ਨਿਮਰਤਾ ਭਰਪੂਰ ਵਿਅਕਤੀ ਬੁਰੇ ਦਾ ਭਲਾ ਕਰਨ ਦੀ ਦਲੇਰੀ ਕਰਦਾ ਹੈ ਤਾਂ ਬੁਰੇ ਵਿਅਕਤੀ ਨੂੰ ਆਪਣੀ ਬੁਰਾਈ ਦਾ ਅਹਿਸਾਸ ਜ਼ਰੂਰ ਹੁੰਦਾ ਹੈ ਅਤੇ ਉਹ ਵਿਅਕਤੀ ਬੁਰੇ ਜਾਂ ਮਾੜੇ ਕਰਮ ਤਿਆਰ ਕੇ ਚੰਗੇ ਰਸਤੇ ਉੱਪਰ ਚੱਲਣ ਲਈ ਤੱਤਪਰ ਹੋ ਜਾਂਦਾ ਹੈ।

ਬਾਬਾ ਫ਼ਰੀਦ ਦੀ ਨੈਤਿਕ ਚੇਤਨਾ ਉਨ੍ਹਾਂ ਦੇ ਗਹਿਰੇ ਅਨੁਭਵ ਨਾਲ ਜੁੜੀ ਹੋਈ ਹੈ। ਇਹ ਨੈਤਿਕ ਚੇਤਨਾ ਇਕ ਪ੍ਰਕਾਰ ਦਾ ਕਿਸੇ ਸੂਫ਼ੀ ਸਾਧਕ ਦੇ ਜੀਵਨ ਦਾ ਰੂਪ ਹੀ ਮੰਨਿਆ ਜਾ ਸਕਦਾ ਹੈ। ਅਜੋਕੇ ਸਮਾਜ ਅੰਦਰ ਰਹਿੰਦਿਆਂ ਲੋਕਾਂ ਵਿਚ ਆਪਸੀ ਵੈਰ-ਵਿਰੋਧ, ਈਰਖ਼ਾ, ਨਫ਼ਰਤ ਅਤੇ ਮਾਰ-ਕੁੱਟ ਦਾ ਬੋਲਬਾਲਾ ਵਿਆਪਕ ਹੈ ਅਜਿਹੇ ਸਮੇਂ ਲੋਕਾਂ ਨੂੰ ਸਹੀ ਸੇਧ ਦੇਣ ਲਈ ਬਾਬਾ ਫ਼ਰੀਦ ਦੇ ਨੈਤਿਕ ਸੰਕਲਪ ਦੀ ਵਧੇਰੇ ਲੋੜ ਮਹਿਸੂਸ ਹੁੰਦੀ ਹੈ। ਬਾਬਾ ਫ਼ਰੀਦ ਦੇ ਕਲਾਮ ਵਿਚ ਨੈਤਿਕ ਕਦਰਾਂ-ਕੀਮਤਾਂ ਦੇ ਮੂਲ ਆਧਾਰ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਇਹ ਨੈਤਿਕਤਾ ਸੂਫ਼ੀ ਵਿਚਾਰਧਾਰਾ ਦੀਆਂ ਮੂਲ ਧਾਰਨਾਵਾਂ ਤੋਂ ਪ੍ਰੇਰਣਾ ਗ੍ਰਹਿਣ ਕਰਦੀ ਹੈ। ਇਸ ਵਿਚ ਮਨੁੱਖੀ ਆਚਰਣ ਅਤੇ ਵਿਹਾਰ ਨੂੰ ਸੇਧ ਦੇਣ ਦੀ ਸਦੀਵੀ ਪ੍ਰੇਰਣਾ ਬਾਬਾ ਫ਼ਰੀਦ ਜੀ ਦੀ ਕਵਿਤਾ ਵਿਚ ਕਾਰਜਸ਼ੀਲ ਦਿਖਾਈ ਦਿੰਦੀ ਹੈ। ਬਾਬਾ ਫ਼ਰੀਦ ਦੀ ਕਵਿਤਾ ਅਜਿਹੀ ਨੈਤਿਕਤਾ ਉੱਪਰ ਬਲ ਦਿੰਦੀ ਹੈ ਜੋ ਮਨੁੱਖ ਦੇ ਅੰਤਹਕਰਣ ਵਿਚੋਂ ਜਾਗਦੀ ਹੈ ਅਤੇ ਹੋਰਨਾਂ ਦੇ ਅੰਤਹਕਰਣ ਨੂੰ ਜਗਾਉਣ ਦਾ ਉਪਰਾਲਾ ਕਰਦੀ ਹੈ। ਇਸ ਪ੍ਰਕਾਰ ਫ਼ਰੀਦ ਕਾਵਿ ਦਾ ਮੂਲ ਥੀਮ ਅਗਿਆਨਤਾ ਵਸ ਆਪਣੇ ਮੂਲ ਸੋਮੇ (ਪਰਮਾਤਮਾ) ਨੂੰ ਭੁੱਲ ਚੁਕੀ ਜੀਵਾਤਮਾ ਨੂੰ ਦੁਬਾਰਾ ਨੈਤਿਕਤਾ ਦਾ ਪੱਲਾ ਫੜ ਕੇ ਆਪਣੇ ਪ੍ਰਭੂ ਦੇ ਲੜ ਲਾਉਣਾ ਹੈ।



Sri Satguru Jagjit Singh Ji eLibrary NamdhariElibrary@gmail.com

## ਫ਼ਰੀਦ ਕਾਵਿ ਦਾ ਦਾਰਸ਼ਨਿਕ ਪੱਖ

ਦਰਸ਼ਨ ਦਾ ਸੰਬੰਧ ਜੀਵਨ ਅਤੇ ਜਗਤ ਦੀ ਤਰਕ-ਸੰਗਤ ਵਿਆਖਿਆ ਨਾਲ ਹੈ। ਦਰਸ਼ਨ-ਸ਼ਾਸਤਰ ਜਿਨ੍ਹਾਂ ਮੂਲ ਪ੍ਰਸ਼ਨਾਂ ਨੂੰ ਲੈ ਕੇ ਤੁਰਦਾ ਹੈ ਉਹ ਇਸ ਤਰ੍ਹਾਂ ਹਨ। ਮਨੁੱਖ ਕੀ ਹੈ? ਇਸਦਾ ਦਿੱਸਦੇ ਜਗਤ ਜਾਂ ਬ੍ਰਹਿਮੰਡ ਨਾਲ ਕੀ ਰਿਸ਼ਤਾ ਹੈ? ਦਿੱਸਦਾ ਬ੍ਰਹਿਮੰਡ ਕੀ ਹੈ? ਗਿਆਨ ਕੀ ਹੈ ਅਤੇ ਉਹ ਕਿਵੇਂ ਪ੍ਰਾਪਤ ਹੁੰਦਾ ਹੈ? ਦੂਜੇ ਸ਼ਬਦਾਂ ਵਿਚ ਦਰਸ਼ਨ ਮਨੁੱਖੀ ਜੀਵਨ ਅਤੇ ਯਥਾਰਥ ਨੂੰ ਤਰਕ ਅਤੇ ਵਿਵੇਕ ਅਨੁਸਾਰ ਸਮਝਣ ਅਤੇ ਸਮਝਾਉਣ ਦਾ ਉਪਰਾਲਾ ਹੈ।

ਬਾਬਾ ਫ਼ਰੀਦ ਦੇ ਕਾਵਿ ਵਿਚ ਵੀ ਜੀਵਨ ਅਤੇ ਜਗਤ ਦੇ ਇਨ੍ਹਾਂ ਮੁੱਢਲੇ ਪ੍ਰਸ਼ਨਾਂ ਬਾਰੇ ਸੋਝੀ ਹੁੰਦੀ ਹੈ। ਭਾਵੇਂ ਇਸ ਕਾਵਿ ਵਿਚ ਦਾਰਸ਼ਨਿਕ ਚਿੰਤਨ ਦਾ ਕੋਈ ਲੜੀਵਾਰ ਪ੍ਰਬੰਧ ਉਸਾਰਨ ਦੀ ਚੇਸ਼ਟਾ ਨਹੀਂ ਕੀਤੀ ਗਈ ਤਾਂ ਵੀ ਇਸ ਵਿਚ ਜੀਵਨ ਦੀ ਦਾਰਸ਼ਨਿਕ ਵਿਆਖਿਆ ਨਾਲ ਜੁੜੇ ਹੋਏ ਕੁੱਝ ਕਥਨ ਜ਼ਰੂਰ ਮਿਲਦੇ ਹਨ। ਅਜਿਹਾ ਹੋਣਾ ਸੁਭਾਵਕ ਹੀ ਹੈ ਕਿਉਂਕਿ ਫ਼ਰੀਦ ਕਾਵਿ ਮੂਲ ਰੂਪ ਵਿਚ ਕਵਿਤਾ ਜਾਂ ਸ਼ਾਇਰੀ ਹੈ, ਦਰਸ਼ਨ ਸ਼ਾਸਤਰ ਨਹੀਂ। ਫ਼ਰੀਦ ਕਾਵਿ ਦੇ ਦਾਰਸ਼ਨਿਕ ਪੱਖ ਦਾ ਅਧਿਐਨ ਕਰਦੇ ਹੋਏ ਅਸੀਂ ਕੁੱਝ ਅਜਿਹੇ ਦਾਰਸ਼ਨਿਕ ਸੰਕਲਪਾਂ ਦੀ ਪਛਾਣ ਕਰਦੇ ਹਾਂ ਜੋ ਬਾਬਾ ਫ਼ਰੀਦ ਦੇ ਸਮੁੱਚੇ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਜਾਣਕਾਰੀ ਦਿੰਦੇ ਹਨ। ਉਨ੍ਹਾਂ ਦੀ ਵਿਸ਼ਵ-ਦ੍ਰਿਸ਼ਟੀ ਦੀ ਰੂਪ-ਰੇਖਾ ਨੂੰ ਪੇਸ਼ ਕਰਦੇ ਹਨ;

"ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥"[133]

ਇਨ੍ਹਾਂ ਪੰਕਤੀਆਂ ਵਿਚ ਇਕ ਅਜਿਹੀ ਅਪਰ-ਅਪਾਰ ਹਸਤੀ ਦਾ ਸੰਕਲਪ ਸਾਹਮਣੇ ਆਉਂਦਾ ਹੈ ਜੋ ਸਮੁੱਚੇ ਬ੍ਰਹਿਮੰਡ ਦੀ ਸਿਰਜਣਾ ਹੈ। ਇਸ ਅਪਰ-ਅਪਾਰ ਹਸਤੀ ਨੂੰ ਫ਼ਰੀਦ ਕਾਵਿ ਵਿਚ ਅੱਲ੍ਹਾ ਜਾਂ ਖ਼ੁਦਾ ਵੀ ਕਿਹਾ ਗਿਆ ਹੈ। ਜੋ ਇਸਲਾਮ ਧਰਮ ਦੀ ਇਕ ਈਸ਼ਵਰਵਾਦੀ ਧਾਰਨਾ ਦਾ ਅੰਗ ਹੈ। ਫ਼ਰੀਦ ਕਾਵਿ ਦੇ ਦਾਰਸ਼ਨਿਕ ਪੱਖ ਨੂੰ ਸਮਝਣ ਲਈ ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਫ਼ਰੀਦ ਜੀ ਦੀ ਵਿਸ਼ਵ-ਦ੍ਰਿਸ਼ਟੀ ਦੇ ਕੇਂਦਰੀ ਪੱਖ ਵੱਲ ਸੰਕੇਤ ਕਰਦੀ ਹੈ।

ਫ਼ਰੀਦ ਜੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਕ ਅਜਿਹੇ ਰੱਬ ਦਾ ਸੰਕਲਪ ਲੈ ਕੇ ਤੁਰਦੇ ਹਨ ਜੋ ਸ੍ਰਿਸ਼ਟੀ ਦਾ ਪਾਲਣਹਾਰ ਅਤੇ ਗੁਨਾਹਾਂ ਨੂੰ ਬਖਸ਼ਣਹਾਰ ਹੈ। ਉਹ ਰੱਬ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ ਅਤੇ ਉਸ ਵਰਗਾ ਇਸ ਸੰਸਾਰ/ਬ੍ਰਹਿਮੰਡ ਵਿਚ ਹੋਰ ਕੋਈ ਨਹੀਂ ਹੈ। ਉਹ ਇਸ ਬ੍ਰਹਿਮੰਡ ਨੂੰ ਆਪਣੀ ਸ਼ਕਤੀ ਨਾਲ ਚਲਾ ਰਿਹਾ ਹੈ।

ਫ਼ਰੀਦ ਕਾਵਿ ਵਿਚ ਪੇਸ਼ ਹੋਇਆ ਮਾਨਵ ਦਾ ਸੰਕਲਪ ਇਸਲਾਮੀ ਧਰਮ ਗ੍ਰੰਥ ਕੁਰਾਨ ਦੀ ਸਿੱਖਿਆ ਦੇ ਅਨੁਕੂਲ ਹੈ। ਜਿਸ ਵਿਚ ਮਨੁੱਖ ਨੂੰ ਰੱਬ ਵੱਲੋਂ ਸਾਜੀ ਗਈ ਇਕ ਅਜਿਹੀ ਹੋਂਦ ਮੰਨਿਆ ਗਿਆ ਹੈ ਜਿਸ ਵਿਚ ਉੱਚੇ ਤੋਂ ਉੱਚੇ ਦੈਵੀ ਤੱਤ ਦਾ ਗਿਆਨ/ਪ੍ਰਕਾਸ਼ ਵੀ ਹੈ ਤੇ ਕਾਇਨਾਤ ਦੇ ਨੀਵੇਂ ਤੋਂ ਨੀਵੇਂ ਅੰਸ਼ ਦਾ ਸੁਮੇਲ ਵੀ ਹੈ। ਉਹ ਖਾਕ ਵੀ ਰਹਿੰਦਾ ਹੈ ਪਰ ਨੂਰ ਬਣਨ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਵੀ ਹੈ। ਫ਼ਰੀਦ ਕਾਵਿ ਵਿਚ ਮਨੁੱਖੀ ਜੀਵਨ ਦੇ ਇਨ੍ਹਾਂ ਬਾਕੀ ਅੰਸ਼ਾਂ ਅਤੇ ਨੂਰੀ ਅੰਸ਼ਾਂ ਨੂੰ ਲੈ ਕੇ ਜੋ ਕਥਨ ਕੀਤੇ ਗਏ ਹਨ ਉਨ੍ਹਾਂ ਦੀ ਸਹਾਇਤਾ ਨਾਲ ਇਕ ਨਿਸ਼ਚਿਤ ਦਾਰਸ਼ਨਿਕ ਪ੍ਰਬੰਧ ਉਸਾਰਿਆ ਜਾ ਸਕਦਾ ਹੈ। ਫ਼ਰੀਦ ਕਾਵਿ ਵਿਚ ਖਾਕ ਨੂੰ ਨਾਸ਼ਮਾਨ ਸੰਸਾਰ ਦਾ ਮੂਲ ਤੱਤ ਆਖਿਆ ਗਿਆ ਹੈ। ਇਹ ਖਾਕ ਨੀਵੀਂ ਤਾਂ ਹੈ ਪਰ



Sri Satguru Jagjit Singh Ji eLibrary NamdhariElibrary@gmail.com

ਨਿੰਦਣਯੋਗ ਨਹੀਂ;

"ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥"[134]

ਖਾਕ ਦੀਆਂ ਬਣੀਆਂ ਹੋਈਆਂ ਸਾਰੀਆਂ ਵਸਤਾਂ ਅਤੇ ਮੂਰਤਾਂ ਅੰਤ ਵਿਚ ਖਾਕ ਹੀ ਬਣ ਜਾਂਦੀਆਂ ਹਨ। ਬਾਬਾ ਫ਼ਰੀਦ ਜੀ ਦਾ ਕਾਵਿ ਇਸ ਗੱਲ ਨੂੰ ਦ੍ਰਿੜ ਕਰਨ ਲਈ ਕਈ ਉਦਾਹਰਣਾਂ ਦਿੰਦਾ ਹੈ।

ਦੂਜੇ ਪਾਸੇ ਬੰਦੇ ਅਤੇ ਖੁਦਾ ਦਾ ਆਪਸ ਵਿਚ ਕੀ ਰਿਸ਼ਤਾ ਹੈ, ਇਸ ਗੱਲ ਬਾਰੇ ਵੱਖ-ਵੱਖ ਦਾਰਸ਼ਨਿਕ ਪੱਖ ਹਨ। ਕੋਈ ਬੰਦੇ ਨੂੰ ਰੱਬ ਦਾ ਹੀ ਰੂਪ ਮੰਨਦਾ ਹੈ ਤੇ ਕੋਈ ਉਸ ਨੂੰ ਰੱਬ ਤੋਂ ਵੱਖਰੀ ਅਤੇ ਦੁਰਾਡੀ ਸ਼ੈਅ ਮੰਨਦਾ ਹੈ। ਇਸੇ ਤਰ੍ਹਾਂ ਰੱਬ ਬਾਰੇ ਵੀ ਵੱਖ-ਵੱਖ ਤਰ੍ਹਾਂ ਦੇ ਵਿਚਾਰ ਪ੍ਰਚਲਿਤ ਹਨ ਅਰਥਾਤ ਰੱਬ ਦਾ ਸ਼੍ਰਿਸ਼ਟੀ ਨਾਲ ਕੀ ਰਿਸ਼ਤਾ ਹੈ? ਕੀ ਉਹ ਸ਼੍ਰਿਸ਼ਟੀ ਦੇ ਵਿੱਚ ਵੱਸਦਾ ਹੈ ਜਾਂ ਅਪਰ-ਅਪਾਰ ਹੈ? ਇਨ੍ਹਾਂ ਪ੍ਰਸ਼ਨਾਂ ਨੂੰ ਬਾਬਾ ਫ਼ਰੀਦ ਨੇ ਆਪਣੇ ਕਲਾਮ ਵਿਚ ਆਪਣੇ ਢੰਗ ਨਾਲ ਪੇਸ਼ ਕੀਤਾ ਹੈ।

ਬਾਬਾ ਫ਼ਰੀਦ ਕਿਉਂਕਿ ਸੂਫ਼ੀ ਸਾਧਕ ਵੀ ਹਨ ਇਸ ਲਈ ਉਹ ਰੱਬ ਨੂੰ ਸਰਵ-ਉੱਚ ਅਤੇ ਸ਼ਕਤੀਸ਼ਾਲੀ ਮੰਨਦੇ ਹਨ। ਸੂਫ਼ੀ ਸਾਧਕ ਅਜਿਹੇ ਹੀ ਰੱਬ ਦੀ ਭਾਲ ਵਿਚ ਹੈ ਜੋ ਸਾਧਕ ਨੂੰ ਆਪਣੇ ਵਿਚ ਅਭੇਦ ਕਰ ਲਵੇ ਕਿਉਂਕਿ ਸੂਫ਼ੀ ਸਾਧਕਾਂ ਦਾ ਪਹਿਲਾ ਅਤੇ ਆਖ਼ਰੀ ਉਦੇਸ਼ ਇਹ ਹੀ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਅਸਲ (ਪਰਮਾਤਮਾ) ਨਾਲ ਮਿਲਾਪ ਪਾਉਣਾ ਹੈ। ਇਸ ਮਿਲਾਪ ਦੀ ਪ੍ਰਮੁੱਖ ਕੜੀ ਬਾਬਾ ਫ਼ਰੀਦ ਅਨੁਸਾਰ ਇਕੋ ਹੀ ਹੈ ਅਤੇ ਉਹ ਹੈ **ਇਸ਼ਕ।** ਸੂਫ਼ੀ ਪਰੰਪਰਾ ਵਿਚ ਕੋਈ ਵੀ ਸਾਧਕ ਅਜਿਹਾ ਨਹੀਂ ਹੈ ਜਿਸ ਨੇ ਬਿਨਾਂ ਇਸ਼ਕ ਕੀਤਿਆਂ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਲਿਆ ਹੋਵੇ।

ਪ੍ਰੋ. ਕਿਸ਼ਨ ਸਿੰਘ ਵੀ ਇਹੋ ਸਵੀਕਾਰ ਕਰਦਾ ਹੈ ਕਿ, "ਸੂਫ਼ੀ ਦਾ ਲਕਸ਼ ਉਸ ਸਰਬ-ਸ਼ਕਤੀਮਾਨ, ਸਰਬ-ਵਿਆਪਕ ਰੱਬ ਵਿਚ ਇਕ-ਮਿਕ ਹੋਣਾ ਹੈ। ਇਸ ਪ੍ਰਾਪਤੀ ਦਾ ਸਾਧਨ, ਸੂਫ਼ੀ ਦੇ ਮੁਤਾਬਿਕ ਪ੍ਰੇਮ/ਇਸ਼ਕ ਹੈ।"[135]

ਬਾਬਾ ਫ਼ਰੀਦ ਆਪਣੇ ਕਲਾਮ ਵਿਚ ਖ਼ਾਲਕ ਅਤੇ ਖ਼ਲਕ ਵਿਚ ਨਜਦੀਕੀ ਰਿਸ਼ਤਾ ਮੰਨਦਾ ਹੈ। ਫ਼ਰੀਦ ਕਾਵਿ ਇਕ ਈਸ਼ਵਰਵਾਦੀ ਧਾਰਨਾ ਦਾ ਸਮਰਥਨ ਕਰਦਾ ਹੈ ਅਤੇ ਰੱਬ ਨੂੰ ਸ਼੍ਰਿਸ਼ਟੀ ਅਤੇ ਮਨੁੱਖ ਦਾ ਸਿਰਜਣਹਾਰ ਮੰਨਣ ਦਾ ਸੰਕਲਪ ਸਾਹਮਣੇ ਲਿਆਉਂਦਾ ਹੈ। ਮਨੁੱਖ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਖ਼ੁਦੀ ਅਤੇ ਗੁਮਾਨ ਨਾਲ ਭਰਿਆ ਹੋਇਆ ਖਾਕ ਦੇ ਪਸਾਰੇ ਵਿਚ ਹੀ ਵਿਚਰਦਾ ਰਹਿ ਸਕਦਾ ਹੈ। ਅਜਿਹਾ ਮਨੁੱਖ ਆਪਣੇ ਹਿਰਦੇ ਅੰਦਰ ਵੱਸਦੇ ਰੱਬ ਨੂੰ ਪ੍ਰੇਮਾ-ਭਗਤੀ ਅਤੇ ਬੰਦਗੀ ਨਾਲ ਪ੍ਰਾਪਤ ਕਰਕੇ ਉੱਚੇ ਤੋਂ ਉੱਚੇ ਲਕਸ਼ ਦੀ ਪ੍ਰਾਪਤੀ ਵੀ ਕਰ ਸਕਦਾ ਹੈ।

## ਬਾਬਾ ਫ਼ਰੀਦ ਜੀ ਦੀ ਕਾਵਿ ਕਲਾ

ਬਾਬਾ ਫ਼ਰੀਦ ਦੀ ਕਵਿਤਾ ਦੀ ਕਾਵਿ ਕਲਾ ਦਾ ਮੂਲ ਆਧਾਰ ਕਥਨ ਨਹੀਂ ਹੈ ਬਲਕਿ ਸ਼ਬਦ-ਚਿੱਤਰ ਹੈ। ਇਹ ਕਾਵਿ ਮਨੁੱਖੀ ਜੀਵਨ ਦੀਆਂ ਵਿਭਿੰਨ ਸਥਿਤੀਆਂ ਦਾ ਅਜਿਹਾ ਸ਼ਬਦ-ਚਿੱਤਰ ਹੈ ਜਿਸ ਵਿਚ ਸਮੁੱਚੀ ਲੋਕਾਈ ਇਕ ਅਦਭੁਤ ਅਰਥ ਬਣ ਕੇ ਸਾਹਮਣੇ ਆਉਂਦੀ ਹੈ। ਇਹ ਕਾਵਿ ਆਪਣੇ-ਆਪ ਵਿਚ ਸੰਪੂਰਨ ਅਤੇ ਨਿਰਭਰ ਹੈ;



Sri Satguru Jagjit Singh Ji eLibrary NamdhariElibrary@gmail.com

"ਫ਼ਰੀਦ ਦੀ ਕਾਵਿ-ਕਲਾ ਦੀ ਮੂਲ ਟੇਕ ਇਕ ਵਿਆਪਕ ਦਵੰਦ ਦੀ ਪ੍ਰਤੀਤੀ ਹੈ ਅਤੇ ਇਸ ਦੀ ਮੂਲ ਵਿਧੀ ਤਣਾਉ ਦੀ ਹੈ। ਜਿੱਥੇ ਕਿਤੇ ਨੈਤਿਕ ਸੁਰ ਪ੍ਰਬਲ ਹੈ ਉੱਥੇ ਦਵੰਦ ਦਾ ਸੰਤੁਲਨ ਡੋਲ ਜਾਂਦਾ ਹੈ ਤੇ ਤਣਾਉ ਦੀ ਕੱਸ ਢਿੱਲੀ ਪੈ ਜਾਂਦੀ ਹੈ। ਪਰ ਤਾਂ ਵੀ ਜੀਵਨ ਝਾਕੀ ਨੂੰ ਫ਼ਰੀਦ ਸਾਖਿਆਤ ਦੋ ਧਿਰਾਂ ਦੇ ਵਿਰੋਧ ਦੇ ਰੂਪ ਵਿਚ ਹੀ ਕਰਦਾ ਹੈ। ਇਹ ਵਿਰੋਧ ਅਗਿਆਨ ਤੇ ਗਿਆਨ ਦਾ ਹੈ; ਅਗਿਆਨ ਜਿਹੜਾ ਮਨੁੱਖ ਦੀ ਆਪਣੇ ਆਪ ਤੱਕ ਸਿਮਟੀ ਹੋਈ, ਸੁੰਗੜੀ ਹੋਈ, ਵਿਸ਼ਾਲ ਤੇ ਵਿਆਪਕ ਅਰਥਾਂ ਦੇ ਜਗਤ ਨਾਲੋਂ ਟੁੱਟੀ ਹੋਈ ਨਿੱਜੀ ਵਿੱਥਿਆ ਦੀ ਕੂਕ ਫਰਿਆਦ ਬਣ ਕੇ ਪ੍ਰਗਟ ਹੁੰਦਾ ਹੈ ਤੇ ਗਿਆਨ ਹੈ ਵਿਆਪਕ ਸੋਝੀ, ਦਿਸਦੇ ਪਿਛੇ ਲੁਕੇ ਡੂੰਘੇ ਅਰਥਾਂ ਦੀ ਚੇਤਨਤਾ।"[136]

"ਸ਼ੇਖ਼ ਫ਼ਰੀਦ ਦੀ ਰਚਨਾ ਜਿੱਥੇ ਵਿਸ਼ੇ ਪੱਖੋਂ ਉੱਚ ਦਰਜ਼ੇ ਦੀ ਬਾਣੀ ਹੈ, ਉੱਥੇ ਕਾਵਿ-ਗੁਣਾਂ ਦੇ ਪੱਖੋਂ ਵੀ ਕਿਸੇ ਗੱਲੋਂ ਘੱਟ ਨਹੀਂ। ਭਾਵੇਂ ਉਹ ਪੰਜਾਬੀ ਦੇ ਮੁੱਢਲੇ ਕਵੀਆਂ ਵਿਚੋਂ ਹਨ ਫਿਰ ਵੀ ਕੋਈ ਸਿਆਣਾ ਆਲੋਚਕ ਉਨ੍ਹਾਂ ਦੀ ਕਵਿਤਾ ਨੂੰ ਕਿਸੇ ਪੱਖੋਂ ਛੁਟਿਆ ਨਹੀਂ ਸਕਦਾ। ਉਨ੍ਹਾਂ ਦੀ ਕਾਵਿ-ਸਿਰਜਣਾ ਵਿਚ ਇਕ ਚੰਗੀ ਕਵਿਤਾ ਵਾਲੇ ਬਹੁਤ ਸਾਰੇ ਗੁਣ ਮੌਜੂਦ ਹਨ।"[137]

"ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸ॥
ਮੁਝੁ ਅਵਗੁਨ ਸਹਿ ਨਾਹੀ ਦੋਸੁ॥
ਤੈ ਸਾਹਿਬ ਕੀ ਮੈਂ ਸਾਰ ਨਾ ਜਾਨੀ॥
ਜੋਬਨੁ ਖੋਇ ਪਾਛੈ ਪਛਤਾਨੀ॥ਰਹਾਉ॥"[138]

ਬਾਬਾ ਫ਼ਰੀਦ ਦੁਆਰਾ ਰਚਿਤ ਉੱਪਰ ਲਿਖੇ ਗਏ ਸ਼ਬਦ ਵਿਚ ਦੋ ਪ੍ਰਕਾਰ ਦੇ ਚਿੱਤਰ ਪੇਸ਼ ਕੀਤੇ ਗਏ ਹਨ ਇਕ ਵਾਸਤਵਿਕ ਅਵਸਥਾ ਦਾ ਚਿੱਤਰ ਅਤੇ ਦੂਜਾ ਸੰਭਾਵਨਾ ਦਾ ਚਿੱਤਰ। ਵਾਸਤਵਿਕ ਅਵਸਥਾ ਇਹ ਹੈ ਕਿ ਜੀਵ ਰੂਪੀ ਇਸਤਰੀ ਬੜੀ ਦੁਖੀ ਹੋ ਕੇ, ਤੜਪ ਕੇ ਹੁਣ ਹੱਥ ਮਲ੍ਹ ਰਹੀ ਹੈ ਅਤੇ ਬਾਵਲੀ (ਮਸਤਾਨੀ) ਹੋ ਕੇ ਆਪਣੇ ਪ੍ਰੀਤਮ ਨੂੰ ਲਭ ਰਹੀ ਹੈ। ਦੂਜਾ ਚਿੱਤਰ ਸੰਭਾਵਨਾ ਦਾ ਇਹ ਹੈ ਕਿ ਮਸਤਾਨੀ ਹੋਈ ਪ੍ਰੇਮਿਕਾ ਕਾਲੇ ਰੰਗ ਦੀ ਕੋਇਲ ਨੂੰ ਪੁੱਛ ਰਹੀ ਹੈ ਕਿ ਮੈਂ ਤਾਂ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਮਸਤਾਨੀ ਹੋ ਗਈ ਹਾਂ, "ਹੇ ਕੋਇਲ ਇਹ ਦੱਸ ਕਿ ਤੂੰ ਕਿਸ ਦੁੱਖ/ਬਿਰਹਾ ਕਾਰਨ ਕਾਲੇ ਰੰਗ ਦੀ ਹੋ ਗਈ ਹੈ?" ਕੋਇਲ ਜੁਆਬ ਦਿੰਦੀ ਹੈ ਕਿ, "ਮੈਂ ਵੀ ਤੇਰੇ ਵਾਂਗ ਆਪਣੇ ਪ੍ਰੀਤਮ ਦੇ ਵਿਛੋੜੇ ਦੀ ਅੱਗ ਵਿਚ ਸੜ ਕੇ ਕਾਲੇ ਰੰਗ ਦੀ ਹੋ ਗਈ ਹਾਂ।" ਬਾਬਾ ਫ਼ਰੀਦ ਦੇ ਕਲਾਮ ਦਾ ਇਹ ਚਿੱਤਰ ਸੰਭਾਵਨਾ ਚਿੱਤਰ ਕਿਹਾ ਜਾਂਦਾ ਹੈ।

ਬਾਬਾ ਫ਼ਰੀਦ ਦੀ ਕਾਵਿ ਕਲਾ ਦਾ ਇਕ ਅਹਿਮ ਪੱਖ ਇਹ ਹੈ ਕਿ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਸੰਕੇਤਾਤਮਕ ਰੂਪ ਜਾਂ ਪ੍ਰਤੀਕ ਸਿਰਜਣ ਦੀ ਸੂਖਮ ਵਰਤੋਂ ਕੀਤੀ ਹੈ। ਇਹ ਸੰਕੇਤਾਤਮਕ ਰੂਪ ਜਾਂ ਪ੍ਰਤੀਕ ਸਿਰਜਣ ਦਾ ਪੰਜਾਬੀ ਵਿਚ ਕੋਈ ਵਿਸ਼ੇਸ਼ ਨਾਮ ਨਹੀਂ ਹੈ। ਅੰਗ੍ਰੇਜ਼ੀ ਵਿਚ ਇਸ ਰੂਪ ਨੂੰ (Symbol) ਕਿਹਾ ਜਾਂਦਾ ਹੈ। ਇਹ ਐਸੀ ਸੂਖਮ ਛੁਹ ਹੁੰਦੀ ਹੈ ਜਿਸ ਦਾ ਗੂੜ੍ਹ ਗਿਆਨ ਛੇਤੀ ਕਿਸੇ ਮਨੁੱਖ ਦੀ ਸਮਝ ਵਿਚ ਨਹੀਂ ਆਉਂਦਾ ਪਰੰਤੂ ਉਸ ਵਿਚ ਬਹੁਤ ਗਹਿਰਾਈ ਅਤੇ ਸਰਬ-ਵਿਆਪਕਤਾ ਮੌਜੂਦ ਹੁੰਦੀ ਹੈ;

"ਕਲਾਮ-ਫ਼ਰੀਦ ਦੀ ਵਿਸ਼ੇਸ਼ਤਾ ਇਸ ਦੇ ਪ੍ਰਤੀਕ-ਸਿਰਜਣ ਵਿਚ ਹੈ। ਪ੍ਰਤੀਕ, ਮਨੁੱਖੀ ਗਿਆਨ-ਸ਼ਾਸਤਰ ਨਾਲ ਸੰਬੰਧਿਤ ਉਸ ਦੀ ਇਕ ਅਜਿਹੀ ਸੰਸਕ੍ਰਿਤਿਕ ਪ੍ਰਾਪਤੀ ਹੈ,



Sri Satguru Jagjit Singh Ji eLibrary NamdhariElibrary@gmail.com

ਜਿਸ ਰਾਹੀਂ ਉਹ ਬੱਜਰ ਵਾਸਤਵਿਕਤਾ **ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ** ਨੂੰ **ਸਮਝਣ ਯੋਗ** (intelligible) ਬਣਾਉਂਦਾ ਹੈ। ਦੂਸਰੇ ਸ਼ਬਦਾਂ ਵਿਚ ਮਨੁੱਖ ਦੇ ਗਿਆਨ-ਪ੍ਰਾਪਤੀ ਦਾ ਸਾਰਾ ਕਾਰਜ, ਪ੍ਰਤੀਕ-ਸਿਰਜਣਾ ਰਾਹੀਂ ਹੀ ਨੇਪਰੇ ਚੜ੍ਹਦਾ ਹੈ।"[139]

ਬਾਬਾ ਫ਼ਰੀਦ ਦੀ ਕਵਿਤਾ ਦੀ ਬੋਲੀ ਮੁਲਤਾਨੀ (ਲਹਿੰਦੀ ਪੰਜਾਬੀ) ਹੈ। ਪੰਜਾਬੀ ਸਾਹਿਤ ਦਾ ਮੁੱਢ ਲਹਿੰਦੀ ਉੱਪ-ਭਾਸ਼ਾ ਦੇ ਨਾਲ ਬੱਝਦਾ ਹੈ ਅਤੇ ਇਸ ਦਾ ਮੁੱਢ ਬੰਨ੍ਹਣ ਵਾਲਿਆਂ ਵਿਚੋਂ ਬਾਬਾ ਫ਼ਰੀਦ ਦਾ ਨਾਮ ਸਿਰਮੌਰ ਹੈ। ਫ਼ਰੀਦ ਕਾਵਿ ਵਿਚ ਲਾਹੌਰੀ ਦਾ ਪ੍ਰਭਾਵ ਅਤੇ ਮੁਲਤਾਨੀ ਦਾ ਪ੍ਰਭਾਵ ਸਹਿਜੇ ਹੀ ਦੇਖਿਆ ਜਾ ਸਕਦਾ ਹੈ; ਕਿਤੇ ਕਿਤੇ ਬ੍ਰਿਜ਼ ਭਾਸ਼ਾ ਦੇ ਸ਼ਬਦਾਂ ਵੀ ਵਰਤੋਂ ਮਿਲਦੀ ਹੈ ਜਿਵੇਂ; ਕੈ, ਕੰਧ, ਜਿੱਤ, ਸਾਹ, ਵਰ, ਧੀਰ, ਪਿਰਹੜੀ, ਕਸੁੰਭੜੇ, ਸਾਜ, ਲੱਜ, ਘੁਮਿ, ਅਵਗਨ, ਤਪਿ ਤਪਿ, ਜੋਬਨਿ, ਮੀਰ ਆਦਿ।

ਡਾ. ਲਾਜਵੰਤੀ ਰਾਮ ਕ੍ਰਿਸ਼ਨ ਫ਼ਰੀਦ ਕਾਵਿ ਦੀ ਭਾਸ਼ਾ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਦੀ ਹੈ ਕਿ "ਉਸ (ਬਾਬਾ ਫ਼ਰੀਦ) ਦੀ ਭਾਸ਼ਾ ਵੱਖ-ਵੱਖ ਉੱਪ-ਭਾਸ਼ਾਵਾਂ ਦੇ ਮਿਸ਼ਰਣ ਵਾਲੀ ਸਾਧਾਰਣ ਤੇ ਸਹਿਜ ਪੰਜਾਬੀ ਸੀ। ਇਕ ਉੱਪ-ਭਾਸ਼ਾ ਜੋ ਉਸ ਦੀ ਬੋਲੀ ਵਿਚ ਵਧੇਰੇ ਉਘੜਵੀਂ ਸੀ ਉਹ ਮੁਲਤਾਨੀ ਹੈ। ਲਹਿੰਦੀ ਦਾ ਪ੍ਰਭਾਵ ਵੀ ਪ੍ਰਤੱਖ ਹੈ। ਉਸ ਦੀ ਕਵਿਤਾ ਵਿਚ ਹਿੰਦੀ ਅਤੇ ਫ਼ਾਰਸੀ ਦੇ ਸ਼ਬਦ ਵੀ ਲੱਭਦੇ ਹਨ, ਪਰ ਉਹ ਕੋਈ ਟਾਵਾਂ ਟੱਲਾ ਸ਼ਬਦ ਹੀ ਹੈ, ਜਿਸ ਨੂੰ ਪੰਜਾਬੀ ਲੋਕ ਸਮਝ ਨਹੀਂ ਸਕਦੇ।"[140]

ਬਾਬਾ ਫ਼ਰੀਦ ਦੇ ਕਾਵਿ ਵਿਚ ਮਨੁੱਖੀ ਜੀਵਨ ਦੇ ਹਰ ਪਹਿਲੂ ਨਾਲ ਸੰਬੰਧਿਤ ਕਾਵਿ-ਚਿੱਤਰ ਉਪਲਬਧ ਹਨ, ਉਹ ਚਾਹੇ ਬੱਚੇ ਦੇ ਜਨਮ ਦਾ ਚਿੱਤਰਨ ਹੋਵੇ ਜਾਂ ਮੌਤ ਤੋਂ ਬਾਅਦ ਕਬਰ ਵਿਚਲਾ ਕਾਵਿ-ਚਿੱਤਰ ਹੋਵੇ। ਫ਼ਰੀਦ ਜੀ ਦੇ ਕਾਵਿ ਵਿਚ ਮਨੁੱਖ ਦੇ ਜੀਵਨ ਤੋਂ ਆਰੰਭ ਹੋ ਕੇ ਮੌਤ ਤੋਂ ਬਾਅਦ ਤੱਕ ਦੇ ਸਮੂਹ ਕਾਰ-ਵਿਹਾਰ ਸਾਂਭੇ ਹੋਏ ਹਨ। ਫ਼ਰੀਦ ਕਾਵਿ ਦੇ ਇਸ ਗੁਣ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਅਤਰ ਸਿੰਘ ਲਿਖਦੇ ਹਨ;

"ਉਸ (ਬਾਬਾ ਫ਼ਰੀਦ) ਦੀ ਰਚਨਾ ਵਿਚ ਨਿੱਤ ਦੇ ਕਾਰਾਂ-ਵਿਹਾਰਾਂ, ਧੰਧਿਆਂ, ਰੁਝੇਵਿਆਂ ਦੇ ਅਸੰਖਾਂ ਮੂੰਹੋਂ ਬੋਲਦੇ ਚਿੱਤਰ ਸਾਂਭੇ ਹੋਏ ਹਨ। ਜੀਵਨ ਦੇ ਇਨ੍ਹਾਂ ਅਨੁਭਵਾਂ ਦਾ ਪਾਸਾਰ ਬਾਲ ਦੇ ਜਨਮ ਸਮੇਂ ਨਾੜੂ ਕੱਟਣ ਦੀ ਝਾਕੀ ਤੋਂ ਲੈ ਕੇ ਮੌਤ ਪਿੱਛੋਂ ਪੰਛੀਆਂ ਦਾ ਆਹਲਣਾ ਬਣੀ ਖੋਪੜੀ ਦੇ ਦ੍ਰਿਸ਼ ਤੱਕ ਪਸਾਰਿਆ ਹੋਇਆ ਹੈ।"[141]

ਬਾਬਾ ਫ਼ਰੀਦ ਦੀ ਕਵਿਤਾ ਵਿਚ ਸਭ ਤੋਂ ਵੱਧ ਅਨੁਪ੍ਰਾਸ ਅੰਲਕਾਰ ਵੀ ਵਰਤੋਂ ਕੀਤੀ ਗਈ ਹੈ ਜਿਵੇਂ;

"ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥"[142]

ਇਸ ਤੋਂ ਇਲਾਵਾ ਬਾਬਾ ਫ਼ਰੀਦ ਨੇ ਆਪਣੇ ਕਲਾਮ ਵਿਚ ਕਿਤੇ-ਕਿਤੇ ਰੂਪਕ ਅੰਲਕਾਰ ਦੀ ਵਰਤੋਂ ਵੀ ਕੀਤੀ ਗਈ ਹੈ ਜਿਵੇਂ;

"ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥



Sri Satguru Jagjit Singh Ji eLibrary NamdhariElibrary@gmail.com

ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥"[143]

ਬਾਬਾ ਫ਼ਰੀਦ ਦੇ ਕਲਾਮ ਵਿਚ ਆਮ ਕਰਕੇ ਪਰਮਾਤਮਾ ਅਤੇ ਜੀਵਾਤਮਾ ਲਈ ਪ੍ਰੇਮੀ-ਪ੍ਰੇਮਿਕਾ ਦਾ ਬਿੰਬ ਸਿਰਜਿਆ ਗਿਆ ਹੈ ਪਰੰਤੂ ਉੱਪਰ ਲਿਖੇ ਗਏ ਸਲੋਕ ਵਿਚ ਬਾਬਾ ਫ਼ਰੀਦ ਜੀ ਜਿੰਦ ਭਾਵ ਮਨੁੱਖੀ ਸਰੀਰ ਨੂੰ ਵਹੁਟੀ (ਇਸਤਰੀ) ਅਤੇ ਮੌਤ ਨੂੰ ਵਰ (ਪਤੀ) ਮਰਦ ਦੇ ਰੂਪ ਵਿਚ ਸਿਰਜ ਰਹੇ ਹਨ। ਇਸ ਸੰਸਾਰ ਵਿਚ ਆਈ ਹੋਈ ਸੂਖਮ ਹੋਂਦ (ਸਰੀਰ) ਨੂੰ ਇਕ ਨਾ ਇਕ ਦਿਨ ਵਰ (ਮੌਤ ਰੂਪੀ ਪਤੀ) ਨੇ ਵਿਆਹ ਕੇ ਲੈ ਜਾਣਾ ਹੈ;

"ਇਹ ਇਸਤਰੀ ਦਾ ਪ੍ਰਤੀਕ ਭਾਰਤ ਦੀ ਅਧਿਆਤਮਿਕ ਕਾਵਿ ਰਚਨਾ ਵਿਚ ਸਰਵ-ਵਿਆਪਕ ਹੈ ਤੇ ਮੁਸਲਮਾਨ ਸੂਫ਼ੀਆਂ ਨੇ ਇੱਥੋਂ ਦੇ ਵਾਤਾਵਰਣ ਤੋਂ ਗ੍ਰਹਿਣ ਕੀਤਾ ਹੈ ਕਿਉਂ ਜੋ ਈਰਾਨ ਆਦਿਕ ਵਿਚ ਅਜਿਹੀ ਪਰੰਪਰਾ ਨਹੀਂ ਹੈ।"[144]

ਦੂਜੀ ਗੱਲ ਬਾਬਾ ਫ਼ਰੀਦ ਦੀ ਕਵਿਤਾ ਵਿਚਲਾ ਪ੍ਰਧਾਨ ਅੰਲਕਾਰ ਸਾਮੰਤ-ਸ਼ਾਹੀ ਯੁਗ ਦੀ ਪਤੀ-ਪਤਨੀ (ਪ੍ਰੇਮੀ-ਪ੍ਰੇਮਿਕਾ) ਦੇ ਬਿੰਬਾਂ ਨੂੰ ਰੂਪਮਾਨ ਕਰਦਾ ਹੈ। ਉਸ ਸਮੇਂ ਦੇ ਪਤੀ-ਪਤਨੀ (ਪ੍ਰੇਮੀ-ਪ੍ਰੇਮਿਕਾ) ਦੇ ਜੀਵਨ ਦੇ ਹਰ ਪਹਿਲੂ ਨੂੰ ਬਾਬਾ ਫ਼ਰੀਦ ਨੇ ਕਲਪਣਾ ਦੇ ਬਿੰਬਾਂ ਰਾਹੀਂ ਬਿਆਨ ਕੀਤਾ ਹੈ।

ਬਾਬਾ ਫ਼ਰੀਦ ਨੇ ਆਪਣੇ ਕਾਵਿ ਵਿਚ ਪੇਸ਼ ਸਾਰੇ ਪ੍ਰਤੀਕ ਅਤੇ ਅੰਲਕਾਰ ਆਮ ਜਨ-ਜੀਵਨ ਵਿਚੋਂ ਲਏ ਗਏ ਹਨ; ਜਿਵੇਂ ਕਮਾਦ, ਕਪਾਹ, ਤਿਲ, ਨਦੀ, ਭਾਂਡਾ, ਧਨ, ਜੋਬਨ, ਇਸ਼ਕ, ਪ੍ਰੇਮ, ਸੁਹਾਗਣ, ਦੁਹਾਗਣ, ਸੱਜਣ, ਪਿਰ, ਕਾਗਜ਼, ਟੋਏ, ਦੁੱਧ ਅਤੇ ਕੰਤ ਆਦਿ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਕਾਵਿ ਵਿਚ ਅਰਬੀ-ਫ਼ਾਰਸੀ ਸ਼ਬਦਾਂ ਦੀ ਵੀ ਵਰਤੋਂ ਕੀਤੀ ਹੈ; ਜਿਵੇਂ ਬੇਪਰਵਾਹ, ਗੋਰ, ਮੁਸਲਾ, ਸੂਫ਼, ਸੁਬਹੂ, ਦੁਨੀ, ਸਤਿ, ਬੇਨਿਵਾਜ਼ਾ, ਮੁਰੀਦਾ ਆਦਿ।

ਫ਼ਰੀਦ ਕਾਵਿ ਵਿਚ ਮਨੁੱਖੀ ਜੀਵਨ ਦੇ ਅਸਲ ਉਦੇਸ਼ ਨੂੰ ਪ੍ਰਾਪਤ ਕਰਨ ਦੇ ਢੰਗ ਅਤੇ ਮਨੁੱਖ ਅਤੇ ਰੱਬ ਵਿਚਾਲੇ ਰੁਕਾਵਟਾਂ ਬਣੀਆਂ ਔਕੜਾਂ ਦਾ ਵਿਸਥਾਰ-ਸਹਿਤ ਵਰਨਣ ਕੀਤਾ ਗਿਆ ਹੈ। ਫ਼ਰੀਦ ਕਾਵਿ ਮਨੁੱਖ ਨੂੰ ਉਸਦਾ ਅਸਲ ਉਦੇਸ਼ ਯਾਦ ਕਰਵਾਉਂਦਾ ਹੈ। ਮਨੁੱਖ ਨੂੰ ਮੌਤ ਦਾ ਡਰ, ਸਰੀਰ ਦੀ ਨਾਸ਼ਮਾਨਤਾ, ਬਤੀਤ ਹੁੰਦੀ ਉੱਮਰ, ਨਰਕਾਂ ਦੀ ਅੱਗ ਆਦਿ ਦੇ ਡਰਾਵੇ ਦੇ ਕੇ ਰੱਬ ਦੀ ਭਗਤੀ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਦੂਜੇ ਪਾਸੇ ਫ਼ਰੀਦ ਕਾਵਿ ਮਨੁੱਖ ਦੇ ਇਸ ਜੀਵਨ ਨੂੰ ਸਜ਼ਾ (ਮੰਦੇ ਕੰਮਾਂ ਦਾ ਨਤੀਜਾ) ਮੰਨਦਾ ਹੈ। ਸੂਫ਼ੀ ਪਰੰਪਰਾ ਦੇ ਅਨੁਸਾਰ ਇਹ ਜੀਵਨ ਸਾਡੇ ਕਿਸੇ ਮਾੜੇ ਕਰਮਾਂ ਦੇ ਕਾਰਨ ਪਰਮਾਤਮਾ ਨੇ ਸਾਨੂੰ ਆਪਣੇ ਨਾਲੋਂ ਵਿਛੋੜੇ ਦੇ ਰੂਪ ਵਿਚ ਦਿੱਤਾ ਹੈ। ਫ਼ਰੀਦ ਕਾਵਿ ਅਜੋਕੇ ਸਮਾਜ ਨੂੰ ਚੰਗੀ ਅਤੇ ਨੇਕ ਸੇਧ ਦਿੰਦਾ ਹੈ। ਇਹ ਕਾਵਿ ਸਮਾਜ ਵਿਚ ਰਹਿੰਦੇ ਮਨੁੱਖ ਨੂੰ ਸਦਾਚਾਰਕ, ਨੈਤਿਕਤਾ ਨਾਲ ਭਰਪੂਰ ਅਤੇ ਸਮਾਜਿਕ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਦਾਨ ਕਰਦਾ ਹੈ। ਬਾਬਾ ਫ਼ਰੀਦ ਦੇ ਉਪਦੇਸ਼ ਅੱਜ ਵੀ ਉਤਨੇ ਹੀ ਸਾਰਥਕ ਅਤੇ ਕਾਰਗਰ ਹਨ ਜਿਤਨੇ ਉਸ ਸਮੇਂ ਸਨ ਜਦੋਂ ਇਹ ਦਿੱਤੇ ਗਏ ਸਨ। ਇਹਨਾਂ ਉਪੇਦਸ਼ਾਂ ਤੇ ਅਮਲ ਕਰਕੇ ਅਜੋਕਾ ਮਨੁੱਖ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਪੂਰਤੀ ਕਰ ਸਕਦਾ ਹੈ ਅਤੇ ਜੀਵਨ ਨੂੰ ਖੁਸ਼ਹਾਲ ਬਣਾ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਟਿੱਪਣੀਆਂ ਅਤੇ ਹਵਾਲੇ


1. ਡਾ. ਹਰੀ ਸਿੰਘ ਖਹਿਰਾ, **ਬਾਬਾ ਫ਼ਰੀਦ ਤੇ ਗੁਰੂ ਨਾਨਕ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ**, ਪੰਨਾ-57, 58.
2. ਉਹੀ, ਪੰਨਾ-57, 58.
3. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), **ਚੋਣਵਾਂ ਪੰਜਾਬੀ ਸੂਫ਼ੀ ਕਲਾਮ**, ਪੰਨਾ-6.
4. ਉਹੀ, **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਨਾ-104.
5. ਡਾ. ਅਤਰ ਸਿੰਘ, **ਸਮਦਰਸ਼ਨ**, ਪੰਨਾ-81.
6. ਉਹੀ, **ਸ਼ਾਹ ਹੁਸੈਨ ਦਾ ਕਾਵਿ ਅਨੁਭਵ: ਦ੍ਰਿਸ਼ਟੀਕੋਣ**, ਪੰਨਾ-90.
7. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਨਾ-104.
8. ਭਾਈ ਗੁਰਦਾਸ ਜੀ, **ਵਾਰਾਂ ਭਾਈ ਗੁਰਦਾਸ ਜੀ**, ਵਾਰ ਨੰਬਰ 1, ਪੰਨਾ-6.
9. ਡਾ. ਬ੍ਰਹਮਜਗਦੀਸ਼ ਸਿੰਘ, **ਸ਼ਬਦ ਤੇ ਸ਼ਲੋਕ ਬਾਬਾ ਸ਼ੇਖ਼ ਫ਼ਰੀਦ: ਵਿਚਾਰਧਾਰਾ ਅਤੇ ਪਾਠ**, ਪੰਨਾ-59.
10. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-37.
11. ਪ੍ਰੋ. ਪਿਆਰਾ ਸਿੰਘ ਭੋਗਲ, **ਮਹਾਂਕਵੀ ਬਾਬਾ ਫ਼ਰੀਦ**, ਪੰਨਾ-26.
12. ਡਾ. ਬਲਕਾਰ ਸਿੰਘ, **ਖੋਜ-ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਅੰਕ**, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), ਪੰਨਾ-117.
13. ਡਾ. ਅਤਰ ਸਿੰਘ, **ਸਮਦਰਸ਼ਨ**, ਪੰਨਾ-82.
14. ਡਾ. ਹਰੀ ਸਿੰਘ ਖਹਿਰਾ, **ਬਾਬਾ ਫ਼ਰੀਦ ਤੇ ਗੁਰੂ ਨਾਨਕ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ**, ਪੰਨਾ 57, 58.
15. ਡਾ. ਜੀ. ਐਲ. ਸ਼ਰਮਾ, **ਸ਼ੇਖ਼ ਫ਼ਰੀਦ ਚਿੰਤਨ ਤੇ ਕਲਾ**, ਪੰਨਾ-16.
16. ਡਾ. ਅਜੀਤ ਸਿੰਘ ਕੱਕੜ, ਡਾ. ਗੁਰਮੁੱਖ ਸਿੰਘ, (ਸੰਪਾਦਕ), **ਸ਼ੇਖ਼ ਫ਼ਰੀਦ ਬਹੁ-ਪੱਖੀ ਅਧਿਐਨ**, ਪੰਨਾ-13.
17. शेख फरीद जिनका पूरा नाम फरीद मसऊद शकर गंज था। शेख फरीद जी का जन्म 1172 ई० में गाँव खोतवाल जिला मुल्तान में हुआ। इनके पिता का नाम शेख जमान सुलेमान तथा माता का नाम मरियम था। इनकी माता धर्मात्मा इस्लामी तालीम की ज्ञाता थी। वह शुद्ध हृदय वाली व ईमानदार थी। उसकी शिक्षा का प्रभाव फरीद जी के ऊपर बचपन में ही बहुत पड़ा। आप 12 साल से पहले ही कुरान मजीद अध्यन्न कर गए। यह भी कहा जाता है कि मौखिक रूप से पहले ही याद कर लिया तथा धार्मिक परिपक्व हो गए। इनके पिता मशहूर सूफी थे।

    Source: http://www.spiritualworld.co.in/bhakto-aur-santo-ki-jivni-aur-bani-words-by-great-bhagats/bhagat-shek-farid-ji-an-introduction.html#ixzz2RuPy9A22 Link:http: www.spiritualworld.co.in.




Sri Satguru Jagjit Singh Ji eLibrary NamdhariElibrary@gmail.com

18. “When Farid was a few years old his mother taught him his prayers. The boy asked what was gained by his prayers. His mother replied ‘sugar’. She used to accordingly hide some sugar under his prayer-carpet, and, when he had finished his prayers, draw it forth, and give it to Farid as a reward for his devotion. On one occasion, when his mother was absent, he prayed a great deal, and, it is said, a great supply of sugar a miraculous gift from God was found under his carpet. Some he ate himself and the rest he gave to his playfellows. He related the circumstance to his mother on her return. It was then his mother gave him the surname Shakar Ganj, meaning a “treasury of sugar.”
Link: http://www.sikhiwiki.org/index.php?title=Sheikh_Farid.
19. ਡਾ. ਅਜੀਤ ਸਿੰਘ ਕੱਕੜ, ਡਾ. ਗੁਰਮੁਖ ਸਿੰਘ, (ਸੰਪਾਦਕ), **ਸ਼ੇਖ਼ ਫ਼ਰੀਦ ਬਹੁ-ਪੱਖੀ ਅਧਿਐਨ**, ਪੰਨਾ-11.
20. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-61.
21. ਉਹੀ, ਪੰਨਾ-84.
22. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-39.
23. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-114.
24. ਐਮ.ਜੀ. ਗੁਪਤਾ (ਸੰਪਾਦਕ), **ਬਾਬਾ ਸ਼ੇਖ਼ ਫ਼ਰੀਦ**, ਪੰਨਾ-7.
25. ਉਹੀ, ਪੰਨਾ-13.
26. ਡਾ. ਜਗਬੀਰ ਸਿੰਘ, **ਫ਼ਰੀਦ ਬਾਣੀ ਦੇ ਸਰੋਕਾਰ**, ਖੋਜ-ਪੱਤਰ, ਪੰਨਾ-5.
27. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-18.
28. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), **ਚੋਣਵਾਂ ਪੰਜਾਬੀ ਸੂਫ਼ੀ ਕਲਾਮ**, ਪੰਨਾ-8.
29. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-24.
30. ਡਾ. ਬ੍ਰਹਮਜਗਦੀਸ਼ ਸਿੰਘ, **ਬੋਲੈ ਸ਼ੇਖ਼ ਫ਼ਰੀਦੁ**, ਪੰਨਾ-9.
31. ਪ੍ਰੋ. ਪ੍ਰੀਤਮ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ**, ਭਾਗ-ਪਹਿਲਾ, ਪੰਨਾ-362.
32. ਡਾ. ਹਰਪ੍ਰੀਤ ਰੂਬੀ, **ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ**, ਪੰਨਾ-57.
33. ਡਾ. ਲਾਜਵੰਤੀ ਰਾਮ ਕ੍ਰਿਸ਼ਨ, **ਪੰਜਾਬੀ ਸੂਫ਼ੀ ਕਵੀ**, ਪੰਨਾ-56.
34. ਡਾ. ਤੇਜਾ ਸਿੰਘ, **ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ**, ਪੰਨਾ-44.
35. ਡਾ. ਨਰੇਸ਼, **ਸੂਫ਼ੀਮਤ ਅਤੇ ਸੂਫ਼ੀ ਕਾਵਿ**, ਪੰਨਾ-85.
36. ਡਾ. ਅਨਵਰ ਚਿਰਾਗ਼, **ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ**, ਪੰਨਾ-138.
37. ਡਾ. ਤੇਜਾ ਸਿੰਘ, **ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ**, ਪੰਨਾ-42.
38. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-118, 119.
39. ਡਾ. ਅਤਰ ਸਿੰਘ, **ਪੰਜਾਬੀ ਸੂਫ਼ੀ ਕਾਵਿ ਦੀ ਵਿਸ਼ੇਸ਼ਤਾ: ਦ੍ਰਿਸ਼ਟੀਕੋਣ**, ਪੰਨਾ-73.
40. ਡਾ. ਹਰੀ ਸਿੰਘ ਖਹਿਰਾ, **ਬਾਬਾ ਫ਼ਰੀਦ ਤੇ ਗੁਰੂ ਨਾਨਕ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ**, ਪੰਨਾ-63.



Sri Satguru Jagjit Singh Ji eLibrary NamdhariElibrary@gmail.com

41. **ਗੁਰੂ ਗ੍ਰੰਥ ਸਾਹਿਬ**, ਪੰਨਾ-1381.
42. ਉਹੀ, ਪੰਨਾ-1381.
43. 1) योग न होने की अवस्था या भाव। (2) ऐसी अवस्था जिसमें दो जीव विशेषत: प्रेमी एक दूसरे से दूर हों और इस प्रकार उनमें मिलन न होता हो। (3) उक्त अवस्था के फलस्वरूप प्रेमियों को होनेवाला कष्ट। http://shabdkosh.raftaar.in/Hindi-Dictionary/Meaning/viyog.
44. ਭਾਈ ਕਾਨ੍ਹ ਸਿੰਘ ਨਾਭਾ, **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ-59.
45. ਡਾ. ਕਿਸ਼ਨ ਸਿੰਘ ਗੁਪਤਾ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-129.
46. **ਗੁਰੂ ਗ੍ਰੰਥ ਸਾਹਿਬ**, ਪੰਨਾ-89.
47. ਡਾ. ਬਿਕਰਮ ਸਿੰਘ ਘੁੰਮਣ, **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-83.
48. ਡਾ. ਦੀਵਾਨ ਸਿੰਘ, **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-109.
49. ਡਾ. ਕਿਸ਼ਨ ਸਿੰਘ ਗੁਪਤਾ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-128.
50. ਡਾ. ਬ੍ਰਹਮਜਦਗੀਸ਼ ਸਿੰਘ, **ਸ਼ਬਦ ਤੇ ਸਲੋਕ ਬਾਬਾ ਸ਼ੇਖ਼ ਫ਼ਰੀਦੁ: ਵਿਚਾਰਧਾਰਾ ਤੇ ਪਾਠ**, ਪੰਨਾ-70.
51. **ਗੁਰੂ ਗ੍ਰੰਥ ਸਾਹਿਬ**, ਪੰਨਾ-179.
52. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-117.
53. ਡਾ. ਕਾਲਾ ਸਿੰਘ ਬੇਦੀ, **ਸ਼ਾਹ ਹੁਸੈਨ ਰਚਨਾਵਲੀ**, ਪੰਨਾ-186.
54. ਡਾ. ਸੁਹਿੰਦਰਬੀਰ, ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-55.
55. ਸੁਰਿੰਦਰ ਕੋਹਲੀ, **ਫ਼ਰੀਦ ਦਰਪਣ**, ਪੰਨਾ-14.
56. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ-43, 44.
57. ਪ੍ਰੋ. ਬ੍ਰਹਮਜਦਗੀਸ਼ ਸਿੰਘ, **ਸ਼ਬਦ ਤੇ ਸਲੋਕ ਬਾਬਾ ਸ਼ੇਖ਼ ਫ਼ਰੀਦੁ: ਵਿਚਾਰਧਾਰਾ ਤੇ ਪਾਠ**, ਪੰਨਾ-71.
58. **ਗੁਰੂ ਗ੍ਰੰਥ ਸਾਹਿਬ**, ਪੰਨਾ-794.
59. ਉਹੀ, ਪੰਨਾ-441.
60. **ਸ਼ਬਦ ਭਗਤ ਫ਼ਰੀਦ ਜੀ (ਸਟੀਕ)**, ਪੰਨਾ-38.
61. **ਗੁਰੂ ਗ੍ਰੰਥ ਸਾਹਿਬ**, ਪੰਨਾ-1379.
62. ਪ੍ਰੋ. ਹਰਚੇਤ ਸਿੰਘ ਪੰਛੀ, **ਪੰਜਾਬੀ ਕਾਵਿ ਵਿਚ ਬਿਰਹਾ ਭਾਵਨਾ**, ਪੰਨਾ-11.
63. **ਗੁਰੂ ਗ੍ਰੰਥ ਸਾਹਿਬ**, ਪੰਨਾ-1378.
64. ਉਹੀ, ਪੰਨਾ-12.
65. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ-43, 44.
66. **ਗੁਰੂ ਗ੍ਰੰਥ ਸਾਹਿਬ**, ਪੰਨਾ-1379.
67. ਉਹੀ, ਪੰਨਾ-1378.
68. ਉਹੀ, ਪੰਨਾ-1382.
69. ਡਾ. ਬਿਕਰਮ ਸਿੰਘ ਘੁੰਮਣ, **ਸੂਫ਼ੀਮਤ ਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-83.



Sri Satguru Jagjit Singh Ji eLibrary NamdhariElibrary@gmail.com

70. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ-23.
71. ਉਹੀ, ਪੰਨਾ-19.
72. ਉਹੀ, ਪੰਨਾ-46.
73. ਡਾ. ਅਮਰਜੀਤ ਸਿੰਘ ਕਾਂਗ, **ਫਰੀਦ ਬਾਣੀ ਦੀ ਸਮਕਾਲੀ ਪ੍ਰਾਸੰਗਿਕਤਾ**, ਖੋਜ-ਦਰਪਣ, ਪੰਨਾ-133, 134.
74. ਡਾ. ਜਸਪਾਲ ਕੌਰ ਕਾਂਗ, **ਫ਼ਰੀਦ ਬਾਣੀ ਵਿਚ ਕਾਲ ਦੀ ਪ੍ਰਵਾਹਮਾਨਤਾ ਤੇ ਮਾਨਵੀ ਸੰਤਾਪ**, ਖੋਜ-ਦਰਪਣ, ਪੰਨਾ-143.
75. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-46.
76. **ਗੁਰੂ ਗ੍ਰੰਥ ਸਾਹਿਬ**, ਰਾਗ ਸੂਹੀ, ਪੰਨਾ-79.
77. ਡਾ. ਸੁਹਿੰਦਰਬੀਰ, ਡਾ. ਬਿਕਰਮ ਸਿੰਘ ਘੁੰਮਣ, (ਮੁੱਖ ਸੰਪਾਦਕ), **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-55.
78. ਡਾ. ਜਗਜੀਤ ਸਿੰਘ, **ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ**, ਪੰਨਾ-31.
79. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-120.
80. ਡਾ. ਜਗਜੀਤ ਸਿੰਘ, **ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ**, ਪੰਨਾ-34.
81. **ਗੁਰੂ ਗ੍ਰੰਥ ਸਾਹਿਬ**, ਪੰਨਾ-488.
82. ਪ੍ਰੋ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-38.
83. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-141.
84. ਡਾ. ਜਗਜੀਤ ਸਿੰਘ, **ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ**, ਪੰਨਾ-41.
85. ਪ੍ਰੋ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-39.
86. ਡਾ. ਮੋਹਨ ਸਿੰਘ ਦੀਵਾਨਾ, **ਸ਼ਾਹ ਹੁਸੈਨ**, ਕਾਫ਼ੀ 138, ਪੰਨਾ-206.
87. **ਗੁਰੂ ਗ੍ਰੰਥ ਸਾਹਿਬ**, ਪੰਨਾ-1379.
88. ਉਹੀ, ਪੰਨਾ-794.
89. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-114.
90. ਪ੍ਰੋ. ਗੁਰਦੇਵ ਸਿੰਘ, **ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ**, ਪੰਨਾ-40.
91. **ਗੁਰੂ ਗ੍ਰੰਥ ਸਾਹਿਬ**, ਪੰਨਾ-488.
92. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-36.
93. ਪ੍ਰੋ. ਬ੍ਰਹਮਜਗਦੀਸ਼ ਸਿੰਘ, **ਸ਼ਬਦ ਤੇ ਸ਼ਲੋਕ ਬਾਬਾ ਸ਼ੇਖ਼ ਫ਼ਰੀਦ: ਵਿਚਾਰਧਾਰਾ ਅਤੇ ਪਾਠ**, ਪੰਨਾ-67.
94. **ਗੁਰੂ ਗ੍ਰੰਥ ਸਾਹਿਬ**, ਪੰਨਾ-1380.
95. ਉਹੀ, ਪੰਨਾ-1380.
96. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-31.
97. **ਗੁਰੂ ਗ੍ਰੰਥ ਸਾਹਿਬ**, ਪੰਨਾ-1378.
98. ਉਹੀ, ਪੰਨਾ-1380.
99. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-35.
100. ਡਾ. ਬਿਕਰਮ ਸਿੰਘ ਘੁੰਮਣ, **ਸੂਫ਼ੀਮਤ ਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-81.
101. ਉਹੀ, ਪੰਨਾ-237.
102. ਡਾ. ਕਿਰਪਾਲ ਸਿੰਘ ਕਸੇਲ, **ਬਾਬਾ ਫ਼ਰੀਦ ਦੀ ਸਾਹਿਤਕ ਪ੍ਰਤਿਭਾ**, ਪੰਨਾ-61.
103. ਪ੍ਰੋ. ਬ੍ਰਹਮਜਗਦੀਸ਼ ਸਿੰਘ, **ਬੋਲੈ ਸ਼ੇਖ਼ ਫ਼ਰੀਦੁ**, ਪੰਨਾ-37.



Sri Satguru Jagjit Singh Ji eLibrary NamdhariElibrary@gmail.com

104. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-37.
105. **ਗੁਰੂ ਗ੍ਰੰਥ ਸਾਹਿਬ**, ਪੰਨਾ-1378.
106. ਡਾ. ਕੁਲਦੀਪ ਕੌਰ, **ਪੰਜਾਬੀ ਸੂਫ਼ੀ ਕਵਿਤਾ ਦੀਆਂ ਮੂਲ ਪ੍ਰਵਿਰਤੀਆਂ**, ਖੋਜ-ਪੱਤ੍ਰਿਕਾ, ਪੰਨਾ-39.
107. ਡਾ. ਮਨਜੀਤ ਸਿੰਘ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-143.
108. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-39.
109. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ-35.
110. ਡਾ. ਮਨਜੀਤ ਸਿੰਘ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-144.
111. ਪ੍ਰੋ. ਬ੍ਰਹਮਜਗਦੀਸ਼ ਸਿੰਘ, **ਬੋਲੈ ਸ਼ੇਖ਼ ਫ਼ਰੀਦੁ**, ਪੰਨਾ-38,39.
112. **ਗੁਰੂ ਗ੍ਰੰਥ ਸਾਹਿਬ**, ਪੰਨਾ-1383.
113. ਉਹੀ, ਪੰਨਾ 1380.
114. ਡਾ. ਮਨਮੋਹਨ ਸਿੰਘ, **ਸੂਫ਼ੀਮਤ ਅਤੇ ਧਾਰਮਿਕ ਲਹਿਰਾਂ**, ਪੰਨਾ-34,35.
115. **ਗੁਰੂ ਗ੍ਰੰਥ ਸਾਹਿਬ**, ਪੰਨਾ-1382.
116. ਡਾ. ਬਿਕਰਮ ਸਿੰਘ ਘੁੰਮਣ, **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-80.
117. ਡਾ. ਅਤਰ ਸਿੰਘ, **ਸਮਦਰਸ਼ਨ**, ਪੰਨਾ-83.
118. ਡਾ. ਕਿਸ਼ਨ ਸਿੰਘ ਗੁਪਤਾ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ**, **ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-132.
119. ਪ੍ਰੋ. ਸੰਤ ਸਿੰਘ ਸੇਖੋਂ, **ਪੰਜਾਬੀ ਕਾਵਿ-ਸ਼ਿਰੋਮਣੀ**, ਪੰਨਾ-37.
120. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ-8, 9.
121. ਉਹੀ, ਪੰਨਾ-26.
122. ਡਾ. ਗੁਰਦੇਵ ਸਿੰਘ, **ਜੀਵਨੀਆਂ ਸੂਫ਼ੀ ਦਰਵੇਸ਼ਾਂ ਦੀਆਂ**, ਪੰਨਾ-11.
123. ਡਾ. ਹਰੀ ਸਿੰਘ ਖਹਿਰਾ, **ਬਾਬਾ ਫ਼ਰੀਦ ਤੇ ਗੁਰੂ ਨਾਨਕ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ**, ਪੰਨਾ-68.
124. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-115.
125. ਡਾ. ਗੁਰਦੇਵ ਸਿੰਘ, **ਜੀਵਨੀਆਂ ਸੂਫ਼ੀ ਦਰਵੇਸ਼ਾਂ ਦੀਆਂ**, ਪੰਨਾ-11.
126. **ਗੁਰੂ ਗ੍ਰੰਥ ਸਾਹਿਬ**, ਪੰਨਾ-1382.
127. ਉਹੀ, ਪੰਨਾ-1379.
128. ਉਹੀ, ਪੰਨਾ-1379.
129. ਉਹੀ, ਪੰਨਾ-1378.
130. ਤੇਜਾ ਸਿੰਘ ਸੋਢੀ (ਟੀਕਾਕਾਰ), **ਸਲੋਕ ਫ਼ਰੀਦ ਜੀ ਸਟੀਕ**, ਪੰਨਾ-8.
131. ਉਹੀ, ਪੰਨਾ-45.
132. ਪ੍ਰੋ. ਗੁਲਵੰਤ ਸਿੰਘ, **ਇਸਲਾਮ ਅਤੇ ਸੂਫ਼ੀਵਾਦ**, ਪੰਨਾ-115.
133. **ਗੁਰੂ ਗ੍ਰੰਥ ਸਾਹਿਬ**, ਪੰਨਾ-488.
134. ਉਹੀ, ਪੰਨਾ-1378.
135. ਪ੍ਰੋ. ਕਿਸ਼ਨ ਸਿੰਘ, **ਸੂਫ਼ੀਮਤ ਅਤੇ ਸੂਫ਼ੀ ਕਵਿਤਾ**, ਪੰਨਾ-22.



Sri Satguru Jagjit Singh Ji eLibrary NamdhariElibrary@gmail.com

136. ਡਾ. ਅਤਰ ਸਿੰਘ, **ਸਮਦਰਸ਼ਨ**, ਪੰਨਾ-85.
137. ਡਾ. ਬਿਕਰਮ ਸਿੰਘ ਘੁੰਮਣ, **ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ**, ਪੰਨਾ-87.
138. **ਸ਼ਬਦ ਭਗਤ ਫ਼ਰੀਦ ਜੀ (ਸਟੀਕ)**, ਪੰਨਾ-71.
139. ਡਾ. ਮਨਜੀਤ ਸਿੰਘ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), **ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ**, ਪੰਨਾ-140.
140. ਡਾ. ਲਾਜਵੰਤੀ ਰਾਮ ਕ੍ਰਿਸ਼ਨ, **ਪੰਜਾਬੀ ਸੂਫ਼ੀ ਕਵੀ**, ਪੰਨਾ-55.
141. ਡਾ. ਅਤਰ ਸਿੰਘ, **ਸਮਦਰਸ਼ਨ**, ਪੰਨਾ-82.
142. **ਸ਼ਬਦ ਭਗਤ ਫ਼ਰੀਦ ਜੀ (ਸਟੀਕ)**, ਪੰਨਾ-71.
143. **ਗੁਰੂ ਗ੍ਰੰਥ ਸਾਹਿਬ**, ਪੰਨਾ-1377.
144. ਡਾ. ਅਜੀਤ ਸਿੰਘ ਕੱਕੜ, ਡਾ. ਗੁਰਮਖ ਸਿੰਘ, (ਸੰਪਾਦਕ), **ਸ਼ੇਖ਼ ਫ਼ਰੀਦ ਬਹੁ-ਪੱਖੀ ਅਧਿਐਨ**, ਪੰਨਾ-50.



Sri Satguru Jagjit Singh Ji eLibrary NamdhariElibrary@gmail.com

## ਅਧਿਆਇ ਤੀਜਾ

# ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਪੰਜਾਬੀ ਸਾਹਿਤ ਦੇ ਖੇਤਰ ਵਿਚ ਜਿੱਥੇ ਸੂਫ਼ੀ ਕਵਿਤਾ ਦਾ ਅਹਿਮ ਸਥਾਨ ਹੈ ਉੱਥੇ ਸੂਫ਼ੀ ਕਵਿਤਾ ਵਿਚ ਸ਼ਾਹ ਹੁਸੈਨ ਦਾ ਸਥਾਨ ਬਾਬਾ ਫ਼ਰੀਦ ਤੋਂ ਬਾਅਦ ਬਹੁਤ ਮਹੱਤਵਪੂਰਨ ਅਤੇ ਨਿਵੇਕਲਾ ਮੰਨਿਆ ਜਾਂਦਾ ਹੈ। ਪੰਜਾਬੀ ਸੂਫ਼ੀ ਕਾਵਿ ਦਾ ਮੁੱਢ ਬਾਬਾ ਫ਼ਰੀਦ ਦੀ ਰਚਨਾ ਨਾਲ ਬੱਝਦਾ ਹੈ ਅਤੇ ਇਹ ਕਾਵਿ ਪਰੰਪਰਾ ਸ਼ਾਹ ਹੁਸੈਨ ਦੇ ਕਾਵਿ-ਸੰਸਾਰ ਕਾਰਣ ਜੋਬਨ ਉੱਤੇ ਪੁੱਜ ਜਾਂਦੀ ਹੈ। ਸ਼ਾਹ ਹੁਸੈਨ ਨੂੰ ਪੰਜਾਬੀ ਸੂਫ਼ੀ ਕਵਿਤਾ ਦੇ ਵਿਕਾਸ ਦਾ ਮੱਧਵਰਤੀ ਕਵੀ ਕਿਹਾ ਜਾਂਦਾ ਹੈ। ਉਸ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ, ਵਿਯੋਗ ਵਿਚੋਂ ਉਤਪੰਨ ਬਿਰਹਾ ਦੀ ਤੜਪ, ਮੁਰਸ਼ਦ ਦਾ ਮਹੱਤਵ, ਰੱਬੀ-ਇਸ਼ਕ ਦੀ ਭਾਵਨਾ ਅਤੇ ਪਿਆਰੇ ਨਾਲ ਮਿਲਾਪ ਦੀ ਘੜੀ ਦੇ ਅਨੇਕ ਚਿੱਤਰ ਦ੍ਰਿਸ਼ਟੀਗੋਚਰ ਹੁੰਦੇ ਹਨ;

"ਬਾਬਾ ਫ਼ਰੀਦ ਸ਼ੱਕਰਗੰਜ ਨੇ ਜਿਸ ਸੂਫ਼ੀ ਕਾਵਿ-ਪਰੰਪਰਾ ਦਾ ਸੰਚਾਲਨ ਕੀਤਾ, ਸ਼ਾਹ ਹੁਸੈਨ ਉਸ ਪਰੰਪਰਾ ਨੂੰ ਵਿਸਥਾਰ ਪ੍ਰਦਾਨ ਕਰਨ ਵਾਲਾ ਪੰਜਾਬੀ ਸੂਫ਼ੀ ਸ਼ਾਇਰ ਸੀ। ਉਸ ਦੀ ਪ੍ਰਸਿੱਧੀ ਉਸ ਦੁਆਰਾ ਸਿਰਜੀਆਂ ਗਈਆਂ ਪੰਜਾਬੀ ਕਾਫ਼ੀਆਂ ਕਾਰਣ ਹੈ ਜਿਹੜੀਆਂ ਗਿਣਤੀ ਵਜੋਂ ਲਗਭਗ 164 ਹਨ।"[1]

ਪ੍ਰੋ. ਗੁਰਦਿਆਲ ਸਿੰਘ ਢਿੱਲੋਂ ਦੇ ਸ਼ਬਦਾਂ ਵਿਚ ਸ਼ਾਹ ਹੁਸੈਨ ਦੀ ਕਵਿਤਾ ਨਾਲ ਹੀ ਪੰਜਾਬੀ ਸੂਫ਼ੀ ਕਵਿਤਾ ਆਪਣਾ ਅਸਲ ਰੂਪ ਅਖ਼ਤਿਆਰ ਕਰਦੀ ਹੈ। ਉਨ੍ਹਾਂ ਅਨੁਸਾਰ, "ਸ਼ਾਹ ਹੁਸੈਨ ਦੀ ਕਵਿਤਾ ਨਾਲ ਹੀ ਸਹੀ ਅਰਥਾਂ ਵਿਚ ਪੰਜਾਬੀ ਸੂਫ਼ੀ ਕਵਿਤਾ ਦਾ ਮੁਹਾਂਦਰਾ ਪੂਰੀ ਤਰ੍ਹਾਂ ਉਘੜ ਕੇ ਸਾਹਮਣੇ ਆਉਂਦਾ ਹੈ, ਉਸ ਦੀਆਂ ਕਾਫ਼ੀਆਂ ਨਾਲ ਪੰਜਾਬੀ ਸੂਫ਼ੀ ਕਵਿਤਾ ਨੇ ਇਕ ਨਿੱਗਰ ਪੁਲਾਂਘ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਪੱਟੀ। ਇਹ ਕਵਿਤਾ ਪੰਜਾਬੀ ਸੂਫ਼ੀ ਕਵਿਤਾ ਵਿਚ ਨਵੀਆਂ ਸੰਭਾਵਨਾਵਾਂ ਉਜਾਗਰ ਕਰਦੀ ਹੈ। ਇਸ ਦੁਆਰਾ ਹੀ ਪੰਜਾਬੀ ਸੂਫ਼ੀ ਕਵਿਤਾ ਦੀ ਵਿਚਾਰਧਾਰਾ, ਦਰਸ਼ਨ, ਸਾਧਨਾ ਤੇ ਰਹੱਸਵਾਦ ਦੀ ਰੂਪ-ਰੇਖਾ ਸਿਰਜੀ ਗਈ। ਇਸ ਦੁਆਰਾ ਹੀ ਇਸਦਾ ਮੁਹਾਵਰਾ, ਵਾਯੂਮੰਡਲ, ਸੁਰ, ਲਹਿਜਾ ਤੇ ਪ੍ਰਤੀਕਾਤਮਕਤਾ ਸਥਿਰ ਹੋਈ।"[2]

ਇਸ ਅਧਿਆਇ ਦਾ ਮੂਲ ਵਿਸ਼ਾ ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ ਹੈ। ਇਸ ਲਈ ਪਾਠ ਦੇ ਅੰਤਰਗਤ ਸ਼ਾਹ ਹੁਸੈਨ ਦੇ ਜੀਵਨ ਅਤੇ ਸਖਸ਼ੀਅਤ, ਰਚਨਾ-ਸੰਸਾਰ, ਬਿਰਹਾ ਅਨੁਭਵ, ਰੱਬੀ-ਇਸ਼ਕ ਦਾ ਸੰਕਲਪ, ਸਦਾਚਾਰਕ ਪੱਖ, ਸ਼ਰੀਅਤ, ਸ਼ਾਹ ਹੁਸੈਨ ਦੀ ਕਾਵਿ-ਕਲਾ ਆਦਿ ਵਿਸ਼ਿਆਂ ਉੱਪਰ ਵਿਚਾਰ-ਚਰਚਾ ਕੀਤੀ ਜਾਵੇਗੀ ਤਾਂ ਕਿ **ਸ਼ਾਹ ਹੁਸੈਨ ਦੀ ਸਖਸ਼ੀਅਤ** ਅਤੇ ਰਚਨਾ ਦਾ ਬਹੁ-ਪੱਖੀ ਅਧਿਐਨ ਕੀਤਾ ਜਾ ਸਕੇ।



Sri Satguru Jagjit Singh Ji eLibrary NamdhariElibrary@gmail.com

## ਸ਼ਾਹ ਹੁਸੈਨ: ਜੀਵਨ ਅਤੇ ਸਖਸ਼ੀਅਤ

ਸ਼ਾਹ ਹੁਸੈਨ ਦਾ ਜਨਮ ਲਾਹੌਰ ਵਿਖੇ 945 ਹਿਜ਼ਰੀ ਮੁਤਾਬਿਕ ਸੰਨ 1539 ਈ. ਵਿਚ ਹੋਇਆ। ਉਸ ਦੇ ਪਿਤਾ ਦਾ ਨਾਮ ਸ਼ੇਖ਼ ਉਸਮਾਨ ਸੀ ਜੋ ਕਿ ਪਹਿਲਾਂ ਇਕ ਮੁਅੱਜ਼ਜ਼ ਰਾਜਪੂਤ ਸੀ ਅਤੇ ਸ਼ਾਹ ਹਮਾਯੂੰ ਦੇ ਸਮੇਂ ਮੁਸਲਮਾਨ ਹੋ ਗਿਆ ਸੀ। ਉਸ ਨੇ ਆਪਣਾ ਨਾਮ ਕਲਸਰਾਇ ਦੀ ਥਾਂ ਸ਼ੇਖ਼ ਉਸਮਾਨ ਰੱਖ ਲਿਆ ਸੀ;

"ਸ਼ਾਹ ਹੁਸੈਨ (1538-1599) ਇਕ ਪੰਜਾਬੀ ਸੂਫ਼ੀ ਕਵੀ ਅਤੇ ਸੂਫ਼ੀ ਸੰਤ ਸੀ। ਉਹ ਸ਼ੇਖ਼ ਉਸਮਾਨ ਦਾ ਪੁੱਤਰ ਸੀ, ਜੋ ਢੱਡਾ ਰਾਜਪੂਤ ਜਾਤੀ ਨਾਲ ਸੰਬੰਧ ਰੱਖਦਾ ਸੀ। ਉਹ (ਸ਼ਾਹ ਹੁਸੈਨ) ਲਾਹੌਰ (ਪਾਕਿਸਤਾਨ) ਵਿਚ ਪੈਦਾ ਹੋਇਆ। ਉਹ ਪੰਜਾਬੀ ਕਵਿਤਾ ਵਿਚ ਕਾਫ਼ੀ ਕਾਵਿ-ਰੂਪ ਦਾ ਸਿਰਮੌਰ ਮੰਨਿਆਂ ਜਾਂਦਾ ਹੈ।"[3]

"ਸ਼ਾਹ ਹੁਸੈਨ ਦੇ ਪਿਤਾ ਦਾ ਨਾਂ ਮੁਹੰਮਦ ਉਸਮਾਨ ਸੀ ਤੇ ਉਹ ਲਾਹੌਰ ਦੇ ਵਸਨੀਕ ਸਨ। ਬਾਲਕ ਸ਼ਾਹ ਹੁਸੈਨ ਨੂੰ ਸਮੇਂ ਦੀ ਪ੍ਰਥਾ ਅਨੁਸਾਰ ਛੋਟੀ ਉਮਰੇ ਹੀ ਮਸੀਤੇ ਪੜ੍ਹਣਾ ਪਾ ਦਿੱਤਾ ਗਿਆ, ਜਿੱਥੇ ਉਨ੍ਹਾਂ ਮੌਲਵੀ ਅਬੂ-ਬਕਰ ਪਾਸੋਂ ਕੁਰਾਨ ਦਾ ਪਾਠ ਪੜ੍ਹਿ ਆ। ਮਗਰੋਂ ਉਹ ਮਲਾਮਤੀ ਸੰਪਰਦਾਇ ਦੇ ਦਰਵੇਸ਼ ਸ਼ੇਖ਼ ਬਹਿਲੋਲ ਦਰਿਆਈ ਦੇ ਸ਼ਿਸ਼ ਹੋ ਕੇ ਮਲਾਮਤੀ ਸੰਪਰਦਾਇ ਵਿਚ ਦਾਖਿਲ ਹੋ ਗਏ।"[4]

ਪ੍ਰੋ. ਹਰਜਿੰਦਰ ਸਿੰਘ ਅਟਵਾਲ ਨੇ ਡਾ. ਮੋਹਨ ਸਿੰਘ ਦੀਵਾਨਾ ਦਾ ਹਵਾਲਾ ਦਿੰਦਿਆਂ ਕਿਹਾ ਹੈ, "ਸ਼ਾਹ ਹੁਸੈਨ ਦੇ ਪਿਉ ਦਾ ਨਾਂ ਉਸਮਾਨ ਸੀ, ਜੋ ਮੁਸਲਮਾਨ ਸਨ, ਪਰ ਸ਼ਾਹ ਹੁਸੈਨ ਦਾ ਦਾਦਾ ਹਿੰਦੂ ਸੀ ਉਸ ਦਾ ਨਾਂ ਕੁਲਜਸ ਸੀ।"[5]

ਸ਼ਾਹ ਹੁਸੈਨ ਦੇ ਮਾਤਾ-ਪਿਤਾ ਆਪਣੀ ਰੋਜ਼ੀ-ਰੋਟੀ ਲਈ ਜੁਲਾਹੇ ਦਾ ਕੰਮ ਕਰਦੇ ਸਨ। ਸ਼ਾਹ ਹੁਸੈਨ ਨੂੰ ਸਭ ਤੋਂ ਪਹਿਲਾਂ ਮੌਲਵੀ ਅਬੂ-ਬਕਰ ਦੀ ਦਰਗਾਹ ਵਿਚ ਪੜ੍ਹਨ ਲਈ ਭੇਜਿਆ ਗਿਆ। ਪ੍ਰਸਿੱਧ ਸੂਫ਼ੀ ਫ਼ਕੀਰ ਹਜ਼ਰਤ ਬਹਿਲੋਲ ਨੇ ਸ਼ਾਹ ਹੁਸੈਨ ਨੂੰ ਗੁਰੂ ਦੀਖਿਆ ਦਿੱਤੀ ਅਤੇ ਰੂਹਾਨੀਅਤ ਦੇ ਇਲਮ ਦਾ ਚਸਕਾ ਲਾਇਆ। ਸ਼ਾਹ ਹੁਸੈਨ ਨੇ ਦੱਸ ਸਾਲ ਦੀ ਉਮਰ ਵਿਚ ਹੀ ਸਾਰਾ ਕੁਰਾਨ ਸ਼ਰੀਫ਼ ਕੰਠ ਕਰ ਲਿਆ ਸੀ;

"ਦਾਰਾ ਸ਼ਿਕੋਹ ਨੇ ਸ਼ਾਹ ਹੁਸੈਨ ਨੂੰ ਸ਼ਾਹ ਹੁਸੈਨ ਢੱਡਾ ਲਿਖਿਆ ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਹਨਾਂ ਦਾ ਵੰਸ਼ ਢੱਡੇ ਰਾਜਪੂਤਾਂ ਦਾ ਵੰਸ਼ ਸੀ ਤੇ ਇਹ ਵੰਸ਼ ਜੁਲਾਹਿਆਂ ਦਾ ਕੰਮ ਕਰਦਾ ਸੀ। ਇਸ ਬਾਰੇ ਕਿੰਤੂ ਕਰਨ ਦੀ ਲੋੜ ਇਸ ਲਈ ਪੈਦਾ ਨਹੀਂ ਹੁੰਦੀ ਕਿਉਂਕਿ ਜ਼ਮੀਨਾਂ ਖੁਸ ਜਾਣ ਮਗਰੋਂ ਬਹੁਤ ਸਾਰੇ ਰਾਜੂਪਤਾਂ ਨੇ ਜੁਲਾਹਿਆਂ ਦਾ ਕੰਮ ਕਰਨਾ ਆਰੰਭ ਕਰ ਲਿਆ ਸੀ।"[6]

ਪੰਜਾਬੀ ਸੂਫ਼ੀ ਸਾਹਿਤ ਨੂੰ ਅਧਿਆਤਮਵਾਦ ਤੋਂ ਸਮਾਜਕਤਾ ਵਾਲੇ ਪਾਸੇ ਤੋਰਨ ਵਾਲਾ ਇਹ ਸੂਫ਼ੀ ਕਵੀ (ਸ਼ਾਹ ਹੁਸੈਨ) 63 ਸਾਲ ਦੀ ਉਮਰ ਭੋਗ ਕੇ 1008 ਹਿਜ਼ਰੀ ਮਤਾਬਿਕ ਸੰਨ 1599 ਈ. ਨੂੰ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਿਆ।

ਸ਼ਾਹ ਹੁਸੈਨ ਦੀ ਰਚਨਾ ਆਕਾਰ ਅਤੇ ਵਿਸ਼ੇ ਪੱਖੋਂ ਬਹੁਤ ਮਹਾਨ ਹੈ। ਉਸ ਨੇ 163 ਦੇ ਲਗਭਗ ਸਲੋਕ ਅਤੇ ਕਾਫ਼ੀਆਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਉਸ ਨੇ ਕੁਝ ਸ਼ਬਦ ਅਤੇ ਸਲੋਕ ਵੀ ਰਚੇ ਹਨ। ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਅਤੇ ਵਿਯੋਗ ਦੀ ਨੁਹਾਰ ਦੇਖਣਯੋਗ ਹੈ। ਉਸ ਦੀ ਕਵਿਤਾ ਵਿਚ ਕੋਈ ਅੱਲੜ੍ਹ ਮੁਟਿਆਰ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਤੜਪਦੀ



Sri Satguru Jagjit Singh Ji eLibrary NamdhariElibrary@gmail.com

ਮਾਲੂਮ ਹੁੰਦੀ ਹੈ। ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਤੋਂ ਇਲਾਵਾ ਵਿਯੋਗ, ਲੋਕਿਕ ਤੱਥ, ਜਨ-ਜੀਵਨ, ਸਮਾਜਿਕ ਕਾਰ-ਵਿਹਾਰ, ਸੰਸਾਰਕਤਾ ਅਤੇ ਧਾਰਮਿਕ ਰਹੁ-ਰੀਤਾਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ;

"ਹੁਸੈਨ ਅਨੁਭਵੀ, ਮਸਤ, ਸੋਚਵਾਨ, ਸਰਬੰਗੀ ਚੇਤੰਨਤਾ ਵਾਲਾ ਕਵੀ ਹੈ, ਉਸ ਦੇ ਸਾਰੇ ਬਚਨ ਹੁਲਾਰੇ ਹਨ, ਉਸ ਦੀ ਆਤਮਾ ਦੇ, ਤੇ ਆਤਮਾ ਕਈ ਅੱਡ-ਅੱਡ ਤਮਾਸ਼ੇ ਵੇਖਦੀ ਹੈ ਤੇ ਸਾਰਿਆਂ ਪ੍ਰਕਾਰਾਂ ਦਿਆਂ ਅਨੁਭਵਾਂ ਤੋਂ ਬਿਨਾਂ ਟੀਕਾ-ਟਿੱਪਣੀ, ਸ਼ਿਕਾਇਤ ਕਟਾਖ ਦੇ ਸੁਆਦ ਮਾਣਦੀ ਹੈ। ਉਹ ਕਿੰਨਿਆਂ ਹੀ ਰੰਗਾਂ ਦੇ ਮੋਟੇ ਪਤਲੇ ਧਾਗਿਆਂ ਦਾ ਕੱਪੜਾ ਉਣਦਾ ਹੈ। ਉਹ ਰਾਗ ਰਸ, ਰੰਗ ਰੂਪ ਦਾ ਪੁਜਾਰੀ ਹੈ। ਉਸ ਲਈ ਪਾਪ ਤੋਂ ਪਰੇ ਪੁੰਨ ਤੋਂ ਪਰੇ ਕੋਈ ਲੀਲਾ ਮਾਤਰ ਕੰਮ ਹੈ, ਜਿਸ ਨੂੰ ਰੱਬੀ ਹਾਲਤ ਵਿਚ ਉਹ ਆਪੇ ਕਾਇਮ ਰਹਿ ਕੇ ਖੇਡਦਾ ਹੈ।"[7]

ਸ਼ਾਹ ਹੁਸੈਨ ਨੇ ਆਪਣੇ ਕਲਾਮ ਵਿਚ ਵਿਯੋਗੇ ਮਨੁੱਖ ਦੇ ਬਹੁਤ ਚਿੱਤਰ ਸਿਰਜੇ ਹਨ। ਵਿਯੋਗ ਦੀ ਅਵਸਥਾ ਕਾਰਣ ਮਨੁੱਖ ਨੂੰ ਕਿਸ ਤਰ੍ਹਾਂ ਦੇ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਇਹ ਸ਼ਾਹ ਹੁਸੈਨ ਦੀ ਕਵਿਤਾ ਵਿਚੋਂ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਸ ਵੇਲੇ ਸੂਫ਼ੀ ਸਾਧਕ ਨੂੰ ਵਿਯੋਗ ਦੀ ਅਵਸਥਾ ਦਾ ਗਿਆਨ ਹੋ ਜਾਂਦਾ ਹੈ ਤਾਂ ਉਸ ਸਾਧਕ ਦੇ ਮਨ ਵਿਚ ਬਿਰਹਾ ਉਤਪੰਨ ਹੋ ਜਾਂਦੀ ਹੈ। ਇਸ ਬਿਰਹਾ ਦੀ ਤੜਪ ਨੂੰ ਸ਼ਾਹ ਹੁਸੈਨ ਨੇ ਆਪਣੇ ਕਲਾਮ ਵਿਚ ਸ਼ਿੱਦਤ ਨਾਲ ਬਿਆਨਿਆ ਹੈ;

"ਸ਼ਾਹ ਹੁਸੈਨ ਦੀ ਕਵਿਤਾ ਵਿਚ ਰੱਬ ਨਾਲੋਂ ਵਿਛੜ ਚੁਕੇ ਪ੍ਰਾਣੀ ਦੀ ਤੜਪ ਦੀ ਅਵਸਥਾ ਨੂੰ ਚਿੱਤਰਿਆ ਗਿਆ ਹੈ। ਪਰਮਾਤਮਾ ਦਾ ਵਿਛੋੜਾ ਸਾਧਕ ਨੂੰ ਪਲ-ਪਲ ਦੀ ਮੌਤ ਮਾਰ ਰਿਹਾ ਹੈ ਪਰ ਰੱਬ ਆਪਣੀ ਮਿਹਰ ਕਰਕੇ ਹੀ, ਸਾਧਕ ਨੂੰ ਛੁਡਾ ਸਕਦਾ ਹੈ।"[8]

ਵਿਯੋਗ ਦੀ ਅਵਸਥਾ ਵਿਚ ਬਿਰਹਨ ਹੋਈ ਨਾਇਕਾ ਨੂੰ ਆਪਣੇ ਜੀਵਨ ਦਾ ਇਕੋ-ਇਕ ਮਨੋਰਥ ਪ੍ਰਤੀਤ ਹੁੰਦਾ ਹੈ। ਉਸ ਮਨੋਰਥ ਮੁਤਾਬਕ ਉਹ ਆਪਣੇ ਕੰਤ ਭਾਵ ਪ੍ਰਭੂ ਨੂੰ ਪਾਉਣਾ ਚਾਹੁੰਦੀ ਹੈ। ਇਸ ਪ੍ਰਾਪਤੀ ਦੇ ਰਾਹ ਵਿਚ ਰੁਕਾਵਟ ਇਹ ਹੈ ਕਿ ਬਿਰਹਨ ਨਾਇਕਾ ਨੂੰ ਕੋਈ ਰਾਹ ਦੱਸਣ ਵਾਲਾ ਮੁਰਸ਼ਦ ਨਹੀਂ ਮਿਲ ਰਿਹਾ। ਜਿਸ ਵੇਲੇ ਮੁਰਸ਼ਦ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਬਿਰਹਾ ਵਿਚ ਤੜਪ ਰਹੀ ਨਾਇਕਾ ਮੁਰਸ਼ਦ ਨੂੰ ਆਪਣਾ ਸਭ ਕੁਝ ਅਰਪਣ ਕਰ ਦਿੰਦੀ ਹੈ। ਮੁਰਸ਼ਦ ਦੇ ਕਥਨ ਤੇ ਚੱਲਦਿਆਂ ਨਾਇਕਾ ਇਸ਼ਕ ਦਾ ਰਾਹ ਅਖ਼ਤਿਆਰ ਕਰਦੀ ਹੈ। ਇਸ਼ਕ ਦੇ ਰਾਹ ਤੇ ਚੱਲਦਿਆਂ ਉਸ ਨੂੰ ਆਪਣਾ ਕੰਤ ਮਿਲ ਪੈਂਦਾ ਹੈ। ਇਸ ਕੰਤ ਦੀ ਪ੍ਰਾਪਤੀ ਦਾ ਜ਼ਿਕਰ ਸ਼ਾਹ ਹੁਸੈਨ ਦੀ ਕਵਿਤਾ ਵਿਚ ਵਾਰ-ਵਾਰ ਹੋਇਆ ਹੈ। ਸ਼ਾਹ ਹੁਸੈਨ ਨੂੰ ਜਿਸ ਵੇਲੇ ਬਿਰਹਾ ਦਾ ਗਿਆਨ ਹੋ ਜਾਂਦਾ ਹੈ ਭਾਵ ਜਿਸ ਵੇਲੇ ਸ਼ਾਹ ਹੁਸੈਨ ਵਿਯੋਗ ਦੇ ਪ੍ਰਤੀ ਜਾਗ੍ਰਤ ਹੋ ਜਾਂਦਾ ਹੈ ਤਾਂ ਉਹ ਸ਼ਰੀਅਤ ਤੋਂ ਮੁਨਕਰ ਹੋ ਜਾਂਦਾ ਹੈ ਅਤੇ ਬਿਰਹਾ ਵਿਚ ਵਿਆਕੁਲ ਹੋ ਕੇ ਪਰਮਾਤਮਾ ਵਿਚ ਅਭੇਦ ਹੋਣ ਲਈ ਉਪਰਾਲੇ ਕਰਦਾ ਹੈ। ਇਹਨਾਂ ਉਪਰਾਲਿਆਂ ਦੇ ਸਿੱਟੇ ਵੱਜੋਂ ਜਿਹੜੀ ਬਿਰਹਾ ਸ਼ਬਦਾਂ ਦਾ ਰੂਪ ਅਖ਼ਤਿਆਰ ਕਰਦੀ ਹੈ ਉਹ ਸ਼ਾਹ ਹੁਸੈਨ ਦੀ ਕਵਿਤਾ ਦੇ ਰੂਪ ਵਿਚ ਸੂਫ਼ੀ ਸਾਹਿਤ ਵੱਜੋਂ ਸਾਂਭੀ ਪਈ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਬਿਰਹਾ ਦਾ ਅਨੁਭਵ ਸ਼ਾਹ ਹੁਸੈਨ ਦੀ ਨਿੱਜੀ ਜ਼ਿੰਦਗੀ ਦਾ ਅਨੁਭਵ ਹੈ ਜੋ ਸ਼ਬਦਾਂ ਦਾ ਰੂਪ ਲੈ ਕੇ ਸੂਫ਼ੀ ਸਾਹਿਤ ਵੱਜੋਂ ਸਾਡੇ ਹੱਥਾਂ ਵਿਚ ਹੈ।

ਸ਼ਾਹ ਹੁਸੈਨ ਦੀ ਕਵਿਤਾ ਵਿਚ ਪਰਮਾਤਮਾ ਨੂੰ ਪਾਉਣ ਦੀ ਝਲਕ ਹੁਲਾਰੇ ਮਾਰਦੀ ਦਿਖਾਈ ਦਿੰਦੀ ਹੈ। ਡਾ. ਹਰਜਿੰਦਰ ਸਿੰਘ ਅਟਵਾਲ ਅਨੁਸਾਰ, "ਬਿਰਹਾ ਤੋਂ ਹੀ ਹੁਸੈਨ ਦਾ



Sri Satguru Jagjit Singh Ji eLibrary NamdhariElibrary@gmail.com

ਅਨੁਭਵ ਆਰੰਭ ਹੁੰਦਾ ਹੈ। ਬਿਰਹਾ ਵਿਚ ਹੀ ਪ੍ਰਫੁੱਲਿਤ ਹੁੰਦਾ ਹੈ ਤੇ ਬਿਰਹਾ ਵਿਚ ਹੀ ਇਹ ਸਿਰੇ ਚੜ੍ਹ ਦਾ ਹੈ।"[9]

ਸ਼ਾਹ ਹੁਸੈਨ ਦੀ ਕਵਿਤਾ ਵਿਚ ਮਨੁੱਖੀ ਜੀਵਨ ਨਾਲ ਸੰਬੰਧਤ ਹਰ ਰੰਗ ਮਿਲਦਾ ਹੈ ਪਰ ਮੂਲ ਰੂਪ ਵਿਚ ਬਿਰਹਾ, ਵਿਛੋੜੇ ਅਤੇ ਵਿਯੋਗ ਦੇ ਮੂਲ ਸੁਰ ਬਣੇ ਰਹਿੰਦੇ ਹਨ। ਸ਼ਾਹ ਹੁਸੈਨ ਦੀ ਕਵਿਤਾ ਵਿਚ ਮਿਲਦੇ ਸੁਰ ਉਸ ਦੀ ਨਿੱਜੀ ਜ਼ਿੰਦਗੀ ਦੇ ਸੁਰ ਹਨ। ਉਸ ਨੇ ਜੋ ਕੁਝ ਆਪਣੇ ਤਨ ਤੇ ਹੰਢਾਇਆ ਉਹ ਸ਼ਬਦਾਂ ਰਾਹੀਂ ਉਸ ਦੀ ਕਵਿਤਾ ਵਿਚ ਦਿਖਾਈ ਦਿੰਦਾ ਹੈ। ਉਹ ਆਪਣੇ ਜੀਵਨ ਵਿਚ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਰਿਹਾ ਅਤੇ ਇਹੀ ਪ੍ਰਭਾਵ ਉਸ ਦੀਆਂ ਕਾਫ਼ੀਆਂ ਵਿਚ ਵੀ ਦੇਖਿਆ ਜਾ ਸਕਦਾ ਹੈ। ਸ਼ਾਹ ਹੁਸੈਨ ਦੀ ਕਵਿਤਾ ਵਿਚ ਕਿਤੇ-ਕਿਤੇ ਸਮਾਜਕ ਰਿਸ਼ਤਿਆਂ-ਨਾਤਿਆਂ ਅਤੇ ਬਾਹਰੀ ਆਡੰਬਰਾਂ ਦੇ ਵਿਰੋਧ ਵਿਚ ਸੁਰ ਪ੍ਰਗਟ ਹੁੰਦੇ ਹਨ।

## ਸ਼ਾਹ ਹੁਸੈਨ: ਰਚਨਾ ਸੰਸਾਰ

ਪੰਜਾਬੀ ਸੂਫ਼ੀ ਸਾਹਿਤ ਦੇ ਖੇਤਰ ਵਿਚ ਸ਼ਾਹ ਹੁਸੈਨ ਦੀ ਪ੍ਰਮੁੱਖ ਦੇਣ ਕਾਫ਼ੀਆਂ ਦੇ ਰੂਪ ਵਿਚ ਉਪਲਬੱਧ ਹੈ ਅਤੇ ਇਹ ਕਾਫ਼ੀਆਂ ਇਕ ਕਾਵਿ-ਰੂਪ ਵੱਜੋਂ ਸਥਾਪਿਤ ਹੋਈਆਂ ਹਨ। ਪੰਜਾਬੀ ਸੂਫ਼ੀ ਸਾਹਿਤ ਵਿਚ ਸ਼ਾਹ ਹੁਸੈਨ ਦੀ ਰਚਨਾ ਰੂਪ ਅਤੇ ਆਕਾਰ ਪੱਖੋਂ ਮਹਾਨਤਾ ਵਾਲੀ ਹੈ। ਸ਼ਾਹ ਹੁਸੈਨ ਨੇ 163 ਦੇ ਲਗਭਗ ਕਾਫ਼ੀਆਂ ਅਤੇ ਸ਼ਬਦਾਂ ਦੀ ਰਚਨਾ ਕੀਤੀ ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਵਿਯੋਗੇ ਮਨੁੱਖ ਦੇ ਵਿਭਿੰਨ ਚਿੱਤਰ ਉੱਭਰ ਕੇ ਸਾਹਮਣੇ ਆਉਂਦੇ ਹਨ। ਵਿਯੋਗ ਕੀ ਹੈ ਅਤੇ ਇਹ ਵਿਯੋਗ ਕਿਸ ਨਾਲੋਂ ਪਿਆ ਹੈ ਇਸ ਬਾਰੇ ਸ਼ਾਹ ਹੁਸੈਨ ਦੀ ਕਾਫ਼ੀਆਂ ਵਿਚ ਵਿਸਥਾਰਪੂਰਵਕ ਵਰਨਣ ਕੀਤਾ ਗਿਆ ਹੈ। ਦੂਜੀ ਗੱਲ ਸ਼ਾਹ ਹੁਸੈਨ ਪਹਿਲਾ ਪੰਜਾਬੀ ਸੂਫ਼ੀ ਕਵੀ ਹੈ ਜਿਸ ਨੇ ਕਾਫ਼ੀ ਵਿਧਾ ਨੂੰ ਆਪਣੇ ਕਲਾਮ ਦਾ ਹਿੱਸਾ ਬਣਾਇਆ ਹੈ, ਭਾਵੇਂ ਕਿ ਪੰਜਾਬੀ ਸੂਫ਼ੀ ਸਾਹਿਤ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ ਵਧੇਰੇ ਪ੍ਰਸਿੱਧੀ ਪ੍ਰਾਪਤ ਹੈ ਪਰ ਸਭ ਤੋਂ ਪਹਿਲਾਂ ਕਾਫ਼ੀ ਵਿਧਾ ਨੂੰ ਸ਼ਾਹ ਹੁਸੈਨ ਨੇ ਵਰਤਿਆ;

"ਸ਼ਾਹ ਹੁਸੈਨ ਪਹਿਲਾ ਕਵੀ ਹੈ ਜਿਸ ਨੇ ਸੂਫ਼ੀ ਅਨੁਭਵ ਦੇ ਪ੍ਰਗਟਾਅ ਲਈ ਪੰਜਾਬੀ ਕਵਿਤਾ ਵਿਚ ਕਾਫ਼ੀ ਨੂੰ ਚੁਣਿਆ ਅਤੇ ਇਸ ਦਾ ਸ਼ਿਲਪ-ਵਿਧਾਨ ਸਿਰਜਿਆ ਤੇ ਸਥਿਰ ਕੀਤਾ। ਇਨ੍ਹਾਂ ਦੀ ਸਰਲਤਾ ਤੇ ਸਾਦਗੀ ਨੇ ਇਹਨਾਂ ਨੂੰ ਜਨ-ਸਾਧਾਰਣ ਵਿਚ ਮਕਬੂਲ ਬਣਾਇਆ। ਇੱਥੇ ਹੀ ਬੱਸ ਨਹੀਂ ਉਸ ਦੀਆਂ ਕਾਫ਼ੀਆਂ ਨੇ ਹੀ ਆਉਣ ਵਾਲੇ ਸੂਫ਼ੀ ਕਵੀਆਂ ਨੂੰ ਇਕ ਆਦਰਸ਼ਕ ਤੇ ਪ੍ਰਮਾਣਿਕ ਮਾਧਿਅਮ ਦਾ ਨਮੂਨਾ ਪੇਸ਼ ਕੀਤਾ ਜਿਸ ਨੂੰ ਵਰਤ ਕੇ ਬੁੱਲ੍ਹੇ ਸ਼ਾਹ ਆਦਿ ਕਵੀਆਂ ਨੇ ਇਸ ਦਾ ਹੋਰ ਵੀ ਵਿਸਥਾਰ ਕੀਤਾ।"[10]

ਜਿਸ ਪ੍ਰਕਾਰ ਅਸੀਂ ਉੱਪਰ ਜ਼ਿਕਰ ਕਰ ਆਏ ਹਾਂ ਕਿ ਸ਼ਾਹ ਹੁਸੈਨ ਦਾ ਕਲਾਮ ਉਸ ਦੇ ਨਿੱਜੀ ਜੀਵਨ ਦੀ ਉਪਜ ਵੱਜੋਂ ਪੇਸ਼ ਹੁੰਦਾ ਹੈ ਉਸੇ ਪ੍ਰਕਾਰ ਸ਼ਾਹ ਹੁਸੈਨ ਨੇ ਆਪਣੇ ਨਿੱਜੀ ਅਨੁਭਵਾਂ ਨੂੰ ਪੇਸ਼ ਕਰਨ ਲਈ ਕਾਫ਼ੀ ਵਿਧਾ ਦੀ ਵਰਤੋਂ ਕੀਤੀ ਹੈ;

"ਸ਼ਾਹ ਹੁਸੈਨ ਨੇ ਆਪਣੇ ਸੂਫ਼ੀ ਭਾਵਾਂ ਤੇ ਅੰਦਰ ਦੇ ਅਨੁਭਵਾਂ ਨੂੰ ਕਾਫ਼ੀ ਮਾਧਿਅਮ ਦੁਆਰਾ ਪ੍ਰਗਟ ਕੀਤਾ ਹੈ।"[11]

ਡਾ. ਗੁਲਜ਼ਾਰ ਸਿੰਘ ਕੰਗ ਨੇ ਆਪਣੀ ਪੁਸਤਕ ਸੂਫ਼ੀਮਤ ਸਿਲਸਿਲੇ ਅਤੇ ਸਾਧਕ ਵਿਚ ਸ਼ਾਹ ਹੁਸੈਨ ਨੂੰ ਇਕ ਸਾਧਕ ਦੇ ਨਾਲ-ਨਾਲ ਅਲਬੇਲਾ ਸ਼ਾਇਰ ਵੀ ਕਿਹਾ ਹੈ ਜਿਸ ਨੇ



Sri Satguru Jagjit Singh Ji eLibrary NamdhariElibrary@gmail.com

ਆਪਣੇ ਬਿਰਹਾ ਅਨੁਭਵ ਨੂੰ ਕਾਫ਼ੀਆਂ ਦੇ ਰੂਪ ਵਿਚ ਬਿਆਨ ਕੀਤਾ ਹੈ;

"ਸ਼ਾਹ ਹੁਸੈਨ ਜਿੱਥੇ ਇਕ ਸੂਫ਼ੀ ਸਾਧਕ ਸੀ ਉੱਥੇ ਪੰਜਾਬੀ ਦਾ ਅਲਬੇਲਾ ਸ਼ਾਇਰ ਵੀ ਸੀ। ਉਸਨੇ ਆਪਣੀ ਰਚਨਾ ਕਾਫ਼ੀਆਂ ਵਿਚ ਕੀਤੀ।"[12]

ਕਾਫ਼ੀ ਸ਼ਬਦ ਦੇ ਅਰਥ ਕਰਦਿਆਂ ਡਾ. ਹਰਜਿੰਦਰ ਸਿੰਘ ਢਿੱਲੋਂ ਲਿਖਦੇ ਹਨ, "ਕਾਫ਼ੀ ਸ਼ਬਦ ਅਰਬੀ ਸ਼ਬਦ ਹੈ ਅਤੇ ਇਸਦੇ ਅਰਥ ਹਨ - ਬੇਨਿਆਜ਼ ਕਰਨ ਵਾਲਾ, ਅੱਗੇ ਅੱਗੇ ਚੱਲਣ ਵਾਲਾ, ਗਿਆਨਵਾਨ, ਲੋੜ ਪੂਰੀ ਕਰਨ ਵਾਲਾ। ਕਾਵਿ ਖੇਤਰ ਵਿਚ ਗੀਤ ਦਾ ਉਹ ਸਥਾਈ ਪਦ ਹੈ ਜਿਸ ਦੇ ਨਾਲ ਗਾਉਣ ਲਈ ਹੋਰ ਤੁਕਾਂ ਜੋੜੀਆਂ ਜਾਣ। ਗੀਤ ਗਾਉਣ ਸਮੇਂ ਇਹ ਤੁਕ ਗੀਤ ਵਿਚ ਵਾਰ ਵਾਰ ਆਉਂਦੀ ਹੈ ... ਵਾਸਤਵ ਵਿਚ ਕਾਫ਼ੀ ਕੋਈ ਖਾਸ ਛੰਦ ਨਹੀਂ, ਕੇਵਲ ਗਾਉਣ ਦਾ ਇਕ ਢੰਗ ਹੈ। ਸੂਫ਼ੀ ਫ਼ਕੀਰ ਮਸਤੀ ਭਰੇ ਗੀਤ ਗਾਉਂਦੇ ਹਨ ਅਤੇ ਗੀਤ ਦੀ ਮੁਖ ਤੁਕ ਉਨ੍ਹਾਂ ਦੇ ਗਿਰਦ ਬੈਠੇ ਮੁਰੀਦ ਦੁਹਰਾਉਂਦੇ ਹਨ, ਅਜਿਹਾ ਗੀਤ ਹੀ ਕਾਫ਼ੀ ਸਦਾਉਂਦਾ ਹੈ।"[13]

"ਕਾਫ਼ੀ (ਕਾਫ਼ੀ ਅਰਬੀ ਭਾਸ਼ਾ ਦਾ ਸ਼ਬਦ ਹੈ - ਪਿੱਛੇ ਚੱਲਣ ਵਾਲਾ, ਅਨੁਚਰ, ਅਨੁਗਾਮੀ) ਗੀਤ ਦੀ ਧਾਰਨਾ, ਛੰਦ ਦਾ ਉਹ ਪੱਦ ਜੋ ਸਥਾਈ (ਰਹਾਉ) ਹੋਵੇ, ਜਿਸ ਪਿੱਛੇ ਗਾਉਣ ਸਮੇਂ ਹੋਰ ਤੁਕਾਂ ਜੋੜੀਆਂ ਜਾਣ ਅਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼ਰਾਮ ਪਰ ਆਵੇ। ਇਹ ਛੰਦ ਦੀ ਖ਼ਾਸ ਜਾਤੀ ਨਹੀਂ ਹੈ। ਸੂਫ਼ੀ ਫ਼ਕੀਰ, ਜੋ ਪ੍ਰੇਮ ਰਸ ਭਰੇ ਪਦ ਗਾਇਆ ਕਰਦੇ ਹਨ ਅਤੇ ਜਿਨ੍ਹਾਂ ਪਿੱਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਨੂੰ ਦੁਹਰਾਉਂਦੀ ਹੈ, ਉਹ ਕਾਫ਼ੀ ਨਾਮ ਨਾਲ ਪ੍ਰਸਿੱਧ ਹਨ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਪੰਜਾਬ ਵਿਚ ਬਹੁਤ ਪ੍ਰਸਿੱਧ ਹਨ ਜੋ ਚੋਪਾਈ ਦਾ ਰੂਪ ਸੋਲਾਂ ਮਾਤਰਾਂ ਦੀਆਂ ਹਨ।"[14]

"ਅਰਬੀ ਭਾਸ਼ਾ ਵਿਚ ਕਫ਼ਾ (ਜਾਂ ਕਫ਼ੀ) ਤਕੜੀ ਦੇ ਬਰਾਬਰ ਦੇ ਦੋਹਾਂ ਪੱਲਿਆਂ ਨੂੰ ਕਿਹਾ ਜਾਂਦਾ ਹੈ। ਕਿਉਂਕਿ ਸ਼ਿਅਰ ਦੇ ਦੋਵੇਂ ਮਿਸਰੇ ਤੱਕੜੀ ਦੇ ਦੋਹਾਂ ਪੱਲਿਆਂ ਵਾਂਗ ਵਜ਼ਨ ਦੇ ਹਵਾਲੇ ਨਾਲ ਬਰਾਬਰ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਕਫ਼ੀ ਕਿਹਾ ਗਿਆ ਹੈ ਅਤੇ ਕਾਫ਼ੀ ਸ਼ਬਦ ਕਫ਼ੀ ਤੋਂ ਬਣਿਆ ਹੈ।"[15]

"ਵਾਸਤਵ ਵਿਚ ਕਾਫ਼ੀ ਗੀਤ ਦਾ ਹੀ ਇਕ ਵਿਸ਼ੇਸ਼ ਪਰ ਵਿਕਸਿਤ ਰੂਪ ਹੈ। ਤਿੱਖਾ ਭਰਵਾਂ ਤੇ ਭਾਵਾਂ ਨੂੰ ਉਦਵੇਲਿਤ ਕਰਨ ਵਾਲਾ ਸੰਗੀਤ ਇਸ ਦੀ ਉਘੜਵੀਂ ਵਿਸ਼ੇਸ਼ਤਾ ਹੈ। ਇਸ ਦੀ ਦੂਜੀ ਵਿਸ਼ੇਸ਼ਤਾ ਅਧਿਆਤਮਕ ਜਾਂ ਰਹੱਸਾਤਮਕ ਅਨੁਭੂਤੀ ਹੈ। ਇਹ ਲੋਕ ਸਮੂਹ ਵਿਚ ਗਾਈ ਜਾਣ ਵਾਲੀ ਰਚਨਾ ਹੈ ਇਸ ਲਈ ਇਸ ਦਾ ਸ਼ਿਲਪ-ਵਿਧਾਨ ਸਰਲ ਹੋਣਾ ਚਾਹੀਦਾ ਹੈ ਤਾਂ ਜੋ ਗੱਲ ਸਹਿਜੇ ਹੀ ਸੁਣਨ ਵਾਲੇ ਤੱਕ ਪਹੁੰਚ ਸਕੇ। ਇਸ ਤੋਂ ਬਿਨਾਂ ਇਸ ਦਾ ਵਲਵਲਾ ਏਨਾ ਤੀਬਰ ਹੋਣਾ ਚਾਹੀਦਾ ਹੈ ਕਿ ਸੁਣਨ ਵਾਲਾ ਸਹਿਜੇ ਇਸ ਦੁਆਰਾ ਕੀਲਿਆ ਜਾਵੇ। ਪਰ ਸੰਗੀਤਾਤਮਕਤਾ ਇਸ ਦਾ ਸਰਵੋਪਰੀ ਗੁਣ ਹੈ, ਕਿਉਂਕਿ ਇਹ ਕੱਵਾਲਾਂ ਦੁਆਰਾ ਗਾਈ ਜਾਂਦੀ ਹੈ।"[16]

"ਕਾਫ਼ੀ ਇਕ ਪ੍ਰਕਾਰ ਦਾ ਰੂਹਾਨੀ ਗੀਤ ਹੈ ਜੋ ਸੂਫ਼ੀ ਫ਼ਕੀਰਾਂ ਦੀਆਂ ਮਜਲਿਸਾਂ ਵਿਚ ਇਸ ਤਰ੍ਹਾਂ ਗਾਇਆ ਜਾਂਦਾ ਹੈ ਜਿਸ ਤਰ੍ਹਾਂ ਸਿੱਖ ਧਰਮ ਦੇ ਦੀਵਾਨਾਂ ਵਿਚ ਚਉਪਦੇ ਅਥਵਾ ਸ਼ਬਦ ਅਤੇ ਵੈਸ਼ਣਵ ਜਾਂ ਸਗੁਣ ਭਗਤਾਂ ਦੀਆਂ ਮੰਡਲੀਆਂ ਵਿਚ ਬਿਸਨਪਦੇ ਗਾਏ ਜਾਂਦੇ ਹਨ।"[17]

"ਸ਼ਾਹ ਹੁਸੈਨ ਨੇ ਕਾਫ਼ੀ ਕਾਵਿ-ਰੂਪ ਦਾ ਪ੍ਰਯੋਗ ਇਸ਼ਕ-ਹਕੀਕੀ, ਬਿਰਹਾ ਅਤੇ



Sri Satguru Jagjit Singh Ji eLibrary NamdhariElibrary@gmail.com

ਵਿਛੋੜੇ ਦੇ ਦਰਦ ਦੇ ਪ੍ਰਗਟਾਵੇ ਲਈ ਕੀਤਾ ਹੈ। ਇਹ ਇਕ ਪ੍ਰਕਾਰ ਦਾ ਲੈਅਬੱਧ ਗੀਤ ਵੀ ਕਹੇ ਜਾ ਸਕਦੇ ਹਨ ਕਿਉਂਕਿ ਇਨ੍ਹਾਂ ਵਿਚ ਕਵੀ ਦੇ ਭਾਵਾਂ ਦੀ ਬਹੁਲਤਾ ਪ੍ਰਧਾਨ ਹੈ। ... ਸੂਫ਼ੀ ਕਵੀਆਂ ਵਿਚੋਂ ਸ਼ਾਹ ਹੁਸੈਨ ਪਹਿਲਾ ਪ੍ਰਮੁੱਖ ਸੂਫ਼ੀ ਕਵੀ ਹੈ ਜਿਸ ਨੇ ਇਸ ਕਾਵਿ-ਰੂਪ ਦਾ ਸਫ਼ਲਤਾ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਯੋਗ ਕੀਤਾ ਹੈ।"[18]

"ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦੇ ਛੰਦ ਵਿਧਾਨ ਤੇ ਲੈ ਵਿਧਾਨ ਵਿਚ ਇਕ ਹੋਰ ਮਹੱਤਵਪੂਰਣ ਗੱਲ ਇਹ ਹੈ ਕਿ ਪ੍ਰਗਟਾਏ ਗਏ ਭਾਵ ਦੇ ਅਨੁਕੂਲ ਹੁੰਦਾ ਹੈ। ਕਾਫ਼ੀ ਦਾ ਵਿਸ਼ਾ ਜੇ ਗੰਭੀਰ ਹੈ ਤਾਂ ਛੰਦ ਤੇ ਲੈਅ ਵਿਚ ਗੰਭੀਰਤਾ ਆ ਗਈ ਹੈ, ਜੇਕਰ ਸ਼ੋਖ ਤੇ ਨਿਹੋਰੇ ਭਰਿਆ ਹੈ ਤਾਂ ਛੰਦ ਚਾਲ ਤੇ ਲੈਅ ਵਿਚ ਵੀ ਉਸ ਅਨੁਸਾਰ ਉਤਰਾ-ਚੜ੍ਹਾ ਹੁੰਦਾ ਹੈ ਅਤੇ ਛੰਦ ਚਾਲ ਵਿਚ ਸਿਥਲਤਾ ਆਈ ਹੈ।"[19]

ਕਾਫ਼ੀ ਇਕ ਪ੍ਰਕਾਰ ਦਾ ਗੀਤ ਹੈ ਜੋ ਸੂਫ਼ੀ ਸਾਧਕਾਂ ਦੀਆਂ ਮਹਿਫ਼ਲਾਂ ਵਿਚ ਅਕਸਰ ਹੀ ਗਾਇਆ ਜਾਂਦਾ ਸੀ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਜੋ ਪ੍ਰਮੁੱਖ ਤੱਥ ਰੂਪਮਾਨ ਹੁੰਦੇ ਹਨ ਉਨ੍ਹਾਂ ਵਿਚ ਸੂਫ਼ੀ ਸਾਧਨਾ ਦੇ ਪ੍ਰਮੁੱਖ ਪੜਾਵਾਂ ਬਾਰੇ ਜ਼ਿਕਰ ਕੀਤਾ ਮਿਲਦਾ ਹੈ। ਇਨ੍ਹਾਂ ਕਾਫ਼ੀਆਂ ਵਿਚ ਮਨੁੱਖ ਦਾ ਪਰਮਾਤਮਾ ਨਾਲੋਂ ਵਿਯੋਗੇ ਹੋਣ ਦਾ ਅਹਿਸਾਸ, ਵਿਯੋਗ ਵਿਚੋਂ ਪੈਦਾ ਹੋਈ ਬਿਰਹਾ, ਮੁਰਸ਼ਦ ਦਾ ਮਿਲਾਪ, ਇਸ਼ਕ ਦਾ ਸੰਕਲਪ ਅਤੇ ਅੰਤ ਵਿਚ ਪਰਮਾਤਮਾ ਨਾਲ ਮਿਲਾਪ ਦੇ ਵਿਭਿੰਨ ਚਿੱਤਰ ਸਿਰਜੇ ਗਏ ਹਨ।

## ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਦਾ ਸਰੂਪ

ਬਿਰਹਾ ਸ਼ਬਦ ਸੰਸਕ੍ਰਿਤ ਦੇ ਸ਼ਬਦ ਵਿਰਹ ਵਿਚੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਵਿਛੋੜੇ ਦਾ ਦੁੱਖ। ਬਿਰਹਾ ਸ਼ਬਦ ਦੀ ਵਰਤੋਂ ਆਮ ਜੀਵਨ ਵਿਚ ਸੰਸਾਰਿਕ ਪ੍ਰੇਮੀ-ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਨੂੰ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਪ੍ਰਤੀ ਪਿਆਰ ਆਕਰਸ਼ਨ ਕਾਰਨ ਇਕ ਦੂਜੇ ਨੂੰ ਮਿਲਣ ਦੀ ਤਾਂਘ ਰੱਖਦੇ ਹਨ ਅਤੇ ਕਈ ਵਾਰ ਕਿਸੇ ਸਮਾਜਿਕ, ਰਾਜਨੀਤਿਕ, ਆਰਥਿਕ ਜਾਂ ਕਿਸੇ ਹੋਰ ਮਜ਼ਬੂਰੀ ਕਾਰਨ ਇਕ ਦੂਜੇ ਨੂੰ ਮਿਲ ਨਹੀਂ ਸਕਦੇ। ਉਹ ਇਕ ਦੂਜੇ ਨੂੰ ਮਿਲਣ ਲਈ ਬਿਹਬਲ ਰਹਿੰਦੇ ਹਨ ਅਤੇ ਮਿਲਾਪ ਲਈ ਹਰ ਪ੍ਰਯਾਸ ਕਰਦੇ ਹਨ। ਉਨ੍ਹਾਂ ਨੂੰ ਆਪਣੇ ਮਿਲਾਪ ਦੇ ਪਲ ਵਾਰ-ਵਾਰ ਯਾਦ ਆਉਂਦੇ ਹਨ ਅਤੇ ਵਿਛੋੜੇ ਦੀ ਅੱਗ ਨੂੰ ਹੋਰ ਪ੍ਰਚੰਡ ਕਰਦੇ ਹਨ। ਇਸ ਭਾਵਨਾ ਨੂੰ ਬਿਰਹਾ ਦੀ ਭਾਵਨਾ ਕਿਹਾ ਜਾਂਦਾ ਹੈ;

"ਸੰਸਕ੍ਰਿਤ ਕਾਵਿ ਸ਼ਾਸਤਰ ਵਿਚ ਬਿਰਹਾ ਵਿਪ੍ਰਲੰਭ ਕਿਹਾ ਜਾਂਦਾ ਹੈ। ਸੰਸਕ੍ਰਿਤ ਅੰਗ੍ਰੇਜ਼ੀ ਡਿਕਸ਼ਨਰੀ ਵਿਚ ਬਿਰਹਾ ਦਾ ਅਰਥ Separation of lovers ਦਿੱਤਾ ਗਿਆ ਹੈ। ਮਿਲਾਪ, ਵਿਯੋਗ, ਬਿਰਹਾ, ਵਸਲ ਸਾਰੇ ਸ਼ਬਦ ਅਤੇ ਇਨ੍ਹਾਂ ਪਿੱਛੇ ਕੰਮ ਕਰਦੇ ਸੰਕਲਪ ਅੰਤਰ ਸੰਬੰਧਿਤ ਹਨ। ਸੰਸਾਰ ਪ੍ਰਸਿੱਧ ਅੰਗ੍ਰੇਜ਼ੀ ਨਾਟਕਕਾਰ ਸ਼ੇਕਸਪੀਅਰ ਪਹਿਲੀ ਨਜ਼ਰੇ ਪਿਆਰ ਨੂੰ ਹੀ ਪ੍ਰੇਮੀਆਂ ਦਾ ਪ੍ਰਥਮ ਮਿਲਾਪ ਕਹਿੰਦਾ ਹੈ। ਵਸਲ ਦੇ ਅਰਥ ਹਨ- ਮੇਲ, ਮਿਲਾਪ, ਪ੍ਰੇਮੀ ਤੇ ਪ੍ਰੇਮਿਕਾ ਦਾ ਮਿਲਾਪ ਜਾਂ ਮੁਲਾਕਾਤ।"[20]

ਬਿਰਹਾ ਇਕ ਅਹਿਸਾਸ ਹੈ ਜੋ ਜਾਗ੍ਰਤ ਮਨੁੱਖ ਦੇ ਅੰਦਰ ਪੈਦਾ ਹੁੰਦਾ ਹੈ। ਵਿਯੋਗ ਦੀ ਅਸਵਥਾ ਤੋਂ ਉਪਰੰਤ ਜਾਗ੍ਰਤ ਹੋਏ ਮਨੁੱਖਾਂ ਦੇ ਅੰਤਰ-ਮਨ ਵਿਚ ਬਿਰਹਾ ਦਾ ਅਨੁਭਵ ਹੁੰਦਾ ਹੈ। ਇਹ ਬਿਰਹਾ ਜਦੋਂ ਸਾਧਕ ਨੂੰ ਵਿਆਕੁਲ ਕਰ ਦਿੰਦੀ ਹੈ ਤਾਂ ਸਾਧਕ ਮੁਰਸ਼ਦ (ਗੁਰੂ) ਦੀ ਭਾਲ ਵਿਚ ਤੁਰ ਪੈਂਦਾ ਹੈ। ਜਿਸ ਵੇਲੇ ਸਾਧਕ ਨੂੰ ਮੁਰਸ਼ਦ ਮਿਲਦਾ ਹੈ ਤਾਂ ਸਾਧਕ ਉਸ ਪਿੱਛੇ ਆਪਣਾ



Sri Satguru Jagjit Singh Ji eLibrary NamdhariElibrary@gmail.com

ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਬਿਰਹਾ ਵਿਚ ਤੜਪ ਰਿਹਾ ਸਾਧਕ ਬਿਰਹਾ ਦਾ ਸਮਾਂ ਸਮਾਪਤ ਕਰਨਾ ਚਾਹੁੰਦਾ ਹੈ। ਇਸ ਪ੍ਰਕਾਰ ਬਿਰਹਾ ਉਹ ਅਹਿਸਾਸ ਹੈ ਜੋ ਮਨੁੱਖ ਨੂੰ ਆਪੇ ਦੀ ਪਛਾਣ ਕਰਵਾਉਂਦਾ ਹੈ। ਬਿਰਹਾ ਉਹ ਹੈ ਜੋ ਮਨੁੱਖ ਨੂੰ ਵਿਯੋਗ ਜਾਂ ਦੂਰੀ ਦਾ ਅਹਿਸਾਸ ਕਰਵਾਉਂਦਾ ਹੈ। ਬਿਰਹਾ ਪਰਮਾਤਮਾ ਅਤੇ ਮਨੁੱਖ ਦੇ ਸੰਬੰਧਾਂ ਨੂੰ ਸੰਜੋਗ ਅਤੇ ਵਿਯੋਗ ਦੀ ਤਕੜੀ ਵਿਚ ਤੋਲਦਾ ਹੈ;

"ਬਿਰਹਾ ਉਸ ਮੁੱਢਲੀ ਲਗਨ ਦਾ ਨਾਂ ਹੈ ਜਿਹੜੀ ਬੰਦੇ ਨੂੰ ਅੱਖ ਉਘੇੜਦਿਆਂ ਈ ਆਪਣੇ ਆਪ ਤੇ ਆਪਣੇ ਦੁਆਲੇ ਨੂੰ ਤੇ ਦੋਹਾਂ ਦੇ ਸੰਬੰਧ ਨੂੰ ਸਮਝਣ ਲਈ ਖੁੰਡਣ ਲੱਗ ਪੈਂਦੀ ਹੈ ਤੇ ਅੱਖਾਂ ਮੀਟਣ ਤਾਈਂ ਨਹੀਂ ਛੱਡਦੀ।"[21]

ਅਧਿਆਤਮ ਚਿੰਤਨ ਵਿਚ ਬਿਰਹਾ ਅਤੇ ਵਿਯੋਗ ਬੜੇ ਵਿਸ਼ਾਲ ਅਰਥਾਂ ਵਿਚ ਪ੍ਰਗਟ ਹੁੰਦਾ ਹੈ। ਇਸ ਚਿੰਤਨ ਵਿਚ ਮਨੁੱਖੀ ਆਤਮਾ ਵਿਯੋਗ ਦਾ ਸੰਤਾਪ ਹੰਢਾ ਰਹੀ ਹੈ ਅਤੇ ਇਸ ਸੰਤਾਪ ਨੂੰ ਮਹਿਸੂਸ ਕਰ ਰਹੀ ਹੈ। ਅਧਿਆਤਮ ਪ੍ਰਸੰਗ ਵਿਚ ਮਨੁੱਖੀ ਆਤਮਾ ਪਰਮਾਤਮਾ ਦਾ ਹੀ ਸਰੂਪ ਹੈ ਅਤੇ ਸੂਫ਼ੀਆਂ ਅਨੁਸਾਰ ਮਨੁੱਖ ਦਾ ਇਸ ਸੰਸਾਰ ਵਿਚ ਆਉਣਾ ਹੀ ਆਪਣੇ ਮੂਲ ਤੱਤ ਨਾਲੋਂ ਵਿਯੋਗ ਹੈ। ਇਹ ਵਿਯੋਗ ਹੀ ਮਨੁੱਖੀ ਹਿਰਦੇ ਅੰਦਰ ਬਿਰਹਾ ਦਾ ਦਰਦ ਜਗਾਉਂਦਾ ਹੈ। ਬਿਰਹਾ ਦਰਦ ਦਾ ਪ੍ਰਤੀਕ ਹੈ ਪਰ ਦੂਜੇ ਪਾਸੇ ਇਹ ਦਰਦ ਪ੍ਰੀਤਮ ਨੂੰ ਮਿਲਣ ਦੀ ਤਾਂਘ ਵੀ ਜਗਾਉਂਦਾ ਹੈ। ਬਿਰਹਾ ਇਕ ਪ੍ਰਕਾਰ ਦੀ ਅੱਗ ਹੈ ਅਤੇ ਸੂਫ਼ੀ ਸਾਧਕ ਨੇ ਇਸ ਅੱਗ ਵਿਚੋਂ ਕੰਚਨ ਬਣ ਕੇ ਆਪਣੇ ਪ੍ਰੀਤਮ-ਪਿਆਰੇ ਵਿਚ ਅਭੇਦ ਹੋਣਾ ਹੈ। ਜੇਕਰ ਗੁਰਮਤਿ ਸਾਹਿਤ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਸੂਫ਼ੀ ਸਾਹਿਤ ਵਾਂਗ ਮਨੁੱਖੀ ਆਤਮਾ ਨੂੰ ਪ੍ਰਭੂ ਨਾਲੋਂ ਵਿਛੜੀ ਹੋਈ ਬਿਆਨਿਆ ਗਿਆ ਹੈ। ਗੁਰਮਤਿ ਅਨੁਸਾਰ ਮਨੁੱਖ ਦਾ ਇਹ ਜਨਮ ਪ੍ਰਭੂ ਨਾਲ ਮਿਲਾਪ ਲਈ ਮਿਲਿਆ ਹੈ। ਪਿਛਲੇ ਕਈ ਜਨਮਾਂ ਦੇ ਚੰਗੇ ਕਰਮਾਂ ਕਰਕੇ ਪਰਮਾਤਮਾ ਨੇ ਮਨੁੱਖ ਨੂੰ ਇਹ ਮੌਕਾ ਦਿੱਤਾ ਹੈ ਕਿ ਉਹ ਮਨੁੱਖੀ ਰੂਪ ਵਿਚ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਉਪਰਾਲਾ ਕਰੇ;

"ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥"[22]

ਭਾਵ ਗੋਬਿੰਦ (ਪਰਮਾਤਮਾ) ਨਾਲੋਂ ਪਏ ਵਿਯੋਗ ਨੂੰ ਖਤਮ ਕਰਨ ਲਈ ਅਤੇ ਮਿਲਾਪ ਦੀ ਅਵਸਥਾ ਤੱਕ ਪਹੁੰਚਣ ਲਈ ਮਨੁੱਖ ਨੂੰ ਇਹ ਸਰੀਰ ਦਿੱਤਾ ਗਿਆ ਹੈ। ਇਸ ਲਈ ਮਨੁੱਖ ਵਾਸਤੇ ਇਸ ਜਨਮ ਵਿਚ ਪ੍ਰਭੂ ਪ੍ਰਾਪਤੀ ਦੇ ਉਪਰਾਲੇ ਕਰਨੇ ਜ਼ਰੂਰੀ ਹਨ। ਗੁਰਬਾਣੀ ਅਨੁਸਾਰ ਜੇਕਰ ਮਨੁੱਖ ਨੇ ਇਸ ਮਨੁੱਖਾ ਦੇਹੀ ਵਿਚ ਪਰਮਾਤਮਾ ਨੂੰ ਪਾਉਣ ਲਈ ਉਪਰਾਲੇ ਨਾ ਕੀਤੇ ਤਾਂ ਇਸ ਨੂੰ ਫਿਰ ਜਨਮ-ਮਰਨ ਦੇ ਗੇੜ ਵਿਚ ਆਉਣਾ ਪੈਣਾ ਹੈ। ਗੁਰਮਤਿ ਅਨੁਸਾਰ ਵੀ ਮਨੁੱਖ ਪਰਮਾਤਮਾ ਨਾਲੋਂ ਵਿਯੋਗਿਆ ਹੋਇਆ ਹੈ। ਵਿਯੋਗ ਕਾਰਨ ਮਨੁੱਖ ਨੂੰ ਇਸ ਧਰਤੀ ਤੇ ਜਨਮ ਲੈ ਕੇ ਆਉਣਾ ਪੈਂਦਾ ਹੈ ਅਤੇ ਪਰਮਾਤਮਾ ਦੇ ਮਿਲਾਪ ਲਈ ਉਰਪਾਲੇ ਕਰਨੇ ਪੈਂਦੇ ਹਨ। ਜਿੱਥੋਂ ਤੱਕ ਸ਼ਾਹ ਹੁਸੈਨ ਦੀ ਕਵਿਤਾ ਦੀ ਗੱਲ ਹੈ ਤਾਂ ਸ਼ਾਹ ਹੁਸੈਨ ਨੇ ਆਪਣੀ ਕਵਿਤਾ ਵਿਚ ਵਿਯੋਗ ਨੂੰ ਕੇਵਲ ਅਧਿਆਤਮਕ ਰੰਗ ਵਿਚ ਹੀ ਪੇਸ਼ ਨਹੀਂ ਕੀਤਾ ਬਲਕਿ ਇਸ ਨੂੰ ਮਨੁੱਖੀ ਹੋਂਦ ਦੀ ਜਾਗ੍ਰਿਤੀ ਦੀ ਅਵਸਥਾ ਵੀ ਪ੍ਰਵਾਨ ਕੀਤਾ ਹੈ। ਇਸ ਜਾਗ੍ਰਤੀ ਵਿਚ ਮਨੁੱਖ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਗਿਆਨ ਹੋ ਜਾਂਦਾ ਹੈ। ਇਸ ਧਰਤੀ 'ਤੇ ਪੈਦਾ ਹੋਇਆ ਹਰੇਕ ਜੀਵ ਪਰਮਾਤਮਾ ਨਾਲੋਂ ਵਿਯੋਗਿਆ ਹੋਇਆ ਹੈ ਪਰੰਤੂ ਬਹੁਤੇ ਜੀਵਾਂ/ਮਨੁੱਖਾਂ ਨੂੰ ਇਸ ਵਿਯੋਗ ਦਾ ਗਿਆਨ ਨਹੀਂ ਹੁੰਦਾ ਭਾਵ ਜਿਆਦਾਤਰ ਲੋਕ ਇਸ ਵਿਯੋਗ ਪ੍ਰਤੀ ਜਾਗ੍ਰਤ ਨਹੀਂ ਹੁੰਦੇ। ਜਿਹੜੇ ਲੋਕ ਇਸ



Sri Satguru Jagjit Singh Ji eLibrary NamdhariElibrary@gmail.com

ਵਿਯੋਗ ਪ੍ਰਤੀ ਜਾਗ੍ਰਤ ਹੋ ਜਾਂਦੇ ਹਨ ਉਹ ਸੂਫ਼ੀ ਅਖਵਾਉਂਦੇ ਹਨ। ਜਦੋਂ ਕੋਈ ਵਿਅਕਤੀ ਸੂਫ਼ੀ ਹੋ ਜਾਂਦਾ ਹੈ ਤਾਂ ਉਸ ਨੂੰ ਜੀਵਨ ਦੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ ਅਤੇ ਗਿਆਨ ਦੀ ਇਸ ਅਸਵਥਾ ਵਿਚ ਸਾਧਕ ਦੇ ਹਿਰਦੇ ਵਿਚ ਬਿਰਹਾ ਉਤਪੰਨ ਹੋ ਜਾਂਦੀ ਹੈ। ਜਿਸ ਵੇਲੇ ਮਨੁੱਖ ਨੂੰ ਬਿਰਹਾ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਬਿਹਬਲ ਹੋ ਜਾਂਦਾ ਹੈ। ਬਿਰਹਾ ਦੀ ਅਵਸਥਾ ਵਿਚ ਮਨੁੱਖ ਦਰਦ, ਪੀੜ੍ਹਾ, ਗ਼ਮ ਦੇ ਅਨੇਕਾਂ ਭਾਵਾਂ ਵਿਚੋਂ ਲੰਘਦਾ ਹੈ। ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਦੇ ਅਨੇਕ ਰੰਗ ਦੇਖਣ ਨੂੰ ਮਿਲਦੇ ਹਨ;

"ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਦਾ ਜਜ਼ਬਾ ਬੜਾ ਤੀਖਣ ਤੇ ਡੂੰਘਾ ਹੈ। ਇਸ ਵਿਚ ਅਤਾਹ ਸੋਜ਼, ਦਰਦ ਤੇ ਪੀੜ ਹੈ। ਉਸ ਦੇ ਅਜਿਹੇ ਭਾਵਾਂ ਵਿਚ ਕਹਿਣ ਦੀ ਸਚਾਈ ਤੇ ਸੁਹਿਰਦਤਾ ਵੇਖਣ ਵਾਲੀ ਹੈ। ਇਨ੍ਹਾਂ ਵਿਚ ਵਿਛੜੀ ਆਤਮਾ ਦੀ ਬਿਹਬਲਤਾ, ਹੂਕ ਬੇਸਬਰੀ ਤੇ ਬੇਕਰਾਰੀ ਵੇਖਣ ਵਾਲੀ ਹੈ;

ਵਾਰੀ ਵੋ ਵੇਖ ਨਿਮਾਣਿਆਂ ਦਾ ਹਾਲ,
ਕਦਾਈਂ ਵੋ ਮਿਹਰ ਪਵੀ
ਰਾਤੀਂ ਦਰਦ ਦਿਹੇਂ ਦਰਮਾਂਦੀ
ਬਿਰਹੁ ਤਛਇੜ ਸ਼ੀਹੁੰ
ਗਲ ਵਿਚ ਪਲੂ ਮੈਂਡਾ ਦਸਤ ਪੈਰਾਂ ਤੇ
ਕਦੀ ਤਾਂ ਅਸਾਡੜਾ ਥੀਉ।
ਸਿਰ ਸਦਕੇ ਕੁਰਬਾਨੀ ਕੀਤੀ
ਘੋਲ ਘੁਮਾਂਦੀ ਜੀਉ।
ਕਹੈ ਹੁਸੈਨ ਫਕੀਰ ਸਾਈਂ ਦਾ
ਹੋਰ ਭਰੋਸਾ ਨਹੀਂ ਕਹੀਦਾ
ਆਨ ਮਿਆਲੜੋ ਪੀਉ।"[23]

ਸ਼ਾਹ ਹੁਸੈਨ ਦੀ ਕਵਿਤਾ ਜਿੱਥੇ ਬਿਰਹਾ ਨਾਲ ਵਿਆਕੁਲ ਹੋਈ ਨਾਇਕਾ ਦਾ ਚਿੱਤਰਣ ਕੀਤਾ ਗਿਆ ਹੈ ਉੱਥੇ ਬਾਬਾ ਫ਼ਰੀਦ ਦੇ ਕਲਾਮ ਵਿਚ ਵੀ ਬਿਰਹਾ ਦਾ ਦਰਦ ਆਪਣੇ ਤਨ 'ਤੇ ਹੰਢਾ ਰਹੀ ਨਾਇਕਾ ਦਾ ਵਰਨਣ ਦੇਖਿਆ ਜਾ ਸਕਦਾ ਹੈ। ਪਰਮਾਤਮਾ ਨਾਲੋਂ ਪਏ ਵਿਯੋਗ ਕਾਰਨ ਨਾਇਕਾ ਦਾ ਬੁਰਾ ਹਾਲ ਹੋ ਗਿਆ ਹੈ, ਉਹ ਤਰਲੇ ਕਰਦੀ ਹੈ ਕਿ ਮੇਰੇ ਹਾਲ ਨੂੰ ਜੇਕਰ ਮੇਰਾ ਪ੍ਰੀਤਮ-ਪਿਆਰੇ ਦੇਖ ਲਵੇ ਤਾਂ ਇਸ ਅਵਸਥਾ ਦਾ ਅੰਤ ਹੋ ਸਕਦਾ ਹੈ ਭਾਵ ਪ੍ਰਭੂ ਦਾ ਮਿਲਾਪ ਹੋ ਸਕਦਾ ਹੈ ਪਰ ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਬਿਰਹਨ ਨਾਇਕਾ ਦੀ ਤੜਪ ਨੂੰ ਕੋਈ ਸਮਝ ਨਹੀਂ ਰਿਹਾ। ਉਹ ਦੇ ਵਿਯੋਗ ਦੇ ਦੁੱਖ ਨੂੰ ਘਟਾਉਣ ਵਾਲਾ ਕੋਈ ਜ਼ਰੀਆ ਨਹੀਂ ਦਿਖਾਈ ਦੇ ਰਿਹਾ। ਇਸ ਲਈ ਬਿਰਹਨ ਨਾਇਕਾ ਪਰਮਾਤਮਾ ਨੂੰ ਬੇਨਤੀਆਂ ਕਰ ਰਹੀ ਹੈ ਕਿ ਉਹ ਪਰਮਾਤਮਾ ਖ਼ੁਦ ਆ ਕੇ ਉਸ ਦੇ ਹਾਲ ਨੂੰ ਦੇਖੇ ਅਤੇ ਉਸ ਨੂੰ ਆਪਣੇ ਨਾਲ ਮੇਲ ਲਵੇ;

"ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ॥"[24]

ਕਿਸੇ ਸਾਧਕ ਦੇ ਅੰਤਰ-ਮਨ ਵਿਚ ਇਸ਼ਕ ਉਸ ਵੇਲੇ ਤੱਕ ਉਤਪੰਨ ਨਹੀਂ ਹੋ ਸਕਦਾ ਜਦੋਂ ਤੱਕ ਉਸ ਦੇ ਮਨ ਵਿਚ ਬਿਰਹਾ ਪੈਦਾ ਨਹੀਂ ਹੁੰਦੀ। ਬਿਰਹਾ ਉਸ ਵੇਲੇ ਉਤਪੰਨ ਹੁੰਦੀ ਹੈ ਜਦੋਂ ਸਾਧਕ ਵਿਯੋਗ ਦੀ ਅਵਸਥਾ ਵਿਚੋਂ ਲੰਘ ਰਿਹਾ ਹੋਵੇ। ਵਿਯੋਗ ਅਵਸਥਾ ਵਿਚ ਜਾਗ੍ਰਤ



Sri Satguru Jagjit Singh Ji eLibrary NamdhariElibrary@gmail.com

ਸਾਧਕ ਸੂਫ਼ੀ ਦੀ ਪਦਵੀ ਪ੍ਰਾਪਤ ਕਰਦਾ ਹੈ।

ਮਨੁੱਖੀ ਮਨ ਦੀ ਇਹ ਜਾਗ੍ਰਿਤੀ ਅਸਲ ਵਿਚ ਦੋ ਪ੍ਰਕਾਰ ਨਾਲ ਹੁੰਦੀ ਹੈ। ਇਕ ਤਾਂ ਸਾਧਕ ਆਪਣੀ ਭਟਕਣ ਤੋਂ ਜਾਗ੍ਰਤ ਹੁੰਦਾ ਹੈ ਅਤੇ ਦੂਜਾ ਮੁਰਸ਼ਦ ਦੁਆਰਾ ਦਿੱਤੇ ਗਿਆਨ ਦੀ ਸੋਝੀ ਦੁਆਰਾ ਉਸ ਨੂੰ ਆਪਣੇ ਵਿਯੋਗੇ ਹੋਣ ਦਾ ਅਹਿਸਾਸ ਹੁੰਦਾ ਹੈ ਜਦੋਂ ਵਿਯੋਗ ਦੀ ਅਵਸਥਾ ਦਾ ਗਿਆਨ ਹੋ ਜਾਂਦਾ ਹੈ ਤਾਂ ਸਾਧਕ ਦੇ ਅੰਤਰ-ਮਨ ਵਿਚ ਬਿਰਹਾ ਉਤਪੰਨ ਹੋ ਜਾਂਦੀ ਹੈ। ਇਸ ਤੋਂ ਬਾਅਦ ਸਾਧਕ ਆਪਣੀ ਬਿਰਹਾ ਤੋਂ ਛੁਟਕਾਰਾ ਪਾਉਣ ਲਈ ਇਸ਼ਕ ਦੇ ਰਾਹ'ਤੇ ਤੁਰ ਪੈਂਦਾ ਹੈ। ਇਸ਼ਕ ਦੇ ਰਾਹ'ਤੇ ਤੁਰਦਿਆਂ ਸਾਧਕ ਨੂੰ ਕਈ ਪ੍ਰਕਾਰ ਦੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸ਼ਾਹ ਹੁਸੈਨ ਦੀ ਕਵਿਤਾ ਨੂੰ ਬਿਰਹਾ ਭਾਵਨਾ ਨਾਲ ਲਬਰੇਜ਼ ਪੇਸ਼ ਕਰਦਿਆਂ ਪ੍ਰੋ. ਗੁਰਦਿਆਲ ਸਿੰਘ ਢਿੱਲੋਂ ਆਪਣੀ ਪੁਸਤਕ ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ ਵਿਚ ਲਿਖਦੇ ਹਨ ਕਿ, "ਸ਼ਾਹ ਹੁਸੈਨ ਦੀ ਕਵਿਤਾ ਬਿਰਹਾ-ਰਸ ਦੀ ਕਵਿਤਾ ਹੈ ਜਿਸ ਵਿਚ ਇਸ਼ਕ ਤੇ ਬਿਰਹਾ ਘੁਲ ਮਿਲ ਗਏ ਹਨ ਤੇ ਜਿਵੇਂ ਇਹ ਸੁਭਾਵਿਕ ਹੈ ਕਿਉਂਕਿ ਇਸ਼ਕ ਦਾ ਸਰਵੱਸ ਬਿਰਹਾ ਹੈ। ਇਸੇ ਕਰਕੇ ਹੀ ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਦੀ ਪ੍ਰਧਾਨਤਾ ਹੈ।"[25]

ਸ਼ਾਹ ਹੁਸੈਨ ਕਹਿੰਦਾ ਹੈ ਕਿ ਮੇਰੇ ਪ੍ਰੀਤਮ ਤੋਂ ਬਿਨਾਂ ਬਤੀਤ ਹੋ ਰਹੀ ਰਾਤਾਂ ਵੀ ਵੱਡੀਆਂ ਹੋ ਗਈਆਂ ਹਨ। ਸੂਫ਼ੀ ਸ਼ਾਇਰੀ ਵਿਚ ਵਿਯੋਗ ਦੌਰਾਨ ਹੋਣ ਵਾਲਾ ਹਰ ਕੰਮ ਸਾਧਕ ਨੂੰ ਦੁੱਖ ਹੀ ਦਿੰਦਾ ਹੈ। ਉਹ ਚਾਹੇ ਸਾਵਣ ਮਹੀਨੇ ਪੈ ਰਹੀ ਬਰਸਾਤ ਹੋਵੇ ਜਾਂ ਮਾਹੀ ਯਾਰ ਦੇ ਬਿਨਾਂ ਬਤੀਤ ਹੋ ਰਹੀਆਂ ਕਾਲੀਆਂ ਰਾਤਾਂ ਹੋਣ, ਸਾਧਕ ਲਈ ਇਹ ਸਭ ਦੁੱਖ ਦੇ ਕਾਰਣ ਬਣ ਜਾਂਦੇ ਹਨ;

"ਪਿਆਰੇ ਬਿਨ ਰਾਤੀਂ ਹੋਈਆਂ ਵਡੀਆਂ।
ਰਾਂਝਾ ਜੋਗੀ ਮੈਂ ਜੁਗਿਆਣੀ ਕਮਲੀ ਕਰ ਕਰ ਸੱਡੀਆਂ।
ਮਾਸ ਝਰੇ ਝਰਿ ਪਿੰਜਰੁ ਹੋਇਆ, ਕਰਕਨ ਲੱਗੀਆਂ ਹੱਡੀਆਂ।
ਮੈਂ ਇਆਣੀ ਨੇਹੁੰ ਕੀ ਜਾਣਾ, ਬਿਰਹੁੰ ਤਨਾਵਾਂ ਗੱਡੀਆਂ।
ਕਹੈ ਹੁਸੈਨ ਫ਼ਕੀਰ ਸਾਈਂ ਦਾ, ਦਾਵਣੁ ਤੇਰੇ ਮੈਂ ਲੱਗੀਆਂ।"[26]

ਵਿਛੋੜੇ ਦੀ ਅਸਵਥਾ ਨੂੰ ਬਿਰਹੋਂ ਦੀ ਵੇਦਨਾ ਦੇ ਰੂਪ ਵਿਚ ਗ੍ਰਹਿਣ ਕਰਨਾ ਨਿਰੋਲ ਇਕ ਕਾਵਿਕ ਜੁਗਤ ਨਹੀਂ ਸਗੋਂ ਇਸ ਦੇ ਪਿੱਛੇ ਰਹੱਸਵਾਦੀ ਧਾਰਨਾ ਵੀ ਕੰਮ ਕਰ ਰਹੀ ਹੈ। ਇਹ ਤਾਂ ਸਪੱਸ਼ਟ ਹੀ ਹੈ ਕਿ ਬੰਦੇ ਤੇ ਖ਼ੁਦਾ ਦੇ ਵਿਚਕਾਰ ਵਿਛੋੜੇ ਦੀ ਵਿੱਥ ਪਈ ਹੈ ਪਰ ਵਿਛੋੜੇ ਨੂੰ ਬਿਰਹੋਂ ਦੇ ਤੀਬਰ ਅਹਿਸਾਸ ਵਿਚ ਕੋਈ ਵਿਰਲਾ ਵਿਅਕਤੀ ਹੀ ਅਨੁਭਵ ਕਰ ਸਕਦਾ ਹੈ ਕਿਉਂਕਿ ਬਿਰਹੋਂ ਦੀ ਵੇਦਨਾ ਜੀਵਨ ਅਤੇ ਯਥਾਰਥ ਬਾਰੇ ਨਵੀਂ ਚੇਤਨਾ ਦੀ ਲਖਾਇਕ ਬਣ ਜਾਂਦੀ ਹੈ। ਇਸ ਨੂੰ ਅਸੀਂ ਮਨੁੱਖ ਦੀ ਅਧਿਆਤਮਕ ਜਾਗ੍ਰਿਤੀ ਦਾ ਚਿੰਨ ਵੀ ਮੰਨ ਸਕਦੇ ਹਾਂ;

"ਸ਼ਾਹ ਹੁਸੈਨ ਇਸ ਸੰਸਾਰ ਨੂੰ ਕੂੜ ਦਾ ਪਸਾਰਾ ਮੰਨਦਾ ਹੈ ਤੇ ਇਸ ਪ੍ਰਪੰਚ ਤੋਂ ਜੀਵ ਦੀ ਮੁਕਤੀ ਚਾਹੁੰਦਾ ਹੈ ਤਾਂ ਕਿ ਜੀਵ ਫਿਰ ਤੋਂ ਆਪਣੇ ਮੂਲ ਸਰੋਤ ਵਿਚ ਇਕਮਿਕ ਹੋ ਸਕੇ, ਜਿਸ ਤੋਂ ਕਿ ਪਹਿਲਾਂ ਇਕ ਵਾਰ ਵਿਛੜ ਚੁੱਕਾ ਹੈ। ਇਹੀ ਸ਼ਾਹ ਹੁਸੈਨ ਦੀ ਰਹੱਸਵਾਦੀ ਸਾਧਨਾ ਹੈ।"[27]

ਸ਼ਾਹ ਹੁਸੈਨ ਦੇ ਕਲਾਮ ਦੇ ਆਰ-ਪਾਰ ਦਰਦ ਦੀ ਤਿੱਖੀ ਬਿਰਹਾ ਭਾਵਨਾ ਪਸਰੀ ਹੋਈ ਹੈ। ਉਸ ਦੇ ਕਾਵਿ ਅਨੁਭਵ ਦੀ ਵੱਖਰਤਾ ਇਹ ਹੈ ਕਿ ਉਹ ਆਪਣੀ ਸ਼ਾਇਰੀ ਵਿਚ ਨਾ



Sri Satguru Jagjit Singh Ji eLibrary NamdhariElibrary@gmail.com

ਤਾਂ ਨਮਾਜ਼ ਦੀ ਗੱਲ ਕਰਦਾ ਹੈ ਅਤੇ ਨਾ ਹੀ ਨੈਤਿਕਤਾ ਜਾਂ ਕਿਸੇ ਹੋਰ ਉਪਦੇਸ਼ ਭਾਵਨਾ ਨੂੰ ਪ੍ਰਗਟਾਉਂਦਾ ਹੈ। ਉਹ ਤਾਂ ਨਿਰੋਲ ਜਜ਼ਬਿਆਂ ਦਾ ਸ਼ਾਇਰ ਹੈ। ਇਹ ਜਜ਼ਬੇ ਪ੍ਰਭੂ ਵਿਯੋਗ ਨਾਲ ਜੁੜੇ ਹੋਏ ਹਨ। ਸ਼ਾਹ ਹੁਸੈਨ ਨੇ ਰੱਬ ਨਾਲ ਅਭੇਦਤਾ ਪ੍ਰਾਪਤ ਕਰਨ ਲਈ ਇਸ਼ਕ ਦਾ ਰਾਹ ਫੜਿਆ ਅਤੇ ਉਸ ਦਾ ਇਸ਼ਕ ਹਰ ਵੇਲੇ ਕਾਇਮ ਹੈ।

ਡਾ. ਗੁਰਬਚਨ ਸਿੰਘ ਅਨੁਸਾਰ, "ਸ਼ਾਹ ਹੁਸੈਨ ਇਕ ਅਨੁਭਵੀ ਕਵੀ ਸੀ ਨਿਰੋਲ ਚਿੰਤਕ ਨਹੀਂ। ਉਹ ਸੂਫ਼ੀ ਸਿਧਾਂਤੀ ਵੀ ਇਤਨਾ ਨਹੀਂ ਜਿਤਨਾ ਕਿ ਉਹ ਇਕ ਸੂਫ਼ੀ ਸਾਧਕ ਤੇ ਉਸਦੀ ਰਚਨਾ ਜੋ ਕਵਿਤਾ ਵਿਚ ਹੈ ਕਿ ਉਸ ਦੀਆਂ ਮਾਨਸਿਕ ਤੇ ਜਜ਼ਬਾਤੀ ਰੁਚੀਆਂ ਤੇ ਅਨੁਭਵਾਂ ਨੂੰ ਵਧ ਪ੍ਰਗਟ ਕਰਦੀ ਹੈ।"[28]

ਸ਼ਾਹ ਹੁਸੈਨ ਦੀ ਕਵਿਤਾ ਦਾ ਪ੍ਰਮੁੱਖ ਕਾਵਿ ਸਿਧਾਂਤ ਇਸ਼ਕ ਭਾਵਨਾ ਹੈ। ਹੁਸੈਨ ਦੀ ਕਵਿਤਾ ਵਿਚ ਇਹ ਇਸ਼ਕ ਭਾਵਨਾ ਇੰਨੀ ਤਿੱਖੀ ਹੈ ਕਿ ਇਸ ਵਿਚੋਂ ਪੈਦਾ ਹੋਣ ਵਾਲੀ ਬਿਰਹਾ ਉਸ ਨੂੰ ਸੂਲਾਂ ਵਾਂਗ ਜਾਪਣ ਲਗਦੀ ਹੈ। ਉਸ ਦੀ ਸ਼ਾਇਰੀ ਦੀਵਾਨਗੀ ਦੇ ਬੋਲ ਹਨ, ਹਕੀਕੀ ਰੰਗ ਵਿਚ ਰੰਗੇ ਹੋਏ ਬੰਦੇ ਦੀ ਇਬਾਦਤ ਹਨ। ਸੱਜਣ ਬਿਨ ਰਾਤਾਂ ਹੋਈਆਂ ਵੱਡੀਆਂ ਉਸ ਦੀ ਸ਼ਾਇਰੀ ਦਾ ਮੁੱਖ ਪ੍ਰਵਚਨ ਹੈ। ਸ਼ਾਹ ਹੁਸੈਨ ਦੀ ਰਚਨਾ ਦਾ ਮੂਲ ਥੀਮ ਇਸ਼ਕ ਭਾਵਨਾ ਹੈ ਅਤੇ ਇਸ ਇਸ਼ਕ ਭਾਵਨਾ ਵਿਚੋਂ ਪੈਦਾ ਹੋਣ ਵਾਲੀ ਤਿੱਖੀ ਬਿਰਹਾ ਦੀ ਹੂਕ ਉਸ ਦੀ ਵਡਿਆਈ ਹੈ;

"ਬਿਰਹਾ ਇਸ਼ਕ ਦਾ ਸਾਰ ਹੈ। ਇਸ ਵਿਚ ਜਿੰਨਾ ਰਸ ਤੇ ਮਧੁਰਤਾ ਹੈ ਉਹ ਬਿਰਹਾ ਕਰਕੇ ਹੀ ਹੈ, ਇਸ ਦੁਆਰਾ ਹੀ ਪ੍ਰੇਮੀ ਲੋਕ ਆਪਣੀਆਂ ਭਾਵਨਾਵਾਂ ਤੇ ਅਨੁਭੂਤੀਆਂ ਦੀ ਪੱਵਿਤਰ, ਤੀਖਣ ਤੇ ਸ਼ਕਤੀਸ਼ਾਲੀ-ਅਭਿਵਿਅਕਤੀ ਕਰਦੇ ਹਨ।"[29]

ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਦਾ ਸਰੂਪ ਜਿੱਥੇ ਸਾਧਕ ਲਈ ਪੀੜਾ ਦਾ ਕਾਰਨ ਬਣਦਾ ਹੈ ਉੱਥੇ ਦੂਜੇ ਪਾਸੇ ਇਹ ਬਿਰਹਾ ਪ੍ਰਭੂ-ਮਿਲਾਪ ਦਾ ਆਧਾਰ ਵੀ ਬਣਦੀ ਹੈ। ਬਿਰਹਾ ਦੀ ਪੀੜ ਨਾਲ ਵਿਆਕੁਲ ਨਾਇਕਾ ਇਸ਼ਕ ਦਾ ਮਾਰਗ ਅਖ਼ਤਿਆਰ ਕਰਦੀ ਹੈ ਅਤੇ ਇਸ਼ਕ ਪੰਧ ਦੇ ਰਾਹੀਂ ਉਹ ਪਰਮਾਤਮਾ ਦੇ ਮਿਲਾਪ ਦੀ ਸੁਭਾਗਣ ਬਣਦੀ ਹੈ। ਪਰਮਾਤਮਾ ਨਾਲ ਮਿਲਾਪ ਹੀ ਹਰ ਸੂਫ਼ੀ ਸਾਧਕ ਦਾ ਅੰਤਿਮ ਲਕਸ਼ ਹੁੰਦਾ ਹੈ ਪਰ ਇਸ ਲਕਸ਼ ਦੀ ਪ੍ਰਾਪਤੀ ਉਸ ਸਾਧਕ ਨੂੰ ਹੁੰਦੀ ਹੈ ਜਿਸ ਨੇ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਹੋਵੇ।

## ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਇਸ ਸੰਸਾਰ ਵਿਚ ਪੈਦਾ ਹੋਇਆ ਹਰ ਇਨਸਾਨ ਪਰਮਾਤਮਾ ਨਾਲੋਂ ਵਿਯੋਗ ਦਾ ਸੰਤਾਪ ਹੰਢਾ ਰਿਹਾ ਹੈ। ਪਰਮਾਤਮਾ ਨਾਲੋਂ ਵਿਛੜ ਕੇ ਇਸ ਧਰਤੀ'ਤੇ ਵਿਚਰ ਰਹੇ ਸਾਰੇ ਜੀਵ ਵਿਯੋਗੇ ਹੋਏ ਹਨ। ਵਿਯੋਗ ਅਸਲ ਵਿਚ ਕੀ ਹੈ? ਇਸ ਸੰਬੰਧ ਵਿਚ ਵਿਚਾਰ ਕਰਦਿਆਂ ਸਾਡੇ ਮਨ ਵਿਚ ਖਿਆਲ ਆਉਂਦਾ ਹੈ ਕਿ ਇਸ ਸ੍ਰਿਸ਼ਟੀ ਵਿਚ ਵਿਦਮਾਨ ਸਮੁੱਚੇ ਵਰਤਾਰੇ ਦੇ ਜੀਵ ਪਰਮਾਤਮਾ ਦੀ ਹੋਂਦ ਤੋਂ ਉਪਜੇ ਹਨ। ਇਸ ਲਈ ਵਿਯੋਗ ਸਭ ਲਈ ਇਕੋ ਜਿਹਾ ਹੈ। ਇਸ ਵਿਯੋਗ ਦੀ ਅਵਸਥਾ ਦੇ ਦੌਰਾਨ ਭਾਵ ਆਪਣੇ ਜੀਵਨਕਾਲ ਵਿਚ ਕਿਸੇ ਇਨਸਾਨ ਨੂੰ ਜਦੋਂ ਵਿਯੋਗ ਦੀ ਅਵਸਥਾ ਦੀ ਸੋਝੀ ਆ ਗਈ ਉਹ ਸੂਫ਼ੀ ਅਖਵਾਉਂਦੇ ਹਨ। ਇਸ ਪ੍ਰਕਾਰ ਸੂਫ਼ੀ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਜਾ ਸਕਦਾ ਹੈ ਕਿ ਜਿਹੜੇ ਲੋਕਾਂ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦੀ ਸੋਝੀ ਹੋ ਜਾਂਦੀ ਹੈ ਉਹ ਲੋਕ ਸੂਫ਼ੀ ਅਖਵਾਉਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਇਹ ਸੋਝੀ ਮਨੁੱਖ ਨੂੰ ਦੋ ਪ੍ਰਕਾਰ ਨਾਲ ਆ ਸਕਦੀ ਹੈ। ਪਹਿਲੀ ਇਹ ਕਿ ਮਨੁੱਖ ਨੂੰ ਆਪਣੀ ਭਟਕਣਾ ਤੋਂ ਸੋਝੀ ਹੋ ਜਾਂਦੀ ਹੈ ਕਿ ਉਹ ਪ੍ਰਭੂ ਨਾਲੋਂ ਵਿਯੋਗ ਦਾ ਸੰਤਾਪ ਹੰਢਾ ਰਿਹਾ ਹੈ। ਜਿਸ ਵੇਲੇ ਕੋਈ ਮਨੁੱਖ ਪਰਮਾਤਮਾ ਤੋਂ ਦੂਰ ਹੋ ਕੇ ਨਾਸ਼ਮਾਨ ਸੰਸਾਰ ਵਿਚ ਜਨਮ ਲੈਂਦਾ ਹੈ ਤਾਂ ਉਸ ਮਨੁੱਖ ਦੀ ਭਟਕਣਾ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਭਟਕਣਾ ਪੂਰੀ ਜ਼ਿੰਦਗੀ ਮਨੁੱਖ ਨਾਲ ਬਣੀ ਰਹਿੰਦੀ ਹੈ। ਜਿਨ੍ਹਾਂ ਲੋਕਾਂ ਨੂੰ ਨਾਸ਼ਮਾਨ ਸੰਸਾਰ ਅੰਦਰ ਭਟਕਣਾ ਦਾ ਗਿਆਨ ਹੋ ਜਾਂਦਾ ਹੈ ਉਹ ਸੂਫ਼ੀ ਦਾ ਦਰਜ਼ਾ ਪ੍ਰਾਪਤ ਕਰ ਲੈਂਦੇ ਹਨ। ਦੂਜੀ ਇਹ ਕਿ ਮਨੁੱਖ ਨੂੰ ਕਿਸੇ ਕਾਬਿਲ ਮੁਰਸ਼ਦ ਦੁਆਰਾ ਇਸ ਗੱਲ ਦਾ ਗਿਆਨ ਕਰਵਾ ਦਿੱਤਾ ਜਾਵੇ ਕਿ ਮਨੁੱਖੀ-ਰੂਹ ਕਿਸੇ ਪੂਰਬਲੇ ਕਰਮਾਂ ਕਰਕੇ ਪਰਮਾਤਮਾ ਨਾਲੋਂ ਵਿਯੋਗ ਦਾ ਦੁੱਖ ਹੰਢਾ ਰਹੀ ਹੈ ਤਾਂ ਉਸ ਵਿਅਕਤੀ ਨੂੰ ਵਿਯੋਗ ਦੀ ਸੋਝੀ ਆ ਜਾਂਦੀ ਹੈ।

ਵਿਯੋਗ ਦੀ ਅਵਸਥਾ ਕਾਰਨ ਸਾਧਕ ਦੇ ਮਨ ਵਿਚ ਬਿਰਹਾ ਉਤਪੰਨ ਹੋ ਜਾਂਦੀ ਹੈ। ਬਿਰਹਾ ਦੀ ਅਸਵਥਾ ਵਿਚ ਮੁਰਸ਼ਦ ਦੀ ਲੋੜ ਹੁੰਦੀ ਹੈ ਜੋ ਇਸ ਬਿਰਹਾ ਦੀ ਅਵਸਥਾ ਦਾ ਅੰਤ ਕਰਨ ਲਈ ਉਪਰਾਲੇ ਦੱਸਦਾ ਹੈ। ਮੁਰਸ਼ਦ ਦੁਆਰਾ ਦੱਸੇ ਗਏ ਇਹਨਾਂ ਤਰੀਕਿਆਂ ਵਿਚ ਇਸ਼ਕ ਇਕ ਅਹਿਮ ਜ਼ਰੀਆ ਹੈ ਜਿਸ ਦੁਆਰਾ ਵਿਯੋਗ ਦੀ ਅਵਸਥਾ ਦਾ ਅੰਤ ਕੀਤਾ ਜਾ ਸਕਦਾ ਹੈ ਭਾਵ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਇਸ਼ਕ ਤੋਂ ਬਿਨਾਂ ਅਜਿਹਾ ਕੋਈ ਹੋਰ ਤਰੀਕਾ ਨਹੀਂ ਹੈ ਜਿਸ ਦੁਆਰਾ ਮਨੁੱਖ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰ ਸਕੇ। ਇਸ ਇਸ਼ਕ ਦੇ ਰਾਹ ਵਿਚ ਅਨੇਕਾਂ ਮੁਸ਼ਕਿਲਾਂ ਹਨ ਜਿਨ੍ਹਾਂ ਦਾ ਸੂਫ਼ੀ ਸਾਧਕਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ ਅਤੇ ਆਪਣੇ ਆਪੇ ਦੀ ਪਛਾਣ ਨੂੰ ਖ਼ਤਮ ਕਰਨਾ ਪੈਂਦਾ ਹੈ।

ਸ਼ਾਹ ਹੁਸੈਨ ਦੀ ਕਵਿਤਾ ਵਿਚ ਇਸ਼ਕ ਵਿਚੋਂ ਉਪਜਣ ਵਾਲੀ ਬਿਰਹਾ ਨੂੰ ਬਹੁਤ ਅਹਿਮ ਸਥਾਨ ਪ੍ਰਾਪਤ ਹੈ ਕਿਉਂਕਿ ਬਿਰਹਾ ਪਰਮਾਤਮਾ ਨਾਲ ਪਏ ਵਿਛੋੜੇ ਦਾ ਅਹਿਸਾਸ ਕਰਵਾ ਕੇ ਮਿਲਾਪ ਲਈ ਤੜਪ ਪੈਦਾ ਕਰਦੀ ਹੈ। ਵਿਯੋਗ ਉਹ ਅਵਸਥਾ ਹੈ ਜਦੋਂ ਕਿਸੇ ਕਾਰਣ ਦੋ ਲੋਕਾਂ ਵਿਚ ਵਿਛੋੜਾ ਪੈਦਾ ਹੋ ਜਾਂਦਾ ਹੈ ਤੇ ਉਹ ਲੋਕ ਇਸ ਵਿਯੋਗ ਦੇ ਸਮੇਂ ਇਕ ਦੂਜੇ ਨੂੰ ਯਾਦ ਕਰਦੇ ਹਨ।

ਸ਼ਾਹ ਹੁਸੈਨ ਨੇ ਆਪਣੇ ਕਲਾਮ ਵਿਚ ਜੀਵਾਤਮਾ ਨੂੰ ਹੀਰ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਪਰਮਾਤਮਾ ਨੂੰ ਰਾਂਝੇ ਦੇ ਰੂਪ ਵਿਚ ਪੇਸ਼ ਕੀਤਾ ਹੈ। ਪਰਮਾਤਮਾ ਪ੍ਰੇਮੀ ਅਤੇ ਜੀਵਾਤਮਾ ਪ੍ਰੇਮਿਕਾ ਦੇ ਰੂਪ ਵਿਚ ਸ਼ਾਹ ਹੁਸੈਨ ਦੇ ਕਲਾਮ ਵਿਚ ਪੇਸ਼ ਹੁੰਦੇ ਹਨ;

"ਸ਼ਾਹ ਹੁਸੈਨ ਨੇ ਵੈਰਾਗਮਈ ਕਵਿਤਾ ਵਿਚ ਆਪਣੇ-ਆਪ ਨੂੰ ਉਸ ਪਰਮਾਤਮਾ ਪ੍ਰੇਮੀ ਦੀ ਪ੍ਰੇਮਿਕਾ ਦੇ ਰੂਪ ਵਿਚ ਪੇਸ਼ ਕਰਕੇ ਰੱਬੀ ਬਿਰਹੋਂ ਵਰਣਨ ਦੇ ਗੀਤ ਗਾਏ ਹਨ। ਸ਼ਾਹ ਹੁਸੈਨ ਆਤਮਾ ਨੂੰ ਹੀਰ ਅਤੇ ਪਰਮਾਤਮਾ ਨੂੰ ਰਾਂਝੇ ਦੇ ਰੂਪ ਵਿਚ ਪੇਸ਼ ਕਰਦਾ ਹੈ। ਸ਼ਾਹ ਹੁਸੈਨ ਰੱਬੀ ਪ੍ਰੇਮ ਤੋਂ ਉਤਪੰਨ ਬਿਰਹਾ ਦਾ ਵਰਣਨ ਕਾਵਿਮਈ ਅਤੇ ਰਹੱਸਮਈ ਤਰੀਕੇ ਨਾਲ ਕਰਦਾ ਹੈ।"[30]

ਸ਼ਾਹ ਹੁਸੈਨ ਨੇ ਬਿਰਹਾ ਦਾ ਵਰਣਨ ਬੜੇ ਹੀ ਦਿਲ ਵਿੰਨਵੇਂ ਅੰਦਾਜ਼ ਵਿਚ ਕੀਤਾ ਹੈ ਜਦੋਂ ਡੂੰਘੇਰਾ ਇਸ਼ਕ ਕਰਨ ਤੇ ਵੀ ਪਰਮਾਤਮਾ ਉਸ ਨੂੰ ਨਹੀਂ ਮਿਲਦਾ ਤਾਂ ਉਹ ਆਪਣੀ ਵਿਯੋਗਮਈ ਅਵਸਥਾ ਨੂੰ ਸ਼ਬਦਾਂ ਦਾ ਰੂਪ ਪ੍ਰਦਾਨ ਕਰਦਾ ਹੈ ਅਤੇ ਪ੍ਰਭੂ-ਮਿਲਾਪ ਦੀ ਤਾਂਘ ਆਪਣੇ ਮਨ ਵਿਚ ਜਗਾਈ ਰੱਖਦਾ ਹੈ;



Sri Satguru Jagjit Singh Ji eLibrary NamdhariElibrary@gmail.com

"ਉਸ (ਸ਼ਾਹ ਹੁਸੈਨ) ਦੀ ਕਵਿਤਾ ਦਾ ਬੁਨਿਆਦੀ ਗੁਣ ਇਸ ਦਾ ਅਤਿ ਵੇਦਨਾਮੂਲਕ ਤੇ ਦਿਲ-ਵਿੰਨਵੀਂ ਹੋਣਾ ਹੈ ਜੋ ਪਾਠਕ ਨੂੰ ਮੋਹ ਲੈਂਦੀ ਹੈ ਅਤੇ ਵਿਸਮਾਦੀ ਭਾਵਨਾ ਨੂੰ ਸਿਰਜਦੀ ਹੈ।"[31]

ਸ਼ਾਹ ਹੁਸੈਨ ਵਿਯੋਗ ਤੋਂ ਬਿਰਹਾ ਦੀ ਗੱਲ ਕਰਦਿਆਂ ਮੁਰਸ਼ਦ ਦੇ ਲੜ ਲੱਗ ਕੇ ਇਸ਼ਕ ਕਰਦਾ ਹੈ, ਸਵਾਲ ਇਹ ਪੈਦਾ ਹੁੰਦਾ ਹੈ ਕਿ ਮਨੁੱਖ ਜਾਗ੍ਰਤ ਕਿਸ ਤਰ੍ਹਾਂ ਹੁੰਦਾ ਹੈ? ਜਾਗ੍ਰਤ ਹੋਣ ਲਈ ਪਹਿਲਾ ਕਾਰਣ ਇਹ ਦੱਸਿਆ ਜਾਂਦਾ ਹੈ ਕਿ ਮਨੁੱਖ ਆਪਣੇ ਮਨ-ਅੰਦਰ ਦੀ ਭਟਕਣ ਤੋਂ ਸੋਝੀ ਪ੍ਰਾਪਤ ਕਰਦਾ ਹੈ। ਦੂਜਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਕਾਮਿਲ ਮੁਰਸ਼ਦ ਆਪਣੇ ਸ਼ਾਗਿਰਦ ਨੂੰ ਪ੍ਰਭੂ ਨਾਲੋਂ ਪਏ ਵਿਯੋਗ ਦੀ ਸੋਝੀ ਕਰਵਾਉਂਦਾ ਹੈ। ਇਸ ਪ੍ਰਕਾਰ ਸਾਧਕ ਦੇ ਅੰਤਰ-ਮਨ ਵਿਚ ਬਿਰਹਾ ਦੀ ਤੜਪ ਉਤਪੰਨ ਹੋ ਜਾਂਦੀ ਹੈ। ਇਸ ਬਿਰਹਾ ਦੇ ਕਾਰਣ ਸ਼ਾਹ ਹੁਸੈਨ ਨੂੰ ਕਈ ਪ੍ਰਕਾਰ ਦੇ ਕਸ਼ਟ ਝੱਲਣੇ ਪੈਂਦੇ ਹਨ। ਸ਼ਾਹ ਹੁਸੈਨ ਨੂੰ ਆਪਣੇ ਪ੍ਰੀਤਮ ਤੋਂ ਬਿਨਾਂ ਬਤੀਤ ਹੋ ਰਹੀਆਂ ਰਾਤਾਂ ਬਹੁਤ ਲੰਮੀਆਂ ਹੋ ਗਈਆਂ ਜਾਪਦੀਆਂ ਹਨ। ਅਸਲ ਵਿਚ ਦੁੱਖ ਦੇ ਪਲ ਬਹੁਤ ਦੇਰ ਨਾਲ ਬਤੀਤ ਹੁੰਦੇ ਹਨ। ਸੁੱਖ ਦਾ ਸਮਾਂ ਜਾਂ ਮਿਲਾਪ/ਸੰਜੋਗ ਦਾ ਸਮਾਂ ਬਹੁਤ ਜਲਦੀ ਬੀਤ ਜਾਂਦਾ ਹੈ ਪਰ ਦੁੱਖ ਦਾ ਸਮਾਂ ਜਾਂ ਵਿਯੋਗ ਦਾ ਸਮਾਂ ਬਹੁਤ ਲੰਮੇਰਾ ਹੋ ਗਿਆ ਜਾਪਦਾ ਹੈ;

"ਸਜਣ ਬਿਨ ਰਾਤੀਂ ਹੋਈਆਂ ਵੱਡੀਆਂ।
ਮਾਸ ਝੜੇ ਝੜ ਪਿੰਜਰ ਹੋਇਆ,
ਕਣ ਕਣ ਹੋਈਆਂ ਹੱਡੀਆਂ।
ਇਸ਼ਕ ਛੁਪਾਇਆ ਛੁਪਦਾ ਨਾਹੀਂ,
ਬਿਰਹੋਂ ਤਣਾਵਾਂ ਗੱਡੀਆਂ।"[32]

ਸ਼ਾਹ ਹੁਸੈਨ ਅਨੁਸਾਰ ਕਿਸੇ ਸਾਧਕ ਵਿਚ ਅਜਿਹੀ ਤਾਕਤ ਨਹੀਂ ਕਿ ਉਹ ਖ਼ੁਦ ਆਪਣੇ ਪ੍ਰੀਤਮ ਨੂੰ ਪ੍ਰਾਪਤ ਕਰ ਸਕੇ ਬਲਕਿ ਖ਼ੁਦ ਪਰਮਾਤਮਾ ਜਿਸ ਸਾਧਕ ਨੂੰ ਚਾਹੁੰਦਾ ਹੈ ਉਸ ਨੂੰ ਆਪਣਾ ਦੀਦਾਰ ਦਿੰਦਾ ਹੈ। ਪ੍ਰਭੂ ਦੇ ਮਿਲਾਪ ਲਈ ਹਰ ਸੂਫ਼ੀ ਸਾਧਕ ਉਪਰਾਲੇ ਕਰ ਰਿਹਾ ਹੈ ਪਰ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਜਿਸ ਸਾਧਕ ਉੱਤੇ ਹੋ ਜਾਂਦੀ ਹੈ ਉਹ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ;

"ਸ਼ਾਹ ਹੁਸੈਨ ਦੀ ਕਵਿਤਾ ਵਿਚ ਰੱਬ ਨਾਲੋਂ ਵਿਛੜ ਚੁੱਕੇ ਪ੍ਰਾਣੀ ਦੀ ਤੜਪ ਦੀ ਅਵਸਥਾ ਨੂੰ ਚਿੱਤਰਿਆ ਗਿਆ ਹੈ। ਪਰਮਾਤਮਾ ਦਾ ਵਿਛੋੜਾ ਸਾਧਕ ਨੂੰ ਪਲ ਪਲ ਦੀ ਮੌਤ ਮਾਰ ਰਿਹਾ ਹੈ, ਪਰ ਰੱਬ ਆਪਣੀ ਮਿਹਰ ਕਰਕੇ ਹੀ ਸਾਧਕ ਨੂੰ ਛੁਡਾ ਸਕਦਾ ਹੈ।"[33]

ਬਿਰਹਾ ਕਾਰਣ ਪ੍ਰਭੂ ਤੋਂ ਵਿਯੋਗੀ ਆਤਮਾ ਦਾ ਹਾਲ ਬੇਹਾਲ ਹੋ ਜਾਂਦਾ ਹੈ। ਬਿਰਹੋਂ ਦੇ ਕੰਡੇ ਉਸ ਦੇ ਸਰੀਰ ਨੂੰ ਦੁਖਦਾਇਕ ਅਵਸਥਾ ਵਿਚ ਪਹੁੰਚਾ ਦਿੰਦੇ ਹਨ। ਡਾ. ਕੁਲਜੀਤ ਸ਼ੈਲੀ ਅਨੁਸਾਰ ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗ ਦਾ ਵਰਣਨ ਬਾਬਾ ਫ਼ਰੀਦ ਨਾਲੋਂ ਕਿਤੇ ਵੱਧ ਹੋਇਆ ਹੈ;

"ਸ਼ਾਹ ਹੁਸੈਨ ਜਿਹੜਾ ਸ਼ੇਖ਼ ਫ਼ਰੀਦ ਤੋਂ ਬਾਅਦ ਦੂਜਾ ਮਹੱਤਵਪੂਰਨ ਕਵੀ ਹੈ, ਦੀ ਰਚਨਾ ਵਿਚ ਮਨੁੱਖੀ ਆਤਮਾ ਦੀ ਕਾਲੀ ਬੋਲੀ ਰਾਤ ਦਾ ਅਨੁਭਵ ਫ਼ਰੀਦ ਦੇ ਟਾਕਰੇ ਵਿਚ ਵਧੇਰੇ ਮਨ-ਮੁਹਾਰਾ, ਵੇਗਮੱਤਾ ਤੇ ਅਮੋੜ ਹੈ।"[34]

ਦੂਜੇ ਪਾਸੇ ਸ਼ਾਹ ਹੁਸੈਨ ਆਪਣੀਆਂ ਕਾਫ਼ੀਆਂ ਵਿਚ ਵਿਯੋਗ ਦੀ ਅਵਸਥਾ ਦਾ ਚਿੱਤਰਣ ਕਰਦਿਆਂ ਕਹਿੰਦਾ ਹੈ ਕਿ ਵਿਛੋੜੇ ਵਿਚ ਪੈਦਾ ਹੁੰਦੇ ਦਰਦ/ਗ਼ਮ ਨੂੰ ਉਹ ਕਿਸ ਅੱਗੇ



Sri Satguru Jagjit Singh Ji eLibrary NamdhariElibrary@gmail.com

ਪੇਸ਼ ਕਰੇ? ਉਹ ਕਹਿੰਦਾ ਹੈ ਕਿ ਪ੍ਰੀਤਮ ਦੇ ਵਿਯੋਗ ਵਿਚ ਉਸ ਦੀ ਜਿੰਦ ਦੀਵਾਨੀ ਹੋ ਗਈ ਹੈ। ਬਿਰਹਾ ਨੇ ਉਸਦੀ ਜਿੰਦ ਨੂੰ ਜ਼ਖ਼ਮੀ ਕਰ ਦਿੱਤਾ ਹੈ ਅਤੇ ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਉਹ ਆਪਣੇ ਇਸ ਹਾਲ ਨੂੰ ਬਿਆਨ ਵੀ ਨਹੀਂ ਕਰ ਸਕਦੀ;

"ਦਰਦ ਵਿਛੋੜੇ ਦਾ ਹਾਲਿ,
ਮਾਇ ਨੀਂ ਮੈਂ ਕੈਨੂੰ ਆਖਾਂ।
ਸੂਲਾਂ ਮਾਰ ਦੀਵਾਨੀ ਕੀਤੀ,
ਬਿਰਹੁ ਪਇਆ ਸਾਡੇ ਖਿਆਲ।
ਦੁੱਖਾਂ ਦੀ ਰੋਟੀ ਸੂਲਾਂ ਦਾ ਸਾਲਣ,
ਆਹੀਂ ਦਾ ਬਾਲਣ ਬਾਲਿ।
ਨੀਂ ਮੈਂ ਕੈਨੂੰ ਆਖਾਂ।"[35]

"ਸ਼ਾਹ ਹੁਸੈਨ ਦੁਆਰਾ ਕੀਤਾ ਗਿਆ ਬਿਰਹਾ ਦਾ ਵਰਨਣ ਵੀ ਵੈਰਾਗਮਈ ਤੇ ਧੂਹ ਪਾਉਣ ਵਾਲਾ ਹੈ। ਬਿਰਹੋਂ ਵਰਨਣ ਕਰਦਿਆਂ ਉਹ ਰੋਟੀ ਨੂੰ ਸੂਲਾਂ ਤੇ ਸਬਜੀ ਨੂੰ ਦੁੱਖਾਂ ਦੇ ਰੂਪਕਾਂ ਰਾਹੀਂ ਬਿਆਨ ਕਰਦਾ ਹੈ;

ਸੂਲਾਂ ਦੀ ਰੋਟੀ ਦੁਖਾਂ ਦਾ ਲਾਵਣ
ਹੱਡਾਂ ਦਾ ਬਾਲਣ ਬਾਲ,
ਨੀਂ ਮੈਂ ਕੀਹਨੂੰ ਆਖਾਂ।"[36]

ਪ੍ਰੀਤਮ ਨਾਲੋਂ ਪਏ ਵਿਯੋਗ ਕਾਰਨ ਉਤਪੰਨ ਬਿਰਹਾ ਦਾ ਅੰਤ ਕੇਵਲ ਇਕ ਹੀ ਤਰੀਕੇ ਨਾਲ ਹੋ ਸਕਦਾ ਹੈ ਅਤੇ ਉਹ ਹੈ ਪ੍ਰੀਤਮ ਦਾ ਮਿਲਾਪ। ਦੂਜੇ ਪਾਸੇ ਪ੍ਰੀਤਮ ਦੇ ਮਿਲਾਪ ਤੋਂ ਪਹਿਲਾਂ ਦਾ ਸਮਾਂ ਜਿਹੜਾ ਬਿਰਹਾ ਦੀ ਪੀੜ ਨਾਲ ਬਤੀਤ ਹੋਇਆ ਹੈ ਉਸ ਸਮੇਂ ਨੂੰ ਸ਼ਾਹ ਹੁਸੈਨ ਨੇ ਕਸਾਈ ਦੇ ਨਾਲ ਤੁਲਨਾ ਦਿੱਤੀ ਹੈ। ਸ਼ਾਹ ਹੁਸੈਨ ਤਾਂ ਬਿਰਹਾ ਨੂੰ ਕਸਾਈ ਤੱਕ ਕਹਿੰਦਾ ਹੈ। ਬਿਰਹਾ ਦਾ ਦਰਦ ਤੇ ਪੀੜਾ ਤਾਂ ਹੀ ਦੂਰ ਹੋ ਸਕਦੀ ਹੈ ਜੇ ਪ੍ਰੇਮੀ ਮਿਲ ਪਵੇ;

"ਬਿਰਹੁ ਕਸਾਈ ਤਨ ਅੰਤਰਿ ਵੜਿਆ
ਘਿੰਨ ਕੁਰਾਣੀ ਕੀਤੀ।
ਸੈ ਵਰਿ ਆਂ ਦੀ ਜ਼ਹਿਮਤ ਜਾਵੇ
ਜੇ ਰਾਂਝਣ ਪਾਵੇ ਝਾਤੀ।"[37]

ਪ੍ਰੋ. ਸੀ. ਐਲ. ਨਾਰੰਗ ਨੇ ਬਿਰਹਾ ਦੇ ਵਿਕਾਸ ਦੇ ਚਾਰ ਪੜਾਅ ਦੱਸੇ ਹਨ ਪਹਿਲੇ ਪੜਾਅ ਵਿਚ ਵਿਛੋੜੇ ਵਿਚ ਜੀਵ ਨੂੰ ਪਰਮਾਤਮਾ ਦੀ ਤਾਂਘ ਮਹਿਸੂਸ ਹੁੰਦੀ ਹੈ, ਇਸੇ ਦਾ ਨਾਂ ਇਸ਼ਕ ਹੈ ਅਤੇ ਇਹ ਬਿਰਹਾ ਦੇ ਸੋਮੇ ਵਿਚੋਂ ਹੀ ਵਿਕਸਦਾ ਹੈ। ਬਿਰਹਾ ਵਿਚ ਇਸ਼ਕ ਅਤੇ ਇਸ਼ਕ ਵਿਚ ਨਿਰਾਸ਼ ਹੋਣਾ ਜ਼ਰੂਰੀ ਹੈ। ਪ੍ਰੇਮੀ-ਪ੍ਰੇਮਿਕਾ ਦੇ ਮਿਲਣ ਤੋਂ ਪਹਿਲਾਂ ਅਤੇ ਮਿਲਣ ਤੋਂ ਬਾਅਦ ਦੀ ਦੂਰੀ ਦਾ ਨਾਂ ਬਿਰਹਾ ਹੈ। ਇਹ ਬਿਰਹਾ ਪ੍ਰੇਮ ਦੀ ਤੀਬਰਤਾ ਅਤੇ ਗੰਭੀਰਤਾ ਦਾ ਪ੍ਰਤਿਬਿੰਬ ਹੈ ਕਿਉਂਕਿ ਵਿਸ਼ਾਦ, ਨਿਰਾਸ਼ਾ, ਗ਼ਮ, ਦਰਦ ਆਦਿ ਬਿਰਹਾ ਦੇ ਸੋਮੇ ਵਿਚੋਂ ਹੀ ਜਨਮ ਲੈਂਦੇ ਹਨ। ਇਸ ਲਈ ਸ਼ਾਹ ਹੁਸੈਨ ਕਹਿੰਦਾ ਹੈ;

"ਮਿੱਤਰਾਂ ਲਿਖ ਕਿਤਾਬਤ ਭੇਜੀ,
ਲੱਗਾ ਬਾਣ ਫਿਰਾਂ ਤੜਫੇਂਦੀ।
ਤਨ ਵਿਚ ਤਾਕਤ ਰਹੀ ਨਾ ਮੂਲੇ,
ਰੋ ਰੋ ਹਰਫ ਪਛਾਣੀ ਦਾ।"[38]



Sri Satguru Jagjit Singh Ji eLibrary NamdhariElibrary@gmail.com

ਬਿਰਹੋਂ ਦੇ ਦੂਜੇ ਪੜਾਅ ਵਿਚ ਪ੍ਰਭੂ ਪ੍ਰੇਮ ਬਿਰਹਾ ਵਿਚ ਸੜ ਕੇ ਹੀ ਆਪਣੇ ਸੁੰਦਰ ਰੂਪ ਵਿਚ ਆਉਂਦਾ ਹੈ। ਪ੍ਰੇਮ ਦਾ ਇਹ ਸਰੂਪ ਬਹੁਤ ਮਨਮੋਹਕ ਹੁੰਦਾ ਹੈ। ਇਹ ਪ੍ਰੇਮ ਪਰਮਾਤਮਾ ਦੀ ਸਭ ਤੋਂ ਵੱਡੀ ਦਾਤ ਹੈ;

" ... ਸੂਫ਼ੀ ਸਾਧਕ ਵਿਯੋਗ ਦੀ ਅੱਗ ਵਿਚ ਸੜ ਕੇ, ਤਪੱਸਿਆ ਰਾਹੀਂ ਆਪਣੇ ਵਿਅਕਤਿਤਵ ਨੂੰ ਨਿਖਾਰਦਾ ਹੈ। ਵਿਅਕਤਿਤਵ ਨੂੰ ਨਿਖ਼ਾਰਨ ਅਥਵਾ ਰੱਬ ਦੀ ਦਰਗਾਹ ਵਿਚ ਕਬੂਲ ਹੋਣ ਲਈ ਸਦਾਚਾਰਕ ਗੁਣਾਂ ਅਤੇ ਨੈਤਿਕ ਨਿਯਮਾਂ ਦੀ ਬਹੁਤ ਲੋੜ ਹੈ।"[39]

ਸ਼ਾਹ ਹੁਸੈਨ ਦੀ ਬਿਰਹਾ ਨੇ ਜਿੱਥੇ ਉਸ ਨੂੰ ਦਰਦ ਦਿੱਤਾ ਹੈ ਉੱਥੇ ਉਸ ਨੂੰ ਆਤਮਿਕ ਉੱਚਤਾ ਵਾਲੇ ਪਾਸੇ ਵੀ ਤੋਰਿਆ ਹੈ। ਇਸ ਬਿਰਹਾ ਨੇ ਸ਼ਾਹ ਹੁਸੈਨ ਨੂੰ ਨਿਮਰਤਾ, ਹਲੀਮੀ, ਪਿਆਰ ਅਤੇ ਸਹਿਣਸ਼ੀਲਤਾ ਦਾ ਪਾਠ ਵੀ ਪੜ੍ਹਾਇਆ ਹੈ;

"ਸ਼ਾਹ ਹੁਸੈਨ ਦੀ ਬਿਰਹਾ ਭਾਵਨਾ ਨੇ ਉਸ ਅੰਦਰ ਨਿਮਰਤਾ ਦਾ ਸੰਚਾਰ ਕੀਤਾ ਹੈ। ਆਪਣੇ ਮਨ ਵਿਚਲੇ ਵਿਕਾਰਾਂ ਤੇ ਹੰਕਾਰ ਦੀ ਭਾਵਨਾ ਨੂੰ ਇਸ ਬਿਰਹਾ ਸਦਕਾ ਖ਼ਤਮ ਕੀਤਾ ਹੈ। ਬਿਰਹਾ ਨੇ ਉਸ ਦੀ ਅਗਿਆਨਤਾ ਜਾਂ ਮਾਇਆ ਜਾਲ ਨੂੰ ਕੱਟਿਆ ਹੈ।"[40]

ਤੀਜਾ ਪੜਾਅ ਨਾਸ਼ਮਾਨਤਾ ਦਾ ਹੈ ਜੋ ਸਾਧਕ ਦੇ ਮਨ ਵਿਚ ਨਿਰਾਸ਼ਾ ਉਪਜਾਉਂਦਾ ਹੈ। ਸਰੀਰ ਨਾਸ਼ਮਾਨ ਹੈ, ਇਹ ਦੁਨੀਆ ਫਾਨੀ ਹੈ, ਇੱਥੇ ਕਿਸੇ ਸਦਾ ਨਹੀਂ ਰਹਿਣਾ। ਇਹ ਭਾਵ ਸੰਸਾਰਕ ਮਨੁੱਖਾਂ ਲਈ ਦੁਖਦਾਈ ਹਨ ਪਰੰਤੂ ਆਤਮਿਕ ਸੂਝ ਵਾਲੇ ਜੀਵਾਂ ਲਈ ਇਹ ਭਾਵ ਦੁੱਖ ਦਾ ਕਾਰਨ ਨਹੀਂ ਬਣਦੇ ਕਿਉਂਕਿ ਇਹ ਭਾਵ ਖੁਦੀ ਤਕੱਬਰੀ ਅਤੇ ਹੰਕਾਰ ਤਿਆਗਣ ਦੀ ਪ੍ਰੇਰਣਾ ਦਿੰਦੇ ਹਨ। ਸ਼ਾਹ ਹੁਸੈਨ ਦੀ ਨਿਰਾਸ਼ਾ, ਬਿਰਹਾ ਤੇ ਵੈਰਾਗ ਹੀ ਹੈ ਜੋ ਪ੍ਰਭੂ ਦੇ ਪ੍ਰੇਮ ਦੀ ਸੂਚਕ ਹੈ;

"ਸੂਫ਼ੀਆਂ ਅਨੁਸਾਰ ਜਗਤ ਜੀਵ ਦਾ ਪੇਕਾ ਘਰ ਹੈ, ਜਿੱਥੇ ਕੁਝ ਚਿਰ ਲਈ ਆਤਮਾ ਨੂੰ ਰਹਿਣ ਤੋਂ ਬਾਅਦ ਇਸ ਨੂੰ ਛੱਡਣਾ ਪੈਂਦਾ ਹੈ। ਇਸ ਕਰਕੇ ਸੂਫ਼ੀ ਸੰਸਾਰ ਨਾਲ ਮੋਹ ਨਹੀਂ ਲਾਉਣਾ ਚਾਹੁੰਦੇ।"[41]

"ਸ਼ਾਹ ਹੁਸੈਨ ਕਾਵਿ ਵਿਚ ਦੁਨੀਆ ਦੀ ਨਾਸ਼ਮਾਨਤਾ ਦੇ ਅਨੁਭਵ ਨੂੰ ਬੜੇ ਵੇਰਵੇ ਤੇ ਵਿਸਥਾਰ ਸਹਿਤ ਅਤੇ ਵਾਰ-ਵਾਰ ਬਿਆਨਿਆ ਗਿਆ ਹੈ। ਇਹ ਸ਼ਾਹ ਹੁਸੈਨ ਕਾਵਿ ਦੇ ਪ੍ਰਮੁੱਖ ਵਿਸ਼ਿਆਂ ਵਿਚੋਂ ਇਕ ਹੈ। ਇਸ ਲਈ ਅਸੀਂ ਬਿਨਾਂ ਕਿਸੇ ਝਿਜਕ ਅਤੇ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਸ਼ਾਹ ਹੁਸੈਨ ਦੀ ਚੇਤਨਾ ਨੂੰ ਸਦਾਚਾਰਕ ਉੱਚਤਾ ਅਤੇ ਪ੍ਰਭੂ ਸਿਮਰਨ ਵੱਲ ਲਾਉਣ ਤੇ ਸੰਸਾਰਕ ਮੋਹ ਵਿਚੋਂ ਕੱਢਣ ਦਾ ਇਹ ਇਕ ਵਿਸ਼ੇਸ਼ ਪ੍ਰਵਰਤਕ ਕਾਰਨ ਹੈ। ਇਸ ਗੱਲ ਦਾ ਪ੍ਰਮਾਣ ਇਕ ਹੋਰ ਤੱਥ ਤੋਂ ਵੀ ਮਿਲ ਜਾਂਦਾ ਹੈ ਕਿ ਸ਼ਾਹ ਹੁਸੈਨ ਨੇ ਆਪਣੀ ਕਵਿਤਾ ਵਿਚ ਦੁਨੀਆ ਦੀ ਨਾਸ਼ਮਾਨਤਾ ਦੇ ਇਸ ਅਨੁਭਵ ਨੂੰ ਬਹੁਤੀ ਥਾਈਂ ਸਦਾਚਾਰਕ ਗੁਣ-ਗ੍ਰਹਿਣਤਾ ਅਤੇ ਨਾਮ ਸਿਮਰਨ ਦੋਹਾਂ ਨਾਲ ਸੰਬੰਧਿਤ ਕਰਕੇ ਬਿਆਨ ਕੀਤਾ ਹੈ।"[42]

ਸ਼ਾਹ ਹੁਸੈਨ ਅਨੁਸਾਰ ਮਨੁੱਖ ਦਾ ਸਰੀਰ ਅਤੇ ਇਹ ਸੰਸਾਰ ਨਾਸ਼ਮਾਨ ਹਨ। ਇਸ ਲਈ ਇਹਨਾਂ ਨਾਲ ਕਿਸੇ ਪ੍ਰਕਾਰ ਦਾ ਮੋਹ ਨਹੀਂ ਕਰਨਾ ਚਾਹੀਦਾ ਬਲਕਿ ਸੱਚੇ ਮਨ ਨਾਲ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ;

"ਸ਼ਾਹ ਹੁਸੈਨ ਨੇ ਸੰਸਾਰਿਕ ਨਾਸ਼ਮਾਨਤਾ ਦਾ ਅਨੇਕ ਕਾਫ਼ੀਆਂ ਵਿਚ ਜ਼ਿਕਰ ਕੀਤਾ ਹੈ। ਇਸ ਪ੍ਰਕਾਰ ਦੇ ਉਲੇਖ ਦਾ ਮੂਲ ਕਾਰਣ ਇਹ ਹੈ ਕਿ ਇਸ ਅਸਾਰ ਸੰਸਾਰ ਨਾਲ ਪ੍ਰੀਤ ਪਾਉਣਾ ਵਿਅਰਥ ਹੈ, ਕਿਉਂਕਿ;



Sri Satguru Jagjit Singh Ji eLibrary NamdhariElibrary@gmail.com

ਦੁਨੀਆ ਤੋਂ ਮਰ ਜਾਵਣਾ,
ਵੱਤ ਨ ਆਵਣਾ,
ਜੋ ਕਿਛੁ ਕੀਤੋ ਬੁਰਾ ਭਲਾ ਵੋ
ਕੀਤਾ ਆਪਣਾ ਪਾਵਣਾ।"[43]

ਚੋਥੇ ਪੜਾਅ ਦੇ ਅਨੁਸਾਰ ਮਨੁੱਖ ਪਰਮਾਤਮਾ ਨਾਲੋਂ ਵਿਛੜੀ ਹੋਈ ਹੋਂਦ ਹੈ। ਪਰਮਾਤਮਾ ਨਾਲੋਂ ਪਏ ਵਿਛੋੜੇ ਕਾਰਨ ਹੀ ਉਸਨੂੰ ਧਰਤੀ'ਤੇ ਭਟਕਣਾ ਪੈ ਰਿਹਾ ਹੈ। ਇਸ ਭਟਕਣ ਤੋਂ ਬਚਣ ਦਾ ਇਕੋ ਇਕ ਤਰੀਕਾ ਪਰਮਾਤਮਾ ਦਾ ਵਸਲ ਹੈ ਅਤੇ ਪਰਮਾਤਮਾ ਦਾ ਵਸਲ ਇਸ਼ਕ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਇਸ਼ਕ ਦੇ ਮਾਰਗ ਉੱਪਰ ਤੁਰ ਕੇ ਹੀ ਸਾਧਕ ਨੂੰ ਪਰਮਾਤਮਾ ਦਾ ਦੀਦਾਰ ਹੁੰਦਾ ਹੈ ਇਸ ਸਥਿਤੀ ਨੂੰ ਬਕਾਅ ਜਾਂ ਹਕੀਕਤ ਕਹਿੰਦੇ ਹਨ। ਸ਼ਾਹ ਹੁਸੈਨ ਨੂੰ ਇਸ ਸਥਿਤੀ ਬਹੁਤ ਅਨੰਦਦਾਇਕ ਮਹਿਸੂਸ ਹੁੰਦੀ ਹੈ;

"ਤੁਸੀਂ ਰਲ ਮਿਲਿ ਦੇਹੁ ਮੁਮਾਰਖਾਂ,
ਮੇਰਾ ਸੋਹਣਾ ਸਜਣ ਘਰਿ ਆਇਆ ਹੀ।
ਜਿਸ ਸਜਣ ਨੂੰ ਮੈਂ ਢੂੰਢੇਂਦੀ ਵਤਾਂ,
ਸੋ ਸਜਣ ਮੈਂ ਪਾਇਆ ਹੀ।"[44]

"ਸੂਫ਼ੀ ਸਾਧਨਾ ਰਾਹੀਂ ਰੱਬ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਮਾਰਫ਼ਤ ਹਾਸਲ ਕਰਨਾ ਉਸ ਦਾ ਆਖਰੀ ਉਦੇਸ਼ ਹੁੰਦਾ ਹੈ। ਜਿਸ ਨੂੰ ਸੂਫ਼ੀ ਹਕੀਕਤ-ਏ-ਮੁਤਲਕ ਦੀ ਰਸਾਈ ਆਖਦੇ ਹਨ।"[45]

ਸ਼ਾਹ ਹੁਸੈਨ ਨੇ ਬਿਰਹੋਂ ਦੇ ਅਨੁਭਵ ਨੂੰ ਵਿਅਕਤ ਕਰਨ ਵਿਚ ਆਪਣਾ ਪੂਰਾ ਜ਼ੋਰ ਲਾ ਦਿੱਤਾ ਹੈ ਤੇ ਉਸਨੂੰ ਜਿਤਨਾ ਪਿਆਰ ਆਪਣੇ ਪ੍ਰੀਤਮ ਨਾਲ ਹੈ ਉਤਨਾ ਹੀ ਉਸ ਦੇ ਵਿਯੋਗ ਨਾਲ ਵੀ ਹੈ ਕਿਉਂਕਿ ਇਹ ਉਹ ਅਵਸਥਾ ਹੈ ਜਿਸ ਵਿਚ ਉਹ ਇਕ ਪਲ ਵੀ ਯਾਰ ਦੀ ਯਾਦ ਤੋਂ ਜੁਦਾ ਨਹੀਂ ਹੁੰਦਾ, ਉਸ ਲਈ ਇਹੋ ਘੜੀ ਮਿਲਾਪ ਦੀ ਹੈ;

"ਸੋਹਣੀ ਸੂਰਤਿ ਦਿਲਬਰ ਵਾਲੀ,
ਰਹੀ ਅੱਖੀਂ ਵਿਚਿ ਗੱਲਿ।
ਇਕੁ ਪਲ ਸੱਜਣ ਜੁਦਾ ਨਾ ਥੀਵੈ,
ਬੈਠਾ ਅੰਦਰਿ ਮੱਲਿ।"[46]

ਪ੍ਰੀਤਮ ਨਾਲੋਂ ਵਿਯੋਗ ਸੂਫ਼ੀ ਸਾਧਕਾਂ ਦਾ ਮੁੱਢਲਾ ਸਿਧਾਂਤ ਹੈ। ਉਹ ਮਨੁੱਖ ਨੂੰ ਇਸ ਧਰਤੀ ਉੱਤੇ ਪਰਮਾਤਮਾ ਨਾਲੋਂ ਵਿਛੜ ਕੇ ਆਇਆ ਹੋਇਆ ਮੰਨਦੇ ਹਨ। ਇਹ ਭਾਵਨਾ ਸਾਨੂੰ ਮੁੱਢਲੇ ਸੂਫ਼ੀ ਬਾਬਾ ਫ਼ਰੀਦ ਦੇ ਕਾਵਿ ਵਿਚੋਂ ਵੀ ਮਿਲ ਜਾਂਦੀ ਹੈ ਸ਼ਾਹ ਹੁਸੈਨ ਦੀ ਕਵਿਤਾ ਵਿਚੋਂ ਵੀ। ਬਾਬਾ ਫ਼ਰੀਦ ਅਨੁਸਾਰ ਮਨੁੱਖ ਦਾ ਇਸ ਸੰਸਾਰ ਵਿਚ ਜਨਮ ਲੈਣਾ ਹੀ ਸਭ ਤੋਂ ਵੱਡਾ ਦੁੱਖ ਹੈ ਕਿਉਂਕਿ ਪਰਮਾਤਮਾ ਨੇ ਕਿਸੇ ਪੂਰਬਲੇ ਕਰਮਾਂ ਦੀ ਸਜਾ ਸਰੂਪ ਮਨੁੱਖ ਨੂੰ ਆਪਣੇ ਨਾਲੋਂ ਵਿਛੋੜ ਕੇ ਇਸ ਧਰਤੀ ਤੇ ਭੇਜਿਆ ਹੈ;

"ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥"[47]

ਫ਼ਰੀਦ ਕਾਵਿ ਵਿਚ ਜਿੱਥੇ ਵਿਛੋੜੇ ਨੂੰ ਦੁੱਖ ਦਾ ਕਾਰਨ ਦੱਸਿਆ ਗਿਆ ਹੈ ਉੱਥੇ ਇਸ ਵਿਛੋੜੇ ਅਰਥਾਤ ਬਿਰਹਾ ਨੂੰ ਵਡਿਆਇਆ ਗਿਆ ਹੈ ਕਿਉਂਕਿ ਇਹ ਬਿਰਹਾ ਦੀ ਭਾਵਨਾ ਹੀ



Sri Satguru Jagjit Singh Ji eLibrary NamdhariElibrary@gmail.com

ਹੈ ਜੋ ਜਗਿਆਸੂ ਨੂੰ ਪਰਮਾਤਮਾ ਨਾਲ ਪਏ ਵਿਛੋੜੇ ਦਾ ਅਹਿਸਾਸ ਕਰਵਾਉਂਦੀ ਹੈ;

"ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"[48]

ਬਿਰਹਾ ਦੀ ਭਾਵਨਾ ਅਸੀਂ ਸ਼ਾਹ ਹੁਸੈਨ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੋਈ ਦੇਖਦੇ ਹਾਂ। ਸ਼ਾਹ ਹੁਸੈਨ ਦੀ ਬਿਰਹਾ ਆਤਮਿਕ ਹੈ ਇਸ ਵਿਚ ਅਗੰਮੀ ਖਿੱਚ ਹੈ। ਸ਼ਾਹ ਹੁਸੈਨ ਅਸਲ ਵਿਚ ਇਹ ਦੱਸਣਾ ਚਾਹੁੰਦਾ ਹੈ ਕਿ ਇਹ ਜੁਦਾਈ ਕੀਰਨੇ ਪਾਉਣ ਲਈ ਨਹੀਂ ਬਲਕਿ ਇਸ ਵਿਚ ਆਤਮਿਕ ਵਿਕਾਸ ਦੀ ਆਵੱਸ਼ਕਤਾ ਹੈ। ਇਹ ਵਿਯੋਗ ਪ੍ਰਭੂ-ਮਿਲਾਪ ਦਾ ਆਧਾਰ ਵੀ ਬਣਦਾ ਹੈ। ਸ਼ਾਹ ਹੁਸੈਨ ਹਰ ਵੇਲੇ ਆਪਣੇ ਪਿਆਰੇ ਦੇ ਮਿਲਾਪ ਲਈ ਤੱਤਪਰ ਰਹਿੰਦਾ ਹੈ;

"ਉਹ (ਸ਼ਾਹ ਹੁਸੈਨ) ਹਮੇਸ਼ਾ ਰੱਬ ਨਾਲ ਮਿਲਾਪ ਅਤੇ ਉਸ ਵਿਚ ਅਭੇਦ ਹੋ ਜਾਣ ਲਈ ਤਾਂਘਦਾ ਹੈ। ਆਪਣੇ ਭਰਮ ਅਤੇ ਅਗਿਆਨ ਕਰਕੇ ਉਹ ਮਹਿਬੂਬ ਤੋਂ ਵਿਛੜ ਗਿਆ ਹੈ। ਇਹ ਭਾਵਨਾ ਉਸ ਦੀ ਆਤਮਾ ਉੱਤੇ ਇਸ ਕਦਰ ਭਾਰੂ ਹੋ ਗਈ ਸੀ ਕਿ ਉਸਨੇ ਆਪਣੀ ਜੁਦਾਈ ਦੇ ਗ਼ਮ ਨੂੰ ਕਮਾਲ ਦੇ ਤੇ ਦਿਲ-ਖਿੱਚਵੇਂ ਤਰੀਕੇ ਨਾਲ ਗਾਇਆ।"[49]

ਸ਼ਾਹ ਹੁਸੈਨ ਬਿਰਹਾ ਦੇ ਸੁਲਤਾਨ ਹੋਣ ਦੀ ਭਾਵਨਾ ਤੋਂ ਵੀ ਨਾਵਾਕਿਫ ਨਹੀਂ ਹੈ। ਉਹ ਜਾਣਦਾ ਹੈ ਕਿ ਇਹ ਇਕ ਐਸੀ ਦਵਾ ਹੈ ਜੋ ਆਤਮਾ ਨੂੰ ਸ਼ੁੱਧ ਕਰਦੀ ਹੈ। ਇਸ਼ਕ ਦੀ ਚੋਪਟ ਤੇ ਹੀ ਬਿਰਹਾ ਦਾ ਰੰਗ ਚੜ ਦਾ ਹੈ, ਇਸ ਵਾਸਤੇ ਉਹ ਆਪਣੇ ਆਪ ਨੂੰ ਆਦਿ ਦਾ ਵੈਰਾਗੀ ਦੱਸਦਾ ਹੈ। ਇਸ਼ਕ ਵਿਚ ਜੇਕਰ ਬਿਰਹਾ ਨਾ ਹੋਵੇ ਤਾਂ ਉਹ ਬੇਜਾਨ ਹੈ। ਸ਼ਾਹ ਹੁਸੈਨ ਬਿਰਹਾ ਦੀ ਮੁੱਢਲੀ ਅਸਵਥਾ ਨੂੰ ਆਪਣੇ ਕਲਾਮ ਵਿਚ ਇੰਞ ਬਿਆਨ ਕਰਦਾ ਹੈ;

"ਚਾਰੇ ਪਲੇ ਚੁਨੜੀ ਨੈਣ ਰੋਂਦੇ ਦੇ ਭਿੰਨੇ।
ਆਵਣ ਆਵਣ ਕਹਿ ਗਏ ਜਾਹੁ ਬਾਗਾਂ ਪੁੰਨੇ।
ਕਤ ਨਾ ਜਾਣਾ ਪੁਨੀਆ ਦੋਸ਼ ਦੇਂਦੀ ਹਾਂ ਮੁੰਨੇ।
ਲਿਖਣਹਾਰਾ ਲਿਖ ਗਿਆ ਕੀ ਹੁੰਦਾ ਰੁੰਨੇ।"[50]

ਜੇਕਰ ਜੀਵ ਵਿਚ ਬਿਰਹਾ ਨਾ ਹੁੰਦੀ ਤਾਂ ਸ਼ਾਇਦ ਮਨੁੱਖ ਨੂੰ ਸੁੱਖਾਂ ਨਾਲ ਇੰਨਾ ਲਗਾਉ ਨਾ ਹੁੰਦਾ। ਐਸ਼ੋ-ਇਸ਼ਰਤ, ਸੁੱਖ ਛਿੰਨ ਭੰਗਰ ਹਨ, ਇਨ੍ਹਾਂ ਵਿਚ ਸਦੀਵਤਾ ਨਹੀਂ। ਇਸ ਵਿਚ ਸਦੀਵੀ ਰਹਿਣ ਵਾਲਾ ਨਸ਼ਾ ਨਹੀਂ। ਸੱਚਾ ਨਸ਼ਾ ਜਾਂ ਅਮਲ ਪ੍ਰਭੂ ਭਗਤੀ ਜਾਂ ਬਿਰਹਾ ਅਨੁਭਵ ਵਿਚ ਹੀ ਹੈ;

"ਸੱਜਣ ਦੇ ਗਲ ਬਾਹ ਅਸਾਡੀ
ਕਿਉਂ ਕਰ ਆਖਾਂ ਛੱਡ ਵੇ ਅੜਿਆ।
ਪੋਸਤੀਆਂ ਦੇ ਪੋਸਤ ਵਾਂਗੂ,
ਅਮਲ ਪਿਆ ਸਾਡੇ ਹੱਡ ਵੇ ਅੜਿਆ।"[51]

ਸ਼ਾਹ ਹੁਸੈਨ ਨੇ ਬਿਰਹਾ ਦੇ ਦੁੱਖਾਂ ਨਾਲ ਆਪਣੇ ਆਪ ਨੂੰ ਸਾਧਿਆ ਹੈ। ਇਸ ਸਾਧਨਾ ਵਿਚੋਂ ਉਸ ਨੂੰ ਜੋ ਅਣਮੁੱਲੀ ਵਸਤੂ ਪ੍ਰਾਪਤ ਹੋਈ ਹੈ ਉਸ ਨੂੰ ਸ਼ਾਹ ਹੁਸੈਨ ਲਾਲ ਦੱਸਦਾ ਹੈ। ਇਹ ਉਸ ਨੇ ਆਪਣੇ ਹੱਡਾਂ ਦਾ ਬਾਲਣ ਬਾਲ ਕੇ ਪ੍ਰਾਪਤ ਕੀਤੀ ਹੈ;



Sri Satguru Jagjit Singh Ji eLibrary NamdhariElibrary@gmail.com

"ਦਰਦ ਵਿਛੋੜੇ ਦਾ ਹਾਲ ਨੀ ਮੈਂ ਕੀਹਨੂੰ ਆਖਾਂ।
ਸੂਲਾਂ ਮਾਰ ਦੀਵਾਨੀ ਕੀਤੀ,
ਬਿਰਹੋਂ ਪਿਆ ਸਾਡੇ ਖਿਆਲ।
ਸੂਲਾਂ ਦੀ ਰੋਟੀ ਦੁੱਖਾਂ ਦਾ ਲਾਵਣ,
ਹੱਡਾਂ ਦਾ ਬਾਲਣ ਬਾਲ,
ਧੂਆਂ ਧੁਖੇ ਮੇਰੇ ਮੁਰਸ਼ਦ ਵਾਲਾ,
ਜਾਂ ਫੋਲਾਂ ਤਾਂ ਲਾਲ।"[52]

ਸੂਫ਼ੀ ਸਾਧਕ ਮੌਤ ਨੂੰ ਸੱਚ ਅਤੇ ਜੀਵਨ ਨੂੰ ਝੂਠ ਮੰਨਦੇ ਹਨ ਇਸ ਲਈ ਸ਼ਾਹ ਹੁਸੈਨ ਨੂੰ ਵੀ ਦੁੱਖ ਸਥਾਈ ਅਤੇ ਖ਼ੁਸ਼ੀ ਇਕ ਛਲਾਵਾ ਪ੍ਰਤੀਤ ਹੁੰਦੀ ਹੈ। ਸ਼ਾਹ ਹੁਸੈਨ ਦੁੱਖਾਂ ਅਤੇ ਬਿਰਹੋਂ ਦਾ ਪ੍ਰੇਮੀ ਹੈ ਕਿਉਂਕਿ ਦੁੱਖ ਅਤੇ ਬਿਰਹਾ ਮਾਨਵ ਮਨ ਨੂੰ ਜਿਆਦਾ ਪਰੋਂਦੇ ਹਨ।

ਸੂਫ਼ੀ ਵਿਚਾਰਧਾਰਾ ਇਸਲਾਮ ਦੇ ਰਹੱਸਵਾਦੀ ਪੱਖ ਨਾਲ ਸੰਬੰਧ ਰੱਖਦੀ ਹੈ। ਕੁਰਾਨ ਅਤੇ ਹਜ਼ਰਤ ਮੁਹੰਮਦ ਦੀਆਂ ਸਿੱਖਿਆਵਾਂ ਇਸ ਦਾ ਆਧਾਰ ਹਨ, ਜਿਨ੍ਹਾਂ ਨੂੰ ਹਦੀਸ ਕਿਹਾ ਜਾਂਦਾ ਹੈ। ਇਸ ਲਈ ਸੂਫ਼ੀ ਵਿਚਾਰਧਾਰਾ ਨੂੰ ਇਸਲਾਮ ਤੋਂ ਵੱਖਰਾ ਕਰਕੇ ਨਹੀਂ ਵੇਖਿਆ ਜਾ ਸਕਦਾ। ਸੂਫ਼ੀਮਤ ਵਿਚ ਇਸਲਾਮ ਦੇ ਬੁਨਿਆਦੀ ਅਸੂਲਾਂ ਨੂੰ ਅਪਨਾਇਆ ਗਿਆ ਹੈ। ਇਸਲਾਮ ਦਾ ਬੁਨਿਆਦੀ ਸਿਧਾਂਤ ਤੌਹੀਦ ਹੈ। ਜਿਸ ਦਾ ਅਰਥ ਹੈ ਖ਼ੁਦਾ ਇਕ ਹੈ ਅਤੇ ਸਾਰਾ ਵਿਸ਼ਵ ਉਸ ਦੇ ਨਿਯੰਤਰਣ ਵਿਚ ਹੈ। ਇਸ ਲਈ ਕੇਵਲ ਉਸ ਦੀ ਹੀ ਇਬਾਦਤ ਕਰਨੀ ਚਾਹੀਦੀ ਹੈ। ਸੂਫ਼ੀ ਸਾਧਕਾਂ ਨੇ ਵੀ ਇਸਲਾਮ ਦੇ ਇਨ੍ਹਾਂ ਸਿਧਾਂਤਾਂ ਨੂੰ ਅਪਨਾਇਆ ਹੈ ਅਤੇ ਇਨ੍ਹਾਂ ਨੂੰ ਆਪਣੀਆਂ ਰਚਨਾਵਾਂ ਵਿਚ ਦ੍ਰਿੜ ਵੀ ਕੀਤਾ ਹੈ। ਸੂਫ਼ੀ ਸਾਧਕ ਨੂੰ ਖ਼ੁਦਾ ਤੋਂ ਬਿਨਾਂ ਨਾ ਕੁਝ ਦਿੱਸਦਾ ਹੈ ਅਤੇ ਨਾ ਹੀ ਕਿਸੇ ਨੂੰ ਜਾਣਦਾ ਹੈ;

"ਦਉਲਤਿ ਦੁਨੀਆ ਮਾਲੁ ਖਜੀਨਾ,
ਸੰਗ ਨਾ ਕੋਈ ਲੈ ਜਾਂਦਾ।
ਮਾਤ ਪਿਤਾ ਭਾਈ ਸੁਤ ਬਨਿਤਾ,
ਨਾਲ ਕੋਈ ਲੈ ਜਾਂਦਾ।
ਕਹੈ ਹੁਸੈਨ ਫ਼ਕੀਰ ਨਿਮਾਣਾ,
ਬਾਕੀ ਕੰਮ ਸਾਂਈ ਦਾ ਰਹਿੰਦਾ।"[53]

"ਸ਼ਾਹ ਹੁਸੈਨ ਨੇ ਉਸੇ ਸੂਫ਼ੀ ਪਰੰਪਰਾ ਨੂੰ ਅੱਗੇ ਤੋਰਿਆ ਅਤੇ ਵਿਸਥਾਰ ਪ੍ਰਦਾਨ ਕੀਤਾ ਜਿਹੜੀ ਸੂਫ਼ੀ ਪਰੰਪਰਾ ਇਕ ਖ਼ੁਦਾ ਉੱਤੇ ਵਿਸ਼ਵਾਸ ਨਿਰਧਾਰਿਤ ਕਰਨ ਲਈ ਇਕ ਸੂਫ਼ੀ ਸਾਲਿਕ ਨੂੰ ਪ੍ਰੇਰਦੀ ਹੈ। ਸ਼ਾਹ ਹੁਸੈਨ ਇਸ ਗੱਲ ਵਿਚ ਦ੍ਰਿੜ ਹੈ ਕਿ ਖ਼ੁਦਾ ਹੀ ਹੋਂਦ ਮਨੁੱਖੀ ਅੰਤਰਾਤਮਾ ਵਿਚੋਂ ਸਮੁੱਚੀ ਸੰਸਾਰਿਕਤਾ ਨੂੰ ਸਮਾਪਤ ਕਰਨ ਦੇ ਸਮਰੱਥ ਹੈ ਅਤੇ ਜਿਹੜੇ ਵਿਅਕਤੀ ਇਕ ਖ਼ੁਦਾ ਅੱਗੇ ਆਪਣਾ ਸਭ ਕੁਝ ਅਰਪਿਤ ਕਰ ਦੇਂਦੇ ਹਨ ਉਹ ਸ੍ਰੇਸ਼ਟ ਵਿਅਕਤੀ ਹਨ।"[54]

ਸ਼ਾਹ ਹੁਸੈਨ ਨੂੰ ਖ਼ੁਦਾ ਵਰਗੀ ਹੋਰ ਕੋਈ ਸ਼ਕਤੀ ਨਜ਼ਰ ਨਹੀਂ ਪੈਂਦੀ ਅਤੇ ਉਹ ਕੇਵਲ ਇਕ ਖ਼ੁਦਾ ਨੂੰ ਹੀ ਮੰਨਦਾ ਹੈ। ਸ਼ਾਹ ਹੁਸੈਨ ਨੂੰ ਹਰ ਵਸਤੂ ਵਿਚ ਖ਼ੁਦਾ ਹੀ ਸਮਾਇਆ ਨਜ਼ਰ ਆਉਂਦਾ ਹੈ। ਮਨੁੱਖ ਦੀ ਖ਼ੁਦਾ ਅੱਗੇ ਕੋਈ ਹਸਤੀ ਨਹੀ, ਮਨੁੱਖ ਤਾਂ ਰੱਬ ਅੱਗੇ ਨੌਕਰ ਜਾਂ ਦਾਸ ਵਰਗਾ ਹੈ;

"ਆਪੇ ਏਕ ਅਨੇਕ ਕਹਾਵੈ,
ਸਾਹਿਬ ਹੈ ਬਹੁ ਰੰਗੀ।" [55]



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਜਾਂ

"ਕਹੈ ਹੁਸੈਨ ਫਕੀਰ ਨਿਮਾਣਾ,
ਤੂੰ ਸਾਹਿਬ ਮੈਂ ਦਾਸ ਵੋ।"[56]

ਇਸ ਸੰਸਾਰ ਵਿਚ ਵਿਚਰ ਰਿਹਾ ਹਰੇਕ ਜੀਵ ਆਪਣੇ ਪੂਰਬਲੇ ਕਰਮਾਂ ਕਰਕੇ ਪਰਮਾਤਮਾ ਨਾਲੋਂ ਵਿਛੜ ਕੇ ਵਿਯੋਗ ਭੋਗ ਰਿਹਾ ਹੈ। ਵਿਯੋਗ ਦੀ ਅਵਸਥਾ ਵਿਚ ਜਿਸ ਵੇਲੇ ਉਸ ਜੀਵ ਨੂੰ ਆਪਣੇ ਵਿਯੋਗੇ ਹੋਣ ਦਾ ਗਿਆਨ ਹੁੰਦਾ ਹੈ ਤਾਂ ਉਸ ਦੇ ਹਿਰਦੇ ਅੰਦਰ ਬਿਰਹਾ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ। ਬਿਰਹਾ ਦੀ ਭਾਵਨਾ ਦਾ ਵੀ ਸ਼ਾਹ ਹੁਸੈਨ ਨੇ ਆਪਣੇ ਕਲਾਮ ਵਿਚ ਚਿੱਤਰ ਪੇਸ਼ ਕੀਤਾ ਹੈ। ਜਿਸ ਵੇਲੇ ਜੀਵ ਦੇ ਮਨ ਵਿਚ ਬਿਰਹਾ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਤਾਂ ਉਹ ਮੁਰਸ਼ਦ ਦੀ ਭਾਲ ਵਿਚ ਤੁਰ ਪੈਂਦਾ ਹੈ। ਜਿਸ ਵੇਲੇ ਉਸ ਜੀਵ ਨੂੰ ਮੁਰਸ਼ਦ ਮਿਲ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਮੁਰਸ਼ਦ ਦੇ ਹਵਾਲੇ ਕਰ ਦਿੰਦਾ ਹੈ। ਮੁਰਸ਼ਦ ਆਪਣੇ ਸ਼ਾਗਿਰਦ ਨੂੰ ਇਸ਼ਕ ਦਾ ਪਾਠ ਪੜਾਉਂਦਾ ਹੈ ਤਾਂ ਕਿ ਉਹ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਹੋ ਸਕੇ। ਮੁਰਸ਼ਦ ਦੀ ਅਗਵਾਈ ਵਿਚ ਜੀਵ ਇਸ਼ਕ-ਮਾਰਗ ਤੇ ਚੱਲ ਕੇ ਪਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਜਾਂਦਾ ਹੈ ਅਤੇ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਪਰਮਾਤਮਾ ਵਿਚ ਅਭੇਦਤਾ ਹੀ ਸੂਫ਼ੀ ਸਾਧਕ ਦਾ ਅੰਤਿਮ ਲਕਸ਼ ਹੁੰਦਾ ਹੈ।

## ਸ਼ਾਹ ਹੁਸੈਨ ਦਾ ਬਿਰਹਾ ਅਨੁਭਵ

ਸ਼ਾਹ ਹੁਸੈਨ ਦੀ ਕਵਿਤਾ ਵਿਚ ਬਿਰਹਾ ਦਾ ਬਹੁਤ ਹੀ ਤੀਖਣ ਰੂਪ ਪੇਸ਼ ਹੋਇਆ ਹੈ। ਬਿਰਹਾ ਦਾ ਤੀਖਣ ਰੂਪ ਸਹਿਜੇ-ਸਹਿਜੇ ਉਸ ਉੱਪਰ ਹਾਵੀ ਹੁੰਦਾ ਹੈ। ਉਸ ਦੀ ਕਵਿਤਾ ਵਿਚ ਵਾਰ-ਵਾਰ ਵਿਛੋੜੇ ਦੇ ਅਨੁਭਵ ਦਾ ਬਿਆਨ ਰੂਪਮਾਨ ਹੋਇਆ ਹੈ। ਬਿਰਹਾ ਦੀ ਅੱਗ ਸ਼ਾਹ ਹੁਸੈਨ ਦੇ ਸਰੀਰ ਨੂੰ ਪਲ-ਪਲ ਸਾੜਦੀ ਰਹਿੰਦੀ ਹੈ;

"ਆਦਿ-ਜੁਗਾਦਿ ਤੋਂ ਤੁਰੀ ਆਉਂਦੀ ਆਤਮਾ ਦੀ ਇਹ ਬਿਹਬਲਤਾ ਨੂੰ ਪਛਾਣੇ ਬਿਨਾਂ ਅਧਿਆਤਮ-ਮਾਰਗ ਵੱਲ ਪੈਰ ਪੁੱਟਣਾ ਹੀ ਸੰਭਵ ਨਹੀਂ ਹੈ ਪਰ ਸ਼ਾਹ ਹੁਸੈਨ ਦੀ ਕਵਿਤਾ ਵਿਚ ਇਹ ਬਿਰਹੋਂ ਦੀ ਅੱਗ ਵੀ ਪਾਥੀਆਂ ਦੀ ਅੱਗ ਵਾਂਗੂ ਹੋਲੀ-ਹੋਲੀ ਮਘਦੀ ਹੈ, ਭਾਂਬੜ ਬਣ ਕੇ ਪ੍ਰਗਟ ਨਹੀਂ ਹੁੰਦੀ। ਇਸ ਅੱਗ ਨੂੰ ਬੁਝਾਉਣ ਦੇ ਯਤਨ ਵਿਚ ਉਹ ਨਿਮਰਤਾ ਦੀ ਮੂਰਤੀ ਬਣਦੇ ਹਨ ਤੇ ਮੁੜ-ਮੁੜ ਆਪਣੇ ਆਪ ਨੂੰ ਫ਼ਕੀਰ ਨਿਮਾਣਾ ਆਖਦੇ ਹਨ। ਉਹਨਾਂ ਨੂੰ ਇਹ ਵੀ ਗਿਆਨ ਹੈ ਕਿ ਪ੍ਰਭੂ-ਮਿਲਨ ਲਈ ਨਿਜ-ਭਾਵ ਦਾ ਲੋਪ ਅਤੇ ਆਤਮ-ਭਾਵ ਦੇ ਪਸਾਰ ਦੀ ਲੋੜ ਹੁੰਦੀ ਹੈ।"[57]

ਪਰਮਾਤਮਾ ਦੇ ਵਿਛੋੜੇ ਵਿਚ ਉਸਦੇ ਹੱਡ ਬਾਲਣ ਵਾਂਗ ਬਲਦੇ ਹਨ ਪਰੰਤੂ ਬਿਰਹਾ ਦੀ ਰਾਤ ਬਹੁਤ ਲੰਮੇਰੀ ਹੈ, ਇਸ ਲਈ ਉਹ ਕੂਕ ਉੱਠਦਾ ਹੈ;

"ਮੈਂ ਇਆਣੀ ਨੇਹੁੰ ਕੀ ਜਾਣਾ, ਬਿਰਹੁੰ ਤਨਾਵਾਂ ਗੱਡੀਆਂ।
ਕਹੈ ਹੁਸੈਨ ਫ਼ਕੀਰ ਸਾਂਈ ਦਾ, ਦਾਵਣੁ ਤੇਰੇ ਮੈਂ ਲੱਗੀਆਂ।"[58]

ਬਿਰਹਾ ਪ੍ਰੇਮ ਵਿਚੋਂ ਉਪਜਦੀ ਹੈ। ਪ੍ਰੇਮ ਵਿਚ ਸੰਜੋਗ ਦੀ ਅਵਸਥਾ ਬਹੁਤ ਥੋੜ ਚਿਰੀ ਹੈ ਪਰੰਤੂ ਵਿਯੋਗ ਦੀ ਅਵਸਥਾ ਲੰਮੇਰੀ ਹੁੰਦੀ ਹੈ। ਪ੍ਰੇਮ ਜਿੰਨਾ ਗਹਿਰਾ ਹੋਵੇਗਾ ਬਿਰਹਾ ਦੀ ਅਵਸਥਾ ਉਨੀ ਹੀ ਦੁੱਖਦਾਈ ਅਤੇ ਕਸ਼ਟਮਈ ਹੋਵੇਗੀ। ਸ਼ਾਹ ਹੁਸੈਨ ਦੀ ਕਵਿਤਾ ਵਿਚ ਸੰਜੋਗ ਦਾ ਵਰਣਨ ਬਿਰਹਾ ਦੇ ਮੁਕਾਬਲੇ ਬਹੁਤ ਘੱਟ ਹੋਇਆ ਹੈ। ਸ਼ਾਹ ਹੁਸੈਨ ਦਾ ਬਿਰਹਾ ਅਨੁਭਵ



Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਵਿਚੋਂ ਨਿਕਲਿਆ ਹੈ;

"ਉਸ (ਸ਼ਾਹ ਹੁਸੈਨ) ਦੀ ਕਵਿਤਾ ਵਿਚ ਮਿਲਾਪ ਦਾ ਰੰਗ ਵੀ ਹੈ ਤੇ ਵਿਛੋੜੇ ਦਾ ਦਰਦ ਵੀ। ਬਿਰਹੋਂ ਦਾ ਰੰਗ ਮਿਲਾਪ ਦੇ ਰੰਗ ਨਾਲੋਂ ਵਧੇਰੇ ਤੀਖਨ ਹੈ ਅਤੇ ਇਹ ਰੰਗ ਹੀ ਪਾਠਕ ਤੇ ਵਧੇਰੇ ਪ੍ਰਭਾਵ ਪਾਉਂਦਾ ਹੈ।"[59]

ਬਿਰਹੋਂ ਦੀ ਅਵਸਥਾ ਵਿਚ ਜਿਹੜੇ ਬੋਲ ਸ਼ਾਹ ਹੁਸੈਨ ਦੇ ਮੂੰਹ ਵਿਚੋਂ ਨਿਕਲਦੇ ਹਨ ਉਹ ਤੀਰ ਵਾਂਗ ਕਲੇਜੇ ਨੂੰ ਚੀਰਦੇ ਹਨ। ਬਿਰਹੋਂ ਦੀ ਅਵਸਥਾ ਨੂੰ ਬਿਆਨ ਕਰਦਾ ਹੋਇਆ ਸ਼ਾਹ ਹੁਸੈਨ ਕਹਿੰਦਾ ਹੈ ਕਿ ਮੈਨੂੰ ਆਪਣੇ ਪ੍ਰੀਤਮ ਦੇ ਨਾਮ ਤੋਂ ਬਿਨਾਂ ਕਿਸੇ ਹੋਰ ਦਾ ਨਾਮ ਨਹੀਂ ਸੁਝਦਾ। ਉਹ ਕਹਿੰਦਾ ਹੈ ਕਿ ਮੇਰਾ ਤਨ ਅਤੇ ਮਨ ਦੋਵੇਂ ਪ੍ਰੀਤਮ ਦੇ ਵਿਛੋੜੇ ਵਿਚ ਵਿਆਕੁਲ ਹਨ;

"ਬਾਝੂੰ ਸਜਣ ਮੈਨੂੰ ਹੋਰ ਨਹੀਂ ਸੁਝਦਾ
ਮਨ ਤਨੂਰ ਆਹੀਂ ਦੇ ਅਲੰਬੇ,
ਸੇਜ ਚੜ੍ਹੀਦਾ ਮੈਂਡਾ ਤਨ ਮਨ ਭੁਜਦਾ।
ਤਨ ਦੀਆਂ ਤਨ ਜਾਣੇ ਮਨ ਦੀਆਂ ਮਨ ਜਾਣੇ।"[60]

ਸੂਫ਼ੀਆਂ ਲਈ ਬਿਰਹਾ ਤੋਂ ਇਸ਼ਕ, ਇਸ਼ਕ ਤੋਂ ਰਹੱਸਵਾਦ ਤੇ ਰਹੱਸਵਾਦ ਤੋਂ ਮਸਤੀ ਆਉਂਦੀ ਹੈ। ਇਹ ਮਸਤੀ ਕੇਵਲ ਸੱਚੇ ਪ੍ਰਭੂ-ਪ੍ਰੇਮ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼ਾਹ ਹੁਸੈਨ ਨੂੰ ਪ੍ਰੇਮ ਅਵਸਥਾ ਪ੍ਰਾਪਤ ਹੋ ਚੁੱਕੀ ਹੈ। ਉਸ ਵਿਚ ਇਕ ਐਸੀ ਅਵਸਥਾ ਦਾ ਆਵੇਸ਼ ਹੋ ਚੁੱਕਾ ਸੀ ਜਿੱਥੇ ਖੁਸ਼ੀ-ਗ਼ਮੀ, ਦੁੱਖ-ਸੁੱਖ ਦਾ ਕੋਈ ਫ਼ਰਕ ਨਹੀਂ ਰਹਿੰਦਾ। ਸ਼ਾਹ ਹੁਸੈਨ ਕਹਿੰਦਾ ਹੈ;

"ਜਾਹਿਰ ਬਾਤਨ ਇਕ ਕਰ ਜਾਣਨ,
ਸਭ ਮੁਸ਼ਕਲ ਥੀਆ ਆਸਾਨ।
ਸ਼ਾਦੀ ਗ਼ਮੀ ਨਾ ਦਿਲ ਤੇ ਮਾਨਣ,
ਸਦਾ ਰਹਿਣ ਮਸਤਾਨ।"[61]

ਸ਼ਾਹ ਹੁਸੈਨ ਆਪਣੇ ਪ੍ਰੀਤਮ ਨਾਲ ਅਭੇਦ ਹੈ ਜਿਸ ਵਾਸਤੇ ਸਦੀਵੀ ਸੁਰਤ ਉਸ ਨੂੰ ਨਸ਼ਿਆਉਂਦੀ ਹੈ। ਅਸਲ ਵਿਚ ਹੁਸੈਨ ਦੇ ਨੇਤਰ ਬਿਰਹਾ ਅਨੁਭੂਤੀ ਵਿਚ ਦਗ-ਦਗ ਕਰ ਰਹੇ ਹਨ। ਇਸੇ ਬਿਰਹਾ ਅਨੁਭੂਤੀ ਕਾਰਨ ਉਹ ਮਦ-ਮਸਤ ਰਹਿੰਦਾ ਹੈ, ਉਸਨੂੰ ਪਰਮਾਤਮਾ ਨਾਲ ਵਸਲ ਦੀ ਤੀਬਰ ਇੱਛਾ ਸੀ। ਸ਼ਾਹ ਹੁਸੈਨ ਦਾ ਇਸ਼ਕ ਪ੍ਰਭੂ ਵਿਛੋੜੇ ਨੂੰ ਸਮਾਪਤ ਕਰਨ ਅਤੇ ਉਸ ਦੇ ਦੀਦਾਰ ਕਰਨ ਦਾ ਸਾਧਨ ਹੈ। ਇਸ਼ਕ ਭਾਵਨਾ ਹੀ ਸ਼ਾਹ ਹੁਸੈਨ ਦੇ ਕਲਾਮ ਵਿਚ ਬਿਰਹਾ ਦੀ ਪੀੜਾ ਬਣਦੀ ਹੈ;

"ਮੁੱਢਲੇ ਰੂਪ ਵਿਚ ਸ਼ਾਹ ਹੁਸੈਨ ਵਿਯੋਗ ਦਾ ਕਵੀ ਹੈ। ਉਸ ਨੇ ਵਧੇਰੇ ਕਾਫੀਆਂ ਬਿਰਹਾ ਦੇ ਅਨੁਭਵ ਨਾਲ ਲਿਖੀਆਂ ਹਨ, ਜਿਨ੍ਹਾਂ ਵਿਚ ਅਥਾਹ ਸੋਜ਼ ਹੈ। ਪਿਆਰ ਵਿਚ ਵਿਛੜੀ ਆਤਮਾ ਦੀ ਬੇਵੱਸੀ, ਹੌਕੇ ਭਰਦੀ ਸੁਣਾਈ ਦਿੰਦੀ ਹੈ। ਸ਼ਾਹ ਹੁਸੈਨ ਦਾ ਬਿਰਹਾ ਅਨੁਭਵ ਏਨਾ ਤੀਖਣ ਤੇ ਡੂੰਘਾ ਹੈ ਕਿ ਬੁੱਲ੍ਹੇ ਸ਼ਾਹ ਦੀ ਰਚਨਾ ਵਿਚ ਟਾਕਰਾ ਕਰਨ ਵਾਸਤੇ ਕੁਝ ਨਹੀਂ ਮਿਲ ਸਕਦਾ।"[62]

ਸ਼ਾਹ ਹੁਸੈਨ ਮੂਲ ਰੂਪ ਵਿਚ ਬਿਰਹਾ ਦਾ ਕਵੀ ਹੈ। ਉਸਦਾ ਬਿਰਹਾ ਅਨੁਭਵ ਬੁੱਲ੍ਹੇ ਸ਼ਾਹ ਅਤੇ ਦੂਜੇ ਸੂਫ਼ੀ ਕਵੀਆਂ ਨਾਲੋਂ ਕਾਫੀ ਤੀਖਣ ਅਤੇ ਡੂੰਘੇਰਾ ਹੈ। ਸ਼ਾਹ ਹੁਸੈਨ ਬਿਰਹੋਂ ਦੀ ਅਵਸਥਾ ਵਿਚ ਮਸਤ ਰਹਿੰਦਾ ਹੈ ਅਤੇ ਮਸਤੀ ਦਾ ਇਹ ਰੰਗ ਉਸ ਉੱਪਰ ਇਸ ਕਦਰ ਛਾ



Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ ਕਿ ਉਹ ਇਸ ਦੇ ਨਸ਼ੇ ਨੂੰ ਇਕ ਪਲ ਲਈ ਵੀ ਉਤਰਦਾ ਹੋਇਆ ਦੇਖਣਾ ਨਹੀਂ ਚਾਹੁੰਦਾ;

"ਕਹੇ ਹੁਸੈਨ ਫਕੀਰ ਸਾਂਈ ਦਾ,
ਸਵਾ ਸੇਰ ਦੀ ਮਸਤੀ ਹੈ।"[63]

"ਸ਼ਾਹ ਹੁਸੈਨ ਬਿਰਹਾ ਵਿਚ ਇਕ ਖਾਸ ਕਿਸਮ ਦਾ ਆਨੰਦ ਲੈਂਦਾ ਹੈ। ਇਸ ਅਵਸਥਾ'ਚ ਪ੍ਰੀਤਮ ਦੀ ਯਾਦ ਵਿਚ ਉਹ ਇਤਨਾ ਲੀਨ ਹੋ ਜਾਂਦਾ ਹੈ ਕਿ ਉਸ ਉੱਪਰ ਮਸਤੀ ਛਾਈ ਰਹਿੰਦੀ ਹੈ।"[64]

ਰੱਬੀ-ਇਸ਼ਕ ਦੇ ਰਾਹ ਤੇ ਤੁਰਿਆ ਹੋਇਆ ਸਾਧਕ ਗਿਆਨ ਦੇ ਸਹਾਰੇ ਪਰਮਾਤਮਾ ਦੀ ਹੋਂਦ ਨੂੰ ਅਨੁਭਵ ਕਰਦਾ ਹੈ। ਪਰਮਾਤਮਾ ਦੀ ਯਾਦ ਸਦਾ ਸਾਧਕ ਦੇ ਮਨ ਵਿਚ ਉਗਮਦੀ ਰਹਿੰਦੀ ਹੈ;

"ਰੱਬ ਦੀ ਦਰਗਾਹ ਵਿਚ ਉਹ ਲੋਕ ਸਤਿਕਾਰ ਤੇ ਪਿਆਰ ਦੇ ਪਾਤਰ ਬਣਨਗੇ ਜੋ ਕਾਮਲ ਮੁਰਸ਼ਦ ਦੀ ਸ਼ਰਨ ਫੜ ਕੇ ਆਪਣੇ ਮਨ ਨੂੰ ਰੱਬ ਦੇ ਇਸ਼ਕ ਵਿਚ ਲਾਉਂਦੇ ਹਨ।"[65]

ਸ਼ਾਹ ਹੁਸੈਨ ਅਨੁਸਾਰ ਪਰਮਾਤਮਾ ਦੇ ਨਾਂ ਦੀ ਮਸਤੀ ਅਤੇ ਉਸ ਦੇ ਬਿਰਹਾ ਵਿਚ ਦਰਦ ਦੀ ਅਵਸਥਾ ਹੀ ਸਾਧਕ ਲਈ ਪੂਰਨਤਾ ਗ੍ਰਹਿਣ ਕਰਨ ਦਾ ਸਾਧਨ ਹੈ ਕਿਉਂਕਿ ਬਿਰਹਾ ਦੀ ਅਵਸਥਾ ਵਿਚ ਹੀ ਪਰਮਾਤਮਾ ਨੂੰ ਮਿਲਣ ਦੀ ਇੱਛਾ ਬਲਵਤੀ ਹੁੰਦੀ ਹੈ ਅਤੇ ਉਸਨੂੰ ਮਿਲਣ ਦੀ ਤੀਬਰਤਾ ਹੋਰ ਡੂੰਘੇਰੀ ਹੋ ਜਾਂਦੀ ਹੈ;

"ਦਿਲ ਦਰਦਾਂ ਕੀਤੀ ਪੂਰੀ ਨੀਂ,
ਦਿਲ ਦਰਦਾਂ ਕੀਤੀ ਪੂਰੀ।...
ਕਹੈ ਹੁਸੈਨ ਫ਼ਕੀਰ ਸਾਂਈ ਦਾ,
ਖਲਕਤ ਗਈ ਅਧੂਰੀ।"[66]

ਬਿਰਹਾ ਅਤੇ ਮਸਤੀ ਦੀ ਹਾਲਤ ਵਿਚ ਹੀ ਹੁਸੈਨ ਨੂੰ ਆਪਣੇ ਪ੍ਰੀਤਮ ਦੀ ਪ੍ਰਾਪਤੀ ਹੋ ਜਾਂਦੀ ਹੈ। ਸੂਫ਼ੀ ਵਿਚਾਰਧਾਰਾ ਵਿਚ ਇਸ ਅਵਸਥਾ ਨੂੰ ਹਕੀਕਤ ਦੀ ਅਵਸਥਾ ਕਿਹਾ ਜਾਂਦਾ ਹੈ;

"ਮਾਹੀ ਮਾਹੀ ਕੂਕਦੀ,
ਮੈਂ ਆਪੇ ਰਾਂਝਣ ਹੋਈ।
ਰਾਂਝਣੁ ਰਾਂਝਣੁ ਮੈਨੂੰ ਸਭ ਕੋਈ ਆਖੋ,
ਹੀਰ ਨ ਆਖੋ ਕੋਈ।
ਜਿਸੁ ਸ਼ਹੁ ਨੂੰ ਮੈਂ ਢੂੰਢਦੀ ਵੱਤਾਂ,
ਢੂੰਢ ਲਧਾ ਸ਼ਹੁ ਸੋਈ।"[67]

ਸ਼ਾਹ ਹੁਸੈਨ ਦੀ ਕਵਿਤਾ ਵਿਚ ਵਸਲ ਦਾ ਵਰਣਨ ਬਹੁਤ ਘੱਟ ਹੈ। ਉਸਦੀ ਕਵਿਤਾ ਵਿਚ ਬਿਰਹਾ ਅਤੇ ਉਸ ਵਿਚੋਂ ਉਪਜੇ ਦਰਦ ਦਾ ਵਰਣਨ ਵਧੇਰੇ ਹੈ। ਵਿਛੋੜੇ ਵਿਚ ਉਸ ਦਾ ਸਰੀਰ ਪਿੰਜਰ ਬਣ ਗਿਆ ਹੈ ਅਤੇ ਪ੍ਰੀਤਮ ਦੇ ਇੰਤਜ਼ਾਰ ਵਿਚ ਉਸ ਦੀਆਂ ਰਾਤਾਂ ਵੀ ਵੱਡੀਆਂ ਹੋ ਗਈਆਂ ਹਨ;

"ਪਿਆਰੇ ਬਿਨ ਰਾਤੀਂ ਹੋਈਆਂ ਵੱਡੀਆਂ।
ਰਾਂਝਾ ਜੋਗੀ ਮੈਂ ਜੁਗਿਆਣੀ,



Sri Satguru Jagjit Singh Ji eLibrary NamdhariElibrary@gmail.com

ਕਮਲੀ ਕਰਿ ਕਰਿ ਸੱਡੀਆਂ।
ਮਾਸ ਝਰੇ ਝਰਿ ਪਿੰਜਰੁ ਹੋਇਆ,
ਕਰਕਨ ਲੱਗੀਆਂ ਹੱਡੀਆਂ।"[68]

ਵਿਛੋੜੇ ਕਾਰਨ ਸ਼ਾਹ ਹੁਸੈਨ ਦੀ ਸਾਰੀ ਰਾਤ ਕੰਡਿਆਂ ਉੱਪਰ ਗੁਜ਼ਰਦੀ ਹੈ। ਉਹ ਦਿਨ ਰਾਤ ਬੇਚੈਨੀ ਦੀ ਅਵਸਥਾ ਵਿਚ ਰਹਿੰਦਾ ਹੈ। ਉਹ ਪ੍ਰਭੂ ਨਾਲ ਮਿਲਾਪ ਲਈ ਜੋਗਣ ਵਾਂਗ ਆਪਣੀਆਂ ਲਿਟਾਂ ਖੋਲ ਕੇ ਗਲ ਵਿਚ ਪਾ ਕੇ ਫਿਰਦਾ ਹੈ;

"ਵਾਰੀ ਵੋ ਦੇਖ ਨਿਮਾਣਿਆਂ ਦਾ ਹਾਲੁ, ਕਦਾਵੀਂ ਵੋ ਮਿਹਰ ਪਵੀ। ਰਹਾਉ।
ਰਾਤੀਂ ਦਰਦ ਦਿਹੇਂ ਦਰਮਾਂਦੀ, ਬਿਰਹੁ ਭਛਾਇਅੜ ਸੀਂਹੁ।
ਰੋ ਰੋ ਨੈਣ ਭਰੇਨੀ ਹਾਂ ਝੋਲੀ, ਜਿਉਂ ਸਾਵਣਦੜੇ ਮੀਂਹ।
ਗਲ ਵਿੱਚ ਪੱਲੂ, ਮੈਂਡਾ ਦਸਤ ਪੈਰਾਂ ਤੇ, ਕਦੀ ਤਾਂ ਅਸਾਡੜਾ ਥੀਉ।"[69]

ਬਿਰਹੋਂ ਦਾ ਦਰਦ ਸਾਧਕ ਨੂੰ ਇਸ ਕਦਰ ਪ੍ਰਭਾਵਿਤ ਕਰਦਾ ਹੈ ਕਿ ਉਹ ਪ੍ਰਭੂ ਦੇ ਵਸਲ ਲਈ ਇਧਰ-ਉਧਰ ਪਸ਼ੂਆਂ ਵਾਂਗ ਭਟਕਦਾ ਫਿਰਦਾ ਹੈ। ਬਿਰਹੋਂ ਦੀ ਐਸੀ ਹਨੇਰੀ ਚਲੀ ਹੈ ਜਿਸ ਨੇ ਉਸਦੇ ਅਕਲ ਦੇ ਦੀਵਿਆਂ ਨੂੰ ਬੁਝਾ ਦਿੱਤਾ ਹੈ;

"ਕਿਚਰਕੁ ਬਾਲੀਂ ਮੈਂ ਅਕਲ ਦਾ ਦੀਵਾ,
ਬਿਰਹੁ ਅੰਧੇਰੜੀ ਵੱਗੀ।
ਕੋਈ ਮੀਰੀ ਕੋਈ ਦੋਲੀ,
ਸ਼ਾਹ ਹੁਸੈਨ ਫੱਡੀ।"[70]

ਬਿਰਹਾ ਦੀ ਤੜਪ ਸਦਾ ਸਾਧਕ ਨੂੰ ਤੜਪਾਉਂਦੀ ਹੈ। ਸਾਧਕ ਪਰਮਾਤਮਾ ਦੇ ਦੀਦਾਰ ਲਈ ਪਲ-ਪਲ ਤੜਪਦਾ ਹੈ। ਸ਼ਾਹ ਹੁਸੈਨ ਕਹਿੰਦਾ ਹੈ ਕਿ ਮੈਨੂੰ ਹੋਰ ਕਿਸੇ ਉੱਪਰ ਭਰੋਸਾ ਨਹੀਂ ਹੈ;

"ਸਿਰ ਸਦਕੇ ਕੁਰਬਾਨੀ ਕੀਤੀ,
ਘੋਲ ਘੁਮਾਂਦੀ ਹਾਂ ਜੀਉ।
ਕਹੈ ਹੁਸੈਨ ਫ਼ਕੀਰ ਸਾਂਈ ਦਾ,
ਹੋਰ ਭਰੋਸਾ ਨਹੀਂ ਕਹੀ ਦਾ।
ਆਨ ਮਿਲਾਅੜੋ ਪੀਉ।"[71]

ਵਿਛੋੜੇ ਦੀ ਤੜਪ ਉਦੋਂ ਬਹੁਤ ਹੀ ਦਰਦਨਾਕ ਬਣ ਜਾਂਦੀ ਹੈ ਜਦੋਂ ਇਹ ਇਕ ਕਸਾਈ ਦਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਸਾਧਕ ਦੇ ਸਾਰੇ ਸਰੀਰ ਨੂੰ ਕੋਹਣ ਲੱਗ ਪੈਂਦੀ ਹੈ। ਇਸ ਦਰਦਨਾਕ ਸਥਿਤੀ ਦਾ ਉਪਾਅ ਪ੍ਰਭੂ-ਪ੍ਰੀਤਮ ਦਾ ਵਸਲ ਹੈ;

"ਬਿਰਹੁ ਕਸਾਈ ਤਨ ਅੰਤਰਿ ਵੜਿਆ,
ਘਿੰਨ ਕੁਹਾਵੀ ਕੀਤੀ।
ਸੈਆਂ ਵਰਿ ਆਂ ਦੀ ਜਹਮਤਿ ਜਾਵੈ,
ਜੇ ਰਾਂਝਣ ਪਾਵੈ ਝਾਤੀ।"[72]

ਬਿਰਹਾ ਦੀ ਤੜਪ ਇਤਨੀ ਵੱਧ ਜਾਂਦੀ ਹੈ ਕਿ ਸਾਧਕ ਆਪਣੇ ਪ੍ਰੀਤਮ ਦੇ ਹਾੜੇ ਕੱਢਦਾ ਹੈ ਕਿਉਂਕਿ ਪ੍ਰੀਤਮ ਦੇ ਵਿਛੋੜੇ ਵਿਚ ਉਸਦੀ ਰਾਤਾਂ ਦੀ ਨੀਂਦਰ ਉਡ ਗਈ ਹੈ। ਉਹ ਆਪਣੇ ਪ੍ਰੀਤਮ ਅੱਗੇ ਦਰਸ਼ਨ ਦੇਣ ਲਈ ਤਰਲੇ ਕਰਦਾ ਹੈ ਤਾਂ ਜੋ ਵਿਛੋੜੇ ਦੀ ਅਵਸਥਾ ਦਾ ਅੰਤ ਹੋ ਸਕੇ;



Sri Satguru Jagjit Singh Ji eLibrary NamdhariElibrary@gmail.com

"ਸੇਜ ਸੁਤੀ ਨੈਣੀਂ ਨੀਂਦ ਨ ਆਵੈ,
ਜ਼ਾਲਮ ਬਿਰਹੋਂ ਆਨ ਸਤਾਵੈ।...
ਰਾਤੀਂ ਦਰਦ ਦਿਹੇਂ ਦਰਮਾਤੀ,
ਹੁਣ ਨੈਣਾਂ ਦੀ ਲਾਈਆ ਕਾਤੀ,
ਕਦੀ ਤੇ ਮੁੜ ਕੈ ਪਾਵਹੁ ਝਾਤੀ,
ਦੇਖੋ ਹਾਲ ਨਿਮਾਣੀ ਦਾ।"[73]

"ਮੁੱਢਲੇ ਰੂਪ ਵਿਚ ਸ਼ਾਹ ਹੁਸੈਨ ਬਿਰਹਾ ਦਾ ਕਵੀ ਹੈ। ਉਸਨੇ ਵਧੇਰੇ ਕਾਫੀਆਂ ਆਪਣੇ ਬਿਰਹਾ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਲਿਖੀਆਂ ਹਨ, ਜਿਨ੍ਹਾਂ ਵਿਚ ਅਥਾਹ ਸੋਜ਼, ਦਰਦ ਤੇ ਪੀੜ ਹੈ। ਸ਼ਾਹ ਹੁਸੈਨ ਦਾ ਬਿਰਹਾ ਅਨੁਭਵ ਏਨਾ ਤੀਖਣ ਤੇ ਡੂੰਘਾ ਹੈ ਕਿ ਬੁੱਲ੍ਹੇ ਸ਼ਾਹ ਦੀਆਂ ਪ੍ਰਾਪਤੀ ਦੀਆਂ ਡੀਂਗਾਂ ਇਸਦੇ ਟਾਕਰੇ ਤੇ ਕੋਰੀ ਹਉਮੈ ਫਕੀਰੀ ਪ੍ਰਤੀਤ ਹੁੰਦੀਆਂ ਹਨ ਇਸੇ ਕਾਰਣ ਹੀ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਉਹ ਰਸਿਕਤਾ ਫਕੀਰੀ ਵਾਲੀ ਗੰਭੀਰਤਾ ਤੇ ਮਸਤੀ ਨਹੀਂ ਮਿਲਦੀ ਜਿਸ ਲਈ ਸ਼ਾਹ ਹੁਸੈਨ ਦੀ ਕਵਿਤਾ ਪ੍ਰਸਿੱਧ ਹੈ।"[74]

ਸ਼ਾਹ ਹੁਸੈਨ ਦੀ ਰਚਨਾ ਦਾ ਕੇਂਦਰੀ ਧੁਰਾ ਬਿਰਹਾ ਹੈ। ਕਿਤੇ-ਕਿਤੇ ਉਸ ਦੀ ਕਵਿਤਾ ਵਿਚ ਵਸਲ ਦੀ ਸਥਿਤੀ ਵੀ ਪ੍ਰਗਟ ਹੁੰਦੀ ਹੈ ਪਰੰਤੂ ਉਸ ਦੀ ਕਵਿਤਾ ਦੀ ਮੂਲ ਸੁਰ ਬਿਰਹਾ ਹੀ ਹੈ। ਉਹ ਬਿਰਹਾ ਨੂੰ ਆਪਣੇ ਤਨ ਤੇ ਹੰਢਾਉਂਦਾ ਹੋਇਆ ਇਸ ਵਿਚੋਂ ਹੀ ਆਨੰਦ ਦੀ ਪ੍ਰਾਪਤੀ ਕਰਦਾ ਹੈ।

ਡਾ. ਕਿਰਪਾਲ ਸਿੰਘ ਕਸੇਲ ਅਨੁਸਾਰ, "ਆਪ ਦੀ ਰਚਨਾ ਵਿਚ ਬਿਰਹੋਂ ਰੰਗ ਵਧੇਰੇ ਹੈ ਇਸ ਕਰਕੇ ਆਪ ਨੂੰ ਬਿਰਹਾ ਦਾ ਕਵੀ ਕਹਿਣਾ ਵਧੇਰੇ ਉਚਿਤ ਹੈ। ਹੁਸੈਨ ਦੀ ਕਵਿਤਾ ਵਿਚ ਬਿਰਹੋਂ ਦੀ ਸਿੱਕ, ਬਿਹਬਲਤਾ ਵਲਵਲੇ ਦੀ ਤੀਖਣਤਾ ਤੇ ਛੜੱਪੇ-ਬਾਜੀ ਸਾਨੂੰ ਬਹੁਤ ਮਿਲੇਗੀ।"[75]

ਸ਼ਾਹ ਹੁਸੈਨ ਸੂਫ਼ੀ ਫ਼ਕੀਰ ਹੈ ਅਤੇ ਉਸਦੀ ਕਵਿਤਾ ਵਿਚ ਬਿਰਹਾ ਦਾ ਰੰਗ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਇਸ ਬਿਰਹਾ ਨੇ ਹੀ ਸ਼ਾਹ ਹੁਸੈਨ ਨੂੰ ਮੁਰਸ਼ਦ ਦੀ ਭਾਲ ਲਈ ਤੱਤਪਰ ਕੀਤਾ। ਜਿਸ ਵੇਲੇ ਸ਼ਾਹ ਹੁਸੈਨ ਨੂੰ ਕਾਮਿਲ ਮੁਰਸ਼ਦ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਇਸ਼ਕ ਮਾਰਗ ਤੇ ਚੱਲਦਿਆਂ ਪ੍ਰੀਤਮ ਨੂੰ ਪ੍ਰਾਪਤ ਕਰਨ ਲਈ ਉਪਰਾਲੇ ਕਰਨੇ ਆਰੰਭ ਕਰ ਦਿੰਦਾ ਹੈ।

## ਸ਼ਾਹ ਹੁਸੈਨ ਅਤੇ ਇਸਲਾਮੀ ਸ਼ਰੀਅਤ

ਸ਼ਾਹ ਹੁਸੈਨ ਆਪਣੇ ਕਲਾਮ ਵਿਚ ਪਰਮਾਤਮਾ ਨਾਲ ਅਭੇਦ ਹੋਣ ਦੀ ਇੱਛਾ ਨੂੰ ਹਰ ਪਲ ਆਪਣੇ ਹਿਰਦੇ ਵਿਚ ਮਘਾਈ ਰੱਖਦਾ ਹੈ ਅਤੇ ਅਖ਼ੀਰ ਵਿਚ ਇਸ਼ਕ-ਹਕੀਕੀ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਹ ਤੱਥ ਤਾਂ ਸਪੱਸ਼ਟ ਹੈ ਕਿ ਸੂਫ਼ੀਮਤ ਅਰਬ ਈਰਾਨ ਰਾਹੀਂ ਭਾਰਤ ਵਿਚ ਪ੍ਰਵੇਸ਼ ਕਰਦਾ ਹੈ। ਇਸ ਲਈ ਉੱਥੋਂ ਦੀ ਸ਼ਬਦਾਵਲੀ, ਸੱਭਿਆਚਾਰ ਅਤੇ ਸੱਭਿਅਤਾ ਦਾ ਕੁਝ ਪ੍ਰਭਾਵ ਫ਼ਰੀਦ ਕਾਵਿ ਵਿਚ ਪ੍ਰਤੱਖ ਪਛਾਣਿਆ ਜਾ ਸਕਦਾ ਹੈ। ਬਾਬਾ ਫ਼ਰੀਦ ਨੇ ਜਿੱਥੇ ਪਰਮਾਤਮਾ ਦੀ ਪ੍ਰਾਪਤੀ ਲਈ ਇਸ਼ਕ ਕਰਨ ਉੱਪਰ ਜ਼ੋਰ ਦਿੱਤਾ ਹੈ ਉੱਥੇ ਉਨ੍ਹਾਂ ਨੇ ਸ਼ਰੀਅਤ ਦਾ ਪੱਲਾ ਵੀ ਨਹੀਂ ਛੱਡਿਆ। ਇਸ ਲਈ ਬਾਬਾ ਫ਼ਰੀਦ ਤੱਕ ਸੂਫ਼ੀ ਲਈ ਸ਼ਰ੍ਹਾ ਦਾ ਪਾਬੰਦ ਹੋਣਾ ਜ਼ਰੂਰੀ ਮੰਨਿਆ ਜਾਂਦਾ ਸੀ। ਇਸ ਆਧਾਰ'ਤੇ ਬਾਬਾ ਫ਼ਰੀਦ ਨੂੰ ਪਹਿਲੇ ਪੜਾਅ ਦਾ ਸੂਫ਼ੀ ਸਵੀਕਾਰ ਕੀਤਾ ਜਾਂਦਾ ਹੈ। ਇਸ ਤੋਂ ਅਗਲੇਰਾ ਪੜਾਅ ਸ਼ਾਹ ਹੁਸੈਨ ਦਾ ਹੈ।



Sri Satguru Jagjit Singh Ji eLibrary NamdhariElibrary@gmail.com

ਸ਼ਾਹ ਹੁਸੈਨ ਬਾਬਾ ਫ਼ਰੀਦ ਤੋਂ ਤਿੰਨ ਸਦੀਆਂ ਬਾਅਦ ਹੋਇਆ ਹੈ। ਸ਼ਾਹ ਹੁਸੈਨ ਬਾਬਾ ਫ਼ਰੀਦ ਵਾਂਗ ਸ਼ਰ੍ਹਾ ਦੀ ਪਾਬੰਦੀ ਸਵੀਕਾਰ ਨਹੀਂ ਕਰਦਾ। ਇਸ ਦਾ ਕਾਰਨ ਇਹ ਹੈ ਕਿ ਸ਼ਾਹ ਹੁਸੈਨ ਸੂਫ਼ੀਆਂ ਦੇ ਮਲਾਮਤੀ ਸਿਲਸਿਲੇ ਨਾਲ ਸੰਬੰਧ ਰੱਖਦਾ ਸੀ ਅਤੇ ਮਲਾਮਤੀ ਸੰਪਰਦਾ ਦੇ ਸੂਫ਼ੀਆਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੁੰਦੀ ਸੀ ਕਿ ਉਹ ਆਪਣੀਆਂ ਅੰਦਰੂਨੀ ਸ਼ਕਤੀਆਂ ਨੂੰ ਦ੍ਰਿੜ ਕਰਨ ਵਾਸਤੇ ਆਮ ਲੋਕਾਂ ਤੋਂ ਦੂਰੀ ਬਣਾ ਕੇ ਰੱਖਦੇ ਸਨ। ਅਜਿਹੇ ਤਰੀਕੇ ਅਪਣਾਉਂਦੇ ਸਨ ਜਿਸ ਨਾਲ ਆਮ ਜਨ-ਸਾਧਾਰਣ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਪ੍ਰਤੀ ਘਿਰਣਾ ਅਤੇ ਨਫ਼ਰਤ ਦੇ ਭਾਵ ਉਤਪੰਨ ਹੋ ਜਾਣ। ਉਹ ਇਸਲਾਮੀ ਸ਼ਰ੍ਹਾ ਦੀ ਨਿਖੇਧੀ ਇਸ ਉਦੇਸ਼ ਦੀ ਪੂਰਤੀ ਹਿਤ ਕਰਦੇ ਸਨ;

"ਸ਼ਾਹ ਹੁਸੈਨ ਮਲਾਮਤੀ ਸੰਪਰਦਾਇ ਨਾਲ ਜੁੜਿਆ ਹੋਣ ਕਰਕੇ ਇਕ ਮਸਤ-ਮਲੰਗ ਫ਼ਕੀਰ ਸੀ ਜਿਹੜਾ ਕਿਸੇ ਧਾਰਮਿਕ ਬੰਧਨ ਨੂੰ ਨਹੀਂ ਮੰਨਦਾ ਸੀ, ਜਿਵੇਂ ਕਿ ਉਸ ਦੀਆਂ ਇਹ ਕਾਵਿ ਪੰਕਤੀਆਂ ਇਸੇ ਗੱਲ ਨੂੰ ਸਿੱਧ ਕਰਦੀਆਂ ਹੋਈਆਂ ਉਸ ਦਾ ਧਰਮ ਤੋਂ ਵਖਰੇਵਾਂ ਪੇਸ਼ ਕਰਦੀਆਂ ਹਨ;

ਜੇਤੀ-ਜੇਤੀ ਦੁਨੀਆ ਰਾਮ ਜੀ ਤੇਰੇ ਕੋਲੋਂ ਮੰਗਦੀ
ਕੂੰਡਾ ਦੇਈਂ ਸੋਟਾ ਦੇਈਂ ਕੋਠੀ ਦੇਈਂ ਭੰਗ ਦੀ।"[76]

"ਸ਼ਾਹ ਹੁਸੈਨ ਨੂੰ ਸੂਫ਼ੀਆਂ ਦੇ ਮਲਾਮਤੀ ਫ਼ਿਰਕੇ ਨਾਲ ਜੋੜਿਆ ਜਾਂਦਾ ਹੈ। ਮਲਾਮਤੀ ਸੂਫ਼ੀਆਂ ਨੇ ਰੱਬੀ ਨਿਕਟਤਾ ਪ੍ਰਾਪਤੀ ਵਾਸਤੇ ਜਿਹੜਾ ਰਾਹ ਅਪਣਾਇਆ ਉਹ ਸ਼ਰੀਅਤ ਦੀ ਸੀਮਾ ਵਿਚ ਨਹੀਂ ਸੀ ਭਾਵ ਉਹ ਬਾਹਰਮੁਖੀ ਪਾਬੰਦੀਆਂ ਤੋਂ ਮੁਕਤ ਹੋ ਕੇ ਆਂਤਰਿਕ ਸ਼ਕਤੀ ਦੇ ਆਧਾਰ'ਤੇ ਅੱਲ੍ਹਾ ਨਾਲ ਇਕ ਸੁਰ ਹੋਣ ਵਿਚ ਵਿਸ਼ਵਾਸ ਰੱਖਦੇ ਸਨ।"[77]

ਸੂਫ਼ੀਆਂ ਦਾ ਵਿਚਾਰ ਹੈ ਕਿ ਜੇਕਰ ਮਨੁੱਖ ਦਾ ਪਰਮਾਤਮਾ ਨਾਲ ਸੱਚਾ ਇਸ਼ਕ ਹੈ ਤਾਂ ਕਿਸੇ ਵਿਚ-ਵਿਚੋਲੇ ਦੀ ਕੋਈ ਲੋੜ ਨਹੀਂ ਹੈ। ਇਸ ਕਾਰਣ ਸੂਫ਼ੀਆਂ ਦਾ ਇਸ਼ਕ ਦਾ ਸਰੂਪ ਸ਼ਰੀਅਤ ਦੀ ਪਰਿਪਾਟੀ ਦੇ ਇਕਦਮ ਵਿਰੋਧ ਵਿਚ ਖੜਾ ਹੁੰਦਾ ਹੈ। ਸ਼ਾਹ ਹੁਸੈਨ ਦੀ ਕਵਿਤਾ ਨਾਲ ਪੰਜਾਬੀ ਸੂਫ਼ੀ ਕਵਿਤਾ ਦਾ ਵਿਕਾਸ ਹੁੰਦਾ ਹੈ। ਬਾਬਾ ਫ਼ਰੀਦ ਦੀ ਕਵਿਤਾ ਸ਼ਰੀਅਤ ਕੇਂਦਰਿਤ ਹੈ ਜਦਕਿ ਦੂਜੇ ਪਾਸੇ ਸ਼ਾਹ ਹੁਸੈਨ ਆਪਣੀ ਕਵਿਤਾ ਵਿਚ ਪੂਰੀਆਂ ਖੁੱਲ੍ਹਾਂ ਲੈਂਦਾ ਹੈ। ਉਹ ਸ਼ਰੀਅਤ ਦੇ ਨਿਯਮਾਂ ਦਾ ਤਿਆਗ ਕਰਕੇ ਬੰਦਗੀ ਕਰਦਿਆਂ ਰੰਗ ਵਿਚ ਆ ਕੇ ਨੱਚਿਆ ਅਤੇ ਜੋ ਕੁਝ ਗਾਇਆ ਉਹ ਪੰਜਾਬੀ ਸੂਫ਼ੀ ਕਾਵਿ ਦਾ ਅਣਮੋਲ ਖਜ਼ਾਨਾ ਬਣ ਗਿਆ। ਉਸ ਨੇ ਵੀ ਦੂਜੇ ਸੂਫ਼ੀ ਕਵੀਆਂ ਵਾਂਗ ਇਹ ਸਵੀਕਾਰ ਕੀਤਾ ਹੈ ਕਿ ਮਨੁੱਖੀ ਆਤਮਾ ਪਰਮਾਤਮਾ ਤੋਂ ਵਿਛੜੇ ਹੋਣ ਕਰਕੇ ਦੁੱਖ ਭੋਗ ਰਹੀ ਹੈ। ਇਹਨਾਂ ਦੁੱਖਾਂ ਦਾ ਕਾਰਣ ਪਰਮਾਤਮਾ ਤੋਂ ਵਿਯੋਗ ਹੈ। ਉਸ ਅਨੁਸਾਰ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਮਾਰਗ ਇਸ਼ਕ ਦਾ ਮਾਰਗ ਹੈ;

"ਸ਼ਾਹ ਹੁਸੈਨ ਸ਼ਰ੍ਹਾ ਦੀਆਂ ਪਾਬੰਦੀਆਂ ਦੀ ਪਰਵਾਹ ਨਹੀਂ ਕਰਦਾ ਸੀ ਜਿਸ ਕਰਕੇ ਉਸ ਦੇ ਸਮੇਂ ਦੇ ਕਾਜ਼ੀ ਤੇ ਮੁੱਲਾਂ ਉਸ ਤੋਂ ਖ਼ਫ਼ਾ ਰਹਿੰਦੇ ਸਨ। ਸ਼ਾਹ ਹੁਸੈਨ ਰੱਬ ਪ੍ਰਾਪਤੀ ਲਈ ਇਸ਼ਕ ਦਾ ਮਾਰਗ ਚੁਣਦਾ ਹੈ ਨਾ ਕਿ ਸ਼ਰ ਈ ਮਾਰਗ। ਇਸ਼ਕ ਦੇ ਮਾਰਗ ਦਾ ਪਾਂਧੀ ਪਦਾਰਥਕ ਵਿਕਾਰਾਂ ਦਾ ਤਿਆਗ ਕਰਦਾ ਹੈ। ਜੀਵਨ ਵਿਚ ਹਉਮੈ ਦਾ ਤਿਆਗ ਕਰਕੇ ਹਲੀਮੀ, ਨਿਮਰਤਾ ਤੇ ਆਜਜ਼ੀ ਧਾਰਨ ਕਰਦਾ ਹੈ।"[78]



Sri Satguru Jagjit Singh Ji eLibrary NamdhariElibrary@gmail.com

ਇਸ਼ਕ ਵਿਚ ਰੱਤੇ ਹੋਏ ਸ਼ਾਹ ਹੁਸੈਨ ਨੇ ਸ਼ਰ੍ਹਾ ਦੇ ਬਾਹਰੀ ਸਰੂਪ ਦੀ ਨਿਖੇਧੀ ਕੀਤੀ ਹੈ ਅਤੇ ਪ੍ਰਭੂ ਪ੍ਰੀਤ ਦੇ ਗੀਤ ਕਾਫ਼ੀਆਂ ਦੇ ਰੂਪ ਵਿਚ ਗਾਏ ਹਨ;

"ਸ਼ਾਹ ਹੁਸੈਨ ਕਿਸੇ ਪ੍ਰਕਾਰ ਦੀ ਮਰਿਯਾਦਾ ਦੀ ਪਰਵਾਹ ਨਾ ਕਰਦਾ ਹੋਇਆ ਮੁਕਤ ਕੰਠ ਨਾਲ ਆਪਣੀਆਂ ਕਾਫ਼ੀਆਂ ਗਾਉਂਦਾ ਹੁੰਦਾ ਸੀ। ਇਹੀ ਕਾਰਣ ਹੈ ਕਿ ਉਸ ਦੀਆਂ ਕਾਫ਼ੀਆਂ ਬਹੁਤ ਅਧਿਕ ਸੰਗੀਤਕ ਹਨ।"[79]

ਸ਼ਾਹ ਹੁਸੈਨ ਵੀ ਰੱਬੀ ਇਸ਼ਕ ਦੇ ਮਾਰਗ'ਤੇ ਤੁਰਦਿਆਂ ਹੋਇਆਂ ਆਪਣੀ ਨਫ਼ਸ ਨੂੰ ਮਾਰਦਾ ਹੋਇਆ ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕਰਕੇ ਸ਼ਰੀਅਤ ਦੇ ਬਾਹਰ-ਮੁਖੀ ਅਤੇ ਕਰਮ-ਕਾਂਡੀ ਰੂਪ ਨੂੰ ਤਿਆਗਦਾ ਹੈ। ਸ਼ਾਹ ਹੁਸੈਨ ਦੇ ਅਨੁਸਾਰ ਪ੍ਰੀਤਮ ਨੂੰ ਪਾਉਣ ਲਈ ਬਾਹਰੀ ਵਿਖਾਵੇ ਦੀ ਲੋੜ ਨਹੀਂ ਬਲਕਿ ਸੱਚੇ ਅਤੇ ਨੇਕ ਮਨ ਨਾਲ ਪ੍ਰੀਤਮ ਨਾਲ ਇਸ਼ਕ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸਾਧਕ ਪ੍ਰਭੂ ਦੇ ਦਰ ਤੇ ਪਰਵਾਨ ਹੋ ਸਕੇ;

"ਇਸ਼ਕ ਵਿਚ ਪਰਪੱਕ ਸ਼ਾਹ ਹੁਸੈਨ ਨੂੰ ਵੀ ਸ਼ਰੀਅਤ ਵਾਧੂ ਭਾਸਦੀ ਹੈ। ਉਹ ਸ਼ਰੀਅਤ ਨੂੰ ਛੱਡ ਬੈਠਾ ਹੈ। ਉਸ ਦੀਆਂ ਨਜ਼ਰਾਂ ਵਿਚ ਇਹ ਬੜੀ ਹੇਠਲੀ ਅਵਸਥਾ ਹੈ। ਇਸੇ ਲਈ ਉਹ ਮੁੱਲਾਂ-ਮੁਲਾਣਿਆਂ ਨੂੰ ਬੜੇ ਸਪਸ਼ੱਟ ਸ਼ਬਦਾਂ ਵਿਚ ਕਹਿੰਦਾ ਹੈ;

ਬਹੁ ਵੇ ਕਾਜ਼ੀ ਦਿਲ ਨਹੀਂ ਰਾਜ਼ੀ
ਗੱਲਾਂ ਹੋਈਆਂ ਤਾਂ ਹੋਵਣ ਵਾਲੀਆਂ।"[80]

ਡਾ. ਗੁਰਦੇਵ ਸਿੰਘ ਇਸ ਸੰਬੰਧੀ ਮਹਾਨਾਮਾ ਪੰਜਾਬੀ ਅਦਬ ਦਾ ਹਵਾਲਾ ਦਿੰਦਿਆਂ ਲਿਖਦਾ ਹੈ ਕਿ, "ਉਹ ਸ਼ਾਹ ਹੁਸੈਨ ਜਿਨ੍ਹਾਂ ਪੰਜਾਬੀ ਮਾਂ ਬੋਲੀ ਵਿਚ ਰੱਬੀ ਪਿਆਰ ਦੇ ਵੱਡਮੁੱਲੇ ਗੀਤ ਗਾਏ। ਜਿਨ੍ਹਾਂ ਸ਼ਹੁ ਨੂੰ ਰੀਝਾਉਣ ਲਈ ਹੱਡਾਂ ਦਾ ਬਾਲਣ ਬਾਲਿਆ ਤੇ ਸੂਲਾਂ ਦਾ ਸਾਲਣ ਖਾਧਾ, ਜਿਨ੍ਹਾਂ ਵੇਲੇ ਸ਼ਰ੍ਹਾ ਦੇ ਸ਼ੀਹਾਂ ਪੱਤਣ ਮੱਲੇ ਹੋਏ ਸਨ ਤੇ ਗਲੀਏ ਜ਼ਹਿਰੀ ਨਾਗ ਫਿਰਦੇ ਸਨ ਪਰ ਇਹ ਮਲਾਮਤੀ ਆਪਣੇ ਰਾਂਝਣ ਨਾਲ ਇਕਮਿਕ ਹੋਣ ਦੀ ਲੋਰੇ ਕਿਸੇ ਦੇ ਹੋੜਿਆਂ ਹਟਕਿਆਂ ਤੋਂ ਬੇਪਰਵਾਹ, ਸਵਾ ਸੇਰ ਦੀ ਮਸਤੀ ਵਿਚ ਮਸਤ (ਉਸ) ਨੇ ਓੜਕ ਆਪਣੇ ਸ਼ਹੁ ਨੂੰ ਰੀਝਾ ਲਿਆ ਤੇ ਉਸ ਦਾ ਦਿਲ ਦਾ ਵਿਹੜਾ ਸੁਹਾਵਣਾ ਲੱਗਣ ਲੱਗ ਪਿਆ।"[81]

"ਇਸਲਾਮੀ ਸਾਧਨਾ ਮੌਲਿਕ ਤੌਰ'ਤੇ ਬਾਹਰੀ ਆਚਾਰ ਉੱਤੇ ਆਧਾਰਿਤ ਹੈ ਤੇ ਸੂਫ਼ੀ ਸਾਧਨਾ ਮਨ ਦੀ ਸਫ਼ਾਈ ਤੇ ਪਵਿੱਤਰਤਾ ਉੱਤੇ। ਜਦੋਂ ਇਕ ਸੂਫ਼ੀ ਸਾਧਕ ਸ਼ਰੀਅਤ ਨੂੰ ਲੰਘ ਕੇ ਮਜਾਜ਼ੀ ਤੋਂ ਹਕੀਕੀ ਇਸ਼ਕ ਵੱਲ ਪਰਤਦਾ ਹੈ ਤਾਂ ਇਸ਼ਕ ਹੀ ਉਸ ਦਾ ਮੂਲ ਧਰਮ ਹੋ ਜਾਂਦਾ ਹੈ। ਸ਼ਰੀਅਤ ਬਾਹਰਲੇ ਵਿਧੀ ਵਿਧਾਨ ਉਸ ਲਈ ਬੜੀ ਹੇਠਲੀ ਸ਼ੈਅ ਰਹਿ ਜਾਂਦੇ ਹਨ;

(ੳ) ਵੋ ਯਾਰ ਜਿਨ੍ਹਾਂ ਨੂੰ ਇਸ਼ਕ ਤਿਨ੍ਹਾਂ ਨੂੰ ਕੱਤਣ ਕੇਹਾ
ਅਲਬੇਲੀ ਕਿਉਂ ਕੱਤੇ।
ਲੱਗਾ ਇਸ਼ਕ ਚੁੱਕੀ ਮਸਲਾਹਤ ਵਿਸਰੀਆਂ ਪੰਜੇ ਸੱਤੇ।
(ਅ) ਇਕ ਪੜ ਦੇ ਹਰਫ਼ ਕੁਰਾਨ
ਇਕ ਮਸਲੇ ਕਰਦੇ ਨਾਲ ਜ਼ੁਬਾਨ
ਇਹ ਗੱਲ ਨ ਹਾਸੀ ਹੋਂਹ ਦੀ।"[82]

ਸ਼ਾਹ ਹੁਸੈਨ ਪੰਜਾਬੀ ਸੂਫ਼ੀ ਕਵਿਤਾ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ। ਸ਼ਾਹ ਹੁਸੈਨ ਤੋਂ ਪਹਿਲਾਂ ਦੀ ਪੰਜਾਬੀ ਸੂਫ਼ੀ ਕਵਿਤਾ ਜੋ ਪਰਮਾਤਮਾ ਦੀ ਪ੍ਰਾਪਤੀ ਜਾਂ ਹਕੀਕਤ ਦੀ ਅਵਸਥਾ



Sri Satguru Jagjit Singh Ji eLibrary NamdhariElibrary@gmail.com

ਵਿਚ ਪਹੁੰਚਣ ਲਈ ਇਕ ਸੂਫ਼ੀ ਸਾਧਕ ਲਈ ਸ਼ਰ੍ਹਾ ਦੀ ਪਾਬੰਦੀ ਨੂੰ ਜ਼ਰੂਰੀ ਕਰਮ ਸਮਝਦੀ ਸੀ ਸ਼ਾਹ ਹੁਸੈਨ ਦੀ ਕਵਿਤਾ ਨਾਲ ਅਸਲੋਂ ਖਾਰਜ਼ ਹੋ ਜਾਂਦੀ ਹੈ। ਸ਼ਾਹ ਹੁਸੈਨ ਅਨੁਸਾਰ ਪ੍ਰਭੂ ਨੂੰ ਪਾਉਣ ਲਈ ਕਿਸੇ ਪ੍ਰਕਾਰ ਦੇ ਬਾਹਰੀ ਵਿਖਾਵੇ ਦੀ ਲੋੜ ਨਹੀਂ ਬਲਕਿ ਮਨੁੱਖ ਨੂੰ ਸੱਚੇ ਮਨ ਨਾਲ ਪ੍ਰਭੂ ਨਾਲ ਇਸ਼ਕ ਕਮਾਉਣਾ ਚਾਹੀਦਾ ਹੈ ਤਾਂ ਕਿ ਉਹ ਪ੍ਰਭੂ ਦੇ ਦਰ ਤੇ ਪਰਵਾਨ ਹੋ ਸਕੇ। ਸ਼ਾਹ ਹੁਸੈਨ ਆਪਣੇ ਜੀਵਨ ਅਤੇ ਕਵਿਤਾ ਵਿਚ ਇਸਲਾਮੀ ਸ਼ਰ੍ਹਾ ਤੋਂ ਖੁੱਲ੍ਹਾਂ ਲੈਂਦਾ ਹੋਇਆ ਆਪਣੇ ਰਾਂਝਣ (ਪਰਮਾਤਮਾ) ਨਾਲ ਮੇਲ ਪ੍ਰਾਪਤ ਕਰਦਾ ਹੈ ਅਤੇ ਸ਼ਾਹ ਹੁਸੈਨ ਤੋਂ ਮਗਰੋਂ ਆਏ ਸੂਫ਼ੀ ਫ਼ਕੀਰ ਇਸ ਵਿਚਾਰ ਤੋਂ ਦਿਸ਼ਾ ਗ੍ਰਹਿਣ ਕਰਦੇ ਹਨ।

## ਸ਼ਾਹ ਹੁਸੈਨ ਦੀ ਕਵਿਤਾ ਵਿਚ ਸਦਾਚਾਰਕ ਪੱਖ

ਸ਼ਾਹ ਹੁਸੈਨ ਦੀ ਸਖਸ਼ੀਅਤ ਦਾ ਸਭ ਤੋਂ ਵੱਡਾ ਗੁਣ ਨਿਮਰਤਾ ਹੈ। ਇਹ ਗੁਣ ਉਸ ਦੇ ਕਲਾਮ ਵਿਚ ਵੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਉਹ ਆਪਣੇ ਕਲਾਮ ਵਿਚ ਝੂਠ, ਫ਼ਰੇਬ, ਕੂੜ ਦਾ ਤਿਆਗ ਕਰਨ ਅਤੇ ਨਿਮਰਤਾ-ਹਲੀਮੀ ਵਰਗੇ ਸਦਾਚਾਰਕ ਗੁਣ ਧਾਰਨ ਕਰਨ ਲਈ ਕਹਿੰਦਾ ਹੈ;

"ਸ਼ਾਹ ਹੁਸੈਨ ਮਨੁੱਖ ਨੂੰ ਨਿਮਰਤਾ ਅਥਵਾ ਹਲੀਮੀ ਦਾ ਜੀਵਨ ਜੀਉਣ ਦੀ ਸਿੱਖਿਆ ਪ੍ਰਦਾਨ ਕਰਦਾ ਹੈ। ਉਸ ਨੂੰ ਇਸ ਗੱਲ ਦਾ ਅਨੁਭਵ ਹੈ ਕਿ ਮਨੁੱਖ ਦਾ ਸਦੀਵੀ ਨਿਵਾਸ ਸਥਾਨ ਕਬਰ ਹੈ। ਅਜ਼ਰਾਈਲ ਅੰਤ ਉੱਤੇ ਉਸ ਨੂੰ ਆਪਣੇ ਨਾਲ ਲੈ ਜਾਵੇਗਾ;

ਵੇ ਕੀ ਆਕੜਿ ਆਕੜਿ ਚੱਲਣਾਂ।
ਖਾਇ ਖੁਰਾਕਾਂ ਤੇ ਪਹਿਨ ਪੁਸ਼ਾਕਾਂ
ਕੀ ਜਮ ਦਾ ਬੱਕਰਾ ਪਲਣਾ।
ਸਾਢੇ ਤਿੰਨ ਹਥਿ ਮਿਲਕੁ ਤੁਸਾਡਾ,
ਕਿਉਂ ਜੂਹ ਪਰਾਈ ਮੱਲਣਾ।
ਕਹੈ ਹੁਸੈਨ ਫ਼ਕੀਰ ਸਾਂਈ ਦਾ
ਅੰਤ ਖ਼ਾਕ ਵਿਚ ਰਲਣਾ।"[83]

"ਹੁਸੈਨ ਦੀ ਰਚਨਾ ਦਾ ਇਕ ਨਿਵੇਕਲਾ ਗੁਣ ਨਿਮਰਤਾ ਉੱਤੇ ਵਧੇਰੇ ਜ਼ੋਰ ਦੇਣਾ ਹੈ। ਉਸ ਦੀਆਂ ਕਾਫ਼ੀਆਂ ਵਿਚ ਕਹੇ ਹੁਸੈਨ ਫ਼ਕੀਰ ਨਿਮਾਣਾ ਜਾਂ ਰਬਾਣਾ ਉਸ ਦੀ ਨਿਮਰਤਾ ਦੇ ਸੁਹਿਰਦਤਾ ਨੂੰ ਬਹੁਤ ਸੁਚੱਜੇ ਢੰਗ ਨਾਲ ਪ੍ਰਗਟ ਕਰਦੇ ਹਨ। ਉਹ ਆਪਣੇ ਆਪ ਨੂੰ ਕਿਸੇ ਬਾਗ਼ ਦੀ ਮੂਲੀ ਨਹੀਂ ਸਮਝਦਾ ਸਗੋਂ ਕੇਵਲ ਫ਼ਕੀਰ ਹੀ ਮੰਨਦਾ ਹੈ।"[84]

"ਜਿੱਥੇ ਹੰਕਾਰ ਪ੍ਰਮਾਤਮਾ ਦੀ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਹੈ ਉੱਥੇ ਨਿਮਰਤਾ ਜਾਂ ਹਲੀਮੀ ਉਸ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਭ ਤੋਂ ਉੱਤਮ ਸਾਧਨ ਵੀ ਹੈ। ਇਸੇ ਲਈ ਸ਼ਾਹ ਹੁਸੈਨ ਨੇ ਆਪਣੀ ਕਵਿਤਾ ਵਿਚ ਨਿਮਰਤਾ ਦੀ ਦੁਹਾਈ ਵਾਰ ਵਾਰ ਦਿੱਤੀ ਹੈ।"[85]

"ਖ਼ੁੱਦੀ ਤਕੱਬਰੀ ਬੰਦਿਆ ਛੋਡਿ ਦੇ,
ਤੂੰ ਪਕੜ ਹਲੀਮੀ,
ਗੋਰ ਨਿਮਾਣੀ ਨੂੰ ਤੂੰ ਯਾਦਿ ਕਰਿ,
ਤੇਰਾ ਵਤਨੁ ਕਦੀਮੀ।



Sri Satguru Jagjit Singh Ji eLibrary NamdhariElibrary@gmail.com

ਹੱਥ ਮਰੋੜੇਂ ਸਿਰ ਧਣੇ,
ਵੇਲਾ ਛਲਿ ਜਾਸੀ,
ਕਹੈ ਹੁਸੈਨ ਫ਼ਕੀਰ ਨਿਮਾਣਾ,
ਮਿਤ੍ਰ ਹੋਇ ਉਦਾਸੀ।"[86]

ਸ਼ਾਹ ਹੁਸੈਨ ਆਪਣੀ ਕਵਿਤਾ ਵਿਚ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅੰਹਕਾਰ ਦਾ ਤਿਆਗ ਕਰਨ ਲਈ ਪ੍ਰੇਰਿਤ ਕਰਦਾ ਹੈ। ਉਸ ਦੇ ਅਨੁਸਾਰ ਮਨੁੱਖ ਨੂੰ ਆਪਣੇ ਜੀਵਨ ਵਿਚ ਨਿਮਰਤਾ ਧਾਰਨ ਕਰਨੀ ਚਾਹੀਦੀ ਹੈ, ਲੋਕਾਂ ਦਾ ਭਲਾ ਕਰਨਾ ਚਾਹੀਦਾ ਹੈ, ਕਿਸੇ ਦੇ ਪ੍ਰਤੀ ਮੰਦੇ ਵਿਚਾਰ ਆਪਣੇ ਮਨ ਵਿਚ ਨਹੀਂ ਰੱਖਣੇ ਚਾਹੀਦੇ ਬਲਕਿ ਸਭ ਨਾਲ ਪ੍ਰੇਮ ਦਾ ਸੰਬੰਧ ਬਣਾ ਕੇ ਰੱਖਣਾ ਚਾਹੀਦਾ ਹੈ;

"ਸ਼ਾਹ ਹੁਸੈਨ ਦੇ ਸਦਾਚਾਰ ਦੇ ਦੋ ਪੱਖ ਹਨ। ਇਕ ਪਾਸੇ ਤਾਂ ਉਹ ਨਫ਼ਸ ਜਾਂ ਵਿਸ਼ੇ ਵਿਕਾਰਾਂ ਜਾਂ ਹਉਮੈ ਆਦਿ ਔਗੁਣਾਂ ਦੇ ਤਿਆਗ ਲਈ ਕਹਿੰਦਾ ਹੈ ਤੇ ਦੂਜੇ ਪਾਸੇ ਗ਼ਰੀਬੀ, ਨਿਮਰਤਾ, ਸੰਤੋਖ, ਮਿੱਠਤ, ਜ਼ਹਦ ਤੇ ਭੈ ਆਦਿ ਦਾ ਮਹੱਤਵ ਦ੍ਰਿੜ ਕਰਵਾਉਂਦਾ ਹੈ। ਇੰਜ ਸ਼ਾਹ ਹੁਸੈਨ ਦਾ ਸਦਾਚਾਰ ਸੂਫ਼ੀਆਂ ਦੇ ਕਰੜੇ ਅਭਿਆਸ ਦਾ ਸੂਚਕ ਹੈ ਜਿਸ ਦੀ ਪਾਲਣਾ ਦੁਆਰਾ ਸੂਫ਼ੀ ਸਾਧਕ ਆਪਣੀ ਮੰਜ਼ਿਲ ਤਕ ਪਹੁੰਚਣ ਵਿਚ ਸਫ਼ਲ ਹੋ ਜਾਂਦਾ ਹੈ।"[87]

ਪਰਮਾਤਮਾ ਦੀ ਪ੍ਰਾਪਤੀ ਲਈ ਸ਼ਾਹ ਹੁਸੈਨ ਮਨੁੱਖ ਨੂੰ ਚੰਗੇ ਅਤੇ ਨੇਕ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ;

"ਹੁਸੈਨ ਚੰਗੇ ਅਮਲਾਂ ਉੱਤੇ ਜ਼ੋਰ ਦਿੰਦਾ ਹੈ ਅਤੇ ਉਸ ਦੀਆਂ ਬਹੁਤ ਸਾਰੀਆਂ ਕਾਫ਼ੀਆਂ ਉਸ ਦੇ ਇਸ ਅਕੀਦੇ ਦੇ ਪ੍ਰਗਟਾਵੇ ਲਈ ਹੀ ਲਿਖੀਆਂ ਗਈਆਂ ਹਨ। ਉਦਾਹਰਣ ਵਜੋਂ;

ਤਾਰੀਂ ਸਾਈਂ ਰੱਬਾ ਵੇ ਮੈਂ ਔਗੁਣਹਾਰੀ
ਸਭ ਸਈਆਂ ਗੁਣਵੰਤੀਆਂ, ਤਾਰੀਂ ਸਾਈਂ ਰੱਬਾ ਵੇ ਮੈਂ ਔਗਣਹਾਰੀ
ਭੇਜੀ ਸੀ ਜਿਸ ਬਾਤ ਨੂੰ ਪਿਆਰੀ ਰੀ, ਸੋਈ ਮੈਂ ਬਾਤ ਵਿਸਾਰੀ
ਰਲ ਮਿਲ ਸਈਆਂ ਦਾਜ ਰੰਗਾਇਆ ਪਿਆਰੀ ਰੀ, ਮੈਂ ਰਹੀ ਕੁਆਰੀ,
ਭੈ ਸਾਈਂ ਤੇ ਪਰਬਤ ਭਰ ਦੇ ਪਿਆਰੀ ਰੀ ਮੈਂ ਕੌਣ ਵਿਚਾਰੀ
ਕਹੇ ਹੁਸੈਨ ਸਹੇਲੀਓ ਨੀ ਅਮਲਾਂ ਬਾਝ ਖੁਆਰੀ।"[88]

"ਸ਼ਾਹ ਹੁਸੈਨ ਨੇ ਨਿਮਰਤਾ ਦੇ ਨੈਤਿਕ ਗੁਣ ਨੂੰ ਬਹੁਤ ਅਹਿਮੀਅਤ ਦਿੱਤੀ ਹੈ। ਉੱਚਾ ਨਾ ਬੋਲਣਾ, ਕਿਸੇ ਦਾ ਮਨ ਨਾ ਦੁਖਾਉਣਾ, ਪਰ-ਸੇਵਾ ਕਰਨਾ, ਹਉਮੈ ਨੂੰ ਤਿਆਗਣਾ, ਭਾਣੇ ਵਿਚ ਰਹਿਣਾ ਆਦਿ ਗੁਣਾਂ ਨੂੰ ਅਪਣਾਉਂਦੇ ਹੋਇਆਂ ਨਿਮਰਤਾ ਦੇ ਭਾਵ ਨੂੰ ਸਭ ਤੋਂ ਅਧਿਕ ਮਹੱਤਵ ਦਿੱਤਾ ਹੈ। ਹੇਠ ਲਿਖੀ ਕਾਫ਼ੀ ਵਿਚ ਨਿਮਰਤਾ ਦੇ ਨਾਲ-ਨਾਲ ਆਤਮ-ਸਮਰਪਣ ਦਾ ਭਾਵ ਉਘੜ ਕੇ ਸਾਹਮਣੇ ਆਇਆ ਹੈ;

ਮੇਰੇ ਸਾਹਿਬਾ ਮੈਂ ਤੇਰੀ ਹੋ ਮੁਕੀਆਂ। ਰਹਾਉ।
ਮਨਹੁ ਨਾ ਵਿਸਾਰੀ ਤੂੰ ਮੈਨੂੰ ਮੇਰੇ ਸਾਹਿਬਾ,
ਹਰਿ ਗਲੋਂ ਮੈਂ ਚੁਕੀਆਂ।
ਅਉਗੁਣਿਆਰੀ ਨੂੰ ਕੋ ਗੁਣੁ ਨਾਹੀ,
ਬਖਸਿ ਕਰੈਂ ਤਾਂ ਮੈਂ ਛੁਟੀਆਂ...।"[89]



Sri Satguru Jagjit Singh Ji eLibrary NamdhariElibrary@gmail.com

ਸ਼ਾਹ ਹੁਸੈਨ ਆਪਣੀਆਂ ਕਾਫ਼ੀਆਂ ਰਾਹੀਂ ਉਹ ਕਦਰਾਂ-ਕੀਮਤਾਂ ਗ੍ਰਹਿਣ ਕਰਨ ਲਈ ਪ੍ਰੇਰਦਾ ਹੈ ਜੋ ਇਕ ਸੂਫ਼ੀ ਸਾਧਕ ਲਈ ਖ਼ੁਦ ਪ੍ਰਾਪਤੀ ਲਈ ਜ਼ਰੂਰੀ ਹਨ। ਸ਼ਾਹ ਹੁਸੈਨ ਅਨੁਸਾਰ ਜੀਵਾਤਮਾ ਥੋੜੇ ਸਮੇਂ ਲਈ ਇਸ ਧਰਤੀ ਤੇ ਆਈ ਹੈ ਅਤੇ ਉਹ ਇੱਥੇ ਆ ਕੇ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਆਦਿ ਬੁਰਾਈਆਂ ਵਿਚ ਜਕੜੀ ਜਾਂਦੀ ਹੈ। ਜੀਵਾਤਮਾ ਲਈ ਇਨ੍ਹਾਂ ਉੱਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ;

"ਪੰਜੇ ਸਖੀਆਂ ਇਕੋ ਜੇਹੀਆਂ,
ਹੁਕਮ ਸੰਜੋਗ ਇਕੱਠੀਆਂ ਹੋਈਆਂ,
ਜੋ ਪੰਜਾਂ ਨੂੰ ਧਾਗਾ ਪਾਏ,
ਸਾ ਸਭਰਾਈ ਕੰਤੁ ਰੀਝਾਏ,
ਕਹੈ ਹੁਸੈਨ ਬਿਸ਼ਰਮੀ ਸਈਆਂ,
ਆਇ ਪਵਨਿ ਅਚੇਤੜੀਆਂ।"[90]

"ਨਿਮਰਤਾ ਸੰਜਮ ਸਿਖਾਉਂਦੀ ਹੈ, ਅਨੁਸਾਸ਼ਣ ਵਿਚ ਰਹਿਣ ਦੇ ਸੁਭਾਵ ਦਾ ਨਿਰਮਾਣ ਕਰਦੀ ਹੈ। ਇਹ ਕਿਸੇ ਵੀ ਭਾਂਤ ਦੀ ਅਤਿ ਦੇ ਵਿਰੁੱਧ ਹੈ। ਇਸ ਪੱਖੋਂ ਉਸ ਦਾ ਸ਼ਰੀਅਤ ਦੇ ਪ੍ਰਤੀ ਰਵੱਈਆ ਵੀ ਵੇਖਣ ਵਾਲਾ ਹੈ। ਉਹ ਸ਼ਰੀਅਤ ਨੂੰ ਵਾਧੂ ਕਰਮ-ਕਾਂਡ ਮੰਨ ਕੇ ਤਿਆਗ ਕਰ ਚੁੱਕਾ ਹੈ ਪਰ ਉਹ ਬੁੱਲ੍ਹੇ ਸ਼ਾਹ ਵਾਂਗ ਇਸ ਦੀ ਭੰਡੀ ਨਹੀਂ ਕਰਦਾ। ਇਸ ਨੂੰ ਝੇਡਾਂ ਨਹੀਂ ਕਰਦਾ, ਵਿਅੰਗ ਦੇ ਤਿੱਖੇ ਹਥਿਆਰ ਦੀ ਵਰਤੋਂ ਨਹੀਂ ਕਰਦਾ।"[91]

ਸ਼ਾਹ ਹੁਸੈਨ ਖ਼ੁਦ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਸੂਫ਼ੀ ਦਰਵੇਸ਼ ਸੀ। ਇਹ ਪ੍ਰਭਾਵ ਉਸ ਦੀ ਕਵਿਤਾ ਵਿਚ ਵੀ ਦੇਖਿਆ ਜਾ ਸਕਦਾ ਹੈ। ਉਹ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਕਿ ਸਮਾਜ ਵਿਚ ਆਪਸੀ ਭਾਈਚਾਰਾ ਕਾਇਮ ਰਹੇ। ਸ਼ਾਹ ਹੁਸੈਨ ਮਨੁੱਖ ਨੂੰ ਮਿੱਠਾ ਬੋਲਣ, ਨੀਵਾਂ ਚੱਲਣ ਅਤੇ ਅਨੁਸ਼ਾਸ਼ਿਤ ਜੀਵਨ ਜੀਊਣ ਲਈ ਉਪਦੇਸ਼ ਦਿੰਦਾ ਹੈ। ਇਹਨਾਂ ਗੁਣਾਂ ਨੂੰ ਧਾਰਨ ਕਰਕੇ ਸੂਫ਼ੀ ਸਾਧਕ ਜਿੱਥੇ ਸਮਾਜਿਕ ਜੀਵਨ ਨੂੰ ਖੁਸ਼ਹਾਲ ਬਣਾਉਂਦੇ ਹਨ ਉੱਥੇ ਪ੍ਰਭੂ ਦੇ ਦਰ ਉੱਤੇ ਪਰਵਾਨ ਵੀ ਹੁੰਦੇ ਹਨ। ਇਹਨਾਂ ਗੁਣਾਂ ਕਰਕੇ ਸੂਫ਼ੀ ਸਾਧਕ ਦੀ ਆਤਮਾ ਸ਼ੁੱਧ ਹੋ ਜਾਂਦੀ ਹੈ ਕਿਉਂਕਿ ਸਦਾਚਾਰਕ ਗੁਣਾਂ ਕਰਕੇ ਸੂਫ਼ੀ ਕਿਸੇ ਦੂਜੇ ਵਿਅਕਤੀ ਪ੍ਰਤੀ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ। ਉਹ ਸਮੁੱਚੇ ਵਰਤਾਰੇ ਨਾਲ ਇਸ਼ਕ ਦਾ ਸੰਬੰਧ ਕਾਇਮ ਕਰਨਾ ਚਾਹੁੰਦੇ ਹਨ। ਇਸ ਇਸ਼ਕ ਮਾਰਗ ਤੇ ਚੱਲਦਿਆਂ ਹੀ ਸੂਫ਼ੀ ਆਪਣੇ ਪ੍ਰੀਤਮ ਨੂੰ ਪ੍ਰਾਪਤ ਕਰਦੇ ਹਨ।

## ਸ਼ਾਹ ਹੁਸੈਨ ਦੀ ਕਵਿਤਾ ਵਿਚ ਮੁਰਸ਼ਦ ਦਾ ਸਥਾਨ

ਸੂਫ਼ੀ ਕਾਵਿਧਾਰਾ ਵਿਚ ਮੁਰਸ਼ਦ ਨੂੰ ਬਹੁਤ ਉੱਚਾ ਦਰਜ਼ਾ ਦਿੱਤਾ ਹੈ ਕਿਉਂਕਿ ਮੁਰਸ਼ਦ ਹੀ ਪਰਮਾਤਮਾ ਨਾਲ ਮਿਲਾਪ ਦਾ ਰਸਤਾ ਦੱਸਦਾ ਹੈ। ਪਰਮਾਤਮਾ ਅਤੇ ਜੀਵ ਰੂਪੀ ਇਸਤਰੀ ਵਿਚ ਮੁਰਸ਼ਦ ਇਕ ਕੜੀ ਦਾ ਕੰਮ ਕਰਦਾ ਹੈ। ਮੁਰਸ਼ਦ ਨੂੰ ਪਰਮਾਤਮਾ ਪ੍ਰਾਪਤੀ ਦਾ ਮਾਰਗ ਵੀ ਪਤਾ ਹੈ ਅਤੇ ਜੀਵ ਰੂਪੀ ਇਸਤਰੀ ਦੇ ਦੁੱਖਾਂ ਦਾ ਵੀ ਗਿਆਨ ਹੈ। ਇਸ ਲਈ ਸੂਫ਼ੀ-ਸਾਧਨਾ ਵਿਚ ਮੁਰਸ਼ਦ ਦਾ ਸਥਾਨ ਅਹਿਮ ਅਤੇ ਮਹੱਤਵਪੂਰਨ ਹੈ। ਸੂਫ਼ੀ ਸਾਧਕ ਆਪਣੇ ਮੁਰਸ਼ਦ ਨੂੰ ਆਪਣਾ ਸਭ ਕੁਝ ਅਰਪਣ ਕਰ ਦਿੰਦਾ ਤਾਂ ਹੈ ਤਾਂ ਕਿ ਉਹ ਆਪਣੇ ਜੀਵਨ ਦੇ ਪ੍ਰਮੁੱਖ ਲਕਸ਼ ਪਰਮਾਤਮਾ ਦੀ ਪ੍ਰਾਪਤੀ ਨੂੰ ਪ੍ਰਾਪਤ ਕਰ ਸਕੇ;



Sri Satguru Jagjit Singh Ji eLibrary NamdhariElibrary@gmail.com

"ਸੂਫ਼ੀਆਂ ਵਿਚ ਮੁਰਸ਼ਦ-ਮੁਰੀਦ ਦੀ ਰਵਾਇਤ ਬੜੀ ਪੱਕੀ ਹੈ। ਸੂਫ਼ੀ ਆਪਣੇ ਮੁਰਸ਼ਦ ਨੂੰ ਆਪਣਾ ਸਭ ਕੁਝ ਸਮਝਦਾ ਹੈ ਤੇ ਉਸਦੇ ਰਾਹੀਂ ਹੀ ਪ੍ਰੇਮ ਮਾਰਗ ਵਿਚ ਉਤਰਦਾ ਹੈ। ਉਸਦੇ ਰਾਹੀਂ ਹੀ ਉਹ ਬਾਹਰਲੇ ਭੇਖਾਂ ਤੇ ਪਾਖੰਡਾਂ ਨੂੰ ਛੱਡਦਾ ਹੈ ਤੇ ਦੁਨੀਆਂ ਦੇ ਵਿਰੋਧ ਦਾ ਸਾਹਮਣਾ ਕਰਦਾ ਹੈ।"[92]

ਵਿਯੋਗ ਦੀ ਅਵਸਥਾ ਦੇ ਦੌਰਾਨ ਜਦੋਂ ਕਿਸੇ ਸਾਧਕ ਦੇ ਮਨ ਦੀ ਅਵਸਥਾ ਜਾਗ੍ਰਤ ਹੋ ਜਾਂਦੀ ਹੈ ਤਾਂ ਉਸ ਨੂੰ ਬਿਰਹਾ ਦਾ ਅਨੁਭਵ ਹੋ ਜਾਂਦਾ ਹੈ। ਬਿਰਹਾ ਦੀ ਅਵਸਥਾ ਕਾਰਨ ਸਾਧਕ ਦੁੱਖ ਭੋਗ ਰਿਹਾ ਹੁੰਦਾ ਹੈ। ਇਸ ਸਮੇਂ ਦੌਰਾਨ (ਬਿਰਹਾ ਦਾ ਗਿਆਨ ਹੁੰਦਿਆਂ) ਉਸ ਨੂੰ (ਜੀਵ ਰੂਪੀ ਇਸਤਰੀ ਨੂੰ) ਮੁਰਸ਼ਦ ਦਾ ਸਾਥ ਮਿਲਦਾ ਹੈ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕੇਵਲ ਮੁਰਸ਼ਦ ਦਾ ਸਾਥ ਮਿਲਣ ਨਾਲ ਹੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਰਮਾਤਮਾ ਨੂੰ ਪਾਉਣ ਲਈ ਜੀਵ ਰੂਪੀ ਇਸਤਰੀ ਆਪਣਾ ਸਭ ਕੁਝ ਮੁਰਸ਼ਦ ਤੋਂ ਕੁਰਬਾਨ ਕਰਨ ਵਾਲੀ ਹੋਣੀ ਚਾਹੀਦੀ ਹੈ। ਮੁਰਸ਼ਦ ਦੇ ਹਰ ਹੁਕਮ ਹੀ ਪਾਲਣਾ ਹੋਣੀ ਲਾਜ਼ਮੀ ਹੈ;

"ਨੈਤਿਕ ਆਚਾਰ ਦੇ ਅਭਿਆਸ ਵਿਚ ਸੂਫ਼ੀ ਮੁਰੀਦ ਸਫਲਤਾ ਤਦ ਪ੍ਰਾਪਤ ਕਰ ਸਕਦਾ ਹੈ ਜੇ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਮੁਰਸ਼ਦ ਦੇ ਅਧੀਨ ਕਰ ਦੇਵੇ। ਮੁਰਸ਼ਦ ਦੇ ਹਰ ਹੁਕਮ ਦੀ ਪਾਲਣਾ ਕਰਨਾ ਅਤੇ ਉਸ ਦੁਆਰਾ ਦਿੱਤੀ ਗਈ ਹਰ ਸਿੱਖਿਆ ਨੂੰ ਕਬੂਲਣਾ ਮੁਰੀਦ ਲਈ ਅਤਿਅੰਤ ਆਵਸ਼ੱਕ ਹੈ।"[93]

ਜਿਸ ਵੇਲੇ ਸਾਧਕ ਮੁਰਸ਼ਦ ਦੀ ਅਗਵਾਈ ਵਿਚ ਨੈਤਿਕ ਕਦਰਾਂ-ਕੀਮਤਾਂ ਧਾਰਨ ਕਰ ਲੈਂਦਾ ਹੈ ਤਾਂ ਉਹ ਵਿਸ਼ੇ-ਵਿਕਾਰਾਂ ਤੋਂ ਪਾਸਾ ਵੱਟ ਲੈਂਦਾ ਹੈ ਅਤੇ ਇਸ਼ਕ-ਮਾਰਗ ਦੁਆਰਾ ਪ੍ਰਭੂ ਨੂੰ ਪਾਉਣ ਦਾ ਯਤਨ ਕਰਦਾ ਹੈ;

"ਸੂਫ਼ੀ ਸਾਧਕ ਲਈ ਮੁਰਸ਼ਦ ਇਕ ਬੜਾ ਵੱਡਾ ਆਸਰਾ ਹੈ। ਜਿਸ ਦੁਨੀਆਂ ਦੇ ਵਿਕਾਰਾਂ ਨੂੰ ਸੂਫ਼ੀ ਨੇ ਤਿਆਗਣਾ ਹੈ, ਮੁਰਸ਼ਦ ਨੇ ਉੱਥੇ ਉਸਦੀ ਅਗਵਾਈ ਕਰਨੀ ਹੈ ਅਤੇ ਪ੍ਰੇਮ ਮਾਰਗ ਵਿਚ ਉਸ ਦੇ ਰੂਪਾਂਤਰਣ ਨੂੰ ਸੰਭਵ ਬਣਾਉਣਾ ਹੈ।"[94]

ਸ਼ਾਹ ਹੁਸੈਨ ਨੇ ਆਪਣੀਆਂ ਕਾਫੀਆਂ ਵਿਚ ਮੁਰਸ਼ਦ ਲਈ ਵਕੀਲ, ਪਤਨੀ, ਦੋਸਤ, ਮਲਾਹ, ਯਾਰ, ਸੱਜਣ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ;

"ਸੂਫ਼ੀਆਂ ਵਿਚ ਰੱਬ ਨੂੰ ਪਾਉਣ ਲਈ ਸੱਚੇ ਮੁਰਸ਼ਦ ਦੀ ਭਾਲ ਜ਼ਰੂਰੀ ਹੈ ਉਸੇ ਤਰ੍ਹਾਂ ਭਗਤੀ ਲਹਿਰ ਅਤੇ ਗੁਰਮਤਿ ਵਿਚ ਸਤਿਗੁਰੂ ਦੀ ਲੋੜ ਪੈਂਦੀ ਹੈ।"[95]

"ਪੰਜਾਬੀ ਸੂਫ਼ੀ ਕਵਿਤਾ ਵਿਚ ਉਸ ਪਰਮ ਸੱਚ ਦਾ ਗਿਆਨ ਪਾਉਣ ਲਈ ਅਤੇ ਉਸ ਨੂੰ ਪ੍ਰਾਪਤ ਕਰਨ ਲਈ ਮੁਰਸ਼ਦ ਭਗਤੀ ਜਾਂ ਮੁਰਸ਼ਦ ਨਾਲ ਪਿਆਰ ਕਰਨ ਦੀ ਵਿਸ਼ੇਸ਼ ਪਰਵਿਰਤੀ ਰਹੀ ਹੈ। ਸੂਫ਼ੀ ਸਾਧਕ ਨੂੰ ਅੰਤਿਮ ਲਕਸ਼ ਦੀ ਸੋਝੀ ਮੁਰਸ਼ਦ ਦੀ ਸਹਾਇਤਾ ਬਿਨਾਂ ਨਹੀਂ ਹੋ ਸਕਦੀ ਅਤੇ ਇਸ ਮੰਤਵ ਲਈ ਮੁਰਸ਼ਦ ਨੂੰ ਪ੍ਰੇਮ ਕਰਨਾ, ਉਸ ਦਾ ਲੜ ਫੜਨਾ ਜਾਂ ਉਹਦੀ ਸ਼ਰਣ ਲੈਣੀ ਜ਼ਰੂਰੀ ਹੈ।"[96]

ਸੂਫ਼ੀ ਕਾਵਿ-ਧਾਰਾ ਵਿਚ ਮੁਰਸ਼ਦ ਦੇ ਪ੍ਰਤੀ ਸਮਰਪਣ ਦੀ ਭਾਵਨਾ ਦਾ ਵਿਸ਼ੇਸ਼ ਮਹੱਤਵ ਹੈ। ਜਦੋਂ ਤੱਕ ਨਾਇਕਾ ਆਪਣੇ ਮੁਰਸ਼ਦ ਦੇ ਪ੍ਰਤੀ ਆਪਾ-ਵਾਰੂ ਪਰਵਿਰਤੀ ਨਹੀਂ ਬਣਾਉਂਦੀ ਉਦੋਂ ਤੱਕ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮੁਰਸ਼ਦ ਉੱਪਰ ਵਿਸ਼ਵਾਸ ਹੋਣਾ ਲਾਜ਼ਮੀ ਮੰਨਿਆ ਜਾਂਦਾ ਹੈ। ਇਸ ਵਿਸ਼ਵਾਸ ਅਨੁਸਾਰ ਨਾਇਕਾ ਦਾ ਮੁਰਸ਼ਦ ਉਸ ਨੂੰ ਪਰਮਾਤਮਾ ਦੀ ਭਗਤੀ ਵਰਗੇ ਕਾਰਜ ਕਰਵਾ ਕੇ ਉਸ ਨਾਲ ਮੇਲ ਦੇਵੇਗਾ। ਬਾਬਾ



Sri Satguru Jagjit Singh Ji eLibrary NamdhariElibrary@gmail.com

ਫ਼ਰੀਦ ਤੋਂ ਬਾਅਦ ਮੁਰਸ਼ਦ ਨੂੰ ਸਹੀ ਅਰਥਾਂ ਵਿਚ ਸੂਫ਼ੀ ਕਵਿਤਾ ਵਿਚ ਸ਼ਾਹ ਹੁਸੈਨ ਨੇ ਬਿਆਨ ਕੀਤਾ ਹੈ;

"ਸ਼ਾਹ ਹੁਸੈਨ ਨੇ ਸਹੀ ਅਰਥਾਂ ਵਿਚ ਪੰਜਾਬੀ ਸੂਫ਼ੀ ਕਵਿਤਾ ਵਿਚ ਮੁਰਸ਼ਦ ਦੇ ਪਿਆਰ, ਸਤਿਕਾਰ, ਉਸ ਦੀ ਅਗਵਾਈ ਦੀ ਲੋੜ ਆਦਿ ਵਿਸ਼ਿਆਂ ਨੂੰ ਲਿਆਂਦਾ।"[97]

"ਸ਼ਾਹ ਹੁਸੈਨ ਨੇ ਸੂਫ਼ੀ ਮਾਰਗ ਉੱਤੇ ਪੈਣ ਵਾਲੇ ਵਿਘਨ ਅਤੇ ਸ਼ੈਤਾਨ ਦੁਆਰਾ ਕੀਤੀਆਂ ਵਿਰੋਧੀ ਕਾਰਵਾਈਆਂ ਵੱਲ ਸੰਕੇਤ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਉੱਤੇ ਕਾਬੂ ਪਾਉਣ ਲਈ ਮੁਰਸ਼ਦ/ਸਤਿਗੁਰੂ ਦੀ ਸਹਾਇਤਾ ਲੈਣੀ ਚਾਹੀਦੀ ਹੈ;

ਕਾਮਲ ਦੇ ਦਰਵਾਜ਼ੇ ਜਾਵੈਂ,
ਖ਼ੈਰ ਨੇਹੁੰ ਦਾ ਮੰਗਿ ਲਿਆਵੈਂ,
ਤਾ ਖ਼ਬਰ ਪਵੀ ਤਿਸ ਥੇਂਹ ਦੀ।"[98]

"ਸ਼ਾਹ ਹੁਸੈਨ ਅਨੁਸਾਰ ਮੁਰਸ਼ਦ ਸਾਰੇ ਦੁੱਖਾਂ ਦੇ ਨਿਵਿਰਤ ਕਰਨ ਵਾਲਾ ਹੈ। ਕਾਮਿਲ ਮੁਰਸ਼ਦ ਬਿਨਾਂ ਆਤਮਕ ਉੱਚਾਈਆਂ ਤੱਕ ਪੁੱਜਣਾ ਕਠਿਨ ਹੈ। ਪਿਆਰੇ ਦੀ ਨਿਕਟਤਾ-ਪ੍ਰਾਪਤੀ ਮੁਰਸ਼ਦ ਦੁਆਰਾ ਹੀ ਸੰਭਵ ਹੈ;

ਕਹੈ ਹੁਸੈਨ ਫ਼ਕੀਰ ਨਿਮਾਣਾ,
ਮੁਰਸ਼ਦ ਦੋਸਤ ਮਿਲਾਇਆ ਹੀ।"[99]

"ਸ਼ਾਹ ਹੁਸੈਨ ਦਾ ਮੁਰਸ਼ਦ ਬਿਖੜੇ ਰਾਹਾਂ ਦੀ ਸੋਝੀ ਕਰਾਉਂਦਾ ਹੈ ਅਤੇ ਸੂਫ਼ੀ ਦਾ ਅਗਲਾ ਜੀਵਨ ਸੁਆਰਿਆ ਜਾਂਦਾ ਹੈ, ਉਹ ਹਰ ਪ੍ਰਕਾਰ ਦੀ ਚਿੰਤਾ ਤੋਂ ਮੁਕਤ ਹੋ ਜਾਂਦਾ ਹੈ। ਮੁਰਸ਼ਦ ਰੱਬ ਦੀ ਦਰਗਾਹ ਵਿਚ ਆਪਣੇ ਮੁਰੀਦ ਦਾ ਵਕੀਲ ਬਣਦਾ ਹੈ ਅਤੇ ਪ੍ਰਭੂ ਨਾਲ ਮੇਲ ਕਰਾਉਣ ਵਿਚ ਸਹਾਈ ਹੁੰਦਾ ਹੈ।"[100]

"ਸੂਫ਼ੀ ਸਾਧਨਾ ਵਿਚ ਗੁਰੂ ਜਾਂ ਮੁਰਸ਼ਦ ਨੂੰ ਪਰਮ ਜੋਤਿ ਨਾਲ ਇਕ-ਮਿਕ ਕਰਾਉਣ ਦਾ ਇੱਕੋ ਇਕ ਵਸੀਲਾ ਮੰਨਿਆ ਗਿਆ ਹੈ। ਉਹ (ਮੁਰਸ਼ਦ) ਇਸ ਰਸਤੇ ਦਾ ਆਗੂ ਹੈ ਕਿਉਂਕਿ ਉਹ ਖ਼ੁਦ ਇਸ ਰਸਤੇ ਵਿਚੋਂ ਲੰਘ ਚੁਕਿਆ ਹੈ। ਉਹ ਇਕ ਪਰਮ ਮਨੁੱਖ ਹੈ। ਇਸ਼ਕ ਨੇ ਉਸ ਨੂੰ ਹਰ ਪੱਖੋਂ ਸੰਪੂਰਨ ਕਰ ਦਿੱਤਾ ਹੈ। ਇਸ਼ਕ ਦੀ ਚਿਣਗ ਸੂਫ਼ੀ ਸਾਧਕ ਨੂੰ ਅਜਿਹਾ ਗੁਰੂ ਜਾਂ ਮੁਰਸ਼ਦ ਹੀ ਲਾ ਸਕਦਾ ਹੈ। ਰੱਬ ਤੋਂ ਹੇਠਾਂ ਬੱਸ ਮੁਰਸ਼ਦ ਹੀ ਹੈ। ਰੱਬ ਨਾਲ ਉਹ ਇਕ-ਮਿਕ ਵੀ ਹੈ। ਦੂਜੇ ਸ਼ਬਦਾਂ ਵਿਚ ਸੂਫ਼ੀ ਸਾਧਨਾ ਮਨੁੱਖੀ ਰੂਪ ਵਿਚ ਰੱਬ ਮੁਰਸ਼ਦ ਹੀ ਹੈ।"[101]

ਸ਼ਾਹ ਹੁਸੈਨ ਆਪਣੇ ਸ਼ਹੁ (ਪਰਮਾਤਮਾ) ਦੀ ਪ੍ਰਾਪਤੀ ਦਾ ਸਾਧਨ ਆਪਣੇ ਮੁਰਸ਼ਦ ਨੂੰ ਦੱਸਦਾ ਹੈ। ਸੂਫ਼ੀ ਲਈ ਮੁਰਸ਼ਦ ਤੋਂ ਬਗੈਰ ਪਰਮਾਤਮਾ ਤੱਕ ਪਹੁੰਚਣਾ ਕਠਿਨ ਹੀ ਨਹੀਂ ਅਸੰਭਵ ਹੈ ਕਿਉਂਕਿ ਗੁਰੂ ਹੀ ਅਗਿਆਨ ਰੂਪੀ ਪਰਦੇ ਕੱਟਦਾ ਹੈ। ਜਦੋਂ ਮੁਰਸ਼ਦ ਦੀ ਮਿਹਰ ਹੁੰਦੀ ਹੈ ਤਾਂ ਜ਼ਿੰਦਗੀ ਮੌਤ ਦਾ ਰੋਗ ਕੱਟਿਆ ਜਾਂਦਾ ਹੈ;

"ਤਿਨਾ ਗਮ ਕੇਹਾ ਸਾਂਈ ਜਿਨਾਂ ਦੇ ਵਲਿ,
ਸੋਹਣੀ ਸੂਰਤ ਦਿਲਬਰ ਵਾਲੀ,
ਰਹੀ ਅਖੀਂ ਵਿਚਿ ਗਲਿ।
ਇਕ ਪਲ ਸਜਣ ਜੁਦਾ ਨ ਥੀਵੈ,
ਬੈਠਾ ਅੰਦਰ ਮਲਿ।"[102]

ਪ੍ਰੋ. ਗੁਰਦਿਆਲ ਸਿੰਘ ਢਿੱਲੋਂ ਸ਼ਾਹ ਹੁਸੈਨ ਦੀ ਕਵਿਤਾ ਵਿਚ ਮੁਰਸ਼ਦ ਦੀ ਟੇਕ ਨੂੰ



Sri Satguru Jagjit Singh Ji eLibrary NamdhariElibrary@gmail.com

ਬਾਬਾ ਫ਼ਰੀਦ ਦੀ ਕਵਿਤਾ ਨਾਲੋਂ ਵਧੇਰੇ ਸ਼੍ਰੇਸ਼ਟ ਸਿੱਧ ਕਰਦਿਆਂ ਆਖਦੇ ਹਨ ਕਿ, "ਸ਼ਾਹ ਹੁਸੈਨ ਕਾਵਿ ਵਿਚ ਗੁਰੂ ਦੀ ਮਹੱਤਤਾ, ਮਹਿਮਾ ਤੇ ਪਿਆਰ ਦਾ ਪੱਖ ਫ਼ਰੀਦ ਨਾਲੋਂ ਰਤਾ ਵਧੇਰੇ ਉਘੜਵੇਂ ਰੂਪ ਵਿਚ ਪ੍ਰਗਟ ਹੋਇਆ ਹੈ। ... ਇਸ ਦੇ ਟਾਕਰੇ ਤੇ ਸ਼ਾਹ ਹੁਸੈਨ ਦਾ ਰੰਗ ਵਿਸਥਾਰ ਵਾਲਾ ਤੇ ਉਘੜਵਾਂ ਹੈ;

(ੳ) ਪ੍ਰੇਮ ਪਿਆਲਾ ਸਤਿਗੁਰ ਵਾਲਾ
ਪੀਵਿਤ ਹੀ ਮੈਂ ਝੁਲੀਆਂ

(ਅ) ਅਸਾਂ ਅੰਦਰ ਬਾਹਰ ਲਾਲ ਹੋ
ਅਸਾਂ ਮੁਰਸ਼ਦ ਨਾਲ ਪਿਆਰ ਹੋ।"[103]

ਸ਼ਾਹ ਹੁਸੈਨ ਨੇ ਆਪਣੇ ਮੁਰਸ਼ਦ ਦੀ ਸ਼ਰਣ ਲੈ ਲਈ ਹੈ। ਇਸ ਲਈ ਹੁਣ ਸ਼ਾਹ ਹੁਸੈਨ ਨੂੰ ਦੁਨੀਆਦਾਰੀ ਦੀ ਕੋਈ ਪਰਵਾਹ ਨਹੀਂ ਰਹੀ। ਉਹ ਆਪਣੇ ਮੁਰਸ਼ਦ ਦੇ ਲੜ ਲੱਗ ਕੇ ਇਸ਼ਕ ਮਾਰਗ ਦਾ ਰਾਹੀ ਬਣ ਗਿਆ ਹੈ;

"ਮੁਰਸ਼ਦ ਨੇ ਸ਼ਾਹ ਹੁਸੈਨ ਰੂਪੀ ਸਾਧਕ ਨੂੰ ਅਜਿਹਾ ਪ੍ਰੇਮ ਪਿਆਲਾ ਬਖ਼ਸ਼ਿਆ ਹੈ ਕਿ ਉਹ ਬੇਸੁੱਧ ਹੋ ਕੇ ਝੂਮਣ ਲੱਗਾ ਹੈ ਉਸ ਦੇ ਸਾਰੇ ਦੁੱਖ-ਦਲਿੱਦਰ ਸੰਸੇ-ਝੋਰੇ ਦੂਰ ਹੋ ਗਏ ਹਨ ਉਸ ਨੂੰ ਪਰਮ-ਆਨੰਦ ਦੀ ਅਨੁਭੂਤੀ ਪ੍ਰਾਪਤ ਹੋ ਗਈ ਹੈ;

ਪ੍ਰੇਮ ਪਿਆਲਾ ਸਤਿਗੁਰ ਵਾਲਾ
ਪੀਵਿਤ ਹੀ ਮੈਂ ਝੱਲੀਆਂ।"[104]

ਸੂਫ਼ੀ ਸਾਧਨਾ ਦੇ ਅੰਤਰਗਤ ਮੁਰਸ਼ਦ ਹੀ ਇਕ ਅਜਿਹਾ ਜ਼ਰੀਆ ਹੈ ਜੋ ਸਾਧਕ ਦਾ ਮਨ ਇਸ਼ਕ ਅਤੇ ਨੈਤਿਕ ਕਦਰਾਂ-ਕੀਮਤਾਂ ਦੁਆਰਾ ਪਰਮਾਤਮਾ ਨਾਲ ਜੋੜਨ ਦਾ ਕੰਮ ਕਰਦਾ ਹੈ। ਮੁਰਸ਼ਦ ਪਰਮਾਤਮਾ ਦੀ ਤਾਂਘ ਵਿਚ ਬੈਠੇ ਸਾਧਕ ਨੂੰ ਪ੍ਰੇਮ ਦਾ ਪਾਠ ਪੜਾਉਂਦਾ ਹੈ। ਮੁਰਸ਼ਦ ਹੀ ਸਾਧਕ ਨੂੰ ਸਿੱਧੇ ਰਾਹ ਤੇ ਪਾਉਂਦਾ ਹੈ। ਮੁਰਸ਼ਦ ਦੀ ਉਂਗਲੀ ਫੜ ਕੇ ਸਾਧਕ ਪ੍ਰੇਮ ਮਾਰਗ ਤੇ ਤੁਰਨਾ ਸਿੱਖਦਾ ਹੈ ਅਤੇ ਅੰਤ ਨੂੰ ਆਪਣੇ ਪ੍ਰੀਤਮ ਨੂੰ ਪ੍ਰਾਪਤ ਕਰ ਲੈਂਦਾ ਹੈ;

"ਸੂਫ਼ੀ ਮਾਰਗ ਪ੍ਰੇਮ ਦਾ ਪੰਧ ਹੈ। ਇਥੇ ਪ੍ਰੇਮ ਅਤੇ ਸਦਾਚਾਰ ਨਾਲ ਸੂਫ਼ੀ ਦਾ ਨਾਤਾ ਮੁਰਸ਼ਦ ਹੀ ਜੋੜਦਾ ਹੈ। ਇਹ ਇਕ ਵਿਰਸਾ ਹੈ ਜਿਸ ਨੂੰ ਮੁਰਸ਼ਦ ਸਾਂਭਦਾ ਹੈ ਅਤੇ ਅੱਗੇ ਤੋਰਦਾ ਹੈ।"[105]

ਮੁਰਸ਼ਦ ਦੀ ਅਗਵਾਈ ਤੋਂ ਬਿਨਾਂ ਪਰਮਾਤਮਾ ਨਾਲ ਮਿਲਾਪ ਸੰਭਵ ਨਹੀਂ ਹੈ। ਜੀਵ ਰੂਪੀ ਇਸਤਰੀ ਨੂੰ ਜਦੋਂ ਵਿਯੋਗ ਦੀ ਅਵਸਥਾ ਵਿਚ ਬਿਰਹਾ ਦਾ ਗਿਆਨ ਹੋ ਗਿਆ ਤਾਂ ਉਹ ਵਿਆਕੁਲ ਹੋ ਜਾਂਦੀ ਹੈ। ਉਹ ਬਿਰਹਾ ਦੀ ਅਵਸਥਾ ਦਾ ਅੰਤ ਚਾਹੁੰਦੀ ਹੈ ਪਰ ਉਸ ਨੂੰ ਕੋਈ ਰਾਹ ਨਹੀਂ ਸੁਝਦਾ। ਇਸ ਅਵਸਥਾ ਵਿਚ ਜੀਵ ਰੂਪੀ ਇਸਤਰੀ ਨੂੰ ਮੁਰਸ਼ਦ ਮਿਲਦਾ ਹੈ। ਮੁਰਸ਼ਦ ਵਿਯੋਗ ਨੂੰ ਖ਼ਤਮ ਕਰਨ ਲਈ ਨਾਇਕਾ ਨੂੰ ਮਾਰਗ ਦੱਸਦਾ ਹੈ। ਪਰਮਾਤਮਾ ਅਤੇ ਜੀਵ ਰੂਪੀ ਇਸਤਰੀ ਵਿਚ ਮੁਰਸ਼ਦ ਇਕ ਕੜੀ ਦਾ ਕੰਮ ਕਰਦਾ ਹੈ। ਉਸ ਨੂੰ ਪਰਮਾਤਮਾ ਦੇ ਨਾਮ ਦੀ ਵੀ ਸੋਝੀ ਹੈ ਅਤੇ ਜੀਵ ਰੂਪੀ ਇਸਤਰੀ ਦੇ ਦੁੱਖਾਂ ਦੀ ਵੀ। ਇਸ ਲਈ ਉਹ ਨਾਇਕਾ ਨੂੰ ਇਸ਼ਕ ਕਰਨ ਦਾ ਉਪਦੇਸ਼ ਦਿੰਦਾ ਹੈ। ਦੁਨੀਆ ਦੇ ਕਾਰ-ਵਿਹਾਰ ਛੱਡਣ ਅਤੇ ਸੱਚੇ ਅਤੇ ਨੇਕ ਮਨ ਨਾਲ ਪਰਮਾਤਮਾ ਦੀ ਪ੍ਰਾਪਤੀ ਲਈ ਤੱਤਪਰ ਹੋਣ ਲਈ ਸਿੱਖਿਆ ਦਿੰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸ਼ਾਹ ਹੁਸੈਨ ਦੀ ਕਵਿਤਾ ਵਿਚ ਰੱਬੀ-ਇਸ਼ਕ ਦਾ ਸੰਕਲਪ

ਸੂਫ਼ੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਇਸ਼ਕ ਰਾਹੀਂ ਹੀ ਹੋ ਸਕਦੀ ਹੈ। ਇਸ਼ਕ ਦੇ ਦੋ ਰੂਪ ਸਵੀਕਾਰ ਕੀਤੇ ਗਏ ਹਨ ਇਸ਼ਕ-ਹਕੀਕੀ ਅਤੇ ਇਸ਼ਕ-ਮਜਾਜ਼ੀ। ਦੁਨਿਆਵੀ ਪ੍ਰੇਮ ਨੂੰ ਇਸ਼ਕ-ਮਜਾਜ਼ੀ ਦਾ ਦਰਜ਼ਾ ਦਿੱਤਾ ਜਾਂਦਾ ਹੈ ਅਤੇ ਪਰਮਾਤਮਾ ਨਾਲ ਕੀਤੇ ਜਾਣ ਵਾਲੇ ਪ੍ਰੇਮ ਨੂੰ ਇਸ਼ਕ-ਹਕੀਕੀ ਕਿਹਾ ਜਾਂਦਾ ਹੈ। ਸੂਫ਼ੀ ਸਾਧਕ ਦੁਨਿਆਵੀ ਇਸ਼ਕ (ਮਜਾਜ਼ੀ) ਨੂੰ ਇਸ਼ਕ-ਹਕੀਕੀ ਦੀ ਪਹਿਲੀ ਪੌੜੀ ਮੰਨਦੇ ਹਨ;

"ਸੂਫ਼ੀਆਂ ਨੇ ਇਸ਼ਕ-ਮਜਾਜ਼ੀ ਨੂੰ ਇਸ਼ਕ-ਹਕੀਕੀ ਦਾ ਪੁਲ ਆਖਿਆ ਏ। ਉਹ ਕਹਿੰਦੇ ਹਨ ਕਿ ਕਿਸੇ ਬੰਦੇ ਨਾਲ ਪਿਆਰ ਕੀਤੇ ਬਿਨਾਂ ਰੱਬ ਨਾਲ ਪਿਆਰ ਨਹੀਂ ਪਾਇਆ ਜਾ ਸਕਦਾ। ਰੱਬ ਹੀ ਮਹਿਬੂਬੇ ਅਜ਼ਲੀ ਏ ਜਿਸ ਦੇ ਹੁਸਨ ਨਾਲ ਇਹ ਸਾਰਾ ਜਗ ਲਿਸ਼ਕ ਰਿਹਾ ਹੈ।"106

ਸ਼ਾਹ ਹੁਸੈਨ ਅਨੁਸਾਰ ਗਿਆਨ ਅਤੇ ਇਸ਼ਕ ਵਿਚ ਅੰਤਰ ਹੈ। ਬੁੱਧੀਮਾਨ ਵਿਅਕਤੀ ਪ੍ਰਭੂ ਦਾ ਗਿਆਨ ਪ੍ਰਾਪਤ ਕਰਦੇ ਹਨ ਪਰ ਆਸ਼ਕ ਲੋਕ ਪ੍ਰਭੂ ਨੂੰ ਇਸ਼ਕ ਕਰਦੇ ਹਨ। ਸੂਫ਼ੀ ਸਾਧਕਾਂ ਦੇ ਅਨੁਸਾਰ ਪਰਮਾਤਮਾ ਨੂੰ ਬੁੱਧੀ ਨਾਲ ਨਹੀਂ ਬਲਕਿ ਇਸ਼ਕ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਇਸ਼ਕ ਵੀ ਸਾਧਕ ਨੂੰ ਆਪਣੇ ਜੀਵਨ ਦੀ ਕੀਮਤ ਤੇ ਕਰਨਾ ਪੈਂਦਾ ਹੈ ਤਾਂ ਹੀ ਉਸ ਨੂੰ ਆਪਣੇ ਪ੍ਰੀਤਮ-ਪਿਆਰੇ ਦੇ ਦੀਦਾਰ ਹੋ ਸਕਦੇ ਹਨ;

"ਸੂਫ਼ੀ ਦਰਵੇਸ਼ ਪ੍ਰੇਮ-ਮਾਰਗ ਦਾ ਸਾਧਕ ਹੈ ਅਤੇ ਵਿਦਵਾਨ ਬੁੱਧੀਵਾਦ ਦਾ ਅਨੁਯਾਈ ਹੈ। ਜਿੰਨਾ ਚਿਰ ਤਕ ਪ੍ਰਭੂ-ਪ੍ਰੇਮ ਦਿਲ ਦੀ ਡੂੰਘਾਈ ਤਕ ਨਹੀਂ ਪਹੁੰਚਦਾ ਪਾਪ ਸੰਭਵ ਹੈ ਪਰੰਤੂ ਜਦੋਂ ਸਮੁੱਚੇ ਮਨ ਉੱਪਰ ਪ੍ਰੇਮ ਦਾ ਸਾਮਰਾਜ ਪੂਰੀ ਤਰ੍ਹਾਂ ਨਾਲ ਸਥਾਪਿਤ ਹੋ ਜਾਂਦਾ ਹੈ ਤਾਂ ਕਿਸੇ ਗੁਨਾਹ ਜਾਂ ਭੁੱਲ ਜਾਂ ਕੁਰੀਤੀ ਜਾਂ ਸਖ਼ਲਨ ਦੀ ਕੋਈ ਸੰਭਾਵਨਾ ਨਹੀਂ। ਪ੍ਰੇਮ-ਮਾਰਗ ਦੇ ਸੱਚੇ ਸਾਧਕ ਉਹ ਹਨ ਕਿ ਨਮਾਜ਼ ਦੇ ਵਕਤ ਜੇ ਦੁਨੀਆਂ ਦਾ ਥੋੜਾ ਜਿਹਾ ਖਿਆਲ ਵੀ ਦਿਲ ਵਿਚ ਆ ਜਾਵੇ ਤਾਂ ਉਹ ਨਮਾਜ਼ ਫਿਰ ਪੜ੍ਹਦੇ ਹਨ।"[107]

ਸ਼ਾਹ ਹੁਸੈਨ ਦੁਨੀਆਂ ਤੋਂ ਬੇਪਰਵਾਹ ਹੋ ਕੇ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਰੱਬੀ-ਇਸ਼ਕ ਵਿਚ ਰੰਗਿਆ ਕਵੀ ਹੈ। ਉਸ ਨੇ ਆਪਣੀਆਂ ਕਾਫ਼ੀਆਂ ਵਿਚ ਪਰਮਾਤਮਾ ਨਾਲ ਸੰਬੰਧ ਸਥਾਪਿਤ ਕਰਨ ਲਈ ਪ੍ਰੇਮ ਦਾ ਮਾਰਗ ਚੁਣਿਆ ਹੈ। ਸ਼ਾਹ ਹੁਸੈਨ ਅਨੁਸਾਰ ਕੇਵਲ ਇਸ਼ਕ ਦੇ ਮਾਧਿਅਮ ਦੁਆਰਾ ਪਰਮਾਤਮਾ ਨਾਲ ਮਿਲਾਪ ਸੰਭਵ ਹੈ। ਇਸ਼ਕ ਤੋਂ ਇਲਾਵਾ ਅਜਿਹਾ ਹੋਰ ਕੋਈ ਰਾਹ ਨਹੀਂ ਹੈ ਜਿਸ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਹੋ ਸਕੇ। ਸ਼ਾਹ ਹੁਸੈਨ ਅਨੁਸਾਰ ਪਰਮਾਤਮਾ ਅਤੇ ਸਾਧਕ ਵਿਚਾਲੇ ਇਸ਼ਕ ਹੀ ਵਿਚੋਲੇ ਦਾ ਕੰਮ ਕਰ ਸਕਦਾ ਹੈ ਹੋਰ ਕੋਈ ਵਿਚੋਲਾ ਬਣ ਕੇ ਸਾਧਕ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਕਰਵਾ ਸਕਦਾ;

"ਆਪ (ਸ਼ਾਹ ਹੁਸੈਨ) ਦੀ ਕਵਿਤਾ ਵਿਚ ਜ਼ਿੰਦਗੀ ਨਾਲ ਖੇਡਣ ਦਾ ਚਾਅ ਹੈ। ਮੌਤ ਦਾ ਸਹਿਮ ਨਹੀਂ। ਮਿਲਣ ਦੀ ਤਮੰਨਾ ਹੈ ਤੀਬਰ ਇਸ਼ਕ ਹੈ ਬਿਰਹੋਂ ਹੈ। ... ਉਹ (ਸ਼ਾਹ ਹੁਸੈਨ) ਆਸ਼ਕ ਹੈ ਤੇ ਇਸ਼ਕ ਕਰਦਾ ਹੈ ਅਤੇ ਇਸ਼ਕ ਵਿਚ ਕਿਸੇ ਵਿਚੋਲੇ ਦੀ ਲੋੜ ਮਹਿਸੂਸ ਨਹੀਂ ਕਰਦਾ।"[108]

"ਸ਼ਾਹ ਹੁਸੈਨ ਨੇ ਆਪਣੀਆਂ ਕਾਫ਼ੀਆਂ ਵਿਚ ਇਸ਼ਕ ਦੀ ਉਤਦ੍ਰਿਸ਼ਟਤਾ, ਗੌਰਵ ਤੇ ਸਾਰਥਕਤਾ ਨੂੰ ਬੜੀ ਸੁੰਦਰਤਾ ਨਾਲ ਪ੍ਰਗਟਾਇਆ ਹੈ। ਉਸ ਅਨੁਸਾਰ ਇਸ ਸੰਸਾਰ ਵਿਚ ਮਾਤਰ ਇਸ਼ਕ ਹੀ ਅਜਿਹਾ ਸਾਧਨ ਹੈ ਜਿਸ ਦੁਆਰਾ ਇਕ ਸਾਧਕ ਆਪਣੇ ਜੀਵਨ ਦਾ ਲਖਸ਼ ਪ੍ਰਾਪਤ



Sri Satguru Jagjit Singh Ji eLibrary NamdhariElibrary@gmail.com

ਕਰ ਸਕਦਾ ਹੈ। ਇਸ਼ਕ ਹੀ ਮਾਤਰ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਸਾਰੀਆਂ ਬਿਰਤੀਆਂ ਭੌਤਿਕਤਾ ਤੋਂ ਉੱਪਰ ਉੱਠ ਕੇ ਇਸ਼ਟ ਦੀ ਵਿਭੂਤੀ ਉੱਤੇ ਕੇਂਦਰਿਤ ਹੋ ਜਾਂਦੀਆਂ ਹਨ।"[109]

ਸ਼ਾਹ ਹੁਸੈਨ ਨੇ ਆਪਣੇ ਨਿੱਜੀ ਜੀਵਨ ਵਿਚ ਇਸ਼ਕ ਦੀਆਂ ਤੜਪਾਂ ਨੂੰ ਮਾਣਿਆਂ ਹੈ, ਇਸ਼ਕ ਦੇ ਰਾਹ ਵਿਚੋਂ ਲੰਘ ਕੇ ਦੇਖਿਆ ਹੈ ਜੋ ਕਿ ਸੂਈ ਦੇ ਨੱਕੇ ਜਿੱਡਾ ਹੈ। ਇਸ ਵਿਚੋਂ ਧਾਗਾ ਹੋ ਕੇ ਹੀ ਲੰਘਿਆ ਜਾ ਸਕਦਾ ਹੈ। ਉਸ ਨੇ ਆਪਣੇ ਮਿੱਤਰ ਨੂੰ ਰੀਝਾਣ ਦੀ ਖ਼ਾਤਰ ਦਿਲ ਨੂੰ ਟੁਕੜੇ-ਟੁਕੜੇ ਕਰ ਲਿਆ ਹੈ ਅਤੇ ਉਹ ਇਸ਼ਕ ਦੀ ਪੰਡ ਸਿਰ'ਤੇ ਚੁਕ ਕੇ ਦਰ-ਦਰ'ਤੇ ਹੋਕਾ ਦੇ ਰਿਹਾ ਹੈ;

"ਸੇਈ ਭਲੀਆਂ ਜੋ ਰਬ ਵਲ ਆਈਆਂ,
ਜਿਨ੍ਹਾਂ ਨੂੰ ਇਸ਼ਕ ਚਿਰੋਕਾ ਵੇ ਲੋਕਾ।
ਇਸ਼ਕੇ ਦੀ ਸਿਰ ਥਾਰੀ ਚਾਈਆਂ,
ਦਰ ਦਰ ਦੇਨੀਆਂ ਹੋਕਾ, ਵੇ ਲੋਕਾ।"[110]

ਸ਼ਾਹ ਹੁਸੈਨ ਨੂੰ ਇਸ ਗੱਲ ਦਾ ਇਲਮ ਹੈ ਕਿ ਪਰਮਾਤਮਾ ਇਸ਼ਕ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਜਦੋਂ ਤੱਕ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਉਸ ਵੇਲੇ ਤੱਕ ਸਾਧਕ ਲਈ ਜੀਵਨ ਦਾ ਪਲ-ਪਲ ਬਤੀਤ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਪਿਆਰੇ ਤੋਂ ਬਿਨਾਂ ਬਤੀਤ ਕੀਤੀਆਂ ਰਾਤਾਂ ਬਹੁਤ ਲੰਮੇਰੀਆਂ ਹੋ ਗਈਆਂ ਜਾਪਦੀਆਂ ਹਨ। ਇਹਨਾਂ ਲੰਮੀਆਂ ਰਾਤਾਂ ਵਿਚ ਬਿਰਹਾ ਦੀ ਤੜਪ ਨਾਲ ਜੀਵ ਰੂਪੀ ਇਸਤਰੀ ਬਾਵਰੀ/ਮਸਤਾਨੀ ਹੋ ਗਈ ਹੈ;

"ਪਿਆਰੇ ਬਿਨ ਰਾਤੀਂ ਹੋਈਆਂ ਵਡੀਆਂ
ਰਾਂਝਾ ਜੋਗੀ ਮੈਂ ਜੁਗਿਆਣੀ
ਕਮਲੀ ਕਰਿ ਕਰਿ ਸਡੀਆਂ।"[111]

ਸ਼ਾਹ ਹੁਸੈਨ ਨੂੰ ਪਤਾ ਹੈ ਕਿ ਪਰਮਾਤਮਾ ਦੇ ਮਿਲਾਪ ਲਈ ਮੁਰਸ਼ਦ ਦੀ ਅਗਵਾਈ ਵਿਚ ਇਸ਼ਕ ਕਰਨਾ ਪੈਂਦਾ ਹੈ ਅਤੇ ਇਸ ਇਸ਼ਕ ਨੂੰ ਕਮਾਉਣ ਲਈ ਸਾਧਕ ਨੂੰ ਆਸ਼ਕ ਹੋਣਾ ਪੈਂਦਾ ਹੈ। ਆਸ਼ਕ ਇਹੋ ਜਿਹਾ ਹੋਣਾ ਚਾਹੀਦਾ ਹੈ ਜਿਹੜਾ ਸੂਈ ਦੇ ਨੱਕੇ ਵਿਚੋਂ ਲੰਘਣ ਦਾ ਹੌਂਸਲਾ ਰੱਖਦਾ ਹੋਵੇ। ਆਸ਼ਕ ਆਪਣੇ ਪ੍ਰੀਤਮ ਤੋਂ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਉਸ ਆਸ਼ਕ ਨੂੰ ਦੀਨ-ਦੁਨੀਆ ਦੀ ਕੋਈ ਪਰਵਾਹ ਨਹੀਂ ਹੋਣੀ ਚਾਹੀਦੀ ਕਿਉਂਕਿ ਜਿਸ ਵੇਲੇ ਕੋਈ ਆਸ਼ਕ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਆਪਣਾ ਸਭ ਕੁਝ ਕੁਰਬਾਨ ਕਰ ਦਿੰਦਾ ਹੈ ਤਾਂ ਦੁਨੀਆ ਦੇ ਲੋਕ ਉਸ ਵਿਅਕਤੀ ਨੂੰ ਝੱਲਾ ਜਾਂ ਕਮਲਾ ਕਹਿਣ ਲੱਗ ਪੈਂਦੇ ਹਨ;

"ਆਸ਼ਕ ਹੋਵੇਂ ਤਾਂ ਇਸ਼ਕ ਕਮਾਵੇਂ।
ਰਾਹ ਇਸ਼ਕ ਦਾ ਸੂਈ ਦਾ ਨੱਕਾ,
ਤਾਗਾ ਹੋਵੇਂ ਤਾਂ ਜਾਵੇਂ।"[112]

ਪਰਮਾਤਮਾ ਨਾਲੋਂ ਵਿਯੋਗ ਪੈਣ ਉਪਰੰਤ ਸ਼ਾਹ ਹੁਸੈਨ ਦੀਪਕ ਦੇ ਪਤੰਗੇ ਵਾਂਗ ਸੜ ਉੱਠਦਾ ਹੈ। ਵਿਯੋਗ ਦੀ ਅਵਸਥਾ ਵਿਚ ਉਹ ਪ੍ਰਭੂ ਨੂੰ ਪਾਉਣ ਲਈ ਬਿਹਬਲ ਹੋ ਜਾਂਦਾ ਹੈ। ਬਿਲਬਤਾ ਦੀ ਅਸਵਥਾ ਵਿਚ ਇਸ਼ਕ ਕਰਨਾ ਅਤੇ ਆਪਣੇ ਪ੍ਰੀਤਮ ਦੀ ਹਰ ਗੱਲ ਮੰਨਣਾ ਸ਼ਾਹ ਹੁਸੈਨ ਅਨੁਸਾਰ ਲਾਜ਼ਮੀ ਹੈ। ਸ਼ਾਹ ਹੁਸੈਨ ਦਾ ਮੰਨਣਾ ਹੈ ਕਿ ਰੁੱਸੇ ਹੋਏ ਸੱਜਣ ਨੂੰ ਬੜੀ ਨਿਮਰਤਾ ਅਤੇ ਅਧੀਨਗੀ ਨਾਲ ਹੱਥ ਜੋੜ ਕੇ ਮੋੜ ਲਿਆਉਣਾ ਚਾਹੀਦਾ ਹੈ ਕਿਉਂਕਿ ਬਿਨਾਂ ਨਿਮਰਤਾ ਅਤੇ ਹਲੀਮੀ ਦੇ ਕੋਈ ਨਾਇਕਾ ਆਪਣੇ ਪ੍ਰੀਤਮ ਦੇ ਦਰ'ਤੇ ਪਰਵਾਨ ਨਹੀਂ ਹੋ ਸਕਦੀ;



Sri Satguru Jagjit Singh Ji eLibrary NamdhariElibrary@gmail.com

"ਗਲਿ ਵੋ ਕੀਤੀ ਸਾਡੇ ਖਿਆਲ ਪਈ,
ਗਲ ਪਈ ਵੋ ਨਿਬਾਹੀ ਲੋੜੀਏ।
ਸ਼ਮ੍ਹਾ ਦੇ ਪਰਵਾਨੇ ਵਾਂਗੂ,
ਜਲਦਿਆਂ ਅੰਗਿ ਨਾ ਮੋੜੀਏ।"[113]

ਸ਼ਾਹ ਹੁਸੈਨ ਨੂੰ ਰੱਬੀ-ਇਸ਼ਕ ਹਾਥੀ ਵਾਂਗ ਮਹਿਸੂਸ ਹੁੰਦਾ ਹੈ ਅਤੇ ਆਸ਼ਕ ਰਾਂਝਾ ਮਹਾਵਤ ਜਿਹਾ ਲੱਗਦਾ ਹੈ। ਸ਼ਾਹ ਹੁਸੈਨ ਕਹਿੰਦਾ ਹੈ ਕਿ ਇਸ਼ਕ ਰੂਪੀ ਹਾਥੀ ਨੂੰ ਸਿਰ ਵਿਚ ਅੰਕੁਸ਼ ਚੁਭੋ ਕੇ ਹੀ ਮੋੜਿਆ ਜਾ ਸਕਦਾ ਹੈ। ਰੱਬੀ-ਇਸ਼ਕ ਦਾ ਇਹ ਪ੍ਰਤੀਕਾਤਮਕ ਰੂਪ ਸਾਨੂੰ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਦੇਖਣ ਨੂੰ ਮਿਲਦਾ ਹੈ;

"ਹਾਥੀ ਇਸ਼ਕ ਮਹਾਵਤ ਰਾਂਝਾ,
ਅੰਕੁਸ਼ ਦੇ ਦੇ ਹੋੜੀਏ।
ਕਹੈ ਹੁਸੈਨ ਫ਼ਕੀਰ ਸਾਂਈ ਦਾ,
ਲੱਗੀ ਪ੍ਰੀਤਿ ਨਾ ਤੋੜੀਏ।"[114]

ਵਿਯੋਗ ਦਾ ਸੰਤਾਪ ਹੰਢਾ ਰਹੇ ਪਰਮਾਤਮਾ ਦੇ ਆਸ਼ਕ ਨੂੰ ਸੰਸਾਰਕ ਪਦਾਰਥ ਅਤੇ ਕਰਮਕਾਂਡ ਵਿਅਰਥ ਜਾਪਦੇ ਹਨ। ਪੰਜ ਵਕਤ ਦੀ ਨਮਾਜ਼ ਵੀ ਉਸ ਨੂੰ ਵਿਅਰਥ ਲੱਗਦੀ ਹੈ। ਸ਼ਾਹ ਹੁਸੈਨ ਕਹਿੰਦਾ ਹੈ ਕਿ ਮੈਨੂੰ ਆਪਣੇ ਪ੍ਰੀਤਮ-ਪਿਆਰੇ ਦੇ ਨਾਲ ਇਸ਼ਕ ਹੋ ਗਿਆ ਹੈ ਅਤੇ ਹੁਣ ਮੈਨੂੰ ਸੰਸਾਰਕ ਰੀਤਾਂ ਵਾਧੂ ਦਾ ਭਾਰ ਲੱਗ ਰਹੀਆਂ ਹਨ;

"ਲੱਗਾ ਇਸ਼ਕ ਚੁਕੀ ਮਸਲਾਹਤ,
ਬਿਸਰੀਆਂ ਪੰਜੇ ਸਤੇ।"[115]

"ਸ਼ਾਹ ਹੁਸੈਨ ਅਨੁਸਾਰ ਇਸ਼ਕ ਦੀ ਹਾਲਤ ਵਿਚ ਗਿਆਨ-ਧਿਆਨ ਕੁਝ ਨਹੀਂ ਸੰਵਾਰਦੇ। ਇਸ਼ਕ ਦੀ ਅਵਸਥਾ ਤੋਂ ਉਪਜੀ ਬਿਰਹਾ ਇਕ ਅਜਿਹੀ ਅੰਧੇਰੀ ਜਾਂ ਝੱਖੜ ਹੈ ਜਿਸ ਦੇ ਸਾਹਮਣੇ ਕਾਜ਼ੀ ਜਾਂ ਮੁੱਲਾਂ ਦੀਆਂ ਮੱਤਾਂ ਦੇ ਪੈਰ ਨਹੀਂ ਲੱਗਦੇ;

ਕਾਜ਼ੀ ਮੁੱਲਾਂ ਮੱਤੀਂ ਦੇਂਦੇ। ਇਸ਼ਕ ਸ਼ਰ੍ਹਾ ਦਾ ਰਾਹ ਦਸੇਂਦੇ।
ਇਸ਼ਕ ਦੀ ਲਗੇ ਰਾਹ ਦੇ ਨਾਲਿ, ਮਨ ਅਟਕਿਆ ਬੇਪ੍ਰਵਾਹ ਦੇ ਨਾਲਿ।"[116]

ਸੂਫ਼ੀ ਸਾਧਕ ਲਈ ਪਰਮਾਤਮਾ ਨੂੰ ਇਸ਼ਕ ਕਰਨਾ ਬੇਹਦ ਜ਼ਰੂਰੀ ਸਮਝਿਆ ਜਾਂਦਾ ਹੈ ਕਿਉਂਕਿ ਰੱਬੀ-ਇਸ਼ਕ ਹੀ ਸਾਧਕ ਨੂੰ ਪ੍ਰੀਤਮ-ਪਿਆਰੇ ਦਾ ਦੀਦਾਰ ਕਰਵਾ ਸਕਦਾ ਹੈ। ਸੂਫ਼ੀ ਸਾਧਨਾ ਅਨੁਸਾਰ ਇਸ਼ਕ ਤੋਂ ਬਿਨਾਂ ਅਜਿਹਾ ਕੋਈ ਜ਼ਰੀਆ ਨਹੀਂ ਹੈ ਜਿਸ ਨਾਲ ਪਰਮਾਤਮਾ ਦੇ ਮਿਲਾਪ ਦਾ ਸਬੱਬ ਬਣ ਸਕੇ। ਸ਼ਾਹ ਹੁਸੈਨ ਦੀਆਂ ਕਵਿਤਾਵਾਂ ਵਿਚ ਰੱਬੀ-ਇਸ਼ਕ ਦੇ ਭਰਪੂਰ ਦਰਸ਼ਨ ਹੁੰਦੇ ਹਨ;

"ਸ਼ਾਹ ਹੁਸੈਨ ਇਸ਼ਕ ਵਿਚ ਗ਼ਰਕਿਆ ਹੋਇਆ ਸੂਫ਼ੀ ਸਾਧਕ ਸੀ। ਸੂਫ਼ੀਮਤ ਦੀ ਬੁਨਿਆਦ ਇਸ਼ਕ ਉੱਤੇ ਰੱਖੀ ਗਈ ਸੀ। ਰੱਬ ਦੀ ਸਭ ਤੋਂ ਵੱਡੀ ਭਗਤੀ ਪ੍ਰੇਮ ਹੈ ਕਿਉਂਕਿ ਇਹੋ ਇਕੋ ਇਕ ਸਾਧਨ ਹੈ ਜਿਸ ਰਾਹੀਂ ਰੱਬ ਦੇ ਗੁੱਝੇ ਭੇਦਾਂ ਦਾ ਗਿਆਨ ਪ੍ਰਾਪਤ ਹੋ ਸਕਦਾ ਹੈ।"[117]

ਸ਼ਾਹ ਹੁਸੈਨ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਇਹ ਮਾਰਗ ਬਹੁਤ ਕਠਿਨ ਹੈ। ਇਹ ਸੂਈ ਦੇ ਨੱਕੇ ਵਿਚੋਂ ਲੰਘਣ ਸਮਾਨ ਹੈ ਪਰੰਤੂ ਇਸ ਸਥਿਤੀ ਦਾ ਅਹਿਸਾਸ ਵੀ ਉਸ ਨੂੰ ਹੁੰਦਾ ਹੈ ਜਿਹੜਾ ਇਸ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ;



Sri Satguru Jagjit Singh Ji eLibrary NamdhariElibrary@gmail.com

"ਸੱਜਣ ਦੇ ਹਥਿ ਬਾਂਹ ਅਸਾਡੀ,
ਕਿਉਂ ਕਰ ਆਖਾਂ ਛਡਿ ਵੇ ਅੜਿਆ।
ਰਾਤ ਹਨੇਰੀ ਬਦਲ ਕਣੀਆਂ,
ਬਾਜ ਵਕੀਲਾਂ ਮੁਸ਼ਕਲ ਬਣੀਆਂ।
ਇਸ਼ਕ ਮੁਹਬਤ ਸੇਈ ਜਾਣਨਿ,
ਪਈ ਜਿਨਾ ਦੇ ਹਢਿ ਵੇ ਅੜਿਆ।"[118]

ਸ਼ਾਹ ਹੁਸੈਨ ਅਨੁਸਾਰ ਮਨੁੱਖ ਜਦੋਂ ਆਪਣੇ ਹਿਰਦੇ ਅਤੇ ਆਪਣੀ ਰੂਹ ਨੂੰ ਸ਼ੁੱਧ ਕਰ ਲੈਂਦਾ ਹੈ ਤਾਂ ਉਸ ਦੇ ਹਿਰਦੇ ਵਿਚ ਉਸ ਦੇ ਪ੍ਰੀਤਮ ਦਾ ਵਾਸਾ ਹੋ ਜਾਂਦਾ ਹੈ ਅਤੇ ਉਸ ਦੀ ਭਟਕਣਾ ਸਮਾਪਤ ਹੋ ਜਾਂਦੀ ਹੈ ਕਿਉਂਕਿ ਉਸਨੂੰ ਆਪਣੇ ਪ੍ਰੀਤਮ-ਪਿਆਰੇ ਦਾ ਮਿਲਾਪ ਹੋ ਜਾਂਦਾ ਹੈ। ਇਹ ਹੀ ਕਿਸੇ ਸੂਫ਼ੀ ਸਾਧਕ ਦੀ ਅੰਤਿਮ ਮੰਜ਼ਿਲ ਹੁੰਦੀ ਹੈ ਜਿਸ ਨੂੰ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ;

"ਸ਼ਾਹ ਹੁਸੈਨ ਦੇ ਕਾਵਿ ਪ੍ਰਵਚਨ ਵਿਚ ਮਹਿਬੂਬ ਨੂੰ ਪਾ ਕੇ ਇਹ ਵਕਤਾ ਨਾਰ/ਨਾਰੀ ਵਿਚਲੇ ਅੰਤਰ ਤੋਂ ਮੁਕਤ ਹੋ ਜਾਂਦੀ ਹੈ। ਉਸ ਨੂੰ ਆਪਣਾ ਜੀਵਨ ਐਨਾ ਸੁਤੰਤਰ ਤੇ ਸਵੈ-ਸੁਤੰਤਰ ਲੱਗਣ ਲੱਗ ਪੈਂਦਾ ਹੈ ਕਿ ਆਪਣੇ ਬੋਲ ਨੂੰ ਪ੍ਰਸਤੁਤ ਕਰਨ ਲਈ ਕਿਸੇ ਸੰਬੋਧਨ ਦੀ ਲੋੜ ਨਹੀਂ ਰਹਿੰਦੀ। ਵਾਸਤਵ ਵਿਚ ਤਾਂ ਪ੍ਰ-ਸੰਬੋਧਕ ਵੀ ਉਸ ਦੇ ਬੋਲ ਵਿਚ ਅਲੋਪ ਹੋ ਜਾਂਦਾ ਹੈ ਜਾਂ ਉਸ ਦੇ ਮਹਿਬੂਬ ਨਾਲ ਹੀ ਅਭੇਦ ਹੋ ਕੇ ਰਹਿ ਜਾਂਦਾ ਹੈ। ਇਸ ਪ੍ਰਕਾਰ ਨਾਰ/ਨਾਰੀ ਵਕਤਾ ਦੇ ਬੋਲ ਦਾ ਵਿਸਤ੍ਰਿਤ ਰੂਪ ਬਣ ਕੇ ਸ਼ਾਹ ਹੁਸੈਨ ਦੇ ਕਾਵਿ ਪ੍ਰਵਚਨ ਵਿਚੋਂ ਉੱਭਰਦੀ ਨਾਬਰੀ ਦੀ ਸਾਰ ਹੈ।"[119]

ਸ਼ਾਹ ਹੁਸੈਨ ਦੀ ਕਵਿਤਾ ਵਿਚ ਉਪਰਾਮਤਾ ਅਤੇ ਪ੍ਰੇਮ ਦੇ ਜਜ਼ਬੇ ਪ੍ਰਤੱਖ ਰੂਪ ਵਿਚ ਵਲਵਲੇ ਦੇ ਹੜ ਵਾਂਗ ਵਹਿੰਦੇ ਚਲੇ ਜਾਂਦੇ ਹਨ। ਮੌਤ ਦੀ ਧਾੜ ਦਿਨ ਦੀਵੀ ਪੈਂਦੀ ਹੈ ਜਦੋਂ ਮੌਤ ਲਾਜ਼ਮੀ ਹੈ ਤਾਂ ਜੀਵ ਰੂਪੀ ਇਸਤਰੀ ਕਿਉਂ ਦਾਜ ਵਿਹੂਣੀ ਰਹੇ ਅੱਗੇ ਸੁਹਰੇ ਘਰ ਜਾ ਕੇ ਕੀ ਵਿਖਾਏਗੀ। ਜਿਹੜੀ ਜੀਵ ਰੂਪੀ ਇਸਤਰੀ ਇਸ ਸੰਸਾਰ ਵਿਚ ਬਿਨਾਂ ਨੇਕ ਅਤੇ ਚੰਗੇ ਕਰਮ ਕੀਤਿਆਂ ਪਰਮਾਤਮਾ ਦੇ ਦਰ'ਤੇ ਜਾਂਦੀ ਹੈ ਉਸ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਉਸ ਨੂੰ ਪਰਮਾਤਮਾ ਦੇ ਘਰ ਵਿਚ ਦਾਜ ਵਿਹੂਣੀ ਔਰਤ ਵਾਂਗ ਤਾਨ੍ਹੇ-ਮਿਹਨੇ ਝੱਲਣੇ ਪੈਂਦੇ ਹਨ;

"ਚਹੁੰ ਜਣਿਆ ਰਲ ਡੋਲੀ ਚਾਈ,
ਸਹੁਰੜੇ ਘਰ ਪਹੁੰਚਾਈ।
ਸੱਸਾਂ ਨਿਨਾਣਾਂ ਦੇਂਦੀਆਂ ਤਾਹਨੇ,
ਦਾਜ ਵਿਹੁਣੀ ਆਈ।"[120]

ਸ਼ਾਹ ਹੁਸੈਨ ਜਾਣਦਾ ਹੈ ਕਿ ਇਹ ਨਿਰਾਸ਼ਾ ਉਸ ਦੇ ਫਿਰਾਕ ਵਿਚ ਤੜਫਨ ਕਰਕੇ ਪੈਦਾ ਹੋਈ ਹੈ। ਜੇਕਰ ਸੱਜਣ ਪਿਆਰਾ ਹੈ ਤਾਂ ਉਸ ਦੇ ਗ਼ਮ ਨੂੰ ਵੀ ਕਿਉਂ ਨਾ ਪਿਆਰ ਕੀਤਾ ਜਾਵੇ ਕਿਉਂਕਿ ਇਹ ਗ਼ਮ ਵੀ ਤਾਂ ਉਸੇ ਦਾ ਹੀ ਦਿੱਤਾ ਹੋਇਆ ਹੈ। ਜੀਵ ਇੰਦਰੀਆਂ ਦੇ ਘੇਰੇ ਤੋਂ ਉੱਪਰ ਉੱਠ ਜਾਂਦਾ ਹੈ। ਇਹ ਅਵਸਥਾ ਆਤਮਿਕ ਸੋਝੀ ਦੀ ਅਵਸਥਾ ਹੈ। ਸ਼ਾਹ ਹੁਸੈਨ ਬਿਰਹਾ ਦੀ ਇਸੇ ਅਵਸਥਾ ਨੂੰ ਇਸ਼ਕ ਦੇ ਸੰਚੇ ਵਿਚ ਢਾਲਣ ਦੀ ਪ੍ਰੇਰਣਾ ਦਿੰਦਾ ਹੈ। ਇਸ ਪ੍ਰਕਾਰ ਬਿਰਹਾ ਮੌਤ ਦੇ ਡਰ ਤੋਂ ਆਰੰਭ ਹੋ ਕੇ ਤੜਪਾਂ, ਕਸਕਾਂ, ਗ਼ਮਾਂ-ਦਰਦਾਂ ਵਿਚੋਂ ਵਿਚਰਦੀ ਹੋਈ ਵਸਲ ਦੀ ਅਵਸਥਾ ਤੱਕ



Sri Satguru Jagjit Singh Ji eLibrary NamdhariElibrary@gmail.com

ਪਹੁੰਚਦੀ ਹੈ। ਸ਼ਾਹ ਹੁਸੈਨ ਬਿਰਹੋਂ ਦੀ ਅਸਵਥਾ ਵਿਚ ਵੀ ਮਸਤ ਰਹਿੰਦਾ ਹੈ ਅਤੇ ਮਸਤੀ ਦਾ ਇਹ ਰੰਗ ਉਸ ਉੱਪਰ ਇਸ ਕਦਰ ਛਾ ਜਾਂਦਾ ਹੈ ਕਿ ਉਹ ਇਸ ਦੇ ਨਸ਼ੇ ਨੂੰ ਇਕ ਪਲ ਲਈ ਵੀ ਉੱਤਰਦਾ ਹੋਇਆ ਦੇਖਣਾ ਨਹੀਂ ਚਾਹੁੰਦਾ। ਸ਼ਾਹ ਹੁਸੈਨ ਨੂੰ ਬਿਰਹਾ ਦੀ ਅਵਸਥਾ ਵਿਚ ਜਿੱਥੇ ਵਿਛੋੜੇ ਦਾ ਦੁੱਖ ਹੈ ਉੱਥੇ ਦੂਜੇ ਪਾਸੇ ਉਹ ਮਿਲਾਪ ਦੀ ਆਸ ਵੀ ਮਨ ਵਿਚ ਜਗਾਈ ਰੱਖਦਾ ਹੈ ਕਿਉਂਕਿ ਵਿਯੋਗ ਦੀ ਅਵਸਥਾ ਤੋਂ ਬਾਅਦ ਸੰਜੋਗ ਦੀ ਅਵਸਥਾ ਆਉਣੀ ਲਾਜ਼ਮੀ ਹੈ। ਇਸ ਲਈ ਉਹ ਬਿਰਹਾ ਦੀ ਅੱਗ ਵਿਚ ਸੜਦਿਆਂ ਵੀ ਪਰਮਾਤਮਾ ਦੀ ਮਸਤੀ ਵਿਚ ਮਸਤ ਰਹਿੰਦਾ ਹੈ;

"ਕਹੈ ਹੁਸੈਨ ਫ਼ਕੀਰ ਸਾਂਈ ਦਾ,
ਸਵਾ ਸੇਰ ਦੀ ਮਸਤੀ ਹੈ।"[121]

ਸ਼ਾਹ ਹੁਸੈਨ ਦਾ ਬਿਰਹਾ ਉਸ ਲਈ ਸ਼ੇਰ ਵਾਂਗ ਡਰਾਉਣਾ ਹੈ। ਉਸਦੇ ਅਨੁਸਾਰ ਆਸ਼ਕ ਬੱਕਰੀ ਤੇ ਬਿਰਹਾ ਸ਼ੇਰ ਵਾਂਗ ਹੈ। ਬਿਰਹਾ ਰੂਪੀ ਸ਼ੇਰ ਦੀ ਚਿੰਘਾੜ ਸੁਣ ਕੇ ਬੱਕਰੀ ਰੂਪੀ ਆਸ਼ਕ ਡਰ ਕੇ ਕੰਬ ਜਾਂਦਾ ਹੈ। ਵਿਛੋੜੇ ਦੀ ਅਸਵਥਾ ਵਿਚ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਹਿਣ ਲੱਗ ਪੈਂਦੇ ਹਨ ਅਤੇ ਉਹ ਰੋਂਦਾ-ਕੁਰਲਾਉਂਦਾ ਹੋਇਆ ਤਰਲੇ ਲੈਂਦਾ ਹੈ। ਆਸ਼ਕ ਆਪਣੇ ਗਲ ਵਿਚ ਪੱਲਾ ਪਾ ਕੇ ਪ੍ਰਭੂ ਪ੍ਰੀਤਮ ਦੇ ਪੈਰਾਂ ਉੱਤੇ ਸਿਰ ਰੱਖ ਕੇ ਉਸਦੇ ਦਰਸ਼ਨਾਂ ਦੀ ਲੋਚਾ ਕਰਦਾ ਹੈ;

"ਰਾਤੀਂ ਦਰਦੁ ਦਿਹੈਂ ਦਰਮਾਂਦੀ,
ਮਰਨ ਅਸਾਡਾ ਵਾਜਬੀ ਵੋ।
ਲਿਟਾਂ ਖੋਲਿ ਗਲੇ ਵਿਚ ਪਾਈਆਂ,
ਮੈਂ ਬੈਰਾਗਣਿ ਆਦਿ ਦੀ ਵੋ।"[122]

ਵਿਛੋੜੇ ਦੇ ਦਰਦ ਵਿਚ ਵਿੰਨ੍ਹੀ ਜੀਵਾਤਮਾ ਨੂੰ ਹਰ ਪਾਸੇ ਪ੍ਰਭੂ-ਪਿਆਰਾ ਹੀ ਦਿਖਾਈ ਦਿੰਦਾ ਹੈ। ਸੂਫ਼ੀਮਤ ਵਿਚ ਆਤਮ ਵਿਕਾਸ ਦੀ ਅੰਤਲੀ ਮੰਜ਼ਿਲ ਨੂੰ ਹਕੀਕਤ ਦਾ ਨਾਂ ਦਿੱਤਾ ਗਿਆ ਹੈ। ਇਹ ਉਹ ਸਥਿਤੀ ਹੈ ਜਿੱਥੇ ਪੁੱਜ ਕੇ ਸਾਧਕ ਅਤੇ ਖ਼ੁਦਾ ਵਿਚਕਾਰ ਦੂਰੀ ਖਤਮ ਹੋ ਜਾਂਦੀ ਹੈ। ਸਾਧਕ ਨੂੰ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ। ਉਹ ਰੱਬ ਵਿਚ ਅਭੇਦ ਹੋ ਜਾਂਦਾ ਹੈ। ਇਸ ਅਵਸਥਾ ਵਿਚ ਪੁੱਜੇ ਹੋਏ ਸਾਧਕ ਨੂੰ ਸ੍ਰਿਸ਼ਟੀ ਦੇ ਸਾਰੇ ਪਸਾਰੇ ਵਿਚ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਦੋਹਾਂ ਰੂਪਾਂ ਵਿਚ ਪਰਮਾਤਮਾ ਵਿਚਰਦਾ ਹੋਇਆ ਦਿਖਾਈ ਦਿੰਦਾ ਹੈ;

"ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ।
ਅੰਦਿਰ ਤੂੰ ਹੈਂ ਬਾਹਰਿ ਤੂੰ ਹੈਂ,
ਰੋਮਿ ਰੋਮਿ ਵਿਚਿ ਤੂੰ।"[123]

ਜੀਵਾਤਮਾ ਜਦੋਂ ਮੁਰਸ਼ਦ ਦੀ ਅਗਵਾਈ ਵਿਚ ਇਸ਼ਕ ਮਾਰਗ'ਤੇ ਚੱਲਦਿਆਂ ਪਰਮਾਤਮਾ ਨਾਲ ਅਭੇਦ ਹੋ ਜਾਂਦੀ ਹੈ ਤਾਂ ਉਸ ਦੀ ਸੰਸਾਰਕ ਹੋਂਦ ਨਿਰਾਰਥਕ ਹੋ ਜਾਂਦੀ ਹੈ। ਉਹ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ। ਜੀਵਾਤਮਾ ਦੀ ਆਪਣੀ ਕੋਈ ਹੋਂਦ ਨਹੀਂ ਰਹਿੰਦੀ। ਉਹ ਆਪਣੇ ਪ੍ਰੀਤਮ ਦਾ ਨਾਂ ਲੈਂਦੀ ਲੈਂਦੀ ਖ਼ੁਦ ਹੀ ਪ੍ਰੀਤਮ ਵਰਗੀ ਹੋ ਜਾਂਦੀ ਹੈ;

"ਮਾਹੀ ਮਾਹੀ ਕੂਕਦੀ
ਮੈਂ ਆਪੇ ਰਾਂਝਣ ਹੋਈ।
ਰਾਂਝਣੁ ਰਾਂਝਣੁ ਮੈਨੂੰ ਸਭ ਕੋਈ ਆਖੋ,
ਹੀਰ ਨਾ ਆਖੋ ਕੋਈ।"[124]



Sri Satguru Jagjit Singh Ji eLibrary NamdhariElibrary@gmail.com

ਸ਼ਾਹ ਹੁਸੈਨ ਦੀ ਕਵਿਤਾ ਵਿਚ ਰੱਬੀ-ਇਸ਼ਕ ਦਾ ਸੰਕਲਪ ਬਹੁਤ ਮਹੱਤਵਪੂਰਨ ਅਤੇ ਨਿਵੇਕਲਾ ਸਥਾਨ ਰੱਖਦਾ ਹੈ। ਜੀਵ ਰੂਪੀ ਇਸਤਰੀ ਨੂੰ ਜਦੋਂ ਪਰਮਾਤਮਾ ਨਾਲੋਂ ਪਏ ਵਿਛੋੜਾ ਦਾ ਗਿਆਨ ਹੋ ਜਾਂਦਾ ਹੈ ਤਾਂ ਉਸ ਨੇ ਅੰਤਰ-ਮਨ ਵਿਚ ਬਿਰਹਾ ਉਤਪੰਨ ਹੋ ਜਾਂਦੀ ਹੈ। ਬਿਰਹਾ ਦੀ ਅਵਸਥਾ ਦੌਰਾਨ ਮੁਰਸ਼ਦ ਦਾ ਮਿਲਾਪ ਹੁੰਦਾ ਹੈ ਅਤੇ ਇਸ ਮੁਰਸ਼ਦ ਦੀ ਅਗਵਾਈ ਵਿਚ ਪ੍ਰਭੂ ਨੂੰ ਪਾਉਣ ਦੇ ਉਪਰਾਲੇ ਆਰੰਭ ਹੋ ਜਾਂਦੇ ਹਨ। ਇਹਨਾਂ ਉਪਰਾਲਿਆਂ ਵਿਚ ਸਭ ਤੋਂ ਮਹੱਤਵਪੂਰਨ ਉਰਪਾਲਾ ਹੈ ਪਰਮਾਤਮਾ ਨੂੰ ਇਸ਼ਕ ਕਰਨਾ, ਪ੍ਰੇਮ ਕਰਨਾ। ਇਸ਼ਕ ਦਾ ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਸਥਾਰ-ਸਹਿਤ ਵਰਨਣ ਹੋਇਆ ਹੈ। ਜੀਵ ਰੂਪੀ ਇਸਤਰੀ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਇਸ ਕਦਰ ਮਸਤਾਨੀ ਹੋ ਜਾਂਦੀ ਹੈ ਕਿ ਉਸਨੂੰ ਆਪਣੇ-ਆਪ ਦੀ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਪ੍ਰੇਮ ਵਿਚ ਬਾਵਰੀ ਹੋਈ ਨਾਇਕਾ ਆਪਣੀ ਹੋਂਦ ਨੂੰ ਖ਼ਤਮ ਕਰਕੇ ਪਰਮਾਤਮਾ ਦਾ ਰੂਪ ਹੋ ਜਾਂਦੀ ਹੈ।

## ਸ਼ਾਹ ਹੁਸੈਨ ਦੀ ਕਾਵਿ ਕਲਾ

ਸ਼ਾਹ ਹੁਸੈਨ ਨੇ ਵਿਯੋਗ ਨੂੰ ਸਮਝ ਕੇ ਬਿਰਹਾ ਆਪਣੇ ਪਿੰਡੇ ਉੱਤੇ ਹੰਢਾਈ ਹੈ। ਬਿਰਹਾ ਅਤੇ ਮਸਤੀ ਦੀ ਅਵਸਥਾ ਵਿਚ ਉਸ ਨੇ ਜੋ ਕੁਝ ਅਨੁਭਵ ਕੀਤਾ ਉਸ ਨੂੰ ਹੀ ਆਪਣੀ ਰਚਨਾ ਵਿਚ ਬਿਆਨ ਕੀਤਾ ਹੈ। ਉਸ ਦੀ ਰਚਨਾ ਵਿਚ ਸੂਫ਼ੀਮਤ ਦੇ ਸਿਧਾਂਤਾਂ ਦੀ ਘਾਟ ਹੈ ਪਰੰਤੂ ਇਸ ਦਾ ਅਰਥ ਇਹ ਨਹੀਂ ਹੈ ਕਿ ਉਸਦੀ ਰਚਨਾ ਵਿਚ ਸੂਫ਼ੀ ਸਿਧਾਂਤਾਂ ਦੀ ਵਿਆਖਿਆ ਮਿਲਦੀ ਹੀ ਨਹੀਂ। ਕਿਤੇ-ਕਿਤੇ ਉਸ ਦੀ ਰਚਨਾ ਵਿਚ ਸੂਫ਼ੀਮਤ ਦੇ ਸਿਧਾਂਤ ਝਲਕਾਰੇ ਤਾਂ ਮਾਰਦੇ ਹਨ ਲੇਕਿਨ ਉਸ ਦਾ ਬਿਆਨ ਇਨ੍ਹਾਂ ਸਿਧਾਂਤਾਂ ਦੇ ਨਿਰੂਪਣ ਵਿਚ ਨਹੀਂ ਸਗੋਂ ਉਸ ਦੀ ਕਵਿਤਾ ਤਾਂ ਅਨੁਭਵ ਮੂਲਕ ਕਵਿਤਾ ਹੈ। ਉਹ ਆਪਣੀ ਕਵਿਤਾ ਵਿਚ ਵਿਯੋਗੇ ਮਨੁੱਖ ਦੇ ਵਿਭਿੰਨ ਚਿੱਤਰ ਸਿਰਜਦਾ ਹੈ;

"ਉਸ (ਸ਼ਾਹ ਹੁਸੈਨ) ਦੀ ਕਵਿਤਾ ਰੂੜ੍ਹੀਵਾਦੀ ਰੰਗ ਦੀ ਨਹੀਂ, ਪਰ ਇਹ ਬੁੱਲ੍ਹੇ ਸ਼ਾਹ ਦੀ ਕਵਿਤਾ ਵਾਂਗ ਭਾਰਤੀ ਵਿਚਾਰਾਂ ਨਾਲ ਲਬਾਲਬ ਨਹੀਂ।"[125]

ਪਰਮਾਤਮਾ ਅਤੇ ਜੀਵ ਰੂਪੀ ਇਸਤਰੀ ਦੇ ਪਏ ਵਿਯੋਗ ਨੂੰ ਪੇਸ਼ ਕਰਨ ਵਿਚ ਜਿਹੜੇ ਵਿਚਾਰ ਜਾਂ ਸਿਧਾਂਤ ਸ਼ਾਹ ਹੁਸੈਨ ਕੋਲੋਂ ਪੈਦਾ ਹੁੰਦੇ ਹਨ ਉਹ ਵਿਚਾਰ ਸ਼ਾਹ ਹੁਸੈਨ ਨੂੰ ਸੂਫ਼ੀ ਵੱਜੋਂ ਸਥਾਪਿਤ ਕਰਦੇ ਹਨ। ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਲਈ ਸ਼ਾਹ ਹੁਸੈਨ ਨੇ ਬਹੁਤ ਹੀ ਸਰਲ ਅਤੇ ਸਾਦੀ ਬੋਲੀ ਦਾ ਪ੍ਰਯੋਗ ਕੀਤਾ ਹੈ;

"ਉਸ ਦੀ ਕਲਾ ਸਾਦਗੀ ਦੀ ਕਲਾ ਹੈ। ਉਸ ਦਾ ਕਲਾਮ ਸਾਦ-ਮੁਰਾਦਾ ਹੈ ਪਰ ਇਸ ਵਿਚਲਾ ਭਾਵ ਜਗਤ ਬੜਾ ਆਕਰਸ਼ਕ ਹੈ। ਇਸ ਵਿਚ ਸਹਿਜੇ ਹੀ ਭਾਵਕ ਦ੍ਰਿਸ਼, ਸ਼ਬਦ ਚਿੱਤਰ, ਨਾਦ ਚਿੱਤਰ ਤੇ ਰਾਗ ਪ੍ਰਬੀਨਤਾ ਦਾ ਅੰਸ਼ ਆ ਗਿਆ। ਇਸ ਕਵਿਤਾ ਵਿਚ ਬਾਹਰੀ-ਰੂਪ ਛੰਦ ਪਰਪੱਕਤਾ ਤੇ ਕਾਵਿ ਚਮਤਕਾਰ ਭਾਵੇਂ ਨਹੀਂ ਹਨ, ਪਰ ਇਸ ਵਿਚ ਰੂਹ ਨੂੰ ਗਰਮਾਉਣ ਤੇ ਭਾਵਾਂ ਨੂੰ ਪ੍ਰੇਰਿਤ ਕਰਨ ਦੀ ਅਕਹਿ ਸ਼ਕਤੀ ਹੈ। ਇਹ ਸੱਚੀ ਤੇ ਸੁੱਚੀ ਕਵਿਤਾ ਹੈ। ਇਹ ਇਕ ਸਾਦ-ਮੁਰਾਦੇ ਤੇ ਸੱਚੇ ਸੂਫ਼ੀ ਸੰਤ ਦੇ ਹਿਰਦੇ ਦਾ ਆਪ ਮੁਹਾਰਾ ਭਾਵ-ਉਛਾਲਾ ਹੈ, ਦਿਮਾਗ ਨੂੰ ਖੁਜਲਾ ਕੇ ਲਿਖੀ ਗਈ ਕਵਿਤਾ ਨਹੀਂ। ਇਸ ਵਿਚ ਕਵੀ ਦੀਆਂ ਮਨੋ-ਬਿਰਤੀਆਂ ਉਸ ਦੇ ਵਿਸ਼ੇ ਨਾਲ ਇਕ ਸੁਰ ਤੇ ਇਕਾਗਰ ਹੋ ਗਈਆਂ ਹਨ।"[126]



Sri Satguru Jagjit Singh Ji eLibrary NamdhariElibrary@gmail.com

ਸ਼ਾਹ ਹੁਸੈਨ ਇਕ ਲੋਕ ਕਵੀ ਵੀ ਹੈ ਉਸਨੇ ਤ੍ਰਿੰਝਣ, ਚਰਖ਼ੇ, ਸੂਤ, ਨਲੀਆਂ, ਖਾਰੀ ਆਦਿ ਲੋਕ ਸ਼ਬਦਾਵਲੀ ਨਾਲ ਆਪਣੀ ਕਵਿਤਾ ਸਜਾਈ ਹੈ। ਹੀਰ-ਰਾਂਝੇ, ਢੋਲਾ ਮਾਰੂ, ਮਨਸੂਰ, ਸਾਂਵਲ (ਕ੍ਰਿਸ਼ਨ) ਰਾਮ ਅਤੇ ਮਲੰਗ ਆਦਿ ਰੂਪਾਤਮਕ ਸ੍ਰਿਸ਼ਟੀਆਂ ਰਾਹੀਂ ਹੁਸੈਨ ਦੀ ਕਵਿਤਾ ਵਿਚੋਂ ਇਤਿਹਾਸਕ ਅਤੇ ਮਿਥਿਹਾਸਕ ਗੱਲਾਂ ਦਾ ਪਤਾ ਲੱਗਦਾ ਹੈ। ਇਨ੍ਹਾਂ ਗੁਣਾਂ ਕਾਰਨ ਹੀ ਉਸਦੀ ਕਵਿਤਾ ਇਤਨੀ ਲੋਕਪ੍ਰਿਯ ਹੋਈ ਹੈ। ਉਸਦੀ ਰਚਨਾ ਵਿਚ ਬਿਰਹੋਂ ਦੇ ਭਾਵਾਂ ਦੀ ਅਧਿਕਤਾ ਹੈ;

"ਇਹ ਸਾਡੇ ਰੀਤੀ-ਰਿਵਾਜਾਂ, ਲੋਕ ਭਾਵਾਂ, ਲੋਕ ਵਿਸ਼ਵਾਸਾਂ ਤੇ ਲੋਕ ਮਨੌਤਾਂ ਦੀ ਧਾਰਨੀ ਕਵਿਤਾ ਹੈ। ਇਸ ਵਿਚਲੇ ਸ਼ਬਦ ਰੂਪਕ, ਚਿੰਨ ਅੰਲਕਾਰ ਸਾਰੇ ਲੋਕ ਪੱਧਰ ਦੇ ਹਨ। ਇਸ ਵਿਚ ਕਵੀ ਨੇ ਜਨ-ਸਾਧਾਰਣ ਦੀ ਸੋਚ, ਉਸਦੇ ਕਾਰ-ਵਿਹਾਰ, ਸੋਚਣੀ ਤੇ ਅੰਦੇਸ਼ਿਆਂ ਨੂੰ ਉਹਨਾਂ ਦੀ ਭਾਸ਼ਾ ਵਿਚ ਪੇਸ਼ ਕੀਤਾ ਹੈ। ਇਸ ਕਵਿਤਾ ਦਾ ਵਾਤਾਵਰਣ ਸ਼ਹਿਰੀ ਤੇ ਸਭਯ ਨਹੀਂ, ਸਗੋਂ ਪੇਂਡੂ ਖੁਲ ਨਿੱਘ ਤੇ ਮਾਸੂਮੀਅਤ ਵਾਲਾ ਹੈ।"[127]

ਸ਼ਾਹ ਹੁਸੈਨ ਜਿਆਦਾ ਭੁਲੇਖਿਆਂ ਵਿਚ ਨਹੀਂ ਪਾਉਂਦਾ। ਉਸਦਾ ਰਸਤਾ ਸਿੱਧਾ ਪ੍ਰੇਮ ਦਾ ਰਾਹ ਹੈ। ਉਹ ਸੱਚੀ ਪ੍ਰੀਤ ਨਾਲ ਹੀ ਪ੍ਰਭੂ ਪ੍ਰਾਪਤੀ ਦਾ ਰਸਤਾ ਦੱਸਦਾ ਹੈ। ਉਸਦਾ ਮੰਨਣਾ ਹੈ ਕਿ ਥੋਥੇ ਗਿਆਨ ਇਸ ਅਗੰਮੀ ਰਾਹ ਵਿਚ ਕੁਝ ਨਹੀਂ ਸੰਵਾਰਦੇ। ਸ਼ਾਹ ਹੁਸੈਨ ਸਿੱਧੀ-ਸਾਦੀ ਦੇਸੀ ਬੋਲੀ, ਅਖਾਣਾਂ, ਮੁਹਾਵਰੇ, ਉੱਪਮਾਵਾਂ, ਰੂਪਕਾਂ ਅਤੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੋਇਆ ਵੈਰਾਗਮਈ ਕਵਿਤਾ ਦੀ ਰਚਨਾ ਕਰਦਾ ਹੈ। ਜੋ ਆਮ ਮਨੁੱਖ ਦੇ ਹਿਰਦੇ ਨੂੰ ਸਹਿਜੇ ਦੀ ਪ੍ਰਭਾਵਿਤ ਕਰਦੀ ਹੈ ਸ਼ਾਇਦ ਇਹੀ ਕਾਰਣ ਹੈ ਕਿ ਸ਼ਾਹ ਹੁਸੈਨ ਦੇ ਕਲਾਮ ਨੂੰ ਕੱਵਾਲਾਂ ਅਤੇ ਸੂਫ਼ੀ ਸਾਧਕਾਂ ਨੇ ਸਭ ਤੋਂ ਵੱਧ ਗਾਇਆ ਹੈ;

"ਸ਼ਾਹ ਹੁਸੈਨ ਦੀ ਭਾਸ਼ਾ ਉੱਤੇ ਗੁਰਬਾਣੀ, ਲਹਿੰਦੀ, ਅਰਬੀ-ਫ਼ਾਰਸੀ ਦਾ ਕਾਫ਼ੀ ਅਸਰ ਹੈ। ਪਰ ਉਸ ਦੀ ਭਾਸ਼ਾ ਠੇਠ ਹੈ, ਲੋਕ ਨੇੜਤਾ ਵਾਲੀ ਹੈ। ਉਸ ਦੀ ਭਾਸ਼ਾ ਮੁਹਾਵਰੇਦਾਰ ਹੈ, ਟਕਸਾਲੀ ਪੰਜਾਬੀ ਹੈ।"[128]

ਡਾ. ਲਾਜਵੰਤੀ ਰਾਮ ਕ੍ਰਿਸ਼ਨ ਨੇ ਸ਼ਾਹ ਹੁਸੈਨ ਦੀ ਕਵਿਤਾ ਵਿਚਲੀ ਭਾਸ਼ਾ ਦੀ ਗੱਲ ਕਰਦਿਆਂ ਕਿਹਾ ਹੈ ਕਿ ਇਹ ਭਾਸ਼ਾ ਫ਼ਰੀਦ ਦੀ ਕਵਿਤਾ ਵਿਚਲੀ ਭਾਸ਼ਾ ਨਾਲੋਂ ਪ੍ਰਭਾਵਸ਼ਾਲੀ ਅਤੇ ਸ਼੍ਰੇਸਟ ਹੈ। ਉਨ੍ਹਾਂ ਅਨੁਸਾਰ, "ਉਸ (ਸ਼ਾਹ ਹੁਸੈਨ) ਦੀ ਕਵਿਤਾ ਫ਼ਾਰਸੀ ਅਤੇ ਅਰਬੀ ਭਾਸ਼ਾ ਦੇ ਸ਼ਬਦਾਂ ਦੀ ਹਲਕੀ ਜਿਹੀ ਮਿੱਸ ਵਾਲੀ ਸਧਾਰਨ ਪੰਜਾਬੀ ਵਿਚ ਹੈ। ਉਸ ਦੀ ਭਾਸ਼ਾ'ਚ ਬਹੁਤ ਰਵਾਨੀ ਹੈ ਅਤੇ ਵਿਚਾਰਾਂ ਦੇ ਪ੍ਰਗਟਾਵੇ'ਚ ਉਹ ਬਾਕਮਾਲ ਹੈ। ਸਾਦਗੀ ਅਤੇ ਪ੍ਰਭਾਵਸ਼ੀਲਤਾ ਪੱਖੋਂ ਇਹ ਇਬਰਾਹੀਮ ਫ਼ਰੀਦ ਦੀ ਪੰਜਾਬੀ ਨਾਲੋਂ ਸ਼੍ਰੇਸਟ ਹੈ। ਇਸ ਕੋਲ ਉਰਦੂ ਕਵਿਤਾ ਨਾਲੀ ਨਫ਼ਾਸਤ ਤੇ ਆਭਾ ਨਹੀਂ ਪਰ ਸ਼ਬਦਾਂ ਦੀ ਜੜਤ ਅਤੇ ਸੰਗੀਤ ਦੀ ਤੀਖਣ ਸੂਝ ਦੇ ਪੱਖੋਂ ਇਹ ਬੇਜੋੜ ਹੈ। ਉਸ ਦੀ ਛੰਦ ਰਚਨਾ ਸਹਿਜ, ਤਸ਼ਬੀਹਾਂ ਵਧੇਰੇ ਢੁਕਵੀਆਂ, ਸ਼ਬਦ ਸਾਦੇ ਪਰ ਇਬਰਾਹੀਮ ਫ਼ਰੀਦ ਨਾਲੋਂ ਵਧੇਰੇ ਪ੍ਰਭਾਵਕਾਰੀ ਹਨ।"[129]

"ਸ਼ਾਹ ਹੁਸੈਨ ਦੀ ਭਾਸ਼ਾ ਸੰਯੋਗਾਤਮਕ ਹੈ। ਇਸ ਵਿਚ ਵਿਭਕਤੀਆਂ ਦੀ ਵਰਤੋਂ ਦੇ ਨਾਲ-ਨਾਲ ਸਬੰਧਕਾਂ ਦੀ ਵਰਤੋਂ ਪ੍ਰਤਿ ਅਰੁਚੀ ਹੈ। ਇਹ ਭਾਸ਼ਾ ਬੜੀ ਸਰਲ, ਸਾਦੀ, ਲੋਕ-ਉੱਚਾਰਣ ਦੇ ਨੇੜੇ, ਜਨ-ਸਾਧਾਰਣ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਵਾਲੀ ਹਰਮਨ ਪਿਆਰੀ ਭਾਸ਼ਾ ਹੈ। ਇਸ ਵਿਚ ਇਕ ਖ਼ਾਸ ਕਿਸਮ ਦਾ ਰਸ, ਮਿਠਾਸ ਅਤੇ ਨਿੱਘ ਹੈ ਅਤੇ ਮਸਤੀ ਜਾਂ ਵਜਦ ਦਾ ਵਾਤਾਵਰਣ ਸਿਰਜਨ ਦੇ ਉਪਯੁਕਤ ਹੈ।"[130]



Sri Satguru Jagjit Singh Ji eLibrary NamdhariElibrary@gmail.com

"ਸ਼ਾਹ ਹੁਸੈਨ ਦੀ ਭਾਸ਼ਾ ਠੇਠ ਕੇਂਦਰੀ ਪੰਜਾਬੀ ਹੈ ਤੇ ਇਸ ਵਿਚ ਲਹਿੰਦੀ ਮੁਲਤਾਨੀ ਦਾ ਰੰਗ ਬੜਾ ਗੂੜ੍ਹਾ ਹੈ। ਅਰਬੀ-ਫ਼ਾਰਸੀ ਦੀ ਪ੍ਰਚਲਿਤ ਸ਼ਬਦਾਵਲੀ ਦਾ ਸਹਿਜ-ਪ੍ਰਯੋਗ ਵੀ ਕਵੀ ਨੇ ਕੀਤਾ ਹੈ। ਇਹ ਭਾਸ਼ਾ ਉਸ ਸਮੇਂ ਦੀ ਲੋਕ ਭਾਸ਼ਾ ਦਾ ਸੁੰਦਰ ਨਮੂਨਾ ਹੈ।"[131]

"ਸ਼ਾਹ ਹੁਸੈਨ ਦੀ ਬੋਲੀ ਸਰਲ, ਠੇਠ ਅਤੇ ਲੋਕ-ਮੁਹਾਵਰੇ ਵਾਲੀ ਕੇਂਦਰੀ ਹੈ। ਉਸ ਦੀ ਬੋਲੀ ਉੱਪਰ ਲਹਿੰਦੀ ਪੰਜਾਬੀ ਦਾ ਬਹੁਤ ਹੀ ਪ੍ਰਭਾਵ ਹੈ।"[132]

"ਸ਼ਾਹ ਹੁਸੈਨ ਭਾਸ਼ਾ ਦੇ ਪ੍ਰਯੋਗ ਦੇ ਸੰਬੰਧ ਵਿਚ ਇਸ ਗੱਲੋਂ ਮਹਾਨ ਸਥਾਪਿਤ ਹੁੰਦਾ ਹੈ ਕਿਉਂਕਿ ਉਹ ਆਪਣੇ ਕਲਾਮ ਵਿਚ ਅਭਿਵਿਅਕਤ ਵਿਸ਼ੈ ਅਨੁਸਾਰ ਭਾਸ਼ਾ ਅਤੇ ਸ਼ਬਦਾਵਲੀ ਦਾ ਪ੍ਰਯੋਗ ਕਰਦਾ ਹੈ। ਉਸ ਪਾਸ ਭਾਸ਼ਾ ਦਾ ਵਿਸ਼ੇਸ਼ ਭੰਡਾਰ ਹੈ ਅਤੇ ਹਰ ਤਰ੍ਹਾਂ ਦੇ ਵਿਚਾਰਾਂ ਅਤੇ ਭਾਵਾਂ ਦੇ ਪ੍ਰਗਟਾਉਣ ਵਾਸਤੇ ਸ਼ਬਦ-ਚੋਣ ਸਮੇਂ ਉਸ ਨੂੰ ਕਿਸੇ ਕਿਸਮ ਦੀ ਕੋਈ ਔਕੜ ਅਨੁਭਵ ਨਹੀਂ ਹੁੰਦੀ।"[133]

ਸ਼ਾਹ ਹੁਸੈਨ ਪ੍ਰਭੂ ਦੀ ਪ੍ਰੇਮਾ ਭਗਤੀ ਦਾ ਕਵੀ ਹੈ। ਉਹ ਈਰਾਨੀ ਸੂਫ਼ੀ ਵਿਚਾਰਧਾਰਾ ਵਾਂਗ ਪ੍ਰਭੂ ਨੂੰ ਮਾਸ਼ੂਕ ਤੇ ਖ਼ੁਦਾ ਨੂੰ ਆਸ਼ਕ ਨਹੀਂ ਕਹਿੰਦਾ ਸਗੋਂ ਭਾਰਤੀ ਭਗਤੀ ਤੇ ਗੁਰਮਤਿ ਕਾਵਿ ਅਨੁਸਾਰ ਪ੍ਰਭੂ ਨਾਲ ਪਤੀ ਪਰਮੇਸ਼ਰ, ਪ੍ਰੀਤਮ ਤੇ ਮਾਲਕ ਵਾਲੇ ਸੰਬੰਧ ਸਥਾਪਿਤ ਕਰਦਾ ਹੈ। ਪਤੀ ਨਾਲ ਸੰਬੰਧ ਤਾਂ ਡੁਹਾਗਣ ਜਾਂ ਛੁੱਟੜ ਤੇ ਵਿਧਵਾ ਔਰਤ ਦੇ ਵੀ ਹੁੰਦੇ ਹਨ ਪਰ ਸ਼ਾਹ ਹੁਸੈਨ ਕਿਉਂਕਿ ਪਰਮ ਪਦ ਪ੍ਰਾਪਤ ਕਰਕੇ ਭਗਤੀ ਦੇ ਉੱਚ ਮੰਡਲਾਂ ਵਿਚ ਪੁੱਜ ਚੁੱਕਾ ਸੀ ਇਸ ਲਈ ਉਹ ਪ੍ਰੀਤਮ ਪ੍ਰਭੂ ਦੀ ਸੁਹਾਗਣ ਬਣਨ ਵਿਚ ਵਿਸ਼ੇਸ਼ ਗੌਰਵ ਅਨੁਭਵ ਕਰਦਾ ਹੈ। ਸ਼ਾਹ ਹੁਸੈਨ ਅਨੁਸਾਰ ਸੁਹਾਗਣ ਉਹ ਹੈ ਜੋ ਪ੍ਰੀਤਮ ਦੇ ਰੰਗ ਵਿਚ ਹੀ ਰੱਤ ਰੰਗੀ ਰਹੇ, ਜੋ ਪੀਆ ਦੇ ਮਨ ਨੂੰ ਐਨੀ ਭਾਵੇ ਕਿ ਉਹ ਖ਼ੁਦ ਉਸ ਨੂੰ ਪਛਾਣ ਲਵੇ ਕਹੈ ਹੁਸੈਨ ਸੁਹਾਗਿਣ ਸੋਈ, ਜਾ ਸ਼ਹੁ ਆਪਿ ਸਿੰਵਾਪੇ। ਸੂਫ਼ੀ ਕਾਵਿ ਵਿਚ ਰੱਬ ਦੇ ਇਸ਼ਕ ਜਾਂ ਪ੍ਰੇਮਾ-ਭਗਤੀ ਲਈ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੈ। ਹਿੰਦੀ ਦਾ ਸੂਫ਼ੀ ਕਵੀ ਮਲਿਕ ਮੁਹੰਮਦ ਜਾਇਸੀ ਤਾਂ ਇੱਥੋਂ ਤੱਕ ਕਹਿ ਦਿੰਦਾ ਹੈ ਕਿ;

"ਜੋ ਨਹਿ ਸੀਸ ਪ੍ਰੇਮ ਪਥ ਲਾਵਾ।
ਤੇ ਨਰ ਕਾਹੇ ਕੋ ਇਹ ਜਗ ਆਵਾ।"[134]

ਸ਼ਾਹ ਹੁਸੈਨ ਇਸ਼ਕ ਦਾ ਮਾਨਵੀਕਰਨ ਕਰਦਾ ਹੈ ਅਤੇ ਉਸ ਕੋਲੋਂ ਪੁੱਛਦਾ ਹੈ ਕਿ ਹੇ ਬਿਰਹੋ ! ਤੂੰ ਹੀ ਦੱਸ, ਤੈਥੋਂ ਕਦੇ ਕਿਸੇ ਨੂੰ ਸੁੱਖ ਵੀ ਨਸੀਬ ਹੋਇਆ ਹੈ? ਇਸ਼ਕ ਜਾਂ ਪ੍ਰੇਮ ਦੇ ਦੋ ਪੱਖ ਹਨ ਸੰਜੋਗ ਤੇ ਵਿਯੋਗ। ਇਹ ਵਿਯੋਗ ਹੀ ਬਿਰਹੋਂ ਹੈ। ਸ਼ਾਹ ਹੁਸੈਨ ਕਹਿੰਦਾ ਹੈ ਬਿਰਹਾ ਕਰਕੇ ਯੂਸਫ਼ ਬਰਬਾਦ ਹੋ ਗਿਆ ਅਤੇ ਰਾਂਝੇ ਨੇ ਇਸ਼ਕ ਕਾਰਣ ਮੱਝਾਂ ਚਾਰੀਆਂ। ਇਹ ਇਸ਼ਕ ਹੀ ਹੈ ਜਿਸ ਨੇ ਆਸ਼ਕਾਂ ਨੂੰ ਬਿਰਹਾ ਦੀ ਅਗਨ ਵਿਚ ਸਾੜਿਆ ਹੈ। ਸ਼ਾਹ ਹੁਸੈਨ ਆਪਣੇ ਕਲਾਮ ਵਿਚ ਬਿਰਹੋਂ ਤੋਂ ਪੁੱਛਦਾ ਹੈ;

"ਬਿਰਹੋਂ ! ਤੈਂ ਕਿਹੜੀ ਸੁਖ ਸਵਾਲੀ
ਯੂਸਫ਼ ਨੂੰ ਚਾ ਬਰਦਾ ਕੀਤਾ,
ਰਾਂਝਣ ਲਇਓ ਪਾਲੀ।
ਜੋ ਕਿਛੁ ਭਾਇ ਜੁਲੈਖਾਂ ਦੇ ਲਿਖਿਆ,
ਸੋਇ ਜਾਨਿ ਸਿਆਲੀ।
ਸ਼ਾਹ ਹੁਸੈਨ ਫ਼ਕੀਰ ਸਾਈਂ ਦਾ,
ਸਾਂਈ ਪ੍ਰੀਤ ਨਿਰਾਲੀ।"[135]



Sri Satguru Jagjit Singh Ji eLibrary NamdhariElibrary@gmail.com

ਸ਼ਾਹ ਹੁਸੈਨ ਕਹਿੰਦਾ ਹੈ ਕਿ ਉਸ ਅਗੰਮੀ ਪ੍ਰੀਤਮ ਨਾਲ ਯਾਰੀ ਲਾਉਣੀ ਪ੍ਰੇਮੀ ਸੱਜਣਾਂ ਲਈ ਠੀਕ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਉਹ ਬਲਦੀ ਅੱਗ ਵਿਚ ਹੱਥ ਪਾ ਰਹੇ ਹੋਣ। ਹਿਰਦੇ ਵਿਚ ਪ੍ਰਭੂ ਦੇ ਪ੍ਰੇਮ ਦੀ ਕਣੀ ਜਾਗਣ ਤੋਂ ਬਾਅਦ ਸ਼ਾਹ ਹੁਸੈਨ ਨੇ ਸਭ ਝਗੜੇ-ਝੇੜੇ, ਐਸ਼-ਆਰਾਮ ਛੱਡ ਦਿੱਤੇ ਹਨ ਅਤੇ ਉਹ ਫ਼ਕੀਰ ਹੋ ਗਿਆ ਹੈ;

"ਮੈਂਡੇ ਸੱਜਣਾ ਵੋ ਮਉਲੇ ਨਾਲ ਬਣੀ
ਦੁਨੀਆਂ ਵਾਲੇ ਨੂੰ ਦੁਨੀਆਂ ਦਾ ਮਾਣਾ,
ਨੰਗਾਂ ਨੂੰ ਨੰਗ ਮਣੀ।
ਨ ਅਸੀਂ ਨੰਗ ਨਾ ਦੁਨੀਆਂ ਵਾਲੇ,
ਹਸਦੀ ਜਾਣੀ ਖਣੀ।
ਦੁਨੀਆਂ ਛੋਡਿ ਫ਼ਕੀਰ ਥੀਆਸੇ,
ਜਾਗੀ ਪ੍ਰੇਮ ਕਣੀ।
ਕਹੈ ਹੁਸੈਨ ਫ਼ਕੀਰ ਸਾਂਈ ਦਾ,
ਜਾਣੈ ਆਪ ਧਣੀ।"[136]

ਰੱਬੀ-ਇਸ਼ਕ ਦਾ ਮਾਰਗ ਬਹੁਤ ਕਠਿਨ ਹੈ। ਸਾਧਕ ਦੁਆਰਾ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਤਿਆਗ ਕਰਕੇ ਹੀ ਪ੍ਰੀਤਮ ਦੀ ਪ੍ਰਾਪਤੀ ਹੋ ਸਕਦੀ ਹੈ। ਸ਼ਾਹ ਹੁਸੈਨ ਕਹਿੰਦਾ ਹੈ ਕਿ ਇਹ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਮਨੁੱਖ ਨੂੰ ਪ੍ਰਭੂ ਦੇ ਪ੍ਰਾਪਤੀ ਨਹੀਂ ਹੋਣ ਦਿੰਦੇ ਅਤੇ ਜਿਹੜਾ ਸਾਧਕ ਇਨ੍ਹਾਂ ਪੰਜਾਂ ਨੂੰ ਕਾਬੂ ਕਰ ਲੈਂਦਾ ਹੈ, ਬੰਨ ਲੈਂਦਾ ਹੈ ਉਹ ਜੀਵ ਰੂਪੀ ਇਸਤਰੀ ਆਪਣੇ ਪ੍ਰੀਤਮ ਨੂੰ ਪਸੰਦ ਆ ਜਾਂਦੀ ਹੈ। ਉਹ ਜੀਵ ਰੂਪੀ ਇਸਤਰੀ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦੀ ਹੈ;

"ਪੰਜੇ ਸਖੀਆਂ ਇਕੋ ਜਿਹੀਆਂ,
ਹੁਕਮ ਸੰਜੋਗੀ ਇਕੱਠੀਆਂ ਹੋਈਆਂ।
ਜੋ ਪੰਜਾਂ ਨੂੰ ਧਾਗਾ ਪਾਏ,
ਸਾ ਸਭਰਾਈ ਕੰਤ ਰੀਝਾਏ।"[137]

ਜਿਸ ਵੇਲੇ ਸਾਧਕ ਇਨ੍ਹਾਂ ਪੰਜਾਂ ਵਿਕਾਰਾਂ ਨੂੰ ਕਾਬੂ ਕਰਕੇ ਮਾਲਕ ਦੇ ਹਿਰਦੇ ਵਿਚ ਆਪਣਾ ਸਥਾਨ ਬਣਾ ਲੈਂਦਾ ਹੈ ਤਾਂ ਫਿਰ ਜੀਵ ਰੂਪੀ ਇਸਤਰੀ ਆਪਣੇ ਮਾਲਕ ਨੂੰ ਕਹਿੰਦੀ ਹੈ ਕਿ ਹੁਣ ਮੈਂ ਕੇਵਲ ਤੇਰੀ ਹੀ ਹਾਂ। ਮੈਨੂੰ ਬਾਹਰੀ ਦੁਨੀਆਂ ਦਾ ਕੋਈ ਭੈਅ, ਲਾਲਚ, ਡਰ ਨਹੀਂ ਹੈ। ਮੈਂ ਬਾਹਰੀ ਦੁਨੀਆਂ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਇਹੀ ਕਿਸੇ ਸੂਫ਼ੀ ਸਾਧਕ ਦੀ ਅੰਤਿਮ ਮੰਜ਼ਿਲ ਹੁੰਦੀ ਹੈ ਜਿਸ ਨੂੰ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ;

"ਮੇਰੇ ਸਾਹਿਬਾ ਮੈਂ ਤੇਰੀ ਹੋ ਮੁਕੀਆਂ।
ਮਨਹੁ ਨਾ ਵਿਸਾਰੀਂ ਤੂੰ ਮੈਨੂੰ ਮੇਰੇ ਸਾਹਿਬਾ,
ਹਰਿ ਗਲੋਂ ਸੈ ਚੁਕੀਆਂ।
ਅਉਗੁਣਿਆਰੀ ਨੂੰ ਕੋ ਗੁਣੁ ਨਾਹੀਂ,
ਬਖਸਿ ਕਰੈਂ ਤਾਂ ਮੈਂ ਛੁਟੀਆਂ।
ਜਿਉਂ ਭਾਵੈ ਤਿਉਂ ਰਾਖ ਪਿਆਰਿਆ,
ਦਾਵਣ ਤੇਰੇ ਮੈਂ ਲੁਕੀਆਂ।"[138]



Sri Satguru Jagjit Singh Ji eLibrary NamdhariElibrary@gmail.com

ਜੀਵ ਰੂਪੀ ਇਸਤਰੀ ਨੂੰ ਆਪਣੇ ਮਾੜੇ/ਚੰਗੇ ਕਰਮਾਂ ਦੀ ਕੋਈ ਸੋਝੀ ਨਹੀਂ ਰਹਿੰਦੀ। ਉਹ ਕਹਿੰਦੀ ਹੈ ਕਿ ਮੇਰੇ ਮਾਲਕ ਮੈਂ ਜਿਸ ਵੀ ਰੂਪ ਵਿਚ ਹਾਂ, ਮੈਨੂੰ ਸਵੀਕਾਰ ਕਰੋ। ਮੈਂ ਚਾਹੇ ਚੰਗੀ ਹਾਂ ਚਾਹੇ ਮੰਦੀ ਹਾਂ ਪਰ ਹੇ ਮੇਰੇ ਮਾਲਕ ਮੈਂ ਕੇਵਲ ਤੇਰੀ ਹਾਂ। ਇਹ ਇਸ਼ਕ ਵਿਚ ਸਿਖ਼ਰ ਦੀ ਅਵਸਥਾ ਹੈ ਜਦੋਂ ਜੀਵ ਰੂਪੀ ਇਸਤਰੀ ਨੂੰ ਆਪਣੇ ਆਪੇ ਦੀ ਸੋਝੀ ਨਹੀਂ ਰਹਿੰਦੀ, ਉਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਇਸ ਕਦਰ ਦੀਵਾਨੀ ਹੋ ਗਈ ਹੈ ਕਿ ਉਸ ਨੂੰ ਦੁਨੀਆਂ ਦੇ ਨਾਲ-ਨਾਲ ਆਪਣੀ ਵੀ ਸੁਰਤਿ ਨਹੀ ਹੈ;

"ਮੰਦੀ ਹਾਂ ਕਿ ਚੰਗੀ ਹਾਂ,
ਭੀ ਸਾਹਿਬ ਤੇਰੀ ਬੰਦੀ ਹਾਂ।"[139]

ਸ਼ਾਹ ਹੁਸੈਨ ਮੂਲ ਰੂਪ ਵਿਚ ਬਿਰਹਾ ਦਾ ਕਵੀ ਹੈ ਅਤੇ ਉਸਦੀ ਬਿਰਹਾ ਆਤਮਿਕ ਪੱਧਰ ਦੀ ਬਿਰਹਾ ਹੈ ਭਾਵੇਂ ਇਸ ਨੂੰ ਪ੍ਰਗਟਾਉਣ ਲਈ ਉਸਨੇ ਸੰਸਾਰਕ ਬਿੰਬਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਬਿਰਹਾ ਹੀ ਉਸ ਉੱਤੇ ਮਸਤੀ ਚੜ੍ਹਾਉਂਦੀ ਹੈ ਅਤੇ ਉਸਨੂੰ ਪੂਰਨਤਾ ਵਲ ਤੋਰਦੀ ਹੈ। ਸ਼ਾਹ ਹੁਸੈਨ ਦੀ ਬਿਰਹਾ ਇਸ਼ਕ ਉਪਰਾਮਤਾ ਸੂਫ਼ੀ ਅਨੁਭਵ ਵਿਚੋਂ ਗੁਜ਼ਰਦੀ ਹੋਈ ਆਤਮਿਕ ਪ੍ਰਾਪਤੀ ਤੱਕ ਪਹੁੰਚਦੀ ਹੈ ਜਿੱਥੇ ਮਸਤੀ ਅਤੇ ਆਨੰਦ ਦਾ ਹੀ ਆਲਮ ਹੈ। ਬਿਰਹਾ ਹੀ ਸ਼ਾਹ ਹੁਸੈਨ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਦੱਸਦੀ ਹੈ। ਸ਼ਾਹ ਹੁਸੈਨ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਚਿੱਤਰ ਬਿਰਹਾ ਦਾ ਰੰਗ ਲੈ ਕੇ ਸਾਹਮਣੇ ਆਉਂਦਾ ਹੈ। ਵਿਯੋਗ ਦੀ ਅਵਸਥਾ ਦੌਰਾਨ ਸ਼ਾਹ ਹੁਸੈਨ ਦੇ ਅੰਤਰ-ਮਨ ਵਿਚ ਬਿਰਹਾ ਉਤਪੰਨ ਹੋ ਜਾਂਦੀ ਹੈ ਜੋ ਮੁਰਸ਼ਦ ਦੀ ਅਗਵਾਈ ਵਿਚ ਰੱਬੀ-ਇਸ਼ਕ ਵਾਲੇ ਪਾਸੇ ਮੁੜ ਜਾਂਦੀ ਹੈ। ਰੱਬੀ-ਇਸ਼ਕ ਵਿਚ ਸ਼ਾਹ ਹੁਸੈਨ ਇਸ ਕਦਰ ਮਸਤ ਹੋ ਜਾਂਦਾ ਹੈ ਕਿ ਉਹ ਬਾਹਰੀ ਦੁਨੀਆਂ ਦੀ ਅਸਲੋਂ ਹੀ ਪਰਵਾਹ ਨਹੀਂ ਕਰਦਾ। ਇਸ਼ਕ ਵਿਚ ਗੜੁੱਚ ਸ਼ਾਹ ਹੁਸੈਨ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

## ਟਿੱਪਣੀਆਂ ਅਤੇ ਹਵਾਲੇ

1. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-171.
2. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-101, 102.
3. Shah Hussain (1538-1599) was a Punjabi Sufi Poet and Sufi Saint. He was the son of Sheikh Usman, a weaver, and belonged to the Dhudha clan of Rajputs. He was born in Lahore, Pakistan. He is considered a pioneer of the kafi form of Punjabi poetry." http://sufipoetry.wordpress.com/poets/shah-hussain.
4. ਡਾ. ਨਰੇਸ਼, ਸੂਫ਼ੀਮਤ ਅਤੇ ਸੂਫ਼ੀ-ਕਾਵਿ, ਪੰਨਾ-90.
5. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-24.
6. ਡਾ. ਨਰੇਸ਼, ਸੂਫ਼ੀਮਤ ਅਤੇ ਸੂਫ਼ੀ-ਕਾਵਿ, ਪੰਨਾ-90.
7. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-49.
8. ਉਹੀ, ਪੰਨਾ-90.
9. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ: ਇਕ ਅਧਿਐਨ, ਪੰਨਾ-20.



Sri Satguru Jagjit Singh Ji eLibrary NamdhariElibrary@gmail.com

10. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਪੰਨਾ-116.
11. ਡਾ. ਜੀਤ ਸਿੰਘ ਸੀਤਲ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ-18.
12. ਡਾ. ਗੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ-166.
13. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ-137.
14. ਡਾ. ਅਮਰਵੰਤ ਸਿੰਘ, ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ (ਸਰੋਤ ਤੇ ਵਿਆਖਿਆ ਸਹਿਤ), ਪੰਨਾ-191, 192.
15. ਡਾ. ਜਗਤਾਰ, ਮਿੱਤਰਾਂ ਦੀ ਮਿਜਮਾਨੀ ਖ਼ਾਤਰ: ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ-23.
16. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-116.
17. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-177.
18. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-172.
19. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-118.
20. ਪੰਜਾਬੀ ਸੂਫ਼ੀ ਸਾਹਿਤ ਸੰਦਰਭ ਗ੍ਰੰਥ, ਪੰਨਾ-351.
21. ਨਜਮ ਹੁਸੈਨ ਸੱਯਦ, ਸੇਧਾਂ ਸਾਰਾਂ ਅਤੇ ਹੋਰ ਲੇਖ, ਪੁਰਦਮਨ ਸਿੰਘ ਬੇਦੀ (ਲਿਪੀਅੰਤਰਨ ਅਤੇ ਸੰਪਾਦਕ), ਪੰਨਾ-81.
22. ਗੁਰੂ ਗ੍ਰੰਥ ਸਾਹਿਬ, ਪੰਨਾ-12.
23. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-90, 91.
24. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਪੰਨਾ-23.
25. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-105.
26. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-64.
27. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-46.
28. ਡਾ. ਗੁਰਬਚਨ ਸਿੰਘ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-39, 40.
29. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-104.
30. ਡਾ. ਗੁਲਜ਼ਾਰ ਸਿੰਘ ਕੰਗ, ਪੰਜਾਬੀ ਸੂਫ਼ੀ ਕਾਵਿ ਅਧਿਐਨ, ਪੰਨਾ-86.
31. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ (1460-1900 ਈ.), ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-70.
32. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 163, ਪੰਨਾ-94.
33. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-90.
34. ਡਾ. ਕੁਲਜੀਤ ਸ਼ੈਲੀ, ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ-ਵਿਧਾਨ, ਪੰਨਾ-99.
35. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ ਇਕ ਅਧਿਐਨ, ਪੰਨਾ-70.
36. ਡਾ. ਗੁਲਜ਼ਾਰ ਸਿੰਘ ਕੰਗ, ਪੰਜਾਬੀ ਸੂਫ਼ੀ ਕਾਵਿ ਅਧਿਐਨ, ਪੰਨਾ-95.
37. ਡਾ. ਜਗਤਾਰ, ਮਿੱਤਰਾਂ ਦੀ ਮਿਜਮਾਨੀ ਖ਼ਾਤਰ: ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ-63.
38. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ ਇਕ ਅਧਿਐਨ, ਪੰਨਾ-72.



Sri Satguru Jagjit Singh Ji eLibrary NamdhariElibrary@gmail.com

39. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-174.
40. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-27.
41. ਡਾ. ਗ਼ੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ-42.
42. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-52.
43. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-175.
44. ਡਾ. ਜੀਤ ਸਿੰਘ ਸੀਤਲ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ-26.
45. ਡਾ. ਮੁਹੰਮਦ ਹਬੀਬ, ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ, ਪੰਨਾ-132.
46. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 35, ਪੰਨਾ-32.
47. ਤੇਜਾ ਸਿੰਘ ਸੋਢੀ (ਟੀਕਾਕਾਰ), ਸਲੋਕ ਫ਼ਰੀਦ ਜੀ, ਪੰਨਾ-43, 44.
48. ਗੁਰੂ ਗ੍ਰੰਥ ਸਾਹਿਬ, ਪੰਨਾ-794.
49. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ (1460-1900 ਈ.), ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-73.
50. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-144.
51. ਉਹੀ, ਪੰਨਾ-120.
52. ਉਹੀ, ਪੰਨਾ-143.
53. ਉਹੀ, ਪੰਨਾ-96.
54. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-45.
55. ਉਹੀ, ਪੰਨਾ-204.
56. ਉਹੀ, ਪੰਨਾ-213.
57. ਡਾ. ਨਰੇਸ਼, ਸੂਫ਼ੀਮਤ ਅਤੇ ਸੂਫ਼ੀ-ਕਾਵਿ, ਪੰਨਾ-91.
58. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-64.
59. ਡਾ. ਗੋਬਿੰਦ ਸਿੰਘ ਲਾਂਬਾ, ਸੂਫ਼ੀ ਸਾਹਿਤ, ਪੰਨਾ-51, 52.
60. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-142.
61. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ ਇਕ ਅਧਿਐਨ, ਪੰਨਾ-102.
62. ਪ੍ਰੋ. ਗੁਰਦਿਆਲ ਸਿੰਘ ਭਾਟੀਆ, ਸ਼ਾਹ ਹੁਸੈਨ ਦਾ ਸੂਫ਼ੀਵਾਦ, ਪੰਨਾ-67.
63. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-228.
64. ਡਾ. ਕਾਲਾ ਸਿੰਘ ਬੇਦੀ, ਬਿਰਹਾ ਕਾਵਿਃ ਸ਼ਾਹ ਹੁਸੈਨ, ਪੰਨਾ-101.
65. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-30.
66. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 4, ਪੰਨਾ-18.
67. ਉਹੀ, ਕਾਫ਼ੀ ਨੰ. 132, ਪੰਨਾ-79, 80.



Sri Satguru Jagjit Singh Ji eLibrary NamdhariElibrary@gmail.com

68. ਉਹੀ, ਕਾਫ਼ੀ ਨੰ. 93, ਪੰਨਾ-60, 61.
69. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-74.
70. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 18, ਪੰਨਾ-25.
71. ਉਹੀ, ਕਾਫ਼ੀ ਨੰ. 23, ਪੰਨਾ-27.
72. ਉਹੀ, ਕਾਫ਼ੀ ਨੰ. 98, ਪੰਨਾ-62.
73. ਉਹੀ, ਕਾਫ਼ੀ ਨੰ. 161, ਪੰਨਾ-93.
74. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਚਿੰਤਨ ਤੇ ਕਲਾ, ਪੰਨਾ-227.
75. ਡਾ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ, ਪੰਨਾ-279, 280.
76. ਡਾ. ਅੰਜੀਲ ਕੌਰ, ਸੂਫ਼ੀਵਾਦ ਵਿਚ ਵਿਦਰੋਹੀ ਸੁਰ, ਪੰਨਾ-78.
77. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-171.
78. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-29.
79. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-176.
80. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-83.
81. ਡਾ. ਗੁਰਦੇਵ ਸਿੰਘ, ਕਲਾਮ ਸ਼ਾਹ ਹੁਸੈਨ, ਪੰਨਾ-26.
82. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-82.
83. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-66.
84. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਪੰਨਾ-10.
85. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-63.
86. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 129, ਪੰਨਾ-78.
87. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-59.
88. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ (1460-1900 ਈ.), ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-71.
89. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-175.
90. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 81, ਪੰਨਾ-55.
91. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-103, 104.
92. ਡਾ. ਜਗਜੀਤ ਸਿੰਘ, ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ, ਪੰਨਾ-61.
93. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-105.
94. ਡਾ. ਜਗਜੀਤ ਸਿੰਘ, ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ, ਪੰਨਾ-62.
95. ਡਾ. ਮੁਹੰਮਦ ਹਬੀਬ, ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ, ਪੰਨਾ-132.
96. ਡਾ. ਕੁਲਦੀਪ ਕੌਰ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਪੰਨਾ-31, 32.
97. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-168.



Sri Satguru Jagjit Singh Ji eLibrary NamdhariElibrary@gmail.com

98. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-175.
99. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-159.
100. ਡਾ. ਕੁਲਦੀਪ ਕੌਰ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), ਪੰਨਾ-32.
101. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-65.
102. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-115, 116.
103. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-152.
104. ਉਹੀ, ਪੰਨਾ-66.
105. ਡਾ. ਜਗਜੀਤ ਸਿੰਘ, ਸ਼ੇਖ਼ ਫ਼ਰੀਦ ਦਾ ਕਾਵਿ ਪ੍ਰਵਚਨ, ਪੰਨਾ-62.
106. ਡਾ. ਜਗਤਾਰ, ਮਿੱਤਰਾਂ ਦੀ ਮਿਜਮਾਨੀ ਖ਼ਾਤਰ: ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ-58.
107. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-120.
108. ਡਾ. ਗੋਬਿੰਦ ਸਿੰਘ ਲਾਂਬਾ, ਸੂਫ਼ੀ ਸਾਹਿਤ, ਪੰਨਾ-51.
109. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-76.
110. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-123.
111. ਉਹੀ, ਪੰਨਾ-142.
112. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਪੰਨਾ-21.
113. ਉਹੀ, ਕਾਫ਼ੀ ਨੰ. 87, ਪੰਨਾ-58.
114. ਉਹੀ, ਕਾਫ਼ੀ ਨੰ. 87, ਪੰਨਾ-58.
115. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-208.
116. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਪੰਨਾ-9.
117. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-172.
118. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-114.
119. ਡਾ. ਤੇਜਵੰਤ ਸਿੰਘ ਗਿੱਲ, ਪੰਜਾਬੀ ਸਾਹਿਤ ਸਮੀਖਿਆ ਅਤੇ ਵਿਹਾਰ, ਪੰਨਾ-23.
120. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ ਇਕ ਅਧਿਐਨ, ਪੰਨਾ-73.
121. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰਬਰ-110, ਪੰਨਾ-68.
122. ਉਹੀ, ਕਾਫ਼ੀ ਨੰ. 10, ਪੰਨਾ-21.
123. ਉਹੀ, ਕਾਫ਼ੀ ਨੰ. 1, ਪੰਨਾ-17.
124. ਉਹੀ, ਕਾਫ਼ੀ ਨੰ. 132, ਪੰਨਾ-79.
125. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ (1460-1900 ਈ.), ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-70.
126. ਪ੍ਰੋ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਪੰਨਾ-110.
127. ਉਹੀ, ਪੰਨਾ-111.



Sri Satguru Jagjit Singh Ji eLibrary NamdhariElibrary@gmail.com

128. ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-75.
129. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ (1460-1900 ਈ.), ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-70.
130. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਤੀਜਾ (ਪੂਰਵ ਮੱਧਕਾਲ-2), ਪੰਨਾ-184.
131. ਡਾ. ਗੁਰਮੁਖ ਸਿੰਘ, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), ਖੋਜ-ਪੱਤ੍ਰਿਕਾ, ਸੂਫ਼ੀ-ਕਾਵਿ ਵਿਸ਼ੇਸ਼ ਅੰਕ, ਪੰਨਾ-174.
132. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਪੰਨਾ-13.
133. ਡਾ. ਹਰਜਿੰਦਰ ਸਿੰਘ ਢਿੱਲੋਂ, ਸੂਫ਼ੀ ਕਵੀ ਸ਼ਾਹ ਹੁਸੈਨ, ਪੰਨਾ-165.
134. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਸ਼ਾਹ ਹੁਸੈਨ ਜੀਵਨ ਤੇ ਰਚਨਾ, ਪੰਨਾ-41.
135. ਉਹੀ, ਪੰਨਾ-42.
136. ਉਹੀ, ਪੰਨਾ-41.
137. ਡਾ. ਹਰਜਿੰਦਰ ਸਿੰਘ ਅਟਵਾਲ, ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਪੰਨਾ-108.
138. ਡਾ. ਬਿਕਰਮ ਸਿੰਘ ਘੁੰਮਣ, ਕਾਫ਼ੀਆਂ ਸ਼ਾਹ ਹੁਸੈਨ, ਕਾਫ਼ੀ ਨੰ. 5, ਪੰਨਾ-19.
139. ਉਹੀ, ਕਾਫ਼ੀ ਨੰ. 64, ਪੰਨਾ-46.



Sri Satguru Jagjit Singh Ji eLibrary NamdhariElibrary@gmail.com

## ਅਧਿਆਇ ਚੌਥਾ

# ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਪੰਜਾਬੀ ਸੂਫ਼ੀ ਕਵਿਤਾ ਵਿਚ ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਤੋਂ ਬਾਅਦ ਬੁੱਲ੍ਹੇ ਸ਼ਾਹ ਦਾ ਜ਼ਿਕਰ ਸਭ ਤੋਂ ਵੱਧ ਕੀਤਾ ਜਾਂਦਾ ਹੈ। ਬੁੱਲ੍ਹੇ ਸ਼ਾਹ ਪੰਜਾਬੀ ਸੂਫ਼ੀ ਕਵਿਤਾ ਦਾ ਸਰਤਾਜ ਸ਼ਾਇਰ ਅਤੇ ਪੰਜਾਬੀ ਕਾਵਿ ਖੇਤਰ ਦੇ ਸਰਵੋਤਮ ਕਵੀਆਂ ਵਿਚੋਂ ਇਕ ਹੈ। ਬਾਬਾ ਫ਼ਰੀਦ ਜੀ ਦੇ ਕਾਵਿ ਨਾਲ ਜਿੱਥੇ ਪੰਜਾਬੀ ਸੂਫ਼ੀ ਕਾਵਿ ਦਾ ਜਨਮ ਹੁੰਦਾ ਹੈ ਉੱਥੇ ਬੁੱਲ੍ਹੇ ਸ਼ਾਹ ਦੀ ਕਵਿਤਾ ਨਾਲ ਪੰਜਾਬੀ ਸੂਫ਼ੀ ਕਵਿਤਾ ਆਪਣੇ ਜੋਬਨ ਉੱਤੇ ਪੁੱਜਦੀ ਹੈ। ਬੁੱਲ੍ਹੇ ਸ਼ਾਹ ਤੋਂ ਬਾਅਦ ਕਿਸੇ ਸ਼ਾਇਰ ਨੂੰ ਇਤਨੀ ਲੋਕਪ੍ਰਿਯਤਾ ਨਸੀਬ ਨਹੀਂ ਹੋਈ ਜਿਤਨੀ ਬੁੱਲ੍ਹੇ ਸ਼ਾਹ ਅਤੇ ਉਸਦੀ ਸ਼ਾਇਰੀ ਨੂੰ ਹੋਈ ਹੈ।

ਡਾ. ਲਾਜਵੰਤੀ ਰਾਮ ਕ੍ਰਿਸ਼ਨ ਬੁੱਲ੍ਹੇ ਸ਼ਾਹ ਨੂੰ ਪੰਜਾਬੀ ਸੂਫ਼ੀ ਕਵਿਤਾ ਦਾ ਸਭ ਤੋਂ ਵੱਡਾ ਕਵੀ ਮੰਨਦੀ ਹੈ। ਉਹ ਆਪਣੀ ਪੁਸਤਕ ਪੰਜਾਬੀ ਸੂਫ਼ੀ ਕਵੀ ਵਿਚ ਬੁੱਲ੍ਹੇ ਸ਼ਾਹ ਦੀ ਤੁਲਨਾ ਜਲਾਲੁਦੀਨ ਰੂਮੀ ਅਤੇ ਸ਼ਮਸ ਤਬਰੇਜ਼ ਨਾਲ ਕਰਦਿਆਂ ਕਹਿੰਦੀ ਹੈ ਕਿ, "ਬੁੱਲ੍ਹੇ ਸ਼ਾਹ ਨੂੰ ਸਰਬ-ਵਿਆਪਕ ਰੂਪ ਵਿਚ ਪੰਜਾਬੀ ਸੂਫ਼ੀਆਂ'ਚੋਂ ਸਰਬ-ਸ਼੍ਰੇਸ਼ਟ ਮੰਨਿਆ ਗਿਆ ਹੈ। ਪੰਜਾਬੀ ਸੂਫ਼ੀ ਕਵੀਆਂ ਵਿਚ ਕੋਈ ਵੀ ਉਸ ਵਰਗੇ ਵਿਆਪਕ ਜਸ ਅਤੇ ਸ਼ੁਹਰਤ ਦਾ ਧਾਰਨੀ ਨਹੀਂ। ਉਸ ਦੀਆਂ ਕਾਫ਼ੀਆਂ ਨੇ ਅਨੂਠੀ ਮਕਬੂਲੀਅਤ ਹਾਸਲ ਕੀਤੀ ਹੈ। ਦਰਅਸਲ ਉਹ ਸੰਸਾਰ ਦੇ ਸਰਬ-ਸ਼੍ਰੇਸ਼ਟ ਸੂਫ਼ੀਆਂ ਵਿਚੋਂ ਇਕ ਹੈ ਅਤੇ ਉਸ ਦੇ ਵਿਚਾਰ ਜਲਾਲੁਦੀਨ ਰੂਮੀ ਅਤੇ ਇਰਾਨ ਦੇ ਸ਼ਮਸ ਤਬਰੇਜ਼ ਦੇ ਪਾਏ ਦੇ ਹਨ।"[1]

ਬੁੱਲ੍ਹੇ ਸ਼ਾਹ ਦੀ ਕਵਿਤਾ ਨੂੰ ਗੁਰੂ ਨਾਨਕ ਦੇਵ ਦੀ ਬਾਣੀ ਅਤੇ ਵਾਰਿਸ ਸ਼ਾਹ ਦੀ ਹੀਰ ਦੇ ਬਰਾਬਰ ਪੇਸ਼ ਕਰਦਿਆਂ ਡਾ. ਗ਼ੁਲਜ਼ਾਰ ਸਿੰਘ ਕੰਗ ਨੇ ਡਾ. ਹਰਨਾਮ ਸਿੰਘ ਸ਼ਾਨ ਦਾ ਹਵਾਲਾ ਦਿੰਦਿਆਂ ਆਪਣੀ ਪੁਸਤਕ ਸੂਫ਼ੀਮਤ ਸਿਲਸਿਲੇ ਅਤੇ ਸਾਧਕ ਵਿਚ ਲਿਖਿਆ ਹੈ ਕਿ, "ਪੰਜਾਬੀਆਂ ਨੇ ਜੋ ਮਾਣ ਤੇ ਸਥਾਨ ਧਾਰਮਿਕ ਖੇਤਰ ਵਿਚ ਗੁਰੂ ਨਾਨਕ ਦੇਵ ਦੀ ਬਾਣੀ ਨੂੰ, ਰੋਮਾਂਚਿਕ ਖੇਤਰ ਵਿਚ ਵਾਰਿਸ ਦੀ ਹੀਰ ਨੂੰ ਦਿੱਤਾ ਹੈ ਉਤਨਾ ਕੁ ਹੀ ਬੁੱਲ੍ਹੇ ਦੇ ਕਲਾਮ ਲਈ ਰਾਖਵਾਂ ਰੱਖਿਆ ਹੈ।"[2]

ਪੰਜਾਬੀ ਸੂਫ਼ੀ ਸਾਹਿਤ ਦੇ ਖੇਤਰ ਵਿਚ ਬੁੱਲ੍ਹੇ ਸ਼ਾਹ ਇਕ ਅਜਿਹਾ ਕਵੀ ਹੈ ਜਿਸ ਨੇ ਇਸਲਾਮੀ ਸ਼ਰੀਅਤ ਦੀ ਪਾਬੰਦੀ ਨੂੰ ਆਪਣੇ ਜੀਵਨ ਅਤੇ ਕਲਾਮ ਵਿਚ ਸਵੀਕਾਰ ਨਹੀਂ ਕੀਤਾ। ਜਿੱਥੋਂ ਤੱਕ ਬਾਬਾ ਫ਼ਰੀਦ ਦੇ ਕਲਾਮ ਦੀ ਗੱਲ ਹੈ ਤਾਂ ਉਹਨਾਂ ਆਪਣੇ ਕਲਾਮ ਵਿਚ ਕੁੱਝ ਹੱਦ ਤੱਕ ਇਸਲਾਮੀ ਸ਼ਰੀਅਤ ਦੀ ਪਾਬੰਦੀ ਉੱਤੇ ਜ਼ੋਰ ਦਿੱਤਾ ਹੈ। ਪੰਜਾਬੀ ਸੂਫ਼ੀ ਕਵਿਤਾ ਦਾ ਦੂਜਾ ਪ੍ਰਮੁੱਖ ਸੂਫ਼ੀ ਕਵੀ ਸ਼ਾਹ ਹੁਸੈਨ ਵੀ ਆਪਣੀ ਕਵਿਤਾ ਵਿਚ ਸ਼ਰ੍ਹਾ ਨੂੰ ਨਕਾਰਦਾ ਤਾਂ ਹੈ ਪਰ ਭੰਡਦਾ ਨਹੀਂ ਪਰੰਤੂ ਬੁੱਲ੍ਹੇ ਸ਼ਾਹ ਸ਼ਰੀਅਤ ਦੀ ਉਲੰਘਣਾ ਹੀ ਨਹੀਂ ਕਰਦਾ ਸਗੋਂ ਉਸਦਾ ਭਰਪੂਰ ਖੰਡਨ ਵੀ ਕਰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਬੁੱਲ੍ਹੇ ਸ਼ਾਹ ਨੇ ਆਪਣੀ ਰਚਨਾ ਵਿਚ ਧਰਮ ਦੇ ਸੰਸਥਾਗਤ ਚਰਿੱਤਰ ਨੂੰ ਰੱਦ ਕੀਤਾ ਹੈ। ਪਰਮਾਤਮਾ ਨਾਲੋਂ ਪਏ ਵਿਯੋਗ, ਰੱਬੀ-ਇਸ਼ਕ ਅਤੇ ਵਿਯੋਗ ਵਿਚੋਂ ਉਤਪੰਨ ਬਿਰਹਾ ਦੇ ਤਿੱਖੇ ਅਨੁਭਵ ਵਿਚੋਂ ਲੰਘਦਿਆਂ ਬੁੱਲ੍ਹੇ ਸ਼ਾਹ ਨੇ ਮੱਕੇ ਦੀ ਥਾਂ ਤਖ਼ਤ ਹਜ਼ਾਰੇ ਅਤੇ ਪਰਮਾਤਮਾ ਦੇ ਰੂਪ ਵਿਚ ਰਾਂਝੇ ਮਾਹੀ ਦਾ ਮਾਡਲ ਆਪਣੇ ਕਲਾਮ ਵਿਚ ਪੇਸ਼ ਕੀਤਾ ਹੈ;

"ਬੁੱਲ੍ਹੇ ਨੇ ਰਾਂਝੇ ਨੂੰ ਰੱਬ ਦਾ ਪ੍ਰਤੀਕ ਮੰਨਿਆ ਹੈ ਤੇ ਖ਼ੁਦ ਨੂੰ ਹੀਰ ਸਲੇਟੀ (ਸਾਧਕ)। ਆਪਣੀ ਜ਼ਾਤ ਨੂੰ ਰਾਂਝੇ ਦੀ ਜ਼ਾਤ ਵਿਚ ਫ਼ਨਾ ਕਰਕੇ ਇਕ ਪ੍ਰਕਾਰ ਦਾ ਅਨਲ ਹੱਕ-ਅਹਮ ਬ੍ਰਹਮ ਅਸਮੀ ਦਾ ਹੀ ਨਾਅਰਾ ਮਾਰਿਆ।"[3]

ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਲੋਕਾਂ ਲਈ ਮੱਕੇ ਵਿਚ ਜਾ ਕੇ ਪ੍ਰਭੂ ਨੂੰ ਲਭਣਾ ਠੀਕ ਹੋਵੇਗਾ ਪਰ ਮੇਰਾ ਰਾਂਝਾ (ਪਰਮਾਤਮਾ) ਤਾਂ ਖ਼ੁਦ ਹੀ ਮੱਕਾ ਹੈ। ਇਸ ਲਈ ਮੈਨੂੰ ਮੱਕੇ ਵਿਚ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਮੈਂ ਆਪਣਾ ਪ੍ਰੀਤਮ-ਪਿਆਰਾ ਪ੍ਰਾਪਤ ਕਰ ਲਿਆ ਹੈ ਅਤੇ ਮੈਂ ਉਸ ਦੇ ਇਸ਼ਕ ਵਿਚ ਮਸਤਾਨਾ ਹੋ ਗਿਆ ਹਾਂ;

"ਹਾਜੀ ਲੋਕ ਮੱਕੇ ਨੂੰ ਜਾਂਦੇ,
ਮੇਰਾ ਰਾਂਝਾ ਮਾਹੀ ਮੱਕਾ,
ਨੀ ਮੈਂ ਕਮਲੀ ਹਾਂ।"[4]

ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਕਿਸੇ ਪਾਰਲੌਕਿਕ ਰੱਹਸਾਂ ਦੇ ਭੇਦ ਦੀ ਗੱਲ ਨਹੀਂ ਕਰਦਾ ਸਗੋਂ ਉਹ ਆਪਣੇ ਅਨੁਭਵ ਨੂੰ ਆਪਣੇ ਕਲਾਮ ਵਿਚ ਪੇਸ਼ ਕਰਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਬੁੱਲ੍ਹੇ ਸ਼ਾਹ ਨੇ ਆਪਣੇ ਜੀਵਨ ਨਾਲ ਸੰਬੰਧਤ ਵਿਭਿੰਨ ਅਨੁਭਵ ਕਾਫ਼ੀਆਂ ਵਿਚ ਬਿਆਨ ਕੀਤੇ ਹਨ। ਬੁੱਲ੍ਹੇ ਸ਼ਾਹ ਦੀ ਕਵਿਤਾ ਹੱਡ-ਬੀਤੇ ਵਿਯੋਗ ਦਾ ਨਤੀਜਾ ਹੈ ਨਾ ਕਿ ਜੱਗ-ਬੀਤੇ ਵਿਯੋਗ ਦਾ ਨਤੀਜਾ। ਇਸ ਲਈ ਵਿਯੋਗ ਦਾ ਜਿਹੜਾ ਰੂਪ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਦੇਖਣ ਨੂੰ ਮਿਲਦਾ ਹੈ ਉਹ ਕਿਸੇ ਹੋਰ ਸੂਫ਼ੀ ਫ਼ਕੀਰ ਦੇ ਕਲਾਮ ਦਾ ਹਿੱਸਾ ਨਹੀਂ ਬਣ ਸਕਿਆ;

"ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਰੱਬੀ-ਰਹੱਸ ਨੂੰ ਜਾਣਨ ਲਈ ਕੇਵਲ ਸੂਫ਼ੀਮਤ ਦੀ ਸਿਧਾਂਤਕ ਪੱਖ ਤੋਂ ਜਾਣਕਾਰੀ ਨਹੀਂ ਮਿਲਦੀ ਸਗੋਂ ਆਪਣੇ ਜੀਵਨ ਦੇ ਹੱਡ-ਵਰਤੇ ਅਨੁਭਵ ਨੂੰ ਰਹੱਸ ਦੇ ਰੂਪ ਵਿਚ ਖੇਡ ਕੇ ਦੱਸਦਾ ਹੈ।"[5]

ਬੁੱਲ੍ਹੇ ਸ਼ਾਹ ਖੁੱਲ-ਦਿਲੀ ਅਤੇ ਫ਼ੱਕਰ ਸੁਭਾਓ ਵਾਲਾ ਸ਼ਾਇਰ ਸੀ ਉਸ ਨੇ ਆਪਣੇ ਆਪ ਨੂੰ ਸ਼ਰ੍ਹਾ ਵਰਗੇ ਕਿਸੇ ਬੰਧਨ ਵਿਚ ਕੈਦ ਨਹੀਂ ਕੀਤਾ। ਉਸ ਨੇ ਸਮੁੱਚੀ ਲੋਕਾਈ ਨੂੰ ਸੱਚੇ ਮਨ ਨਾਲ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਜ਼ਿੰਦਗੀ ਬਤੀਤ ਕਰਨ ਦਾ ਸੁਨੇਹਾ ਦਿੱਤਾ ਹੈ। ਬੁੱਲ੍ਹੇ ਸ਼ਾਹ ਨੇ ਲੋਕਾਂ ਨੂੰ ਬਾਹਰੀ ਭੇਖਾਂ, ਆਡੰਬਰਾਂ ਅਤੇ ਧਰਮ ਦੇ ਬਾਹਰੀ ਸਰੂਪ ਉੱਤੇ ਜਿਆਦਾ ਨਿਸ਼ਚਾ ਨਾ ਰੱਖਣ ਦੀ ਤਾਕੀਦ ਕੀਤੀ ਹੈ। ਉਹ ਆਪਣੇ ਨਿੱਜੀ ਜੀਵਨ ਵਿਚ ਵੀ ਇਹਨਾਂ ਰਸਮਾਂ ਦਾ ਖੰਡਨ ਕਰਦਾ ਹੈ;

"ਬੁੱਲ੍ਹੇ ਸ਼ਾਹ ਨੇ ਆਪਣੇ ਵੇਲੇ ਦੀਆਂ ਸਥਾਪਤ ਹੋ ਚੁੱਕੀਆਂ ਕਦਰਾਂ-ਕੀਮਤਾਂ ਅਤੇ ਸਮਾਜਿਕ ਪਰੰਪਰਾਵਾਂ ਦਾ ਰੱਜ ਕੇ ਖੰਡਨ ਕੀਤਾ। ਉਸਨੇ ਆਪਣੇ ਸਮਕਾਲੀ ਸਮਾਜ ਵਿਚ ਇਸ਼ਕ ਅਤੇ ਪਿਆਰ ਦੇ ਅਪ੍ਰਵਾਨਤ ਰੂਪ ਨੂੰ ਆਪਣੀਆਂ ਕਾਫ਼ੀਆਂ ਵਿਚ ਬਹੁਤ ਹੀ ਖੁੱਲਦਿਲੀ ਨਾਲ ਅਤੇ ਬੜੀ ਸ਼ਿੱਦਤ ਨਾਲ ਪੇਸ਼ ਕੀਤਾ।"[6]

ਜਿੱਥੋਂ ਤੱਕ ਬੁੱਲ੍ਹੇ ਸ਼ਾਹ ਦੇ ਰਚਨਾ-ਸੰਸਾਰ ਦੀ ਗੱਲ ਹੈ ਤਾਂ ਉਸ ਨੇ ਵਧੇਰੇ ਕਰਕੇ



Sri Satguru Jagjit Singh Ji eLibrary NamdhariElibrary@gmail.com

ਕਾਫ਼ੀਆਂ ਰਚੀਆਂ ਹਨ। ਉਸ ਦੀਆਂ ਕਾਫ਼ੀਆਂ ਨੂੰ ਪੰਜਾਬੀ ਅਧਿਆਤਮਕ ਕਾਵਿ ਵਿਚ ਬਹੁਤ ਹੀ ਮਾਨਤਾ ਪ੍ਰਾਪਤ ਹੋਈ ਹੈ। ਸ਼ਾਇਦ ਹੀ ਪੰਜਾਬ ਦਾ ਕੋਈ ਘਰ ਅਜਿਹਾ ਹੋਵੇ ਜਿੱਥੇ ਉਸ ਦੀਆਂ ਕਾਫ਼ੀਆਂ ਗਾਈਆਂ ਜਾਂ ਸੁਣੀਆਂ ਨਾ ਜਾਂਦੀਆਂ ਹੋਣ। ਸਰੋਤਿਆਂ ਉੱਤੇ ਇਨ੍ਹਾਂ ਕਾਫ਼ੀਆਂ ਦਾ ਘਨੇਰਾ ਪ੍ਰਭਾਵ ਹੈ। ਉਸ ਦੀ ਕਾਵਿ-ਰਚਨਾ ਪੰਜਾਬੀ ਸਾਹਿਤ ਦਾ ਵੱਡਮੁੱਲਾ ਖਜ਼ਾਨਾ ਹੈ। ਬੁੱਲ੍ਹੇ ਸ਼ਾਹ ਦੇ ਸਮੇਂ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਕਾਲ ਸਵੀਕਾਰ ਕੀਤਾ ਜਾਂਦਾ ਹੈ।

ਇਸ ਅਧਿਆਏ ਦਾ ਮੂਲ ਵਿਸ਼ਾ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ ਹੈ। ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗ ਕਿਨ੍ਹਾਂ ਅਰਥਾਂ ਵਿਚ ਪੇਸ਼ ਹੋਇਆ ਹੈ ਅਤੇ ਇਹ ਵਿਯੋਗ ਕਿਸ ਨਾਲੋਂ ਪਿਆ ਹੈ? ਇਸ ਤੋਂ ਇਲਾਵਾ ਬੁੱਲ੍ਹੇ ਸ਼ਾਹ ਦੇ ਜੀਵਨ ਅਤੇ ਸਖਸ਼ੀਅਤ, ਰਚਨਾ-ਸੰਸਾਰ, ਬਿਰਹਾ ਅਨੁਭਵ, ਬਿਰਹਾ ਦਾ ਸਰੂਪ, ਮੁਰਸ਼ਦ ਦਾ ਸਥਾਨ, ਇਸ਼ਕ ਦਾ ਸੰਕਲਪ, ਸਾਧਕ ਦੀ ਪਰਮਾਤਮਾ ਨਾਲ ਮਿਲਾਪ ਲਈ ਤੜਪ, ਬੁੱਲ੍ਹੇ ਸ਼ਾਹ ਅਤੇ ਇਸਲਾਮੀ ਸ਼ਰੀਅਤ ਅਤੇ ਬੁਲੇ ਸ਼ਾਹ ਦੀ ਕਾਵਿ ਕਲਾ ਆਦਿ ਵਿਸ਼ਿਆਂ ਦਾ ਉਲੇਖ ਕੀਤਾ ਗਿਆ ਹੈ।

## ਬੁੱਲੇ ਸ਼ਾਹ: ਜੀਵਨ ਤੇ ਸਖਸ਼ੀਅਤ

ਪੰਜਾਬੀ ਸੂਫ਼ੀ ਸਾਹਿਤ ਦੇ ਸਭ ਤੋਂ ਮਕਬੂਲ ਸ਼ਾਇਰ ਬੁੱਲ੍ਹੇ ਸ਼ਾਹ ਦਾ ਅਸਲ ਨਾਂ ਅਬਦੁੱਲਾ ਸ਼ਾਹ ਸੀ। ਉਸਦਾ ਜਨਮ ਪਿੰਡ ਪਾਂਡੋਕੇ ਰਿਆਸਤ ਬਹਾਵਲਪੁਰ (ਹੁਣ ਪਾਕਿਸਤਾਨ) ਵਿਚ ਸਖੀ ਸ਼ਾਹ ਮੁਹੰਮਦ ਦਰਵੇਸ਼ ਦੇ ਘਰ ਸੰਨ 1680 ਈਸਵੀ ਵਿਚ ਹੋਇਆ ਸੀ। ਬੁੱਲ੍ਹੇ ਸ਼ਾਹ ਦੇ ਜਨਮ ਸੰਬੰਧੀ ਸਾਰੇ ਵਿਦਵਾਨ ਇਕਮੱਤ ਹਨ। ਪੰਜਾਬੀ ਸੂਫ਼ੀ ਸਾਹਿਤ ਦੇ ਇਤਿਹਾਸ ਵਿਚ ਬੁੱਲ੍ਹੇ ਸ਼ਾਹ ਦੇ ਜਨਮ ਅਤੇ ਜਨਮ-ਸਥਾਨ ਬਾਰੇ ਕਿਸੇ ਪ੍ਰਕਾਰ ਦਾ ਕੋਈ ਸ਼ੰਕਾ ਨਹੀਂ ਹੈ। ਪੰਜਾਬੀ ਸੂਫ਼ੀ ਸਾਹਿਤ ਦੇ ਲਗਭਗ ਸਾਰੇ ਵਿਦਵਾਨ ਇਸ ਮੱਤ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਕਿ ਬੁੱਲ੍ਹੇ ਸ਼ਾਹ ਦਾ ਜਨਮ ਵਰ੍ਹਾ 1680 ਈਸਵੀ ਹੈ ਅਤੇ ਜਨਮ-ਸਥਾਨ ਪਾਂਡੋਕੇ ਕਸੂਰ ਜ਼ਿਲ੍ਹਾ ਲਾਹੌਰ ਹੈ।

ਬੁੱਲ੍ਹੇ ਸ਼ਾਹ ਦੇ ਮਾਪੇ ਇਸ ਦੇ ਛੇ ਸਾਲ ਦਾ ਹੋਣ ਤੱਕ ਇਸ ਪਿੰਡ ਵਿਚ ਰਹੇ। ਫਿਰ ਬੁੱਲ੍ਹੇ ਸ਼ਾਹ ਦੇ ਪਿਤਾ ਨੂੰ ਕੁੱਝ ਘਰੋਗੀ ਮਜ਼ਬੂਰੀਆਂ ਦੇ ਕਾਰਨ ਇਹ ਪਿੰਡ ਛੱਡ ਕੇ ਮਲਕਵਾਲ (ਤਹਿਸੀਲ ਸਾਹੀਵਾਲ, ਜ਼ਿਲ੍ਹਾ ਮੁਲਤਾਨ) ਜਾ ਕੇ ਰਹਿਣਾ ਪਿਆ। ਉਨ੍ਹਾਂ ਨੂੰ ਇੱਥੇ ਆ ਕੇ ਟਿਕਿਆਂ ਅਜੇ ਥੋੜ੍ਹੇ ਕੁ ਦਿਨ ਹੋਏ ਸਨ ਕਿ ਚੌਧਰੀ ਪਾਂਡੇ ਤਲਵੰਡੀ ਵਿਚ ਆਪਣੇ ਕਿਸੇ ਨਿੱਜੀ ਕੰਮ ਲਈ ਆਇਆ ਤੇ ਇਸ ਪਿੰਡ ਵਾਲਿਆਂ ਦੀ ਸਿਫਾਰਸ਼ ਤੇ ਮਲਕਵਾਲ ਵਿਚ ਨਵੇਂ ਆ ਕੇ ਵੱਸੇ ਸ਼ਾਹ ਮੁਹੰਮਦ ਦਰਵੇਸ਼ ਨੂੰ ਆਪਣੇ ਪਾਂਡੋਕੇ ਭੱਟੀਆਂ ਲੈ ਗਿਆ ਤੇ ਉੱਥੇ ਲਿਜਾ ਕੇ ਉਸ ਨੂੰ ਪਿੰਡ ਦੀ ਮਸੀਤ ਦੀ ਅਸਮਤ ਦਾ ਕੰਮ ਸੰਭਾਲ ਦਿੱਤਾ। ਸ਼ਾਹ ਮੁਹੰਮਦ ਨੇ ਅਮਾਮ ਦੇ ਕੰਮ ਦੇ ਨਾਲ-ਨਾਲ ਦਰਸ ਤਦਰੀਸ ਦਾ ਕੰਮ ਕਰਨਾ ਆਰੰਭ ਕਰ ਦਿੱਤਾ।

ਬੁੱਲ੍ਹੇ ਸ਼ਾਹ ਨਿੱਕੇ ਹੁੰਦਿਆਂ ਹੀ ਫ਼ਕੀਰੀ ਸੁਭਾਅ ਤੇ ਸੂਫ਼ੀ ਖਿਆਲਾਂ ਦਾ ਮਾਲਕ ਸੀ। ਬਚਪਣ ਵਿਚ ਉਹ ਡੰਗਰ ਚਾਰਿਆ ਕਰਦਾ ਸੀ। ਉਸਨੇ ਆਪਣੀ ਮੁੱਢਲੀ ਵਿੱਦਿਆ ਪਾਂਡੋਕੇ ਪਿੰਡ ਦੇ ਮਦਰੱਸੇ ਤੋਂ ਹੀ ਪ੍ਰਾਪਤ ਕੀਤੀ। ਉਸ ਨੇ ਉੱਚੇਰੀ ਵਿੱਦਿਆ ਹਜ਼ਰਤ ਗ਼ੁਲਾਮ ਮੁਰਤਜਾ ਪਾਸੋਂ ਕਸੂਰ ਵਿਖੇ ਪ੍ਰਾਪਤ ਕੀਤੀ। ਬੁੱਲ੍ਹੇ ਸ਼ਾਹ ਨੇ ਵਿਦਿਆ ਪ੍ਰਾਪਤੀ ਤੋਂ ਬਾਅਦ ਗੁਰੂ/ਮੁਰਸ਼ਦ ਦੀ ਭਾਲ ਆਰੰਭ ਕੀਤੀ। ਉਹ ਪਰਮਾਤਮਾ ਨੂੰ ਪਾਉਣ ਅਤੇ ਮੁਰਸ਼ਦ ਦੀ ਭਾਲ ਵਿਚ ਲਾਹੌਰ ਪਹੁੰਚ ਗਿਆ। ਇੱਥੇ ਪਹੁੰਚ ਕੇ ਬੁੱਲ੍ਹੇ ਸ਼ਾਹ ਨੇ ਲਾਹੌਰ ਦੇ ਪ੍ਰਸਿੱਧ ਪੀਰ ਅਨਾਇਤ ਸ਼ਾਹ ਨੂੰ ਆਪਣਾ



Sri Satguru Jagjit Singh Ji eLibrary NamdhariElibrary@gmail.com

ਮੁਰਸ਼ਦ ਧਾਰਨ ਕੀਤਾ ਜੋ ਜਾਤ ਦਾ ਅਰਾਈਂ ਸੀ ਅਤੇ ਉਸ ਸਮੇਂ ਦੇ ਚੰਗੇ ਵਿਦਵਾਨਾਂ ਵਿਚੋਂ ਇਕ ਗਿਣਿਆ ਜਾਂਦਾ ਸੀ;

"ਮੁਰਸ਼ਦ ਦੀ ਪ੍ਰਾਪਤੀ ਲਈ ਆਪ (ਬੁੱਲ੍ਹੇ ਸ਼ਾਹ) ਨੇ ਕਸੂਰ ਛੱਡ ਦਿੱਤਾ ਤੇ ਲਾਹੌਰ ਵਲ ਚਲ ਪਿਆ। ਆਪ ਨੂੰ ਸ਼ਾਹ ਅਨਾਇਤ ਗੁਰੂ ਮਿਲ ਪਿਆ ਜੋ ਕਾਦਰੀ ਸੰਪਰਦਾਇ ਤੇ ਹਜ਼ਰਤ ਰਜ਼ਾ ਸ਼ਾਹ ਸ਼ੱਤਾਰੀ ਦੇ ਵੱਡੇ ਪਰਵਾਨ ਹੋਏ ਚੇਲਿਆਂ ਵਿਚੋਂ ਸੀ।"[7]

ਬੁੱਲ੍ਹੇ ਸ਼ਾਹ ਨੇ ਆਪਣੇ ਮੁਰਸ਼ਦ ਇਨਾਇਤ ਸ਼ਾਹ ਦੀ ਅਗਵਾਈ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ ਪ੍ਰਭੂ ਸਾਧਨਾ ਵਾਲੇ ਪਾਸੇ ਆਪਣੇ ਧਿਆਨ ਨੂੰ ਲਗਾਉਣਾ ਆਰੰਭ ਕੀਤਾ। ਬੁੱਲ੍ਹੇ ਸ਼ਾਹ ਨੇ ਪ੍ਰੀਤਮ ਨੂੰ ਪਾਉਣ ਲਈ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਰੱਬੀ-ਇਸ਼ਕ ਦੇ ਮਾਰਗ ਨੂੰ ਅਖ਼ਤਿਆਰ ਕੀਤਾ;

"ਬੁੱਲ੍ਹੇ ਸ਼ਾਹ ਪ੍ਰਸਿੱਧ ਪੰਜਾਬੀ ਕਵੀ ਇਨਾਇਤ ਸ਼ਾਹ ਕਾਦਿਰੀ ਦਾ ਮੁਰੀਦ ਸੀ ਜਿਸ ਦੀ ਸਿੱਖਿਆ-ਦੀਖਿਆ ਅਤੇ ਅਗਵਾਈ ਅਨੁਸਾਰ ਉਸਨੇ ਸਾਧਨਾ ਕੀਤੀ ਸੀ।"[8]

"ਉਹ (ਬੁੱਲ੍ਹੇ ਸ਼ਾਹ) ਲਾਹੌਰ ਦੇ ਬੌਧਿਕ ਹਲਕਿਆਂ ਵਿਚ ਸੁਯੋਗ ਉਸਤਾਦ ਦੀ ਤਲਾਸ਼ ਕਰ ਰਿਹਾ ਸੀ ਤਾਂ ਉਸਨੇ ਸ਼ਾਹ ਇਨਾਇਤ ਦੀ ਮਹਾਨ ਵਿਦਵਤਾ ਬਾਰੇ ਸੁਣਿਆ ਅਤੇ ਉਸ ਨੂੰ ਆਪਣਾ ਮੁਰਸ਼ਦ ਧਾਰਨ ਦਾ ਫ਼ੈਸਲਾ ਕਰ ਲਿਆ। ਉਸਨੇ ਆਪਣੇ ਕਦਮ ਸ਼ਾਹ ਇਨਾਇਤ ਦੇ ਘਰ ਵਲ ਮੋੜ ਲਏ।"[9]

ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਨੂੰ ਬਹੁਤ ਪ੍ਰੇਮ ਕਰਦਾ ਸੀ ਅਤੇ ਆਪਣੇ ਕਲਿਆਣ ਦਾ ਦਾਰੂ ਉਸ ਨੂੰ ਹੀ ਦੱਸਦਾ ਸੀ। ਇਕ ਵਾਰ ਮਸਤੀ ਵਿਚ ਇਤਨਾ ਨੱਚ ਉੱਠਿਆ ਕਿ ਉਸਦੇ ਮੁਰਸ਼ਦ ਨੇ ਉਸਨੂੰ ਆਪਣੇ ਡੇਰੇ ਵਿਚੋਂ ਕੱਢ ਦਿੱਤਾ। ਮੁਰਸ਼ਦ ਦੇ ਵਿਛੋੜੇ ਵਿਚ ਬੁੱਲ੍ਹੇ ਸ਼ਾਹ ਨੇ ਬਹੁਤ ਸਾਰੀਆਂ ਕਾਫ਼ੀਆਂ ਰਚੀਆਂ ਅਤੇ ਅਖ਼ੀਰ ਵਿਚ ਉਸਨੂੰ ਆਪਣੇ ਪੀਰ ਕੋਲੋਂ ਖ਼ਿਮਾ ਮਿਲੀ। ਮੁਰਸ਼ਦ ਦੇ ਖ਼ਿਮਾ ਕਰਨ ਤੇ ਬੁੱਲ੍ਹੇ ਸ਼ਾਹ ਦਾ ਮੁੜ ਆਪਣੇ ਮੁਰਸ਼ਦ ਨਾਲ ਮਿਲਾਪ ਹੋ ਗਿਆ ਅਤੇ ਇਸ ਮਿਲਾਪ ਦੀ ਖੁਸ਼ੀ ਵਿਚ ਉਹ ਫਿਰ ਗਾਉਣ ਤੇ ਨੱਚਣ ਲੱਗਾ। ਬੁੱਲ੍ਹੇ ਸ਼ਾਹ ਦਾ ਸਮੁੱਚਾ ਨਿਸ਼ਚਾ ਆਪਣੇ ਮੁਰਸ਼ਦ ਉੱਪਰ ਨਿਰਭਰ ਕਰਦਾ ਸੀ। ਉਹ ਆਪਣੇ ਮੁਰਸ਼ਦ ਤੋਂ ਇਲਾਵਾ ਹੋਰ ਕਿਸੇ ਵੀ ਵਿਅਕਤੀ ਜਾਂ ਰਸਮ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਜ਼ਰੂਰੀ ਨਹੀਂ ਸਮਝਦਾ ਸੀ। ਉਸ ਨੇ ਆਪਣੇ ਸਮੁੱਚੇ ਕਾਵਿ ਵਿਚ ਵਧੇਰੇ ਆਪਣੇ ਮੁਰਸ਼ਦ ਦੇ ਗੁਣਾਂ ਦੀ ਵਡਿਆਈ ਕੀਤੀ ਹੈ;

"ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਵਿਚ ਬਹੁਤ ਹੀ ਵਿਸ਼ਵਾਸ ਰੱਖਦਾ ਸੀ ਅਤੇ ਆਪਣੇ ਕਲਿਆਣ ਦਾ ਦਾਰੂ ਉਸੇ ਨੂੰ ਹੀ ਮੰਨਦਾ ਸੀ। ਉਹ ਆਪਣੀ ਕਾਵਿ-ਰਚਨਾ ਵਿਚ ਥਾਂ-ਥਾਂ ਅਨਾਇਤ ਦਾ ਜ਼ਿਕਰ ਕਰਦਾ ਹੈ।"[10]

ਬੁੱਲ੍ਹੇ ਸ਼ਾਹ ਨੇ ਆਪਣੇ ਪ੍ਰੀਤਮ ਨੂੰ ਪਾਉਣ ਵਾਸਤੇ ਗਲੀਆ ਵਿਚ ਨੱਚਣਾ ਸ਼ੁਰੂ ਕਰ ਦਿੱਤਾ। ਬੁੱਲ੍ਹੇ ਸ਼ਾਹ ਪ੍ਰੀਤਮ ਦੇ ਇਸ਼ਕ ਵਿਚ ਇਸ ਕਦਰ ਮਸਤਾਨਾ ਹੋ ਗਿਆ ਕਿ ਉਸ ਨੂੰ ਆਪਣੇ ਆਪੇ ਦੀ ਕੋਈ ਸੁੱਧ ਨਹੀਂ ਰਹੀ ਅਤੇ ਨਾ ਹੀ ਲੋਕਾਂ ਦੀ ਕੋਈ ਪਰਵਾਹ ਨਹੀਂ ਰਹੀ;

"ਮੁਰਸ਼ਦ ਦੀ ਪ੍ਰਾਪਤੀ ਪਿੱਛੋਂ ਪੀਰ ਅਨਾਇਤ ਸ਼ਾਹ ਕਾਦਰੀ ਦੀ ਪ੍ਰੇਮ-ਭਗਤੀ ਵਿਚ ਬੁੱਲ੍ਹਾ ਮਸਤ ਮਲੰਗ ਹੋ ਕੇ ਗਾਉਣ ਨੱਚਣ ਲੱਗ ਪਿਆ।"[11]

ਬੁੱਲ੍ਹੇ ਸ਼ਾਹ ਬਾਰੇ ਇਕ ਰਵਾਇਤ ਪ੍ਰਚਲਿਤ ਹੈ ਕਿ ਉਹ ਸਾਰੀ ਉੱਮਰ ਕਵਾਰਾ ਰਿਹਾ ਤੇ ਵਿਆਹ ਨਹੀਂ ਕਰਵਾਇਆ;



Sri Satguru Jagjit Singh Ji eLibrary NamdhariElibrary@gmail.com

"ਬੁੱਲ੍ਹੇ ਸ਼ਾਹ ਦੇ ਜੀਵਨ ਚਰਿਤਰਾਂ ਤੋਂ ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਸ ਨੇ ਗ੍ਰਹਿਸਥ ਧਾਰਨ ਕੀਤਾ ਹੋਵੇ। ਇਸ ਲਈ ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਉਹ ਸ਼ਾਹ ਹੁਸੈਨ ਵਾਂਗ ਸਾਰੀ ਉੱਮਰ ਮੁਜੱਰਦ ਹੀ ਰਿਹਾ।"[12]

ਬੁੱਲ੍ਹੇ ਸ਼ਾਹ ਆਪਣੀ ਕਵਿਤਾ ਰਾਹੀਂ 70 ਸਾਲਾਂ ਤੋਂ ਵੱਧ ਪੰਜਾਬ ਦੀ ਧਰਤੀ ਉੱਪਰ ਪ੍ਰੇਮ ਅਤੇ ਸੱਚ ਦਾ ਪ੍ਰਚਾਰ ਕਰਦਾ ਰਿਹਾ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੀ ਮੌਤ ਸੰਨ 1714 ਈਸਵੀ ਤੋਂ ਬਾਅਦ ਉਸ ਦੀ ਗੱਦੀ ਦਾ ਵਾਰਿਸ ਬਣਿਆ। ਪੰਜਾਬੀ ਸਾਹਿਤ ਦਾ ਇਹ ਮਹਾਨ ਸੂਫ਼ੀ ਸ਼ਾਇਰ ਬੁੱਲ੍ਹੇ ਸ਼ਾਹ ਸੰਨ 1758 ਈਸਵੀ ਨੂੰ ਰੱਬ ਨੂੰ ਪਿਆਰਾ ਹੋ ਗਿਆ।

## ਬੁੱਲ੍ਹੇ ਸ਼ਾਹ: ਰਚਨਾ ਸੰਸਾਰ

ਪੰਜਾਬੀ ਸੂਫ਼ੀ ਸਾਹਿਤ ਵਿਚ ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਬਹੁਤ ਲੋਕਪ੍ਰਿਯ ਹੋਈਆਂ ਹਨ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਲੋਕ ਅਖਾਣਾਂ ਦੇ ਤੌਰ ਤੇ ਪੰਜਾਬੀ ਜਨ-ਜੀਵਨ ਵਿਚ ਵਰਤੀਆਂ ਜਾਂਦੀਆਂ ਹਨ। ਬੁੱਲ੍ਹੇ ਸ਼ਾਹ ਦਾ ਕਲਾਮ ਜਿੱਥੇ ਸਾਹਿਤਿਕ ਹਲਕਿਆਂ ਵਿਚ ਖੋਜ-ਕਾਰਜਾਂ ਲਈ ਸਰਵੋਤਮ ਮੰਨਿਆ ਜਾਂਦਾ ਹੈ ਉੱਥੇ ਮਨੁੱਖੀ ਜੀਵਨ ਵਿਚ ਸਮਾਜਿਕ ਔਕੜਾਂ ਦੇ ਹੱਲ ਲਈ ਵੀ ਬੁੱਲ੍ਹੇ ਸ਼ਾਹ ਦੇ ਕਲਾਮ ਨੂੰ ਵਰਤਿਆ ਜਾਂਦਾ ਹੈ, ਕਿਉਂਕਿ ਬੁੱਲ੍ਹੇ ਸ਼ਾਹ ਦਾ ਕਲਾਮ ਕੋਈ ਪਾਰਲੌਕਿਕ ਰਹੱਸਾਂ ਦੀ ਪ੍ਰਤੀਤੀ ਨਹੀਂ ਕਰਵਾਉਂਦਾ ਬਲਕਿ ਇਹ ਤਾਂ ਸਾਧਾਰਣ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਕਾਵਿ ਹੈ ਜਿਸ ਵਿਚ ਆਮ ਮਨੁੱਖ ਦੀਆਂ ਦੁਸ਼ਵਾਰੀਆਂ ਦਾ ਚਿੱਤਰਨ ਕੀਤਾ ਗਿਆ ਹੈ;

"ਉਸ ਨੇ (ਬੁੱਲ੍ਹੇ ਸ਼ਾਹ) ਨੇ ਆਪਣੇ ਅਨੁਭਵ ਨੂੰ ਅਤੇ ਸੂਫ਼ੀ ਅਨੁਭੂਤੀ ਦੀਆਂ ਵੱਖੋ-ਵੱਖਰੀਆਂ ਅਵਸਥਾਵਾਂ ਨੂੰ ਆਪਣੀਆਂ ਕਾਫ਼ੀਆਂ ਵਿਚ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਇਸਲਾਮੀ ਸੂਫ਼ੀਵਾਦ ਦੇ ਸਰੂਪ ਦੀਆਂ ਜਿਹੜੀਆਂ ਰੇਖਾਵਾਂ ਉਸ ਦੀਆਂ ਕਾਫ਼ੀਆਂ ਵਿਚ ਮੂਰਤੀਮਾਨ ਹੋਈਆਂ ਹਨ ਉਨ੍ਹਾਂ ਵਿਚੋਂ ਇਸ਼ਕ, ਵਹਿਦਤ-ਉਲ-ਵਜ਼ੂਦ ਅਤੇ ਧਰਮਾਂ ਦੀ ਸਰਬਸਾਂਝੀ ਏਕਤਾ ਉਲੇਖਯੋਗ ਹਨ।"[13]

ਬੁੱਲ੍ਹੇ ਸ਼ਾਹ ਨੇ ਆਪਣੀਆਂ ਕਾਫ਼ੀਆਂ ਵਿਚ ਵਿਯੋਗੇ ਮਨੁੱਖ ਦੇ ਸੰਬੰਧ ਵਿਚ ਅਜਿਹੀਆਂ ਧਾਰਨਾਵਾਂ ਸਥਾਪਿਤ ਕੀਤੀਆਂ ਹਨ ਕਿ ਪਾਠਕ ਵਰਗ ਬੁੱਲ੍ਹੇ ਸ਼ਾਹ ਦੇ ਕਾਵਿ ਵਹਿਣ ਵਿਚ ਸਹਿਜੇ ਹੀ ਵਹਿੰਦਾ ਚਲਾ ਜਾਂਦਾ ਹੈ। ਉਹ ਬੁੱਲ੍ਹੇ ਸ਼ਾਹ ਦੇ ਕਾਵਿ ਨਾਲ ਆਪਣੇ ਆਪ ਨੂੰ ਬੱਝਾ ਹੋਇਆ ਮਹਿਸੂਸ ਕਰਦਾ ਹੈ। ਆਮ ਪਾਠਕ ਵਰਗ ਨੂੰ ਬੁੱਲ੍ਹੇ ਸ਼ਾਹ ਦਾ ਕਲਾਮ ਪੜ੍ਹਦਿਆਂ ਇਸ ਪ੍ਰਕਾਰ ਦਾ ਮਹਿਸੂਸ ਹੁੰਦਾ ਹੈ ਕਿ ਇਹ ਸਭ ਕੁੱਝ ਉਸ ਦੇ ਨਾਲ ਹੀ ਵਾਪਰ ਰਿਹਾ ਹੈ;

"ਬੁੱਲ੍ਹੇ ਸ਼ਾਹ ਸੂਫ਼ੀ ਲਹਿਰ ਦਾ ਸ੍ਰੇਸ਼ਠ ਸਰੋਦੀ ਕਵੀ ਹੈ। ਉਸ ਨੇ ਆਪਣੇ ਕਾਵਿ ਵਿਚ ਡੂੰਘੇ ਦਰਦ ਅਤੇ ਤੀਬਰ ਪ੍ਰੇਮ ਭਾਵਨਾਵਾਂ ਦਾ ਪ੍ਰਗਟਾ ਇੰਨੇ ਜ਼ੋਰਦਾਰ ਢੰਗ ਨਾਲ ਕੀਤਾ ਹੈ ਕਿ ਪਾਠਕ ਉਸ ਦੇ ਵੇਗ ਵਿਚ ਵਹਿ ਤੁਰਦਾ ਹੈ। ਉਸ ਨੇ ਕਾਫ਼ੀਆਂ, ਬਾਰਾਂਮਾਹ, ਅੱਠਵਾਰੇ, ਗੰਢਾਂ, ਸੀਹਰਫ਼ੀਆਂ ਅਤੇ ਦੋਹੜਿਆਂ ਦੀ ਰਚਨਾ ਕੀਤੀ ਹੈ ਪਰ ਵਧੇਰੇ ਪ੍ਰਸਿੱਧੀ ਉਸ ਨੂੰ ਕਾਫ਼ੀਆਂ ਕਾਰਨ ਹੀ ਮਿਲੀ ਹੈ।"[14]

"ਬੁੱਲ੍ਹੇ ਸ਼ਾਹ ਦੀ ਸ਼ਾਇਰੀ ਕਾਫ਼ੀਆਂ (166), ਬਾਰਾਂਮਾਹ (1), ਅੱਠਵਾਰਾ (1), ਦੋਹੜੇ (49), ਛੋਹ-ਰੰਗੀਆਂ (3), ਗੰਢਾਂ (40) ਆਦਿ ਦੀ ਸ਼ਕਲ ਵਿਚ ਮੌਜੂਦ ਹੈ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਭਗਤੀ ਦਾ ਜਜ਼ਬਾ, ਮਸਤੀ ਅਤੇ ਰੱਬੀ ਇਸ਼ਕ ਮਿਲਦਾ ਹੈ।"[15]



Sri Satguru Jagjit Singh Ji eLibrary NamdhariElibrary@gmail.com

ਡਾ. ਧਨਵੰਤ ਕੌਰ ਨੇ ਆਪਣੀ ਸੰਪਾਦਿਤ ਪੁਸਤਕ ਸੂਫ਼ੀਆਨਾ ਅਦਬੀ ਰਿਵਾਇਤ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਗਿਣਤੀ 166 ਲਿਖੀ ਹੈ ਪਰ ਸਾਡੇ ਵਿਚਾਰ ਦੇ ਮੁਤਾਬਕ ਇਹ ਗਿਣਤੀ 156 ਹੈ। ਇਸ ਲਈ ਅਸੀਂ ਡਾ. ਧਨਵੰਤ ਕੌਰ ਹੁਰਾਂ ਨਾਲ ਆਪਣੀ ਸਹਿਮਤੀ ਨਹੀਂ ਪ੍ਰਗਟਾਉਂਦੇ। ਬੁੱਲ੍ਹੇ ਸ਼ਾਹ ਦੀਆਂ ਹੁਣ ਤੱਕ ਮੌਜੂਦ ਕਾਫ਼ੀਆਂ ਦੀ ਗਿਣਤੀ ਸੂਫ਼ੀ ਸਾਹਿਤ ਦੇ ਬਹੁਤ ਸਾਰੇ ਵਿਦਵਾਨਾਂ (ਜਿਨ੍ਹਾਂ ਵਿਚ ਪ੍ਰੋ. ਗੁਲਵੰਤ ਸਿੰਘ, ਡਾ. ਅਨਵਰ ਚਿਰਾਗ਼, ਡਾ. ਨਰੇਸ਼, ਡਾ. ਗ਼ੁਲਜ਼ਾਰ ਸਿੰਘ ਕੰਗ ਆਦਿ ਸ਼ਾਮਲ ਹਨ) ਨੇ 156 ਹੀ ਮੰਨੀ ਹੈ। ਇਸ ਸੰਬੰਧੀ ਡਾ. ਅਨਵਰ ਚਿਰਾਗ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੀ ਪੁਸਤਕ ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਗਿਣਤੀ 156 ਲਿਖੀ ਹੈ;

"ਆਪ (ਬੁੱਲ੍ਹੇ ਸ਼ਾਹ) ਦੀ ਰਚਨਾ 156 ਕਾਫ਼ੀਆਂ, 3 ਸੀਹਰਫ਼ੀਆਂ, 1 ਬਾਰਾਂਮਾਹ, 1 ਅੱਠਵਾਰਾ, 49 ਦੋਹੜੇ ਅਤੇ 40 ਗੰਢਾਂ ਦੇ ਰੂਪ ਵਿਚ ਮਿਲਦੀ ਹੈ।"[16]

"ਪੰਜਾਬੀ ਵਿਚ ਬੁੱਲ੍ਹੇ ਸ਼ਾਹ ਨੇ 156 ਕਾਫ਼ੀਆਂ, 49 ਦੋਹੜੇ, 40 ਗੰਢਾਂ, 3 ਸੀਹਰਫ਼ੀਆਂ, ਇਕ ਬਾਰਾਂਮਾਹ ਅਤੇ ਇਕ ਅੱਠਵਾਰਾ/ਸਤਵਾਰਾ ਦੀ ਰਚਨਾ ਕੀਤੀ। ਉਸਨੇ ਸਮਕਾਲੀ ਸਮੇਂ ਦੇ ਸੱਭਿਆਚਾਰ ਅਤੇ ਸਮਾਜਿਕ ਪੱਖ ਦੀ ਤਸਵੀਰ ਵੀ ਆਪਣੀ ਰਚਨਾ ਵਿਚ ਪੇਸ਼ ਕੀਤੀ ਅਤੇ ਇਤਿਹਾਸਿਕ, ਮਿਥਿਹਾਸਿਕ ਹਵਾਲਿਆਂ ਦੁਆਰਾ ਆਪਣੇ ਭਾਵਾਂ ਨੂੰ ਪ੍ਰਭਾਵਸ਼ਾਲੀ ਬਣਾਇਆ।"[17]

ਬੁੱਲ੍ਹੇ ਸ਼ਾਹ ਨੇ ਪੰਜਾਬੀ ਦੇ ਨਾਲ-ਨਾਲ ਹਿੰਦੀ ਵਿਚ ਵੀ ਰਚਨਾ ਕੀਤੀ ਹੈ। ਇਸ ਗੱਲ ਦੀ ਗਵਾਹੀ ਭਰਦਿਆਂ ਡਾ. ਗ਼ੁਲਜ਼ਾਰ ਸਿੰਘ ਕੰਗ ਨੇ ਆਪਣੀ ਪੁਸਤਕ ਸੂਫ਼ੀਮਤ ਸਿਲਸਿਲੇ ਅਤੇ ਸਾਧਕ ਵਿਚ ਲਿਖਿਆ ਹੈ ਕਿ, "ਬੁੱਲ੍ਹੇ ਸ਼ਾਹ ਨੇ ਪੰਜਾਬੀ ਤੇ ਹਿੰਦੀ ਦੋਵਾਂ ਭਾਸ਼ਾਵਾਂ ਵਿਚ ਰਚਨਾ ਕੀਤੀ। ਆਪ ਨੇ ਕਾਫ਼ੀਆਂ, ਅੱਠਵਾਰੇ, ਸੀਹਰਫ਼ੀ, ਬਾਰਾਂਮਾਹ ਆਦਿ ਕਾਵਿ ਰੂਪਾਂ ਵਿਚ ਰਚਨਾ ਕੀਤੀ ਹੈ।"[18]

ਬੁੱਲ੍ਹੇ ਸ਼ਾਹ ਦਾ ਕਲਾਮ ਕਾਫ਼ੀਆਂ, ਸੀਹਰਫ਼ੀਆਂ, ਦੋਹੜੇ, ਬਾਰਾਂਮਾਹ, ਗੰਢਾਂ, ਅੱਠਵਾਰੇ ਆਦਿ ਕਾਵਿ ਰੂਪਾਂ ਵਿਚ ਲਿਖਿਆ ਮਿਲਦਾ ਹੈ। ਇਨ੍ਹਾਂ ਦਾ ਬਹੁਤ ਹਿੱਸਾ ਹੱਥ-ਲਿੱਖਤਾਂ ਵਿਚ ਤੇ ਵੱਖ-ਵੱਖ ਸਾਹਿਤ ਪ੍ਰੇਮੀਆਂ ਦੇ ਕਬਜ਼ੇ ਵਿਚ ਪਿਆ ਹੋਇਆ ਹੈ। ਪੰਜਾਬੀ ਸੂਫ਼ੀ ਸਾਹਿਤ ਦੇ ਖਜ਼ਾਨੇ ਵਿਚ ਇਸ ਸਮੇਂ ਤੱਕ ਬੁੱਲ੍ਹੇ ਸ਼ਾਹ ਦਾ ਜੋ ਕਲਾਮ ਉਪਲਬਧ ਹੈ ਉਸ ਵਿਚ 156 ਕਾਫ਼ੀਆਂ, 3 ਸ਼ੀਹਰਫ਼ੀਆਂ, 48 ਦੋਹੜੇ, ਇਕ ਬਾਰਾਂਮਾਹ, 40 ਗੰਢਾਂ ਤੇ ਇਕ ਅੱਠਵਾਰਾ ਸ਼ਾਮਲ ਹਨ। ਬੁੱਲ੍ਹੇ ਸ਼ਾਹ ਆਪਣੀਆਂ ਕਾਫ਼ੀਆਂ ਕਾਰਨ ਵਧੇਰੇ ਮਕਬੂਲ ਹੋਇਆ ਹੈ। ਉਸ ਦੀਆਂ ਕਾਫ਼ੀਆਂ ਪੰਜਾਬੀ ਜਨ-ਜੀਵਨ ਦਾ ਹਿੱਸਾ ਬਣ ਗਈਆਂ ਹਨ। ਪੰਜਾਬੀ ਲੋਕ ਜੀਵਨ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਆਮ ਬੋਲ-ਚਾਲ ਦੀ ਭਾਸ਼ਾ ਵਿਚ ਵਰਤੀਆਂ ਜਾਂਦੀਆਂ ਹਨ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਬੋਲੀ ਇਤਨੀ ਸਰਲ ਹੈ ਕਿ ਉਹ ਆਮ ਲੋਕਾਂ ਦੀ ਸਮਝ ਵਿਚ ਸਹਿਜੇ ਹੀ ਆ ਜਾਂਦੀ ਹੈ। ਇਹੀ ਬੁੱਲ੍ਹੇ ਸ਼ਾਹ ਦੀ ਲੋਕਪ੍ਰਿਯਤਾ ਦਾ ਕਾਰਨ ਹੈ। ਇਸ ਤੋਂ ਇਲਾਵਾ ਬੁੱਲ੍ਹੇ ਸ਼ਾਹ ਦੀ ਲੋਕਪ੍ਰਿਯਤਾ ਦਾ ਕਾਰਨ ਇਹ ਵੀ ਮੰਨਿਆਂ ਜਾਂਦਾ ਹੈ ਕਿ ਉਸ ਦਾ ਕਾਵਿ ਆਮ ਮਨੁੱਖ ਦੇ ਜੀਵਨ ਦੇ ਨੇੜੇ ਹੈ। ਉਹ ਆਮ ਮਨੁੱਖ ਦੇ ਜੀਵਨ ਵਿਚ ਘਟਿਤ ਹੋਣ ਵਾਲੀਆਂ ਘਟਨਾਵਾਂ ਨੂੰ ਆਪਣੇ ਕਲਾਮ ਵਿਚ ਬਿਆਨ ਕਰਦਾ ਹੈ। ਇਸ ਲਈ ਬੁੱਲ੍ਹੇ ਸ਼ਾਹ ਨਾਲ ਪੰਜਾਬੀ ਸੂਫ਼ੀ ਕਾਵਿ ਸਿਖ਼ਰ ਤੇ ਪਹੁੰਚ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਪੰਜਾਬੀ ਸੂਫ਼ੀ ਕਵਿਤਾ ਵਿਚ ਮਨੁੱਖ ਦਾ ਪਰਮਾਤਮਾ ਨਾਲੋਂ ਵਿਛੜੇ ਹੋਣਾ ਵਿਯੋਗ ਕਹਾਉਂਦਾ ਹੈ ਪਰ ਇਸ ਵਿਯੋਗ ਨੂੰ ਸਮਝਣਾ ਅਤੇ ਜਾਣਨਾ ਕਿਸੇ ਵਿਰਲੇ ਵਿਅਕਤੀ ਦੇ ਵੱਸ ਦੀ ਗੱਲ ਹੈ। ਇਹਨਾਂ ਵਿਰਲੇ ਵਿਅਕਤੀਆਂ ਵਿਚੋਂ ਬੁੱਲ੍ਹੇ ਸ਼ਾਹ ਇਕ ਅਜਿਹਾ ਸਾਧਕ ਹੈ ਜਿਸ ਨੇ ਵਿਯੋਗ ਨੂੰ ਕੇਵਲ ਸਮਝਿਆ ਹੀ ਨਹੀਂ ਬਲਕਿ ਇਸ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਵੀ ਹੈ ਅਤੇ ਇਸ ਵਿਯੋਗ ਨੂੰ ਆਪਣੀ ਸ਼ਾਇਰੀ ਵਿਚ ਪੇਸ਼ ਵੀ ਕੀਤਾ ਹੈ।

ਪੰਜਾਬੀ ਸੂਫ਼ੀ ਕਵਿਤਾ ਸਾਰੀ ਹੀ ਵਿਯੋਗ ਨਾਲ ਸੰਬੰਧ ਕਵਿਤਾ ਹੈ। ਸੂਫ਼ੀ ਮਾਰਗ ਵਿਯੋਗੇ ਮਨੁੱਖਾਂ ਦਾ ਮਾਰਗ ਹੈ। ਇਸ ਮਾਰਗ ਤੇ ਤੁਰਨ ਵਾਲੇ ਸਾਧਕ ਨੂੰ ਪਰਮਾਤਮਾ ਨਾਲੋਂ ਪਏ ਹੋਏ ਵਿਯੋਗ ਦਾ ਗਿਆਨ ਹੋ ਜਾਂਦਾ ਹੈ ਜਾਂ ਦੂਜੇ ਸ਼ਬਦਾਂ ਵਿਚ ਜਿਸ ਵਿਅਕਤੀ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦੀ ਸੋਝੀ ਆ ਜਾਂਦੀ ਹੈ ਉਸ ਵਿਅਕਤੀ ਦੀ ਆਤਮਾ ਬਾਹਰੀ ਭੇਖ ਛੱਡ ਕੇ ਸੂਫ਼ੀ ਰੰਗ ਵਿਚ ਰੰਗੀ ਜਾਂਦੀ ਹੈ। ਇਹ ਸੋਝੀ ਆਉਣ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਆਪਣੀ ਭਟਕਣ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਸ ਵਿਅਕਤੀ ਦੇ ਆਤਮਾ ਬਾਹਰੀ ਭੇਖ ਛੱਡ ਕੇ ਸੂਫ਼ੀ ਰੰਗਤ ਦੀ ਹੋ ਜਾਂਦੀ ਹੈ;

"ਜਦ ਜੀਵ ਨੂੰ ਆਪੇ ਦੀ ਸੋਝੀ ਹੁੰਦੀ ਹੈ ਕਿ ਮੈਂ ਏਨਾ ਸਮਾਂ ਵਿਅਰਥ ਗੁਆਇਆ ਹੈ ਤਾਂ ਫਿਰ ਉਸ ਦੀ ਤਲਾਸ਼ ਬਾਹਰਮੁਖੀ ਨਹੀਂ ਸਗੋਂ ਅੰਦਰਮੁਖੀ ਹੁੰਦੀ ਹੈ। ਉਸ ਨੂੰ ਖ਼ੁਦ ਆਪਣੀ ਭਟਕਣ ਦਾ ਅਹਿਸਾਸ ਹੁੰਦਾ ਹੈ। ਸੋਝੀ ਵਿਅਕਤੀ ਨੂੰ ਆਪਣੀ ਭਟਕਣ ਦੇ ਅਹਿਸਾਸ ਵਜੋਂ ਹੀ ਆਉਂਦੀ ਹੈ।"[19]

ਬੁੱਲ੍ਹੇ ਸ਼ਾਹ ਦੀ ਸ਼ਾਇਰੀ ਦੇ ਆਰ-ਪਾਰ ਇਸ਼ਕ ਦੀ ਤਿੱਖੀ ਲੋਚਾ, ਵਿਯੋਗ ਦਾ ਸਮਾਂ ਅਤੇ ਬਿਰਹਾ ਦੀ ਤੜਪ ਫੈਲੀ ਹੋਈ ਹੈ। ਉਹ ਜਿੱਥੇ ਆਪਣੀ ਸ਼ਾਇਰੀ ਵਿਚ ਪਰਮਾਤਮਾ ਨਾਲੋਂ ਵਿਯੋਗ ਧਾਰਨ ਕੀਤੇ ਮਨੁੱਖਾਂ ਬਾਰੇ ਗੱਲ ਕਰਦਾ ਹੈ ਉੱਥੇ ਉਹ ਪ੍ਰਭੂ ਮਿਲਾਪ ਦੇ ਚਿੱਤਰ ਵੀ ਆਪਣੇ ਕਲਾਮ ਵਿਚ ਸਿਰਜਦਾ ਹੈ। ਇਹ ਮਿਲਾਪ ਦਾ ਵਰਣਨ ਨਾ ਤਾਂ ਬਾਬਾ ਫ਼ਰੀਦ ਦੇ ਕਲਾਮ ਵਿਚ ਮਿਲਦਾ ਹੈ ਅਤੇ ਨਾ ਹੀ ਸ਼ਾਹ ਹੁਸੈਨ ਦੇ ਕਲਾਮ ਵਿਚ। ਬੁੱਲ੍ਹੇ ਸ਼ਾਹ ਤੋਂ ਪਹਿਲਾਂ ਸੂਫ਼ੀ ਕਵੀਆਂ ਨੇ ਕੇਵਲ ਵਿਯੋਗ ਨੂੰ ਆਪਣੀ ਕਵਿਤਾ ਦਾ ਸ਼ਿੰਗਾਰ ਬਣਾਇਆ ਹੈ ਪਰ ਬੁੱਲ੍ਹੇ ਸ਼ਾਹ ਨੇ ਵਿਯੋਗ ਦੇ ਨਾਲ-ਨਾਲ ਪ੍ਰਭੂ ਮਿਲਾਪ ਨੂੰ ਵੀ ਆਪਣੇ ਕਲਾਮ ਵਿਚ ਅਹਿਮ ਸਥਾਨ ਦਿੱਤਾ ਹੈ। ਬੁੱਲ੍ਹੇ ਸ਼ਾਹ ਖ਼ੁਦ ਪਰਮਾਤਮਾ ਨਾਲੋਂ ਵਿਯੋਗੇ ਮਨੁੱਖ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਉਹ ਕਹਿੰਦਾ ਕਿ ਪਰਮਾਤਮਾ ਨੇ ਪੂਰਬਲੇ ਜਨਮਾਂ ਦੇ ਮੰਦੇ ਕਰਮਾਂ ਕਰਕੇ ਉਸ ਨੂੰ ਆਪਣੇ ਨਾਲੋਂ ਵਿਯੋਗ ਕੇ ਇਸ ਨਾਸ਼ਮਾਨ ਸੰਸਾਰ ਵਿਚ ਭੇਜਿਆ ਹੈ। ਬੁੱਲ੍ਹੇ ਸ਼ਾਹ ਦੇ ਅਨੁਸਾਰ ਇਹ ਸੰਸਾਰ ਦੁੱਖਾਂ ਦਾ ਘਰ ਹੈ ਅਤੇ ਜਿਸ ਮਨੁੱਖ ਨੇ ਇਸ ਨਾਸ਼ਮਾਨ ਸੰਸਾਰ ਵਿਚ ਜਨਮ ਲੈ ਲਿਆ ਹੈ ਉਹ ਮਨੁੱਖ ਪ੍ਰਭੂ ਨਾਲੋਂ ਵਿਯੋਗਿਆ ਗਿਆ ਹੈ। ਇਸ ਵਿਯੋਗ ਦੀ ਅਵਸਥਾ ਵਿਚ ਬੁੱਲ੍ਹੇ ਸ਼ਾਹ ਦੀ ਜਿੰਦ ਤਰ੍ਹਾਂ-ਤਰ੍ਹਾਂ ਦੇ ਦੁੱਖ ਹੰਢਾ ਰਹੀ ਹੈ। ਬੁੱਲ੍ਹੇ ਸ਼ਾਹ ਜੀਵ ਰੂਪੀ ਇਸਤਰੀ ਨੂੰ ਕਹਿੰਦਾ ਹੈ ਕਿ ਹੁਣ ਸਮਾਂ ਤੇਰੇ ਸੌਣ ਦਾ ਨਹੀਂ ਹੈ ਬਲਕਿ ਇਹ ਸਮਾਂ ਤਾਂ ਪ੍ਰੀਤਮ ਨੂੰ ਪਾਉਣ ਦਾ ਹੈ। ਉਹ ਕਹਿੰਦਾ ਹੈ ਕਿ ਜੇਕਰ ਇਹ ਸਮਾਂ ਵੀ ਜੀਵਾਤਮਾ ਨੇ ਵਿਅਰਥ ਗੁਆ ਲਿਆ ਤਾਂ ਫਿਰ ਸਿਵਾਏ ਹੱਥ ਮਲ੍ਹਣ ਦੇ ਹੋਰ ਕੋਈ ਚਾਰਾ ਨਹੀਂ ਰਹੇਗਾ;



Sri Satguru Jagjit Singh Ji eLibrary NamdhariElibrary@gmail.com

"ਤੂੰ ਮੁੱਢੋਂ ਬਹੁਤ ਕੁਚੱਜੀ ਸੈਂ, ਨਿਰਲੱਜਿਆਂ ਦੀ ਨਿਰਲੱਜੀ ਸੈਂ।
ਤੂੰ ਖਾ ਖਾ ਖਾਣੇ ਰੱਜੀ ਸੈਂ, ਇਹ ਭੋਰਾ ਤੈਨੂੰ ਸਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।"[20]

ਬੁੱਲ੍ਹੇ ਸ਼ਾਹ ਆਪਣੀ ਜਿੰਦ ਨੂੰ ਸੰਬੋਧਨ ਹੁੰਦਿਆਂ ਕਹਿੰਦਾ ਹੈ ਕਿ, 'ਹੇ ਮੇਰੀਏ ਜਿੰਦੇ ਤੂੰ ਸ਼ੁਰੂ ਤੋਂ ਹੀ ਮੰਦੇ ਕੰਮਾਂ ਵਿਚ ਰੁਝੀ ਹੋਈ ਸੀ ਇਸ ਲਈ ਤੈਨੂੰ ਆਪਣੇ ਆਪੇ ਦੀ ਕੋਈ ਪਛਾਣ ਨਹੀਂ ਰਹੀ। ਇਸ ਸਮੇਂ ਤੂੰ ਆਪਣੀ ਬੇਸ਼ਰਮੀ ਨੂੰ ਛੱਡ ਕੇ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਆਪਣੇ ਚਿੱਤ ਨੂੰ ਲਗਾ ਲੈ ਤਾਂ ਕਿ ਤੇਰਾ ਪਾਰ-ਉਤਾਰਾ ਹੋ ਜਾਏ।' ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਬੁੱਲ੍ਹੇ ਸ਼ਾਹ ਦੇ ਵਿਸ਼ਵਾਸ ਅਨੁਸਾਰ ਉਹ ਆਪਣੇ ਪੂਰਬਲੇ ਜਨਮ ਦੇ ਮਾੜੇ ਕਰਮਾਂ ਕਾਰਨ ਹੀ ਇਸ ਨਾਸ਼ਮਾਨ ਸੰਸਾਰ ਵਿਚ ਆਪਣੇ ਪ੍ਰੀਤਮ-ਪ੍ਰਭੂ ਨਾਲੋਂ ਵਿਯੋਗ ਦਾ ਸੰਤਾਪ ਹੰਢਾ ਰਿਹਾ ਹੈ। ਪਰਮਾਤਮਾ ਨਾਲੋਂ ਪਿਆ ਇਹ ਵਿਯੋਗ ਬੁੱਲ੍ਹੇ ਸ਼ਾਹ ਨੂੰ ਤੜਪਾ ਰਿਹਾ ਹੈ ਕਿਉਂਕਿ ਇਸ ਵਿਯੋਗ ਵਿਚੋਂ ਬਿਰਹਾ ਨੇ ਜਨਮ ਲੈ ਲਿਆ ਹੈ। ਬਿਰਹਾ ਦੀ ਤਿੱਖੀ ਤਲਵਾਰ ਨੇ ਬੁੱਲ੍ਹੇ ਸ਼ਾਹ ਦੇ ਸਰੀਰ ਅਤੇ ਆਤਮਾ ਨੂੰ ਜ਼ਖ਼ਮੀ ਕਰ ਦਿੱਤਾ ਹੈ। ਬਿਰਹਾ ਉਹ ਤੜਪ ਹੈ ਜੋ ਬੁੱਲ੍ਹੇ ਸ਼ਾਹ ਦੇ ਪ੍ਰਭੂ-ਪ੍ਰੇਮ ਦੀ ਪ੍ਰਤੀਕ ਹੈ ਕਿਉਂਕਿ ਕਿਸੇ ਵਿਅਕਤੀ ਦੇ ਅੰਤਰ-ਮਨ ਵਿਚ ਬਿਰਹਾ ਉਸ ਵੇਲੇ ਤੱਕ ਉਤਪੰਨ ਨਹੀਂ ਹੋ ਸਕਦੀ ਜਦੋਂ ਤੱਕ ਉਸ ਦਾ ਆਪਣੇ ਪ੍ਰੀਤਮ ਨਾਲ ਪ੍ਰੇਮ ਨਾ ਹੋਵੇ। ਬੁੱਲ੍ਹੇ ਸ਼ਾਹ ਦੇ ਅਨੁਸਾਰ ਪ੍ਰਭੂ ਨਾਲੋਂ ਵਿਯੋਗ ਹਰ ਮਨੁੱਖ ਹੰਢਾ ਰਿਹਾ ਹੈ ਪਰ ਬਿਰਹਾ ਕਿਸੇ ਵਿਰਲੇ ਵਿਅਕਤੀ ਦੇ ਹਿੱਸੇ ਆਉਂਦੀ ਹੈ। ਬਿਰਹਾ ਅਸਲ ਵਿਚ ਮਨੁੱਖ ਦੇ ਜਾਗ੍ਰਤ ਹੋਣ ਦਾ ਅਹਿਸਾਸ ਹੈ। ਵਿਯੋਗ ਦੀ ਅਵਸਥਾ ਵਿਚ ਜਦੋਂ ਸਾਧਕ ਦੇ ਮਨ ਵਿਚ ਇਹ ਖਿਆਲ ਆਉਂਦਾ ਹੈ ਕਿ ਉਸਦਾ ਅਸਲ ਟਿਕਾਣਾ ਤਾਂ ਪ੍ਰਭੂ ਦਾ ਘਰ ਹੈ ਤਾਂ ਉਸ ਸਾਧਕ ਦੇ ਮਨ ਵਿਚ ਪ੍ਰਭੂ ਪ੍ਰਤੀ ਜਿਹੜਾ ਪ੍ਰੇਮ ਉਤਪੰਨ ਹੁੰਦਾ ਹੈ ਅਤੇ ਇਸ ਪ੍ਰੇਮ ਵਿਚ ਉਹ ਜਿਹੜਾ ਕਸ਼ਟ ਝੱਲਦਾ ਹੈ ਉਹ ਬਿਰਹਾ ਅਖਵਾਉਂਦਾ ਹੈ;

"ਬੁੱਲ੍ਹੇ ਸ਼ੌਹ ਮੈਂ ਤੇਰੀ ਬਰਦੀ ਹਾਂ, ਤੇਰਾ ਮੁੱਖ ਵੇਖਣ ਨੂੰ ਮਰਦੀ ਹਾਂ,
ਨਿੱਤ ਸੌ ਸੌ ਮਿੰਨਤਾਂ ਕਰਦੀ ਹਾਂ, ਹੁਣ ਬੈਠ ਪਿੰਜਰ ਵਿਚ ਧੱਸ ਕਰ ਜੀ,
ਬੱਸ ਕਰ ਜੀ ਹੁਣ ਬੱਸ ਕਰ ਜੀ।"[21]

ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੈਂ ਇਸ ਵਿਯੋਗ ਦੀ ਅਵਸਥਾ ਤੋਂ ਆਪਣੀ ਜਿੰਦ ਨੂੰ ਬਚਾਉਣਾ ਚਾਹੁੰਦਾ ਹਾਂ ਕਿਉਂਕਿ ਇਸ ਅਵਸਥਾ ਵਿਚੋਂ ਲੰਘਦਿਆਂ ਮੇਰੇ ਸਰੀਰ ਅਤੇ ਮਨ ਨੂੰ ਬਹੁਤ ਤਕਲੀਫ਼ ਹੋ ਰਹੀ ਹੈ। ਪਰਮਾਤਮਾ ਨਾਲੋਂ ਪਏ ਹੋਏ ਇਸ ਵਿਯੋਗ ਦੇ ਕਾਰਨ ਮੇਰੇ ਮਨ ਵਿਚ ਬਿਰਹਾ ਦੀ ਪੀੜ ਉਤਪੰਨ ਹੋ ਗਈ ਹੈ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੈਂ ਵਿਯੋਗ ਰੂਪੀ ਪਿੰਜਰੇ ਵਿਚ ਆਪਣੀ ਜਿੰਦ ਨੂੰ ਬਹੁਤੀ ਦੇਰ ਤੱਕ ਕੈਦ ਨਹੀਂ ਰੱਖ ਸਕਦਾ। ਇਸ ਵਿਯੋਗ ਕਾਰਨ ਮੇਰੀ ਆਤਮਾ ਵਿਆਕੁਲ ਹੋ ਗਈ ਹੈ। ਉਹ ਆਪਣੇ ਪ੍ਰੀਤਮ ਪਿਆਰੇ ਸਾਹਮਣੇ ਅਰਜ਼ੋਈਆਂ ਕਰਦਾ ਹੈ ਕਿ ਮੇਰੇ ਪ੍ਰੀਤਮ ਪਿਆਰੇ ਤੁਸੀਂ ਮੇਰੇ ਇਹਨਾਂ ਦੁੱਖਾਂ ਨੂੰ ਆਪਣੇ ਮਿਲਾਪ ਦੁਆਰਾ ਸਮਾਪਤ ਕਰੋ;

"ਆ ਮਿਲ ਯਾਰ ਸਾਰ ਲੈ ਮੇਰੀ, ਮੇਰੀ ਜਾਨ ਦੁੱਖਾਂ ਨੇ ਘੇਰੀ।
ਅੰਦਰ ਖ਼ਾਬ ਵਿਛੋੜਾ ਹੋਇਆ, ਖ਼ਬਰ ਨਾ ਪੈਂਦੀ ਤੇਰੀ।"[22]

ਬੁੱਲ੍ਹੇ ਸ਼ਾਹ ਨੂੰ ਵਿਯੋਗ ਦੀ ਅਵਸਥਾ ਕਾਰਨ ਅਸਹਿ ਅਤੇ ਅਕਹਿ ਦੁੱਖ ਭੋਗਣਾ ਪੈ ਰਿਹਾ ਹੈ। ਉਹ ਵਿਯੋਗ ਦੇ ਸਮੇਂ ਦੇ ਨਾਲ-ਨਾਲ ਪ੍ਰੀਤਮ ਦੀ ਬਿਰਹਾ ਦਾ ਸੰਤਾਪ ਵੀ ਆਪਣੇ ਤਨ ਅਤੇ ਮਨ ਉੱਤੇ ਹੰਢਾ ਰਿਹਾ ਹੈ। ਬੁੱਲ੍ਹੇ ਸ਼ਾਹ ਦਾ ਆਪਣੇ ਪ੍ਰੀਤਮ ਪ੍ਰਤੀ ਪ੍ਰੇਮ ਬਿਰਹਾ ਦੀ ਅਗਨੀ ਨੂੰ ਹੋਰ ਜਿਆਦਾ ਪ੍ਰਚੰਡ ਕਰ ਰਿਹਾ ਹੈ। ਉਹ ਆਪਣੇ ਮਾਹੀ ਯਾਰ ਨੂੰ ਪਾਉਣ ਲਈ



Sri Satguru Jagjit Singh Ji eLibrary NamdhariElibrary@gmail.com

ਬਿਰਹਾ ਦੀ ਭੱਠੀ ਵਿਚ ਭੁੱਜ ਰਿਹਾ ਹੈ। ਬੁੱਲ੍ਹੇ ਸ਼ਾਹ ਨੇ ਬਾਰਾਂਮਾਹ ਵਿਚ ਵੀ ਆਪਣੀ ਬਿਰਹਾ ਵਿੰਨੀ ਅਵਸਥਾ ਦਾ ਵਰਣਨ ਕੀਤਾ ਹੈ। ਉਸ ਦੇ ਬਾਰਾਮਾਂਹ ਵਿਚ ਬਿਰਹਾ ਦੀ ਤੜਪ ਅਤੇ ਮਿਲਣ ਦੀ ਤਾਂਘ ਬੜੇ ਹੀ ਪ੍ਰਬਲ ਰੂਪ ਵਿਚ ਦੇਖਣ ਨੂੰ ਮਿਲਦੇ ਹਨ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਇਸ ਅੱਸੂ ਦੇ ਮਹੀਨੇ ਵਿਚ ਮੈਂ ਆਪਣੇ ਮਹਿਬੂਬ ਨੂੰ ਮਿਲਣ ਲਈ ਸੰਦੇਸ਼ ਲਿਖ ਰਿਹਾ ਹਾਂ। ਉਹ ਕਹਿੰਦਾ ਹੈ ਕਿ ਹੇ ਮੇਰੇ ਪ੍ਰੀਤਮ ਤੁਸੀਂ ਇਸ ਮਹੀਨੇ ਵਿਚ ਮੈਥੋਂ ਦੂਰ ਕਿਉਂ ਹੋ ਗਏ ਹੋ? ਬੁੱਲ੍ਹੇ ਸ਼ਾਹ ਜੀਵਾਤਮਾ ਦੇ ਰੂਪ ਵਿਚ ਅਰਜ਼ੋਈਆਂ ਕਰਦਾ ਹੈ ਕਿ ਪ੍ਰੀਤਮ ਦੇ ਚਲੇ ਜਾਣ ਤੋਂ ਬਾਅਦ ਮੇਰਾ ਇਹ ਸਰੀਰ ਕੇਵਲ ਜਿੰਦਾ ਲਾਸ਼ ਬਣ ਕੇ ਰਹਿ ਗਿਆ ਹੈ। ਇਸ ਸਰੀਰ ਵਿਚ ਹੁਣ ਪ੍ਰਾਣ ਮੇਰੇ ਪ੍ਰੀਤਮ ਦਾ ਮਿਲਾਪ ਹੀ ਪਾ ਸਕਦਾ ਹੈ;

"ਅੱਸੂ ਲਿਖੂੰ ਸੰਦੇਸਵਾ ਵਾਚੇ ਮੋਰਾ ਪੀ।
ਗਮਨ ਕੀਆ ਤੁਮ ਕਾਹੇ ਕੋ ਜੋ ਕਲਮਲ ਆਇਆ ਜੀ।
ਅੱਸੂ ਅਸਾਂ ਤੁਸਾਡੀ ਆਸ ਸਾਡੀ ਜਿੰਦ ਤੁਹਾਡੇ ਪਾਸ,
ਜਿਗਰ ਮੁੱਢ ਪ੍ਰੇਮ ਦੀ ਲਾਸ਼ ਦੁੱਖਾਂ ਹੱਡ ਸੁਕਾਏ ਮਾਸ,
ਸੂਲਾਂ ਸਾੜੀਆਂ।
ਸੂਲਾਂ ਸਾੜੀ ਰਹੀ ਬੇਹਾਲ ਮੁੱਠੀ ਤਦੋਂ ਨਾ ਗਈਆਂ ਨਾਲ,
ਉਲਟੀ ਪ੍ਰੇਮ ਨਗਰ ਦੀ ਚਾਲ ਬੁੱਲ੍ਹਾ ਸ਼ਹੁ ਦੀ ਕਰਸਾਂ ਭਾਲ
ਪਿਆਰੇ ਮਾਰੀਆਂ।"[23]

"ਪ੍ਰੇਮ ਦੇ ਅਨੁਭਵ ਦੇ ਵਿਅਕਤੀਗਤ ਅਤੇ ਇਕੱਤਵ ਤੇ ਆਤਮਾ ਦੀ ਅੰਨ੍ਹੀ ਰਾਤ ਦੀ ਯਾਤਰਾ ਆਰੰਭ ਹੁੰਦੀ ਹੈ। ਜੇ ਹਰ ਕੋਈ ਹਰ ਕਿਸੇ ਨੂੰ ਸਵੀਕਾਰ ਕਰ ਸਕੇ ਤਾਂ ਕਿਸੇ ਨੂੰ ਕਿਸੇ ਦੀ ਵੀ ਕੋਈ ਆਵੱਸ਼ਕਤਾ ਨਾ ਰਹੇ। ਇੱਥੇ ਅੱਪੜ ਕੇ ਮਨੁੱਖ ਇਕੋ ਇਕ ਪ੍ਰੇਮ ਵਿਚ ਜਦੋਂ ਆਪਣੇ ਭਵਿੱਖ ਬਾਰੇ ਸਜੱਗ ਹੁੰਦਾ ਹੈ ਤਾਂ ਸੰਸਿਆਂ ਤੇ ਸੰਦੇਹਾਂ, ਸਹਿਮਾਂ ਤੇ ਤੌਖਲਿਆਂ ਦਾ ਸ਼ਿਕਾਰ ਬਣਦਾ ਹੈ। ਪ੍ਰੇਮ ਦੁਆਰਾ ਚਲਿਤ ਹੋ ਚੁਕੀ ਆਤਮਾ ਆਪਣੀ ਪੂਰਤੀ ਸੰਬੰਧੀ ਸੰਦੇਹਮਾਨ ਹੋ ਕੇ ਅਟਕਦੀ, ਖਵੋਂਦੀ ਅਤੇ ਆਤਮ-ਚਿੰਤਨ ਤੇ ਇਸੇ ਕਾਰਨ ਆਤਮ-ਸੰਤਾਪ ਵਿਚ ਗ੍ਰਸਤ ਹੁੰਦੀ ਹੈ। ਇਸ ਪੜਾਅ ਤੇ ਨਾ ਸਿਰਫ਼ ਬਿਰਹਾ ਜਾਂ ਵਿਯੋਗ ਹੀ ਜਾਗਦਾ ਹੈ ਸਗੋਂ ਪ੍ਰੇਮ-ਮਾਰਗ ਦੇ ਰਾਹ ਦੀਆਂ ਦੁਰਗਮਤਾਵਾਂ ਤੇ ਕਠਿਨਾਈਆਂ ਵੀ ਸਾਹਮਣੇ ਆਉਂਦੀਆਂ ਹਨ। ਨਿਸ਼ਚਤਤਾ ਅਨਿਸ਼ਚੈ ਵਿਚ ਦ੍ਰਿੜ੍ਹਾ ਦੁਚਿਤੀ ਵਿਚ ਅਤੇ ਆਤਮ-ਚੇਤਨਾ ਸੋਜ਼ ਜਾਂ ਪੀੜ੍ਹਾ ਵਿਚ ਵਟ ਜਾਂਦੇ ਹਨ। ਇਹ ਰੰਗ ਬੁੱਲ੍ਹੇ ਸ਼ਾਹ ਦੀ ਰਚਨਾ ਦਾ ਪ੍ਰਧਾਨ ਰੰਗ ਹੈ।"[24]

ਸੂਫ਼ੀ ਸਾਧਕਾਂ ਦਾ ਪਰਮਾਤਮਾ ਨਾਲੋਂ ਵਿਯੋਗ ਐਸਾ ਹੈ ਕਿ ਜਾਗ੍ਰਤ ਸੂਫ਼ੀ ਸਾਧਕਾਂ ਨੂੰ ਸਾਰਾ ਸੰਸਾਰ ਦਰਿਆਵਾਂ ਦੀਆਂ ਠਾਠਾਂ ਵਾਂਗ ਪ੍ਰਤੀਤ ਹੁੰਦਾ ਹੈ। ਉਹਨਾਂ ਨੂੰ ਇਸ ਨਾਸ਼ਮਾਨ ਸੰਸਾਰ ਦੇ ਘੁੰਮਣਘੇਰ ਵਿਚ ਆਪਣੀ ਜੀਵਾਤਮਾ ਦਾ ਅਸਤਿੱਤਵ ਗੁਆਚਦਾ ਪ੍ਰਤੀਤ ਹੁੰਦਾ ਹੈ। ਸੂਫ਼ੀ ਸਾਧਕਾਂ ਦੇ ਅਨੁਸਾਰ ਪਰਮਾਤਮਾ ਹੀ ਇਕ ਅਜਿਹੀ ਸ਼ਕਤੀ ਹੈ ਜੋ ਜੀਵਾਤਮਾ ਨੂੰ ਆਪਣੇ ਲੜ ਲਾ ਕੇ ਵਿਯੋਗ ਦੀ ਪੀੜਾ ਨੂੰ ਮਿਟਾ ਸਕਦੀ ਹੈ;

"ਮੈਂਗਲ ਮੈਂਗਲ ਪਾਣੀ ਆ ਗਿਆ, ਲਬਾਂ ਤੇ ਆਵਣਹਾਰ।
ਮੈਂ ਘੁੰਮਣਘੇਰਾਂ ਘੇਰੀਆਂ, ਉਹ ਵੇਖੇ ਖਲਾ ਕਿਨਾਰ।
ਮੰਗਲ ਬੰਦੀਵਾਨ ਦਿਲਾਂ ਦੇ, ਛੱਡੇ ਸ਼ਹੁ ਦਰਿਆਵਾਂ ਪਾਂਦੇ।
ਕੱਪੜ ਕੜਕ ਦੁਪਹਿਰੀ ਖਾਂਦੇ,
ਵਲ ਵਲ ਗੋਤਿਆਂ ਦੇ ਮੂੰਹ ਆਂਦੇ, ਮਾਰੇ ਯਾਰ ਦੇ।"[25]



Sri Satguru Jagjit Singh Ji eLibrary NamdhariElibrary@gmail.com

ਬੁੱਲ੍ਹੇ ਸ਼ਾਹ ਦਾ ਕਲਾਮ ਰੱਬੀ-ਇਸ਼ਕ, ਵਿਯੋਗ ਅਤੇ ਬਿਰਹਾ ਦੀ ਪੀੜ ਰਾਹੀਂ ਵਿਸਥਾਰ ਪ੍ਰਾਪਤ ਕਰਦਾ ਹੈ। ਉਹ ਇਲਮ (ਗਿਆਨ) ਨੂੰ ਇਸ਼ਕ ਦੇ ਰਾਹ ਦਾ ਬੰਧਨ ਮੰਨਦਾ ਹੈ। ਉਸਦਾ ਮੰਨਣਾ ਹੈ ਕਿ ਜਿੱਥੇ ਇਲਮ ਹੈ ਉੱਥੇ ਇਸ਼ਕ ਨਹੀਂ ਹੋ ਸਕਦਾ ਕਿਉਂਕਿ ਗਿਆਨਵਾਨ ਵਿਅਕਤੀ ਆਪਣੀ ਸੁੱਧ-ਬੁੱਧ ਗੁਆ ਕੇ ਆਪਣੇ ਪ੍ਰੀਤਮ ਨਾਲ ਅੰਤਾਂ ਦਾ ਇਸ਼ਕ ਨਹੀਂ ਕਮਾ ਸਕਦਾ। ਉਸ ਵਿਅਕਤੀ ਨੂੰ ਸੰਸਾਰਕ ਲੋਕਾਂ ਦਾ ਭਉ ਬਣਿਆ ਰਹਿੰਦਾ ਹੈ। ਉਹ ਸਮਾਜ ਵਿਚ ਆਪਣੀ ਇੱਜ਼ਤ ਦਾ ਖਾਸ ਖਿਆਲ ਰੱਖਦਾ ਹੈ। ਦੂਜੇ ਪਾਸੇ ਜਿਸ ਵੇਲੇ ਰੱਬੀ-ਇਸ਼ਕ ਜਾਗਦਾ ਹੈ ਤਾਂ ਤਨ ਮਨ ਅੰਦਰ ਇਕ ਟੀਸ ਜਿਹੀ ਉੱਠਦੀ ਹੈ ਕਿ ਸਾਧਕ ਨੂੰ ਦੀਨ-ਦੁਨੀਆਂ ਦਾ ਕੋਈ ਗਿਆਨ ਨਹੀਂ ਰਹਿੰਦਾ। ਉਹ ਬੇਪਰਵਾਹ ਹੋ ਕੇ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਆਪਣਾ ਸਭ ਕੁਝ ਕੁਰਬਾਨ ਕਰ ਦਿੰਦਾ ਹੈ;

"ਪ੍ਰਭੂ-ਮਿਲਾਪ ਲਈ ਬੁੱਲ੍ਹੇ ਸ਼ਾਹ ਇਲਮ ਨੂੰ ਇਸ਼ਕ ਨਾਲੋਂ ਪਿੱਛੇ ਜਾਂਦਾ ਹੈ। ਕਿਤਾਬ-ਗਿਆਨ ਦੇ ਚਾਣਨ ਨਾਲ ਜੀਵ ਦੇ ਹਿਰਦੇ ਵਿਚ ਚਾਣਨ ਹੋਣ ਦੀ ਬਜਾਏ ਹਨੇਰਾ ਹੁੰਦਾ ਹੈ। ਜੀਵ ਹਉਮੈ ਵਿਚ ਆ ਜਾਂਦਾ ਹੈ। ਹਉਮੈ ਨੂੰ ਮਾਰਨ ਨਾਲ ਹੀ ਤਾਂ ਰੱਬ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ-ਮੇਲ ਇਸ਼ਕ ਦੇ ਰਸਤੇ'ਤੇ ਚੱਲ ਕੇ ਹੀ ਸੰਭਵ ਹੈ।"[26]

ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਇਸ ਕਦਰ ਦੀਵਾਨਾ ਹੋ ਗਿਆ ਹੈ ਕਿ ਉਸ ਨੂੰ ਮੱਕੇ ਦੀ ਯਾਤਰਾ ਦਾ ਕੋਈ ਲਾਭ ਨਜ਼ਰ ਨਹੀਂ ਆ ਰਿਹਾ। ਉਹ ਆਪਣੀ ਜਿੰਦ ਨੂੰ ਹੀਰ ਸਲੇਟੀ ਦਾ ਚੋਲਾ ਪਹਿਨਾ ਕੇ ਪਰਮਾਤਮਾ ਨੂੰ ਰਾਂਝੇ ਦੇ ਰੂਪ ਵਿਚ ਸਿਰਜ ਕੇ, ਰਾਂਝੇ ਦੇ ਦੇਸ ਤਖ਼ਤ ਹਜ਼ਾਰੇ ਜਾਣ ਲਈ ਤਰਲੇ ਕਰਦਾ ਹੈ। ਉਹ ਕਹਿੰਦਾ ਹੈ ਕਿ ਲੋਕ ਤਾਂ ਕਾਅਬੇ ਦੀ ਪੂਜਾ ਕਰਦੇ ਹਨ ਪਰ ਮੈਂ ਆਪਣੇ ਪ੍ਰੀਤਮ-ਪਿਆਰੇ ਨੂੰ ਪਿਆਰ ਕਰਦਾ ਹਾਂ। ਬੁੱਲ੍ਹੇ ਸ਼ਾਹ ਅੱਗੇ ਕਹਿੰਦਾ ਹੈ ਕਿ, 'ਮੈਂ ਤਾਂ ਅਵਗੁਣਾਂ ਨਾਲ ਭਰਿਆ ਹੋਇਆ ਹਾਂ। ਹੇ ਮੇਰੇ ਪ੍ਰੀਤਮ, ਮੇਰੇ ਅਵਗੁਣਾਂ ਨੂੰ ਅੱਖੋਂ-ਪਰੋਖ ਕੇ ਮੈਨੂੰ ਆਪਣੀ ਦੀਦ ਦੇ ਦੀਦਾਰ ਕਰਵਾ ਦਿਓ।'

ਬੁੱਲ੍ਹੇ ਸ਼ਾਹ ਦੀ ਹੇਠ ਲਿਖੀ ਕਾਫ਼ੀ ਵਿਚ ਇਸ਼ਕ ਵਿਚ ਪੈਦਾ ਹੋਣ ਵਾਲਾ ਜੋ ਤਰਲਾ ਪ੍ਰਗਟ ਹੋਇਆ ਹੈ, ਉਹ ਤਰਲਾ ਬੁੱਲ੍ਹੇ ਸ਼ਾਹ ਦੀ ਬਿਰਹਾ ਦੀ ਤੜਪ ਦਾ ਪ੍ਰਤੀਕ ਹੈ;

"ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ
ਦਿਲ ਲੋਚੇ ਤਖ਼ਤ ਹਜ਼ਾਰੇ ਨੂੰ।
ਲੋਕੀ ਸੱਜਦਾ ਕਾਅਬੇ ਨੂੰ ਕਰਦੇ,
ਸਾਡਾ ਸੱਜਦਾ ਯਾਰ ਪਿਆਰੇ ਨੂੰ।
ਅਉਗੁਣ ਵੇਖ ਨਾ ਭੁਲ ਮੀਆਂ ਰਾਂਝਾ,
ਯਾਦ ਕਰੀਂ ਏਸ ਕਾਰੇ ਨੂੰ।
ਮੈਂ ਮਨਤਾਰੂ ਤਰਨ ਨਾ ਜਾਣਾ,
ਸ਼ਰਮ ਪਈ ਤੁਧ ਤਾਰੇ ਨੂੰ।
ਤੇਰਾ ਸਾਨੀ ਕੋਈ ਨਹੀਂ ਮਿਲਿਆ,
ਢੂੰਡ ਲਿਆ ਜੱਗ ਸਾਰੇ ਨੂੰ।
ਬੁੱਲ੍ਹਾ ਸ਼ਹੁ ਦੀ ਪ੍ਰੀਤ ਅਨੋਖੀ,
ਤਾਰੇ ਅਉਗਣਹਾਰੇ ਨੂੰ।"[27]

ਬੁੱਲ੍ਹੇ ਸ਼ਾਹ ਅਨੁਸਾਰ ਜਿਸ ਵੇਲੇ ਵਿਅਕਤੀ ਨੂੰ ਸਮਾਜਿਕ ਬੰਧਨਾਂ ਦਾ ਗਿਆਨ ਜਾਂ



Sri Satguru Jagjit Singh Ji eLibrary NamdhariElibrary@gmail.com

ਡਰ ਹੁੰਦਾ ਹੈ ਤਾਂ ਉਹ ਪ੍ਰੀਤਮ ਦੇ ਇਸ਼ਕ ਵਿਚ ਆਪਣਾ ਆਪਾ ਕੁਰਬਾਨ ਕਰਨ ਤੋਂ ਸੰਕੋਚ ਕਰਦਾ ਹੈ। ਉਸ ਵਿਅਕਤੀ ਨੂੰ ਸਮਾਜ ਵਿਚ ਆਪਣੀ ਇਜ਼ਤ ਅਤੇ ਹਉਮੈ ਦਾ ਡਰ ਬਣਿਆ ਰਹਿੰਦਾ ਹੈ। ਬੁੱਲ੍ਹੇ ਸ਼ਾਹ ਅਨੁਸਾਰ ਪ੍ਰਭੂ ਦੇ ਇਸ਼ਕ ਵਿਚ ਨੱਚਣ ਲਈ ਆਪਣੀ ਹਉਮੈ ਅਤੇ ਮਾਨ-ਸਨਮਾਨ ਦਾ ਤਿਆਗ ਕਰਕੇ ਆਪਣੇ ਪ੍ਰੀਤਮ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਪੈਂਦਾ ਹੈ। ਬੁੱਲ੍ਹੇ ਸ਼ਾਹ ਦੇ ਅਨੁਸਾਰ ਸੰਸਾਰਕ ਇਲਮ (ਗਿਆਨ) ਮਨੁੱਖ ਦੇ ਰੱਬੀ-ਇਸ਼ਕ ਵਿਚ ਰੁਕਾਵਟ ਹੈ;

"ਇਲਮੋਂ ਬੱਸ ਕਰੀਂ ਓ ਯਾਰ।
ਇਲਮ ਨਾ ਆਵੇ ਵਿਚ ਸ਼ੁਮਾਰ, ਇਕੋ ਅਲਫ਼ ਤੇਰੇ ਦਰਕਾਰ,
ਜਾਂਦੀ ਉਮਰ ਨਹੀਂ ਇਤਬਾਰ, ਇਲਮੋਂ ਬੱਸ ਕਰੀਂ ਓ ਯਾਰ
ਇਲਮੋਂ ਬੱਸ ਕਰੀਂ ਓ ਯਾਰ।"[28]

ਜਿਸ ਵੇਲੇ ਕਿਸੇ ਸਾਧਕ ਦੇ ਮਨ ਉੱਤੇ ਬਿਰਹਾ ਦੀ ਹਾਲਤ ਭਾਰੂ ਹੁੰਦੀ ਹੈ ਤਾਂ ਉਸ ਸਾਧਕ ਦੇ ਮਨ ਵਿਚ ਪ੍ਰੀਤਮ ਦੇ ਵਿਯੋਗ ਦਾ ਸੰਤਾਪ, ਮਿਲਣ ਦੀ ਚਿੰਤਾ ਅਤੇ ਭਵਿੱਖ ਦਾ ਭੈਅ ਬਣਿਆ ਰਹਿੰਦਾ ਹੈ। ਬੁੱਲ੍ਹੇ ਸ਼ਾਹ ਵੀ ਇਸ ਅਸਵਥਾ ਨੂੰ ਆਪਣੇ ਤਨ ਅਤੇ ਮਨ ਉੱਤੇ ਭੋਗ ਰਿਹਾ ਹੈ। ਉਹ ਪਰਮਾਤਮਾ ਅੱਗੇ ਮਿਲਾਪ ਲਈ ਅਰਜ਼ੋਈਆਂ ਕਰਦਾ ਹੈ। ਬੁੱਲ੍ਹੇ ਸ਼ਾਹ ਦੇ ਵਾਂਗ ਸੂਫ਼ੀ ਸਾਧਕਾਂ ਨੂੰ ਪ੍ਰਭੂ ਤੋਂ ਬਿਨਾਂ ਸਾਰਾ ਸੰਸਾਰ ਖ਼ੂਨੀ ਜੰਗਲ ਦਿਖਾਈ ਦਿੰਦਾ ਹੈ, ਅਜਿਹੀ ਅਵਸਥਾ ਵਿਚ ਬੁੱਲ੍ਹੇ ਸ਼ਾਹ ਨੂੰ ਪ੍ਰੀਤਮ ਦਾ ਮਿਲਾਪ ਹੀ ਮੁਕਤੀ ਦਾ ਸਾਧਨ ਦਿੱਸਦਾ ਹੈ ਅਤੇ ਇਸ ਮਿਲਾਪ ਲਈ ਸਾਧਕ ਨੂੰ ਪ੍ਰੀਤਮ ਨਾਲ ਇਸ਼ਕ ਦਾ ਸੰਬੰਧ ਬਣਾਉਣਾ ਪੈਂਦਾ ਹੈ;

"ਪਹਿਲੋਂ ਨੇਹੁੰ ਲਗਾਇਆ ਸੀ ਤੈਂ ਆਪੇ ਚਾਈਂ ਚਾਈਂ।
ਮੈਂ ਲਾਇਆ ਏ ਕਿ ਤੁੱਧ ਲਾਇਆ ਆਪਣੀ ਓੜ ਨਿਭਾਈ।
ਰਾਹ ਪਵਾ ਤਾਂ ਪਾੜੇ ਬੇਲੇ ਜੰਗਲ ਲੱਖ ਬਲਾਈਂ।
ਭੌਂਕਣ ਚੀਤੇ ਤੇ ਚਿਤਮੁਚਿੱਤੇ ਭੌਂਕਣ ਕਰਨ ਅਦਾਈਂ।
ਪਾਰ ਤੇਰੇ ਜਗਾਤਰ ਚੜ੍ਹਿ ਆ ਕੰਢੇ ਲੱਖ ਬਲਾਈ।
ਹੌਲ ਦਿਲੇ ਦਾ ਥਰ ਥਰ ਕੰਬਦਾ ਬੇੜਾ ਪਾਰ ਲੰਘਾਈ।"[29]

ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਪਰਮਾਤਮਾ ਨਾਲੋਂ ਪਏ ਵਿਯੋਗ ਨਾਲ ਉਤਪੰਨ ਬਿਰਹਾ ਦੇ ਦਰਦ ਦਾ ਬਿਆਨ ਹੀ ਨਹੀਂ ਕਰਦਾ ਸਗੋਂ ਆਪਣੇ ਪ੍ਰੀਤਮ ਨਾਲ ਗਿਲ੍ਹੇ-ਸ਼ਿਕਵੇ ਵੀ ਕਰਦਾ ਹੈ। ਉਹ ਆਪਣੇ ਪ੍ਰਭੂ ਨੂੰ ਮਿਹਣੇ ਮਾਰਦਾ ਹੋਇਆ ਕਹਿੰਦਾ ਹੈ ਕਿ ਉਸਨੇ ਪ੍ਰੇਮ ਦਾ ਤੀਰ ਕਲੇਜੇ ਵਿਚ ਮਾਰ ਕੇ ਉਸਦੀ ਜਿੰਦ ਨੂੰ ਘਾਇਲ ਕਰ ਦਿੱਤਾ ਹੈ ਅਤੇ ਮਗਰੋਂ ਆਪਣਾ ਮੁੱਖ ਛੁਪਾ ਲਿਆ ਹੈ, ਹੁਣ ਉਸ ਨੂੰ ਆਪਣੇ ਪ੍ਰੀਤਮ ਦੇ ਦੀਦਾਰ ਨਹੀਂ ਹੋ ਰਹੇ। ਇਸ ਲਈ ਬੁੱਲ੍ਹੇ ਸ਼ਾਹ ਵੀ ਆਪਣੇ ਪ੍ਰੀਤਮ ਨਾਲ ਨਾਰਾਜ਼ਗੀ ਪ੍ਰਗਟ ਕਰਦਾ ਹੈ;

"ਬੁੱਲ੍ਹੇ ਸ਼ਾਹ ਆਪਣੇ ਪੀਰ (ਗੁਰੂ) ਦੇ ਵਿਛੋੜੇ ਵਿਚ ਇਤਨਾ ਬਿਹਬਲ ਹੈ ਕਿ ਪੀਰ ਨੂੰ ਮੇਹਣੇ-ਤਾਅਨੇ ਵੀ ਮਾਰਨ ਲਗ ਜਾਂਦਾ ਹੈ। ਉਸ ਨੂੰ ਪੱਥਰ ਚਿੱਤ (ਸੰਗ ਦਿਲ) ਵੀ ਕਹਿ ਦਿੰਦਾ ਹੈ, ਵਾਸਤਵ ਵਿਚ ਇਹਨਾਂ ਸ਼ਬਦਾਂ ਥੱਲੇ ਬੁੱਲ੍ਹੇ ਦੇ ਪਿਆਰ ਦਾ ਤੂਫ਼ਾਨ ਛੁਪਿਆ ਹੋਇਆ ਹੈ। ਬੁੱਲ੍ਹੇ ਦਾ ਇਹ ਪਿਆਰ ਬਿਲਕੁਲ ਉਸੇ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਪਿਆਰ ਸੂਰਦਾਸ ਦਾ ਸ੍ਰੀ ਕ੍ਰਿਸ਼ਨ ਨਾਲ ਸੀ। ਸੂਰਦਾਸ ਵੀ ਪਿਆਰਾਂ ਦੀ ਮਸਤੀ ਵਿਚ ਸ੍ਰੀ ਕ੍ਰਿਸ਼ਨ ਨੂੰ ਮੇਹਣੇ ਮਾਰਨ ਲਗ ਜਾਂਦਾ ਸੀ।"[30]



Sri Satguru Jagjit Singh Ji eLibrary NamdhariElibrary@gmail.com

ਬੁੱਲ੍ਹੇ ਸ਼ਾਹ ਦੁਆਰਾ ਆਪਣੇ ਪ੍ਰਭੂ-ਪ੍ਰੀਤਮ ਨਾਲ ਕੀਤੇ ਗਏ ਗਿਲ੍ਹੇ ਸ਼ਿਕਵੇ ਦਾ ਜ਼ਿਕਰ ਉਸ ਦੀਆਂ ਕਾਫ਼ੀਆਂ ਵਿਚ ਦੇਖਿਆ ਜਾ ਸਕਦਾ ਹੈ;

"ਘਾਇਲ ਕਰਕੇ ਮੁੱਖ ਛੁਪਾਇਆ,
ਚੋਰੀਆਂ ਇਹ ਕਿਨ ਦੱਸੀਆਂ ਵੇ।
ਘੂੰਘਟ ਚੁੱਕ ਓ ਸਜਣਾਂ,
ਹੁਣ ਸ਼ਰਮਾ ਕਾਹਨੂੰ ਰੱਖੀਆਂ ਵੇ।
ਬਿਰਹੋਂ ਕਟਾਰੀ ਤੂੰ ਕੱਸ ਕੇ ਮਾਰੀ,
ਤਦ ਮੈਂ ਹੋਈ ਬੇਦਿਲ ਭਾਰੀ,
ਮੁੜ ਨਾ ਲਈ ਤੈਂ ਸਾਰ ਹਮਾਰੀ,
ਪਤੀਆਂ ਤੇਰੀਆਂ ਕੱਚੀਆਂ ਵੇ।
ਨੇਹੁੰ ਲਗਾ ਕੇ ਮਨ ਹਰ ਲੀਤਾ,
ਫੇਰ ਨਾ ਆਪਣਾ ਦਰਸ਼ਨ ਦੀਤਾ।
ਜ਼ਹਿਰ ਪਿਆਲਾ ਮੈਂ ਇਹ ਪੀਤਾ,
ਸੋ ਅਕਲੋਂ ਮੈਂ ਕੱਚੀਆਂ ਵੇ।"[31]

ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਪ੍ਰਭੂ ਦੇ ਵਿਯੋਗ ਕਾਰਨ ਨਾ ਤਾਂ ਉਸ ਨੂੰ ਰਾਤ ਵਿਚ ਨੀਂਦ ਆਉਂਦੀ ਹੈ ਅਤੇ ਨਾ ਹੀ ਦਿਨ ਵਿਚ ਚੈਨ। ਉਹ ਹਰ ਵੇਲੇ ਆਪਣੇ ਮੁਰਸ਼ਦ ਦੇ ਦੀਦਾਰ ਲਈ ਤਰਸਦਾ ਰਹਿੰਦਾ ਹੈ ਅਤੇ ਪ੍ਰੀਤਮ ਦੇ ਵਿਯੋਗ ਵਿਚ ਅੱਖਾਂ ਵਿਚੋਂ ਨੀਰ ਵਹਾਉਂਦਾ ਰਹਿੰਦਾ ਹੈ। ਉਹ ਕਹਿੰਦਾ ਹੈ ਕਿ ਪ੍ਰਭੂ ਨੇ ਆਪਣੇ ਨਾਲੋਂ ਵਿਯੋਗ ਕੇ ਉਸ ਦੀ ਜਿੰਦ ਨੂੰ ਦੁੱਖਾਂ ਵਿਚ ਪਾ ਦਿੱਤਾ ਹੈ। ਆਪਣੇ ਪ੍ਰੀਤਮ-ਪਿਆਰੇ ਨੂੰ ਉਲਾਂਭਾ ਦਿੰਦਾ ਹੋਇਆ ਬੁੱਲ੍ਹੇ ਸ਼ਾਹ ਆਪਣੀ ਰਚਨਾ ਵਿਚ ਲਿਖਦਾ ਹੈ;

"ਮੈਨੂੰ ਛੱਡ ਗਏ ਆਪ ਲੱਦ ਗਏ,
ਮੈਂ ਵਿਚ ਕੀ ਤਕਸੀਰ?
ਰਾਤੀਂ ਨੀਂਦ ਨਾ ਸੁਖ ਸੁੱਤੀ, ਦਿਲੇ ਪਲਦਾ ਨੀਰ।
ਤੋਪਾਂ ਤੇ ਤਲਵਾਰਾਂ ਕੋਲੋਂ, ਤਿੱਖੇ ਇਸ਼ਕ ਦੇ ਤੀਰ।"[32]

ਪ੍ਰੀਤਮ ਦੇ ਵਿਯੋਗ ਵਿਚ ਬੁੱਲ੍ਹੇ ਸ਼ਾਹ ਦੀਆਂ ਸਾਰੀਆਂ ਵਿਰਤੀਆਂ ਪ੍ਰਭੂ-ਮਿਲਾਪ ਲਈ ਵਿਲਕ ਰਹੀਆਂ ਹਨ ਪਰੰਤੂ ਉਸਦੇ ਵਿਛੋੜੇ ਵਿਚ ਜਿੱਥੇ ਤੜਪ ਹੈ ਉੱਥੇ ਸਿਦਕ ਵੀ ਹੈ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੈਂ ਆਪਣੇ ਪ੍ਰੀਤਮ ਦੇ ਵਿਯੋਗ ਦੀ ਗਠੜੀ ਆਪਣੇ ਸਿਰ ਉੱਪਰ ਚੁੱਕੀ ਹੋਈ ਹੈ ਪਰ ਫਿਰ ਵੀ ਮੈਨੂੰ ਪੂਰਾ ਭਰੋਸਾ ਹੈ ਕਿ ਇਕ ਨਾ ਇਕ ਦਿਨ ਮੈਨੂੰ ਮੇਰੇ ਪ੍ਰੀਤਮ ਦੇ ਦੀਦਾਰ ਹੋ ਜਾਣੇ ਹਨ, ਇਸ ਲਈ ਉਹ ਆਸ ਦਾ ਪੱਲਾ ਨਹੀਂ ਛੱਡਦਾ;

"ਬੁੱਲ੍ਹੇ ਸ਼ਾਹ ਇਕ ਸੋਦਾ ਕੀਤਾ,
ਪੀਤਾ ਜ਼ਹਿਰ ਪਿਆਲਾ ਪੀਤਾ।
ਨਾ ਕੁਝ ਲਾਹਾ ਟੋਟਾ ਲੀਤਾ,
ਦਰਦ ਦੁੱਖਾਂ ਦੀ ਗਠੜੀ ਚਾਈ।"[33]

ਬੁੱਲ੍ਹੇ ਸ਼ਾਹ ਨੇ ਆਪਣੇ ਕਲਾਮ ਵਿਚ ਪਰਮਾਤਮਾ ਲਈ ਰਾਂਝੇ ਅਤੇ ਆਪਣੇ ਲਈ ਹੀਰ ਸਲੇਟੀ ਦਾ ਪ੍ਰਤੀਕ ਵਰਤ ਕੇ ਆਪਣੀ ਕਰੁਣਾਮਈ ਸਥਿਤੀ ਬਿਆਨ ਕੀਤੀ ਹੈ। ਬੁੱਲ੍ਹੇ ਸ਼ਾਹ



Sri Satguru Jagjit Singh Ji eLibrary NamdhariElibrary@gmail.com

ਆਪਣੀ ਗ਼ਲਤੀ ਦੀ ਮੁਆਫ਼ੀ ਮੰਗਦਾ ਹੋਇਆ ਪਰਮਾਤਮਾ ਦੇ ਦੀਦਾਰ ਦੀ ਮੰਗ ਕਰਦਾ ਹੈ;

"ਬੁੱਲ੍ਹੇ ਸ਼ਾਹ ਨੇ ਇਸ਼ਕ ਹਕੀਕੀ ਦੀ ਪ੍ਰਸਤੁਤੀ ਲਈ ਦੁਨੀਆਵੀ ਜੀਵਨ ਵਿਚ ਸਾਡੀ ਲੋਕਧਾਰਾ ਦੀ ਸੁਪ੍ਰਸਿੱਧ ਪ੍ਰੀਤ ਜੋੜੀ ਹੀਰ-ਰਾਂਝੇ ਨੂੰ ਆਧਾਰ ਬਣਾਇਆ ਹੈ।"[34]

ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਪਰਮਾਤਮਾ ਨੂੰ ਰਾਂਝੇ ਦੇ ਰੂਪ ਵਿਚ ਸਿਰਜ ਕੇ ਆਪ ਹੀਰ ਬਣ ਕੇ ਆਪਣੇ ਵਿਯੋਗ ਦੀ ਸਥਿਤੀ ਦਾ ਵਰਣਨ ਕਰਦਾ ਹੈ। ਉਸ ਅਨੁਸਾਰ ਪਰਮਾਤਮਾ (ਰਾਂਝੇ) ਨਾਲੋਂ ਪਿਆ ਵਿਯੋਗ ਜੀਵਾਤਮਾ (ਹੀਰ) ਲਈ ਅਸਹਿ ਤੇ ਅਕਹਿ ਹੈ। ਜੀਵਾਤਮਾ ਇਸ ਵਿਯੋਗ ਦੀ ਅਵਸਥਾ ਨੂੰ ਸਬਦਾਂ ਵਿਚ ਵੀ ਨਹੀਂ ਕਹਿ ਸਕਦੀ। ਇਸ ਵਿਯੋਗ ਦੇ ਦਰਦ ਨੂੰ ਕੇਵਲ ਪਰਮਾਤਮਾ (ਰਾਂਝਾ) ਹੀ ਜਾਣ ਸਕਦਾ ਹੈ। ਇਹ ਦਰਦ/ਗ਼ਮ ਕੇਵਲ ਪਰਮਾਤਮਾ (ਰਾਂਝੇ) ਦੇ ਮਿਲਣ ਤੇ ਹੀ ਖ਼ਤਮ ਹੋ ਸਕਦਾ ਹੈ;

"ਮੈਨੂੰ ਦਰਦ ਅਵਲੜੇ ਦੀ ਪੀੜ,
ਆ ਮੀਆਂ ਰਾਂਝਾ ਦੇ ਦੇ ਨਜ਼ਾਰਾ,
ਮੁਆਫ਼ ਕਰੀਂ ਤਕਸੀਰ।
ਮੈਨੂੰ ਦਰਦ ਅਵਲੜੇ ਦੀ ਪੀੜ,
ਤਖ਼ਤ ਹਜ਼ਾਰਿਉਂ ਰਾਂਝਾ ਟੁਰਿਆ,
ਹੀਰ ਨਿਮਾਣੀ ਦਾ ਪੀਰ।"[35]

ਬੁੱਲ੍ਹੇ ਸ਼ਾਹ ਨੂੰ ਪ੍ਰੀਤਮ ਦੇ ਵਿਯੋਗ ਨੇ ਬੇਹਾਲ ਕਰ ਦਿੱਤਾ ਹੈ। ਉਸ ਨੂੰ ਆਪਣੇ ਆਪੇ ਦੀ ਕੋਈ ਸੁੱਧ ਨਹੀਂ ਰਹੀ। ਉਹ ਗਲੀ-ਗਲੀ ਵਿਚ ਦੀਵਾਨਿਆਂ ਵਾਂਗ ਘੁੰਮਣ ਲੱਗਦਾ ਹੈ ਅਤੇ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਰੋਂਦਾ ਹੈ। ਇਹ ਬੁੱਲ੍ਹੇ ਸ਼ਾਹ ਦੇ ਜੀਵਨ ਦਾ ਨਿੱਤਨੇਮ ਬਣ ਚੁੱਕਾ ਹੈ। ਇਸ ਵਿਯੋਗ ਦੀ ਅਵਸਥਾ ਵਿਚ ਬੁੱਲ੍ਹੇ ਸ਼ਾਹ ਨੇ ਪ੍ਰੀਤਮ ਦੇ ਮਿਲਾਪ ਲਈ ਕੋਈ ਜੁਗਤ ਲੱਭਣ ਦਾ ਮਨ ਬਣਾਇਆ ਅਤੇ ਮੁਰਸ਼ਦ ਦੀ ਸ਼ਰਨ ਵਿਚ ਚਲਾ ਗਿਆ। ਮੁਰਸ਼ਦ ਦੀ ਟੇਕ ਨਾਲ ਬੁੱਲ੍ਹੇ ਸ਼ਾਹ ਨੇ ਇਸ਼ਕ ਮਾਰਗ ਅਪਣਾਇਆ ਅਤੇ ਇਸ਼ਕ ਮਾਰਗ ਤੇ ਚੱਲਦਿਆਂ ਬੁੱਲ੍ਹੇ ਸ਼ਾਹ ਨੇ ਆਪਣੇ ਪ੍ਰੀਤਮ ਨੂੰ ਪਾ ਲਿਆ ਹੈ;

"ਮੁਰਸ਼ਦ ਦੀ ਜੁਦਾਈ ਵਿਚ ਰਾਤ ਬਰ ਜ਼ਾਰ-ਜ਼ਾਰ ਰੋਣਾ ਬੁੱਲ੍ਹੇ ਦਾ ਨਿਤ ਦਾ ਵਿਹਾਰ ਹੋ ਚੁੱਕਾ ਸੀ। ਬੁੱਲ੍ਹੇ ਦਾ ਇਹ ਵਿਛੋੜਾ ਵਹਿਸ਼ਤ ਦੀ ਹੱਦ ਤੱਕ ਪਹੁੰਚ ਗਿਆ ਅਤੇ ਉਹ ਲੱਗਾ ਦੀਵਾਨਿਆਂ ਵਾਂਗ ਗਲੀ-ਗਲੀ ਭਟਕਣ। ਉਸ ਨੂੰ ਮੁਰਸ਼ਦ ਦੇ ਮਿਲਾਪ ਦੀ ਤਾਂਘ ਨੇ ਬੇਹਾਲ, ਬੇਸੂਰਤ ਕਰ ਦਿੱਤਾ ਤਾਂ ਉਹ ਇਸ ਅੱਗ ਨੂੰ ਸ਼ਾਂਤ ਕਰਨ ਲਈ ਜੁਗਤ ਸੋਚਣ ਲੱਗਾ।"[36]

ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਹਰ ਦਿਨ ਘੁਲਦਾ ਜਾ ਰਿਹਾ ਹੈ। ਉਸ ਦੀ ਜਿੰਦ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਸੁੱਕ ਕੇ ਤੀਲੇ ਦੇ ਸਮਾਨ ਹੋ ਗਈ ਹੈ। ਬੁੱਲ੍ਹੇ ਸ਼ਾਹ ਦੀ ਜਿੰਦ ਨੂੰ ਬਿਰਹਾ ਦੇ ਬਘਿਆੜ ਨੇ ਲੁੱਟ ਲਿਆ ਹੈ। ਉਹ ਕਹਿੰਦਾ ਹੈ ਕਿ ਬਿਰਹਾ ਦੇ ਬਘਿਆੜ ਕੇ ਮੇਰੀ ਜਿੰਦ ਨੂੰ ਦੁੱਖਾਂ ਵਿਚ ਘੇਰ ਲਿਆ ਹੈ ਅਤੇ ਇਹਨਾਂ ਦੁੱਖਾਂ ਦਾ ਅੰਤ ਕੇਵਲ ਪ੍ਰੀਤਮ ਦਾ ਮਿਲਾਪ ਹੀ ਬਣ ਸਕਦਾ ਹੈ। ਇਸ ਲਈ ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਨੂੰ ਅਰਜ਼ੋਈਆਂ ਕਰਦਾ ਹੈ ਕਿ ਇਕ ਵਾਰ ਉਸ ਨੂੰ ਆਪਣੀ ਦੀਦ ਦਿਖਾ ਦੇਵੇ ਤਾਂ ਕਿ ਉਸ ਦੇ ਤਪਦੇ ਕਲੇਜੇ ਨੂੰ ਠੰਡ ਪਹੁੰਚ ਜਾਵੇ;

"ਆ ਮਿਲ ਯਾਰ ਸਾਰ ਲੈ ਮੇਰੀ, ਮੇਰੀ ਜਾਨ ਦੁੱਖਾਂ ਨੇ ਘੇਰੀ।
ਅੰਦਰ ਖ਼ਵਾਬ ਵਿਛੋੜਾ ਹੋਇਆ, ਖ਼ਬਰ ਨਾ ਪੈਂਦੀ ਤੇਰੀ।
ਸੁੰਞੇ ਬਲ ਵਿਚ ਲੁੱਟੀ ਸਾਈਆਂ, ਸੂਰ ਪਲੰਗ ਨੇ ਘੇਰੀ।"[37]



Sri Satguru Jagjit Singh Ji eLibrary NamdhariElibrary@gmail.com

ਬੁੱਲ੍ਹੇ ਸ਼ਾਹ ਆਪਣੀ ਜਿੰਦ ਨੂੰ ਪਰਮਾਤਮਾ ਦੀ ਇਸ਼ਕ ਰੂਪੀ ਕੜਾਹੀ ਵਿਚ ਤਲਿਆ ਜਾਂਦਾ ਮਹਿਸੂਸ ਕਰਦਾ ਹੈ। ਉਹ ਪ੍ਰਭੂ ਦੇ ਵਿਛੋੜੇ ਰੂਪੀ ਸੂਲ (ਦਰਦ) ਨੂੰ ਹਰ ਦਿਨ ਆਪਣੇ ਕਲੇਜੇ ਉੱਤੇ ਝੱਲਦਾ ਹੈ। ਉਹ ਕਹਿੰਦਾ ਹੈ ਕਿ ਮੈਨੂੰ ਆਪਣੇ ਪ੍ਰੀਤਮ-ਪਿਆਰੇ ਦੇ ਨਾਮ ਨਾਲ ਇਸ਼ਕ ਹੋ ਗਿਆ ਹੈ। ਇਸ ਇਸ਼ਕ ਦੇ ਕਰਕੇ ਮੇਰੀ ਜਿੰਦ ਦੁੱਖਾਂ ਨੇ ਘੇਰ ਲਈ ਹੈ। ਉਹ ਕਹਿੰਦਾ ਹੈ ਕਿ ਇਸ ਅਵਸਥਾ ਦਾ ਅੰਤ ਕਿਸ ਵੇਲੇ ਹੋਵੇਗਾ? ਇਸ ਗੱਲ ਦਾ ਪਤਾ ਤਾਂ ਕੇਵਲ ਉਸਦੇ ਮੁਰਸ਼ਦ ਨੂੰ ਹੀ ਹੈ;

"ਨੀਂ ਮੈਨੂੰ ਲੱਗੜਾ ਇਸ਼ਕ ਅਵੱਲ ਦਾ
ਅਵੱਲ ਦਾ ਰੋਜ-ਅਜੱਲ ਦਾ।
ਵਿਚ ਕੜਾਹੀ ਤਲ ਤਲ ਜਾਵੇ,
ਤਲਿਆਂ ਨੂੰ ਚਾ ਤਲਦਾ।
ਕਿਆ ਜਾਣਾ ਕੋਈ ਚਿਣਗ ਕੱਖੀਏ,
ਨਿੱਤ ਸੂਲ ਕਲੇਜੇ ਸੱਲਦਾ।"[38]

ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ-ਪਿਆਰੇ ਦੇ ਅੱਗੇ ਇਕ ਨਿਮਾਣੀ ਇਸਤਰੀ ਦੇ ਰੂਪ ਵਿਚ ਅਰਜ਼ੋਈਆਂ ਕਰਦਾ ਹੈ। ਮਨ ਦੀ ਅਵਸਥਾ ਦਾ ਇਹ ਹਾਲ ਸੂਫ਼ੀ ਮੰਡਲ ਵਿਚ ਵਿਯੋਗੇ ਮਨੁੱਖ ਦਾ ਸਿਖ਼ਰ ਬਣਦਾ ਹੈ। ਬਿਰਹਨ ਇਸਤਰੀ ਤਰਲੇ ਲੈ ਰਹੀ ਹੈ ਕਿ ਉਸ ਦਾ ਮੁਰਸ਼ਦ ਰੂਪੀ ਪਤੀ ਉਸ ਦੇ ਦਿਲ ਰੂਪੀ ਵਿਹੜੇ ਵਿਚ ਮੁੜ ਆਵੇ ਅਤੇ ਉਸ ਨੂੰ ਆਪਣੀ ਦੀਦ ਦਾ ਦਰਸ਼ਨ ਕਰਵਾ ਦੇਵੇ;

"ਭਾਵੇਂ ਜਾਣ ਨਾ ਜਾਣ ਵੇ ਵਿਹੜੇ ਆ ਵੜ ਮੇਰੇ।
ਮੈਂ ਤੇਰੇ ਕੁਰਬਾਨ ਵੇ ਵਿਹੜੇ ਆ ਵੜ ਮੇਰੇ।
ਤੇਰੇ ਜਿਹਾ ਮੈਨੂੰ ਹੋਰ ਨਾ ਕੋਈ,
ਢੂੰਡਾਂ ਜੰਗਲ ਬੇਲਾ ਰੋਹੀ।
ਢੂੰਡਾਂ ਤਾਂ ਸਾਰਾ ਜਹਾਨ ਵੇ ਵਿਹੜੇ ਆ ਵੜ ਮੇਰੇ।"[39]

ਬੁੱਲ੍ਹੇ ਸ਼ਾਹ ਵਿਯੋਗ ਦੀ ਹਾਲਤ ਵਿਚ ਆਪਣੇ ਪ੍ਰੀਤਮ ਨੂੰ ਦਰਸ਼ਨ ਦੇਣ ਲਈ ਤਰਲੇ ਕਰਦਾ ਹੈ ਕਿਉਂਕਿ ਪ੍ਰੀਤਮ ਦੇ ਵਿਛੋੜੇ ਕਾਰਨ ਉਸਦੀ ਹਾਲਤ ਦੀਵਾਨਿਆਂ ਵਰਗੀ ਹੋ ਗਈ ਹੈ ਅਤੇ ਲੋਕ ਉਸ ਨੂੰ ਟੋਕਾਂ ਲਾਉਣ ਲੱਗ ਗਏ ਹਨ। ਜੀਵ ਰੂਪੀ ਇਸਤਰੀ ਹੁਣ ਲੋਕਾਂ ਦੀਆਂ ਟੋਕਾਂ ਨੂੰ ਆਪਣੇ ਮਨ ਉੱਤੇ ਸਹਾਰ ਨਹੀਂ ਸਕਦੀ। ਇਸ ਲਈ ਉਹ ਪ੍ਰੀਤਮ-ਪਿਆਰੇ ਨੂੰ ਆਪਣਾ ਦੀਦਾਰ ਦੇਣ ਲਈ ਤਰਲੇ ਕਰਦੀ ਹੈ;

"ਘੂੰਘਟ ਓਹਲੇ ਨਾ ਲੁੱਕ ਸੋਹਣਿਆਂ,
ਮੈਂ ਮੁਸ਼ਤਾਕ ਦੀਦਾਰ ਦੀ ਹਾਂ।
ਜਾਨੀ ਬਾਜ ਦੀਵਾਨੀ ਹੋਈ,
ਟੋਕਾਂ ਕਰਕੇ ਲੋਕ ਸਭੋ ਈ।
ਜੇਕਰ ਯਾਰ ਕਰੇ ਦਿਲਜੋਈ,
ਮੈਂ ਫਰਿਆਦ ਪੁਕਾਰਦੀ ਹਾਂ।"[40]

ਬੁੱਲ੍ਹੇ ਸ਼ਾਹ ਦੀ ਬਿਰਹਾ ਸੰਵੇਦਨਾ ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਤੋਂ ਅਗਲੇਰੇ ਪੜਾਅ ਤੇ ਪਹੁੰਚਦੀ ਹੈ ਕਿਉਂਕਿ ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਦੀ ਕਵਿਤਾ ਵਿਚ ਜਿੱਥੇ



Sri Satguru Jagjit Singh Ji eLibrary NamdhariElibrary@gmail.com

ਬਿਰਹਾ ਦੀ ਅਗਨੀ ਦੇ ਸੰਘਣੇ ਚਿੱਤਰ ਮਿਲਦੇ ਹਨ ਉੱਥੇ ਬੁੱਲ੍ਹੇ ਸ਼ਾਹ ਦੀ ਬਿਰਹਾ ਮਿਲਾਪ ਦੇ ਸੁਖ ਨਾਲ ਸ਼ਾਂਤ ਹੁੰਦੀ ਵੇਖੀ ਜਾ ਸਕਦੀ ਹੈ। ਬੁੱਲ੍ਹੇ ਸ਼ਾਹ ਨੂੰ ਜਿਸ ਵੇਲੇ ਆਪਣੇ ਪ੍ਰੀਤਮ-ਪਿਆਰੇ ਦਾ ਦੀਦਾਰ ਹੋ ਜਾਂਦਾ ਹੈ ਤਾਂ ਉਸ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ। ਜੀਵ ਰੂਪੀ ਇਸਤਰੀ ਆਪਣੀਆਂ ਸਖੀਆਂ-ਸਹੇਲੀਆਂ ਨੂੰ ਕਹਿੰਦੀ ਹੈ ਕਿ ਮੈਨੂੰ ਮੇਰੇ ਰਾਂਝਣ ਮਾਹੀ (ਪਰਮਾਤਮਾ) ਦਾ ਦੀਦਾਰ ਹੋ ਗਿਆ ਹੈ ਇਸ ਲਈ ਤੁਸੀਂ ਸਾਰੀਆਂ ਰਲ-ਮਿਲ ਕੇ ਮੈਨੂੰ ਵਧਾਈ ਦੇਵੋ ਕਿਉਂਕਿ ਅੱਜ ਮੇਰੇ ਜੀਵਨ ਦਾ ਅਸਲ ਮਕਸਦ ਪੂਰਾ ਹੋ ਗਿਆ ਹੈ;

"ਆਓ ਸਹੀਓ ਰਲ ਦਿਉ ਨੀਂ ਵਧਾਈ।
ਮੈਂ ਵਰ ਪਾਇਆ ਰਾਂਝਾ ਮਾਹੀ।
ਅੱਜ ਤਾਂ ਰੋਜ ਮੁਬਾਰਕ ਚੜ੍ਹਿ ਆ,
ਰਾਂਝਾ ਸਾਡੇ ਵਿਹੜੇ ਵੜਿਆ।
ਹੱਥ ਖੂੰਡੀ ਮੋਢੇ ਕੰਬਲ ਧਰਿਆ,
ਚਾਕਾਂ ਵਾਲੀ ਸ਼ਕਲ ਬਣਾਈ।
ਆਓ ਸਈਓ ਰਲ ਦਿਉ ਨੀ ਵਧਾਈ।"[41]

ਜਿਸ ਵੇਲੇ ਬੁੱਲ੍ਹੇ ਸ਼ਾਹ ਨੂੰ ਆਪਣੇ ਪ੍ਰੀਤਮ ਦਾ ਦੀਦਾਰ ਹੋ ਜਾਂਦਾ ਹੈ ਤਾਂ ਉਹ ਖੁਸ਼ੀ ਵਿਚ ਦੀਵਾਨਾ ਹੋ ਜਾਂਦਾ ਹੈ। ਉਸਦੇ ਪ੍ਰੀਤਮ ਅਤੇ ਬੁੱਲ੍ਹੇ ਸ਼ਾਹ ਵਿਚ ਹੁਣ ਕੋਈ ਭੇਦ ਨਹੀਂ ਰਹਿੰਦਾ। ਉਹ ਕਹਿੰਦਾ ਹੈ ਕਿ ਆਪਣੇ ਪ੍ਰੀਤਮ ਦਾ ਨਾਮ ਲੈਂਦਿਆਂ-ਲੈਂਦਿਆਂ ਮੈਂ ਖ਼ੁਦ ਆਪਣੇ ਪ੍ਰੀਤਮ ਦਾ ਹੀ ਰੂਪ ਹੋ ਗਿਆ ਹਾਂ, ਹੁਣ ਮੇਰੇ ਵਿਚ ਅਤੇ ਮੇਰੇ ਪ੍ਰੀਤਮ ਵਿਚ ਕੋਈ ਭੇਦ ਨਹੀਂ ਰਿਹਾ;

"ਹੱਥ ਖੂੰਡੀ ਮੇਰੇ ਅੱਗੇ ਮੰਗੂ, ਮੋਢੇ ਭੂਰਾ ਲੋਈ।
ਬੁਲਾ ਹੀਰ ਸਲੇਟੀ ਵੇਖੋ, ਕਿੱਥੇ ਜਾ ਖਲੋਈ।
ਰਾਂਝਾ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।"[42]

ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਪ੍ਰਭੂ-ਮਿਲਾਪ ਦੇ ਚਿੱਤਰ ਵੀ ਸਿਰਜੇ ਗਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੁੱਲ੍ਹੇ ਸ਼ਾਹ ਆਪਣੇ ਜੀਵਨ ਵਿਚ ਪ੍ਰੀਤਮ ਨਾਲੋਂ ਪਏ ਵਿਯੋਗ ਕਾਰਨ ਤਿੱਖਾ ਦਰਦ ਹੰਢਾਉਂਦਾ ਹੈ। ਉਸ ਲਈ ਵਿਛੋੜਾ ਦਰਦਾਂ ਅਤੇ ਦੁੱਖਾਂ ਦੀ ਭਾਰੀ ਗਠੜੀ ਹੈ, ਪ੍ਰਭੂ ਦੇ ਇਸ਼ਕ ਦਾ ਜ਼ਹਿਰ ਪਿਆਲਾ ਪੀਣਾ ਵੀ ਉਸ ਦੀ ਬਿਰਹਾ ਭਾਵਨਾ ਨੂੰ ਹੀ ਪ੍ਰਗਟਾਉਂਦਾ ਹੈ;

"ਬੁੱਲ੍ਹੇ ਸ਼ਾਹ ਇਕ ਸੌਦਾ ਕੀਤਾ,
ਪੀਤਾ ਜ਼ਹਿਰ ਪਿਆਲਾ ਪੀਤਾ,
ਨਾ ਕੁਝ ਲਾਹਾ ਟੋਟਾ ਲੀਤਾ,
ਦਰਦ ਦੁੱਖਾਂ ਦੀ ਗੱਠੜੀ ਚਾਈ।"[43]

ਪ੍ਰਭੂ ਦੇ ਇਸ਼ਕ ਵਿਚ ਰੰਗਿਆ ਹੋਇਆ ਵਿਅਕਤੀ ਜਦ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਤਾਂ ਉਸ ਸਮੇਂ ਉਸ ਦੇ ਕੁਝ ਵੀ ਵੱਸ ਵਿਚ ਨਹੀਂ ਰਹਿੰਦਾ। ਉਸ ਵੇਲੇ ਉਹ ਜੋ ਕੁਝ ਵੀ ਕਰਦਾ ਹੈ, ਉਹ ਸਭ ਪ੍ਰਭੂ ਹੀ ਕਰਵਾ ਰਿਹਾ ਹੁੰਦਾ ਹੈ। ਦੂਜੇ ਪਾਸੇ ਇਸ਼ਕ ਵਿਚ ਰੰਗੇ ਸਾਧਕ ਨੂੰ ਦੇਖ ਕੇ ਦੁਨੀਆਂ ਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਲੋਕ ਅਜਿਹੇ ਸਾਧਕ ਨੂੰ ਹਾਸੇ ਦਾ ਪਾਤਰ ਬਣਾ ਕੇ ਪੇਸ਼ ਕਰਦੇ ਹਨ। ਸਮਾਜ ਵਿਚ ਰਹਿੰਦੇ ਲੋਕ ਅਜਿਹੇ ਸੂਫ਼ੀ ਨੂੰ ਸਮਾਜਿਕ



Sri Satguru Jagjit Singh Ji eLibrary NamdhariElibrary@gmail.com

ਬਣਤਰ ਲਈ ਖ਼ਤਰਾ ਮੰਨਦੇ ਹਨ;

"ਇਸ਼ਕ ਦਾ ਦਸਤੂਰ ਨਿਰਾਲਾ ਅਤੇ ਇਸ਼ਕ ਦਾ ਪੰਧ ਨਿਆਰਾ ਹੈ। ਇਸ਼ਕ ਦੀ ਵਿਵਹਾਰ-ਗਤੀ ਜੋ ਵਾਸਤਵ ਵਿਚ ਮਾਹੀ ਯਾਰ ਵੱਲ ਪ੍ਰਗਤੀ ਹੈ ਸੰਸਥਾਵਾਦੀਆਂ ਨੂੰ ਬੇਸੁਰ ਪ੍ਰਤੀਤ ਹੁੰਦੀ ਹੈ। ਇਸ਼ਕ ਕੋਈ ਜਜ਼ਬਾਤੀ ਜਾਂ ਭਾਵਨਾਵਾਂ ਦੀ ਤੀਬਰਤਾ ਨਹੀਂ। ਸੂਫ਼ੀ ਮੰਡਲ ਵਿਚ ਇਸ਼ਕ ਇਕ ਸੂਖਮ, ਗੰਭੀਰ ਅਤੇ ਵਿਵੇਕਮਈ ਸਾਖਿਆਤ-ਦ੍ਰਿਸ਼ਟੀ ਹੈ ਜੋ ਸੱਚ ਦੀ ਨੁਹਾਰ ਨੂੰ ਪਛਾਣਦੀ ਹੈ ਅਤੇ ਉਸਦੇ ਨਾਲ ਇਕਮਿਕਤਾ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹੈ।"[44]

ਪ੍ਰੀਤਮ ਦੇ ਇਸ਼ਕ ਵਿਚ ਰੰਗੇ ਹੋਏ ਸੂਫ਼ੀ ਸਾਧਕ ਨੂੰ ਸਮਾਜ ਵਿਚ ਰਹਿੰਦੇ ਸਾਧਾਰਣ ਲੋਕ ਕਈ ਵਾਰ ਕਮਲਾ ਜਾਂ ਝੱਲਾ ਵੀ ਕਹਿਣ ਲੱਗ ਪੈਂਦੇ ਹਨ ਤੇ ਉਸ ਨੂੰ ਸਜ਼ਾਵਾਂ ਦਿੰਦੇ ਹਨ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਇਹੋ ਕੁਝ ਹੀ ਮਨਸੂਰ ਨਾਲ ਹੋਇਆ ਸੀ। ਪ੍ਰਭੂ ਦੀ ਇਕਮਿਕਤਾ ਸਦਕਾ ਹੀ ਮਨਸੂਰ ਤੋਂ ਅਨਲਹੱਕ ਦਾ ਨਾਹਰਾ ਲਗਿਆ ਸੀ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰੇ ਨਾਲ ਵੀ ਇਹੋ ਕੁਝ ਵਾਪਰਿਆ ਹੈ। ਮੈਂ ਪ੍ਰਭੂ ਦਾ ਆਸ਼ਕ ਹਾਂ ਤੇ ਉਸ ਦੀ ਪ੍ਰਾਪਤੀ ਲਈ ਆਪਣੇ ਆਪ ਤੋਂ ਗਵਾਚ ਗਿਆ ਹਾਂ ਪਰ ਇਸ ਝੱਲਪੁਣੇ ਦਾ ਜ਼ਿੰਮੇਵਾਰ ਮੈਂ ਖ਼ੁਦ ਨਹੀਂ ਹਾਂ ਕਿਉਂਕਿ ਇਸ ਸਭ ਕੁਝ ਮੇਰੇ ਤੋਂ ਮੇਰਾ ਪ੍ਰੀਤਮ ਹੀ ਕਰਵਾ ਰਿਹਾ ਹੈ;

"ਰਹੁ ਇਸ਼ਕਾ ਕੀ ਕਰੇ ਅਖਾੜੇ।
ਸ਼ਾਹ ਮਨਸੂਰ ਸੂਲੀ ਤੇ ਚਾੜ੍ਹੇ।
ਆਣ ਬਣੀ ਜਦ ਨਾਲ ਅਸਾਡੇ,
ਬੁੱਲ੍ਹੇ ਮੂੰਹ ਤੋਂ ਲੋਈ ਲਾਹੀ।
ਵੇਖੋ ਨੀ ਕੀ ਕਰ ਗਿਆ ਮਾਹੀ।"[45]

ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੈਂ ਤਾਂ ਕੇਵਲ ਆਪਣੇ ਪ੍ਰੀਤਮ ਦਾ ਆਸ਼ਕ ਹਾਂ ਅਤੇ ਮੈਂ ਆਪਣਾ ਸਭ ਕੁੱਝ ਉਸ ਪ੍ਰੀਤਮ ਤੋਂ ਕੁਰਬਾਨ ਕਰ ਦਿੱਤਾ ਹੈ। ਮੈਨੂੰ ਦੁਨੀਆਂ ਦੇ ਤਾਹਣੇ-ਮਿਹਣਿਆਂ ਦਾ ਹੁਣ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਮੈਂ ਆਪਣੇ ਆਪ ਨੂੰ ਪ੍ਰੀਤਮ ਦੇ ਲੇਖੇ ਲਗਾ ਦਿੱਤਾ ਹੈ;

"ਬੁੱਲ੍ਹੇ ਸ਼ਾਹ ਉਸੇ ਦਾ ਆਸ਼ਕ,
ਆਪਣਾ ਆਪ ਵੰਞਾਇਆ ਮੈਂ।"[46]

ਬੁੱਲ੍ਹੇ ਸ਼ਾਹ ਰੱਬੀ-ਇਸ਼ਕ ਨੂੰ ਸਾਰੇ ਧਾਰਮਿਕ ਅਡੰਬਰਾਂ ਨਾਲੋਂ ਉੱਚਾ ਸਮਝਦਾ ਹੈ। ਪੂਜਾ, ਪਾਠ, ਰੋਜ਼ੇ ਜਾਂ ਨਮਾਜ਼ਾਂ ਵਿਚ ਉਸ ਦਾ ਅਸਲੋਂ ਕੋਈ ਵਿਸ਼ਵਾਸ ਨਹੀਂ ਹੈ ਕਿਉਂਕਿ ਇਹ ਸਾਰੇ ਕਾਰਜ ਧਰਮ ਦੇ ਬਾਹਰੀ ਰੂਪ ਵਿਚ ਆਉਂਦੇ ਹਨ ਪਰ ਬੁੱਲ੍ਹੇ ਸ਼ਾਹ ਬਾਹਰੀ ਸਰੂਪ ਦੀ ਥਾਂ ਮਨੁੱਖ ਦੇ ਅੰਤਰ-ਮਨ ਉੱਪਰ ਵਧੇਰੇ ਬੱਲ ਦਿੰਦਾ ਹੈ। ਇਸ਼ਕ ਦੇ ਰਾਹ ਤੇ ਤੁਰਿਆ ਬੁੱਲ੍ਹਾ ਸ਼ਰੀਅਤ, ਨਮਾਜ਼, ਰੋਜ਼ੇ ਨੂੰ ਫਜ਼ੂਲ ਸਮਝਦਾ ਹੈ;

"ਪਿਆਰ ਵਿਚ ਸਰਮਸਤ ਬੁੱਲ੍ਹਾ ਰੋਜ਼ੇ, ਹੱਜ ਅਤੇ ਨਮਾਜ਼ ਤੋਂ ਬੇਨਿਆਜ਼ ਹੋ ਜਾਂਦਾ ਹੈ। ਪਿਆਰੇ ਦੇ ਵਸਲ ਨਾਲ ਜਾਂ ਮਿਲਾਪ ਮਗਰੋਂ ਨਾ ਸ਼ਰ੍ਹਾ ਦੀਆਂ ਲੋੜਾਂ ਰਹਿੰਦੀਆਂ ਹਨ ਨਾ ਫ਼ਿਕਹ ਦੀਆਂ।"[47]

"ਸ਼ਰੀਅਤ ਦੀਆਂ ਬਣਾਈਆਂ ਸੰਪਰਦਾਇਕ ਹੱਦਬੰਦੀਆਂ ਦੀ ਉਸ (ਬੁੱਲ੍ਹੇ ਸ਼ਾਹ) ਲਈ ਕੋਈ ਅਹਿਮੀਅਤ ਨਹੀਂ ਹੈ। ਉਸ ਨੂੰ ਪੰਡਤ ਤੇ ਮੁੱਲਾ ਵਿਚ ਇਕ ਹੀ ਰੱਬ ਦਾ ਨੂਰ ਦਿਖਾਈ ਦਿੰਦਾ ਹੈ।"[48]



Sri Satguru Jagjit Singh Ji eLibrary NamdhariElibrary@gmail.com

"ਫੂਕ ਮੁਸੱਲਾ ਭੰਨ ਸਿਟ ਲੋਟਾ,
ਨਾ ਫੜ ਤਸਬੀ ਕਾਸਾ ਸੋਟਾ।
ਆਲਮ ਕਹਿੰਦਾ ਦੇ ਦੇ ਹੋਕਾ,
ਤਰਕ ਹਲਾਲੋ ਖਾਹ ਮੁਰਦਾਰ।"[49]

ਬੁੱਲ੍ਹੇ ਸ਼ਾਹ ਅਨੁਸਾਰ ਰੱਬ ਨਾ ਤੀਰਥ ਸਥਾਨਾਂ ਉੱਪਰ ਬੈਠਾ ਹੈ ਅਤੇ ਨਾ ਹੀ ਮੱਕੇ ਵਿਚ ਬੈਠਾ ਹੈ। ਉਹ ਪਰਮਾਤਮਾ ਤਾਂ ਮਨੁੱਖ ਦੇ ਹਿਰਦੇ ਅੰਦਰ ਵੱਸਦਾ ਹੈ ਅਤੇ ਇਸ਼ਕ ਅਤੇ ਪ੍ਰੇਮ ਨਾਲ ਹੀ ਉਸਦੀ ਪ੍ਰਾਪਤੀ ਹੋ ਸਕਦੀ ਹੈ। ਇਸ ਤੋਂ ਇਲਾਵਾ ਹੋਰ ਕੋਈ ਅਜਿਹਾ ਸਾਧਨ ਨਹੀਂ ਹੈ ਜਿਸ ਦੁਆਰਾ ਪ੍ਰੀਤਮ ਦੇ ਦੀਦਾਰ ਹੋ ਸਕਣ;

"ਸ਼ਰੀਅਤ ਦੀ ਪਾਖੰਡ ਭਰੀ ਪੈਰਵੀ ਦੀ ਪੁਰਜ਼ੋਰ ਨਿੰਦਾ ਕਰਦਿਆਂ ਬੁੱਲ੍ਹੇ ਸ਼ਾਹ ਨੇ ਮਨੁੱਖ ਨੂੰ ਕਿਸੇ ਕਾਮਿਲ ਮੁਰਸ਼ਦ ਦੇ ਲੜ ਲੱਗ ਕੇ ਅਧਿਆਤਮਕ ਉਤਮਤਾ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ ਹੈ। ਇਸ਼ਕ-ਏ-ਹਕੀਕੀ ਉਸਦੀ ਕਵਿਤਾ ਦਾ ਮੂਲ ਆਧਾਰ ਹੈ। ਇਸ ਵਿਚ ਸ਼ਰ੍ਹਾ ਦੀਆਂ ਪਾਬੰਦੀਆਂ ਨਾਲੋਂ ਆਸ਼ਿਕਾਨਾ ਬੇਬਾਕੀ ਵਧੇਰੇ ਦ੍ਰਿਸ਼ਟੀਗੋਚਰ ਹੁੰਦੀ ਹੈ।"[50]

ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਇਸ਼ਕ ਤਾਂ ਪਰਮਾਤਮਾ ਦੀ ਜਾਤ ਦਾ ਦਰਜ਼ਾ ਰੱਖਦਾ ਹੈ। ਇਸ਼ਕ ਦੇ ਦੁਆਰਾ ਹੀ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕੋਈ ਹੋਰ ਅਜਿਹਾ ਜ਼ਰੀਆ ਨਹੀਂ ਹੈ ਜਿਸ ਦੁਆਰਾ ਪ੍ਰੀਤਮ ਦੇ ਦੀਦਾਰ ਕੀਤੇ ਜਾ ਸਕਣ। ਇਸ ਲਈ ਪ੍ਰੀਤਮ ਨੂੰ ਪਾਉਣ ਦਾ ਇਸ਼ਕ ਸਰਵੋਤਮ ਜ਼ਰੀਆ ਹੈ;

"ਇਸ਼ਕ ਅਲਾਹ ਦੀ ਜਾਤ, ਲੋਕਾਂ ਦਾ ਮੇਹਣਾ।"[51]

ਪਰਮਾਤਮਾ ਦੇ ਇਸ਼ਕ ਵਿਚ ਮਸਤ ਬੁੱਲ੍ਹੇ ਸ਼ਾਹ ਨੂੰ ਹਰ ਪਾਸੇ ਆਪਣੇ ਪ੍ਰੀਤਮ-ਪਿਆਰੇ ਦੇ ਦਰਸ਼ਨ ਹੁੰਦੇ ਹਨ। ਉਹ ਆਪ ਹੀ ਪਰਮਾਤਮਾ ਦਾ ਰੂਪ ਹੋ ਗਿਆ ਹੈ ਕਿਉਂਕਿ ਬੁੱਲ੍ਹੇ ਸ਼ਾਹ ਪ੍ਰੀਤਮ-ਪਿਆਰੇ ਦੇ ਇਸ਼ਕ ਵਿਚ ਇਤਨਾ ਮਸਤ ਹੋ ਗਿਆ ਹੈ ਕਿ ਉਸ ਨੂੰ ਆਪਣੇ ਆਪੇ ਦੀ ਕੋਈ ਸੋਝੀ ਨਹੀਂ ਰਹੀ। ਉਸ ਨੂੰ ਹਰ ਪਾਸੇ ਆਪਣੇ ਮਾਹੀ-ਯਾਰ ਦਾ ਦੀਦਾਰ ਹੀ ਹੁੰਦਾ ਹੈ;

"ਇਸ਼ਕ ਵਿਚ ਮੈਂ ਤੇ ਤੂੰ ਨਿਰਾਰਥਕ ਹੋ ਜਾਂਦੇ ਹਨ, ਹਰ ਪਾਸੇ ਯਾਰ ਹੀ ਯਾਰ ਦਿਸਦਾ ਹੈ; ਇਸ਼ਕ ਸਜਦੇ, ਸਲਾਮਾਂ ਤੇ ਹੋਰ ਔਪਚਾਰਿਕਤਾਵਾਂ ਵੀ ਭੁਲਾ ਦਿੰਦਾ ਹੈ; ਉਹ ਮੋਮਿਨ-ਕਾਫ਼ਿਰ ਦੇ ਵਿਰੋਧ ਨੂੰ ਬਹੁਤ ਹੇਠਾਂ ਛੱਡ ਜਾਂਦਾ ਹੈ; ਉਸ ਨੂੰ ਪਰਵਾਹ ਹੈ ਤਾਂ ਕੇਵਲ ਇਕਮਿਕਤਾ ਦੀ, ਆਤਮਾ (ਰੂਹ) ਤੇ ਪਰਮਾਤਮਾ (ਰੱਬ) ਦੇ ਇਕ ਹੋ ਜਾਣ ਦੀ।"[52]

ਬੁੱਲ੍ਹੇ ਸ਼ਾਹ ਦੇ ਅਨੁਸਾਰ ਪਰਮਾਤਮਾ ਆਪਣੇ ਪਿਆਰੇ ਦੇ ਮਨ ਵਿਚ ਇਸ਼ਕ ਦੀ ਚੇਟਕ ਖ਼ੁਦ ਪੈਦਾ ਕਰਦਾ ਹੈ ਅਤੇ ਉਸ ਸਾਧਕ ਨੂੰ ਇਸ ਕਦਰ ਦੀਵਾਨਾ ਕਰ ਦਿੰਦਾ ਹੈ ਕਿ ਉਸ ਨੂੰ ਸੰਸਾਰਕ ਰਸਮਾਂ-ਰਿਵਾਜਾਂ ਦੀ ਕੋਈ ਪਰਵਾਹ ਨਹੀਂ ਰਹਿੰਦੀ;

"ਆਖਾਂ ਵੇ ਦਿਲ ਜਾਨ ਪਿਆਰਿਆ,
ਕੇਹਾ ਚੇਟਕ ਲਾਇਆ।"[53]

ਬੁੱਲ੍ਹੇ ਸ਼ਾਹ ਦਾ ਪ੍ਰੀਤਮ ਨੂਰ ਅਨਵਾਰ ਹੈ ਜੋ ਦਿਸਦਾ ਨਹੀਂ ਪਰ ਮੁਰਸ਼ਦ ਉਸੇ ਰੱਬੀ ਮਾਸ਼ੂਕ ਦਾ ਸਾਕਾਰ ਰੂਪ ਹੈ। ਇਸ ਲਈ ਬੁੱਲ੍ਹੇ ਸ਼ਾਹ ਆਪਣੇ ਅਲੱਖ ਪ੍ਰੀਤਮ ਦੇ ਦਿਸਦੇ ਰੂਪ (ਭਾਵ ਮੁਰਸ਼ਦ) ਨੂੰ ਵੀ ਇਸ਼ਕ ਕਰਦਾ ਹੈ। ਉਸ ਨੇ ਮੁਰਸ਼ਦ ਨੂੰ ਰੱਬੀ ਨੂਰ ਦਾ ਦਿੱਸਦਾ ਰੂਪ ਕਿਹਾ ਹੈ।

ਬੁੱਲ੍ਹੇ ਸ਼ਾਹ ਦਾ ਆਪਣੇ ਮੁਰਸ਼ਦ ਅਨਾਇਤ ਸ਼ਾਹ ਨਾਲ ਪ੍ਰੇਮ ਬਹੁਤ ਪ੍ਰਸਿੱਧ ਹੈ। ਇਸ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਨੂੰ ਪਰਮਾਤਮਾ ਦਾ ਦੈਵੀ



Sri Satguru Jagjit Singh Ji eLibrary NamdhariElibrary@gmail.com

ਰੂਪ ਮੰਨਦਾ ਸੀ। ਉਹ ਆਪਣੇ ਮੁਰਸ਼ਦ ਦੇ ਇਸ਼ਕ ਵਿਚ ਆਪਣਾ ਸਭ ਕੁੱਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਉਹ ਆਪਣੇ ਮੁਰਸ਼ਦ ਦੀ ਨਰਾਜ਼ਗੀ ਕੁਝ ਪਲਾਂ ਲਈ ਵੀ ਝੱਲ ਨਹੀਂ ਸਕਦਾ;

"ਮਾਪੇ ਛੋੜ ਲੱਗੀ ਲੜ ਤੇਰੇ,
ਸ਼ਾਹ ਇਨਾਇਤ ਸਾਈਂ ਮੇਰੇ।
ਲਾਈਆਂ ਦੀ ਲੱਜ ਪਾਲ ਵੇ,
ਵਿਹੜੇ ਆ ਵੜ ਮੇਰੇ।"[54]

ਜਾਂ

"ਤੁਸੀਂ ਆਪ ਅਸਾਨੂੰ ਧਾਏ ਜੀ,
ਖ਼ੁਦ ਰਹਿੰਦੇ ਛਪੇ ਛਪਾਏ ਜੀ।
ਤੁਸੀਂ ਸ਼ਾਹ ਅਨਾਇਤ ਬਣ ਆਏ ਜੀ,
ਹੁਣ ਲਾ ਲਾ ਨੈਣ ਝਮਾਕੀ ਦਾ।"[55]

ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੈਂ ਆਪਣੇ ਮੁਰਸ਼ਦ ਦੇ ਲੜ ਲੱਗਣ ਲਈ ਆਪਣੇ ਮਾਂ-ਬਾਪ ਨੂੰ ਛੱਡ ਦਿੱਤਾ ਹੈ। ਮੈਨੂੰ ਆਪਣੀ ਉੱਚੀ ਜਾਤ ਦਾ ਵੀ ਕੋਈ ਅਭਿਮਾਨ ਨਹੀਂ ਹੈ। ਮੈਂ ਤਾਂ ਆਪਣੇ ਮੁਰਸ਼ਦ ਦੇ ਦਰ ਤੇ ਆਪਣਾ ਆਪਾ ਕੁਰਬਾਨ ਕਰਨਾ ਚਾਹੁੰਦਾ ਹਾਂ ਤਾਂ ਕਿ ਮੁਰਸ਼ਦ ਦੀ ਕਿਰਪਾ ਦੁਆਰਾ ਮੈਨੂੰ ਮੇਰੇ ਪ੍ਰੀਤਮ ਦਾ ਦੀਦਾਰ ਹੋ ਸਕੇ। ਬੁੱਲ੍ਹੇ ਸ਼ਾਹ ਦਾ ਮੁਰਸ਼ਦ ਉਸ ਨੂੰ ਇਸ਼ਕ ਦਾ ਸਬਕ ਪੜਾਉਂਦਾ ਹੈ ਜਿਸ ਦੁਆਰਾ ਬੁੱਲ੍ਹੇ ਸ਼ਾਹ ਪ੍ਰੀਤਮ ਦੇ ਦਰ ਤੇ ਪਰਵਾਨ ਹੁੰਦਾ ਹੈ। ਕਿਸੇ ਸਾਧਕ ਦੇ ਮਨ ਵਿਚ ਇਸ਼ਕ ਉਸ ਸਮੇਂ ਪੈਦਾ ਹੁੰਦਾ ਹੈ ਜਿਸ ਵੇਲੇ ਉਸਨੂੰ ਬਿਰਹਾ ਦੀ ਪੀੜ ਦਾ ਗਿਆਨ ਹੋਵੇ। ਜਿਸ ਸਾਧਕ ਨੇ ਆਪਣੇ ਤਨ ਅਤੇ ਮਨ ਉੱਪਰ ਬਿਰਹਾ ਦਾ ਸੰਤਾਪ ਹੰਢਾ ਲਿਆ ਹੈ ਉਹ ਇਸ਼ਕ ਮਾਧਿਅਮ ਦੁਆਰਾ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਇਸੇ ਲਈ ਆਪਣੀ ਬਿਰਹਾ ਭਾਵਨਾ ਨੂੰ ਪ੍ਰਗਟਾਉਣ ਲਈ ਬੁੱਲ੍ਹੇ ਸ਼ਾਹ ਨੇ ਉਨ੍ਹਾਂ ਨਾਇਕ-ਨਾਇਕਾਵਾਂ ਨੂੰ ਪ੍ਰਤੀਕ ਵਜੋਂ ਵਰਤਿਆ ਹੈ ਜੋ ਇਸ਼ਕ ਅਤੇ ਬਿਰਹਾ ਵਿਚ ਮਿਟ/ਮਰ ਗਏ ਹਨ। ਬੁੱਲ੍ਹਾ ਆਪਣੀ ਅਵਸਥਾ ਨੂੰ ਕਿਤੇ ਸੱਸੀ ਵਾਂਗ ਮਹਿਸੂਸ ਕਰਦਾ ਹੈ ਜੋ ਵਿਯੋਗ ਵਿਚ ਥਲਾਂ ਵਿਚ ਰੁਲਦੀ ਹੈ, ਕਿਤੇ ਉਹ ਆਪਣੇ ਦਰਦ ਨੂੰ ਸ਼ੀਰੀ ਨਾਲ ਜੋੜਦਾ ਹੈ ਅਤੇ ਕਿਤੇ ਆਪਣੀ ਪੀੜਾ ਨੂੰ ਯੂਸਫ਼ ਵਾਂਗ ਮਿਸਰ ਦੇ ਬਾਜ਼ਾਰ ਵਿਚ ਵਿਕਣ ਰਾਹੀਂ ਪ੍ਰਗਟਾਉਂਦਾ ਹੈ;

"ਇਸ਼ਕ ਹੋਰੀ ਹੀਰ ਪਰ ਆਏ, ਤਦ ਮੀਆਂ ਰਾਂਝੇ ਕੰਨ ਪੜਵਾਏ।
ਸਾਹਿਬਾਂ ਨੂੰ ਵਿਆਹੁਣ ਆਏ, ਸਿਰ ਮਿਰਜ਼ੇ ਦਾ ਵਾਰਿਆ ਈ।
ਸੱਸੀ ਨੂੰ ਚਾ ਥਲੀ ਰੁਲਾਯੋ, ਸੋਹਣੀ ਕੱਚੇ ਘਵੇ ਡੁਬਾਯੋ।
ਰੋਡੇ ਦੇ ਸਿਰ ਗਲਾ ਜੇ ਆਸੇ, ਪੁਰਜੇ ਕਰ ਕਰ ਮਾਰਿਆ ਈ।"[56]

ਜਾਂ

"ਸ਼ੀਰੀ ਹੈ ਬਿਰਹੋਂ ਦਾ ਖਾਣਾ, ਕੋਹ ਚੋਟੀ ਫ਼ਰਹਾਦ ਨਮਾਣਾ।
ਯੂਸਫ਼ ਮਿਸਰ ਬਾਜ਼ਾਰ ਵਿਕਾਣਾ, ਇਸਨੂੰ ਨਾਹੀਂ ਵੇਖਣ ਕੋਰ।
ਲੈਲਾ ਮਜਨੂੰ ਦੋਵੇਂ ਬਰਦੇ, ਸੋਹਣੀ ਡੁੱਬੀ ਵਿਚ ਬਹਿਰ ਦੇ।"[57]

ਮੁਰਸ਼ਦ ਦੀ ਸੁਯੋਗ ਅਗਵਾਈ ਵਿਚ ਇਸ਼ਕ ਪੰਧ ਤੇ ਚੱਲਦਿਆਂ ਜਿਸ ਵੇਲੇ ਬੁੱਲ੍ਹੇ ਸ਼ਾਹ ਦੀ ਵਿਯੋਗ ਦੀ ਅਵਸਥਾ ਦਾ ਅੰਤ ਹੋ ਜਾਂਦਾ ਹੈ ਤਾਂ ਉਸ ਨੂੰ ਕੰਤ/ਮਾਲਕ ਮਿਲ ਪੈਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਉਹ ਕਹਿੰਦਾ ਹੈ ਕਿ ਮੇਰਾ ਕੰਤ ਤਾਂ ਹਰ ਪਾਸੇ ਵਿਦਮਾਨ ਹੈ ਅਤੇ ਹਰ ਹਿਰਦੇ ਵਿਚ ਸਮਾਇਆ ਹੋਇਆ ਹੈ। ਉਸ ਨੂੰ ਪਾਉਣ ਲਈ ਆਪਣਾ ਆਪਾ ਕੁਰਬਾਨ ਕਰਨਾ ਪੈਂਦਾ ਹੈ। ਪ੍ਰਭੂ ਨਾਲ ਸੱਚੇ ਮਨ ਨਾਲ ਇਸ਼ਕ ਕਰਨਾ ਪੈਂਦਾ ਹੈ;

"ਸਈਓ ਹੁਣ ਮੈਂ ਸਾਜਨ ਪਾਇਓ ਈ।
ਹਰਿ ਹਰ ਦੇ ਵਿੱਚ ਸਮਾਇਓ ਈ।"[58]

ਬੁੱਲ੍ਹੇ ਸ਼ਾਹ ਨੇ ਆਪਣੇ ਕਲਾਮ ਵਿਚ ਵਿਯੋਗ ਨੂੰ ਸ਼ਿੱਦਤ ਨਾਲ ਬਿਆਨਿਆ ਹੈ। ਉਸਨੇ ਵਿਯੋਗੇ ਮਨੁੱਖ ਦੇ ਨਿੱਤ ਦੇ ਕਾਰਾਂ-ਵਿਹਾਰਾਂ ਨੂੰ ਆਪਣੀ ਸ਼ਾਇਰੀ ਰਾਹੀਂ ਦ੍ਰਿਸ਼ਟਮਾਨ ਕੀਤਾ ਹੈ। ਬੁੱਲ੍ਹੇ ਸ਼ਾਹ ਅਨੁਸਾਰ ਇਸ ਸੰਸਾਰ ਵਿਚ ਪੈਦਾ ਹੋਏ ਹਰੇਕ ਜੀਵ ਦਾ ਪਰਮਾਤਮਾ ਨਾਲੋਂ ਵਿਯੋਗ ਪਿਆ ਹੋਇਆ ਹੈ। ਸੂਫ਼ੀ ਅਜਿਹੇ ਮਨੁੱਖ ਹਨ ਜਿਨ੍ਹਾਂ ਨੇ ਵਿਯੋਗ ਨੂੰ ਸਮਝਿਆ ਹੈ। ਇਸ ਜਾਗ੍ਰਤ ਅਵਸਥਾ ਵਾਲੇ ਸੂਫ਼ੀਆਂ ਨੂੰ ਪਰਮਾਤਮਾ ਦੇ ਵਿਯੋਗ ਤੋਂ ਬਿਰਹਾ ਉਤਪੰਨ ਹੋ ਗਈ। ਬਿਰਹਾ ਦੀ ਅਵਸਥਾ ਵਿਚ ਸੂਫ਼ੀ ਸੰਸਾਰਕ ਕਾਰ-ਵਿਹਾਰ ਨਾਲੋਂ ਆਪਣੇ ਆਪ ਨੂੰ ਵੱਖ ਕਰ ਲੈਂਦੇ ਹਨ। ਬਿਰਹਾ ਦੀ ਅਗਨੀ ਵਿਚ ਸੜ ਕੇ ਸੂਫ਼ੀ ਨੂੰ ਮੁਰਸ਼ਦ ਦਾ ਸਹਾਰਾ ਮਿਲਦਾ ਹੈ। ਮੁਰਸ਼ਦ ਸੂਫ਼ੀ ਨੂੰ ਇਸ਼ਕ ਦਾ ਪਾਠ ਪੜ੍ਹਾਉਂਦਾ ਹੈ। ਇਸ਼ਕ ਦੇ ਕਰਕੇ ਸੂਫ਼ੀ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ ਹੈ ਭਾਵ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਇਹੀ ਬੁੱਲ੍ਹੇ ਸ਼ਾਹ ਦੀ ਕਵਿਤਾ ਦਾ ਕੇਂਦਰੀ ਭਾਵ ਹੈ ਅਤੇ ਇਹੀ ਕਿਸੇ ਸੂਫ਼ੀ ਸਾਧਕ ਦਾ ਅੰਤਮ ਲਕਸ਼ ਹੁੰਦਾ ਹੈ। ਇਸ ਪ੍ਰਕਾਰ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦੇ ਵਿਭਿੰਨ ਚਿੱਤਰ ਸਿਰਜੇ ਗਏ ਹਨ।

## ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਬਿਰਹਾ ਸੰਵੇਦਨਾ

ਸੂਫ਼ੀ ਕਵਿਤਾ ਬਿਰਹਾ ਪ੍ਰਧਾਨ ਕਵਿਤਾ ਹੈ। ਉਹ ਚਾਹੇ ਬਾਬਾ ਫ਼ਰੀਦ ਦੀ ਕਵਿਤਾ ਹੋਵੇ, ਸ਼ਾਹ ਹੁਸੈਨ ਦੀ ਜਾਂ ਫਿਰ ਬੁੱਲ੍ਹੇ ਸ਼ਾਹ ਦੀ। ਬਿਰਹਾ ਰੰਗ ਹਰ ਸੂਫ਼ੀ ਦੀ ਕਵਿਤਾ ਦਾ ਪ੍ਰਧਾਨ ਵਿਸ਼ਾ ਬਣ ਕੇ ਸਾਹਮਣੇ ਆਉਂਦਾ ਹੈ। ਅਸਲ ਵਿਚ ਬਿਰਹਾ ਤੋਂ ਬਿਨਾਂ ਸੂਫ਼ੀ ਕਵਿਤਾ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਬਿਰਹਾ ਤੋਂ ਬਿਨਾਂ ਸੂਫ਼ੀ ਕਵਿਤਾ ਅਜਿਹੀ ਹੋਵੇਗੀ ਜਿਸ ਤਰ੍ਹਾਂ ਬਿਨਾਂ ਸੁਆਸਾਂ ਦੇ ਮਨੁੱਖੀ ਸਰੀਰ। ਇਸ ਲਈ ਸਾਰੇ ਪੰਜਾਬੀ ਸੂਫ਼ੀ ਕਵੀਆਂ ਨੇ ਬਿਰਹਾ ਨੂੰ ਆਪਣੀ ਕਵਿਤਾ ਵਿਚ ਵਡਿਆਇਆ ਹੈ। ਪੰਜਾਬੀ ਸੂਫ਼ੀ ਕਵੀਆਂ ਦੁਆਰਾ ਬਿਰਹਾ ਨੂੰ ਪਰਮਾਤਮਾ ਦੇ ਮਿਲਾਪ ਦਾ ਆਧਾਰ ਬਣਾ ਕੇ ਪੇਸ਼ ਕੀਤਾ ਗਿਆ ਹੈ;

"ਸੂਫ਼ੀ ਰਹੱਸਵਾਦ ਅਨੁਸਾਰ ਮਨੁੱਖ ਤੇ ਰੱਬ ਦਾ ਇਕ ਰੂਪ ਹੋਣਾ ਕੇਂਦਰੀ ਖਿਆਲ ਹੈ। ਜੀਵ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਰੱਬ ਦਾ ਹੀ ਇਕ ਅੰਗ ਜਾਂ ਭਾਗ ਸੀ। ਜਦੋਂ ਇਹ ਵੱਖਰੀ ਹੋਂਦ ਵਿਚ ਆਇਆ ਤਾਂ ਆਪਣੇ ਅਸਲ ਰੂਪ (ਰੱਬ) ਨੂੰ ਭੁੱਲ ਗਿਆ। ਹਸਤੀ ਨੇ ਜੀਵ ਨੂੰ ਰੱਬ ਤੋਂ ਵੱਖ ਕਰ ਦਿੱਤਾ। ਰੱਬ ਤੋਂ ਇਹ ਵਿਛੋੜਾ ਹੀ ਸੂਫ਼ੀ ਦੇ ਜੀਵਨ ਦਾ ਦੁਖਾਂਤ ਹੈ। ਪਰ ਜੀਵ ਦੀ ਮੁੜ ਵਾਪਸੀ ਦਾ ਇਲਾਜ ਵੀ ਇਹ ਬਿਰਹਾ ਦੀ ਭਾਵਨਾ ਹੀ ਹੈ।"[59]

ਡਾ. ਲਾਜਵੰਤੀ ਰਾਮ ਕ੍ਰਿਸ਼ਨ ਆਪਣੀ ਪੁਸਤਕ Punjabi Sufi Poets ਵਿਚ ਲਿਖਦੀ ਹੈ ਕਿ ਸੂਫ਼ੀ ਸਾਧਨਾ ਵਿਚ ਪੁਨਰ-ਮਿਲਨ ਦਾ ਅਰਥ ਦੂਜੇ ਸ਼ਬਦਾਂ ਵਿਚ ਬਿਰਹਾ ਭਾਵਨਾ ਨਾਲ ਲਿਆ ਜਾ ਸਕਦਾ ਹੈ ਕਿਉਂਕਿ ਪੁਨਰ-ਮਿਲਨ ਦਾ ਭਾਵ ਹੈ ਕਿ ਜੀਵ ਪਰਮਾਤਮਾ ਨਾਲੋਂ ਵਿਯੋਗਿਆ ਹੋਇਆ ਹੈ। ਇਹ ਵਿਯੋਗ ਵਿਚ ਜਿਸ ਵੇਲੇ ਬਿਰਹਾ ਉਤਪੰਨ ਹੁੰਦੀ ਹੈ ਤਾਂ ਜੀਵਾਤਮਾ ਆਪਣੇ ਪ੍ਰੀਤਮ ਨੂੰ ਮੁੜ ਮਿਲਣ ਲਈ ਵਿਆਕੁਲ ਹੋ ਜਾਂਦੀ ਹੈ;



Sri Satguru Jagjit Singh Ji eLibrary NamdhariElibrary@gmail.com

"ਪੁਨਰ-ਮਿਲਨ ਦੀ ਲਾਲਸਾ ਦਾ ਮਤਲਬ ਹੈ ਕਿ ਸੂਫ਼ੀ ਸਾਧਕ ਦੀ ਪਰਮਾਤਮਾ ਨਾਲ ਜੁਦਾਈ ਪਈ ਹੋਈ ਹੈ ਅਤੇ ਪੰਜਾਬੀ ਸੂਫ਼ੀ ਸਾਧਕ ਪਰਮਾਤਮਾ ਨਾਲ ਦੁਬਾਰਾ ਮਿਲਾਪ ਚਾਹੁੰਦੇ ਹਨ। ਸੂਫ਼ੀ ਸਾਧਨਾ ਵਿਧੀ ਵਿਚ ਇਹ ਪਰਮਾਤਮਾ ਵਿਚ ਫ਼ਨਾ ਹੋਣ ਦਾ ਸਭ ਤੋਂ ਵਧੀਆ ਸਿਧਾਂਤ ਹੈ। ਇਸਲਾਮੀ ਸਿਧਾਂਤ ਦੇ ਅਨੁਸਾਰ ਜੀਵਾਤਮਾ ਨੂੰ ਪ੍ਰਭੂ ਨਾਲੋਂ ਵਿਯੋਗੀ ਹੋਈ ਇਸਤਰੀ ਦੇ ਰੂਪ ਵਿਚ ਚਿੱਤਰਿਆ ਗਿਆ ਹੈ।"[60]

ਪੰਜਾਬੀ ਸੂਫ਼ੀ ਕਵਿਤਾ ਵਿਚ ਵਿਯੋਗ ਕਾਰਨ ਉਤਪੰਨ ਬਿਰਹਾ ਦਾ ਜਜ਼ਬਾ ਇਤਨਾ ਪ੍ਰਬਲ ਹੈ ਕਿ ਹਿਜ਼ਰ ਪੀੜ ਨਾਲ ਕੁਰਲਾਉਂਦੇ ਲੋਕ-ਗੀਤਾਂ ਅਤੇ ਪ੍ਰੀਤ-ਕਿੱਸਿਆਂ ਤੋਂ ਬਿਨਾਂ ਅਧਿਆਤਮਕ ਕਵਿਤਾ ਵਿਚ ਵੀ ਇਸ ਦੀ ਤੜਪਣੀ ਘੱਟ ਨਹੀਂ ਹੈ। ਅਧਿਆਤਮਕ ਕਵਿਤਾ ਵਿਚ ਆਤਮਾ ਨੂੰ ਪਰਮਾਤਮਾ ਦੇ ਵਿਯੋਗ ਵਿਚ ਉਤਨਾ ਵਿਆਕੁਲ ਦਿਖਾਇਆ ਗਿਆ ਹੈ ਜਿਨ੍ਹਾਂ ਲੋਕ ਗੀਤਾਂ ਵਿਚ ਨਾਇਕਾ ਆਪਣੇ ਨਾਇਕ ਦੇ ਵਿਯੋਗ ਵਿਚ ਵਿਆਕੁਲ ਹੁੰਦੀ ਹੈ। ਪੰਜਾਬੀ ਸੂਫ਼ੀ ਕਵਿਤਾ ਵਿਚ ਆਤਮ-ਵਿਯੋਗ ਦੀ ਲਹਿਰ ਬਾਬਾ ਫ਼ਰੀਦ ਦੇ ਕਲਾਮ ਤੋਂ ਹੀ ਆਰੰਭ ਹੋ ਗਈ ਸੀ ਜਦੋਂ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਕਿਹਾ ਸੀ;

"ਅੱਜ ਨਾ ਸੁੱਤੀ ਕੰਤ ਸਿਉ, ਅੰਗ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ, ਤੁਮ ਕਿਉ ਰੈਣਿ ਵਿਹਾਇ॥"[61]

ਬਾਬਾ ਫ਼ਰੀਦ ਜੀ ਨੇ ਆਪਣੇ ਕਲਾਮ ਵਿਚ ਅਜਿਹੀ ਨਾਇਕਾ ਦਾ ਚਿੱਤਰਨ ਖਿੱਚਿਆ ਹੈ ਜੋ ਆਪਣੇ ਪ੍ਰੀਤਮ ਤੋਂ ਬਿਨਾਂ ਇਕ ਰਾਤ ਦਾ ਸਮਾਂ ਵੀ ਬਤੀਤ ਨਹੀਂ ਕਰ ਸਕਦੀ। ਨਾਇਕਾ ਨੂੰ ਇਕ ਪਲ ਲਈ ਵੀ ਆਪਣਾ ਪ੍ਰੀਤਮ ਦੂਰ ਨਹੀਂ ਚਾਹੀਦਾ ਬਲਕਿ ਉਹ ਹਰ ਪਲ ਆਪਣੇ ਪ੍ਰੀਤਮ ਦੇ ਨਾਲ ਰਹਿਣਾ ਚਾਹੁੰਦੀ ਹੈ। ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਤੂੰ ਅੱਜ ਆਪਣੇ ਕੰਤ/ ਮਾਲਕ ਨਾਲ ਨਹੀਂ ਸੁੱਤੀ ਅਤੇ ਤੇਰੇ ਅੰਗ-ਅੰਗ ਮੁੜ ਗਏ ਜਾਪਦੇ ਹਨ ਪਰ ਉਹਨਾਂ ਨਾਇਕਾਵਾਂ ਦਾ ਕੀ ਹਾਲ ਹੋਵੇਗਾ ਜਿਹੜੀਆਂ ਕਈ ਚਿਰਾਂ ਤੋਂ ਆਪਣੇ ਪ੍ਰੀਤਮ ਦਾ ਵਿਯੋਗ ਆਪਣੇ ਪਿੰਡੇ ਤੇ ਹੰਢਾ ਰਹੀਆਂ ਹਨ।

ਬੁੱਲ੍ਹੇ ਸ਼ਾਹ ਵੀ ਆਪਣੇ ਪ੍ਰੀਤਮ ਨਾਲੋਂ ਵਿਯੋਗ ਕਾਰਨ ਬਿਰਹਾ ਦਾ ਦਰਦ ਹੰਢਾ ਰਿਹਾ ਹੈ। ਉਹ ਆਪਣੇ ਪ੍ਰੀਤਮ ਨੂੰ ਸੰਬੋਧਨ ਕਰਕੇ ਮਿਲਾਪ ਲਈ ਤਰਲੇ ਕਰ ਰਿਹਾ ਹੈ। ਬੁੱਲ੍ਹੇ ਸ਼ਾਹ ਦੇ ਸੰਬੋਧਨਾਂ ਵਿਚ ਦਿਲੀ ਧੂਹ ਹੈ, ਖੁੱਲ ਖਿਆਲੀ ਅਤੇ ਬੇਪਰਵਾਹੀ ਹੈ, ਪ੍ਰੀਤਮ ਪ੍ਰਭੂ ਨਾਲ ਖੁੱਲ ਲੈਣ ਦੀ ਤਾਂਘ ਵੀ ਹੈ। ਉਹ ਕਹਿੰਦਾ ਹੈ ਕਿ ਹੇ ਮੇਰੇ ਪ੍ਰੀਤਮ ਤੂੰ ਬਿਰਹਾ ਦੀ ਛੁਰੀ ਮੇਰੇ ਸੀਨੇ ਉੱਤੇ ਚਲਾ ਦਿੱਤੀ ਹੈ। ਇਸ ਬਿਰਹਾ ਨੇ ਮੈਨੂੰ ਡਾਢਾ ਵਿਆਕੁਲ ਕੀਤਾ ਹੈ;

"ਬਿਰਹੋਂ ਕਟਾਰੀ ਤੂੰ ਕੱਸ ਕੇ ਮਾਰੀ, ਤਦ ਮੈਂ ਹੋਈ ਬੇਦਿਲ ਭਾਰੀ,
ਮੁੜ ਨਾ ਲਈ ਤੈਂ ਸਾਰ ਹਮਾਰੀ, ਪਤੀਆਂ ਤੇਰੀਆਂ ਕੋਰੀਆਂ ਵੇ।
ਘੁੰਘਟ ਚੁੱਕ ਓ ਸਜਣਾ, ਹੁਣ ਸ਼ਰਮਾਂ ਕਾਹਨੂੰ ਰੱਖੀਆਂ ਵੇ।"[62]

ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਨੂੰ ਯਾਰ ਵੀ ਕਹਿੰਦਾ ਹੈ, ਸੱਜਣ, ਪਿਆਰਾ, ਸਾਈਂ, ਮਾਹੀ, ਤੂੰ ਅਤੇ ਤੁਸੀਂ ਕਰਕੇ ਵੀ ਸੰਬੋਧਨ ਕਰਦਾ ਹੈ ਅਤੇ ਕਿਵੇਂ ਇਨ੍ਹਾਂ ਸਦਕਾ ਉਹ ਆਪਣੇ ਮਾਲਕ ਪ੍ਰਭੂ ਨਾਲ ਇਕ ਅਤਿ ਦਰਜ਼ੇ ਦੀ ਨੇੜਤਾ ਕਾਇਮ ਕਰ ਲੈਂਦਾ ਹੈ। ਬੁੱਲ੍ਹੇ ਸ਼ਾਹ ਇਹ ਸਭ ਆਪਣੇ ਪ੍ਰੀਤਮ ਨਾਲੋਂ ਦੂਰੀਆਂ ਮਿਟਾ ਕੇ ਉਸ ਨਾਲ ਇਕ ਹੋਣ ਦੀ ਅਤੇ ਉਸ ਨਾਲ ਮਿਲਣ-ਅਵਸਥਾ ਕਾਇਮ ਕਰਨ ਲਈ ਕਰਦਾ ਹੈ। ਉਸ ਨੂੰ ਅਤਿ ਨੇੜੇ ਜਾਣ ਕੇ ਅਤੇ ਆਪਣੇ-ਆਪ ਨੂੰ ਉਸ ਦਾ ਇਕ ਅਹਿਮ ਹਿੱਸਾ ਸਮਝ ਕੇ ਪ੍ਰੇਮ-ਕਲੋਲਾਂ ਕਰਨ ਦਾ ਹੌਸਲਾ ਵੀ ਰੱਖਦਾ ਹੈ। ਬੁੱਲ੍ਹੇ



Sri Satguru Jagjit Singh Ji eLibrary NamdhariElibrary@gmail.com

ਸ਼ਾਹ ਨੂੰ ਆਪਣੇ ਪ੍ਰੀਤਮ ਤੇ ਨਾਜ਼ ਹੈ। ਉਹ ਉਸ ਨੂੰ ਹਰ ਥਾਂ, ਹਰ ਵਿਅਕਤੀ ਵਿਚ ਅਤੇ ਹਰ ਕਿਰਪਾ, ਕਨਾਪ ਵਿਚ ਆਪਣੇ ਅੰਗ-ਸੰਗ ਸਮਝਦਾ ਹੈ। ਇਹ ਉਸਦੀ ਵਿਲੱਖਣ ਪਛਾਣ ਹੈ;

"ਜਨਮਾਂ-ਜਨਮਾਂ ਤੋਂ ਜਿਸ ਪੀੜ ਨੂੰ ਆਪਣੇ ਅੰਦਰ ਲੁਕਾਈ ਵਿਚਾਰੀ ਆਤਮਾ ਸਰੀਰ ਬਦਲਦੀ ਫਿਰਦੀ ਹੈ, ਉਸ ਦਾ ਪੰਧ ਮੁਕਾਉਣ ਲਈ ਜ਼ਰੂਰੀ ਹੈ ਕਿ ਇਹ ਪੀੜ ਹੀ ਜੀਵਨ ਹੋ ਜਾਵੇ ਤੇ ਆਤਮਾ ਦਾ ਪਸਾਰ ਨਿੱਤ ਤੋਂ ਉਤਾਂਹ ਉਠ ਕੇ ਸੰਪੂਰਨ ਸ੍ਰਿਸ਼ਟੀ ਨੂੰ ਆਪਣੀ ਬੁੱਕਲ ਵਿਚ ਲੈ ਲਵੇ।"[63]

ਬੁੱਲ੍ਹੇ ਸ਼ਾਹ ਪ੍ਰੀਤਮ ਦੇ ਵਿਯੋਗ ਵਿਚ ਬਿਰਹਾ ਦੇ ਦਰਦ ਨੂੰ ਆਪਣੀ ਜਿੰਦ ਨਾਲ ਲਗਾ ਬੈਠਾ ਹੈ। ਉਹ ਇਸ ਦਰਦ ਨੂੰ ਮਿਲਾਪ ਦੀ ਅਵਸਥਾ ਦੁਆਰਾ ਦੂਰ ਕਰਨਾ ਚਾਹੁੰਦਾ ਹੈ ਅਤੇ ਇਹ ਮਿਲਾਪ ਕੇਵਲ ਮੁਰਸ਼ਦ ਹੀ ਕਰਵਾ ਸਕਦਾ ਹੈ। ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਪ੍ਰਭੂ ਨੂੰ ਹੀ ਆਪਣਾ ਯਾਰ/ਮਿੱਤਰ ਸਮਝ ਕੇ ਮਿਲਾਪ ਲਈ ਤਾਂਘ ਰੱਖਦਾ ਹੈ। ਬੁੱਲ੍ਹੇ ਸ਼ਾਹ ਪਰਮਾਤਮਾ ਨੂੰ ਸਭ ਤੋਂ ਵਧੇਰੇ ਸੰਬੋਧਨ ਯਾਰ ਦੇ ਰੂਪ ਵਿਚ ਕਰਦਾ ਹੈ। ਇਸਦਾ ਅਰਥ ਹੈ ਕਿ ਉਸਦੀ ਭਗਤੀ ਇੱਥੇ ਸਖਾ ਭਾਵ ਦੀ ਹੈ ਜਿੱਥੇ ਉਹ ਉਸਨੂੰ ਪ੍ਰੀਤਮ, ਸੱਜਣ, ਸਾਈਂ ਅਤੇ ਮਹਾਰਾਜ ਕਰਕੇ ਸੰਬੋਧਨ ਕਰਦਾ ਹੈ ਉੱਥੇ ਉਸਦੀ ਭਗਤੀ ਕਾਂਤਾ ਭਗਤੀ ਵਾਲੀ ਹੋ ਜਾਂਦੀ ਹੈ। ਪਰਮਾਤਮਾ ਨੂੰ ਯਾਰ ਬਣਾ ਕੇ ਪੇਸ਼ ਕਰ ਰਹੇ ਬੁੱਲ੍ਹੇ ਸ਼ਾਹ ਨੂੰ ਇਸ ਗੱਲ ਦਾ ਇਲਮ ਹੈ ਕਿ ਉਸ ਰਾਂਝੇ (ਪਰਮਾਤਮਾ) ਨੂੰ ਬਿਨਾਂ ਇਸ਼ਕ ਕੀਤਿਆਂ ਪਾਇਆ ਨਹੀਂ ਜਾ ਸਕਦਾ। ਇਸ ਲਈ ਉਸਨੇ ਆਪਣੇ ਕਲਾਮ ਵਿਚ ਯਾਰ ਤੋਂ ਬਾਅਦ ਇਸ਼ਕ ਸ਼ਬਦ ਦੀ ਵਰਤੋਂ ਵਧੇਰੇ ਕੀਤੀ ਹੈ। ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਪਰਮਾਤਮਾ ਦੇ ਪ੍ਰਤੀ ਇਸ਼ਕ ਦਾ ਜਜ਼ਬਾ ਠਾਠਾਂ ਮਾਰਦਾ ਹੋਇਆ ਸਹਿਜੇ ਹੀ ਦੇਖਿਆ ਜਾ ਸਕਦਾ ਹੈ।

ਬੁੱਲ੍ਹੇ ਸ਼ਾਹ ਨੇ ਬਿਰਹਾ ਨੂੰ ਆਪਣੇ ਤਨ ਨੂੰ ਹੰਢਾ ਕੇ ਪੇਸ਼ ਕੀਤਾ ਹੈ ਕਿਉਂਕਿ ਬੁੱਲ੍ਹੇ ਸ਼ਾਹ ਦੀ ਕਵਿਤਾ ਹੱਡ-ਬੀਤੀ ਕਵਿਤਾ ਵੱਜੋਂ ਪੰਜਾਬੀ ਸੂਫ਼ੀ ਸਾਹਿਤ ਵਿਚ ਪੇਸ਼ ਹੋਈ ਹੈ। ਬੁੱਲ੍ਹੇ ਸ਼ਾਹ ਨੂੰ ਜਿਸ ਵੇਲੇ ਆਪਣੇ ਪ੍ਰੀਤਮ ਨਾਲੋਂ ਪਏ ਵਿਯੋਗ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਸਦੇ ਮਨ ਵਿਚ ਬਿਰਹਾ ਦੀ ਤੜਪ ਉਤਪੰਨ ਹੋ ਜਾਂਦੀ ਹੈ। ਪ੍ਰੀਤਮ ਨਾਲੋਂ ਪਿਆ ਵਿਯੋਗ ਅਤੇ ਇਸ ਵਿਯੋਗ ਵਿਚੋਂ ਪੈਦਾ ਹੋਈ ਬਿਰਹਾ ਕਾਰਨ ਬੁੱਲ੍ਹੇ ਸ਼ਾਹ ਦਾ ਸਮਾਂ ਬਤੀਤ ਹੋਣ ਦਾ ਨਾਮ ਨਹੀਂ ਲੈਂਦਾ। ਜਿਸ ਵੇਲੇ ਬੁੱਲ੍ਹੇ ਸ਼ਾਹ ਨੂੰ ਆਪਣੇ ਪ੍ਰੀਤਮ ਦਾ ਮੁੜ ਮਿਲਾਪ ਹੁੰਦਾ ਹੈ ਤਾਂ ਉਹ ਖ਼ੁਸ਼ੀ ਵਿਚ ਨੱਚਣ-ਗਾਉਣ ਲੱਗ ਪੈਂਦਾ ਹੈ। ਉਸਨੂੰ ਆਪਣੇ ਆਪੇ ਦੀ ਸੁੱਧ-ਬੁੱਧ ਨਹੀਂ ਰਹਿੰਦੀ। ਉਹ ਆਪਣੇ ਪ੍ਰੀਤਮ ਦੇ ਮਿਲਾਪ ਦੀ ਖ਼ੁਸ਼ੀ ਵਿਚ ਮਸਤਾਨਾ ਹੋ ਜਾਂਦਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਬਿਰਹਾ ਦਾ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਅਹਿਮ ਸਥਾਨ ਹੈ। ਬਿਰਹਾ ਦੇ ਕਾਰਨ ਹੀ ਬੁੱਲ੍ਹੇ ਸ਼ਾਹ ਨੂੰ ਆਪਣੇ ਪ੍ਰੀਤਮ ਦਾ ਮਿਲਾਪ ਸੰਭਵ ਹੁੰਦਾ ਹੈ।

## ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਰੱਬੀ-ਇਸ਼ਕ ਦਾ ਸੰਕਲਪ

ਸੂਫ਼ੀ ਸਾਹਿਤ ਵਿਚ ਰੱਬੀ-ਸਾਧਨਾ ਦੀ ਬਜਾਏ ਰੱਬੀ-ਇਸ਼ਕ ਨੂੰ ਸ਼ਿੱਦਤ ਨਾਲ ਬਿਆਨ ਕੀਤਾ ਗਿਆ ਹੈ। ਸੂਫ਼ੀ ਸਾਧਕ ਰੱਬੀ-ਸਾਧਨਾ ਤੋਂ ਇਸ਼ਕ-ਸਾਧਨਾ ਨੂੰ ਵਧੇਰੇ ਮਹੱਤਵ ਦਿੰਦੇ ਹਨ। ਬਾਬਾ ਫ਼ਰੀਦ, ਸ਼ਾਹ ਹੁਸੈਨ ਦੇ ਨਾਲ-ਨਾਲ ਬੁੱਲ੍ਹੇ ਸ਼ਾਹ ਨੇ ਵੀ ਆਪਣੇ ਕਲਾਮ ਵਿਚ ਰੱਬੀ-ਇਸ਼ਕ ਦਾ ਵਰਣਨ ਕੀਤਾ ਹੈ;

"ਸੂਫ਼ੀ-ਕਾਵਿ ਦਾ ਪ੍ਰਧਾਨ ਸੁਰ ਇਸ਼ਕ ਹੀ ਰਿਹਾ ਹੈ, ਜੋ ਕਿਧਰੇ ਵਿਜੋਗ ਰੂਪ ਵਿਚ ਤੇ ਕਿਧਰੇ ਸੰਜੋਗ ਰੂਪ ਵਿਚ ਪ੍ਰਕਾਸ਼ਮਾਨ ਹੋਇਆ ਹੈ। ਇਹ ਇਸ਼ਕ ਦੰਦ-ਕਥਾਵਾਂ ਦੇ ਪਾਤਰਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਆਪਣਾ ਪ੍ਰਤਿਰੂਪ ਮਿੱਥਦਾ ਹੈ, ਜੋ ਉਦੋਂ ਤਕ ਲੋਕਾਂ ਦੇ ਮਹਿਬੂਬ ਪਾਤਰ ਬਣ ਚੁਕੇ ਸਨ।"[64]

ਰੱਬੀ-ਇਸ਼ਕ ਜਾਂ ਪਾਕ ਮੁਹੱਬਤ ਸੂਫ਼ੀ ਸਾਹਿਤ ਦਾ ਕੀਮਤੀ ਸਰਮਾਇਆ ਹੈ ਜਿੱਥੋਂ ਤੱਕ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਰੱਬੀ-ਇਸ਼ਕ ਦੇ ਸੰਕਲਪ ਦੀ ਗੱਲ ਹੈ ਤਾਂ ਇਹ ਕਹਿਣ ਵਿਚ ਕੋਈ ਅਤਕਥਨੀ ਨਹੀਂ ਕਿ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਇਸ਼ਕ ਇਕ ਮਹੱਤਵਪੂਰਨ ਅਤੇ ਜ਼ਰੂਰੀ ਵਿਸ਼ਾ ਬਣ ਕੇ ਉੱਭਰਿਆ ਹੈ;

"ਰੱਬੀ-ਇਸ਼ਕ ਸੂਫ਼ੀ ਕਾਵਿ ਦਾ ਪ੍ਰਧਾਨ ਵਿਸ਼ਾ ਹੈ ਅਤੇ ਰੱਬ ਨਾਲ ਅਭੇਦਤਾ ਸੂਫ਼ੀ ਕਵੀਆਂ ਦਾ ਮੁੱਖ ਉਦੇਸ਼ ਹੈ। ਸੂਫ਼ੀ ਕਵੀਆਂ ਅਨੁਸਾਰ ਪਰਮਾਤਮਾ ਨਾਲ ਮਿਲਾਪ ਦਾ ਇਕ ਮਾਤਰ ਸਾਧਨ ਉਸ ਨਾਲ ਸੱਚਾ-ਸੁੱਚਾ ਇਸ਼ਕ ਹੈ। ਇਸ ਤਰ੍ਹਾਂ ਰੱਬੀ-ਇਸ਼ਕ ਸੂਫ਼ੀ ਕਾਵਿ ਦਾ ਸਭ ਤੋਂ ਪ੍ਰਮੁੱਖ ਸਾਧਨ ਹੈ ਜੋ ਸਾਧਕ ਦਾ ਮੇਲ ਅੱਲ੍ਹਾ ਨਾਲ ਕਰਵਾਉਂਦਾ ਹੈ।"[65]

"ਸੂਫ਼ੀ ਮੰਡਲ ਵਿਚ ਇਸ਼ਕ ਇਕ ਅਤਿਅੰਤ ਦੀਰਘ ਯਾਤਰਾ ਹੈ ਜਿਸ ਵਿਚ ਸਾਧਕ ਹਰ ਕਦਮ ਤੇ ਕਿਸੇ ਨਵੀਨ ਜਲਵੇ ਦਾ ਸਾਖਿਆਤ ਕਰਦਾ ਹੈ ਅਤੇ ਉਸਦੇ ਪ੍ਰੇਮ ਵਿਚ ਇਕ ਨਵੀਨ ਉਤਸ਼ਾਹ ਤਰੰਗਮਾਨ ਹੋ ਜਾਂਦਾ ਹੈ।"[66]

ਰੱਬੀ-ਇਸ਼ਕ ਦੀ ਗੱਲ ਕਰਦਿਆਂ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਇਸ਼ਕ-ਮਜਾਜ਼ੀ ਅਤੇ ਇਸ਼ਕ-ਹਕੀਕੀ ਦੀ ਗੱਲ ਜ਼ਰੂਰ ਕੀਤੀ ਜਾਂਦੀ ਹੈ। ਪਹਿਲਾਂ ਸੰਸਾਰਕ ਇਸ਼ਕ ਹੈ ਜਿਸ ਨੂੰ ਪ੍ਰਾਪਤ ਕਰਨ ਪਿੱਛੋਂ ਹੀ ਸੂਫ਼ੀ ਲੋਕ ਇਸ਼ਕ-ਹਕੀਕੀ ਤੇ ਪੁੱਜਦੇ ਹਨ। ਬੁੱਲ੍ਹੇ ਸ਼ਾਹ ਇਸ਼ਕ-ਮਜਾਜ਼ੀ ਦੀ ਇਸ਼ਕ-ਖੇਤਰ ਵਿਚ ਇਹੀ ਮਹੱਤਤਾ ਦੱਸਦੇ ਹਨ ਜਿਵੇਂ ਸੂਈ ਵਿਚ ਧਾਗੇ ਦੀ ਮਹੱਤਤਾ ਹੈ। ਧਾਗੇ ਤੋਂ ਬਿਨਾਂ ਸੂਈ ਕੁਝ ਵੀ ਸੀਉ ਨਹੀਂ ਸਕਦੀ ਪਰ ਇਸ ਤੋਂ ਵੱਧ ਬੁੱਲ੍ਹੇ ਸ਼ਾਹ ਨੇ ਹੋਰ ਕੋਈ ਪ੍ਰੇਮ ਕਥਾ ਅੱਗੇ ਨਹੀਂ ਤੋਰੀ ਹੈ। ਉਸਨੇ ਤਾਂ ਇਸ਼ਕ ਨੂੰ ਮਾਤਾ ਤੇ ਪਿਤਾ ਦੱਸਿਆ ਹੈ ਜਿਸ ਵਿਚ ਪੈ ਕੇ ਵਿਅਕਤੀ ਮਸਤ ਹੋ ਜਾਂਦਾ ਹੈ;

"ਜਿਚਰ ਨਾ ਇਸ਼ਕ ਮਜਾਜ਼ੀ ਲਾਗਾ,
ਸੂਈ ਸੀਵੇ ਨਾ ਬਿਨ ਧਾਗੇ।
ਇਸ਼ਕ ਮਜਾਜ਼ੀ ਦਾਤਾ ਹੈ,
ਜਿਸ ਪਿਛੇ ਮਸਤ ਹੋ ਜਾਤਾ ਹੈ।
ਇਸ਼ਕ ਜਿਨ੍ਹਾਂ ਦੇ ਹੱਡੀਂ ਪੈਂਦਾ,
ਸੋ ਨਰ ਜੀਵਤ ਹੀ ਮਰ ਜਾਂਦਾ ਹੈ।
ਇਸ਼ਕ ਪਿਤਾ ਤੇ ਮਾਤਾ ਹੈ,
ਜਿਸ ਪਿਛੇ ਮਸਤ ਹੋ ਜਾਤਾ ਹੈ।"[67]

ਬੁੱਲ੍ਹੇ ਸ਼ਾਹ ਇਸ਼ਕ-ਹਕੀਕੀ ਦੀ ਪ੍ਰਾਪਤੀ ਲਈ ਇਸ਼ਕ-ਮਜਾਜ਼ੀ ਦਾ ਰਾਹ ਅਖ਼ਤਿਆਰ ਕਰਨ ਉੱਤੇ ਜ਼ੋਰ ਦਿੰਦਾ ਹੈ। ਬੁੱਲ੍ਹੇ ਸ਼ਾਹ ਅਨੁਸਾਰ ਇਸ਼ਕ-ਮਜਾਜ਼ੀ ਤੋਂ ਬਿਨਾਂ ਇਸ਼ਕ-ਹਕੀਕੀ ਦਾ ਪੰਧ ਤਹਿ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ਼ਕ-ਮਜਾਜ਼ੀ ਸਾਧਕ ਦੀ ਪਹਿਲੀ ਮੰਜ਼ਿਲ ਹੈ;

"ਜਿਚਰ ਨਾ ਇਸ਼ਕ ਮਜਾਜ਼ੀ ਲਾਗੇ।
ਸੂਈ ਸੀਵੇ ਨਾ ਬਿਨ ਧਾਗੇ।
ਇਸ਼ਕ ਮਜਾਜ਼ੀ ਦਾਤਾ ਹੈ।
ਜਿਸ ਪਿੱਛੇ ਮਸਤ ਹੋ ਜਾਤਾ ਹੈ।"[68]

ਬੁੱਲ੍ਹੇ ਸ਼ਾਹ ਦੇ ਹੱਡਾਂ ਵਿਚ ਇਸ਼ਕ ਇਸ ਪ੍ਰਕਾਰ ਰਚ ਗਿਆ ਹੈ ਕਿ ਉਹ ਭਾਵੇਂ ਸੰਸਾਰ



Sri Satguru Jagjit Singh Ji eLibrary NamdhariElibrary@gmail.com

ਦੀ ਨਾਸ਼ਮਾਨਤਾ ਦਾ ਜ਼ਿਕਰ ਕਰ ਰਿਹਾ ਹੋਵੇ ਭਾਵੇਂ ਜੀਵ ਦੀ ਜਗਿਆਸਾ ਬਿਰਤੀ ਦੀ ਗੱਲ ਕਰ ਰਿਹਾ ਹੋਵੇ, ਭਾਵੇਂ ਸੰਸਾਰ ਦੀ ਉੱਤਪਤੀ ਦੀ ਗੱਲ ਕਰ ਰਿਹਾ ਹੋਵੇ ਪਰ ਗਹਿਰੇ ਰੂਪ ਵਿਚ ਉਸ ਦੀ ਹਰ ਕਾਫ਼ੀ ਵਿਚ, ਹਰ ਕਾਫ਼ੀਏ ਵਿਚ ਰੱਬੀ-ਇਸ਼ਕ ਦੇ ਗੁੱਝੇ ਭੇਦ ਦੱਸੇ ਗਏ ਹਨ;

"ਬੁੱਲ੍ਹੇ ਦੇ ਲੂੰ ਲੂੰ ਵਿਚ ਇਸ਼ਕ ਰਚਿਆ ਹੋਇਆ ਹੈ, ਉਸ ਦੀ ਰਗ ਰਗ ਵਿਚ ਇਸ਼ਕ ਰੂਪੀ ਲਹੂ ਦਾ ਸੰਚਾਰ ਹੋ ਰਿਹਾ ਹੈ। ਇਸ ਇਸ਼ਕ ਦੀ ਮਸਤੀ ਵਿਚ ਉਸ ਨੂੰ ਸ਼ਰ੍ਹਾ ਇਕ ਦੂਰ ਦੀ ਚੀਜ਼ ਨਜ਼ਰ ਆਉਂਦੀ ਹੈ। ... ਉਹ ਇਸ਼ਕ ਦੀ ਮਸਤੀ ਵਿਚ ਸ਼ਰਾਬੂਰ ਹੋ ਕੇ, ਅਭੇਦਤਾ ਦੀ ਮੰਜ਼ਿਲ ਵਿਚ ਪਹੁੰਚਣਾ ਚਾਹੁੰਦਾ ਹੈ।"[69]

ਬੁੱਲ੍ਹੇ ਸ਼ਾਹ ਦੇ ਕਾਵਿ-ਲੋਕ ਵਿਚ ਰੱਬੀ-ਇਸ਼ਕ ਦੇ ਦੋਵੇਂ ਰੂਪ ਪੇਸ਼ ਹੋਏ ਹਨ। ਇਸ਼ਕ-ਹਕੀਕੀ ਅਤੇ ਇਸ਼ਕ-ਮਜਾਜ਼ੀ। ਪਰਮਾਤਮਾ ਦਾ ਮਿਲਾਪ ਬੁੱਲ੍ਹੇ ਸ਼ਾਹ ਨੂੰ ਸੁਖ ਪ੍ਰਦਾਨ ਕਰਦਾ ਹੈ ਅਤੇ ਪਰਮਾਤਮਾ ਦਾ ਵਿਯੋਗ ਉਸ ਅੰਦਰ ਬਿਰਹਾ ਦੀ ਅਗਨ ਨੂੰ ਪ੍ਰਚੰਡ ਕਰ ਦਿੰਦਾ ਹੈ;

"ਬੁੱਲ੍ਹਾ ਇਸ਼ਕ-ਹਕੀਕੀ ਦੀ ਪ੍ਰਾਪਤੀ ਲਈ ਇਸ਼ਕ-ਮਜਾਜ਼ੀ ਰਾਹ ਅਪਨਾਉਣ ਉੱਤੇ ਜ਼ੋਰ ਦਿੰਦਾ ਹੈ। ਉਹ ਇਹ ਸਮਝਦਾ ਹੈ ਕਿ ਇਸ਼ਕ-ਮਜਾਜ਼ੀ ਤੋਂ ਬਿਨਾਂ ਇਸ਼ਕ-ਹਕੀਕੀ ਨਹੀਂ ਪ੍ਰਾਪਤ ਹੋ ਸਕਦਾ। ਇਸ਼ਕ-ਮਜਾਜ਼ੀ ਇਕ ਦਾਤੇ ਦੇ ਨਿਆਈਂ ਹੈ ਤੇ ਉਸ ਰਾਹੀਂ ਹੀ ਪ੍ਰਭੂ ਤੱਕ ਪਹੁੰਚ ਕੀਤੀ ਜਾ ਸਕਦੀ ਹੈ।"[70]

"ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਇਸ਼ਕ ਦਾ ਇਹ ਸਰੂਪ ਬੜੇ ਪ੍ਰਭਾਵਸ਼ਾਲੀ ਅਤੇ ਵਿਸ਼ਾਲ ਰੂਪ ਵਿਚ ਸਥਾਪਿਤ ਹੁੰਦਾ ਹੈ। ਉਸ ਦੇ ਕਲਾਮ ਦਾ ਵਡੇਰਾ ਭਾਗ ਇਸ਼ਕ-ਹਕੀਕੀ ਉੱਪਰ ਕੇਂਦਰਿਤ ਹੈ ਅਤੇ ਬੁੱਲ੍ਹੇ ਸ਼ਾਹ ਰੱਬੀ ਵਿਛੋੜੇ ਦੀ ਤਪਸ਼ ਅਥਵਾ ਜਲਣ ਵਿਚ ਵੀ ਵਿਸ਼ੇਸ਼ ਆਨੰਦ ਮਾਣਦਾ ਹੈ।"[71]

ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਇਸ਼ਕ ਦਾ ਮਾਨਵੀਕਰਨ ਕਰਦੇ ਹੋਏ ਉਸਨੂੰ ਪਾਰਬ੍ਰਹਮ ਦਾ ਰੂਪ ਤੱਕ ਵੀ ਮਿਥ ਲੈਂਦਾ ਹੈ ਅਤੇ ਇਸ਼ਕ ਲਈ ਉਸਨੇ ਦੁਨੀਆਂ ਭਰ ਦੀਆਂ ਗਾਲ੍ਹਾਂ, ਤਾਅਨੇ, ਮਿਹਣੇ ਅਤੇ ਉਲਾਂਭੇ ਵੀ ਖਾਸ ਤੌਰ ਤੇ ਲਿਖੇ ਹਨ। ਬੁੱਲ੍ਹੇ ਸ਼ਾਹ ਆਪਣੀ ਕਵਿਤਾ ਵਿਚ ਇਸ਼ਕ ਨੂੰ ਅਹੇਰੀ (ਪ੍ਰੇਮ ਰੂਪ ਸ਼ਿਕਾਰੀ) ਅਤੇ ਇਸ਼ਕ ਕਸਾਈ, ਇਸ਼ਕ ਬਘੇਲਾ ਦੀ ਸੰਗਿਆ ਵੀ ਦਿੰਦਾ ਹੈ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਪਰਮਾਤਮਾ ਦਾ ਇਸ਼ਕ ਇਕ ਬਾਘ ਦੇ ਸਮਾਨ ਹੈ ਜੋ ਸਾਡਾ ਖੂਨ ਪੀ ਜਾਂਦਾ ਹੈ ਅਤੇ ਮਾਸ ਖਾ ਜਾਂਦਾ ਹੈ ਭਾਵ ਇਹ ਇਸ਼ਕ ਸਾਧਕ ਨੂੰ ਆਪਣੇ ਜੀਵਨ ਦਾ ਬਲਿਦਾਨ ਦੇਣ ਲਈ ਕਹਿੰਦਾ ਹੈ। ਬੁੱਲ੍ਹੇ ਸ਼ਾਹ ਦੇ ਅਨੁਸਾਰ ਰੱਬੀ-ਇਸ਼ਕ ਨੂੰ ਕਮਾਉਣਾ ਸੋਖਾ ਨਹੀਂ ਹੈ। ਇਸ਼ਕ ਵਿਚ ਮਾਸ਼ੂਕ (ਸੂਫ਼ੀ) ਨੂੰ ਆਪਣੇ ਆਸ਼ਕ (ਪਰਮਾਤਮਾ) ਲਈ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹਿਣਾ ਪੈਂਦਾ ਹੈ;

"ਬੁੱਲ੍ਹੇ ਸ਼ੋਹ ਦਾ ਇਸ਼ਕ ਬਘੇਲਾ,
ਰੱਤ ਪੀਂਦਾ ਗੋਸ਼ਤ ਚਰਦਾ।
ਕੀ ਕਰਦਾ ਹੁਣ ਕੀ ਕਰਦਾ,
ਤੁਸੀਂ ਕਹੋ ਤਾਂ ਦਿਲਬਰ ਕੀ ਕਰਦਾ।"[72]

ਬੁੱਲ੍ਹੇ ਸ਼ਾਹ ਦੇ ਅਨੁਸਾਰ ਜਿਸ ਵੇਲੇ ਕਿਸੇ ਸਾਧਕ ਦੇ ਮਨ ਵਿਚ ਰੱਬੀ-ਇਸ਼ਕ ਦੇ ਨਗਾਰੇ ਵੱਜ ਉੱਠਦੇ ਹਨ ਤਾਂ ਉਸ ਸਾਧਕ ਨੂੰ ਸੰਸਾਰ ਦੇ ਵਿਚ ਕਿਸੇ ਵੀ ਲੋਕ-ਲੱਜਾ ਦੀ ਪਰਵਾਹ ਨਹੀਂ ਰਹਿੰਦੀ। ਉਹ ਦੁਨੀਆਂ ਤੋਂ ਬੇਪਰਵਾਹ ਆਪਣੇ ਆਸ਼ਕ (ਪਰਮਾਤਮਾ) ਲਈ ਆਪਣਾ ਆਪਾ ਅਰਪਣ ਕਰ ਦਿੰਦਾ ਹੈ;



Sri Satguru Jagjit Singh Ji eLibrary NamdhariElibrary@gmail.com

"ਮੈਂ ਵਿਚ ਮੈਂ ਨਾ ਰਹਿ ਗਈ ਕਾਈ,
ਜਬ ਕੀ ਤੁਮ ਸੰਗ ਪ੍ਰੀਤ ਲਗਾਈ।
ਡਉਂ-ਡਉਂ ਇਸ਼ਕ ਨਗਾਰੇ ਵੱਜਦੇ,
ਆਸ਼ਕ ਵੇਖ ਉਸੇ ਵੱਲ ਭੱਜਦੇ।
ਤੜ ਤੜ ਤੜਕ ਗਏ ਲੜ ਲੱਜ ਦੇ,
ਲਗ ਗਿਆ ਨੇਹੁੰ ਤਾਂ ਸ਼ਰਮ ਸਿਧਾਈ।"[73]

ਬੁੱਲ੍ਹੇ ਸ਼ਾਹ ਦੁਆਰਾ ਕੀਤੇ ਰੱਬੀ-ਇਸ਼ਕ ਦੀ ਤ੍ਰਾਸਦੀ ਇਹ ਹੈ ਕਿ ਇਸ ਇਸ਼ਕ ਨੇ ਇਕ ਤਾਂ ਉਸਨੂੰ ਦੁਨੀਆਂ ਦੇ ਤਾਹਨੇ-ਮਿਹਣੇ ਸਹਿਣ ਲਈ ਮਜਬੂਰ ਕਰ ਦਿੱਤਾ ਹੈ ਦੂਜਾ ਇਸ਼ਕ ਵਿਚ ਮਸਤ ਸਾਧਕ ਆਪਣੇ ਘਰ-ਪਰਿਵਾਰ ਅਤੇ ਸਮਾਜ ਵਿਚ ਰਹਿੰਦੇ ਲੋਕਾਂ ਕੋਲੋਂ ਛਿਪ-ਛਿਪ ਕੇ ਧਾਹਾਂ ਵੀ ਮਾਰਦਾ ਹੈ। ਇਸ ਲਈ ਸਾਧਕ ਦਾ ਦਰਦ ਦੂਹਰਾ ਹੋ ਜਾਂਦਾ ਹੈ ਇਕ ਤਾਂ ਉਹ ਦੁਨੀਆਂ ਦੇ ਹਾਸੇ ਦਾ ਪਾਤਰ ਬਣਦਾ ਹੈ ਅਤੇ ਦੂਜਾ ਉਹ ਬਿਰਹਾ ਦਾ ਦਰਦ ਵੀ ਆਪਣੇ ਪਿੰਡੇ ਤੇ ਹੰਢਾ ਰਿਹਾ ਹੈ;

"ਆਤਸ਼ ਇਸ਼ਕ ਫਿਰਾਕ ਤੇਰੇ ਦੀ,
ਪਲ ਵਿਚ ਸਾੜ ਵਖਾਈਆਂ।
ਏਸ ਇਸ਼ਕ ਦੇ ਸਾੜੇ ਕੋਲੋਂ,
ਜਗ ਵਿਚ ਦਿਆਂ ਦੁਹਾਈਆਂ।
ਜਿਸ ਤਨ ਲੱਗੇ ਸੋ ਤਨ ਜਾਣੇ,
ਦੂਜਾ ਕੋਈ ਨਾ ਜਾਣੇ।
ਇਸ਼ਕ ਅਸਾਂ ਨਾਲ ਕੇਹੀ ਕੀਤੀ,
ਲੋਕ ਮਰੇਂਦੇ ਤਾਅਨੇ।"[74]

ਬੁੱਲ੍ਹੇ ਸ਼ਾਹ ਉਹਨਾਂ ਆਸ਼ਕਾਂ ਦਾ ਜ਼ਿਕਰ ਆਪਣੇ ਕਲਾਮ ਵਿਚ ਵਾਰ-ਵਾਰ ਕਰਦਾ ਹੈ ਜਿਨ੍ਹਾਂ ਨੇ ਰੱਬੀ-ਇਸ਼ਕ ਲਈ ਆਪਣੇ ਜੀਵਨ ਦਾ ਬਲਿਦਾਨ ਦੇ ਦਿੱਤਾ ਜਿਵੇਂ ਸ਼ਾਹ ਹੁਸੈਨ, ਮਨਸੂਰ, ਜ਼ਕਰੀਆ, ਯੂਸਫ਼-ਜੁਲੈਖਾਂ, ਇਬਰਾਈਮ, ਕੌਹਤੂਰ, ਅਸਮਾਈਲ, ਯੂਨਸ, ਨਮਰੂਦ, ਸ਼ਾਹ ਫ਼ਰਔਨ, ਈਸਾ, ਆਦਮ ਮੂਸਾ, ਧੰਨਾ ਭਗਤ, ਫ਼ਰੀਦ ਆਦਿ। ਬੁੱਲ੍ਹੇ ਸ਼ਾਹ ਵੀ ਆਪਣੇ ਕਲਾਮ ਵਿਚ ਮੰਨਦਾ ਹੈ ਕਿ ਪੂਰਬਲੇ ਜਨਮਾਂ ਦੇ ਕੀਤੇ ਮੰਦੇ ਕਰਮਾਂ ਕਾਰਨ ਹੀ ਜੀਵਾਤਮਾ ਦਾ ਪਰਮਾਤਮਾ ਨਾਲੋਂ ਵਿਛੋੜਾ ਪੈ ਗਿਆ ਹੈ। ਪਰਮਾਤਮਾ ਨੇ ਆਤਮਾ ਨੂੰ ਸਜ਼ਾ ਵੱਜੋਂ ਇਸ ਨਾਸ਼ਮਾਨ ਸੰਸਾਰ ਉੱਪਰ ਭੇਜ ਦਿੱਤਾ ਹੈ ਜਿੱਥੇ ਉਸਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਦਰਦ ਹੰਢਾਉਣਾ ਪੈ ਰਿਹਾ ਹੈ;

"ਆਦਮ ਕਣਕੋ ਮਨ੍ਹਾ ਕਰਾਇਆ,
ਆਪੇ ਮਗਰ ਸ਼ੈਤਾਨ ਦੁੜਾਇਆ।
ਕੱਢ ਬਹਿਸਤੋਂ ਜ਼ਮੀਨ ਰੁਲਾਇਆ,
ਕੇਡ ਪਸਾਰ ਪਸਾਰਿਆ ਈ।"[75]

ਬੁੱਲ੍ਹੇ ਸ਼ਾਹ ਅਨੁਸਾਰ ਮਨੁੱਖੀ ਰੂਹ ਦਾ ਰੱਬ ਰੂਪੀ ਵਹਿਦਤ ਵਿਚ ਘਰ ਪਾਉਣ ਦਾ ਨਾਂ ਹੀ ਇਸ਼ਕ ਹੈ। ਉਹ ਕਹਿੰਦਾ ਹੈ ਕਿ ਰੱਬ ਦੇ ਸੱਚੇ ਆਸ਼ਕ ਇਸ਼ਕ ਕਮਾਉਣ ਨਾਲ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ। ਉਨ੍ਹਾਂ ਨੂੰ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਨਹੀਂ ਰਹਿੰਦਾ;



Sri Satguru Jagjit Singh Ji eLibrary NamdhariElibrary@gmail.com

"ਬੁੱਲ੍ਹੇ ਸ਼ਾਹ ਨੇ ਇਸ਼ਕ ਦੇ ਸਿਧਾਂਤ ਨੂੰ ਮਨੁੱਖ ਤੇ ਰੱਬ ਦੀ ਅਭੇਦਤਾ ਲਈ ਪ੍ਰਤੀਪਾਦਿਤ ਕਰਦੇ ਹੋਏ ਉਸ ਦਾ ਜ਼ਿਕਰ ਧਰਮ ਦੇ ਟਾਕਰੇ ਜਾਂ ਵਿਰੋਧ ਲਈ ਬੜੀ ਚੰਗੀ ਤਰ੍ਹਾਂ ਕੀਤਾ ਤੇ ਆਪਣੀ ਬੇਬਾਕੀ ਨੂੰ ਦਰਸਾਇਆ।"[76]

ਬੁੱਲ੍ਹੇ ਸ਼ਾਹ ਦਾ ਪ੍ਰੀਤਮ ਨੂਰ ਅਨਵਾਰ ਹੈ, ਉਸਦੀ ਕੋਈ ਸ਼ਕਲ-ਸੂਰਤ ਨਹੀਂ ਅਤੇ ਨਾ ਹੀ ਉਸਦਾ ਕੋਈ ਰੰਗ ਰੂਪ ਹੈ। ਇਸ ਲਈ ਬੁੱਲ੍ਹੇ ਨੇ ਆਪਣੀ ਕਵਿਤਾ ਵਿਚ ਆਪਣੇ ਪ੍ਰਭੂ ਪ੍ਰੀਤਮ ਦੀ ਸੁੰਦਰਤਾ, ਨੈਣ-ਨਕਸ਼ਾਂ ਜਾਂ ਰੰਗ ਰੂਪ ਦਾ ਬਿਆਨ ਕਿਤੇ ਨਹੀਂ ਕੀਤਾ। ਸਿਰਫ਼ ਉਸਦੇ ਵਿਛੋੜੇ ਦਾ ਦਰਦ ਅਤੇ ਮਿਲਾਪ ਦੀ ਖ਼ੁਸ਼ੀ ਦਾ ਹੀ ਬਿਆਨ ਕੀਤਾ ਹੈ। ਬੁੱਲ੍ਹੇ ਅਨੁਸਾਰ ਉਸਦਾ ਪ੍ਰੀਤਮ ਤਾਂ ਦੋ ਜਹਾਨਾਂ ਦਾ ਮਾਲਕ ਹੈ;

"ਮੇਰਾ ਇਕ ਅਨੋਖਾ ਯਾਰ ਹੈ,  
ਮੇਰਾ ਓਸੇ ਨਾਲ ਪਿਆਰ ਹੈ।  
ਕਦੇ ਸਮਝੇ ਵਡਪਰਵਰਿਆ,  
ਸਾਨੂੰ ਆ ਮਿਲ ਯਾਰ ਪਿਆਰਿਆ।"[77]

ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਇਸ ਕਦਰ ਮਸਤਾਨਾ ਹੋ ਜਾਂਦਾ ਹੈ ਕਿ ਉਸਨੂੰ ਆਪਣੇ ਆਪੇ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਹ ਆਪਣੇ ਪ੍ਰੀਤਮ ਦੇ ਤਰਲੇ ਕਰਦਾ ਹੋਇਆ ਕਹਿੰਦਾ ਹੈ ਕਿ ਹੇ ਮੇਰੇ ਪ੍ਰੀਤਮ ਮੈਨੂੰ ਆਪਣਾ ਦੀਦਾਰ ਦੇ ਕਿਉਂਕਿ ਤੇਰੇ ਇਸ਼ਕ ਨੇ ਮੈਨੂੰ ਕਮਲਿਆਂ ਵਾਂਗ ਗਲੀਆਂ ਵਿਚ ਨੱਚਣ ਲਗਾ ਦਿੱਤਾ ਹੈ;

"ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ।  
ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ।"[78]

ਬੁੱਲ੍ਹੇ ਸ਼ਾਹ ਦੇ ਪ੍ਰੀਤਮ ਦੀ ਰਮਜ਼ ਦਾ ਭੇਦ ਕਿਸੇ ਨੂੰ ਨਹੀਂ ਪਤਾ। ਇਸ ਲਈ ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰਾ ਪ੍ਰੀਤਮ ਪਿਆਰਾ ਆਪਣੇ ਗੁੱਝੇ ਭੇਦ ਕਿਸੇ ਨੂੰ ਨਹੀਂ ਦੱਸਦਾ। ਉਹ ਕਹਿੰਦਾ ਹੈ ਕਿ ਮੇਰੇ ਪ੍ਰੀਤਮ ਦੀ ਕੀ ਇੱਛਾ ਹੈ ਇਸ ਬਾਰੇ ਉਸਨੂੰ ਨਹੀਂ ਪਤਾ। ਉਹ ਆਪਣੇ ਪ੍ਰੀਤਮ ਦੀ ਇਸ ਬੇਰੁਖ਼ੀ ਤੋਂ ਬਹੁਤ ਵਿਆਕੁਲ ਹੋਇਆ ਹੈ;

"ਬੇਹੱਦ ਰਮਜ਼ਾਂ ਦਸਦਾ ਨੀਂ, ਢੋਲਣ ਮਾਹੀ।  
ਮੀਮ ਦੇ ਉਹਲੇ ਵੱਸਦਾ ਨੀਂ, ਢੋਲਣ ਮਾਹੀ।"[79]

ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਪ੍ਰੀਤਮ ਦੀਆਂ ਗੁੱਝੀਆਂ ਰਮਜ਼ਾਂ ਨੂੰ ਸਮਝਣ ਲਈ ਇਕੋ ਇਕ ਮਾਧਿਅਮ ਇਸ਼ਕ ਹੈ। ਉਸ ਪ੍ਰਭੂ ਨਾਲ ਇਸ਼ਕ ਕਰਕੇ ਹੀ ਉਸ ਦੀਆਂ ਰਮਜ਼ਾਂ ਨੂੰ ਸਮਝਿਆ ਜਾ ਸਕਦਾ ਹੈ। ਇਸ ਇਸ਼ਕ ਤੋਂ ਇਲਾਵਾ ਹੋਰ ਕੋਈ ਅਜਿਹਾ ਮਾਰਗ ਨਹੀਂ ਹੈ ਜਿਸ ਦੁਆਰਾ ਪ੍ਰੀਤਮ ਦੀ ਸਮਝ ਅਤੇ ਪ੍ਰਾਪਤੀ ਸੰਭਵ ਹੋਵੇ। ਇਹ ਇਸ਼ਕ ਵੀ ਸੰਸਾਰਕ ਲੋਭ-ਲਾਲਚ ਤੋਂ ਉੱਪਰ ਉੱਠ ਕੇ ਕੀਤਾ ਜਾਣਾ ਚਾਹੀਦਾ ਹੈ। ਇਸ਼ਕ ਵਿਚ ਪ੍ਰੀਤਮ ਦੇ ਪ੍ਰਤੀ ਸਮਰਪਣ ਦੀ ਭਾਵਨਾ ਹੋਣੀ ਚਾਹੀਦੀ ਹੈ;

"ਬੁੱਲ੍ਹੇ ਸ਼ਾਹ ਦੇ ਕਲਾਮ ਦਾ ਪ੍ਰਧਾਨ ਵਿਸ਼ਾ ਇਸ਼ਕ ਹੈ। ਉਸ ਨੇ ਇਸ ਇਸ਼ਕ ਨੂੰ ਕਈ ਤਰ੍ਹਾਂ ਅਭਿਵਿਅਕਤ ਕੀਤਾ ਹੈ। ਕਿਧਰੇ ਮਜਾਜ਼ੀ ਤੇ ਕਿਧਰੇ ਹਕੀਕੀ ਰੂਪ ਵਿਚ। ਉਹ ਇਕ ਮਸਤ ਫ਼ਕੀਰ ਸੀ ਜਿਸ ਦੀ ਬੇਹੋਸ਼ੀ ਵਿਚ ਸੰਸਾਰ ਭਰ ਦਾ ਇਲਮ ਲੁਕਿਆ ਹੋਇਆ ਸੀ। ਉਹ ਆਪਣੇ ਮੁਰਸ਼ਦ ਨਾਲ ਆਤਮਕ ਤੌਰ ਤੇ ਤਦਰੂਪ ਹੋ ਚੁਕਾ ਸੀ ਤੇ ਆਪੇ ਦੀ ਭਾਲ ਕਰਦਾ-ਕਰਦਾ ਇਸ ਦੀਆਂ ਸੂਖਮ ਤਹਿਆਂ ਦੀ ਥਾਹ ਪਾ ਗਿਆ ਸੀ।"[80]



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਬੁੱਲ੍ਹੇ ਸ਼ਾਹ ਦਾ ਪ੍ਰੀਤਮ ਜਿੱਥੇ ਅਲਬੇਲਾ ਹੈ ਉੱਥੇ ਉਹ ਬੜਾ ਬੇ-ਤਰਸ ਅਤੇ ਕਠੌਰ ਚਿੱਤ ਵੀ ਹੈ। ਉਹ ਆਪਣੇ ਆਸ਼ਕਾਂ ਦੀ ਕਠਿਨ ਪ੍ਰੀਖਿਆ ਲੈਂਦਾ ਹੈ। ਪਰਮਾਤਮਾ ਨੂੰ ਇਸ਼ਕ ਕਰਨ ਦੇ ਰਾਹ ਵਿਚ ਅਨੇਕਾਂ ਹੀ ਆਸ਼ਕ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ ਹਨ। ਜਿਵੇਂ ਮਨਸੂਰ ਨੇ ਆਪਣੇ ਪ੍ਰੀਤਮ ਦੇ ਪਿਆਰ ਵਿਚ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ ਅਤੇ ਸ਼ਾਹ ਸ਼ਮਸ ਨੇ ਆਪਣੀ ਖੱਲ ਲੁਹਾ ਲਈ ਪਰ ਪ੍ਰੀਤਮ ਦੇ ਪ੍ਰੇਮ ਵਿਚ ਰੱਤਾ ਭਰ ਵਿਚ ਕਮੀ ਨਹੀਂ ਆਉਣ ਦਿੱਤੀ;

"ਸ਼ਾਹ ਸ਼ਮਸ ਦੀ ਖੱਲ ਲੁਹਾਇਓ,
ਮਨਸੂਰ ਨੂੰ ਸੂਲੀ ਚੜ੍ਹਾਇਓ।
ਜਕਰੀਏ ਸਿਰ ਕਲਵੱਤਰ ਧਰਾਇਓ,
ਕੀ ਲੇਖਾ ਰਹਿ ਗਿਆ ਬਾਕੀ ਦਾ।"[81]

ਇਸ਼ਕ ਦੇ ਪ੍ਰਵੇਸ਼ ਨਾਲ ਬੰਦੇ ਨੂੰ ਹਰ ਪਾਸੇ ਪਰਮਾਤਮਾ ਦਾ ਹੀ ਦੀਦਾਰ ਨਜ਼ਰ ਆਉਂਦਾ ਹੈ। ਪ੍ਰੇਮ ਵਿਚ ਮਸਤ ਸਾਧਕ ਨੂੰ ਦੁਨੀਆਂ ਦੀ ਹਰ ਵਸਤੂ ਵਿਚੋਂ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਉਸ ਨੂੰ ਆਪਣੇ ਆਪੇ ਦੀ ਪਛਾਣ ਭੁੱਲ ਜਾਂਦੀ ਹੈ ਬਲਕਿ ਉਹ ਆਪਣੇ ਆਪ ਨੂੰ ਪ੍ਰੀਤਮ ਦੇ ਰੂਪ ਨਾਲ ਮਿਲਾ ਕੇ ਦੇਖਦਾ ਹੈ;

"ਜਾ ਮੈਂ ਰਮਜ਼ ਇਸ਼ਕ ਦੀ ਪਾਈ, ਮੈਨਾ ਤੂਤੀ ਮਾਰ ਗਵਾਈ।
ਅੰਦਰ ਬਾਹਰ ਹੋਈ ਸਫ਼ਾਈ, ਜਿਤ ਵਲ ਵੇਖਾਂ ਯਾਰੋ ਯਾਰ।"[82]

ਬੁੱਲ੍ਹੇ ਸ਼ਾਹ ਦੁਆਰਾ ਜਿਸ ਸਮੇਂ ਪ੍ਰਭੂ ਦੇ ਇਸ਼ਕ ਦੀ ਰਮਜ਼ ਨੂੰ ਸਮਝ ਲਿਆ ਗਿਆ ਤਾਂ ਫਿਰ ਬੁੱਲ੍ਹੇ ਸ਼ਾਹ ਅਤੇ ਉਸ ਦੇ ਪ੍ਰੀਤਮ ਵਿਚਾਲੇ ਕੋਈ ਉਹਲਾ ਨਹੀਂ ਰਿਹਾ। ਬੁੱਲ੍ਹੇ ਸ਼ਾਹ ਅਤੇ ਉਸਦਾ ਪ੍ਰੀਤਮ ਪਿਆਰਾ ਇਕ ਰੂਪ ਹੋ ਗਏ। ਉਹਨਾਂ ਵਿਚਾਲੇ ਕਿਸੇ ਪ੍ਰਕਾਰ ਦਾ ਕੋਈ ਭੇਦ ਨਹੀਂ ਰਿਹਾ। ਉਹ ਕਹਿੰਦਾ ਹੈ ਕਿ ਮੈਂ ਆਪਣੇ ਪ੍ਰੀਤਮ ਦਾ ਨਾਮ ਲੈਂਦਿਆਂ ਲੈਂਦਿਆਂ ਉਸ ਵਰਗਾ ਹੀ ਹੋ ਗਿਆ ਹਾਂ, ਹੁਣ ਮੇਰੇ ਵਿਚ ਅਤੇ ਮੇਰੇ ਪ੍ਰੀਤਮ ਵਿਚ ਕੋਈ ਭੇਦ ਨਹੀਂ ਰਿਹਾ;

"ਰਾਂਝਾ ਰਾਂਝਾ ਕਰਦੀ ਨੀ ਮੈਂ ਆਪਣੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।"[83]

ਇਸ਼ਕ ਕਰਨ ਲਈ ਬੁੱਲ੍ਹੇ ਸ਼ਾਹ ਅਨੁਸਾਰ ਮੁਰਸ਼ਦ ਦੀ ਅਗਵਾਈ ਦੀ ਲੋੜ ਹੈ ਕਿਉਂਕਿ ਬਿਨਾਂ ਮੁਰਸ਼ਦ ਦੇ ਸਾਧਕ ਇਸ਼ਕ ਦੇ ਪੰਧ ਤੇ ਤੁਰ ਨਹੀਂ ਸਕਦਾ। ਮੁਰਸ਼ਦ ਦੇ ਦੱਸੇ ਰਾਹ ਤੇ ਇਸ਼ਕ ਰਾਹੀਂ ਤੁਰਨ ਵਾਲੇ ਸਾਧਕ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦੇ ਹਨ। ਜਿਸ ਵੇਲੇ ਸਾਧਕ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਫਿਰ ਸਾਧਕ ਅਤੇ ਪਰਮਾਤਮਾ ਵਿਚਾਲੇ ਕੋਈ ਭੇਦ ਨਹੀਂ ਰਹਿ ਜਾਂਦਾ। ਸਾਧਕ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

## ਬੁੱਲ੍ਹੇ ਸ਼ਾਹ ਅਤੇ ਇਸਲਾਮੀ ਸ਼ਰੀਅਤ

ਇਸਲਾਮ ਇਕ ਪ੍ਰਾਚੀਨ ਅਤੇ ਵਿਸ਼ਵ-ਵਿਆਪੀ ਧਰਮ ਹੈ। ਇਹ ਇਕ ਧਰਮ ਹੀ ਨਹੀਂ ਬਲਕਿ ਇਕ ਅਜਿਹੀ ਜੀਵਨ ਜਾਚ ਹੈ ਜੋ ਮਨੁੱਖ ਨੂੰ ਜ਼ਿੰਦਗੀ ਦੇ ਹਰ ਪੜਾਅ ਤੇ ਨੇਕ-ਦਿਲੀ ਦਾ ਰਾਹ ਦਿਖਾਉਂਦੀ ਹੈ। ਇਸਲਾਮ ਧਰਮ ਦੇ ਵਿਦਵਾਨਾਂ ਅਨੁਸਾਰ ਇਸ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਮਨੁੱਖ ਆਦਮ ਉਨ੍ਹਾਂ ਦਾ ਪਹਿਲਾ ਪੈਗ਼ੰਬਰ ਸੀ ਅਤੇ ਅਰਬ ਦੇ ਪ੍ਰਸਿੱਧ ਸ਼ਹਿਰ ਮੱਕਾ ਵਿਚ ਪੈਦਾ ਹੋਣ ਵਾਲਾ ਹਜ਼ਰਤ ਮੁਹੰਮਦ ਸਾਹਿਬ ਅਖ਼ੀਰਲਾ ਪੈਗ਼ੰਬਰ ਸੀ।



Sri Satguru Jagjit Singh Ji eLibrary NamdhariElibrary@gmail.com

ਇਸਲਾਮ ਧਰਮ ਦੇ ਪੰਜ ਪ੍ਰਮੁੱਖ ਸਿਧਾਂਤ ਮੰਨੇ ਜਾਂਦੇ ਹਨ। ਇਨ੍ਹਾਂ ਦਾ ਪਾਲਨ ਕਰਨਾ ਅਤੇ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਣਾ ਇਸਲਾਮੀ ਜਗਤ ਵਿਚ ਬੇਹੱਦ ਜ਼ਰੂਰੀ ਸਮਝਿਆ ਜਾਂਦਾ ਹੈ। ਜੇਕਰ ਕੋਈ ਵਿਅਕਤੀ ਇਨ੍ਹਾਂ ਪੰਜਾਂ ਸਿਧਾਂਤਾਂ ਦਾ ਪਾਲਣ ਨਹੀਂ ਕਰਦਾ ਤਾਂ ਉਸ ਨੂੰ ਦੋਜ਼ਖ਼/ਨਰਕ ਦੀ ਅੱਗ ਵਿਚ ਸੜਨਾ ਪਵੇਗਾ, ਇਹ ਇਸਲਾਮੀ ਵਿਸ਼ਵਾਸ ਹੈ;

"ਇਸਲਾਮ ਧਰਮ ਦੀ ਮਰਿਆਦਾ ਅਨੁਸਾਰ ਸ਼ਰੀਅਤ ਸੂਫ਼ੀ ਸਾਧਕਾਂ ਦੇ ਆਤਮਿਕ ਵਿਕਾਸ ਦੀ ਪਹਿਲੀ ਅਹਿਮ ਅਵਸਥਾ ਹੈ। ਇਸ ਦੇ ਅੰਤਰਗਤ ਹੱਜ, ਰੋਜ਼ਾ, ਨਮਾਜ਼ ਅਤੇ ਜ਼ਕਾਤ ਆਦਿ ਸ਼ਰ੍ਹਾ ਦੇ ਨਿਯਮ ਆਉਂਦੇ ਹਨ। ਸ਼ਰ੍ਹਾ ਇਕ ਮੁਸਲਮਾਨ ਵਾਸਤੇ ਰੱਬੀ ਕਾਨੂੰਨ ਹੈ ਜਿਸ ਨੂੰ ਪ੍ਰਵਾਨ ਕਰਨਾ ਹਰ ਮੁਸਲਮਾਨ ਦਾ ਧਰਮ ਹੈ।"[84]

ਇਸਲਾਮੀ ਵਿਸ਼ਵਾਸ ਅਨੁਸਾਰ ਇਹ ਪੰਜ ਮੂਲ ਸਿਧਾਂਤ ਇਕ ਸੱਚੇ ਮੁਸਲਮਾਨ ਦੇ ਆਤਿਮਕ ਵਿਕਾਸ ਵਿਚ ਸਹਾਈ ਹੁੰਦੇ ਹਨ। ਇਹਨਾਂ ਸਿਧਾਂਤਾ ਦਾ ਪਾਲਣ ਕਰਨਾ ਹਰ ਬਾਲਿਗ ਮੁਸਲਮਾਨ ਇਸਤਰੀ/ਪੁਰਸ਼ ਲਈ ਲਾਜ਼ਮੀ ਹੈ;

"ਉੱਥੇ ਅੱਲ੍ਹਾ ਲਈ ਪੰਜ ਮੂਲ ਕਰਤੱਵ ਹਨ ਜਿਨ੍ਹਾਂ ਨੂੰ ਇਸਲਾਮ ਵਿਚ ਅਰਕਾਨ ਦੇ ਰੂਪ ਵਿਚ ਜਾਨਿਆਂ ਜਾਂਦਾ ਹੈ। ਪਹਿਲਾ ਈਮਾਨ (ਵਿਸ਼ਵਾਸ) ਹੈ। ਦੂਜਾ ਸਲਾਤ (ਅਰਦਾਸ) ਹੈ। ... ਜਕਾਤ ਇਸਲਾਮ ਦਾ ਤੀਜਾ ਖੰਭਾ ਹੈ। ਇਹ ਪੈਸਾ ਧਾਰਿਮਕ ਪ੍ਰਯੋਜਨਾਂ ਲਈ ਦਿੱਤਾ ਜਾਂਦਾ ਇਕ ਨਿਸ਼ਚਿਤ ਭਾਗ ਹੈ। ... ਇਸਲਾਮ ਦਾ ਚੋਥਾ ਖੰਭਾ ਹੈ ਰੋਜ਼ਾ। ਰਮਜਾਨ ਦੇ ਪੂਰੇ ਮਹੀਨੇ ਦੇ ਦੌਰਾਨ ਉਪਵਾਸ ਹਰ ਸਾਲ ਹਰ ਬਾਲਗ ਉੱਮਰ ਦੇ ਆਦਮੀ ਅਤੇ ਔਰਤ ਉੱਤੇ ਲਾਜ਼ਮੀ ਹੈ। ... ਹੱਜ ਇਸਲਾਮ ਦਾ ਪੰਜਵਾਂ ਖੰਭਾ ਹੈ।"[85]

(1) ਈਮਾਨ
(2) ਨਮਾਜ਼
(3) ਰੋਜ਼ਾ
(4) ਜ਼ਕਾਤ
(5) ਹੱਜ।

ਇਸਲਾਮ ਧਰਮ ਨੇ ਮਨੁੱਖ ਦੇ ਸਾਹਮਣੇ ਇਕ ਮੁਕੰਮਲ ਜੀਵਨ ਜਾਚ ਦਾ ਰੋਲ ਮਾਡਲ ਪੇਸ਼ ਕੀਤਾ ਹੈ। ਇਸਲਾਮੀ ਜੀਵਨ ਜਾਚ ਵਿਚ ਜਿਸ ਵੇਲੇ ਸ਼ਰੀਅਤ ਦੀ ਬੇਲੋੜੀ ਕਠੋਰਤਾ ਪ੍ਰਵੇਸ਼ ਕਰਦੀ ਹੈ ਤਾਂ ਉਸ ਵੇਲੇ ਇਕ ਵਿਚਾਰਧਾਰਾ ਦਾ ਜਨਮ ਹੁੰਦਾ ਹੈ ਅਤੇ ਉਸ ਵਿਚਾਰਧਾਰਾ ਨੂੰ ਬਾਅਦ ਵਿਚ ਨਾਮ ਦਿੱਤਾ ਗਿਆ ਸੂਫ਼ੀ ਵਿਚਾਰਧਾਰਾ। ਸੂਫ਼ੀਮਤ ਇਸਲਾਮ ਦੀ ਕੱਟੜ ਵਿਚਾਰਧਾਰਾ ਦੇ ਪ੍ਰਤੀਕ੍ਰਮ ਵੱਜੋਂ ਹੋਂਦ ਵਿਚ ਆਇਆ ਸੀ। ਸੂਫ਼ੀ ਲੋਕ ਬਾਹਰੀ ਭੇਖ, ਵਿਖਾਵੇ ਅਤੇ ਆਡੰਬਰਾਂ ਤੋਂ ਪਰਹੇਜ਼ ਕਰਦੇ ਸਨ। ਪੰਜਾਬੀ ਸੂਫ਼ੀ ਸਾਹਿਤ ਦੇ ਪਹਿਲੇ ਪ੍ਰਮਾਣਿਕ ਕਵੀ ਬਾਬਾ ਫ਼ਰੀਦ ਜੀ ਨੇ ਵੀ ਆਪਣੇ ਕਲਾਮ ਵਿਚ ਵਾਧੂ ਦੇ ਕਰਮ-ਕਾਡਾਂ ਦਾ ਵਿਰੋਧ ਕੀਤਾ ਹੈ ਅਤੇ ਸ਼ਾਹ ਹੁਸੈਨ ਨੇ ਵੀ, ਪਰ ਬੁੱਲ੍ਹੇ ਸ਼ਾਹ ਨੇ ਇਸਲਾਮੀ ਰਹੁ-ਰੀਤਾਂ ਦਾ ਖੁੱਲ ਕੇ ਵਿਰੋਧ ਹੀ ਨਹੀਂ ਕੀਤਾ ਬਲਕਿ ਉਸਨੇ ਆਪਣੀ ਰਚਨਾ ਵਿਚ ਧਰਮ ਦੇ ਨਾਮ ਤੇ ਹੁੰਦੇ ਇਹਨਾਂ ਬਾਹਰੀ ਦਿਖਾਵਿਆਂ ਦੀ ਰੱਜ ਕੇ ਭੰਡੀ ਕੀਤੀ ਹੈ;

"ਪੰਜਾਬੀ ਕਾਵਿ ਜਗਤ ਵਿਚ ਵੀ ਸੂਫ਼ੀ ਕਵਿਤਾ ਦੀ ਪਰੰਪਰਾ ਇਸਲਾਮੀ ਸ਼ਰ੍ਹਾ ਦੀ ਕੱਟੜਤਾ ਵਿਰੁੱਧ ਇਕ ਪ੍ਰਤਿਕਿਰਿਆ ਦੇ ਰੂਪ ਵਿਚ ਹੀ ਉੱਭਰੀ ਸੀ। ਭਾਵੇਂ ਪੰਜਾਬੀ ਦੇ ਪਹਿਲੇ ਸੂਫ਼ੀ ਕਵੀ ਸ਼ੇਖ਼ ਫ਼ਰੀਦ ਸ਼ਕਰਗੰਜ ਸ਼ਰੀਅਤ ਦੇ ਅਨੁਗਾਮੀ ਸਨ ਫਿਰ ਵੀ ਉਹ ਹਰ ਪ੍ਰਕਾਰ ਦੀ



Sri Satguru Jagjit Singh Ji eLibrary NamdhariElibrary@gmail.com

ਹਿੰਸਾ ਅਤੇ ਮਨੁੱਖੀ ਵਿਤਕਰੇ ਦਾ ਵਿਰੋਧ ਕਰਦੇ ਸਨ।"[86]

ਬੁੱਲ੍ਹੇ ਸ਼ਾਹ ਨੇ ਆਪਣੇ ਸਮੇਂ ਸਮਾਜ ਵਿਚ ਵਾਪਰ ਰਹੇ ਵਰਤਾਰੇ ਨੂੰ ਧਿਆਨ ਨਾਲ ਵਾਚਿਆ ਹੈ। ਉਸ ਸਮੇਂ ਸਮਾਜ ਵਿਚ ਧਾਰਮਿਕ ਆਗੂ (ਬ੍ਰਾਹਮਣ ਅਤੇ ਮੁਲਾਣੇ) ਵਹਿਮ ਭਰਮ ਫੈਲਾ ਕੇ ਭੋਲੀ-ਭਾਲੀ ਜਨਤਾ ਦਾ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸ਼ੋਸ਼ਣ ਕਰ ਰਹੇ ਸਨ। ਇਹ ਲੋਕ ਭੋਲੀ-ਭਾਲੀ ਜਨਤਾ ਨੂੰ ਮੂਰਖ ਬਣਾ ਰਹੇ ਸਨ। ਦੂਜੇ ਪਾਸੇ ਬੁੱਲ੍ਹੇ ਸ਼ਾਹ ਨੇ ਪਰਮਾਤਮਾ ਦੇ ਰਸਤੇ ਉੱਪਰ ਚੱਲਣ ਅਤੇ ਪ੍ਰਭੂ ਪ੍ਰੇਮ ਦੇ ਮਾਰਗ ਵਿਚ ਆਉਣ ਵਾਲੇ ਧਾਰਮਿਕ ਰੀਤੀ-ਰਿਵਾਜਾਂ ਨੂੰ ਨਿੰਦਿਆ ਹੈ;

"ਬੁੱਲ੍ਹੇ ਸ਼ਾਹ ਤੁਅਸੱਬ ਅਤੇ ਸ਼ਰ੍ਹਾ ਦੇ ਉਨ੍ਹਾਂ ਕਠੋਰ ਨੇਮਾਂ ਤੇ ਬੰਧਨਾਂ ਦਾ ਨਿਰਪੱਖ ਆਲੋਚਕ ਸੀ ਜਿਹੜੇ ਦੈਵੀ ਪਿਆਰ ਤੇ ਸੁਤੰਤਰ ਪ੍ਰਗਟਾਵੇ ਲਈ ਰੁਕਾਵਟ ਬਣਦੇ ਸਨ।"[87]

ਬੁੱਲ੍ਹੇ ਸ਼ਾਹ ਨੇ ਆਪਣੇ ਜੀਵਨ ਵਿਚ ਸ਼ਰ੍ਹਾ ਦੀ ਪਾਲਣਾ ਕਰਨ ਦੀ ਥਾਂ ਤੇ ਪ੍ਰੇਮ/ਇਸ਼ਕ ਦਾ ਮਾਰਗ ਅਪਣਾਇਆ। ਉਸਨੇ ਆਪਣੇ ਜੀਵਨ ਦੇ ਇਸ ਪੱਖ ਨੂੰ ਆਪਣੇ ਕਲਾਮ ਵਿਚ ਵੀ ਬਿਆਨ ਕੀਤਾ ਹੈ;

"ਉਹ (ਬੁੱਲ੍ਹੇ ਸ਼ਾਹ) ਸ਼ਰੀਅਤ ਦੇ ਮਾਰਗ'ਤੇ ਚੱਲਣ ਦੀ ਬਜਾਇ ਪ੍ਰੇਮ ਮਾਰਗ ਅਪਣਾਉਂਦਾ ਹੋਇਆ ਬਾਹਰੀ ਆਚਾਰ ਨੂੰ ਤਿਆਗ ਦਿੰਦਾ ਹੈ। ਉਸ ਨੂੰ ਧਾਰਮਿਕ ਬੰਧਨਾਂ ਵਿਚ ਬੱਝ ਕੇ ਰਹਿਣਾ ਸਵੀਕਾਰ ਨਹੀਂ ਹੈ। ਉਹ ਸਭ ਰਸਮਾਂ ਤੇ ਪਾਬੰਦੀਆਂ ਤੋਂ ਆਜ਼ਾਦ ਹੋ ਜਾਂਦਾ ਹੈ। ਮਜ਼੍ਹਬੀ ਭੇਖਾਚਾਰ ਦਾ ਉਸ ਨੇ ਡੱਟਵਾਂ ਵਿਰੋਧ ਕੀਤਾ।"[88]

ਬੁੱਲ੍ਹੇ ਸ਼ਾਹ ਅਨੁਸਾਰ ਧਾਰਮਿਕ ਕਾਅਦੇ-ਕਾਨੂੰਨ ਮਨੁੱਖ ਦੀ ਆਤਿਮਕ ਸ਼ਕਤੀ ਦਾ ਵਿਕਾਸ ਰੋਕ ਦਿੰਦੇ ਹਨ। ਇਹ ਧਾਰਮਿਕ ਰੀਤੀ-ਰਿਵਾਜ ਬਾਹਰੀ ਦਿਖਾਵੇ ਲਈ ਕੀਤੇ ਜਾਂਦੇ ਹਨ। ਇਹਨਾਂ ਦਾ ਮਨੁੱਖ ਦੀ ਅੰਤਰ-ਆਤਮਾ ਦੇ ਵਿਕਾਸ ਨਾਲ ਕੋਈ ਸੰਬੰਧ ਨਹੀਂ ਹੈ। ਇਹ ਕੇਵਲ ਬਾਹਰੀ ਦਿਖਾਵੇ ਨੂੰ ਮੁੱਖ ਰੱਖ ਕੇ ਕੀਤੇ ਜਾਂਦੇ ਹਨ। ਇਹਨਾਂ ਸਿਧਾਤਾਂ ਦਾ ਮਨੁੱਖ ਦੇ ਆਤਮਿਕ ਵਿਕਾਸ ਵਿਚ ਕੋਈ ਰੋਲ ਨਹੀਂ ਹੈ;

"ਸ਼ਰੀਅਤ ਨੂੰ ਬੁੱਲ੍ਹੇ ਸ਼ਾਹ ਪਰਮਾਤਮਾ ਦੇ ਮਿਲਾਪ ਦਾ ਸਾਧਨ ਨਹੀਂ ਸਮਝਦਾ ਭਾਵ ਉਹ ਕਰਮਕਾਂਡ ਨੂੰ ਅੱਲ੍ਹਾ ਦੇ ਰਾਹ ਦਾ ਰੋੜਾ ਮੰਨਦਾ ਹੈ।"[89]

ਬੁੱਲ੍ਹੇ ਸ਼ਾਹ ਆਪਣੇ ਕਲਾਮ ਵਿਚ ਕਹਿੰਦਾ ਹੈ ਕਿ ਮੇਰਾ ਪ੍ਰੀਤਮ ਤਾਂ ਮੇਰੇ ਹਿਰਦੇ ਵਿਚ ਨਿਵਾਸ ਕਰਦਾ ਹੈ। ਉਹ ਕਿਸੇ ਬਾਹਰੀ ਸਥਾਨ ਜਿਵੇਂ ਮੰਦਰ ਜਾਂ ਮਸਜਿਦ ਵਿਚ ਨਹੀਂ ਰਹਿੰਦਾ, ਉਹ ਪ੍ਰਭੂ-ਪਿਆਰਾ ਤਾਂ ਸੱਚੇ ਲੋਕਾਂ ਦੇ ਅੰਤਰ-ਮਨ ਵਿਚ ਰਹਿੰਦਾ ਹੈ;

"ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।"[90]

"ਬੁੱਲ੍ਹੇ ਸ਼ਾਹ ਸਭ ਤਰ੍ਹਾਂ ਦੇ ਫਰੇਬੀ ਭੇਖਾਚਾਰ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਧਰਮ ਦੇ ਨਾਂ ਉੱਤੇ ਸਥਾਪਿਤ ਇਸ ਠੱਗ ਵਿਵਸਥਾ ਦਾ ਬੌਧਿਕ ਅਤੇ ਵਿਅਕਤੀਗਤ ਪੱਧਰ ਉੱਤੇ ਵਿਰੋਧ ਕਰਦਾ ਹੈ ਅਤੇ ਇਹ ਇਕ ਅਜਿਹੀ ਹਕੀਕਤ-ਅਪਸਾਨੀ (ਜਾਹਰ ਕਰਨਾ) ਹੈ ਕਿ ਸਮਕਾਲੀ ਧਰਮ ਵਿਵਸਥਾ ਆਪਣੇ ਇਸ ਕੂੜ ਨੂੰ ਨੰਗਾ ਹੁੰਦਾ ਦੇਖ ਕੇ ਕਿਸੇ ਤਰ੍ਹਾਂ ਨਾਲ ਵੀ ਬੁੱਲ੍ਹੇ ਸ਼ਾਹ ਦੀ ਮੂੰਹ ਆਈ ਬਾਤ ਨਾ ਰਹਿੰਦੀ ਏ ਦੀ ਸ਼ੈਲੀ ਨੂੰ ਬੰਦ ਨਹੀਂ ਕਰਵਾ ਸਕੀ। ਉਸ ਨੇ ਪ੍ਰੋਹਤ-ਵਰਗ



Sri Satguru Jagjit Singh Ji eLibrary NamdhariElibrary@gmail.com

ਨੂੰ ਧਰਮ ਦੇ ਨਾਂ ਉੱਤੇ ਪ੍ਰਚੱਲਿਤ ਕੀਤੀ ਬੇ-ਹਯਾਈ ਲਈ ਸਭ ਤੋਂ ਵੱਧ ਧਰ ਘੱਲਿਆ ਹੈ ਕਿਉਂਕਿ ਰਾਜ ਵਰਗ ਨਾਲੋਂ ਪ੍ਰੋਹਤ-ਵਰਗ ਆਪਣੇ ਸਥਾਪਿਤ ਆਦਰਸ਼ਾਂ ਪ੍ਰਤੀ ਵਧੇਰੇ ਸੁਹਿਰਦਤਾ ਦਰਸਾਉਣ ਕਾਰਨ ਲੋਕਾਂ ਦਾ ਗ਼ਦਾਰ ਦੋਸ਼ੀ ਅਤੇ ਧਰਮ ਪੱਖੋਂ ਪਾਪੀ ਹੈ।"[91]

ਪ੍ਰਭੂ-ਪ੍ਰੀਤਮ ਦੇ ਇਸ਼ਕ ਵਿਚ ਡੁਬਿਆ ਹੋਇਆ ਬੁੱਲ੍ਹਾ ਸ਼ਰ੍ਹਾ ਦੀ ਹਦਬੰਦੀਆਂ ਦੀ ਪਰਵਾਹ ਨਹੀਂ ਕਰਦਾ। ਉਹ ਇਸ਼ਕ ਵਿਚ ਇੰਨਾ ਡੁੱਬ ਜਾਂਦਾ ਹੈ ਕਿ ਮਸਜਿਦ ਵਿਚ ਜਾਣ ਤੋਂ ਵੀ ਡਰਦਾ ਹੈ। ਉਹ ਸ਼ਰ੍ਹਾ ਦੀਆਂ ਪਾਬੰਦੀਆਂ ਨੂੰ ਭੰਡਦਾ ਹੋਇਆ ਕਹਿੰਦਾ ਹੈ;

"ਜਾ ਮੈਂ ਸਬਕ ਇਸ਼ਕ ਦਾ ਪੜ੍ਹਿਆ,
ਮਸਜਿਦ ਕੋਲੋਂ ਜੀਉੜਾ ਡਰਿਆ।
ਡੇਰੇ ਜਾ ਠਾਕਰ ਦੇ ਵੜਿਆ,
ਜਿੱਥੇ ਵਜਦੇ ਨਾਦ ਹਜ਼ਾਰ।
ਇਸ਼ਕ ਦੀ ਨਵੀਉਂ ਨਵੀਂ ਬਹਾਰ।"[92]
ਜਾਂ
"ਭੱਠ ਨਮਾਜਾਂ ਤੇ ਚਿੱਕੜ ਰੋਜ਼ੇ।
ਕਲਮੇ ਤੇ ਫਿਰ ਗਈ ਸਿਆਹੀ।
ਬੁੱਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ
ਭੁਲੀ ਫਿਰੇ ਲੋਕਾਈ।"[93]

ਬੁੱਲ੍ਹੇ ਸ਼ਾਹ ਨੇ ਕੇਵਲ ਇਸਲਾਮੀ ਸ਼ਰੀਅਤ ਦਾ ਹੀ ਵਿਰੋਧ ਨਹੀਂ ਕੀਤਾ ਬਲਕਿ ਉਸ ਨੇ ਧਰਮ ਦੇ ਨਾਮ ਤੇ ਹੁੰਦੀਆਂ ਬੇਲੋੜੀਆਂ ਰਸਮਾਂ ਅਤੇ ਇਹਨਾਂ ਰਸਮਾਂ ਦੀ ਪੈਰਵੀ ਕਰਦੀਆਂ ਧਾਰਮਿਕ ਪੁਸਤਕਾਂ ਦਾ ਵੀ ਖੰਡਨ ਕੀਤਾ ਹੈ;

"ਬੁੱਲ੍ਹੇ ਸ਼ਾਹ ਨੇ ਧਾਰਮਿਕ ਪੁਸਤਕਾਂ ਅਤੇ ਧਾਰਮਿਕ ਰਹੁ-ਰੀਤਾਂ ਦਾ ਵੀ ਰੱਜ ਕੇ ਖੰਡਨ ਕੀਤਾ। ਉਸ ਨੇ ਧਾਰਮਿਕ ਪੁਸਤਕਾਂ ਦੇ ਪੰਨਿਆਂ ਨੂੰ ਕੁਫਰ ਦੇ ਬਾਬ ਕਹਿ ਕੇ ਸੰਬੋਧਤ ਕੀਤਾ ਅਤੇ ਲੋਕਾਂ ਨੂੰ ਨਰਕ-ਸਵਰਗ ਦੇ ਡਰ ਤੋਂ ਮੁਕਤ ਹੋ ਕੇ ਆਪਣਾ ਦਿਲ ਅਤੇ ਮਨ ਸਾਫ਼ ਰੱਖਣ ਲਈ ਕਿਹਾ।"[94]

"ਫੜ ਨੁੱਕਤਾ ਛੋੜ ਹਿਸਾਬਾਂ ਨੂੰ, ਕਰ ਦੂਰ ਕੁਫਰ ਦਿਆਂ ਬਾਬਾਂ ਨੂੰ,
ਲ਼ਾਹ ਦੋਜ਼ਖ ਗੋਰ ਅਜ਼ਾਬਾਂ ਨੂੰ, ਕਰ ਸਾਫ ਦਿਲੇ ਦਿਆਂ ਖਵਾਬਾਂ ਨੂੰ,
ਗੱਲ ਏਸੇ ਘਰ ਵਿਚ ਢੁੱਕਦੀ ਏ, ਇਕ ਨੁੱਕਤੇ ਵਿਚ ਗੱਲ ਮੁੱਕਦੀ ਏ।"[95]

ਬੁੱਲ੍ਹੇ ਸ਼ਾਹ ਨੇ ਜਦੋਂ ਇਸ ਤਰ੍ਹਾਂ ਬੇਬਾਕ ਹੋ ਕੇ ਇਸਲਾਮੀ ਸ਼ਰੀਅਤ ਦੀ ਭੰਡੀ ਕੀਤੀ ਤਾਂ ਉਸ ਦਾ ਮੁਰਸ਼ਦ ਅਨਾਇਤ ਸ਼ਾਹ ਉਸ ਨਾਲੋਂ ਨਾਰਾਜ਼ ਹੋ ਗਿਆ ਅਤੇ ਬੁੱਲ੍ਹੇ ਸ਼ਾਹ ਨੂੰ ਆਪਣੇ ਡੇਰੇ ਵਿਚੋਂ ਬਾਹਰ ਕੱਢ ਦਿੱਤਾ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਵਿਛੋੜੇ ਅਤੇ ਪਸ਼ਚਾਤਾਪ ਦੀ ਅਗਨੀ ਵਿਚ ਤੜਫਣ ਲੱਗਾ। ਵਿਛੋੜੇ ਦੀਆਂ ਇਹ ਘੜੀਆਂ ਜਿਆਦਾ ਸਮੇਂ ਤੱਕ ਨਾ ਰਹੀਆਂ ਪਰੰਤੂ ਬੁੱਲ੍ਹੇ ਸ਼ਾਹ ਵਿਛੋੜੇ ਦੀ ਅਗਨੀ ਵਿਚ ਤਪ ਕੇ ਕੁੰਦਨ ਵਾਂਗ ਚਮਕ ਉੱਠਿਆ;

"ਕੀ ਬੇਦਰਦਾਂ ਸੰਗ ਯਾਰੀ,
ਰੋਵਣ ਅੱਖੀਆਂ ਜ਼ਾਰੋ ਜ਼ਾਰੀ।
ਸਾਨੂੰ ਗਏ ਬੇਦਰਦੀ ਛੱਡ ਕੇ, ਹਿਜਰੇ ਸਾਂਗ ਸੀਨੇ ਵਿਚ ਗੱਡ ਕੇ,
ਜਿਸਮੋਂ ਜਿੰਦ ਨੂੰ ਲੈ ਗਏ ਕੱਢ ਕੇ, ਇਹ ਗੱਲ ਕਰ ਗਏ ਹੈਂਸਿਆਰੀ,
ਕੀ ਬੇਦਰਦਾਂ ਸੰਗ ਯਾਰੀ"[96]



Sri Satguru Jagjit Singh Ji eLibrary NamdhariElibrary@gmail.com

ਮੁਰਸ਼ਦ ਦੀ ਨਰਾਜ਼ਗੀ ਅਤੇ ਪਰਮਾਤਮਾ ਨਾਲੋਂ ਪਏ ਵਿਯੋਗ ਦੇ ਸਮੇਂ ਵਿਚ ਬੁੱਲ੍ਹੇ ਸ਼ਾਹ ਦੁਆਰਾ ਲਿਖੀਆਂ ਗਈਆਂ ਕਾਫ਼ੀਆਂ ਉਸਦੀ ਮਾਨਸਿਕ ਅਸਵਥਾ ਦਾ ਸਹੀ-ਸਹੀ ਬਿਆਨ ਕਰਦੀਆਂ ਹਨ। ਇਨ੍ਹਾਂ ਕਾਫ਼ੀਆਂ ਵਿਚ ਬੁੱਲ੍ਹੇ ਸ਼ਾਹ ਨੇ ਵਿਯੋਗੇ ਮਨੁੱਖ ਦੀ ਤੜਪ ਨੂੰ ਸਹੀ ਅਰਥਾਂ ਵਿਚ ਪੇਸ਼ ਕੀਤਾ ਹੈ। ਇਸ ਸਮੇਂ ਵਿਚ ਹੀ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਬਿਰਹਾ ਭਾਵਨਾ ਬੜੇ ਪ੍ਰਚੰਡ ਰੂਪ ਵਿਚ ਪੇਸ਼ ਹੋਈ ਹੈ;

"ਉਠ ਗਏ ਗਵਾਂਢੋ ਯਾਰ, ਰੱਬਾ ਹੁਣ ਕੀ ਕਰੀਏ?
ਉਠ ਗਏ ਹੁਣ ਰਹਿੰਦੇ ਨਾਹੀ, ਹੋਇਆ ਸਾਥ ਤਿਆਰ।
ਢਾਢ ਕਲੇਜੇ ਬਲ ਬਲ ਉਠਦੀ, ਭਵਕੇ ਬਿਰਹੋ ਨਾਰ।
ਰੱਬਾ ਹੁਣ ਕੀ ਕਰੀਏ?"[97]

ਜਾਂ

"ਬਹੁੜੀ ਵੇ ਤਬੀਬਾ ਮੈਡੀ ਜਿੰਦ ਗਈਆ।
ਤੇਰੇ ਇਸ਼ਕ ਨਚਾਇਆ ਕਰ ਥੱਈਆ ਥੱਈਆ।
ਇਸ਼ਕ ਡੇਰਾ ਮੇਰੇ ਅੰਦਰ ਕੀਤਾ,
ਭਰ ਕੇ ਜ਼ਹਿਰ ਪਿਆਲਾ ਮੈਂ ਪੀਤਾ,
ਝਬਦੇ ਆਵੀਂ ਵੇ ਤਬੀਬਾ,
ਨਹੀਂ ਤੇ ਮੈਂ ਮਰ ਗਈਆ।"[98]

ਬੁੱਲ੍ਹੇ ਸ਼ਾਹ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਜਾਂਦਾ ਹੈ ਉਹ ਆਪਣੇ ਮੁਰਸ਼ਦ ਅੱਗੇ ਅਰਦਾਸ ਕਰਦਾ ਹੈ ਕਿ ਉਹ ਉਸਦੇ ਵਿਛੋੜੇ ਦੇ ਜ਼ਖਮਾਂ ਨੂੰ ਭਰ ਦੇਵੇ ਅਤੇ ਆਪਣੇ ਦਰਸ਼ਨ ਦਿਖਾ ਕੇ ਉਸਦੇ ਬਿਰਹਾ ਕੁੱਠੇ ਦਿਲ ਨੂੰ ਸ਼ਾਂਤੀ ਪ੍ਰਦਾਨ ਕਰੇ ਕਿਉਂਕਿ ਪ੍ਰੀਤਮ ਦਾ ਵਿਯੋਗ ਹੁਣ ਮੈਂ ਜਿਆਦਾ ਦੇਰ ਤੱਕ ਆਪਣੀ ਜਿੰਦ ਤੇ ਨਹੀਂ ਝੱਲ ਸਕਦਾ;

"ਸਾਨੂੰ ਆ ਮਿਲ ਯਾਰ ਪਿਆਰਿਆ,
ਦੂਰ ਦੂਰ ਅਸਾਥੋਂ ਰਹਿ ਗਇਓਂ।
ਅਰਸ਼ ਤੇ ਆ ਕੇ ਬਹਿ ਗਇਓਂ।
ਕੀ ਕਸਰ ਕਸੂਰ ਵਿਸਾਰਿਆ,
ਸਾਨੂੰ ਆ ਮਿਲ ਯਾਰ ਪਿਆਰਿਆ।"[99]

ਬੁੱਲ੍ਹੇ ਸ਼ਾਹ ਨੂੰ ਜਿਸ ਵੇਲੇ ਆਪਣੇ ਪ੍ਰੀਤਮ ਦਾ ਦੀਦਾਰ ਹੋ ਜਾਂਦਾ ਹੈ ਤਾਂ ਉਸ ਦੀਆਂ ਸਾਰੀਆਂ ਮਨੋਕਾਮਨਾਵਾਂ ਮੁਕੰਮਲ ਹੋ ਜਾਂਦੀਆਂ ਹਨ ਕਿਉਂਕਿ ਇਹੀ ਬੁੱਲ੍ਹੇ ਸ਼ਾਹ ਦੇ ਜੀਵਨ ਦਾ ਲਕਸ਼ ਸੀ ਕਿ ਉਹ ਆਪਣੇ ਪ੍ਰੀਤਮ ਨੂੰ ਪਾ ਸਕੇ। ਜਿਸ ਵੇਲੇ ਉਹ ਆਪਣੇ ਪ੍ਰੀਤਮ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਮੇਰੇ ਵਿਚ ਅਤੇ ਪਰਮਾਤਮਾ ਵਿਚ ਹੁਣ ਕੋਈ ਫਰਕ ਨਹੀਂ ਰਿਹਾ, ਹੁਣ ਮੈਂ ਉਸ ਪ੍ਰਭੂ ਦਾ ਹੀ ਰੂਪ ਹੋ ਗਿਆ ਹਾਂ;

"ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।"[100]

ਬੁੱਲ੍ਹੇ ਸ਼ਾਹ ਨੇ ਇਸਲਾਮੀ ਰਹੁ-ਰੀਤਾਂ ਦੇ ਨਾਲ-ਨਾਲ ਧਰਮ ਦੇ ਨਾਮ ਤੇ ਹੁੰਦੇ ਬਾਹਰੀ ਭੇਖਾਂ, ਆਡੰਬਰਾਂ ਆਦਿ ਦਾ ਖੰਡਨ ਵੀ ਕੀਤਾ ਹੈ। ਉਹ ਆਪਣੇ ਕਲਾਮ ਰਾਹੀਂ ਬਾਹਰੀ ਆਡੰਬਰਾਂ ਅਤੇ ਵਹਿਮ-ਭਰਮਾਂ ਤੋਂ ਲੋਕਾਂ ਨੂੰ ਜਾਗਰੁਕ ਕਰਦਾ ਹੈ। ਬੁੱਲ੍ਹੇ ਸ਼ਾਹ ਅਨੁਸਾਰ ਪਰਮਾਤਮਾ ਨੂੰ



Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਕਰਨ ਲਈ ਕਿਸੇ ਪ੍ਰਕਾਰ ਦੇ ਬਾਹਰੀ ਭੇਖ ਦੀ ਲੋੜ ਨਹੀਂ ਹੈ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਤਾਂ ਸੱਚੇ ਮਨ ਨਾਲ ਉਸ ਨਾਲ ਇਸ਼ਕ ਕਮਾਉਣਾ ਪੈਂਦਾ ਹੈ ਅਤੇ ਇਹ ਇਸ਼ਕ ਦਾ ਰਾਹ ਮੁਰਸ਼ਦ ਦੁਆਰਾ ਦਰਸਾਇਆ ਜਾਂਦਾ ਹੈ। ਮੁਰਸ਼ਦ ਤੋਂ ਬਿਨਾਂ ਸਾਧਕ ਨੂੰ ਇਸ਼ਕ ਦੀ ਜਾਚ ਨਹੀਂ ਆ ਸਕਦੀ। ਇਸ ਲਈ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮੁਰਸ਼ਦ ਦਾ ਜ਼ਿਕਰ ਵਾਰ-ਵਾਰ ਕੀਤਾ ਗਿਆ ਹੈ।

## ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮੁਰਸ਼ਦ ਦਾ ਸਥਾਨ

ਮੁਰਸ਼ਦ ਦੀ ਵਡਿਆਈ ਸੂਫ਼ੀ ਸ਼ਾਇਰੀ ਦਾ ਵਿਸ਼ੇਸ਼ ਗੁਣ ਹੈ। ਮੁਰਸ਼ਦ ਦੇ ਸਹਾਰੇ ਤੋਂ ਬਿਨਾਂ ਸੂਫ਼ੀ ਸਾਹਿਤ ਵਿਚ ਪ੍ਰਭੂ ਨਾਲ ਮਿਲਾਪ ਅਸੰਭਵ ਹੈ। ਮੁਰਸ਼ਦ ਹੀ ਇਕ ਅਜਿਹਾ ਸਹਾਰਾ ਹੈ ਜਿਸ ਦੇ ਸਹਾਰੇ ਸੂਫ਼ੀ ਸਾਧਕ ਪ੍ਰਭੂ ਦੇ ਦਰ ਤੇ ਪਰਵਾਨ ਹੋਣ ਲਈ ਬੇਨਤੀਆਂ ਕਰਦਾ ਹੈ, ਜੇਕਰ ਪੰਜਾਬੀ ਸੂਫ਼ੀ ਸਾਹਿਤ ਵਿਚੋਂ ਮੁਰਸ਼ਦ ਦਾ ਸਥਾਨ ਕੱਢ ਦਿੱਤਾ ਜਾਵੇ ਤਾਂ ਫਿਰ ਸੂਫ਼ੀ ਸ਼ਾਇਰੀ ਬੇ-ਜਾਨ ਪ੍ਰਤੀਤ ਹੋਵੇਗੀ;

"ਸੂਫ਼ੀ ਮਾਰਗ ਉੱਤੇ ਚੱਲਦਿਆਂ ਇਕ ਸੂਫ਼ੀ ਸਾਧਕ ਨੂੰ ਰੱਬੀ ਮਿਲਾਪ ਲਈ ਮੁਰਸ਼ਦ ਭਾਵ ਗੁਰੂ ਦੇ ਆਸਰੇ ਜ਼ਰੂਰਤ ਪੈਂਦੀ ਹੈ। ਸੂਫ਼ੀ ਦਰਸ਼ਨ ਵਿਚ ਮੁਰਸ਼ਦ ਨੂੰ ਸ਼ਰਧਾ ਅਧੀਨ ਬਹੁਤ ਹੀ ਅਹਿਮੀਅਤ ਦਿੱਤੀ ਗਈ ਹੈ। ਕਾਮਿਲ ਮੁਰਸ਼ਦ ਤੋਂ ਬਿਨਾਂ ਸੂਫ਼ੀ ਸਾਧਨਾ ਦੇ ਰੂਹਾਨੀ ਸਫ਼ਰ ਦਾ ਭੇਤ ਪ੍ਰਾਪਤ ਨਹੀਂ ਹੋ ਸਕਦਾ ਅਰਥਾਤ ਮੁਰਸ਼ਦ ਹੀ ਮੁਰੀਦ ਦਾ ਮਾਰਗ-ਦਰਸ਼ਨ ਕਰਦਾ ਹੈ।"[101]

ਮੁਰਸ਼ਦ ਇਕ ਅਜਿਹਾ ਸਾਧਨ ਹੈ ਜਿਸਦੀ ਅਗਵਾਈ ਵਿਚ ਚੱਲ ਕੇ ਸਾਧਕ ਆਪਣੀ ਮੰਜ਼ਿਲ (ਪਰਮਾਤਮਾ) ਨੂੰ ਪਾਉਣ ਦੇ ਯੋਗ ਹੋ ਜਾਂਦਾ ਹੈ ਕਿਉਂਕਿ ਮੁਰਸ਼ਦ ਪ੍ਰੀਤਮ ਦੇ ਰਸਤੇ ਦਾ ਰਾਹ ਸਾਧਕ ਨੂੰ ਦਿਖਾਉਂਦਾ ਹੈ;

"ਮੁਰਸ਼ਦ ਹੀ ਪਰਮਾਤਮਾ/ਰੱਬ ਦੇ ਦਿੱਗ ਦਰਸ਼ਨ ਕਰਾਉਂਦਾ ਹੈ। ਸਾਧਕ ਦੇ ਹਿਰਦੇ ਨੂੰ ਧਰਵਾਸ ਅਤੇ ਰੱਬ ਦੀ ਪ੍ਰਾਪਤੀ ਦਾ ਇੱਕ ਮਾਤਰ ਸਾਧਨ ਉਸ ਨਾਲ ਸੱਚਾ-ਸੁੱਚਾ ਇਸ਼ਕ ਹੈ ਜਿਸ ਨੂੰ ਬੁੱਲ੍ਹੇ ਸ਼ਾਹ ਸ਼ਰੀਅਤ ਅਤੇ ਸਭ ਪ੍ਰਕਾਰ ਦੇ ਕਰਮਕਾਂਡ ਜਾਂ ਹੋਰ ਇਲਮਾਂ ਨਾਲੋਂ ਕਿਤੇ ਵੱਧ ਤਰਜੀਹ ਦਿੰਦਾ ਹੈ। ਇਸ਼ਕ ਹੀ ਮਨੁੱਖ ਨੂੰ ਸ਼ਰ੍ਹਾ ਤੋਂ ਆਜ਼ਾਦ ਕਰਾਉਂਦਾ ਹੈ। ਮਨੁੱਖ ਦੇ ਦਿਲ ਵਿਚੋਂ ਹਰ ਤਰ੍ਹਾਂ ਦੇ ਖਿਆਲ, ਪਾਬੰਦੀਆਂ ਨੂੰ ਮਿਟਾ ਕੇ ਰੱਬ ਨੂੰ ਮਿਲਾਉਣ ਦਾ ਵਸੀਲਾ ਬਣਦਾ ਹੈ। ਮੁਰਸ਼ਦ ਨੂੰ ਮਾਸ਼ੂਕ ਵਾਂਗ ਪਿਆਰ ਕਰਨ ਨਾਲ ਹੀ ਸਾਧਕ ਨੂੰ ਇਸ਼ਕ-ਹਕੀਕੀ ਦਾ ਗਿਆਨ ਹਾਸਿਲ ਹੁੰਦਾ ਹੈ।"[102]

"ਸੂਫ਼ੀ ਸਾਧਨਾ ਵਿਚ ਗੁਰੂ ਜਾਂ ਮੁਰਸ਼ਦ ਨੂੰ ਪਰਮ ਜੋਤਿ ਨਾਲ ਇਕ-ਮਿਕ ਕਰਾਉਣ ਦਾ ਇਕੋ-ਇਕ ਵਸੀਲਾ ਮੰਨਿਆ ਗਿਆ ਹੈ। ਉਹ ਇਸ ਰਸਤੇ ਦਾ ਆਗੂ ਹੈ ਕਿਉਂਕਿ ਉਹ ਖ਼ੁਦ ਇਸ ਰਸਤੇ ਵਿਚੋਂ ਲੰਘ ਚੁਕਿਆ ਹੈ। ਉਹ ਇਕ ਪਰਮ ਮਨੁੱਖ ਹੈ। ਇਸ਼ਕ ਨੇ ਉਸ ਨੂੰ ਹਰ ਪੱਖੋਂ ਸੰਪੂਰਨ ਕਰ ਦਿੱਤਾ ਹੈ। ਇਸ਼ਕ ਦੀ ਚਿਣਗ ਸੂਫ਼ੀ ਸਾਧਕ ਨੂੰ ਅਜਿਹਾ ਗੁਰੂ ਜਾਂ ਮੁਰਸ਼ਦ ਹੀ ਲਾ ਸਕਦਾ ਹੈ। ਰੱਬ ਤੋਂ ਹੇਠਾਂ ਬੱਸ ਮੁਰਸ਼ਦ ਹੀ ਹੈ। ਰੱਬ ਨਾਲ ਉਹ ਇਕ-ਮਿਕ ਵੀ ਹੈ। ਦੂਜੇ ਸ਼ਬਦਾਂ ਵਿਚ ਸੂਫ਼ੀ ਸਾਧਨਾ ਮਨੁੱਖੀ ਰੂਪ ਵਿਚ ਰੱਬ ਮੁਰਸ਼ਦ ਹੀ ਹੈ।"[103]

ਬੁੱਲ੍ਹੇ ਸ਼ਾਹ ਵੀ ਆਪਣੇ ਜੀਵਨ-ਅਨੁਭਵ ਦੁਆਰਾ ਇਹ ਮਹਿਸੂਸ ਕਰਦਾ ਹੈ ਕਿ ਇਸ ਸੰਸਾਰ ਵਿਚ ਕੇਵਲ ਮੁਰਸ਼ਦ ਹੀ ਉਸ ਨੂੰ ਪ੍ਰਭੂ ਨਾਲ ਮਿਲਾਪ ਕਰਵਾ ਸਕਦਾ ਹੈ ਹੋਰ ਕੋਈ



Sri Satguru Jagjit Singh Ji eLibrary NamdhariElibrary@gmail.com

ਅਜਿਹਾ ਕੋਈ ਵਸੀਲਾ ਨਹੀਂ ਹੈ ਜਿਸ ਨਾਲ ਉਹ ਆਪਣੀ ਜਿੰਦ ਨੂੰ ਪਰਮਾਤਮਾ ਦੇ ਦਰ ਤੇ ਪਰਵਾਨ ਕਰਵਾ ਸਕੇ;

"ਬੁੱਲ੍ਹਾ ਆਪਣੇ ਅਨੁਭਵ ਦੇ ਸਹਾਰੇ ਇਸ ਨਤੀਜੇ ਤੇ ਪੁੱਜਦਾ ਹੈ ਕਿ ਸਿਵਾਏ ਗੁਰੂ (ਮੁਰਸ਼ਦ) ਦੇ ਹੋਰ ਕੋਈ ਐਸਾ ਵਸੀਲਾ ਨਹੀਂ ਜੋ ਇਸ ਸੰਸਾਰ ਸਾਗਰ ਤੋਂ ਬੇੜਾ ਪਾਰ ਲਗਾ ਸਕੇ। ਇਸ ਸੰਸਾਰ ਨੂੰ ਉਹ ਇਕ ਸੰਘਣਾ ਜੰਗਲ ਕਹਿੰਦਾ ਹੈ, ਜਿਸ ਵਿਚ ਵਿਕਾਰਾਂ ਦੇ ਖ਼ੂਨਖ਼ਾਰ ਜੰਗਲੀ ਦਰਿੰਦੇ/ਸੂਰ, ਚੀਤੇ ਅਤੇ ਸ਼ੇਰ ਆਦਿ ਮੂੰਹ ਖੋਲੀ ਬੈਠੇ ਹਨ ਤੇ ਸਾਧਕ ਨੂੰ ਦੋ ਪੈਰ ਵੀ ਅੱਗੇ ਨਹੀਂ ਜਾਣ ਦਿੰਦੇ। ਦੁਨੀਆ ਮੱਕਾਰ, ਫ਼ਰੇਬ ਤੇ ਅਡੰਬਰਾਂ ਨਾਲ ਭਰਪੂਰ ਦਿਖਾਈ ਦਿੰਦੀ ਹੈ। ਏਥੇ ਮੁੱਲਾਂ, ਕਾਜ਼ੀ ਤੇ ਹੋਰ ਧਾਰਮਿਕ ਬੰਦੇ, ਜੋ ਖ਼ੂਨਖ਼ਾਰ ਹੁੰਦਿਆਂ ਨਿਮਾਣੀ ਭੇਡ ਦਾ ਲਬਾਦਾ (ਲਿਬਾਸ) ਪਹਿਨੀ ਖੜ੍ਹੇ ਹਨ ਤੇ ਸਾਲਿਕ ਨੂੰ ਰਸਤਾ ਦਸਦੇ ਹਨ, ਜੋ ਇਲਾਹੀ ਮੰਜ਼ਿਲ ਦਾ ਨਹੀਂ ਹੁੰਦਾ, ਸਗੋਂ ਟੋਏ ਟਿੱਬਿਆਂ ਦਾ ਰਾਹ ਹੁੰਦਾ ਹੈ, ਉਹ ਲੋਕ ਸਾਧਕ ਨੂੰ ਭਰਮਾਂ, ਵਹਿਮਾਂ, ਜਾਦੂਆਂ ਤੇ ਟੂਣਿਆਂ ਦੇ ਚੱਕਰ ਵਿਚ ਫਸਾ ਕੇ ਆਪਣਾ ਉੱਲੂ ਸਿੱਧਾ ਕਰਦੇ ਰਹਿੰਦੇ ਹਨ। ਉਹ ਲੋਕ ਸੰਤਾਂ ਨੂੰ ਸ਼ਰੀਅਤ ਦੀ ਵਲਗਣ ਵਿਚ ਘੇਰੀ ਰੱਖਣਾ ਚਾਹੁੰਦੇ ਹਨ। ਕੇਵਲ ਸਤਿਗੁਰੂ ਸਾਲਿਕ ਦਾ ਬੇੜਾ ਬੰਨੇ ਲਗਾ ਸਕਦਾ ਹੈ ਤੇ ਮਜ਼ਹਬਾਂ ਅਤੇ ਜਾਤਾਂ-ਪਾਤਾਂ ਦੀਆਂ ਕੈਦਾਂ ਤੁੜਵਾ ਕੇ ਉਸ ਨੂੰ ਅਸਲੀ ਇਨਸਾਨ ਬਣਾ ਕੇ ਮਨੁੱਖਤਾ ਦੀ ਮੰਜ਼ਿਲ ਤੇ ਪੁਚਾ ਕੇ ਰੱਬਤਾ ਤੱਕ ਲੈ ਜਾਂਦਾ ਹੈ, ਇਹ ਹੈ ਵਿਸ਼ਵਾਸ ਬੁੱਲ੍ਹੇ ਦਾ, ਜਿਸ ਵਿਚੋਂ ਮੁਰਸ਼ਦ ਪਿਆਰ ਡੁਲ ਡੁਲ ਪੈਂਦਾ ਹੈ।"[104]

ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਨੂੰ ਪ੍ਰਭੂ ਦਾ ਰੂਪ ਮੰਨ ਕੇ ਉਸ ਲਈ ਆਪਣੀ ਜਿੰਦ ਕੁਰਬਾਨ ਕਰ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਬੁੱਲ੍ਹੇ ਸ਼ਾਹ ਨੂੰ ਆਪਣੇ ਆਪੇ ਦੀ ਕੋਈ ਸੋਝੀ ਨਹੀਂ ਰਹਿੰਦੀ ਉਹ ਤਾਂ ਕੇਵਲ ਆਪਣੇ ਮੁਰਸ਼ਦ ਦੇ ਪ੍ਰੇਮ ਵਿਚ ਮਸਤ ਰਹਿੰਦਾ ਹੈ। ਬੁੱਲ੍ਹੇ ਸ਼ਾਹ ਲਈ ਪਰਮਾਤਮਾ ਅਤੇ ਮੁਰਸ਼ਦ ਵਿਚ ਕੋਈ ਭੇਦ ਨਹੀਂ ਹੈ ਕਿਉਂਕਿ ਮੁਰਸ਼ਦ ਹੀ ਬੁੱਲ੍ਹੇ ਸ਼ਾਹ ਦਾ ਵਿਸ਼ਵਾਸ ਹੈ;

"ਬੁੱਲ੍ਹਾ ਆਪਣੇ ਮੁਰਸ਼ਦ ਦੇ ਪਿਆਰ ਵਿਚ ਇਤਨਾ ਢਲ ਗਿਆ ਕਿ ਉਸ ਨੂੰ ਰੱਬ, ਰਸੂਲ ਤੇ ਮੁਰਸ਼ਦ ਵਿਚ ਕੋਈ ਅੰਤਰ ਨਾ ਦਿੱਸਿਆ।"[105]

"ਬੁੱਲ੍ਹੇ ਲਈ ਮੁਰਸ਼ਦ ਦੀਨ ਤੇ ਈਮਾਨ ਦਾ ਦਰਜ਼ਾ ਰੱਖਦਾ ਹੈ, ਪਤੀ ਤੇ ਪਰਮੇਸ਼ਰ ਦੇ ਤੁੱਲ ਹੈ। ਉਹ ਐਸਾ ਉਸਤਾਦ ਹੈ ਜੋ ਹਰ ਇਕ ਅੰਦਰ ਸਮਾਏ ਰੱਬ ਨੂੰ ਦਿਖਾ ਸਕਦਾ ਹੈ। ਉਹ ਇਕ ਮੁਰਸ਼ਦ ਕਾਮਿਲ ਹੈ, ਇਕ ਪੂਰਣ ਸਤਿਗੁਰੂ ਹੈ ਜਿਸ ਦੇ ਮਿਲਾਪ ਨਾਲ ਅਤੇ ਸਿੱਖਿਆ ਦੁਆਰਾ ਸਭ ਝਗੜੇ ਝਾਜੇ ਖ਼ਤਮ ਹੋ ਜਾਂਦੇ ਹਨ। ਉਹ ਸੱਜਣ ਹੈ, ਯਾਰ ਹੈ, ਸ਼ਹੁ ਹੈ ਤੇ ਤਾਰਨਹਾਰ ਵੀ ਹੈ। ਉਹ ਸਖ਼ਾਵਤਾਂ ਦੇ ਘਰ ਰਹਿਣ ਵਾਲਾ ਸਖ਼ੀ ਪੁਰਸ਼ ਹੈ ਜੋ ਦਾਤਾ ਬਣ ਕੇ ਮੁਰੀਦ ਦੇ ਸਾਰੇ ਰੂਹਾਨੀ, ਚਾਉ-ਲਾਡ ਪੂਰੇ ਕਰ ਰਿਹਾ ਹੈ ਤੇ ਜਦੋਂ ਰੂਹਾਨੀ ਪਰਵਾਜ਼ ਵੇਲੇ ਬੁੱਲ੍ਹਾ ਉੱਪਰਲੀਆਂ ਮੰਜ਼ਿਲਾਂ ਤੈਅ ਕਰਦਾ ਹੈ ਤਾਂ ਹਰ ਮੰਜ਼ਿਲ ਉੱਤੇ ਇਸ ਮਹਿਬੂਬ ਹਕੀਕੀ ਦੇ ਦਰਸ਼ਨਾਂ ਤੋਂ ਬੁੱਲ੍ਹਾ ਬਲਿ-ਬਲਿ ਜਾਂਦਾ ਹੈ।"[106]

ਬੁੱਲ੍ਹੇ ਸ਼ਾਹ ਅਨੁਸਾਰ ਪਰਮਾਤਮਾ ਅਤੇ ਉਸਦੇ ਮੁਰਸ਼ਦ ਵਿਚ ਕੋਈ ਭੇਦ ਨਹੀਂ ਹੈ। ਉਸਦਾ ਮੁਰਸ਼ਦ ਉਸ ਲਈ ਸਭ ਕੁਝ ਹੈ। ਮੁਰਸ਼ਦ ਦੀ ਵਡਿਆਈ ਵਿਚ ਬੁੱਲ੍ਹੇ ਸ਼ਾਹ ਨੇ ਆਪਣੇ ਕਲਾਮ ਵਿਚ ਬਹੁਤ ਸਾਰੀਆਂ ਕਾਫ਼ੀਆਂ ਦੀ ਰਚਨਾ ਵੀ ਕੀਤੀ ਹੈ;

"ਬੁੱਲ੍ਹੇ ਸ਼ਾਹ ਲਈ ਉਸ ਦਾ ਮੁਰਸ਼ਦ ਹਦਾਇਤਕਾਰ ਹੈ; ਉਹ ਆਪ ਦਾ ਦੀਨ ਈਮਾਨ ਹੈ; ਪਤੀ ਹੈ, ਰੱਬ ਹੈ, ਆਸ਼ਿਕ ਹੈ, ਉਸਤਾਦ ਤੇ ਮੁਰਸ਼ਦ ਕਾਮਿਲ ਹੈ; ਉਹ ਸ਼ਹੁ ਵੀ ਹੈ ਤੇ ਸਜਣ



Sri Satguru Jagjit Singh Ji eLibrary NamdhariElibrary@gmail.com

ਵੀ। ਉਹ ਇਕ ਤਾਰਣਹਾਰ ਯਾਰ ਹੈ, ਸਖ਼ੀ ਤੇ ਦਾਤਾ ਹੈ; ਉਹ ਸਾਈਂ ਹੈ; ਉਹ ਆਰਿਫ਼ (ਬ੍ਰਹਮ ਗਿਆਨੀ) ਹੈ।"[107]

ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਅਨਾਇਤ ਸ਼ਾਹ ਨੂੰ ਅੰਤਾਂ ਦਾ ਪ੍ਰੇਮ ਕਰਦਾ ਸੀ। ਉਹ ਆਪਣੇ ਮੁਰਸ਼ਦ ਦੇ ਹਰ ਹੁਕਮ ਨੂੰ ਮੰਨਦਾ ਸੀ ਪਰ ਜਦੋਂ ਬੁੱਲ੍ਹੇ ਸ਼ਾਹ ਦਾ ਮੁਰਸ਼ਦ ਉਸ ਨਾਲੋਂ ਨਾਰਾਜ਼ ਹੋ ਜਾਂਦਾ ਹੈ ਤਾਂ ਮੁਰਸ਼ਦ ਦੇ ਵਿਛੋੜੇ ਨੇ ਬੁੱਲ੍ਹੇ ਸ਼ਾਹ ਨੂੰ ਬੇਹਾਲ ਕਰ ਦਿੱਤਾ ਹੈ;

"ਬੁੱਲ੍ਹਾ ਅਨਾਇਤ ਸ਼ਾਹ ਨੂੰ ਆਪਣਾ ਰੱਬ ਸਮਝਦਾ ਸੀ। ਅੱਲ੍ਹਾ, ਰਸੂਲ ਤੇ ਅਨਾਇਤ ਸ਼ਾਹ ਵਿਚ ਉਹ ਕੋਈ ਅੰਤਰ ਨਹੀਂ ਸੀ ਦੇਖਦਾ। ਖ਼ਾਲਕ, ਖ਼ਲਕ ਤੇ ਮਖ਼ਲੂਕਾਤ ਇਕ ਰੂਪ ਉਸ ਨੂੰ ਨਜ਼ਰ ਆਉਂਦੇ ਸਨ। ਸ਼ਾਹ ਅਨਾਇਤ ਉਸ ਦਾ ਮਹਿਬੂਬ ਸੀ, ਜਿਸ ਬਿਨਾਂ ਉਹ ਇਕ ਪਲ, ਇਕ ਖਿਣ ਜੀਉਂਦਾ ਨਹੀਂ ਸੀ ਰਹਿ ਸਕਦਾ।"[108]

"ਬੁੱਲ੍ਹਾ ਆਪਣੇ ਮੁਰਸ਼ਦ ਸ਼ਾਹ ਅਨਾਇਤ ਪ੍ਰਤਿ ਅੰਤਾਂ ਦੀ ਸ਼ਰਧਾ ਤੇ ਨਿਸ਼ਠਾ ਰੱਖਦਾ ਹੈ ਕਿਉਂਕਿ ਇਸ ਮੁਰਸ਼ਦ ਨੇ ਉਸ ਨੂੰ ਜਿਸ ਰਾਹ ਉੱਤੇ ਤੋਰਿਆ ਉਹ ਹੱਕ ਦਾ ਰਾਹ ਹੈ।"109

ਬੁੱਲ੍ਹੇ ਸ਼ਾਹ ਨੂੰ ਇਕ ਵਾਰੀ ਆਪਣੇ ਮੁਰਸ਼ਦ ਦੀ ਨਰਾਜ਼ਗੀ ਸਹਿਣੀ ਪਈ ਸੀ। ਉਹ ਆਪਣੇ ਮੁਰਸ਼ਦ ਦੇ ਦੀਦਾਰ ਲਈ ਪਲ-ਪਲ ਤੜਪਦਾ ਹੈ, ਤਰਲੇ ਲੈਂਦਾ ਹੈ, ਮਿੰਨਤਾਂ ਕਰਦਾ ਹੈ ਅਤੇ ਦੁਹਾਈਆਂ ਪਾਉਂਦਾ ਹੈ। ਇਸ ਵਿਛੋੜੇ ਦੀ ਅਵਸਥਾ ਨੂੰ ਦੂਰ ਕਰਨਾ ਅਤੇ ਮੁਰਸ਼ਦ ਨਾਲ ਮਿਲਾਪ ਉਸਦਾ ਪਰਮ ਲਕਸ਼ ਬਣ ਜਾਂਦਾ ਹੈ। ਇਸ ਲਕਸ਼ ਦੀ ਪ੍ਰਾਪਤੀ ਲਈ ਉਹ ਕਈ ਪ੍ਰਕਾਰ ਦੀਆਂ ਵਿਉਂਤਾਂ ਬਣਾਉਣ ਲੱਗਦਾ ਹੈ;

"ਕਹਿੰਦੇ ਹਨ ਕਿ ਬੁੱਲ੍ਹੇ ਨੇ ਇਸਤਰੀ ਦਾ ਭੇਖ ਧਾਰ ਲਿਆ, ਸਾਰੰਗੀ ਫੜ ਲਈ ਅਤੇ ਕਿੱਸੇ ਗਾਉਣ ਵਾਲੀ ਪਾਸ ਜਾ ਟਿਕਾਣਾ ਕੀਤਾ। ਉਸ ਤੋਂ ਨੱਚਣਾ ਸਿੱਖਿਆ ਅਤੇ ਗਾਉਣ ਵਿਚ ਕਮਾਲ ਹਾਸਲ ਕੀਤਾ। ਜਦ ਬੁੱਲ੍ਹਾ ਇਸ ਕੰਮ ਵਿਚ ਨਿਪੁੰਨ ਹੋ ਗਿਆ ਤਾਂ ਪਖੌਜੀ ਅਤੇ ਵਜੰਤਰੀਆਂ ਨੂੰ ਨਾਲ ਲੈ ਕੇ ਉਸ ਮਜਾਰ ਉੱਤੇ ਮੁਜਰਾ ਕਰਨ ਲਈ ਪਹੁੰਚ ਗਿਆ ਜਿੱਥੇ ਸਾਲਾਨਾ ਉਰਸ ਉੱਤੇ ਹਜ਼ਰਤ ਸ਼ਾਹ ਇਨਾਇਤ ਵੀ ਗਏ ਹੋਏ ਸਨ। ਬਾਕੀ ਸਭ ਨੱਚਣ ਗਾਉਣ ਵਾਲੇ ਤਾਂ ਥੱਕ ਗਏ ਪਰ ਬੁੱਲ੍ਹਾ ਵਜਦ ਵਿਚ ਵਾਹੋਦਾਹੀ ਨੱਚੀ ਗਿਆ। ਬੁੱਲ੍ਹੇ ਦੀ ਆਵਾਜ਼ ਵਿਚ ਕਹਿਰਾਂ ਦਾ ਦਰਦ ਸੀ ਅਤੇ ਉਹ ਕਲੇਜੇ ਨੂੰ ਧੂਹ ਪਾਉਣ ਵਾਲੀ ਸੁਰ ਵਿਚ ਪੁਕਾਰ ਰਿਹਾ ਸੀ। ਕਹਿੰਦੇ ਹਨ ਕਿ ਬੁੱਲ੍ਹੇ ਨੂੰ ਉਸੇ ਸਮੇਂ ਕਈ ਦਰਦ ਭਰੀਆਂ ਕਾਫ਼ੀਆਂ ਗਾਈਆਂ। ਅੰਤ ਨੂੰ ਉਹਦੇ ਸੋਜ਼ ਨੂੰ ਵੇਖ ਕੇ ਮੁਰਸ਼ਦ ਦਾ ਦਿਲ ਪਸੀਜ ਗਿਆ। ਮੁਰਸ਼ਦ ਨੇ ਪ੍ਰਸੰਨ ਹੋ ਕੇ ਕਿਹਾ, 'ਉਏ! ਤੂੰ ਬੁੱਲ੍ਹਾ ਏਂ? ਬੁੱਲ੍ਹਾ ਦੌੜ ਕੇ ਮੁਰਸ਼ਦ ਦੇ ਚਰਨਾਂ ਤੇ ਢਹਿ ਪਿਆ ਅਤੇ ਅੱਥਰੂਆਂ ਨਾਲ ਭਰੀਆਂ ਅੱਖਾਂ ਨਾਲ ਕਹਿਣ ਲੱਗਾ, 'ਹਜ਼ੂਰ! ਬੁੱਲ੍ਹਾ ਨਹੀਂ ਭੁੱਲਾ ਹਾਂ।'[110]

ਅਨਾਇਤ ਸ਼ਾਹ ਨੇ ਜਿਸ ਵੇਲੇ ਦੇਖਿਆ ਕਿ ਪਸ਼ਚਾਤਾਪ ਅਤੇ ਜੁਦਾਈ ਦੀ ਅੱਗ ਨੇ ਬੁੱਲ੍ਹੇ ਦੇ ਮਨ ਦੇ ਸਾਰੇ ਖੋਟ ਨੂੰ ਖਤਮ ਕਰ ਦਿੱਤਾ ਹੈ ਅਤੇ ਉਸਦਾ ਮਨ ਸ਼ੁੱਧ ਹੋ ਗਿਆ ਹੈ ਤਾਂ ਉਸਨੇ ਬੁੱਲ੍ਹੇ ਨੂੰ ਬਖਸ਼ ਦਿੱਤਾ ਅਤੇ ਉਸਨੂੰ ਮੁੜ ਆਪਣੇ ਗਲ ਨਾਲ ਲਾ ਲਿਆ। ਮੁਰਸ਼ਦ ਮਿਲਾਪ ਤੋਂ ਬਾਅਦ ਬੁੱਲ੍ਹੇ ਦਾ ਮਨ ਮੁੜ ਤੋਂ ਪ੍ਰਸੰਨਤਾ ਅਤੇ ਮਿਲਾਪ ਦੀ ਖੁਸ਼ੀ ਨਾਲ ਭਰ ਜਾਂਦਾ ਹੈ। ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮੁਰਸ਼ਦ ਨੂੰ ਇਸ਼ਕ ਦਾ ਮਾਰਗ ਦਿਖਾਉਣ ਵਾਲਾ ਮਾਰਗ-ਦਰਸ਼ਕ ਬਣਾ ਕੇ ਪੇਸ਼ ਕੀਤਾ ਗਿਆ ਹੈ। ਬੁੱਲ੍ਹੇ ਦਾ ਮੁਰਸ਼ਦ ਆਪਣੇ ਸ਼ਾਗਿਰਦ ਨੂੰ ਇਸ਼ਕ ਦੇ ਰਾਹ ਤੇ ਅੱਗੇ ਤੋਰਦਾ ਹੈ ਤਾਂ ਕਿ ਉਸਦੇ ਮਨ ਦੀ ਭਟਕਣ ਸਮਾਪਤ ਹੋ ਜਾਵੇ। ਸੂਫ਼ੀ ਸਾਧਕ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਇਸ਼ਕ-ਮਾਰਗ ਉੱਤੇ ਚੱਲਦਾ ਹੈ ਪਰ ਇਹ ਇਸ਼ਕ-ਮਾਰਗ ਬਹੁਤ ਕਠਿਨ



Sri Satguru Jagjit Singh Ji eLibrary NamdhariElibrary@gmail.com

ਮਾਰਗ ਹੈ। ਇਸ ਮਾਰਗ ਤੋਂ ਪਾਰ ਪਾਉਣਾ ਸਾਧਕ ਦੇ ਵੱਸ ਦੀ ਗੱਲ ਨਹੀਂ ਹੈ। ਇਸ ਮਾਰਗ ਤੋਂ ਕੇਵਲ ਮੁਰਸ਼ਦ ਹੀ ਪਾਰ ਲੰਘਾ ਸਕਦਾ ਹੈ;

"ਇਸ਼ਕ ਦੀ ਔਖੀ ਘਾਟੀ ਤੇ ਬਿਖੜੇ ਪੈਂਡੇ'ਚੋਂ ਮੁਰਸ਼ਦ ਹੀ ਪਾਰ ਲੰਘਾ ਸਕਦਾ ਹੈ। ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਮੁਰਸ਼ਦ ਦਾ ਵਿਸ਼ੇਸ਼ ਮਹੱਤਵ ਹੈ। ਇਸ਼ਕ ਦਾ ਰਾਹ ਮੁਰਸ਼ਦ ਨੇ ਸਿਖਾ ਦਿੱਤਾ ਪਰ ਬੁੱਲ੍ਹਾ ਮੁਰਸ਼ਦ ਤੋਂ ਬਿਨਾਂ ਇਸ ਰਾਹ'ਤੇ ਚੱਲਣ ਤੋਂ ਅਸਮਰੱਥ ਹੈ। ਮੁਰਸ਼ਦ ਦੇ ਵਿਛੋੜੇ ਵਿਚ ਉਹ ਉੱਚੀ ਉੱਚੀ ਕੂਕ ਉੱਠਦਾ ਹੈ।"111

ਜਿਸ ਵੇਲੇ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਇਸ਼ਕ ਦੇ ਮਾਰਗ ਤੇ ਚੱਲ ਪੈਂਦਾ ਹੈ ਤਾਂ ਫਿਰ ਉਹ ਪਿੱਛੇ ਮੁੜ ਕੇ ਨਹੀਂ ਦੇਖਦਾ ਭਾਵ ਉਸ ਨੂੰ ਦੁਨੀਆਦਾਰੀ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਹ ਬੇਪਰਵਾਹ ਆਪਣੇ ਮੁਰਸ਼ਦ ਦੇ ਕਹਿਣ ਕੇ ਆਪਣੇ ਪ੍ਰੀਤਮ ਨੂੰ ਇਸ਼ਕ ਰਾਹੀਂ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਪਰ ਇਸ ਇਸ਼ਕ-ਮਾਰਗ ਤੇ ਚੱਲਣ ਕਾਰਣ ਉਸਨੂੰ ਬਹੁਤ ਦੁੱਖ-ਦਰਦ ਹੰਢਾਉਣੇ ਪੈ ਰਹੇ ਹਨ ਕਿਉਂਕਿ ਰੱਬੀ-ਇਸ਼ਕ ਦਾ ਮਾਰਗ ਬਹੁਤ ਕਠਿਨਾਈਆਂ ਨਾਲ ਭਰਿਆ ਹੋਇਆ ਹੈ। ਰੱਬੀ-ਇਸ਼ਕ ਦਾ ਮਾਰਗ ਜਿਤਨਾ ਦੁਸ਼ਵਾਰੀਆਂ ਨਾਲ ਭਰਿਆ ਪਿਆ ਹੈ ਉਤਨਾ ਹੀ ਮਿਲਾਪ ਦੀ ਅਵਸਥਾ ਵਿਚ ਪਹੁੰਚ ਕੇ ਆਨੰਦ ਨਾਲ ਭਰਿਆ ਹੋਇਆ ਹੈ;

"ਇਸ ਵਿਚ ਕੋਈ ਸੰਦੇਹ ਨਹੀਂ ਕਿ ਬੁੱਲ੍ਹੇ ਦੇ ਇਸ਼ਕ ਦਾ ਪ੍ਰਮੁੱਖ ਸਰੂਪ ਇਸ ਦਾ ਅਰੋਕ ਅਤੇ ਅਮੋੜ ਹੋਣਾ ਹੈ ਅਤੇ ਹੱਦ-ਬੰਨੇ ਤੋੜ ਕੇ ਆਪਣੇ ਮਾਸ਼ੂਕ ਵਿਚ ਫ਼ਨਾ ਹੋ ਜਾਣਾ ਹੈ। ਉਸਦੇ ਇਸ਼ਕ ਵਿਚ ਕਹਿਰਾਂ ਦੀ ਤਪਸ਼ ਤੇ ਨਾ ਸਹਾਰੀ ਜਾ ਸਕਣ ਵਾਲੀ ਤੜਪ ਹੈ ਪਰ ਬੁੱਲ੍ਹੇ ਦੇ ਮਿਲਾਪ ਤੇ ਮਸਤੀ ਵਾਲੀਆਂ ਘੜੀਆਂ ਤੋਂ ਪਿੱਛੋਂ ਉਸਦਾ ਇਸ਼ਕ ਗੰਭੀਰਤਾ, ਸ਼ਾਂਤੀ ਤੇ ਸਕੂਨ ਤੇ ਖੇਤਰ ਵਿਚ ਵਿਚਰਦਾ ਹੈ।"112

ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਇਸ ਕਦਰ ਰੰਗਿਆ ਗਿਆ ਹੈ ਕਿ ਉਹ ਆਪਣੇ ਪ੍ਰੀਤਮ ਦਾ ਨਾਮ ਲੈਂਦਾ-ਲੈਂਦਾ ਖ਼ੁਦ ਹੀ ਆਪਣੇ ਪ੍ਰੀਤਮ ਵਰਗਾ ਹੋ ਗਿਆ ਖਿਆਲ ਕਰਦਾ ਹੈ। ਉਹ ਕਹਿੰਦਾ ਹੈ ਕਿ ਹੁਣ ਮੇਰੇ ਵਿਚ ਅਤੇ ਮੇਰੇ ਪ੍ਰੀਤਮ ਵਿਚ ਕੋਈ ਭੇਦ ਨਹੀਂ ਰਿਹਾ। ਬੁੱਲ੍ਹੇ ਸ਼ਾਹ ਲਈ ਹੁਣ ਮੁਰਸ਼ਦ ਅਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਰਿਹਾ ਹੈ;

"ਬੁੱਲ੍ਹਾ ਗੁਰੂ ਦੇ ਪ੍ਰੇਮ ਵਿਚ ਰੱਤਾ ਹੋਇਆ ਹੈ। ਬੁੱਲ੍ਹੇ ਦਾ ਗੁਰੂ ਹੀ ਸਭ ਕੁੱਝ ਹੈ। ਗੁਰੂ ਅਤੇ ਪਰਮਾਤਮਾ ਵਿਚ ਬੁੱਲ੍ਹਾ ਕੋਈ ਅੰਤਰ ਨਹੀਂ ਦੇਖਦਾ। ਗੁਰੂ ਬਿਨਾਂ ਬੁੱਲ੍ਹੇ ਦਾ ਇਕ ਇਕ ਪਲ ਵੀ ਵਰਿ ਆਂ ਦਾ ਰੂਪ ਧਾਰਨ ਕਰ ਲੈਂਦਾ ਹੈ। ਬੁੱਲ੍ਹੇ ਦੀਆਂ ਨਜ਼ਰਾਂ ਵਿਚ ਗੁਰੂ ਰਸੂਲ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ। ਉਹ (ਬੁੱਲ੍ਹਾ) ਸਦਾ ਗੁਰੂ ਦੇ ਦਰਸ਼ਨਾਂ ਦੀ ਤਾਂਘ ਵਿਚ ਤੜਫਦਾ ਤੇ ਲੁੱਛਦਾ ਨਜ਼ਰ ਆਉਂਦਾ ਹੈ।"113

ਬੁੱਲ੍ਹੇ ਸ਼ਾਹ ਨੇ ਮੁਰਸ਼ਦ ਦੇ ਵਿਛੋੜੇ ਅਤੇ ਮਿਲਾਪ ਨੂੰ ਪਰਮਾਤਮਾ ਦੇ ਵਿਛੋੜੇ ਅਤੇ ਮਿਲਾਪ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ਕਹਿੰਦਾ ਹੈ ਕਿ ਆਪਣੇ ਪ੍ਰੀਤਮ ਦੇ ਨਾਮ ਦੀ ਉਸਦੀ ਨੂੰ ਖ਼ੁਮਾਰੀ ਚੜ੍ਹ ਗਈ ਹੈ ਹੁਣ ਉਸਨੂੰ ਆਪਣੇ ਆਪੇ ਦੀ ਕੋਈ ਪਛਾਣ ਨਹੀਂ ਰਹੀ। ਜੀਵਾਤਮਾ ਕਹਿੰਦੀ ਹੈ ਕਿ ਮੈਂ ਆਪਣੇ ਮਾਹੀ ਦਾ ਨਾਮ ਲੈਂਦਿਆਂ-ਲੈਂਦਿਆਂ ਖ਼ੁਦ ਹੀ ਉਸ ਪ੍ਰੀਤਮ ਦਾ ਰੂਪ ਹੋ ਗਈ ਹਾਂ;

"ਰਾਂਝਾ ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ।
ਸੱਦੋ ਨੀਂ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।"114



Sri Satguru Jagjit Singh Ji eLibrary NamdhariElibrary@gmail.com

ਬੁੱਲ੍ਹੇ ਸ਼ਾਹ ਜਿਸ ਵੇਲੇ ਆਪਣੇ ਮੁਰਸ਼ਦ ਦੇ ਇਸ਼ਕ ਵਿਚ ਰੰਗਿਆ ਜਾਂਦਾ ਹੈ ਤਾਂ ਫਿਰ ਉਹ ਆਪਣੀ ਹੋਂਦ ਨੂੰ ਪਰਮਾਤਮਾ ਦੀ ਹੋਂਦ ਵਿਚ ਜਜ਼ਬ ਕਰ ਦਿੰਦਾ ਹੈ ਹੁਣ ਬੁੱਲ੍ਹੇ ਸ਼ਾਹ ਦੀ ਆਪਣੀ ਕੋਈ ਹੋਂਦ ਨਹੀਂ ਰਹਿੰਦੀ। ਉਹ ਆਪਣੇ ਆਪ ਨੂੰ ਖ਼ਤਮ ਕਰ ਦਿੰਦਾ ਹੈ। ਆਪਣੀ ਹਉਮੈ, ਆਪਣਾ ਅਹੰਕਾਰ ਸਭ ਕੁਝ ਸਮਾਪਤ ਹੋ ਜਾਂਦਾ ਹੈ ਤਾਂ ਉਸ ਨੂੰ ਮੁਰਸ਼ਦ ਦਾ ਮਿਲਾਪ ਹੁੰਦਾ ਹੈ;

"ਮੁਰਸ਼ਦ ਦੇ ਪੁਨਰ ਮਿਲਾਪ ਨਾਲ ਉਸ ਦਾ ਵਿਛੋੜਾ ਖ਼ਤਮ ਹੋ ਜਾਂਦਾ ਹੈ। ਮੁਰਸ਼ਦ-ਮੇਲ ਨਾਲ ਉਹ ਪ੍ਰਭੂ-ਮਿਲਾਪ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਪਰਮਾਤਮਾ ਦੀ ਪ੍ਰਾਪਤੀ ਵਿਚ ਉਸ ਦੀ ਆਪਣੀ ਹੋਂਦ ਅਲੋਪ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਇਕ ਨਵੀਂ ਹੋਂਦ ਅਖ਼ਤਿਆਰ ਕਰ ਲੈਂਦਾ ਹੈ।"[115]

ਬੁੱਲ੍ਹੇ ਸ਼ਾਹ ਨੇ ਮੁਰਸ਼ਦ ਦੀ ਅਗਵਾਈ ਵਿਚ ਚੱਲਦਿਆਂ ਇਸ਼ਕ-ਮਾਰਗ ਰਾਹੀਂ ਪਰਮਾਤਮਾ ਨੂੰ ਪਾਉਣ ਲਈ ਉਪਰਾਲੇ ਕੀਤੇ ਹਨ। ਅਸਲ ਵਿਚ ਮੁਰਸ਼ਦ ਦੀ ਲੋੜ ਹੀ ਇਸ ਲਈ ਪੈਂਦੀ ਹੈ ਕਿ ਸਾਧਕ ਪਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਇਸ ਲਈ ਉਹ ਮੁਰਸ਼ਦ ਵੱਲੋਂ ਦਿਖਾਏ ਗਏ ਇਸ਼ਕ-ਮਾਰਗ ਦਾ ਪਾਂਧੀ ਬਣਦਾ ਹੈ ਕਿਉਂਕਿ ਬਿਨਾਂ ਮੁਰਸ਼ਦ ਦੀ ਸੁਯੋਗ ਅਗਵਾਈ ਦੇ ਪਰਮਾਤਮਾ ਨੂੰ ਪਾਉਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੈ;

"ਮੁਰਸ਼ਦ ਤੋਂ ਬਿਨਾਂ ਪਰਮਾਤਮਾ ਨੂੰ ਮਿਲਣਾ ਅਸੰਭਵ ਹੈ। ਇਸ ਕਰਕੇ ਪਰਮਾਤਮਾ ਦੀ ਪ੍ਰਾਪਤੀ ਲਈ ਆਤਮਿਕ ਤੌਰ'ਤੇ ਪਹੁੰਚੇ ਹੋਏ ਮੁਰਸ਼ਦ ਦੀ ਆਵੱਸ਼ਕਤਾ ਮੰਨੀ ਜਾਂਦੀ ਹੈ। ਅਸਲ ਵਿਚ, ਸੂਫ਼ੀ ਸਾਧਕ ਜਾਂ ਅਧਿਆਤਮਿਕ ਮਾਰਗ ਉੱਤੇ ਚੱਲਣ ਵਾਲੇ ਵਿਅਕਤੀ ਦਾ ਪ੍ਰਮੁੱਖ ਕਰਤੱਵ ਇਹ ਹੈ ਕਿ ਉਹ ਮੁਰਸ਼ਦ ਦੀ ਸ਼ਰਣ ਲਵੇ।"[116]

ਮੁਰਸ਼ਦ ਦੀ ਅਗਵਾਈ ਅਤੇ ਇਸ਼ਕ ਦੇ ਮਾਰਗ ਤੋਂ ਬਿਨਾਂ ਹੋਰ ਕੋਈ ਅਜਿਹਾ ਰਸਤਾ ਨਹੀਂ ਹੈ ਜਿਸ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਸਕੇ। ਸਾਧਕ ਚਾਹੇ ਕਿੰਨਾ ਹੀ ਵਿਦਵਾਨ ਅਤੇ ਧਾਰਮਿਕ ਪੁਸਤਕਾਂ ਦਾ ਗਿਆਤਾ ਕਿਉਂ ਨਾ ਹੋਵੇ ਪਰ ਮੁਰਸ਼ਦ ਦੀ ਟੇਕ ਤੋਂ ਬਿਨਾਂ ਪ੍ਰਭੂ ਨਾਲ ਮਿਲਾਪ ਸੰਭਵ ਨਹੀਂ ਹੈ;

"ਬੁੱਲ੍ਹੇ ਦਾ ਦ੍ਰਿੜ ਵਿਸ਼ਵਾਸ ਹੈ ਕਿ ਭਾਵੇਂ ਸਾਲਿਕ ਕਿੰਨੀਆਂ ਵੀ ਧਾਰਮਿਕ ਪੁਸਤਕਾਂ; ਕੁਰਾਨ ਸ਼ਰੀਫ, ਹਦੀਸ, ਤੌਰੇਤ, ਜ਼ਬੂਰ, ਅੰਜੀਲ, ਵੇਦ, ਪੁਰਾਣ ਆਦਿ ਪੜ੍ਹੇ, ਉਹਨਾਂ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ, ਜਦ ਤੱਕ ਗੁਰੂ ਦੀ ਸ਼ਰਣ ਵਿਚ ਨਾ ਜਾਇਆ ਜਾਏ। ਰਹਿਬਰ ਦੀ ਹੋਂਦ ਦੀ ਬਹੁਤ ਲੋੜ ਹੈ। ਇਲਾਹੀ ਮੰਜ਼ਿਲ ਤੱਕ ਪਹੁੰਚਣ ਲਈ ਕੇਵਲ ਮੁਰਸ਼ਦ ਕਾਮਿਲ ਦੀ ਸਹਾਇਤਾ ਚਾਹੀਦੀ ਹੈ ਕਿਉਂਕਿ ਉਸ ਨੂੰ ਬਿਖੜਿਆ ਪੈਂਡਿਆਂ ਦੀ ਜਾਣਕਾਰੀ ਹੁੰਦੀ ਹੈ। ਸਿਰਫ਼ ਪੜ੍ਹਨ ਨਾਲ ਨਜਾਤ ਹਾਸਲ ਨਹੀਂ ਹੁੰਦੀ।"[117]

ਬੁੱਲ੍ਹੇ ਸ਼ਾਹ ਅਨੁਸਾਰ ਪ੍ਰੀਤਮ ਨੂੰ ਪ੍ਰਾਪਤ ਕਰਨ ਲਈ ਮੁਰਸ਼ਦ ਦੀ ਅਗਵਾਈ ਬੇਹੱਦ ਜ਼ਰੂਰੀ ਹੈ। ਮੁਰਸ਼ਦ ਦੀ ਅਗਵਾਈ ਤੋਂ ਬਿਨਾਂ ਸੂਫ਼ੀ ਸਾਧਕ ਆਪਣੀ ਮੰਜ਼ਿਲ ਨੂੰ ਕਿਸੇ ਵੀ ਹਾਲਤ ਵਿਚ ਪ੍ਰਾਪਤ ਨਹੀਂ ਕਰ ਸਕਦਾ। ਬੁੱਲ੍ਹੇ ਸ਼ਾਹ ਨੇ ਆਪਣੇ ਨਿੱਜੀ ਜੀਵਨ ਵਿਚ ਵੀ ਮੁਰਸ਼ਦ ਨੂੰ ਬਹੁਤ ਉੱਚਾ ਦਰਜ਼ਾ ਦਿੱਤਾ ਹੈ। ਉਹ ਆਪਣੇ ਮੁਰਸ਼ਦ ਨੂੰ ਆਪਣਾ ਆਪਾ ਸਮਰਪਿਤ ਕਰ ਦਿੰਦਾ ਹੈ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦਾ ਇਕ ਪਲ ਲਈ ਵੀ ਵਿਯੋਗ ਨਹੀਂ ਚਾਹੁੰਦਾ ਕਿਉਂਕਿ ਮੁਰਸ਼ਦ ਦਾ ਵਿਯੋਗ ਪਰਮਾਤਮਾ ਨਾਲੋਂ ਪਿਆ ਵਿਯੋਗ ਇਕ ਸਮਾਨ ਹੈ। ਮੁਰਸ਼ਦ ਅਜਿਹਾ ਰਾਹ ਹੈ ਜਿਸ ਤੇ ਚੱਲ ਕੇ ਪ੍ਰੀਤਮ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮੁਰਸ਼ਦ ਦਾ ਸਥਾਨ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਬੁੱਲ੍ਹੇ ਸ਼ਾਹ ਦੀ ਕਾਵਿ ਕਲਾ

ਬੁੱਲ੍ਹੇ ਸ਼ਾਹ ਨੇ ਆਪਣੇ ਸੂਫ਼ੀ ਅਨੁਭਵ ਨੂੰ ਪ੍ਰਗਟਾਉਣ ਲਈ ਮੁੱਖ ਰੂਪ ਵਿਚ ਕਾਫ਼ੀਆਂ ਨੂੰ ਆਧਾਰ ਬਣਾਇਆ ਹੈ। ਇਹਨਾਂ ਕਾਫ਼ੀਆਂ ਵਿਚ ਬੁੱਲ੍ਹੇ ਸ਼ਾਹ ਨੇ ਪਰਮਾਤਮਾ ਨਾਲੋਂ ਵਿਛੜੇ ਮਨੁੱਖ ਦੇ ਭਾਵਾਂ ਦਾ ਚਿੱਤਰਨ ਕੀਤਾ ਹੈ। ਮਨੁੱਖ ਨੂੰ ਸੰਸਾਰਕ ਪ੍ਰੇਮ ਅਤੇ ਰੱਬੀ ਪਿਆਰ ਦਰਮਿਆਨ ਪਏ ਫਰਕ ਦਾ ਬੋਧ ਕਰਵਾਇਆ ਹੈ। ਬੁੱਲ੍ਹੇ ਸ਼ਾਹ ਵੱਲੋਂ ਆਪਣੀਆਂ ਕਾਫ਼ੀਆਂ ਵਿਚ ਮਨੁੱਖ ਨੂੰ ਪਰਮਾਤਮਾ ਨਾਲ ਇਸ਼ਕ ਕਮਾਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਬੁੱਲ੍ਹੇ ਸ਼ਾਹ ਨੇ ਆਪਣੀ ਕਾਵਿ ਰਚਨਾ ਵਿਚ ਮਨੁੱਖੀ ਜੀਵਨ ਨਾਲ ਸੰਬੰਧਤ ਵਿਭਿੰਨ ਵਿਸ਼ਿਆਂ ਦਾ ਚਿੱਤਰਨ ਕੀਤਾ ਹੈ ਜਿਵੇਂ ਕਿ ਮੁਰਸ਼ਦ ਦੀ ਟੇਕ, ਮਨੁੱਖ ਦਾ ਪਰਮਾਤਮਾ ਪ੍ਰਤੀ ਪ੍ਰੇਮ, ਜੀਵਾਤਮਾ ਦਾ ਪਰਮਾਤਮਾ ਵਿਚ ਸੁਮੇਲ, ਜੀਵਾਤਮਾ ਦਾ ਪਰਮਾਤਮਾ ਨਾਲੋਂ ਪਿਆ ਵਿਯੋਗ, ਬਿਰਹਾ ਦੀ ਭਾਵਨਾ, ਜਨਮ-ਮਰਨ ਦਾ ਚੱਕਰ ਅਤੇ ਰੱਬੀ ਇਸ਼ਕ ਦਾ ਸੰਕਲਪ ਆਦਿ ਸ਼ਾਮਿਲ ਹਨ;

"ਬੁੱਲ੍ਹੇ ਦੀ ਕਵਿਤਾ ਵਿਚ ਰਾਗ ਹੈ, ਨਾਦ ਹੈ, ਨ੍ਰਿਤ ਹੈ, ਸੋਜ਼ ਹੈ, ਬਿਰਹਾ ਹੈ, ਤੜਪ ਹੈ, ਸਮਦ੍ਰਿਸ਼ਟੀ ਹੈ, ਖੁੱਲਦਿਲੀ ਹੈ, ਵਿਸ਼ਾਲਤਾ ਹੈ, ਵਿਸ਼ਵ-ਮਾਨਤਾ ਹੈ, ਬੇਪਰਵਾਹੀ ਹੈ, ਬੇਗਰਜੀ ਹੈ ਅਥਵਾ ਸੋਚ ਦਾ ਗਿਆਨ ਹੈ।"[118]

"ਬੁੱਲ੍ਹੇ ਦੀ ਹਰ ਕਾਫ਼ੀ ਸੰਗੀਤਮਈ ਹੈ, ਢੋਲਕ ਉੱਪਰ ਗਾਈ ਜਾ ਸਕਦੀ ਹੈ ਤੇ ਇਸ ਵਿਚ ਨ੍ਰਿਤ-ਚਾਲ ਵੀ ਮੌਜੂਦ ਹੁੰਦੀ ਹੈ, ਪਰ ਸਾਹਿਤਿਕ ਤੱਤ ਜ਼ਰਾ ਕਮਜ਼ੋਰ ਹੋ ਜਾਂਦਾ ਹੈ।"[119]

ਬੁੱਲ੍ਹੇ ਸ਼ਾਹ ਨੇ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਲਈ ਆਪਣੀ ਰਚਨਾ ਵਿਚ ਨਿੱਤਪ੍ਰਤਿ ਦੇ ਜੀਵਨ ਵਿਚੋਂ ਪ੍ਰਤੀਕਾਂ ਦੀ ਮਦਦ ਲਈ ਹੈ। ਉਸਨੇ ਆਪਣੇ ਕਲਾਮ ਵਿਚ ਮਨੁੱਖੀ ਸਰੀਰ ਲਈ ਚਰਖਾ, ਤੱਕਲਾ, ਨੀਵੀਂ ਜਾਤ ਦੇ ਲੋਕਾਂ ਲਈ ਗੱਧਾ, ਸ਼ਕਤੀਹੀਣ ਲੋਕਾਂ ਲਈ ਚਿੜੀ, ਪ੍ਰਭੂ ਦੇ ਮਿਲਾਪ ਲਈ ਮੁਕਲਾਵਾ, ਸੰਸਾਰਕ ਸੰਬੰਧਾਂ ਲਈ ਅੰਬੜੀ, ਬਾਬਲ, ਸਈਆਂ, ਜੀਵਾਤਮਾ ਲਈ ਹੀਰ ਅਤੇ ਪਰਮਾਤਮਾ ਲਈ ਰਾਂਝੇ ਦਾ ਪ੍ਰਤੀਕ ਵਰਤਿਆ ਹੈ;

"ਬੁੱਲ੍ਹੇ ਸ਼ਾਹ ਨੇ ਆਪਣੀ ਰਚਨਾ ਵਿਚ ਕਾਵਿ-ਬਿੰਬਾਂ ਦੀ ਵਰਤੋਂ ਸੁਘੜਤਾ ਨਾਲ ਕੀਤੀ ਹੈ। ਉਸਦਾ ਆਪਣੇ ਮੁਰਸ਼ਦ ਨਾਲ ਜਦ ਦੁਬਾਰਾ ਮਿਲਾਪ ਹੁੰਦਾ ਹੈ ਤਾਂ ਉਸ ਸਮੇਂ ਦੇ ਚਿੱਤਰੇ ਦ੍ਰਿਸ਼-ਚਿੱਤਰ ਰਚਨਾ ਨੂੰ ਸ੍ਰੇਸ਼ਠ ਬਣਾਉਣ ਵਾਸਤੇ ਸਹਾਈ ਹੁੰਦੇ ਹਨ।"[120]

ਬੁੱਲ੍ਹੇ ਸ਼ਾਹ ਨੇ ਆਪਣੇ ਕਲਾਮ ਵਿਚ ਪਰਮਾਤਮਾ ਨੂੰ ਰਾਂਝੇ ਦੇ ਪ੍ਰਤੀਕ ਵੱਜੋਂ ਸਿਰਜਿਆ ਹੈ ਅਤੇ ਖ਼ੁਦ ਨੂੰ ਹੀਰ ਸਲੇਟੀ ਦਾ ਚੋਲਾ ਪਹਿਨਾਇਆ ਹੈ। ਇਹ ਚਿੰਨ੍ਹਾਤਮਕ ਚਿੱਤਰਨ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਜਿੱਥੇ ਪਰਮਾਤਮਾ ਰਾਂਝੇ ਦੇ ਰੂਪ ਵਿਚ ਪੇਸ਼ ਹੋਇਆ ਹੈ ਅਤੇ ਬੁੱਲ੍ਹਾ ਹੀਰ ਦੇ ਰੂਪ ਵਿਚ ਪੇਸ਼ ਹੁੰਦਾ ਹੈ;

"ਬੁੱਲ੍ਹੇ ਨੇ ਰਾਂਝੇ ਨੂੰ ਰੱਬ ਦਾ ਪ੍ਰਤੀਕ ਮੰਨਿਆ ਹੈ, ਤੇ ਖ਼ੁਦ ਨੂੰ ਹੀਰ ਸਲੇਟੀ (ਸਾਧਕ)। ਆਪਣੀ ਜਾਤ ਨੂੰ ਰਾਂਝੇ ਦੀ ਜਾਤ ਵਿਚ ਫ਼ਨਾ ਕਰਕੇ ਇਕ ਪ੍ਰਕਾਰ ਦਾ ਅਨਲ ਹੱਕ-ਅਹਮ ਬ੍ਰਹਮ ਅਸਮੀ ਦਾ ਹੀ ਨਾਅਰਾ ਮਾਰਿਆ।"[121]

ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਰੱਬ ਨੂੰ ਰਾਂਝੇ ਅਤੇ ਖ਼ੁਦ ਨੂੰ ਹੀਰ ਦੇ ਰੰਗ ਵਿਚ ਰੰਗਿਆ ਹੋਇਆ ਦੇਖਿਆ ਜਾ ਸਕਦਾ ਹੈ;

"ਹਾਜੀ ਲੋਕ ਮੱਕੇ ਨੂੰ ਜਾਂਦੇ
ਮੇਰਾ ਰਾਂਝਾ ਮਾਹੀ ਮੱਕਾ।"[122]



Sri Satguru Jagjit Singh Ji eLibrary NamdhariElibrary@gmail.com

ਜਾਂ

"ਬੁੱਲ੍ਹਾ ਮੈਂ ਜੋਗੀ ਨਾਲ ਵਿਆਹੀ,
ਲੋਕਾਂ ਕਮਲਿਆਂ ਖ਼ਬਰ ਨਾ ਕਾਈ।
ਮੈਂ ਜੋਗੀ ਦਾ ਮਾਲ,
ਮੈਂ ਵੈਸਾਂ ਜੋਗੀ ਦੇ ਨਾਲ।"[123]

ਜਾਂ

"ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ,
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।"[124]

ਬੱਲ੍ਹੇ ਸ਼ਾਹ ਨੇ ਅੰਲਕਾਰਾਂ ਨਾਲ ਆਪਣੀ ਕਵਿਤਾ ਦੀ ਸੁੰਦਰਤਾ ਨੂੰ ਵਧਾਇਆ ਹੈ। ਅੰਲਕਾਰ ਕਿਸੇ ਵੀ ਕਵਿਤਾ ਦੇ ਅਸਰ ਨੂੰ ਵਧਾ ਦਿੰਦੇ ਹਨ ਅਤੇ ਬੁੱਲ੍ਹੇ ਸ਼ਾਹ ਨੇ ਵੀ ਆਪਣੇ ਕਲਾਮ ਵਿਚ ਇਸ ਜੁਗਤ ਨੂੰ ਅਜਮਾਇਆ ਹੈ। ਉਸ ਨੇ ਸਭ ਤੋਂ ਵੱਧ ਉਪਮਾ ਅੰਲਕਾਰ ਦਾ ਪ੍ਰਯੋਗ ਆਪਣੇ ਕਲਾਮ ਵਿਚ ਕੀਤਾ ਹੈ;

"ਬੁੱਲ੍ਹਾ ਸਾਈਂ ਘਟ-ਘਟ ਰਵਿਆ, ਜਿਉਂ ਆਟੇ ਵਿਚ ਲੌਣ।"[125]

ਜਾਂ

"ਜੋ ਕੁਝ ਕਰਸੇਂ, ਸੋ ਕੁਝ ਪਾਸੇ, ਨਹੀਂ ਤੇ ਓੜਕ ਪਿਛੋਤਾਸੇਂ,
ਸੁੰਞੀ ਕੂੰਜ ਵਾਂਙ ਕੁਰਲਾਸੇਂ, ਖੰਭਾਂ ਬਾਝ ਉਡਾਰ ਨਹੀਂ।"[126]

ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀ ਭਾਸ਼ਾ ਠੇਠ ਪੰਜਾਬੀ ਸੀ। ਇਸ ਪੰਜਾਬੀ ਭਾਸ਼ਾ ਵਿਚ ਮੁਲਤਾਨੀ ਦਾ ਰੰਗ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਬੁੱਲ੍ਹੇ ਦੀ ਭਾਸ਼ਾ ਦੀ ਸਰਲਤਾ ਕਾਰਨ ਹੀ ਉਹ ਪੰਜਾਬੀ ਸਾਹਿਤ ਵਿਚ ਇਤਨੀ ਮਕਬੂਲਤਾ ਪ੍ਰਾਪਤ ਕਰ ਸਕਿਆ ਹੈ;

"ਲੋਕ ਬੋਲੀ ਪੰਜਾਬੀ ਵਿਚ ਕਵੀ ਨੇ ਅਤਿਅੰਤ ਗੰਭੀਰ ਤੱਤਦਰਸ਼ਨੀ ਸੰਕਲਪ ਨੂੰ ਪ੍ਰਸਤੁਤ ਕਰਨ ਦਾ ਜਤਨ ਕੀਤਾ ਹੈ। ...ਬੁੱਲ੍ਹੇ ਸ਼ਾਹ ਦੀ ਮੌਲਿਕਤਾ ਨਹੀਂ ਪੰਜਾਬੀ ਦੇ ਮਾਧਿਅਮ ਦੁਆਰਾ ਸਾਧਾਰਣ ਜਨਤਾ ਤਕ ਇਸ ਸੰਕਲਪ ਨੂੰ ਪਹੁੰਚਾਉਣ ਦੇ ਜਤਨ ਵਿਚ ਉਸ ਨੂੰ (ਬੁੱਲ੍ਹੇ ਸ਼ਾਹ ਨੂੰ) ਪਹਿਲ ਕਰਨ ਦਾ ਗੌਰਵ ਮਿਲਦਾ ਹੈ।"[127]

"ਬੁੱਲ੍ਹੇ ਸ਼ਾਹ ਦੀ ਆਪਣੀ ਬੋਲੀ ਠੇਠ ਪੰਜਾਬੀ ਸੀ, ਪਰ ਉਸ ਦੀ ਕਾਵਿ-ਰਚਨਾ ਵਿਚ ਬੋਲੀ ਠੇਠ ਪੰਜਾਬੀ ਨਹੀਂ ਰਹੀ, ਰਲੀ ਮਿਲੀ ਹੋ ਗਈ ਹੈ। ਜਿਨ੍ਹਾਂ ਕਾਫ਼ੀਆਂ ਵਿਚ ਪੰਜਾਬੀ ਜੀਵਨ ਦਾ ਵਰਣਨ ਹੈ ਉੱਥੇ ਬੋਲੀ ਸਰਲ ਤੇ ਠੇਠ ਪੰਜਾਬੀ ਹੈ।"[128]

"ਬੁੱਲ੍ਹੇ ਸ਼ਾਹ ਪੰਜਾਬ ਦਾ ਇਕ ਬਾਲ ਸੀ ਅਤੇ ਇਸ ਲਈ ਉਸ ਨੇ ਆਪਣਾ ਗੀਤ ਆਪਣੀ ਧਰਤੀ ਦੇ ਪੁਰਾਤਨ, ਮੌਲਿਕ ਕਾਵਿ-ਰੂਪਾਂ ਦੇ ਅੰਤਰਗਤ ਆਪਣੀ ਮਾਤ-ਭਾਸ਼ਾ ਵਿਚ ਹੀ ਗਾਇਆ।"[129]

ਬੁੱਲ੍ਹੇ ਸ਼ਾਹ ਇਕ ਮਹਾਨ ਕਾਫ਼ੀਕਾਰ ਹੈ, ਉਸ ਨੇ ਆਪਣੇ ਆਪ ਨੂੰ ਪਰਮਾਤਮਾ ਦੇ ਰੰਗ ਵਿਚ ਰੰਗ ਕੇ ਵਿਯੋਗ ਦੀ ਅਵਸਥਾ ਵਿਚੋਂ ਬਿਰਹਾ ਦਾ ਦੁੱਖ ਹੰਢਾਉਂਦੇ ਹੋਏ ਆਪਣੇ ਮੁਰਸ਼ਦ ਨੂੰ ਪ੍ਰਾਪਤ ਕੀਤਾ। ਮੁਰਸ਼ਦ ਦੀ ਅਗਵਾਈ ਵਿਚ ਚਲਦਿਆਂ ਉਸਨੇ ਪਰਮਾਤਮਾ ਨਾਲ ਇਸ਼ਕ ਕਮਾਇਆ ਅਤੇ ਉਸਨੇ ਪਰਮਾਤਮਾ ਨੂੰ ਪ੍ਰਾਪਤ ਕੀਤਾ। ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਇਤਨਾ ਮਸਤ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਆਪੇ ਦੀ ਕੋਈ ਖ਼ਬਰ ਨਹੀਂ ਰਹਿੰਦੀ। ਉਹ ਆਪਣੇ ਆਪ ਨੂੰ ਆਪਣੇ ਪ੍ਰੀਤਮ ਦੇ ਵਾਂਗ ਹੋ ਗਿਆ ਕਹਿੰਦਾ ਹੈ। ਉਹ ਕਹਿੰਦਾ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਉਸ ਵਿਚ ਅਤੇ ਉਸਦੇ ਪ੍ਰੀਤਮ ਵਿਚ ਹੁਣ ਕੋਈ ਭੇਦ ਨਹੀਂ ਰਿਹਾ। ਉਹ ਆਪਣੇ ਪ੍ਰੀਤਮ ਦਾ ਰੂਪ ਹੋ ਗਿਆ ਹੈ।

## ਟਿੱਪਣੀਆਂ ਅਤੇ ਹਵਾਲੇ


1. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ, ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-90.
2. ਡਾ. ਹਰਨਾਮ ਸਿੰਘ ਸ਼ਾਨ, ਹਵਾਲਾ ਡਾ. ਗ਼ੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ-168.
3. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-22.
4. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 38, ਪੰਨਾ-25.
5. ਡਾ. ਸੁਹਿੰਦਰਬੀਰ, ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਪੰਨਾ-59.
6. ਡਾ. ਤੇਜਾ ਸਿੰਘ, ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ, ਪੰਨਾ-98.
7. ਡਾ. ਗ਼ੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ-169.
8. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-139.
9. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ, ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ-91.
10. ਡਾ. ਬਿਕਰਮ ਸਿੰਘ ਘੁੰਮਣ, ਬੁੱਲ੍ਹੇ ਸ਼ਾਹ ਦਾ ਕਾਵਿ-ਲੋਕ, ਪੰਨਾ-48.
11. ਉਹੀ, ਸੂਫ਼ੀਮਤ ਅਤੇ ਪੰਜਾਬੀ ਸੂਫ਼ੀ-ਕਾਵਿ, ਪੰਨਾ-173.
12. ਡਾ. ਕੁਲਜੀਤ ਸ਼ੈਲੀ, ਪੰਜਾਬੀ ਸੂਫ਼ੀ ਕਾਵਿ ਦੇ ਬਿੰਬ ਪੈਟਰਨ, ਪੰਨਾ-101, 102.
13. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-139, 140.
14. ਡਾ. ਟੀ. ਡੀ. ਜੋਸ਼ੀ, ਖੋਜ-ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਵਿਸ਼ੇਸ਼ ਅੰਕ, ਅੰਕ-23, ਪੰਨਾ-18.
15. ਡਾ. ਧਨਵੰਤ ਕੌਰ, (ਸੰਪਾਦਕ), ਸੂਫ਼ੀਆਨਾ ਅਦਬੀ ਰਿਵਾਇਤ, ਪੰਨਾ-79.
16. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-140.
17. http://pa.wikipedia.org.
18. ਡਾ. ਗ਼ੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ-170.
19. ਡਾ. ਸੁਹਿੰਦਰਬੀਰ, ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਪੰਨਾ-60.
20. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 1, ਪੰਨਾ-1.
21. ਉਹੀ, ਕਾਫ਼ੀ ਨੰਬਰ 102, ਪੰਨਾ-82.
22. ਉਹੀ, ਕਾਫ਼ੀ ਨੰਬਰ 12, ਪੰਨਾ-8.
23. ਉਹੀ, ਬਾਰਾਂਮਾਹ, ਪੰਨਾ-155.
24. ਡਾ. ਰਤਨ ਸਿੰਘ ਜੱਗੀ, ਖੋਜ-ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਅੰਕ, ਪੰਨਾ-109.
25. ਉਹੀ, ਪੰਨਾ-198.
26. ਡਾ. ਸੁਹਿੰਦਰਬੀਰ, ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਪੰਨਾ-60.
27. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 127, ਪੰਨਾ-243.




Sri Satguru Jagjit Singh Ji eLibrary NamdhariElibrary@gmail.com

28. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 28, ਪੰਨਾ-16, 17.
29. ਡਾ. ਕੁਲਜੀਤ ਸ਼ੈਲੀ, ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ ਵਿਵੇਕ, ਪੰਨਾ-197.
30. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-115.
31. ਡਾ. ਗੁਰਦੇਵ ਸਿੰਘ, ਕਲਾਮ ਬੁੱਲ੍ਹੇ ਸ਼ਾਹ, ਪੰਨਾ-125.
32. ਡਾ. ਦੀਵਾਨ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਪੰਨਾ-91.
33. ਉਹੀ, ਕਾਫ਼ੀ-7, ਪੰਨਾ-163.
34. ਡਾ. ਹਰਮਿੰਦਰ ਸਿੰਘ ਬੇਦੀ, ਡਾ. ਬਿਕਰਮ ਸਿੰਘ ਘੁੰਮਣ, (ਮੁੱਖ ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ-191.
35. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 135, ਪੰਨਾ-247, 248.
36. ਡਾ. ਜੀਤ ਸਿੰਘ ਸੀਤਲ, ਬੁੱਲ੍ਹੇ ਸ਼ਾਹ, ਪੰਨਾ-24.
37. ਡਾ. ਗੁਰਦੇਵ ਸਿੰਘ, ਕਲਾਮ ਸ਼ਾਹ ਹੁਸੈਨ, ਪੰਨਾ-26.
38. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਪੰਨਾ-216.
39. ਡਾ. ਗੁਰਦੇਵ ਸਿੰਘ, ਕਲਾਮ ਸ਼ਾਹ ਹੁਸੈਨ, ਪੰਨਾ-70.
40. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 69, ਪੰਨਾ-198,199.
41. ਡਾ. ਦੀਵਾਨ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਕਾਫ਼ੀ-7, ਪੰਨਾ-163.
42. ਉਹੀ, ਕਾਫ਼ੀ-62, ਪੰਨਾ-198.
43. ਉਹੀ, ਕਾਫ਼ੀ-7, ਪੰਨਾ-163.
44. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-141.
45. ਡਾ. ਦੀਵਾਨ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਪੰਨਾ-82.
46. ਉਹੀ, ਪੰਨਾ-82.
47. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ-145.
48. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-135.
49. ਡਾ. ਦੀਵਾਨ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਪੰਨਾ-214.
50. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-140.
51. ਡਾ. ਦੀਵਾਨ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਪੰਨਾ-155.
52. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਨਾ-131.
53. ਡਾ. ਦੀਵਾਨ ਸਿੰਘ, ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਪੰਨਾ-155.
54. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 109, ਪੰਨਾ-214.
55. ਉਹੀ, ਕਾਫ਼ੀ-53, ਪੰਨਾ-186.
56. ਡਾ. ਰਤਨ ਸਿੰਘ ਜੱਗੀ, ਖੋਜ-ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਅੰਕ, ਪੰਨਾ-174.
57. ਉਹੀ, ਪੰਨਾ-174.
58. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 37, ਪੰਨਾ-23.
59. ਡਾ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਪੰਨਾ-85.



Sri Satguru Jagjit Singh Ji eLibrary NamdhariElibrary@gmail.com

60. Birha is separation which implies longing for reunion. The Punjabi Sufi seeks God and craves for oneness with him. The supreme ideal is Fana-Fi-Allah (The annihilation of the self in God). But the union can also be attained by identifying oneself with the attributes of God and His creation. The Punjabi Sufi, like the other Sufis the world over, considers God his Beloved. But the Beloved here, contrary to the Islamic tradition, is masculine. The human soul, the woman separated from her lover, yearns for union with the spouse." The Copcept of Birha in Punjabi Sufi Poetry. (http://www.apnaorg.com/books/tasneem/Ch-2.html)
61. ਗੁਰੂ ਗ੍ਰੰਥ ਸਾਹਿਬ, ਪੰਨਾ-1379.
62. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 67, ਪੰਨਾ-55.
63. ਡਾ. ਨਰੇਸ਼, ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ-103.
64. ਡਾ. ਵਣਜਾਰਾ ਬੇਦੀ, ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜ ੀਆਂ, ਪੰਨਾ-61.
65. ਡਾ. ਹਰਪ੍ਰੀਤ ਰੂਬੀ, ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਪੰਨਾ-85.
66. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-140, 141.
67. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਬੁੱਲ੍ਹੇ ਸ਼ਾਹ ਦਾ ਕਲਾਮ, ਪੰਨਾ-34.
68. ਡਾ. ਬਿਕਰਮ ਸਿੰਘ ਘੁੰਮਣ, ਬੁੱਲ੍ਹੇ ਸ਼ਾਹ ਦਾ ਕਾਵਿ-ਲੋਕ, ਪੰਨਾ-127.
69. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-52.
70. ਡਾ. ਬਿਕਰਮ ਸਿੰਘ ਘੁੰਮਣ, ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਪੰਨਾ-177.
71. ਡਾ. ਹਰਜਿੰਦਰ ਸਿੰਘ ਢਿੱਲੋਂ,(ਸੰਪਾਦਕ), ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ, ਪੰਨਾ-51.
72. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਬੁੱਲ੍ਹੇ ਸ਼ਾਹ ਦਾ ਕਲਾਮ, ਪੰਨਾ-32.
73. ਉਹੀ, ਪੰਨਾ-32.
74. ਉਹੀ, ਪੰਨਾ-34.
75. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਪੰਨਾ-253.
76. ਡਾ. ਅਜੀਲ ਕੌਰ, ਸੂਫ਼ੀਵਾਦ ਵਿਚ ਵਿਦਰੋਹੀ ਸੁਰ, ਪੰਨਾ-112.
77. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 35, ਪੰਨਾ-166.
78. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 106, ਪੰਨਾ-84.
79. ਉਹੀ, ਕਾਫ਼ੀ ਨੰਬਰ 107, ਪੰਨਾ-85.
80. ਡਾ. ਗੁਰਦੇਵ ਸਿੰਘ, ਕਲਾਮ ਬੁੱਲ੍ਹੇ ਸ਼ਾਹ, ਪੰਨਾ-180.
81. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 94, ਪੰਨਾ-218.
82. ਉਹੀ, ਪੰਨਾ-159.
83. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਪੰਨਾ-113.
84. ਡਾ. ਹਰਪ੍ਰੀਤ ਰੂਬੀ, ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਪੰਨਾ-86.
85. "There are five basic duties to God which are known as the pillars (arkan) of Islam. The first is Iman (faith). The second is Salat (prayer). … The third pillar of Islam is Zakat. It is giving



Sri Satguru Jagjit Singh Ji eLibrary NamdhariElibrary@gmail.com

of a fixed portion of the wealth for specified purposes. … The fourth pillar of Islam is Sawm. Fasting during the whole month of Ramazan every year is incumbent on every adult man and woman. ...The fifth pillar of Islam is Hajj."
Dr. M. Abdul Haq Ansari, Islam, Page 23-24.

86. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਪੰਨਾ–11.
87. ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫ਼ੀ ਕਵੀ, ਡਾ. ਸੁਖਦੇਵ ਸਿੰਘ, (ਅਨੁਵਾਦ ਅਤੇ ਸੰਪਾਦਨ), ਪੰਨਾ–110.
88. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ–136.
89. ਡਾ. ਹਰਪ੍ਰੀਤ ਰੂਬੀ, ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਪੰਨਾ–85.
90. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 104, ਪੰਨਾ–83.
91. ਡਾ. ਤੇਜਾ ਸਿੰਘ, ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ, ਪੰਨਾ–100.
92. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਪੰਨਾ–159.
93. ਉਹੀ, ਦੋਹੜਾ–27, ਪੰਨਾ–275.
94. ਡਾ. ਤੇਜਾ ਸਿੰਘ, ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ, ਪੰਨਾ–99.
95. ਡਾ. ਪ੍ਰੀਤਮ ਸੈਨੀ, ਕਲਾਮ ਸ਼ਾਹ ਹੁਸੈਨ, ਕਾਫ਼ੀ ਨੰਬਰ 21, ਪੰਨਾ–12.
96. ਉਹੀ, ਕਾਫ਼ੀ ਨੰਬਰ 60, ਪੰਨਾ–48.
97. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 1, ਪੰਨਾ–145.
98. ਉਹੀ, ਕਾਫ਼ੀ ਨੰਬਰ 103, ਪੰਨਾ–223,224.
99. ਡਾ. ਗੁਰਦੇਵ ਸਿੰਘ, ਕਲਾਮ ਬੁੱਲ੍ਹੇ ਸ਼ਾਹ, ਪੰਨਾ–54.
100. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 143, ਪੰਨਾ–113.
101. ਡਾ. ਹਰਪ੍ਰੀਤ ਰੂਬੀ, ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਪੰਨਾ–84, 85.
102. ਉਹੀ, ਪੰਨਾ–51.
103. ਡਾ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਪੰਨਾ–65.
104. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ–25.
105. ਉਹੀ, ਪੰਨਾ–99.
106. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਨਾ–146, 147.
107. ਉਹੀ, ਪੰਨਾ–130.
108. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ–29.
109. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ–147.
110. ਮੌਲਾ ਬਖਸ਼ ਕੁਸ਼ਤਾ, ਪੰਜਾਬੀ ਸ਼ਾਇਰਾਂ ਦਾ ਤਜ਼ਕਰਾ, ਪੰਨਾ–104.
111. ਡਾ. ਸੁਹਿੰਦਰਬੀਰ, ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਪੰਨਾ–60.
112. ਡਾ. ਗੁਰਦੀਪ ਸਿੰਘ ਭੰਡਾਰੀ, ਖੋਜ–ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਅੰਕ, ਪੰਨਾ–105.
113. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ–114, 115.
114. ਡਾ. ਜੀ. ਐਲ. ਸ਼ਰਮਾ, ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ 145, ਪੰਨਾ–257.



Sri Satguru Jagjit Singh Ji eLibrary NamdhariElibrary@gmail.com

115. ਡਾ. ਸੁਹਿੰਦਰਬੀਰ, ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਪੰਨਾ-94.
116. ਉਹੀ, ਪੰਨਾ-70.
117. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-28.
118. ਡਾ. ਜੀਤ ਸਿੰਘ ਸੀਤਲ, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੰਨਾ-43.
119. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-101.
120. ਡਾ. ਮਨਜੀਤ ਸਿੰਘ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-186.
121. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-22.
122. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਪੰਨਾ-11.
123. ਉਹੀ, ਪੰਨਾ-11.
124. ਉਹੀ, ਕਾਫ਼ੀ ਨੰਬਰ 143, ਪੰਨਾ-113.
125. ਉਹੀ, ਦੋਹੜਾ ਨੰਬਰ 32, ਪੰਨਾ-149.
126. ਉਹੀ, ਕਾਫ਼ੀ ਨੰਬਰ 1, ਪੰਨਾ-2.
127. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-142.
128. ਪ੍ਰਿੰ. ਗੁਰਦਿੱਤ ਸਿੰਘ ਪ੍ਰੇਮੀ, ਖੋਜ-ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਵਿਸ਼ੇਸ਼ ਅੰਕ, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਅੰਕ-23, ਪੰਨਾ-37.
129. He was a child the Panjab ans so sang in his mother-tongue, In the old originalverse-forms of his land." Dr. Lajwanti Rama Krishna, Punjabi Sufi Poets, Page-84.



Sri Satguru Jagjit Singh Ji eLibrary NamdhariElibrary@gmail.com

### ਅਧਿਆਇ ਪੰਜਵਾਂ
## ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਪੰਜਾਬੀ ਸੂਫ਼ੀ ਕਵਿਤਾ ਦਾ ਆਰੰਭ ਬਾਬਾ ਫ਼ਰੀਦ ਦੀ ਕਵਿਤਾ ਤੋਂ ਹੁੰਦਾ ਹੈ ਅਤੇ ਅੰਤ ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਨਾਲ। ਬਾਬਾ ਫ਼ਰੀਦ ਅਤੇ ਗ਼ੁਲਾਮ ਫ਼ਰੀਦ ਵਿਚਾਲੇ ਲਗਭਗ ਸੱਤ ਸਦੀਆਂ ਦਾ ਲੰਮਾ ਪਾੜਾ ਹੈ ਪਰ ਇਸ ਦੇ ਬਾਵਜੂਦ ਗ਼ੁਲਾਮ ਫ਼ਰੀਦ ਦੀ ਕਵਿਤਾ ਪਹਿਲੇ ਸੂਫ਼ੀ ਕਵੀ ਬਾਬਾ ਫ਼ਰੀਦ ਦੀ ਕਵਿਤਾ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈ। ਪੰਜਾਬੀ ਸੂਫ਼ੀ ਕਵਿਤਾ ਵਿਚ ਗ਼ੁਲਾਮ ਫ਼ਰੀਦ ਨੂੰ ਸਭ ਤੋਂ ਅਖ਼ੀਰਲਾ ਸੂਫ਼ੀ ਕਵੀ ਪਰਵਾਨ ਕਰ ਲਿਆ ਗਿਆ ਹੈ। ਇਸ ਲਈ ਪੰਜਾਬੀ ਸੂਫ਼ੀ ਕਵਿਤਾ ਵਿਚ ਜਿਹੜਾ ਸਥਾਨ ਪਹਿਲੇ ਸੂਫ਼ੀ ਕਵੀ ਬਾਬਾ ਫ਼ਰੀਦ ਦਾ ਨਿਸ਼ਚਿਤ ਕੀਤਾ ਗਿਆ ਹੈ ਉਹੀ ਸਥਾਨ ਗ਼ੁਲਾਮ ਫ਼ਰੀਦ ਦਾ ਨਿਸ਼ਚਿਤ ਹੈ;

"ਸੂਫ਼ੀ ਕਾਵਿ-ਪਰੰਪਰਾ ਦਾ ਆਖ਼ਰੀ ਮਹਾਨ ਅਤੇ ਮਕਬੂਲ ਸ਼ਾਇਰ ਖ਼ਵਾਜਾ ਗ਼ੁਲਾਮ ਫ਼ਰੀਦ (1841-1901) ਸੀ। ... ਇਸਲਾਮੀ ਕੱਟੜਤਾ ਦੀ ਥਾਂ ਉਨ੍ਹਾਂ (ਗ਼ੁਲਾਮ ਫ਼ਰੀਦ) ਨੇ ਮਨੁੱਖੀ ਸਮਾਜ ਵਿਚਲੇ ਨਾਰੀਵਾਦ ਨੂੰ ਆਧਾਰ ਬਣਾ ਕੇ ਪ੍ਰੇਮ ਮਾਰਗ ਨੂੰ ਹੀ ਆਪਣਾ ਮੂਲ-ਮੰਤਰ ਜਾਣਿਆ।"[1]

ਗ਼ੁਲਾਮ ਫ਼ਰੀਦ ਦੀ ਸ਼ਾਇਰੀ ਸੂਫ਼ੀ ਕਵਿਤਾ ਦੀ ਅੰਤਿਮ ਸਰਬ-ਪ੍ਰਵਾਣਿਤ ਕਵਿਤਾ ਹੈ ਜਿਸ ਵਿਚ ਜੀਵਾਤਮਾ ਨੂੰ ਪਰਮਾਤਮਾ ਦੇ ਦੀਦਾਰ ਲਈ ਲੋਚਦਿਆਂ ਪੇਸ਼ ਕੀਤਾ ਗਿਆ ਹੈ;

"ਖ਼ਵਾਜਾ ਗ਼ੁਲਾਮ ਫ਼ਰੀਦ ਦੀ ਰਚਨਾ ਸੂਫ਼ੀ ਭਾਵਾਂ ਤੇ ਭਾਵਨਾਵਾਂ ਦੀ ਸ਼ਾਇਰੀ ਹੈ। ਇਹ ਸ਼ਾਇਰੀ ਸੂਫ਼ੀ ਕਾਵਿ ਦਾ ਅਮੁੱਲ ਖਜ਼ਾਨਾ ਹੈ। ਇਸ ਸ਼ਾਇਰੀ ਦਾ ਆਪਣਾ ਰੰਗ ਹੈ। ਇਸ ਦਾ ਆਪਣਾ ਸਥਾਨ ਤੇ ਮਹੱਤਵ ਹੈ। ਇਹ ਸ਼ਾਇਰੀ ਸੂਫ਼ੀ ਕਾਵਿ ਦੀ ਸਿਖ਼ਰ ਨਹੀਂ ਸਗੋਂ ਅੰਤਿਮ ਪੜਾਅ ਦੀ ਕਵਿਤਾ ਹੈ ਕਿਉਂਕਿ ਇਸ ਕਾਵਿ ਵਿਚ ਸ਼ੇਖ਼ ਬਾਬਾ ਫ਼ਰੀਦ, ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਵਾਲੀ ਸਾਧਨਾ ਨਹੀਂ ਤੇ ਨਾ ਹੀ ਸੂਫ਼ੀ ਸਿਧਾਂਤਾਂ ਦੀ ਪੇਸ਼ਕਾਰੀ ਹੈ।"[2]

ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗ ਅਤੇ ਬਿਰਹਾ ਦਾ ਰੰਗ ਇਸ ਕਰਕੇ ਵਧੇਰੇ ਗੂੜ੍ਹਾ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਕਵਿਤਾ ਉਸ ਦੀ ਹੱਡ-ਬੀਤੀ ਜ਼ਿੰਦਗੀ ਦੇ ਸਿੱਟੇ ਵੱਜੋਂ ਹੋਂਦ ਵਿਚ ਆਈ ਹੈ। ਗ਼ੁਲਾਮ ਫ਼ਰੀਦ ਨੇ ਆਪਣੇ ਜੀਵਨ ਵਿਚ ਵਿਯੋਗ ਅਤੇ ਬਿਰਹਾ ਦੇ ਤਿੱਖੇ ਸੰਤਾਪ ਨੂੰ ਹੰਢਾਇਆ ਹੈ ਅਤੇ ਇਹੀ ਵਿਯੋਗ ਅਤੇ ਬਿਰਹਾ ਉਨ੍ਹਾਂ ਦੀ ਕਵਿਤਾ ਦੇ ਮੂਲ ਥੀਮ ਵੱਜੋਂ ਪੇਸ਼ ਹੁੰਦੀ ਹੈ;

"ਗ਼ੁਲਾਮ ਫ਼ਰੀਦ ਦੀ ਤੂੰ ਕੇਂਦਰਿਤ ਕਵਿਤਾ ਤੇ ਕਲਾਮ ਉਸ ਦੇ ਆਪਣੇ ਭਾਵਾਂ-ਅਨੁਭਵਾਂ ਤੇ ਦ੍ਰਿਸ਼ਟੀ ਦਾ ਪ੍ਰਗਟਾਵਾ ਹੈ। ਮੂੰਹ ਆਈ ਬਾਤ ਦਾ ਦਰਪਣ ਹੈ। ਅੰਦਰਲਾ ਸੱਚ ਤੇ ਧੁਰ ਆਤਮਾ ਦੀ ਆਵਾਜ਼ ਹੈ। ਇਹ ਰਹੱਸ ਕਦੇ ਕਦੇ ਉਸ ਨੂੰ ਗੁੰਝਲਦਾਰ ਬੁਝਾਰਤ ਹੀ ਜਾਪਦੀ ਹੈ। ਉਹ ਹੈਰਾਨ ਵੀ ਹੁੰਦਾ ਹੈ ਤੇ ਪਰੇਸ਼ਾਨ ਵੀ।"[3]



Sri Satguru Jagjit Singh Ji eLibrary NamdhariElibrary@gmail.com

ਖ਼ਵਾਜਾ ਗ਼ੁਲਾਮ ਫ਼ਰੀਦ ਨੇ ਆਪਣੇ ਕਾਵਿ ਸੰਸਾਰ ਵਿਚ ਬਿਰਹਾ ਅਤੇ ਵਿਯੋਗ ਦੇ ਜੋ ਬਿੰਬ ਸਿਰਜੇ ਹਨ ਉਹ ਕਿਸੇ ਗੱਲੋਂ ਵੀ ਪੂਰਬਲੇ ਸੂਫ਼ੀਆਂ (ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ) ਨਾਲੋਂ ਘੱਟ ਨਹੀਂ ਹਨ। ਉਨ੍ਹਾਂ ਦੀ ਕਵਿਤਾ ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀ ਕਵਿਤਾ ਦੇ ਬਰਾਬਰ ਖੜ੍ਹੀ ਹੈ। ਪੰਜਾਬੀ ਸਾਹਿਤ ਵਿਚ ਜਿਹੜਾ ਮਾਣ-ਸਨਮਾਨ ਇਹਨਾਂ ਪੂਰਬਲੇ ਸੂਫ਼ੀਆਂ ਦੀ ਕਵਿਤਾ ਦੇ ਹਿੱਸੇ ਆਇਆ ਹੈ ਉਹੀ ਮਾਣ-ਸਤਿਕਾਰ ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਨੂੰ ਮਿਲਿਆ ਹੈ;

"ਇਸ ਸੂਫ਼ੀ ਕਾਵਿ ਪਰੰਪਰਾ ਦਾ ਅੰਤਿਮ ਮਹਤੱਵਪੂਰਨ ਕਵੀ ਗ਼ੁਲਾਮ ਫ਼ਰੀਦ ਹੈ ਜਿਸ ਦੀ ਕਾਵਿ ਰਚਨਾ ਵਿਚਲਾ ਵਿਯੋਗ ਅਥਵਾ ਬਿਰਹਾ ਦਾ ਰੰਗ ਉਸ ਦੀ ਵਿਲਕਦੀ ਆਤਮਾ ਦਾ ਪ੍ਰਤਿਬਿੰਬ ਹੈ। ਉਸ ਦਾ ਰੱਬ ਅਥਵਾ ਪਿਆਰਾ ਉਸ ਦੇ ਅਤਿ ਨਿਕਟ ਹੈ ਅਤੇ ਦਿਸ਼੍ਟਮਾਨ ਹਰ ਸ਼ੈਅ ਉਸ ਦਾ ਹੀ ਰੂਪ ਹੈ। ਉਸ ਦੇ ਪਿਆਰੇ ਦਾ ਪ੍ਰੇਮ ਬੜਾ ਵਿਚਿਤ੍ਰ ਅਤੇ ਆਨੰਦਮਈ ਹੈ।"[4]

ਗ਼ੁਲਾਮ ਫ਼ਰੀਦ ਨੇ ਆਪਣੇ ਕਲਾਮ ਵਿਚ ਇਸਲਾਮੀ ਸ਼ਰ੍ਹਾ ਦੀ ਪਾਲਣਾ ਕਰਨ ਦੀ ਬਜਾਏ ਰੱਬੀ-ਇਸ਼ਕ ਦੇ ਮਾਰਗ ਉੱਤੇ ਵਧੇਰੇ ਜ਼ੋਰ ਦਿੱਤਾ ਹੈ। ਆਪਣੇ ਪੂਰਬਲੇ ਸੂਫ਼ੀ ਕਵੀਆਂ (ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ) ਵਾਂਗ ਗ਼ੁਲਾਮ ਫ਼ਰੀਦ ਨੇ ਵੀ ਆਪਣੇ ਕਲਾਮ ਵਿਚ ਕਾਮਿਲ ਮੁਰਸ਼ਦ ਦੀ ਅਗਵਾਈ, ਬਿਰਹਾ ਦੀ ਤੜਪ, ਵਿਯੋਗ ਦਾ ਗਿਆਨ ਅਤੇ ਇਸ਼ਕ ਦੀ ਆਵਸ਼ੱਕਤਾ ਉੱਪਰ ਬੱਲ ਦਿੱਤਾ ਹੈ। ਗ਼ੁਲਾਮ ਫ਼ਰੀਦ ਦੀ ਸ਼ਾਇਰੀ ਉਸ ਦੇ ਨਿੱਜੀ ਜੀਵਨ ਦੇ ਤਜ਼ਰਬਿਆਂ ਵੱਜੋਂ ਹੋਂਦ ਵਿਚ ਆਈ ਹੈ, ਦੂਜੇ ਸ਼ਬਦਾਂ ਵਿਚ ਗ਼ੁਲਾਮ ਫ਼ਰੀਦ ਦੀ ਕਵਿਤਾ ਹੱਡ-ਬੀਤੀ ਕਵਿਤਾ ਹੈ ਨਾ ਕਿ ਜੱਗ-ਬੀਤੀ ਕਵਿਤਾ। ਇਸ਼ਕ ਦਾ ਜਿਹੜਾ ਰੂਪ ਖ਼ਵਾਜਾ ਗ਼ੁਲਾਮ ਫ਼ਰੀਦ ਨੇ ਆਪਣੇ ਨਿੱਜੀ ਜੀਵਨ ਵਿਚ ਹੰਢਾਇਆ ਉਸ ਦਾ ਅਧਿਆਤਮਕ ਰੂਪ ਉਨ੍ਹਾਂ ਦੀਆਂ ਕਾਫ਼ੀਆਂ ਵਿਚ ਦੇਖਿਆ ਜਾ ਸਕਦਾ ਹੈ;

"ਖ਼ਵਾਜਾ ਗ਼ੁਲਾਮ ਫ਼ਰੀਦ ਆਧੁਨਿਕ ਯੁਗ ਦੇ ਮਹਾਨ ਸੂਫ਼ੀ ਕਵੀ ਸਨ। ਆਪ ਜੀ ਦੀ ਕਥਨੀ ਤੇ ਕਰਨੀ ਵਿਚ ਇਕਸੁਰਤਾ ਮੌਜੂਦ ਹੈ। ਕਾਫ਼ੀਆਂ ਵਿਚ ਜਿਸ ਵਹਦਤੇ-ਵਜੂਦੀ ਦੀ ਆਪ ਨੇ ਤਾਲੀਮ ਦਿੱਤੀ ਹੈ, ਉਹੋ ਕੁਝ ਦੋਹੜਿਆਂ ਵਿਚ ਸਿੱਖਿਆ ਮਿਲਦੀ ਹੈ। ਸਾਡੇ ਵਿਚਾਰ ਵਿਚ ਖ਼ਵਾਜਾ ਸਾਹਿਬ ਵਿਚ ਬਾਬਾ ਫ਼ਰੀਦ ਸ਼ੱਕਰਗੰਜ ਦਾ ਸੰਜਮ ਤੇ ਗੰਭੀਰਤਾ, ਸ਼ਾਹ ਹੁਸੈਨ ਦਾ ਬਿਰਹਾ ਤੇ ਬੁੱਲ੍ਹੇ ਸ਼ਾਹ ਦਾ ਇਸ਼ਕ ਹਕੀਕੀ ਦਾ ਸੁਮੇਲ ਹੋ ਗਿਆ ਸੀ ਤੇ ਇਸ ਉੱਪਰ ਇਹ ਤੁੱਕ ਸੀ ਕਿ ਖ਼ਵਾਜਾ ਸਾਹਿਬ ਨੇ ਆਪਣੇ ਜੀਵਨ ਵਿਚ ਇਸ਼ਕ-ਮਜਾਜ਼ੀ ਦੀਆਂ ਚੋਟਾਂ ਖਾਧੀਆਂ ਸਨ ਤੇ ਬੜੇ ਸਬਰ ਨਾਲ ਇਸ਼ਕ-ਮਜਾਜ਼ੀ ਦੇ ਪੜਾਵਾਂ ਨੂੰ ਪਾਰ ਕਰਕੇ ਇਸ਼ਕ-ਹਕੀਕੀ ਦੀ ਮੰਜ਼ਿਲ ਉੱਪਰ ਪੁੱਜੇ ਸਨ ਤੇ ਆਪਣੀ ਜ਼ਾਤ ਨੂੰ ਅੱਲ੍ਹਾ ਦੀ ਜ਼ਾਤ ਵਿਚ ਫ਼ਨਾ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਇਹ ਆਪਣਾ ਨਿੱਜੀ ਜੀਵਨ ਆਪ ਦੀ ਰਚਨਾ ਵਿਚ ਸਪੱਸ਼ਟ ਹੈ।"[5]

ਸੂਫ਼ੀ ਵਿਚਾਰਧਾਰਾ ਅਨੁਸਾਰ ਜਦੋਂ ਤੱਕ ਕਿਸੇ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਨਾਲੋਂ ਪਏ ਵਿਯੋਗ ਪ੍ਰਤੀ ਜਾਗ੍ਰਿਤੀ ਉਤਪੰਨ ਨਹੀਂ ਹੋ ਜਾਂਦੀ, ਉਹ ਮਨੁੱਖ ਕਿਸੇ ਵੀ ਹਾਲਤ ਵਿਚ ਪਰਮਾਤਮਾ ਨੂੰ ਪ੍ਰਾਪਤ ਨਹੀਂ ਕਰ ਸਕਦਾ ਕਿਉਂਕਿ ਬਿਨਾਂ ਜਾਗ੍ਰਤ ਹੋਏ ਕੋਈ ਵੀ ਮਨੁੱਖ ਬਿਰਹਾ ਦੀ ਤੜਪ ਨੂੰ ਆਪਣੇ ਪਿੰਡੇ'ਤੇ ਨਹੀਂ ਹੰਢਾ ਸਕਦਾ, ਅਸਲ ਵਿਚ ਵਿਯੋਗ ਤੋਂ ਬਿਨਾਂ ਬਿਰਹਾ ਪੈਦਾ ਹੀ ਨਹੀਂ ਹੋ ਸਕਦੀ। ਪਰਮਾਤਮਾ ਨਾਲੋਂ ਪਏ ਵਿਯੋਗ ਦੀ ਅਵਸਥਾ ਵਿਚ ਜਦੋਂ ਕਿਸੇ ਮਨੁੱਖ ਨੂੰ ਆਪਣੇ ਪਿਆਰੇ-ਪ੍ਰੀਤਮ ਦਾ ਵਿਯੋਗ ਸਤਾਉਂਦਾ ਹੈ ਤਾਂ ਉਸ ਮਨੁੱਖ ਦੇ ਹਿਰਦੇ



Sri Satguru Jagjit Singh Ji eLibrary NamdhariElibrary@gmail.com

ਵਿਚ ਬਿਰਹਾ ਦੀ ਤੜਪ ਉਤਪੰਨ ਹੋ ਜਾਂਦੀ ਹੈ। ਇਹ ਤੜਪ ਹੀ ਉਸ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਉਪਰਾਲੇ ਕਰਨ ਲਈ ਪ੍ਰੇਰਿਤ ਕਰਦੀ ਹੈ। ਇਹਨਾਂ ਉਪਰਾਲਿਆਂ ਵਿਚ ਸਭ ਤੋਂ ਮਹੱਤਵਪੂਰਨ ਉਪਰਾਲਾ ਰੱਬੀ-ਇਸ਼ਕ ਹੈ ਜਿਸ ਦੁਆਰਾ ਸੂਫ਼ੀ ਮੰਡਲ ਵਿਚ ਪ੍ਰਭੂ-ਪ੍ਰਾਪਤੀ ਨੂੰ ਸੰਭਵ ਦੱਸਿਆ ਗਿਆ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੂਫ਼ੀ ਸਾਧਨਾ ਵਿਚ ਵਿਯੋਗ ਮੂਲ ਧੁਰੇ ਦਾ ਕੰਮ ਕਰਦਾ ਹੈ ਜੇਕਰ ਵਿਯੋਗ ਨੂੰ ਸੂਫ਼ੀ ਵਿਚਾਰਧਾਰਾ ਵਿਚੋਂ ਕੱਢ ਦਿੱਤਾ ਜਾਵੇ ਤਾਂ ਸੂਫ਼ੀ ਸਾਧਕ ਕਿਸੇ ਵੀ ਅਗਲੇ ਪੜਾਅ ਵੱਲ ਕਦਮ ਨਹੀਂ ਪੁੱਟ ਸਕਦਾ। ਵਿਯੋਗ ਮੁੱਢ ਹੈ ਜਿਸ ਤੋਂ ਬਿਰਹਾ, ਇਸ਼ਕ, ਮੁਰਸ਼ਦ ਅਤੇ ਮਿਲਾਪ ਦਾ ਅਗਲਾ ਪੜਾਅ ਆਰੰਭ ਹੁੰਦਾ ਹੈ।

ਇਸ ਅਧਿਆਇ ਦਾ ਮੂਲ ਪ੍ਰਯੋਜਨ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ ਬਾਰੇ ਵਿਚਾਰ-ਚਰਚਾ ਕਰਨਾ ਹੈ। ਗ਼ੁਲਾਮ ਫ਼ਰੀਦ ਦਾ ਰਚਨਾ-ਸੰਸਾਰ, ਵਿਯੋਗੇ ਮਨੁੱਖ ਦਾ ਸੰਕਲਪ, ਬਿਰਹਾ ਸੰਵੇਦਨਾ, ਰੱਬੀ-ਇਸ਼ਕ ਦਾ ਸੰਕਲਪ, ਗ਼ੁਲਾਮ ਫ਼ਰੀਦ ਅਤੇ ਇਸਲਾਮੀ ਸ਼ਰੀਅਤ, ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਮੁਰਸ਼ਦ ਦਾ ਸਥਾਨ ਅਤੇ ਗ਼ੁਲਾਮ ਫ਼ਰੀਦ ਦੀ ਕਾਵਿ ਕਲਾ ਆਦਿ ਉਲੇਖ ਕੀਤਾ ਜਾਵੇਗਾ।

## ਗ਼ੁਲਾਮ ਫ਼ਰੀਦ: ਜੀਵਨ ਤੇ ਸਖਸ਼ੀਅਤ

ਖ਼ਵਾਜਾ ਗ਼ੁਲਾਮ ਫ਼ਰੀਦ ਦਾ ਜਨਮ 1841 ਈ. ਨੂੰ ਚਾਚੜਾਂ ਬਹਾਵਲਪੁਰ ਵਿਖੇ ਮੌਲਾਣਾ ਖ਼ੁਦਾ ਬਖ਼ਸ਼ ਦੇ ਗ੍ਰਹਿ ਵਿਖੇ ਹੋਇਆ। ਗ਼ੁਲਾਮ ਫ਼ਰੀਦ ਦੀ ਜਨਮ ਤਾਰੀਖ਼ ਬਾਰੇ ਤਾਂ ਵਿਦਵਾਨਾਂ ਵਿਚ ਮਤਭੇਦ ਹਨ ਪਰ ਜਨਮ-ਸਥਾਨ ਬਾਰੇ ਵਿਦਵਾਨਾਂ ਦੇ ਵਿਚਾਰਾਂ ਵਿਚ ਕੋਈ ਮਤਭੇਦ ਨਹੀਂ ਹੈ। ਪੰਜਾਬੀ ਸੂਫ਼ੀ ਕਵਿਤਾ ਦੇ ਲਗਭਗ ਸਾਰੇ ਵਿਦਵਾਨ ਇਸ ਮੱਤ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਕਿ ਖ਼ਵਾਜਾ ਗ਼ੁਲਾਮ ਫ਼ਰੀਦ ਪੰਜਾਬੀ ਸੂਫ਼ੀ ਕਵਿਤਾ ਦੇ ਅੰਤਿਮ ਕਵੀ ਹਨ ਪਰ ਇਹਨਾਂ ਦੇ ਜਨਮ ਸੰਬੰਧੀ ਕੁੱਝ ਵਿਦਵਾਨਾਂ ਦਾ ਮਤ ਹੈ ਕਿ ਇਹਨਾਂ ਦਾ ਜਨਮ ਵਰ੍ਹਾ 1841 ਈਸਵੀ ਹੈ ਅਤੇ ਕੁੱਝ ਦਾ ਮਤ ਹੈ ਕਿ 1843 ਈਸਵੀ ਗ਼ੁਲਾਮ ਫ਼ਰੀਦ ਦਾ ਜਨਮ ਵਰ੍ਹਾ ਹੈ।

## ਪ੍ਰਸਿੱਧ ਵਿਦਵਾਨਾਂ ਦੇ ਵਿਚਾਰ

ਇਸ ਅਧਿਆਏ ਵਿਚ ਪੰਜਾਬੀ ਸੂਫ਼ੀ ਸਾਹਿਤ ਦੇ ਕੁੱਝ ਚੋਣਵੇਂ ਪੰਜਾਬੀ ਵਿਦਵਾਨਾਂ ਦੇ ਵਿਚਾਰ ਪੇਸ਼ ਕਰ ਰਹੇ ਹਾਂ ਤਾਂ ਕਿ ਗ਼ੁਲਾਮ ਫ਼ਰੀਦ ਦੇ ਜੀਵਨ, ਸਖਸ਼ੀਅਤ ਅਤੇ ਰਚਨਾ ਨਾਲ ਸੰਬੰਧਤ ਕੋਈ ਸ਼ੰਕਾ ਨਾ ਰਹੇ ਅਤੇ ਅਸੀਂ ਕਿਸੇ ਨਤੀਜੇ ਤੇ ਪਹੁੰਚੇ ਸਕੀਏ।

ਡਾ. ਕਾਲਾ ਸਿੰਘ ਬੇਦੀ ਅਤੇ ਪ੍ਰੋ. ਗੁਲਵੰਤ ਸਿੰਘ ਅਨੁਸਾਰ, "ਖ਼ਵਾਜਾ ਸਾਹਿਬ ਦੇ ਨਾਂ ਬਾਰੇ ਖੋਜੀ ਵਿਦਵਾਨ ਦੱਸਦੇ ਹਨ ਕਿ ਇਨ੍ਹਾਂ ਦਾ ਇਤਿਹਾਸਕ ਨਾਂ ਖੁਰਸ਼ੀਦ ਆਲਮ ਹੈ, ਜਿਸ ਤੋਂ ਸੰਨ ਹਿਜਰੀ ਦੇ 1261 ਹਿੰਦਸੇ ਨਿਕਲਦੇ ਹਨ, ਪਰ ਜਿਥੋਂ ਤੱਕ ਵਾਰ ਅਤੇ ਮਹੀਨੇ ਦਾ ਸੰਬੰਧ ਹੈ ਇਸ ਵਿਚ ਕੁੱਝ ਅੰਤਰ ਪਾਇਆ ਜਾ ਸਕਦਾ ਹੈ।"[6]

ਡਾ. ਗੁਰਦੇਵ ਸਿੰਘ ਅਨੁਸਾਰ, "ਖ਼ਵਾਜਾ ਗ਼ੁਲਾਮ ਫ਼ਰੀਦ ਦਾ ਜਨਮ-ਸਥਾਨ ਚਾਚੜਾਂ, ਜ਼ਿਲ੍ਹਾ ਰਹੀਮ ਯਾਰ ਖ਼ਾਂ (ਬਹਾਵਲਪੁਰ) ਹੈ ਤੇ ਆਪ ਦਾ ਜੀਵਨ-ਕਾਲ 1843 ਤੋਂ 1901 ਹੈ ਅਰਥਾਤ ਆਪ 58 ਸਾਲ ਦੀ ਉਮਰ ਭੋਗ ਕੇ ਪੂਰੇ ਹੋਏ ਤੇ ਆਪ ਦਾ ਮਜ਼ਾਰ ਕੋਟ ਮਿਠਨ (ਜ਼ਿਲ੍ਹਾ ਡੇਰ੍ਹਾ ਗ਼ਾਜ਼ੀ ਖ਼ਾਂ) ਵਿਖੇ ਹੈ।"[7]



Sri Satguru Jagjit Singh Ji eLibrary NamdhariElibrary@gmail.com

ਪ੍ਰੋ. ਬਿਕਰਮ ਸਿੰਘ ਘੁੰਮਣ ਅਨੁਸਾਰ, "ਗ਼ੁਲਾਮ ਫ਼ਰੀਦ ਦਾ ਜਨਮ 1261 ਹਿਜਰੀ (1841 ਈ.) ਵਿਚ ਚਾਚੜਾ (ਬਹਾਵਲਪੁਰ) ਦੇ ਮੁਕਾਮ ਉੱਤੇ ਹੋਇਆ। ਬਚਪਣ ਵਿਚ ਗ਼ੁਲਾਮ ਫ਼ਰੀਦ ਦਾ ਨਾਮ ਖ਼ੁਰਸ਼ੀਦ ਆਲਮ ਰੱਖਿਆ ਗਿਆ। ਆਪ ਚਾਰ ਸਾਲ ਦੇ ਸਨ ਕਿ ਮਾਤਾ ਜੀ ਤੇ ਅੱਠ ਸਾਲ ਦੇ ਹੋਏ ਤਾਂ ਪਿਤਾ ਜੀ ਦਾ ਸਾਇਆ ਸਿਰ ਤੋਂ ਉੱਠ ਗਿਆ। ਇਹਨਾਂ ਦੇ ਪਾਲਣ-ਪੋਸਣ ਦਾ ਕਾਰਜ ਵੱਡੇ ਭਰਾਤਾ ਫ਼ਖ਼ਰੁੱਦੀਨ, ਜਿਨ੍ਹਾਂ ਦੀ ਆਪਣੀ ਕੋਈ ਔਲਾਦ ਨਹੀਂ ਸੀ, ਨੇ ਆਪਣੇ ਪੁੱਤਰ ਵਾਂਗ ਕੀਤਾ।"[8]

ਡਾ. ਅਨਵਰ ਚਿਰਾਗ਼ ਅਨੁਸਾਰ, "ਖ਼ੁਆਜਾ ਗ਼ੁਲਾਮ ਫ਼ਰੀਦ (1845-1901 ਈ.) ਸੂਫ਼ੀ ਕਵਿਤਾ ਦਾ ਪ੍ਰਤੀਨਿਧ ਹਸਤਾਖ਼ਰ ਹੈ। ਦੁਨਿਆਵੀ ਇਲਮ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਵੱਡੇ ਭਰਾ ਖ਼ੁਆਜਾ ਫ਼ਖ਼ਰ-ਉਦ-ਦੀਨ ਦੀ ਮੁਰੀਦੀ ਧਾਰਨ ਕੀਤੀ।"[9]

ਡਾ. ਧਰਮਪਾਲ ਸਿੰਗਲ ਅਤੇ ਡਾ. ਬਲਦੇਵ ਸਿੰਘ ਬੱਦਨ ਅਨੁਸਾਰ, "ਇਨ੍ਹਾਂ (ਗ਼ੁਲਾਮ ਫ਼ਰੀਦ) ਦਾ ਜਨਮ 1261 ਹਿਜਰੀ ਦਾ ਹੈ ਅਤੇ ਆਪ ਆਪਣੇ ਵੱਡੇ ਭਰਾ ਗ਼ੁਲਾਮ ਫ਼ਖ਼ਰੁਦੀਨ ਦੇ ਦੇਹਾਂਤ ਪਿੱਛੋ 28 ਸਾਲ ਦੀ ਉਮਰ ਵਿਚ ਸੰਨ 1288 ਹਿਜਰੀ ਵਿਚ ਗੱਦੀ'ਤੇ ਬੈਠੇ।"[10]

ਡਾ. ਰਤਨ ਸਿੰਘ ਜੱਗੀ ਅਨੁਸਾਰ, "ਗ਼ੁਲਾਮ ਫ਼ਰੀਦ ਦਾ ਜਨਮ ਸੰਨ 1261 ਹਿਜਰੀ ਦੇ ਅੰਤ ਵਿਚ ਰਿਆਸਤ ਬਹਾਵਲਪੁਰ ਦੀ ਖ਼ਾਨਪੁਰ ਤਹਿਸੀਲ ਦੇ ਚਾਚੜਾਂ ਸ਼ਰੀਫ਼ ਨਾਂ ਦੇ ਕਸਬੇ ਵਿਚ ਹੋਇਆ ਸੀ ਅਤੇ ਇਸ ਦੀ ਮ੍ਰਿਤੂ 1319 ਹਿ. (24 ਜੁਲਾਈ 1901) ਵਿਚ ਹੋਈ ਸੀ।"[11]

ਪ੍ਰੋ. ਹਿੰਮਤ ਸਿੰਘ ਸੋਢੀ ਅਨੁਸਾਰ, "ਖ਼ਵਾਜਾ ਗ਼ੁਲਾਮ ਫ਼ਰੀਦ ਦਾ ਜਨਮ 1261 ਹਿਜਰੀ ਦੇ ਆਖ਼ਰੀ ਬੁਧਵਾਰ (ਸੰਨ 1840) ਸਵੇਰ-ਸਾਰ, ਰਿਆਸਤ ਬਹਾਵਲਪੁਰ ਵਿਚ, ਚਾਚੜਾਂ ਵਿਖੇ ਖ਼ਵਾਜਾ ਖ਼ੁਦਾ ਬਖ਼ਸ਼ ਦੇ ਘਰ ਹੋਇਆ। ਆਪ ਦਾ ਇਤਿਹਾਸਕ ਨਾਮ ਖ਼ੁਰਸ਼ੀਦ ਆਲਮ ਦੱਸਿਆ ਜਾਂਦਾ ਹੈ, ਜਿਸ ਤੋਂ ਵੀ ਹਿਸਾਬ ਅਬਜਦ ਅਨੁਸਾਰ ਹਿਜਰੀ ਸੰਨ 1261 ਦੇ ਹਿੰਦਸੇ ਨਿਕਲਦੇ ਹਨ, ਜੋ ਸੰਨ 1840 ਈਸਵੀ ਬਣਦਾ ਹੈ।"[12]

ਡਾ. ਹਰਿਭਜਨ ਸਿੰਘ ਅਨੁਸਾਰ, "ਖ਼ਵਾਜਾ ਗ਼ੁਲਾਮ ਫ਼ਰੀਦ ਨਿਸ਼ਚੇ ਹੀ ਉਨ੍ਹੀਵੀਂ ਸਦੀ ਦੇ ਸ਼ਿਰੋਮਣੀ ਸੂਫ਼ੀ ਮੁਰਸ਼ਦ ਅਤੇ ਸ਼ਾਇਰ ਹਨ। ਇਹਨਾਂ ਦਾ ਸ਼ੁਮਾਰ ਪੰਜਾਬੀ ਸੂਫ਼ੀਧਾਰਾ ਦੇ ਚਾਰ-ਪੰਜ ਸਿਰਕੱਢ ਸ਼ਾਇਰਾਂ ਵਿਚ ਹੁੰਦਾ ਹੈ। ਆਪ ਦਾ ਜਨਮ ਚਾਚੜਾਂ ਨਾਂ ਦੇ ਪਿੰਡ ਸੰਨ ਹਿਜਰੀ 1261 (ਸੰਨ 1841) ਵਿਚ ਹੋਇਆ। ਇਹਨਾਂ ਦੇ ਖ਼ਾਨਦਾਨ ਵਿਚ ਹੀ ਪੀਰੀ ਸੀ।"[13]

ਡਾ. ਹਰਪ੍ਰੀਤ ਰੂਬੀ ਨੇ ਡਾ. ਪਿਆਰਾ ਸਿੰਘ ਪਦਮ ਦਾ ਹਵਾਲਾ ਦਿੰਦਿਆਂ ਆਪਣੀ ਪੁਸਤਕ ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ ਵਿਚ ਲਿਖਿਆ ਹੈ ਕਿ, "ਖ਼ਵਾਜਾ ਗ਼ੁਲਾਮ ਫ਼ਰੀਦ (1845-1901 ਈ.) ਇਸ ਕਾਵਿ ਧਾਰਾ ਦਾ ਇਕ ਹੋਰ ਅਹਿਮ ਸੂਫ਼ੀ ਕਵੀ ਹੈ। ਚਿਸ਼ਤੀ ਸੰਪਰਦਾਇ ਨਾਲ ਸੰਬੰਧਿਤ ਆਪ ਅਰਬੀ-ਫ਼ਾਰਸੀ ਦੇ ਮਹਾਨ ਵਿਦਵਾਨ ਸਨ। ਮੁਲਤਾਨੀ ਭਾਸ਼ਾ ਵਿਚ ਆਪ ਦੀਆਂ 272 ਕਾਫ਼ੀਆਂ ਅਤੇ 72 ਦੋਹੜੇ ਉਪਲਬਧ ਹਨ।"[14]

ਸ਼ਾਹ ਚਮਨ ਦੇ ਸ਼ਬਦਾਂ ਵਿਚ, "ਖ਼ਵਾਜਾ ਗ਼ੁਲਾਮ ਫ਼ਰੀਦ ਚਿਸ਼ਤੀ ਸਿਲਸਿਲੇ ਦਾ ਸੂਫ਼ੀ ਮੁਰਸ਼ਦ ਵੀ ਸੀ ਅਤੇ ਸ਼ਾਇਰ ਵੀ। ਪੰਜਾਬੀ ਸੂਫ਼ੀ ਧਾਰਾ ਦੇ ਚਾਰ-ਪੰਜ ਉੱਘੇ ਅਤੇ ਪ੍ਰਭਾਵਸ਼ਾਲੀ ਸ਼ਾਇਰਾਂ'ਚ ਉਨ੍ਹਾਂ ਦਾ ਸ਼ੁਮਾਰ ਹੁੰਦਾ ਹੈ। ਗ਼ੁਲਾਮ ਫ਼ਰੀਦ ਦੇ ਵੱਡੇ-ਵਡੇਰੇ ਵੀ ਧਰਮ-ਪ੍ਰਚਾਰਕ ਸਨ। ਮਜ਼ਹਬੀ ਮਾਹੌਲ'ਚ ਹੀ ਉਸਦਾ ਪਾਲਣ-ਪੋਸਣ ਹੋਇਆ ਸੀ। ਰਿਆਸਤ ਬਹਾਵਲਪੁਰ ਦੇ ਪਿੰਡ ਚਾਚੜਾ'ਚ ਹਿਜਰੀ ਸੰਮਤ 1261 ਸੰਨ ਈਸਵੀ 1841 ਵਿਚ ਉਨ੍ਹਾਂ ਦਾ



Sri Satguru Jagjit Singh Ji eLibrary NamdhariElibrary@gmail.com

ਜਨਮ ਹੋਇਆ ਸੀ।"15

ਰਘਬੀਰ ਸਿੰਘ ਭਰਤ ਅਨੁਸਾਰ, "ਇਸ ਸੂਫ਼ੀ ਸ਼ਾਇਰ (ਗ਼ੁਲਾਮ ਫ਼ਰੀਦ) ਦਾ ਜਨਮ ਖ਼ਵਾਜਾ ਖ਼ੁਦਾ ਬਖ਼ਸ਼ ਦੇ ਘਰ ਚਾਚੜਾਂ ਸ਼ਰੀਫ਼, ਰਿਆਸਤ ਬਹਾਵਲਪੁਰ ਵਿਚ 1845 ਵਿਚ ਹੋਇਆ ਸੀ ਤੇ ਮ੍ਰਿਤੂ ਸਾਡੇ ਖੋਜੀ ਵਿਦਵਾਨਾਂ ਨੇ 24 ਜੁਲਾਈ 1901 ਨੂੰ ਸਵੀਕਾਰ ਕੀਤੀ ਹੈ।"16

ਵਿਕੀਪੀਡੀਆ ਅਨੁਸਾਰ, "ਖ਼ਵਾਜਾ ਗ਼ੁਲਾਮ ਫ਼ਰੀਦ ਦਾ ਜਨਮ 1261 ਹਿਜਰੀ ਦੇ ਆਖ਼ਰੀ ਬੁੱਧਵਾਰ ਸਵੇਰ-ਸਾਰ ਰਿਆਸਤ ਬਹਾਵਲਪੁਰ ਵਿਚ ਚਾਚੜਾਂ ਵਿਖੇ ਖ਼ਵਾਜਾ ਖ਼ੁਦਾ ਬਖ਼ਸ ਦੇ ਘਰ ਹੋਇਆ। ਆਪ ਦਾ ਇਤਿਹਾਸਕ ਨਾਮ ਖੁਰਸ਼ੀਦ ਆਲਮ ਦੱਸਿਆ ਜਾਂਦਾ ਹੈ। ਪਿਤਾ ਨੇ ਆਪ ਦਾ ਨਾਮ ਸ਼ੇਖ਼ ਫ਼ਰੀਦੁਦੀਨ ਗੰਜ ਸ਼ੱਕਰ ਦੇ ਨਾਂ ਨੂੰ ਮੁੱਖ ਰੱਖ ਕੇ ਗ਼ੁਲਾਮ ਫ਼ਰੀਦ ਰੱਖਿਆ ਸੀ। ਗ਼ੁਲਾਮ ਫ਼ਰੀਦ ਸੋਲ੍ਹਾਂ ਸਾਲਾਂ ਦੀ ਉਮਰ ਤੱਕ ਵਿੱਦਿਆ ਪ੍ਰਾਪਤੀ ਵਿਚ ਰੁਝੇ ਰਹੇ। ਦੀਨੀ (ਸੰਸਾਰਕ) ਵਿੱਦਿਆ ਪ੍ਰਾਪਤ ਕਰਨ ਲਈ ਅਰਬੀ ਤੇ ਫ਼ਾਰਸੀ ਦਾ ਗਿਆਨ ਤਾਂ ਜ਼ਰੂਰੀ ਸੀ। ਇਸ ਤੋਂ ਛੁੱਟ ਆਪ ਨੇ ਉਰਦੂ, ਹਿੰਦੀ, ਬ੍ਰਿਜੀ, ਸਿੰਧੀ ਜ਼ੁਬਾਨਾਂ ਵੀ ਸਿੱਖੀਆਂ।"17

"ਖ਼ਵਾਜਾ ਗ਼ੁਲਾਮ ਫ਼ਰੀਦ ਸੂਫ਼ੀ ਕਵੀਆਂ ਵਿਚੋਂ ਸਭ ਤੋਂ ਜਿਆਦਾ ਪੜ੍ਹਿਆ ਜਾਣ ਵਾਲਾ ਸ਼ਾਇਰ ਹੈ। ਇਨ੍ਹਾਂ ਦਾ ਜਨਮ 1845 ਈਸਵੀ ਵਿਚ ਚਾਚੜਾਂ ਸ਼ਰੀਫ਼, ਤਹਿਸੀਲ ਖ਼ਾਨਪੁਰ, ਜ਼ਿਲ੍ਹਾ ਰਹੀਮ ਯਾਰ ਖ਼ਾਨ (ਪੰਜਾਬ ਦਾ ਇਕ ਸ਼ਹਿਰ) ਵਿਖੇ ਹੋਇਆ। ਇਨ੍ਹਾਂ ਦਾ ਇੰਤਕਾਲ ਚਾਚੜਾਂ ਸ਼ਰੀਫ਼ ਵਿਖੇ 1901 ਈਸਵੀ ਹੋਇਆ ਪਰ ਇਨ੍ਹਾਂ ਨੂੰ ਦਫ਼ਨ ਮਿਠਨਕੋਟ ਜ਼ਿਲ੍ਹਾ ਰਾਜਨਪੁਰ ਵਿਖੇ ਕੀਤਾ ਗਿਆ।"18

ਗ਼ੁਲਾਮ ਫ਼ਰੀਦ ਨੇ ਆਪਣੇ ਵੱਡੇ ਭਰਾ ਫ਼ਖ਼ਰੁੱਦੀਨ ਨੂੰ ਆਪਣਾ ਮੁਰਸ਼ਦ ਧਾਰਨ ਕੀਤਾ ਅਤੇ ਉਨ੍ਹਾਂ ਤੋਂ ਰੂਹਾਨੀ ਸਿੱਖਿਆ ਹਾਸਲ ਕੀਤੀ। ਜਿਸ ਸਮੇਂ ਗ਼ੁਲਾਮ ਫ਼ਰੀਦ ਦੀ ਉੱਮਰ 28 ਸਾਲ ਦੀ ਹੋਈ ਤਾਂ ਇਹਨਾਂ ਦੇ ਵੱਡੇ ਭਰਾ (ਮੁਰਸ਼ਦ) ਦਾ ਦਿਹਾਂਤ ਹੋ ਗਿਆ। ਗ਼ੁਲਾਮ ਫ਼ਰੀਦ ਆਪਣੇ ਭਰਾਤਾ ਦੀ ਗੱਦੀ ਤੇ ਗੱਦੀ-ਨਸ਼ੀਨ ਹੋਏ ਅਤੇ ਲੋਕਾਂ ਨੂੰ ਰੂਹਾਨੀ ਸਿੱਖਿਆ ਦਿੰਦੇ ਰਹੇ;

"ਮੌਲਾਣਾ ਗ਼ੁਲਾਮ ਫ਼ਖ਼ਰੁਦੀਨ ਦੇ ਚਲਾਣੇ ਮਗਰੋਂ 1288 ਹਿਜਰੀ ਵਿਚ ਖ਼ਵਾਜਾ ਗ਼ੁਲਾਮ ਫ਼ਰੀਦ ਫ਼ਕੀਰੀ ਗੱਦੀ ਉੱਪਰ ਬੈਠੇ। ਇਸ ਵੇਲੇ ਇਨ੍ਹਾਂ ਦੀ ਉਮਰ ਲਗਭਗ (28) ਅਠਾਈ ਸਾਲ ਦੀ ਸੀ, ਪਰ ਰੱਬੀ ਗਿਆਨ ਦੀਆਂ ਉਹ ਸਾਰੀਆਂ ਮੰਜ਼ਿਲਾਂ ਪਾਰ ਕਰ ਚੁਕੇ ਸਨ ਜੋ ਇਕ ਪੀਰ-ਏ-ਕਾਮਲ ਲਈ ਜ਼ਰੂਰੀ ਹੁੰਦੀਆਂ ਹਨ।"19

ਪ੍ਰੋ. ਬਿਕਰਮ ਸਿੰਘ ਘੁੰਮਣ ਅਨੁਸਾਰ, "ਗ਼ੁਲਾਮ ਫ਼ਰੀਦ ਲਗਭਗ ਸੱਠ ਸਾਲ ਦੀ ਉੱਮਰ ਵਿਚ 1319 ਹਿਜਰੀ ਮੁਤਾਬਕ 1901 ਈਸਵੀ ਵਿਚ ਅਕਾਲ ਚਲਾਣਾ ਕਰ ਗਏ। ਆਪ ਬੀਮਾਰ ਹੋ ਗਏ ਸਨ, ਕਾਫ਼ੀ ਇਲਾਜ ਵੀ ਹੋਇਆ, ਆਪ ਦੇ ਬਚਣ ਦੀ ਆਸ ਵੀ ਬੱਝ ਗਈ। ਉਸ ਸਮੇਂ ਆਪ ਨੇ ਇਹ ਸ਼ਿਅਰ ਉਚਾਰਿਆ, ਜੋ ਆਖ਼ਰ ਆਪ ਦੀ ਪੇਸ਼ੀਨਗੋਈ ਸਾਬਿਤ ਹੋਇਆ: ਗੁਜ਼ਰਿਆ ਵੇਲਾ ਹਸਣ ਖਿਲਣ ਦਾ। ਆਇਆ ਵਕਤ ਫ਼ਰੀਦ ਚਲਣ ਦਾ। ਔਖਾ ਪੈਂਡਾ ਦੋਸਤ ਮਿਲਣ ਦਾ। ਜਾਂ ਲਬਾਂ ਪਰ ਆਂਦੀ ਹੈ।"20

ਡਾ. ਕਾਲਾ ਸਿੰਘ ਬੇਦੀ ਅਤੇ ਪ੍ਰੋ. ਗੁਲਵੰਤ ਸਿੰਘ ਅਨੁਸਾਰ, "ਖ਼ਵਾਜਾ ਸਾਹਿਬ ਨੇ ਲਗਭਗ ਸੱਠ (60) ਸਾਲ ਦੀ ਉਮਰ ਵਿਚ 6 ਰਬੀਅਲਸਾਨੀ 1319 ਹਿਜਰੀ, ਮੁਤਾਬਕ 24 ਜਨਵਰੀ 1901 ਈਸਵੀ ਵੀਰਵਾਰ ਇਹ ਚੋਲਾ ਛੱਡਿਆ।"21

ਪ੍ਰੋ. ਹਿੰਮਤ ਸਿੰਘ ਸੋਢੀ ਅਨੁਸਾਰ, "ਕਰੀਬ ਸੱਠ ਸਾਲ ਦੀ ਉਮਰ ਵਿਚ 24 ਜਨਵਰੀ



Sri Satguru Jagjit Singh Ji eLibrary NamdhariElibrary@gmail.com

1901 ਈਸਵੀ ਨੂੰ ਵੀਰਵਾਰ ਵਾਲੇ ਦਿਨ, ਮੁਤਾਬਕ 6 ਰਬੀਅਲਸਾਨੀ 1319 ਹਿਜਰੀ, ਆਪ ਨੇ ਇਹ ਨਾਸ਼ਵਰ ਸਰੀਰ ਤਿਆਗ ਦਿੱਤਾ। ਮੁਰੀਦਾਂ ਨੂੰ ਭਾਵੇਂ ਆਪ ਦੇ ਬਚਣ ਦੀ ਆਸ ਸੀ ਪਰ ਆਖ਼ਰੀ ਸਮੇਂ ਆਪ ਦੇ ਬੁੱਲ੍ਹਾਂ ਉੱਤੇ ਇਹ ਸ਼ਬਦ ਸਨ: ਗੁਜ਼ਰਿਆ ਵੇਲਾ ਹਸਣ ਖਿਲਣ ਦਾ। ਆਇਆ ਵਕਤ ਫ਼ਰੀਦ ਚਲਣ ਦਾ। ਔਖਾ ਪੈਂਡਾ ਦੋਸਤ ਮਿਲਣ ਦਾ। ਜਾਂ ਲਬਾਂ ਪਰ ਆਂਦੀ ਹੈ।"[22]

ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿਚ, "(ਗ਼ੁਲਾਮ ਫ਼ਰੀਦ ਦਾ) ਲਗਭਗ ਸੱਠ ਸਾਲ ਦੀ ਉਮਰੇ ਸੰਨ ਹਿਜਰੀ 1319 (ਜਨਵਰੀ 1901) ਵਿਚ ਇਹਨਾਂ ਦਾ ਇੰਤਕਾਲ ਹੋਇਆ।"[23]

ਅੰਤ ਵਿਚ ਗ਼ੁਲਾਮ ਫ਼ਰੀਦ ਦਾ ਜਨਮ 1841 ਈ. ਨੂੰ ਅਤੇ ਮੌਤ 1901 ਈ. ਨੂੰ ਹੋਈ ਮੰਨੀ ਜਾ ਸਕਦੀ ਹੈ। ਗ਼ੁਲਾਮ ਫ਼ਰੀਦ ਦਾ ਸਮਾਂ ਭਾਵੇਂ ਆਧੁਨਿਕ ਕਾਲ ਤੇ ਕਵੀਆਂ ਨਾਲ ਮਿਲਦਾ ਹੈ ਪਰ ਜਿਹੜੀ ਗੰਭੀਰਤਾ ਅਤੇ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਬਿਹਲਬਤਾ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਦਿਖਾਈ ਦਿੰਦੀ ਹੈ ਉਹ ਕਿਸੇ ਪੰਜਾਬੀ ਕਵੀ ਦੀ ਕਵਿਤਾ ਵਿਚ ਦੇਖਣ ਨੂੰ ਨਹੀਂ ਮਿਲਦੀ। ਗ਼ੁਲਾਮ ਫ਼ਰੀਦ ਦੀ ਕਵਿਤਾ ਪਹਿਲੇ ਸੂਫ਼ੀ ਕਵੀ ਬਾਬਾ ਫ਼ਰੀਦ ਜੀ ਦੀ ਕਵਿਤਾ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਕਹੀ ਜਾ ਸਕਦੀ। ਪ੍ਰੀਤਮ ਨਾਲ ਮਿਲਾਪ ਦੀ ਜਿਹੜੀ ਬਿਲਬਤਾ ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਮਿਲਦੀ ਹੈ, ਉਹੀ ਤੜਪ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਦੇਖੀ ਜਾ ਸਕਦੀ ਹੈ।

## ਗ਼ੁਲਾਮ ਫ਼ਰੀਦ: ਰਚਨਾ ਸੰਸਾਰ

ਸੂਫ਼ੀ ਸਾਹਿਤ ਦੇ ਲਗਭਗ ਸਾਰੇ ਵਿਦਵਾਨਾਂ ਨੇ ਇਸ ਗੱਲ ਨਾਲ ਆਪਣੀ ਸਹਿਮਤੀ ਪ੍ਰਗਟਾਈ ਹੈ ਕਿ ਖ਼ਵਾਜਾ ਗ਼ੁਲਾਮ ਫ਼ਰੀਦ ਨੇ 272 ਕਾਫ਼ੀਆਂ ਦੀ ਰਚਨਾ ਕੀਤੀ ਹੈ ਅਤੇ ਉਨ੍ਹਾਂ ਨੇ ਆਪਣੀ ਰਚਨਾ ਵਿਚ ਮੁਲਤਾਨੀ ਭਾਸ਼ਾ ਨੂੰ ਮੁੱਖ ਆਧਾਰ ਬਣਾਇਆ ਹੈ।

ਡਾ. ਅਨਵਰ ਚਿਰਾਗ਼ ਅਨੁਸਾਰ, "ਆਪ (ਗ਼ੁਲਾਮ ਫ਼ਰੀਦ) ਦੀਆਂ ਰਚਨਾਵਾਂ ਵਿਚ 272 ਕਾਫ਼ੀਆਂ ਅਤੇ 72 ਦੋਹੜੇ ਉਪਲਬਧ ਹੁੰਦੇ ਹਨ। ਪੰਜਾਬੀ ਤੋਂ ਬਿਨਾਂ ਆਪ ਨੇ (ਗ਼ੁਲਾਮ ਫ਼ਰੀਦ) ਨੇ ਉਰਦੂ ਵਿਚ ਵੀ ਗ਼ਜ਼ਲ ਰਚਨਾ ਕੀਤੀ। ਗ਼ੁਲਾਮ ਫ਼ਰੀਦ ਦੀ ਰਚਨਾ ਦਾ ਪ੍ਰਮੁੱਖ ਵਿਸ਼ਾ ਇਸ਼ਕ-ਏ-ਹਕੀਕੀ ਤੇ ਆਧਾਰਿਤ ਹੈ।"[24]

ਡਾ. ਰਤਨ ਸਿੰਘ ਜੱਗੀ ਅਨੁਸਾਰ, "ਇਸ (ਗ਼ੁਲਾਮ ਫ਼ਰੀਦ) ਨੇ ਆਪਣੇ ਰਹੱਸਵਾਦੀ ਅਨੁਭਵ ਨੂੰ ਮੁਲਤਾਨੀ ਜ਼ੁਬਾਨ ਵਿਚ ਪ੍ਰਗਟ ਕਰਦਿਆਂ 272 ਕਾਫ਼ੀਆਂ ਲਿਖੀਆਂ ਹਨ, ਜਿਨ੍ਹਾਂ ਵਿਚ ਫ਼ਰੀਦ ਕਵੀ-ਛਾਪ ਮਿਲਦੀ ਹੈ।"[25]

ਡਾ. ਹਰਪ੍ਰੀਤ ਰੂਬੀ ਅਨੁਸਾਰ, "ਮੁਲਤਾਨੀ ਭਾਸ਼ਾ ਵਿਚ ਆਪ (ਗ਼ੁਲਾਮ ਫ਼ਰੀਦ) ਦੀਆਂ 272 ਕਾਫ਼ੀਆਂ ਅਤੇ 72 ਦੋਹੜੇ ਉਪਲਬਧ ਹਨ।"[26]

ਡਾ. ਗੁਰਦੇਵ ਸਿੰਘ ਅਨੁਸਾਰ, "ਹਜ਼ਰਤ ਗ਼ੁਲਾਮ ਫ਼ਰੀਦ ਦੁਆਰਾ ਰਚਿਤ ਲਗਭਗ 175 ਦੋਹੜੇ ਮਿਲਦੇ ਹਨ ਤੇ ਕੁਝ ਡਿਓਢਾਂ ਵੀ। ਦੋਹਾਂ ਸਿਨਫ਼ਾਂ ਜਾਂ ਕਾਵਿ-ਰੂਪਾਂ ਵਿਚ ਆਪ ਦੇ ਅਨੁਭਵ ਦੀਆਂ ਸੂਖਮ ਪਰਤਾਂ ਖੁੱਲ ਦੀਆਂ ਤੁਰੀਆਂ ਜਾਂਦੀਆਂ ਹਨ।"[27]

ਸਾਡੇ ਵਿਚਾਰ ਮੁਤਾਬਕ ਡਾ. ਗੁਰਦੇਵ ਸਿੰਘ ਨੇ ਗ਼ੁਲਾਮ ਫ਼ਰੀਦ ਦੀਆਂ 175 ਕਾਫ਼ੀਆਂ ਲਿਖਣੀਆਂ ਸਨ ਪਰ ਸ਼ਾਇਦ ਕਿਸੇ ਭੁੱਲ ਕਾਰਣ ਉਹ 175 ਦੋਹੜੇ ਲਿਖੇ ਗਏ ਪਰ ਜੇਕਰ ਉਹ ਖ਼ਵਾਜਾ ਗ਼ੁਲਾਮ ਫ਼ਰੀਦ ਦੀਆਂ 175 ਕਾਫ਼ੀਆਂ ਲਿਖਦੇ ਤਾਂ ਵੀ ਇਹ ਤੱਥ ਦਰੁਸਤ



Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ ਕਿਉਂਕਿ ਸੂਫ਼ੀ ਸਾਹਿਤ ਵਿਚ ਖ਼ਵਾਜਾ ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਦੀ ਗਿਣਤੀ 172 ਪ੍ਰਵਾਣਿਤ ਹੋ ਚੁੱਕੀ ਹੈ। ਦੂਜੀ ਗੱਲ ਡਾ. ਗੁਰਦੇਵ ਸਿੰਘ ਤੋਂ ਇਲਾਵਾ ਅਜਿਹਾ ਕੋਈ ਹੋਰ ਸੂਫ਼ੀ ਵਿਦਵਾਨ ਨਹੀਂ ਹੈ ਜਿਸ ਨੇ ਖ਼ਵਾਜਾ ਗ਼ੁਲਾਮ ਫ਼ਰੀਦ ਨੂੰ ਹਜ਼ਰਤ ਗ਼ੁਲਾਮ ਫ਼ਰੀਦ ਲਿਖਿਆ ਹੋਵੇ। ਇਸ ਲਈ ਅਸੀਂ ਡਾ. ਗੁਰਦੇਵ ਸਿੰਘ ਹੁਰਾਂ ਨੇ ਤੱਥ ਨਾਲ ਆਪਣੀ ਸਹਿਮਤੀ ਨਹੀਂ ਪ੍ਰਗਟਾਉਂਦੇ।

ਡਾ. ਧਰਮਪਾਲ ਸਿੰਗਲ ਅਤੇ ਡਾ. ਬਲਦੇਵ ਸਿੰਘ ਬੱਦਨ ਨੇ ਆਪਣੀ ਪੁਸਤਕ ਚੋਣਵਾਂ ਪੰਜਾਬੀ ਸੂਫ਼ੀ ਕਲਾਮ ਵਿਚ ਖ਼ਵਾਜਾ ਗ਼ੁਲਾਮ ਫ਼ਰੀਦ ਦੇ ਦੋਹੜਿਆਂ ਦੀ ਗਿਣਤੀ 72 ਲਿਖੀ ਹੈ ਅਤੇ ਹਵਾਲਾ ਡਾ. ਕਾਲਾ ਸਿੰਘ ਬੇਦੀ ਅਤੇ ਪ੍ਰੋ. ਗੁਲਵੰਤ ਸਿੰਘ ਦਾ ਦਿੱਤਾ ਹੈ;

"ਖ਼ਵਾਜਾ ਗ਼ੁਲਾਮ ਫ਼ਰੀਦ ਨੇ ਸੂਫ਼ੀਆਨਾ ਅੰਦਾਜ਼ ਵਿਚ ਕੁਝ ਦੋਹੜੇ ਵੀ ਲਿਖੇ ਹਨ। ਉਰਦੂ ਜ਼ੁਬਾਨ ਵਿਚ ਗ਼ਜ਼ਲਾਂ ਵੀ ਲਿਖੀਆਂ ਹਨ। ਇੱਥੇ ਅਸੀਂ ਗ਼ੁਲਾਮ ਫ਼ਰੀਦ ਦੇ ਲਿਖੇ 72 ਦੋਹੜੇ ਦਰਜ਼ ਕਰ ਰਹੇ ਹਾਂ ...।"[28]

ਗ਼ੁਲਾਮ ਫ਼ਰੀਦ ਨੇ 272 ਕਾਫ਼ੀਆਂ ਅਤੇ 72 ਦੋਹੜਿਆਂ ਦੀ ਰਚਨਾ ਕੀਤੀ ਹੈ। ਇਹਨਾਂ ਕਾਫ਼ੀਆਂ ਵਿਚ ਗ਼ੁਲਾਮ ਫ਼ਰੀਦ ਨੇ ਪ੍ਰਭੂ ਨਾਲੋਂ ਵਿਛੜ ਕੇ ਬਿਰਹਾ ਦਾ ਸੰਤਾਪ ਹੰਢਾ ਰਹੇ ਮਨੁੱਖ ਦੇ ਵਿਭਿੰਨ ਚਿੱਤਰਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹਨਾਂ ਵਿਚ ਵਿਯੋਗ ਦੀ ਸੋਝੀ ਵੀ ਹੈ, ਬਿਰਹਾ ਦੀ ਤੜਪ ਵੀ, ਇਸ਼ਕ ਲਈ ਕੁਰਬਾਨੀ ਦਾ ਜਜ਼ਬਾ ਵੀ ਹੈ ਅਤੇ ਮੁਰਸ਼ਦ ਦੀ ਸੁਯੋਗ ਅਗਵਾਈ ਵੀ ਹੈ। ਜੀਵਾਤਮਾ ਦਾ ਪਰਮਾਤਮਾ ਨਾਲੋਂ ਪਿਆ ਵਿਯੋਗ ਹੀ ਸਾਰੀ ਭਟਕਣਾ ਦਾ ਮੂਲ ਕਾਰਣ ਹੈ ਅਤੇ ਜਿਸ ਵੇਲੇ ਕਿਸੇ ਸਾਧਕ ਨੂੰ ਇਸ ਭਟਕਣਾ ਦੀ ਸੋਝੀ ਹੋ ਜਾਂਦੀ ਹੈ ਤਾਂ ਉਸ ਸਾਧਕ ਦੀ ਆਤਮਾ ਸੂਫ਼ੀ ਰੰਗ ਵਿਚ ਰੰਗੀ ਜਾਂਦੀ ਹੈ।

## ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਸੂਫ਼ੀ ਕਵਿਤਾ ਵਿਚ ਵਿਯੋਗ ਨੂੰ ਕੇਵਲ ਦੁੱਖ ਦਾ ਕਾਰਨ ਹੀ ਨਹੀਂ ਮੰਨਿਆਂ ਜਾਂਦਾ ਬਲਕਿ ਵਿਯੋਗ ਨੂੰ ਮਿਲਾਪ ਦਾ ਆਧਾਰ, ਸੁੱਖ ਦਾ ਪ੍ਰਤੀਕ ਅਤੇ ਪਰਮਾਤਮਾ ਦੀ ਪ੍ਰਾਪਤੀ ਦਾ ਮੂਲ ਕਾਰਨ ਮੰਨਿਆਂ ਜਾਂਦਾ ਹੈ। ਬਾਬਾ ਫ਼ਰੀਦ ਤੋਂ ਆਰੰਭ ਹੋ ਕੇ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਤੋਂ ਹੁੰਦੀ ਹੋਈ ਇਹ ਕਾਵਿ-ਪਰੰਪਰਾ ਗ਼ੁਲਾਮ ਫ਼ਰੀਦ ਤੱਕ ਆ ਕੇ ਆਪਣੇ ਪੈਰ ਪਸਾਰਦੀ ਹੈ। ਇਤਨਾ ਲੰਮਾ ਸਮੇਂ ਬਤੀਤ ਹੋਣ ਦੇ ਬਾਵਜੂਦ ਸੂਫ਼ੀ ਸ਼ਾਇਰੀ ਵਿਚ ਇਕਰੂਪਤਾ ਦੇਖਣ ਨੂੰ ਮਿਲਦੀ ਹੈ। ਉਹ ਚਾਹੇ ਬਾਬਾ ਫ਼ਰੀਦ ਦੀ ਕਵਿਤਾ ਹੋਵੇ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਦੀ ਕਵਿਤਾ ਹੋਵੇ ਜਾਂ ਗ਼ੁਲਾਮ ਫ਼ਰੀਦ ਦੀ ਕਵਿਤਾ ਹੋਵੇ। ਮਨੁੱਖ ਦਾ ਪਰਮਾਤਮਾ ਨਾਲੋਂ ਪਿਆ ਹੋਇਆ ਵਿਯੋਗ ਇਸ ਸੰਕਲਪ ਨੂੰ ਸਭ ਕਵੀਆਂ ਨੇ ਪਰਮਾਤਮਾ ਦੇ ਮਿਲਾਪ ਦਾ ਆਧਾਰ ਬਣਾ ਕੇ ਪੇਸ਼ ਕੀਤਾ ਹੈ;

"ਉਸ (ਮਨੁੱਖ) ਦਾ ਸਾਰਾ ਦਰਦ ਉਸ ਵੇਲੇ ਸ਼ੁਰੂ ਹੋਇਆ ਜਦੋਂ ਉਹ ਆਪਣੀ ਮੂਲ ਇਕਾਈ (ਰੱਬ) ਤੋਂ ਵਿਛੜ ਕੇ ਇਸ ਧਰਤੀ'ਤੇ ਆ ਗਿਆ ਤੇ ਬਿਰਹਾ ਦੀਆਂ ਸਾਂਗਾਂ ਜਾਂ ਹਿਜਰ ਦੇ ਤੀਰਾਂ ਨਾਲ ਵਿੰਨਿ ਆ ਜਾਣ ਲੱਗਾ।"[29]

ਗ਼ੁਲਾਮ ਫ਼ਰੀਦ ਨੇ ਆਪਣੇ ਕਲਾਮ ਵਿਚ ਅਜਿਹੇ ਮਨੁੱਖ ਨੂੰ ਪਰਮਾਤਮਾ ਨਾਲੋਂ ਵਿਛੜ ਕੇ ਆਏ ਵਿਯੋਗੇ ਮਨੁੱਖ ਦੇ ਰੂਪ ਵਿਚ ਪੇਸ਼ ਕੀਤਾ ਹੈ। ਪਰਮਾਤਮਾ ਨਾਲੋਂ ਵਿਯੋਗਿਆ ਮਨੁੱਖ ਅਸਲ ਵਿਚ ਗ਼ੁਲਾਮ ਫ਼ਰੀਦ ਦੀ ਸਖਸ਼ੀਅਤ ਦਾ ਹੀ ਰੂਪ ਕਿਹਾ ਜਾ ਸਕਦਾ ਹੈ ਕਿਉਂਕਿ



Sri Satguru Jagjit Singh Ji eLibrary NamdhariElibrary@gmail.com

ਗ਼ੁਲਾਮ ਫ਼ਰੀਦ ਨੇ ਪਰਮਾਤਮਾ ਨਾਲੋਂ ਪਏ ਵਿਯੋਗ ਨੂੰ ਮਹਿਸੂਸ ਕਰਕੇ ਬਿਰਹਾ ਦੀ ਪੀੜ ਨੂੰ ਆਪਣੇ ਪਿੰਡੇ'ਤੇ ਹੰਢਾਇਆ ਸੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਗ਼ੁਲਾਮ ਫ਼ਰੀਦ ਦੀ ਕਵਿਤਾ ਹੱਡ-ਬੀਤੀ ਕਵਿਤਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ;

"ਇਸ ਸੂਫ਼ੀ ਕਾਵਿ ਪਰੰਪਰਾ ਦਾ ਅੰਤਿਮ ਮਹਤੱਵਪੂਰਨ ਕਵੀ ਗ਼ੁਲਾਮ ਫ਼ਰੀਦ ਹੈ ਜਿਸ ਦੀ ਕਾਵਿ ਰਚਨਾ ਵਿਚਲਾ ਵਿਯੋਗ ਅਥਵਾ ਬਿਰਹਾ ਦਾ ਰੰਗ ਉਸ ਦੀ ਵਿਲਕਦੀ ਆਤਮਾ ਦਾ ਪ੍ਰਤਿਬਿੰਬ ਹੈ। ਉਸ ਦਾ ਰੱਬ ਅਥਵਾ ਪਿਆਰਾ ਉਸ ਦੇ ਅਤਿ ਨਿਕਟ ਹੈ ਅਤੇ ਦ੍ਰਿਸ਼ਟਮਾਨ ਹਰ ਸ਼ੈਅ ਉਸ ਦਾ ਹੀ ਰੂਪ ਹੈ। ਉਸ ਦੇ ਪਿਆਰੇ ਦਾ ਪ੍ਰੇਮ ਬੜਾ ਵਿਚਿਤ੍ਰ ਅਤੇ ਆਨੰਦਮਈ ਹੈ।"[30]

"ਗ਼ੁਲਾਮ ਫ਼ਰੀਦ ਦੀ ਸਮੁੱਚੀ ਕਵਿਤਾ ਵਿਚ ਵਿਯੋਗ ਦੇ ਗੂੜੇ ਰੰਗ ਦੀ ਛਾਪ ਹੈ। ਸੂਫ਼ੀ ਸਿਧਾਂਤਕਾਰੀ ਅਨੁਸਾਰ ਉਸ ਨੂੰ (ਗ਼ੁਲਾਮ ਫ਼ਰੀਦ) ਨੂੰ ਹਕੀਕੀ ਇਸ਼ਕ ਦੀ ਥਾਂ ਮਜਾਜ਼ੀ ਇਸ਼ਕ ਦੇ ਜਜ਼ਬੇ ਦੀ ਪ੍ਰਧਾਨਤਾ ਵਾਲਾ ਸ਼ਾਇਰ ਕਿਹਾ ਜਾਂਦਾ ਹੈ। ਵਿਦਵਾਨਾਂ ਨੇ ਗ਼ੁਲਾਮ ਫ਼ਰੀਦ ਦੀ ਸ਼ਾਇਰੀ ਵਿਚ ਸੂਫ਼ੀ ਸਿਧਾਂਤਾਂ ਨੂੰ ਦੂਜੈਲੇ ਦਰਜ਼ੇ'ਤੇ ਰੱਖਣ ਅਤੇ ਸੰਸਾਰਕ ਪ੍ਰੇਮ ਦੇ ਮਿਲਾਪ-ਵਿਛੋੜੇ ਦੀਆਂ ਭਾਵਨਾਵਾਂ ਦੀ ਪ੍ਰਧਾਨਤਾ ਕਾਰਨ ਉਸ ਨੂੰ ਜ਼ਾਹਰ ਦੀ ਥਾਂ ਬਾਤਨ ਦਾ ਕਵੀ ਕਿਹਾ ਹੈ।"[31]

ਗ਼ੁਲਾਮ ਫ਼ਰੀਦ ਦੀ ਕਵਿਤਾ ਵਿਯੋਗ ਦੇ ਸਮੇਂ ਵਿਚ ਬਿਰਹਾ ਦੇ ਦਰਦ, ਵਿਛੋੜੇ ਦੀ ਪੀੜ , ਪਰਮਾਤਮਾ ਦੇ ਮਿਲਾਪ ਲਈ ਤੜਪ ਅਤੇ ਬਿਰਹੋਂ ਦੀ ਅਵਸਥਾ ਤੋਂ ਬਾਅਦ ਪ੍ਰਭੂ-ਮਿਲਾਪ ਦੀ ਪੇਸ਼ਕਾਰੀ ਕਰਦੀ ਹੈ। ਇਸ ਕਵਿਤਾ ਵਿਚ ਸਾਧਕ ਦੇ ਇਸ਼ਕ ਦੇ ਵਿਭਿੰਨ ਬਿੰਬ ਸਿਰਜੇ ਗਏ ਹਨ। ਸਾਧਕ ਨੂੰ ਰੱਬੀ ਰਾਹ ਉੱਤੇ ਚੱਲਣ ਲਈ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਇਹ ਸਭ ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਪੇਸ਼ ਕੀਤਾ ਗਿਆ ਹੈ;

"ਖ਼ਵਾਜਾ ਸਾਹਿਬ ਦੀ ਸ਼ਾਇਰੀ ਵਿਚ ਪੀੜ੍ਹਾਂ, ਚੀਸਾਂ, ਟੀਸਾਂ, ਦੁੱਖ, ਦਰਦ ਤੇ ਬਿਰਹੋਂ ਦੀਆਂ ਚੀਕਾਂ ਤਾਂ ਮੌਜੂਦ ਨੇ ਪਰ ਉਨ੍ਹਾਂ ਦਾ ਸਨੇਹਾ ਬੇਅਮੀਦਾਂ ਸਨੇਹਾ ਨਹੀਂ। ਉਹ ਦੱਸਦੇ ਨੇ ਪਈ ਏਸ ਇਸ਼ਕ ਪਿਆਰ ਦੇ ਵਿਹੜੇ ਵਿਚ ਇਹ ਸਭੋ ਕੁਝ ਏ, ਏਸ ਪੰਡ ਨੂੰ ਢਾਣਾ ਬੜਾ ਔਖਾ ਕੰਮ ਏ। ਆਸ਼ਕ ਹਮੇਸ਼ਾ ਔਕੜਾਂ, ਮੁਸੀਬਤਾਂ ਤੇ ਇਮਤਿਹਾਨਾਂ ਵਿਚ ਈ ਫਾਥੇ ਰਹਿੰਦੇ ਨੇ, ਪਰ ਹਿੰਮਤ ਕਦੇ ਨਹੀਂ ਹਾਰਦੇ।"[32]

ਗ਼ੁਲਾਮ ਫ਼ਰੀਦ ਦਾ ਵਿਯੋਗ ਕੇਵਲ ਪਰਮਾਤਮਾ ਨਾਲੋਂ ਹੀ ਨਹੀਂ ਪਿਆ ਬਲਕਿ ਇਹ ਵਿਯੋਗ ਮੁਰਸ਼ਦ ਨਾਲੋਂ ਵੀ ਪਿਆ ਹੈ। ਮੁਰਸ਼ਦ ਨਾਲੋਂ ਪਿਆ ਵਿਯੋਗ ਸਾਧਕ ਨੂੰ ਕਿਸੇ ਵੀ ਦਿਸ਼ਾ ਵਾਲੇ ਪਾਸੇ ਨਹੀਂ ਜਾਣ ਦਿੰਦਾ ਕਿਉਂਕਿ ਸਾਧਕ ਨੂੰ ਖ਼ੁਦ ਇਤਨਾ ਗਿਆਨ ਨਹੀਂ ਹੈ ਕਿ ਉਸ ਨੇ ਕਿਸ ਦਿਸ਼ਾ ਵਾਲੇ ਪਾਸੇ ਪਰਮਾਤਮਾ ਦੀ ਖੋਜ ਕਰਨੀ ਹੈ ਜਾਂ ਪਰਮਾਤਮਾ ਨੂੰ ਪਾਉਣ ਲਈ ਉਪਰਾਲੇ ਕਰਨੇ ਹਨ। ਜਿਸ ਵੇਲੇ ਸਾਧਕ ਨੂੰ ਮੁਰਸ਼ਦ ਦਾ ਮਿਲਾਪ ਹੋ ਜਾਂਦਾ ਹੈ ਤਾਂ ਉਹ ਆਪਣੇ ਕਾਮਿਲ ਮੁਰਸ਼ਦ ਦੀ ਅਗਵਾਈ ਵਿਚ ਰੱਬੀ-ਇਸ਼ਕ ਦੇ ਮਾਰਗ ਤੇ ਕਦਮ ਪੁੱਟਦਾ ਹੈ। ਸਾਧਕ ਦਾ ਇਹ ਕਦਮ ਹੀ ਪਰਮਾਤਮਾ ਨੂੰ ਪਾਉਣ ਲਈ ਕੀਤਾ ਗਿਆ ਪਹਿਲਾ ਉਪਰਾਲਾ ਕਿਹਾ ਜਾਂਦਾ ਹੈ;

"ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਪਰਮਾਤਮਾ ਅਤੇ ਹਜ਼ਰਤ ਮੁਹੰਮਦ ਨਾਲੋਂ ਪਏ ਵਿਯੋਗ ਤੋਂ ਉਤਪੰਨ ਬਿਰਹਾ ਦੀ ਕਵਿਤਾ ਹੈ ਪਰ ਗ਼ੁਲਾਮ ਫ਼ਰੀਦ ਨੇ ਆਪਣੇ ਲਕਸ਼ ਨੂੰ



Sri Satguru Jagjit Singh Ji eLibrary NamdhariElibrary@gmail.com

ਆਪਣੇ ਨਾਲੋਂ ਕਦੇ ਵੀ ਦੂਰ ਨਹੀਂ ਮੰਨਿਆਂ, ਪਰ ਕਈ ਵਾਰ ਗ਼ੁਲਾਮ ਫ਼ਰੀਦ ਨੂੰ ਇਹ ਵਿਯੋਗ ਬਹੁਤ ਜਿਆਦਾ ਲੰਮਾ ਲੱਗਾ ਤੇ ਉਹ ਪਰਮਾਤਮਾ ਦੇ ਵਿਯੋਗ ਵਿਚ ਹੰਝੂ ਵਹਾਉਂਦਾ ਹੈ। ਉਹ ਪਰਮਾਤਮਾ ਦੇ ਵਿਯੋਗ ਵਿਚ ਬਿਰਹਾ ਦੇ ਗੀਤ ਗਾਉਂਦਾ ਹੈ। ਗ਼ੁਲਾਮ ਫ਼ਰੀਦ ਦੇ ਅਨੁਸਾਰ ਮਨੁੱਖੀ ਸਰੀਰ ਸਭ ਤੋਂ ਜਿਆਦਾ ਆਗਿਆਕਾਰੀ ਦੇ ਰੂਪ ਵਿਚ ਕੰਮ ਕਰਦਾ ਹੈ ਪਰ ਆਤਮਾ ਦਾ ਮਿਲਾਪ ਹੀ ਪਰਮਾਤਮਾ ਦਾ ਮਿਲਾਪ ਮੰਨਿਆ ਗਿਆ ਹੈ। ਉਹ ਆਪਣੇ ਮਨ ਅਤੇ ਸਰੀਰ ਦੀਆਂ ਸਾਰੀਆਂ ਸ਼ਕਤੀਆਂ ਦਾ ਇਸ ਲਈ ਪ੍ਰਯੋਗ ਕਰਦਾ ਹੈ ਤਾਂ ਕਿ ਉਸ ਨੂੰ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਹੋ ਸਕੇ। ਗ਼ੁਲਾਮ ਫ਼ਰੀਦ ਦਾ ਅੰਤਿਮ ਲਕਸ਼ ਇਹ ਹੈ ਕਿ ਉਹ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਸਕੇ।"[33]

ਸੂਫ਼ੀ ਸਾਧਕਾਂ ਲਈ ਪਰਮਾਤਮਾ ਦਾ ਵਿਯੋਗ ਇਕ ਪਲ ਲਈ ਵੀ ਸਹਿਣ ਕਰਨਾ ਬਹੁਤ ਕਠਿਨ ਹੈ ਕਿਉਂਕਿ ਉਹ ਆਪਣੇ ਪ੍ਰੀਤਮ ਦਾ ਵਿਯੋਗ ਅਤੇ ਇਸ ਤੋਂ ਉਤਪੰਨ ਬਿਰਹਾ ਦੀ ਤੜਪ ਨੂੰ ਆਪਣੇ ਸਰੀਰ ਅਤੇ ਮਨ ਤੇ ਸਹਿਣ ਨਹੀਂ ਕਰ ਸਕਦੇ। ਸੂਫ਼ੀ ਸਾਧਕ ਦੀ ਇਕ ਅਹਿਮ ਵਿਸ਼ੇਸ਼ਤਾ ਇਹ ਹੈ ਕਿ ਉਹ ਪਰਮਾਤਮਾ ਦੇ ਮਿਲਾਪ ਤੋਂ ਬਾਅਦ ਵੀ ਉਸ ਦੇ ਮਿਲਾਪ ਦੀ ਤਾਂਘ ਨੂੰ ਆਪਣੇ ਅੰਤਰ-ਮਨ ਵਿਚ ਜਗਾਈ ਰੱਖਦਾ ਹੈ ਕਿਉਂਕਿ ਪਰਮਾਤਮਾ ਨੂੰ ਪ੍ਰਾਪਤ ਕਰਨ ਤੋਂ ਬਾਅਦ ਵੀ ਸੂਫ਼ੀ ਪਰਮਾਤਮਾ ਵਿਚ ਫ਼ਨਾ ਹੋਣ ਦੀ ਇੱਛਾ ਆਪਣੇ ਮਨ ਵਿਚ ਰੱਖਦਾ ਹੈ। ਇਹ ਫ਼ਨਾ ਦੀ ਅਵਸਥਾ ਮੁਕਤੀ ਦੀ ਅਵਸਥਾ ਹੈ। ਇਸ ਅਵਸਥਾ ਵਿਚ ਸੂਫ਼ੀ ਸਾਧਕ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਸੂਫ਼ੀ ਸਾਧਕ ਦੀ ਆਪਣੀ ਹਸਤੀ ਮਿਟ ਜਾਂਦੀ ਹੈ;

"ਸੂਫ਼ੀਆਂ ਵਿਚ ਬਿਰਹਾ ਦਾ ਵਰਣਨ ਜਦੋਂ ਕੀਤਾ ਜਾਂਦਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਨ੍ਹਾਂ ਨੂੰ ਰੱਬ ਦੇ ਦਰਸ਼ਨ ਨਹੀਂ ਹੁੰਦੇ। ਅਸਲ ਗੱਲ ਇਹ ਹੈ ਕਿ ਮੱਛੀ ਪਾਣੀ ਵਿਚ ਰਹਿੰਦਿਆਂ ਵੀ ਪਾਣੀ ਨੂੰ ਸਿਮਰਦੀ ਹੈ। ਇਸੇ ਤਰ੍ਹਾਂ ਸੂਫ਼ੀ ਰੱਬ ਨੂੰ ਪਾ ਕੇ ਵੀ, ਉਸ ਨੂੰ ਹੋਰ ਤਾਂਘਦੇ ਹਨ। ਇਕ ਪਲ ਦਾ ਵਿਛੋੜਾ ਵੀ ਉਨ੍ਹਾਂ ਲਈ ਸਹਿਣਾ ਕਠਿਨ ਹੈ।"[34]

ਜੀਵਾਤਮਾ ਪਰਮਾਤਮਾ ਦੇ ਵਿਯੋਗ ਵਿਚ ਦੁੱਖ ਦਾ ਸੰਤਾਪ ਹੰਢਾ ਰਹੀ ਹੈ। ਜੀਵਾਤਮਾ ਆਪਣੇ ਪ੍ਰੀਤਮ ਦੇ ਦੀਦਾਰ ਲਈ ਤਰਸਦੀ ਹੈ ਕਿਉਂਕਿ ਉਸਦਾ ਪ੍ਰੀਤਮ-ਪਿਆਰਾ ਬਹੁਤ ਸੁੰਦਰ ਹੈ। ਖ਼ਵਾਜਾ ਗ਼ੁਲਾਮ ਫ਼ਰੀਦ ਦੇ ਅਨੁਸਾਰ ਪਿਆਰੇ ਦੀ ਉਡੀਕ ਵਿਚ ਵਿਆਕੁਲ ਨਾਇਕਾ ਆਖ਼ੀਰ ਤੱਕ ਪ੍ਰੀਤਮ ਦੇ ਦੀਦਾਰ ਦਾ ਇੰਤਜ਼ਾਰ ਕਰਦੀ ਹੈ;

"ਵਾਹ ਸੋਹਣਾਂ ਢੋਲਨ ਯਾਰ ਸਜਨ।
ਵਾ ਸਾਂਵਲ ਹੋਤ ਹਜਾਜ਼ ਵਤਨ॥
ਡਾ ਡੇਖ ਫ਼ਰੀਦ ਦਾ ਬੈਤ ਹਜ਼ਨ।
ਹਮ ਰੋਜ਼ ਅਜ਼ਲ ਦੀ ਤਾਂਘ ਤਲਬ॥"[35]

ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਪਰਮਾਤਮਾ ਨਾਲੋਂ ਪਏ ਹੋਏ ਵਿਯੋਗ ਦੇ ਕਾਰਣ ਉਤਪੰਨ ਹੋਈ ਬਿਰਹਾ ਦਾ ਦਰਦ ਮੇਰੇ ਹਿੱਸੇ ਵਿਚ ਆ ਗਿਆ ਹੈ ਅਤੇ ਮੈਂ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਬਿਰਹਾ ਦੇ ਦਰਦ ਨੂੰ ਹੰਢਾ ਰਿਹਾ ਹਾਂ। ਉਸ ਦੇ ਅਨੁਸਾਰ ਜੀਵਾਤਮਾ ਨੇ ਪ੍ਰੀਤਮ ਦੇ ਪਿਆਰ ਵਿਚ ਬਿਰਹਾ ਦੇ ਗਾਨੇ ਆਪਣੇ ਹੱਥਾਂ ਵਿਚ ਬੰਨ ਲਏ ਹਨ। ਜਿਸ ਵੇਲੇ ਜੀਵਾਤਮਾ ਨੂੰ ਆਪਣੇ ਪ੍ਰੀਤਮ ਦੇ ਦੀਦਾਰ ਹੋਣਗੇ ਉਸ ਵੇਲੇ ਹੀ ਉਸ ਜੀਵਾਤਮਾ ਦੇ ਬਿਰਹਾ ਦਾ ਅੰਤ ਹੋ ਜਾਵੇਗਾ। ਜੀਵਾਤਮਾ ਦੀ ਬਿਰਹਾ ਦੇ ਅੰਤ ਲਈ ਕੇਵਲ ਇਕ ਹੀ ਉਪਾਅ ਹੈ ਅਤੇ ਉਸ ਉਪਾਅ ਅਨੁਸਾਰ ਸਾਧਕ ਨੂੰ ਪ੍ਰੀਤਮ ਦੇ ਦੀਦਾਰ ਹੋਣੇ ਲਾਜ਼ਮੀ ਹਨ;



Sri Satguru Jagjit Singh Ji eLibrary NamdhariElibrary@gmail.com

"ਦਰਦ ਪਏ ਦਿਲ ਪੇਟੇ। ਡਿਤੜੇ ਯਾਰ ਰੰਝੇਟੇ॥
ਮੈਂ ਬੈਠੀ ਗਈ ਉਮਰ ਨ ਆਏ। ਲਾਵੀਂ ਲਹਿਨ ਦੇ ਨੇਟੇ॥
ਹਥੜੀਂ ਪੈਰੀਂ ਗ਼ਮ ਦੇ ਗਾਨੇ। ਸਰ ਸੂਲਾਂ ਦੇ ਰੇਟੇ॥
ਸੇਗੀ ਸੁਰਤੀ ਲਗੜੇ ਝੇੜੇ। ਸਕੜੀਂ ਸੋ ਰਹੀ ਫੇਟੇ॥
ਸਾਂਵਲ ਆਵੇ ਆ ਗਲ ਲਾਵੇ। ਮਹਿਜੋਂ ਸੇਜੀਂ ਲੇਟੇ॥
ਦਿਲੜੇ ਸੋਂ ਸੋਂ ਜ਼ਖਮ ਕੁਲੱਲੜੇ। ਸੀਨੇ ਸਖ਼ਤ ਚਪੇਟੇ॥
ਯਾਰ ਫ਼ਰੀਦ ਸੰਭਾਲਮ ਜੈਦੀਂ। ਰੱਬ ਡੁਖ ਡੁਖੜੇ ਮੇਟੇ॥"[36]

ਜੀਵਾਤਮਾ ਲਈ ਪਰਮਾਤਮਾ ਦਾ ਵਿਯੋਗ ਹੀ ਬਿਰਹਾ ਦੀ ਪੀੜ ਨੂੰ ਪ੍ਰਚੰਡ ਰੂਪ ਪ੍ਰਦਾਨ ਕਰ ਰਿਹਾ ਹੈ। ਇਸ ਬਿਰਹਾ ਤੋਂ ਬਚਾਉ ਦਾ ਕੇਵਲ ਇਕ ਹੀ ਤਰੀਕਾ ਗ਼ੁਲਾਮ ਫ਼ਰੀਦ ਉਪਰੋਕਤ ਕਾਫ਼ੀ ਵਿਚ ਬਿਆਨ ਕਰਦੇ ਹਨ ਅਤੇ ਇਸ ਤਰੀਕੇ ਅਨੁਸਾਰ ਸਾਂਵਲ ਆਵੇ ਆ ਗਲ ਲਾਵੇ ਭਾਵ ਪ੍ਰੀਤਮ ਦਾ ਮਿਲਾਪ ਹੀ ਬਿਰਹਨ ਹੋਈ ਨਾਇਕਾ ਦੀ ਪੀੜ ਨੂੰ ਖ਼ਤਮ ਕਰ ਸਕਦਾ ਹੈ ਹੋਰ ਕਿਸੇ ਤਰੀਕੇ ਨਾਲ ਨਾਇਕਾ ਨੂੰ ਸੰਤੁਸ਼ਟੀ ਨਹੀਂ ਮਿਲ ਸਕਦੀ। ਵਿਯੋਗ ਦੀ ਅੱਗ ਵਿਚ ਸੜ ਰਹੀ ਨਾਇਕਾ ਨੂੰ ਆਪਣੇ ਸਭ ਹਾਰ-ਸ਼ਿੰਗਾਰ ਵਿਅਰਥ ਜਾਪਦੇ ਹਨ। ਬਿਰਹਨ ਨਾਇਕਾ ਨੂੰ ਸੁਹਾਵੀ ਰੁੱਤ ਵੀ ਬੁਰੀ ਲੱਗਦੀ ਹੈ। ਉਸ ਨੂੰ ਫੁੱਲਾਂ ਦੇ ਹਾਰ ਕੰਡਿਆਂ ਦੇ ਸਮਾਨ ਪ੍ਰਤੀਤ ਹੁੰਦੇ ਹਨ ਕਿਉਂਕਿ ਉਸ ਦਾ ਪ੍ਰੀਤਮ-ਪਿਆਰਾ ਉਸ ਨਾਲੋਂ ਵਿਛੜ ਗਿਆ ਹੈ। ਇਸ ਵਿਯੋਗ ਕਾਰਣ ਬਿਰਹਨ ਹੋਈ ਨਾਇਕਾ ਬਿਰਹਾ ਦਾ ਸੰਤਾਪ ਆਪਣੇ ਪਿੰਡੇ ਉੱਤੇ ਹੰਢਾ ਰਹੀ ਹੈ;

"ਸੇਧੀਆਂ ਕਚੜੀਆਂ ਮੇਂਦੀਆਂ ਫਕੜੀਆਂ। ਕੱਜਲੇ ਉਜੜੇ ਸੁਰਖੀਆਂ ਬਿਖੜੀਆਂ॥
ਯਾਸਾਂ ਮਿਲੀਆਂ ਆਸਾਂ ਨਿਖੜੀਆਂ। ਲੂੰ ਲੂੰ ਵੈਣ ਦਲੇਂਦੀ ਹੈ॥
ਤੁਲ ਨਿਹਾਲੀਆਂ ਦਾਰ ਡਿਸੀਜਨ। ਹਾਰ ਫੁਲਾਂ ਦੇ ਖਾਰ ਡਿਸੀਜਨ॥
ਸਿਹਨ ਹਵੇਲੀਆਂ ਪਾਰ ਡਿਸੀਜਨ। ਸਬ ਸ਼ੈ ਮੁੰਝ ਵਧੇਂਦੇ ਹੈ॥"[37]

ਪ੍ਰੀਤਮ ਦੇ ਵਿਯੋਗ ਵਿਚ ਬਿਰਹਨ ਹੋਈ ਨਾਇਕਾ ਨੂੰ ਸੋਹਣੀਆਂ ਹਵੇਲੀਆਂ ਵੀ ਬਿਆਬਾਨ ਖੰਡਹਰਾਂ ਵਾਂਗ ਜਾਪ ਰਹੀਆਂ ਹਨ; ਫੁੱਲਾਂ ਦੇ ਹਾਰ ਸੱਪਾਂ ਦੇ ਵਾਂਗ ਲੱਗ ਰਹੇ ਹਨ; ਹਾਰ-ਸ਼ਿੰਗਾਰ ਚੰਗੇ ਨਹੀਂ ਲੱਗ ਰਹੇ; ਪ੍ਰੀਤਮ ਦੀਆਂ ਯਾਦਾਂ ਬਿਰਹਾ ਦੇ ਦਰਦ ਨੂੰ ਹੋਰ ਵਧਾ ਰਹੀਆਂ ਹਨ;

"ਭੱਠ ਪਿਆ ਸੁਰਮਾ ਸੁਰਖੀ ਕੱਜਲਾ ਭੱਠ ਪਿਆ ਹਾਰ ਸੰਗਾਰੇ।
ਸੰਗੀਆਂ ਸਈਆਂ ਨਿੱਤ ਸਤਾਵਨ ਮਾਂ ਪਿਉ ਵੀਰਨ ਮਾਰੇ।
ਸੈ ਸੈ ਮਿੰਨਤਾਂ ਜ਼ਾਰੀਆਂ ਕੀਤਮ ਰਹਿੰਦਾ ਯਾਰ ਬੇਜ਼ਾਰੇ।
ਆਖ ਫ਼ਰੀਦ ਦਿਲਦਾਰ ਨੇ ਰੋਲਿਆ ਹੁਣ ਰੋਣੋਂ ਨਾਲ ਵਪਾਰੇ।"[38]

ਪਰਮਾਤਮਾ ਨਾਲੋਂ ਪਿਆ ਵਿਯੋਗ ਬਿਰਹਨ ਨਾਇਕਾ ਨੂੰ ਦੁੱਖ ਦੇ ਰਿਹਾ ਹੈ। ਉਸ ਨੂੰ ਆਪਣੇ ਤਨ ਤੇ ਪਾਏ ਮਲਮਲ ਅਤੇ ਰੇਸ਼ਮੀ ਕਪੜੇ ਚੰਗੇ ਨਹੀਂ ਲੱਗ ਰਹੇ ਅਤੇ ਪ੍ਰੀਤਮ ਦੇ ਵਿਯੋਗ ਵਿਚ ਨਾਇਕਾ ਨੇ ਉਹ ਕਪੜੇ ਪਾੜ ਦਿੱਤੇ ਹਨ। ਉਸ ਨਾਇਕਾ ਨੂੰ ਪ੍ਰੀਤਮ ਦੇ ਵਿਯੋਗ ਵਿਚ ਬਤੀਤ ਹੋ ਰਿਹਾ ਇਕ-ਇਕ ਪਲ ਹਜ਼ਾਰਾਂ ਸਾਲਾਂ ਵਾਂਗ ਲੱਗ ਰਿਹਾ ਹੈ ਭਾਵ ਪ੍ਰੀਤਮ ਨਾਲੋਂ ਪਏ ਵਿਯੋਗ ਦਾ ਸਮਾਂ ਬਹੁਤ ਲੰਮਰਾ ਹੋ ਗਿਆ ਹੈ ਅਤੇ ਦਿਨ ਇਸ ਤਰ੍ਹਾਂ ਲੰਘ ਰਹੇ ਹਨ ਜਿਵੇਂ ਇਹ ਦਿਨ ਬਹੁਤ ਉੱਚੇ ਪਹਾੜ ਬਣ ਗਏ ਹੋਣ;



Sri Satguru Jagjit Singh Ji eLibrary NamdhariElibrary@gmail.com

"ਜੈਂ ਡੇਂਹ ਯਾਰ ਅਸਾਂ ਤੋਂ ਰੁਠਰੇ।
ਬਠ ਪਏ ਡੋਰੀਏ ਮਲਮਲ ਪਠਰੇ।
ਚਰ ਚਰ ਚਰ ਬੁਘ ਤੇ ਆਲ।"[39]

ਪ੍ਰੀਤਮ ਦੇ ਵਿਯੋਗ ਵਿਚ ਨਾਇਕਾ ਕਹਿੰਦੀ ਹੈ ਕਿ ਪ੍ਰੀਤਮ ਦੇ ਇਸ ਵਿਯੋਗ ਨੇ ਮੈਨੂੰ ਬੇਜ਼ਾਰ ਕਰਕੇ ਰੋਣ ਲਗਾ ਦਿੱਤਾ ਹੈ। ਵਿਯੋਗਣ ਨਾਇਕਾ ਆਖਦੀ ਹੈ ਕਿ ਹੁਣ ਮੈਨੂੰ ਕੋਈ ਹਾਰ-ਸ਼ਿੰਗਾਰ ਚੰਗੇ ਨਹੀਂ ਲੱਗਦੇ ਕਿਉਂਕਿ ਮੈਂ ਆਪਣੇ ਪ੍ਰੀਤਮ ਨਾਲੋਂ ਵਿਯੋਗ ਦਾ ਸੰਤਾਪ ਹੰਢਾ ਰਹੀ ਹਾਂ। ਪਰਮਾਤਮਾ ਦੇ ਵਿਯੋਗ ਨੇ ਮੇਰੇ ਮਨ ਵਿਚ ਬਿਰਹਾ ਦੀ ਪੀੜ ਨੂੰ ਪ੍ਰਚੰਡ ਕਰ ਦਿੱਤਾ ਹੈ ਅਤੇ ਜਿਸ ਸਮੇਂ ਤੱਕ ਮੇਰਾ ਪ੍ਰੀਤਮ ਮੇਰੇ ਕੋਲ ਨਹੀਂ ਆ ਜਾਂਦਾ ਉਸ ਸਮੇਂ ਤੱਕ ਮੈਂ ਆਪਣੇ ਪ੍ਰੀਤਮ ਦੀ ਯਾਦ ਵਿਚ ਗੁਆਚੀ ਰਹਾਂਗੀ। ਪਰਮਾਤਮਾ ਦੇ ਵਿਯੋਗ ਵਿਚ ਬਿਰਹਨ ਹੋਈ ਨਾਇਕਾ ਹਰ ਵੇਲੇ ਆਪਣੇ ਦਿਲਬਰ ਨੂੰ ਮਿਲਣ ਦੀ ਚਾਹਤ ਆਪਣੇ ਅੰਤਰ-ਮਨ ਵਿਚ ਜਗਾਈ ਰੱਖਦੀ ਹੈ। ਉਸ ਨਾਇਕਾ ਦਾ ਹਾਲ ਬੀਮਾਰਾਂ ਦੇ ਵਾਂਗ ਹੋ ਗਿਆ ਹੈ ਅਤੇ ਉਹ ਕਹਿੰਦੀ ਹੈ ਕਿ ਪ੍ਰੀਤਮ ਤੋਂ ਬਿਨਾਂ ਜਿਵੇਂ ਮੇਰਾ ਇਹ ਜੀਵਨ ਉਜੜ ਗਿਆ ਹੈ। ਨਾਇਕਾ ਕਹਿੰਦੀ ਹੈ ਕਿ ਮੈਂ ਆਪਣੇ ਪ੍ਰੀਤਮ ਦੀਆਂ ਮਿੰਨਤਾਂ ਕਰ ਰਹੀ ਹਾਂ ਕਿ ਉਹ ਮੈਨੂੰ ਆਪਣੇ ਨਾਲ ਮਿਲਾਪ ਕਰਵਾ ਕੇ ਮੇਰੀ ਵਿਯੋਗ ਦੀ ਅਵਸਥਾ ਦਾ ਅੰਤ ਕਰ ਦੇਵੇ;

"ਹਰ ਵੇਲੇ ਤਾਂਘ ਦਿਲਬਰ ਦੀ ਰੋ ਰੋ ਕਾਗ ਉਡਾਰਾਂ,
ਫਾਲ ਪਾਵਾਂ ਕਾਸ਼ਦ ਭੇਜਾਂ ਥੀ ਗਿਆ ਹਾਲ ਬੀਮਾਰਾਂ।
ਯਾਰ ਬਾਝੋਂ ਹੁਣ ਜੀਵਨ ਕੂੜੇ ਅੰਦਰ ਦਰਦ ਹਜ਼ਾਰਾਂ,
ਗ਼ੁਲਾਮ ਫ਼ਰੀਦ ਮੈਂ ਰੋਵਾਂ ਏਵੇਂ ਜਿਵੇਂ ਵਿਛੜੀ ਕੂੰਜ ਉਤਾਰਾਂ।"[40]

ਪਰਮਾਤਮਾ ਦੇ ਵਿਯੋਗ ਵਿਚ ਵਿਆਕੁਲ ਨਾਇਕਾ ਕਹਿੰਦੀ ਹੈ ਕਿ ਜਿਸ ਤਰ੍ਹਾਂ ਮੇਰੇ ਨਾਲ ਤਕਦੀਰ (ਕਿਸਮਤ) ਨੇ ਖੇਡ ਖੇਡੀ ਹੈ ਉਸ ਤਰ੍ਹਾਂ ਰੱਬ ਦੁਸ਼ਮਣ ਨਾਲ ਵੀ ਨਾ ਕਰੇ। ਉਹ ਕਹਿੰਦੀ ਹੈ ਕਿ ਮੇਰੀ ਤਕਦੀਰ ਨੇ ਮੇਰਾ ਆਪਣੇ ਪ੍ਰੀਤਮ ਨਾਲੋਂ ਵਿਯੋਗ ਪਾ ਦਿੱਤਾ ਹੈ। ਪ੍ਰੀਤਮ ਦੇ ਵਿਯੋਗ ਵਿਚ ਮੈਂ ਰੋ-ਰੋ ਕੇ ਆਪਣੇ ਮਾਹੀ/ਕੰਤ ਨੂੰ ਯਾਦ ਕਰ ਰਹੀ ਹਾਂ। ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਜਿਸ ਤਰ੍ਹਾਂ ਪ੍ਰੀਤਮ ਦੇ ਵਿਯੋਗ ਵਿਚ ਵਿਆਕੁਲ ਨਾਇਕਾ ਦੀ ਜਿੰਦ ਕੁਰਲਾ ਰਹੀ ਹੈ ਇਸ ਤਰ੍ਹਾਂ ਕਿਸੇ ਦੀ ਜਿੰਦ ਆਪਣੇ ਮਾਹੀ ਤੋਂ ਬਿਨਾਂ ਨਾ ਕੁਰਲਾਵੇ ਅਤੇ ਜਿਸ ਪ੍ਰਕਾਰ ਉਸ ਦੇ ਪ੍ਰੀਤਮ ਨੇ ਉਸ ਨੂੰ ਆਪਣੇ ਨਾਲੋਂ ਵਿਛੋੜ ਦਿੱਤਾ ਹੈ ਇਸ ਤਰ੍ਹਾਂ ਪ੍ਰੀਤਮ ਕਿਸੇ ਨੂੰ ਵੀ ਆਪਣੇ ਤੋਂ ਦੂਰ ਨਾ ਕਰੇ;

"ਦਰਦਾਂ ਮਾਰੀ ਰੋ ਰੋ ਹਾਰੀ ਨਹੀਂ ਪਏ ਆਦੇ ਦੋਸਤ ਦਿਲੇਂਦੇ।
ਜਿਵੇਂ ਦਿਲਬਰ ਮੈਂ ਨਾਲ ਕੀਤੀ ਇਵੇਂ ਦੁਸ਼ਮਣ ਨਾ ਕਰੇਂਦੇ।
ਸੁੰਜਰ ਥਲ ਹਬਲ ਦੇ ਵਿਚ ਕਿਉਂ ਵਲ ਵਲ ਰੋਲੇ ਡੇਂਦੇ।
ਯਾਰ ਫ਼ਰੀਦ ਮੰਗਾਂ ਦੁਆਈਂ ਨਾ ਨਿਖੜਣ ਸਾਰ ਕਹੇਂਦੇ।"[41]

ਪਰਮਾਤਮਾ ਦੇ ਵਿਯੋਗ ਵਿਚ ਬਿਰਹਨ ਨਾਇਕਾ ਕਹਿੰਦੀ ਹੈ ਕਿ ਪ੍ਰੀਤਮ ਦੇ ਵਿਯੋਗ ਦੀ ਅਵਸਥਾ ਵਿਚ ਮੇਰੀ ਕਿਸਮਤ ਨੇ ਵੀ ਮੇਰਾ ਸਾਥ ਛੱਡ ਦਿੱਤਾ ਹੈ। ਮੇਰੇ ਸਰੀਰ ਦਾ ਰੰਗ ਪੀਲਾ ਹੋ ਗਿਆ ਹੈ ਅਤੇ ਵਿਯੋਗ ਨੇ ਮੈਨੂੰ ਬੀਮਾਰ ਕਰ ਦਿੱਤਾ ਹੈ। ਗ਼ੁਲਾਮ ਫ਼ਰੀਦ ਅਨੁਸਾਰ ਜਦੋਂ ਕਿਸੇ ਨਾਇਕਾ ਦੀ ਕਿਸਮਤ ਠੀਕ ਹੁੰਦੀ ਹੈ ਤਾਂ ਉਸ ਨਾਇਕਾ ਨੂੰ ਆਪਣੇ ਪ੍ਰੀਤਮ ਦਾ ਦੀਦਾਰ ਹੋ ਜਾਂਦਾ ਹੈ ਪਰ ਮੇਰੀ ਕਿਸਮਤ ਨੇ ਵੀ ਮੇਰੇ ਨਾਲ ਦਗ਼ਾ ਕੀਤਾ ਹੈ ਕਿਉਂਕਿ ਮੈਨੂੰ ਆਪਣੇ ਪ੍ਰੀਤਮ



Sri Satguru Jagjit Singh Ji eLibrary NamdhariElibrary@gmail.com

ਦਾ ਦੀਦਾਰ ਨਹੀਂ ਹੋ ਰਿਹਾ। ਪ੍ਰੀਤਮ ਦੇ ਵਿਯੋਗ ਨੇ ਹੀ ਸਾਰੇ ਦੁੱਖਾਂ ਨੂੰ ਜਨਮ ਦਿੱਤਾ ਹੈ;

"ਵਾਹ ! ਕਿਸਮਤ ਦਿਲਬਰ ਨਾ ਆਇਆ ਦਰਦੋਂ ਨਿਤ ਕੁਰਲਾਵਾਂ।
ਦਰਦ ਫ਼ਿਰਾਕ ਬੀਮਾਰ ਕੀਤਾ ਮੈਂ ਰੋਂਦੀ ਵਕਤ ਨਿਭਾਵਾਂ।
ਮੁੰਝ ਕਨੂੰ ਰੰਗ ਸਾਵਾ ਪੀਲਾ ਕਿਆ ਸੁੰਜੜੀ ਸੇਜ ਵਿਛਾਵਾਂ।
ਯਾਰ ਫ਼ਰੀਦ ਆਵੇ ਹਿੱਕ ਵਾਰੀਂ ਮੈਂ ਤਾਂ ਸਾਰੇ ਦਰਦ ਸੁਣਾਵਾਂ।"[42]

ਪ੍ਰੀਤਮ ਦੇ ਵਿਯੋਗ ਵਿਚ ਬਿਹਬਲ ਨਾਇਕਾ ਕਹਿੰਦੀ ਹੈ ਕਿ ਜੇਕਰ ਇਕ ਵਾਰ ਮੈਨੂੰ ਮੇਰਾ ਪ੍ਰੀਤਮ-ਪਿਆਰਾ ਮਿਲ ਜਾਵੇ ਤਾਂ ਮੈਂ ਆਪਣੇ ਸਾਰੇ ਦੁੱਖੜੇ ਉਸ ਪਿਆਰੇ ਨੂੰ ਸੁਣਾ ਦੇਵਾਂ। ਉਸ ਪ੍ਰੀਤਮ ਦੇ ਵਿਯੋਗ ਦੀ ਅਵਸਥਾ ਵਿਚ ਜਿਹੜੇ ਦੁੱਖਾਂ ਨੂੰ ਮੈਂ ਆਪਣੇ ਪਿੰਡੇ ਤੇ ਹੰਢਾਇਆ ਹੈ ਉਹ ਸਾਰੇ ਦੁੱਖ ਆਪਣੇ ਪ੍ਰੀਤਮ ਨੂੰ ਸੁਣਾ ਦੇਵਾਂ, ਇਹੀ ਮੇਰੀ ਇੱਛਾ ਹੈ। ਪਰਮਾਤਮਾ ਨਾਲੋਂ ਪਿਆ ਇਹ ਵਿਯੋਗ ਨਾਇਕਾ ਨੂੰ ਬਿਰਹਾ ਦੀ ਪੀੜ ਵਿਚ ਵਿਆਕੁਲ ਕਰ ਰਿਹਾ ਹੈ। ਉਹ ਮੁਰਸ਼ਦ ਦੀ ਅਗਵਾਈ ਵਿਚ ਆਪਣੇ ਪ੍ਰੀਤਮ ਨੂੰ ਇਸ਼ਕ ਰਾਹੀਂ ਪ੍ਰਾਪਤ ਕਰਨਾ ਚਾਹੁੰਦੀ ਹੈ। ਇਸ਼ਕ ਇਕ ਅਜਿਹਾ ਜ਼ਰੀਆ ਹੈ ਜਿਸ ਦੁਆਰਾ ਕੰਤ ਦੀ ਪ੍ਰਾਪਤੀ ਸੰਭਵ ਹੈ ਪਰ ਇਸ ਇਸ਼ਕ ਨੂੰ ਕਰਨਾ ਬਹੁਤ ਮੁਸ਼ਕਿਲ ਹੈ। ਇਸ਼ਕ ਵਿਚ ਵਿਅਕਤੀ ਨੂੰ ਆਪਣੇ ਆਪੇ ਦੀ ਸੁੱਧ-ਬੁੱਧ ਨਹੀਂ ਰਹਿੰਦੀ। ਇਸ਼ਕ ਵਿਚ ਮਸਤ ਵਿਅਕਤੀ ਨੂੰ ਦੁਨੀਆਦਾਰੀ ਦੀ ਕੋਈ ਪਰਵਾਹ ਨਹੀਂ ਹੁੰਦੀ। ਉਹ ਵਿਅਕਤੀ ਬੇਪਰਵਾਹ ਹੋ ਕੇ ਰੱਬੀ-ਇਸ਼ਕ ਵਿਚ ਆਪਣਾ ਸਭ ਕੁੱਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ;

"ਸੂਫ਼ੀ ਮਾਰਗ ਉੱਤੇ ਚੱਲਣ ਵਾਲੇ ਜਗਿਆਸੂ ਜਾਂ ਮਾਲਕ ਦਾ ਮੁੱਖ ਹਥਿਆਰ ਰੱਬੀ ਇਸ਼ਕ ਹੈ ਜੋ ਰੱਬ ਪ੍ਰਤੀ ਉਸ ਦੇ ਸਨੇਹ ਦਾ ਪ੍ਰਤੀਕ ਹੈ। ਸੂਫ਼ੀਮਤ ਦਾ ਸਾਰਾ ਢਾਂਚਾ ਹੀ ਇਸ਼ਕ ਉੱਤੇ ਆਧਾਰਿਤ ਹੈ। ਸੂਫ਼ੀ ਇਕ ਸੱਚਾ ਆਸ਼ਿਕ ਹੈ ਜੋ ਆਪਣੇ ਪ੍ਰੀਤਮ ਦੀ ਪ੍ਰੇਮ ਸਾਧਨਾ ਵਿਚ ਲੀਨ ਰਹਿੰਦਾ ਹੈ। ਇਹ ਪ੍ਰੇਮਾਤਮਕ ਰਹੱਸਵਾਦ ਹੈ ਜਿਸ ਅਨੁਸਾਰ ਰੱਬੀ ਗਿਆਨ ਕੇਵਲ ਉਸ ਨਾਲ ਇਸ਼ਕੀਆ ਸੰਬੰਧ ਸਥਾਪਿਤ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।"[43]

ਪਰਮਾਤਮਾ ਨਾਲ ਕੀਤਾ ਗਿਆ ਇਸ਼ਕ ਕੇਵਲ ਵਿਯੋਗ ਦੀ ਅਵਸਥਾ ਦੇ ਅੰਤ ਲਈ ਨਹੀਂ ਕੀਤਾ ਜਾਂਦਾ ਬਲਕਿ ਸਾਧਕ ਆਪਣੇ ਮਨ ਦੀ ਭਟਕਣਾ ਨੂੰ ਸਮਾਪਤ ਕਰਕੇ ਪਰਮਾਤਮਾ ਵਿਚ ਆਪਣੀ ਹਸਤੀ ਨੂੰ ਫ਼ਨਾ ਕਰਨ ਦੇ ਯਤਨ ਵੀ ਕਰਦਾ ਹੈ। ਦੂਜੀ ਗੱਲ ਇਹ ਇਸ਼ਕ ਕੇਵਲ ਪਰਮਾਤਮਾ ਨਾਲ ਹੀ ਕੀਤਾ ਜਾ ਸਕਦਾ ਹੈ ਕਿਸੇ ਦੁਨਿਆਵੀ ਮਨੁੱਖ ਨਾਲ ਨਹੀਂ ਕਿਉਂਕਿ ਸਾਧਕ ਦੇ ਵਿਯੋਗ ਨੂੰ ਕੇਵਲ ਪਰਮਾਤਮਾ ਹੀ ਸਮਾਪਤ ਕਰ ਸਕਦਾ ਹੈ;

"ਇਨਸਾਨੀ ਰੂਹ ਜਦੋਂ ਆਪਣੇ ਮੂਲ ਸੋਮੇ ਜਾਂ ਬ੍ਰਹਮ-ਜੋਤਿ ਤੋਂ ਵਿਛੜ ਕੇ ਸੰਸਾਰ ਵਿਚ ਸਮੂਰਤ ਰੂਪ ਧਾਰਣ ਕਰਦੀ ਹੈ, ਤਾਂ ਉਸ ਦੇ ਧੁਰ ਅੰਦਰ ਵਿਛੋੜੇ ਦਾ ਇਕ ਸੱਲ ਮੌਜੂਦ ਰਹਿੰਦਾ ਹੈ। ਵਿਛੋੜੇ ਦੀ ਚੋਭ ਉਸ ਨੂੰ ਆਪਣੇ ਮੂਲ ਵਿਰਸੇ ਦੀ ਯਾਦ ਕਰਾਉਂਦੀ ਰਹਿੰਦੀ ਹੈ। ਇਸ ਖਿੱਚ ਨੂੰ ਅਭਿਆਸੀ ਸਾਧਕਾਂ ਅਤੇ ਵਿਦਵਾਨਾਂ ਨੇ ਇਸ਼ਕ ਦਾ ਨਾਂ ਦਿੱਤਾ ਹੈ। ਇਹ ਖਿੱਚ ਜਗਿਆਸੂ ਨੂੰ, ਭਾਵ ਸੂਫ਼ੀ ਸਾਧਕ ਨੂੰ, ਚੈਨ ਨਾਲ ਟਿਕਣ ਨਹੀਂ ਦਿੰਦੀ। ਜਦੋਂ ਇਹ ਖਿੱਚ ਕ੍ਰਿਆਸ਼ੀਲ ਹੁੰਦੀ ਹੈ ਤਾਂ ਇਸ਼ਕ ਦੀ ਪਰਕ੍ਰਿਆ ਸ਼ੁਰੂ ਹੋ ਜਾਂਦੀ ਹੈ। ਸੂਫ਼ੀ ਸਾਧਨਾ ਅਨੁਸਾਰ ਇਹ ਇਸ਼ਕ ਕੇਵਲ ਖ਼ੁਦਾ ਨਾਲ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਅਜਿਹਾ ਇਸ਼ਕ ਕੀਤੇ ਜਾਣ ਯੋਗ ਕੇਵਲ ਖ਼ੁਦਾ ਹੀ ਸੱਚਾ ਅਧਿਕਾਰੀ ਹੈ।"[44]

ਰੱਬੀ-ਇਸ਼ਕ ਵਿਚ ਆਪਣਾ ਸਭ ਕੁਝ ਕੁਰਬਾਨ ਕਰ ਚੁੱਕੇ ਵਿਅਕਤੀ ਨੂੰ ਸਾਰਾ



Sri Satguru Jagjit Singh Ji eLibrary NamdhariElibrary@gmail.com

ਸੰਸਾਰ ਹੀ ਪਰਮਾਤਮਾ ਦਾ ਰੂਪ ਲੱਗਣ ਲੱਗਦਾ ਹੈ। ਉਸ ਵਿਅਕਤੀ ਨੂੰ ਇਸ ਸੰਸਾਰ ਦਾ ਕੋਈ ਵੀ ਜੀਵ ਪਰਾਇਆ ਨਹੀਂ ਲੱਗਦਾ ਬਲਕਿ ਉਹ ਸਭ ਜੀਵਾਂ ਵਿਚ ਹਰੀ ਦਾ ਰੂਪ ਹੀ ਦੇਖਦਾ ਹੈ। ਰੱਬੀ-ਇਸ਼ਕ ਨੂੰ ਕਿਸੇ ਸਿੱਖਿਆ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹ ਪਰਮਾਤਮਾ ਦੀ ਕਿਰਪਾ ਦੁਆਰਾ ਖ਼ੁਦ ਹੀ ਹਰੀ ਦੇ ਪਿਆਰੇ ਦੇ ਹਿਰਦੇ ਵਿਚ ਜਾਗ੍ਰਤ ਹੁੰਦਾ ਹੈ। ਜਿਸ ਵੇਲੇ ਰੱਬੀ-ਇਸ਼ਕ ਦੀ ਅੱਗ ਸਾਧਕ ਦੇ ਹਿਰਦੇ ਵਿਚ ਮੱਘ ਪੈਂਦੀ ਹੈ ਤਾਂ ਫਿਰ ਉਸ ਵਿਅਕਤੀ ਦੇ ਚਿਹਰੇ ਤੇ ਰੱਬੀ-ਨੂਰ ਲਿਸ਼ਕ ਮਾਰਦਾ ਦਿਖਾਈ ਦਿੰਦਾ ਹੈ;

"ਪਿਆਰ ਇਕ ਕੁਦਰਤੀ ਜਜ਼ਬਾ ਹੈ, ਜੋ ਖ਼ੁਦ-ਰੌ (ਜੰਗਲੀ ਪੌਦਾ) ਪੌਦੇ ਵਾਂਗ, ਮਨੁੱਖ ਦੇ ਹਿਰਦੇ ਵਿਚ ਉਤਪੰਨ ਹੋ ਜਾਂਦਾ ਹੈ ਅਤੇ ਕੁਦਰਤੀ ਚਸ਼ਮੇ ਵਾਂਗ ਫੁਟਕੇ ਹਿਰਦੇ ਦੀਆਂ ਚੌਹਾਂ ਗੁਠਾਂ ਨੂੰ ਤਰੋ-ਤਾਜ਼ਾ ਕਰਦਾ ਹੈ। ਇਸ ਜਜ਼ਬੇ ਨੂੰ ਕਿਸੇ ਪਾਠਸ਼ਾਲਾ ਜਾਂ ਵਿਸ਼ਵ-ਵਿਦਿਆਲੇ ਵਿਚ ਸਿਖਾਇਆ ਨਹੀਂ ਜਾ ਸਕਦਾ, ਇਹ ਆਪਣੇ ਆਪ ਪ੍ਰਾਕ੍ਰਿਤਕ ਸ੍ਰੋਤ ਵਾਂਗ ਹਿਰਦੇ ਵਿਚ ਉਤਪੰਨ ਹੋ ਕੇ, ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਆਪਣੇ ਅਧੀਨ ਕਰ ਲੈਂਦਾ ਹੈ, ਇੱਥੋਂ ਤੱਕ ਕਿ ਬੁੱਧੀ ਦੀ ਵੀ ਇਸ ਸਾਹਮਣੇ ਕੋਈ ਪੇਸ਼ ਨਹੀਂ ਚਲਦੀ। ਇਸ ਜਜ਼ਬੇ ਦੇ ਉਤਪੰਨ ਹੁੰਦਿਆਂ ਹੀ ਮਨੁੱਖ ਦਾ ਹਿਰਦਾ ਇਕ ਹਰੀ-ਮੰਦਰ ਦੇ ਰੂਪ ਵਿਚ ਬਦਲ ਜਾਂਦਾ ਹੈ, ਜਿਸ ਹਰੀ-ਮੰਦਰ ਵਿਚ ਸੰਸਾਰ ਦੇ ਸਾਰੇ ਜੀਵਾਂ ਲਈ ਇਕ ਸਾਂਝੀ ਧਰਮਸ਼ਾਲਾ ਬਣ ਜਾਂਦੀ ਹੈ। ਪਿਆਰ ਕੁਠੇ ਮਨੁੱਖ ਦੀਆਂ ਨਜ਼ਰਾਂ ਵਿਚ ਸਾਰਾ ਸੰਸਾਰ ਹਰੀ ਦਾ ਰੂਪ ਨਜ਼ਰ ਆਉਂਦਾ ਹੈ।"[45]

ਗ਼ੁਲਾਮ ਫ਼ਰੀਦ ਨੇ ਹੀਰ-ਰਾਂਝੇ ਦੀ ਪ੍ਰੇਮ-ਕਥਾ ਦਾ ਉਦਾਹਰਣ ਦੇ ਕੇ ਰੱਬੀ-ਇਸ਼ਕ ਦੇ ਸੰਕਲਪ ਨੂੰ ਆਪਣੇ ਕਾਵਿ ਵਿਚ ਪੇਸ਼ ਕੀਤਾ ਹੈ। ਇਹ ਰੱਬੀ-ਇਸ਼ਕ ਦਾ ਕਮਾਲ ਹੀ ਕਿਹਾ ਜਾ ਸਕਦਾ ਹੈ ਕਿ ਚੌਧਰੀਆਂ ਦਾ ਮੁੰਡਾ ਧੀਦੋ (ਰਾਂਝਾ) ਹੀਰ ਦੇ ਇਸ਼ਕ ਵਿਚ ਕੰਨ ਪੜਵਾ ਕੇ ਜੋਗੀ ਬਣ ਜਾਂਦਾ ਹੈ। ਰਾਂਝਾ ਤਖ਼ਤ ਹਜ਼ਾਰੇ ਨੂੰ ਛੱਡ ਕੇ ਹੀਰ ਖ਼ਾਤਰ ਮੱਝੀਆਂ ਚਾਰਦਾ ਹੈ ਅਤੇ ਕੰਨਾਂ ਵਿਚ ਮੁੰਦਰਾਂ ਪਾ ਕੇ ਜੋਗੀ ਬਣ ਜਾਂਦਾ ਹੈ। ਰਾਂਝਾ ਹੀਰ ਦੇ ਇਸ਼ਕ ਵਿਚ ਇਸ ਕਦਰ ਦੀਵਾਨਾ ਹੋ ਜਾਂਦਾ ਹੈ ਕਿ ਉਸ ਨੂੰ ਦੁਨੀਆਂ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਹ ਆਪਣੀ ਉੱਚੀ ਕੁੱਲ ਅਤੇ ਉੱਚੀ ਜਾਤ ਦੀ ਪਰਵਾਹ ਨੂੰ ਛੱਡ ਕੇ ਹੀਰ ਦੇ ਪ੍ਰੇਮ ਵਿਚ ਹੀਰ ਦੇ ਘਰ ਨੌਕਰ ਬਣ ਕੇ ਰਹਿੰਦਾ ਹੈ ਅਤੇ ਜਦੋਂ ਹੀਰ ਦਾ ਵਿਆਹ ਰੰਗਪੁਰ ਖੇੜੇ ਪਿੰਡ ਵਿਚ ਸੈਦੇ ਨਾਲ ਹੋ ਜਾਂਦਾ ਹੈ ਤਾਂ ਉਹ ਹੀਰ ਦੇ ਇਸ਼ਕ ਵਿਚ ਜੋਗੀ ਬਣ ਜਾਂਦਾ ਹੈ;

"ਰਾਂਝਾ ਤਖ਼ਤ ਹਜ਼ਾਰੇ ਦਾ ਆਇਆ ਖ਼ਾਤਰ ਹੀਰ ਸਿਆਲੇ।
ਝੰਗ ਵਿਚ ਤੇਰੇ ਮਾਲ ਚਰਾਇਸ ਮੰਝੀ ਬਾਰਾ ਸਾਲੇ।
ਜੋਗੀ ਬਣ ਕੇ ਕੰਨ ਪੜਵਾਇਸ ਕੀਤਾ ਇਸ਼ਕ ਕਮਾਲੇ।
ਡੇਖ ਫ਼ਰੀਦ ਫ਼ਕੀਰ ਦੀ ਪਾਲੀਸ ਜੋ ਵਾਹ ਜੋਗੀ ਲਜ ਪਾਲੇ।"[46]

ਪਰਮਾਤਮਾ ਦੇ ਵਿਯੋਗ ਵਿਚ ਜੀਵਾਤਮਾ ਰੂਪੀ (ਹੀਰ) ਲਈ ਇਹ ਦੇਸ਼ (ਨਾਸ਼ਮਾਨ ਸੰਸਾਰ) ਬੇਗਾਨਾ ਹੈ ਕਿਉਂਕਿ ਰੰਗਪੁਰ ਵਿਚ ਉਸ ਹੀਰ ਨੂੰ ਆਪਣਾ ਪਰਮਾਤਮਾ (ਰਾਂਝਾ ਯਾਰ) ਦਿਖਾਈ ਨਹੀਂ ਦਿੰਦਾ। ਉਹ ਕਹਿੰਦੀ ਹੈ ਕਿ ਇਸ ਬੇਗਾਨੇ ਦੇਸ਼ ਦੀਆਂ ਇਮਾਰਤਾਂ, ਮਹਲ-ਮਾੜੀਆਂ ਵੀ ਉਸ ਨੂੰ ਸੁੰਞੀਆਂ ਨਜ਼ਰ ਆਉਂਦੀਆਂ ਹਨ ਕਿਉਂਕਿ ਉਸ ਦਾ ਰਾਂਝਾ (ਪਰਮਾਤਮਾ) ਨਜ਼ਰ ਨਹੀਂ ਆ ਰਿਹਾ;

"ਡਿਸਮ ਨ ਰਾਵਲ ਰਾਂਝਣ ਸਾਈਂ।
ਰੰਗਪੁਰ ਸਾਰਾ ਉਜੜਿਆ ਜਾਈਂ।
ਕੋਝੇ ਕਹਿਰ ਕੁਲਲੇ ਵੇ ਯਾਰ।"[47]



Sri Satguru Jagjit Singh Ji eLibrary NamdhariElibrary@gmail.com

ਪ੍ਰੀਤਮ (ਰਾਂਝੇ) ਦੇ ਵਿਯੋਗ ਵਿਚ ਜੀਵਾਤਮਾ (ਹੀਰ) ਨੂੰ ਬਿਰਹਾ ਨੇ ਇਸ ਕਦਰ ਵਿਆਕੁਲ ਕਰ ਦਿੱਤਾ ਹੈ ਕਿ ਉਹ ਰੱਬੀ-ਇਸ਼ਕ ਦੇ ਰੰਗ ਵਿਚ ਆਪਣੇ ਆਪ ਨੂੰ ਭੁੱਲ ਗਈ ਹੈ ਅਤੇ ਦੂਜੇ ਪਾਸੇ ਇਹ ਇਸ਼ਕ ਦਾ ਕਮਾਲ ਹੀ ਕਿਹਾ ਜਾ ਸਕਦਾ ਹੈ ਜੋ ਰਾਂਝੇ ਨੇ ਜੋਗ ਧਾਰਨ ਕਰ ਲਿਆ ਹੈ;

"ਇਸ਼ਕ ਹੋਰੀ ਹੀਰ ਪਰ ਆਏ, ਤਦ ਮੀਆਂ ਰਾਂਝੇ ਕੰਨ ਪੜਵਾਏ।
ਸਾਹਿਬਾਂ ਨੂੰ ਵਿਆਹੁਣ ਆਏ, ਸਿਰ ਮਿਰਜ਼ੇ ਦਾ ਵਾਰਿਆ ਈ।
ਸੱਸੀ ਨੂੰ ਚਾ ਥਲੀ ਰੁਲਾਯੋ, ਸੋਹਣੀ ਕੱਚੇ ਘਵੇ ਡੁਬਾਯੋ।
ਰੋਡੇ ਦੇ ਸਿਰ ਗਲਾ ਜੇ ਆਸੇ, ਪੁਰਜੇ ਕਰ ਕਰ ਮਾਰਿਆ ਈ।"[48]

ਗ਼ੁਲਾਮ ਫ਼ਰੀਦ ਨੇ ਇਸ਼ਕ-ਮਜਾਜ਼ੀ ਨੂੰ ਇਸ਼ਕ-ਹਕੀਕੀ ਦਾ ਰੂਪ ਮੰਨਿਆ ਹੈ। ਉਸ ਨੇ ਜੀਵਾਤਮਾ ਲਈ (ਹੀਰ) ਪ੍ਰਤੀਕ ਦੀ ਵਰਤੋਂ ਕੀਤੀ ਹੈ ਅਤੇ ਪਰਮਾਤਮਾ ਲਈ (ਰਾਂਝੇ) ਦਾ ਪ੍ਰਤੀਕ ਆਪਣੇ ਕਾਵਿ ਵਿਚ ਪੇਸ਼ ਕੀਤਾ ਹੈ। ਹੀਰ ਜਦੋਂ ਰਾਂਝੇ ਦੇ ਪ੍ਰੇਮ ਵਿਚ ਮਸਤਾਨੀ ਹੁੰਦੀ ਹੈ ਤਾਂ ਗ਼ੁਲਾਮ ਫ਼ਰੀਦ ਅਨੁਸਾਰ ਜੀਵਾਤਮਾ ਪਰਮਾਤਮਾ ਦੇ ਇਸ਼ਕ ਵਿਚ ਰੰਗੀ ਗਈ ਹੈ;

"ਗ਼ੁਲਾਮ ਫ਼ਰੀਦ ਨੇ ਵੀ ਇਨ੍ਹਾਂ ਪ੍ਰੇਮੀਆਂ (ਹੀਰ-ਰਾਂਝੇ, ਮਿਰਜ਼ਾ-ਸਾਹਿਬਾ ਆਦਿ) ਦੇ ਪਿਆਰ ਨੂੰ ਇਸ਼ਕ-ਹਕੀਕੀ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਉਸ ਦੀਆਂ ਕਾਫ਼ੀਆਂ ਇਕ ਬਿਰਹਣ ਦੇ ਆਪਣੇ ਪ੍ਰੀਤਮ (ਪੁਨਲ) ਦੀ ਉਡੀਕ ਵਿਚ ਵਿਚਰਣ, ਤਾਂਘਣ, ਸਿੱਕਣ ਅਤੇ ਮੂੰਝ ਮੁੰਝਾਰੀ ਦੀ ਭਾਵਨਾ ਨਾਲ ਚਿੱਤਰੀਆਂ ਹੋਈਆਂ ਹਨ।"[49]

ਜਿਸ ਤਰ੍ਹਾਂ ਇਸ਼ਕ-ਮਜਾਜ਼ੀ ਵਿਚ ਆਸ਼ਕਾਂ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸੇ ਤਰ੍ਹਾਂ ਇਸ਼ਕ-ਹਕੀਕੀ ਵਿਚ ਵੀ ਰੱਬੀ-ਆਸ਼ਕਾਂ ਨੂੰ ਮੁਸ਼ਕਿਲਾਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਇਸ਼ਕ ਹੀ ਪਰਮਾਤਮਾ ਦਾ ਨੂਰ ਹੈ ਅਤੇ ਹੁਣ ਮੈਨੂੰ ਦੁਨੀਆਂ ਦੇ ਕਿਸੇ ਐਸ਼ੋ-ਆਰਾਮ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਮੈਨੂੰ ਪਰਮਾਤਮਾ ਦੇ ਨਾਮ ਨਾਲ ਇਸ਼ਕ ਹੋ ਗਿਆ ਹੈ;

"ਇਸ਼ਕ ਮਜਾਜ਼ੀ ਰਾਜ਼ ਦੀ ਬਾਜ਼ੀ ਇਹੋ ਇਸ਼ਕ ਆਲਾ ਨੂਰੇ।
ਭੱਠੇ ਪਈ ਦੁਨੀਆਂ ਦੌਲਤ ਸੌਕਤ ਸਾਕੂੰ ਇਸ਼ਕ ਮਨਜ਼ੂਰੇ।
ਹੁਸਨ ਪ੍ਰਸਤੀ ਮਹਜ਼ ਇਬਾਦਤ ਦਿਲ ਬੇ ਬੱਸ ਮਜਬੂਰੇ।
ਗ਼ੁਲਾਮ ਫ਼ਰੀਦਾ ਸਮਝਨ ਆਰਫ਼ ਦਰਅਸਲ ਹਕੀਕਤ ਦੂਰੇ।"[50]

ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਇਹ ਮੇਰੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਕਿ ਪਰਮਾਤਮਾ ਨੇ ਇਸ਼ਕ ਦੀਆਂ ਤਕਲੀਫ਼ਾਂ ਨੂੰ ਮੇਰੀ ਕਿਸਮਤ ਵਿਚ ਲਿਖਿਆ ਹੈ ਕਿਉਂਕਿ ਇਹਨਾਂ ਤਕਲੀਫ਼ਾਂ ਨੂੰ ਸਹਿਣ ਕਰਕੇ ਮੈਂ ਆਪਣੇ ਮਹਿਬੂਬ ਦੇ ਦੀਦਾਰ ਕਰ ਸਕਦਾ ਹਾਂ। ਜਿਸ ਬਿਰਹਨ ਨਾਇਕਾ ਦੇ ਭਾਗਾਂ ਵਿਚ ਇਸ਼ਕ ਦੀਆਂ ਮੁਸੀਬਤਾਂ ਨਹੀਂ ਹੁੰਦੀਆਂ ਉਹ ਨਾਇਕਾ ਆਪਣੇ ਪ੍ਰੀਤਮ ਦਾ ਦੀਦਾਰ ਕਦੇ ਨਹੀਂ ਕਰ ਸਕਦੀ। ਇਸ ਲਈ ਇਹਨਾਂ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਮੈਂ ਆਪਣੇ ਪ੍ਰੀਤਮ ਨੂੰ ਪ੍ਰਾਪਤ ਕਰਨਾ ਹੈ;

"ਲਖ ਲਖ ਸੂਲ ਹਜ਼ਾਰਾਂ ਡੁਖੜੇ। ਸੌ ਸੌ ਸ਼ੁਕਰ ਜੋ ਆਇਮ ਪੁਖੜੇ॥
ਬੇਸ਼ਕ ਜ਼ਰਬ ਹਬੀਬ ਜ਼ਬੀਬ॥"[51]

ਪ੍ਰੋ. ਹਿੰਮਤ ਸਿੰਘ ਸੋਢੀ ਵੀ ਆਪਣੀ ਪੁਸਤਕ ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ ਵਿਚ ਉਪਰੋਕਤ ਕਾਫ਼ੀ ਦੇ ਭਾਵਾਂ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਹਿੰਦੇ ਹਨ ਕਿ ਪ੍ਰੀਤਮ ਦੇ



Sri Satguru Jagjit Singh Ji eLibrary NamdhariElibrary@gmail.com

ਵਿਯੋਗ ਵਿਚ ਬਿਰਹਾ ਕਿਸੇ ਵਿਰਲੇ ਸਾਧਕ ਦੇ ਹਿੱਸੇ ਆਉਂਦੀ ਹੈ। ਇਹ ਬਿਰਹਾ ਸਾਧਕ ਕੇ ਕਿਸੇ ਮੰਦੇ ਕਰਮ ਦੇ ਸਿੱਟੇ ਵੱਜੋਂ ਨਹੀਂ ਬਲਕਿ ਚੰਗੇ ਕਰਮ ਦੇ ਸਿੱਟੋਂ ਵੱਜੋਂ ਪ੍ਰਗਟ ਹੁੰਦੀ ਹੈ;

"ਸੱਚੇ ਆਸ਼ਕ ਨੂੰ ਇਨ੍ਹਾਂ ਦੁੱਖ ਤਕਲੀਫ਼ਾਂ ਵਿਚੋਂ ਵੀ ਲੱਜ਼ਤ ਮਹਿਸੂਸ ਹੁੰਦੀ ਹੈ। ਉਸ ਅਨੁਸਾਰ ਇਸ਼ਕ ਇਕ ਬੜੀ ਸਵਾਦਲੀ ਚੀਜ਼ ਹੈ। ਪਿਆਰ ਵਿਚ ਭਾਵੇਂ ਲੱਖਾਂ ਦੁੱਖ ਤੇ ਦਰਦ ਹਨ, ਪਰ ਆਸ਼ਕ ਸੌ ਸੌ ਸ਼ੁਕਰ ਕਰਦਾ ਹੈ ਕਿ ਦਰਦ ਤੇ ਰੰਜ ਪ੍ਰਭੂ ਨੇ ਹੀ ਉਸ ਦੀ ਕਿਸਮਤ ਵਿਚ ਰੱਖੇ ਹਨ। ਇਹ ਵੀ ਉਸ ਲਈ ਮਿੱਠੇ ਹਨ। ਸਭ ਪੀੜਾਂ ਇਸ਼ਕ ਦੇ ਰਾਹ ਵਿਚ ਆਰਾਮ ਬਣ ਜਾਂਦੀਆਂ ਹਨ। ਆਸ਼ਕ ਸਾਰੀ ਉਮਰ ਪਿਆਰ ਦੇ ਦੁੱਖਾਂ ਵਿਚ ਭੁੱਜ ਭੁੱਜ ਕੇ ਗੁਜ਼ਾਰ ਦਿੰਦਾ ਹੈ। ਉਸ ਨੂੰ ਸਦਾ ਹੀ, ਚਮਕ-ਪੱਥਰ ਵੱਲ ਲੋਹੇ ਦੇ ਖਿੱਚੇ ਜਾਣ ਵਾਂਗ, ਆਪਣੇ ਪ੍ਰੀਤਮ ਦੀ ਉਡੀਕ ਹੁੰਦੀ ਹੈ। ਦਿਲ ਸਦਾ ਉਸ ਵੱਲ ਝੁਕਿਆ ਰਹਿੰਦਾ ਹੈ।"[52]

"ਗ਼ੁਲਾਮ ਫ਼ਰੀਦ ਆਪ ਵੀ ਵਿਯੋਗ ਨੂੰ ਬਖ਼ਸ਼ਿਸ਼ ਹੀ ਸਮਝਦਾ ਹੈ। ਜਿੰਨਾ ਚਿਰ ਵਿਯੋਗ ਦਾ ਜੇਠ ਹਾੜ ਨਾ ਤਪੇ, ਸੰਜੋਗ ਦੀ ਸਾਵਣ ਝੜੀ ਰਿਮਝਿਮ ਰਿਮਝਿਮ ਨਹੀਂ ਕਰਦੀ, ਜਿਸ ਦੇ ਨਸੀਬਾਂ ਵਿਚ ਵਿਯੋਗ ਨਹੀਂ ਉਸ ਦੇ ਨਸੀਬ ਫੁਟੇ ਹੋਏ ਹਨ। ਜੀਵਨ ਦੀ ਕਾਰ ਹੀ ਵਿਯੋਗ ਚਲਾਉਂਦਾ ਹੈ। ਸੰਜੋਗ ਤਾਂ ਪ੍ਰਾਪਤੀ ਹੈ ਤੇ ਇਹ ਪ੍ਰਾਪਤੀ ਅਧਿਆਤਮਕ ਜਗਤ ਵਿਚ, ਨਿਰੰਕੁਸ਼ ਰੂਪ ਵਿਚ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਜੀਵਨ ਇਕ ਰਹੱਸ ਹੈ। ਇੱਥੇ ਸਾਗਰ ਇਕ ਬੂੰਦ ਵਿਚ ਲਟਕ ਸਕਦਾ ਹੈ ਤੇ ਬੂੰਦ ਸਾਗਰ ਬਣ ਕੇ ਲਹਿਰ ਸਕਦੀ ਹੈ। ਮਨੁੱਖ ਇਸ ਰਹੱਸ ਨੂੰ ਪੂਰੀ ਤਰ੍ਹਾਂ ਕਦੇ ਵੀ ਨਹੀਂ ਸਮਝ ਸਕੇਗਾ। ਮਨੁੱਖ ਦੀ ਉਮਰ ਤਾਂ ਮਸਾਂ ਇਕ ਛਿਣ ਹੈ ਤੇ ਇਹ ਮਹਾਂ ਪਸਾਰਾ ਜੁਗਾਂ ਜੁਗਾਂਤਰਾਂ ਤੋਂ ਪਹਿਲਾਂ ਦਾ ਹੈ। ਭਾਵੇਂ ਮਨੁੱਖ ਇਸ ਇਕ ਛਿਣ ਦੇ ਖੋਲ ਨੂੰ ਫ਼ਨਾਹ ਕਰਕੇ ਅਕਾਲ ਹੋਣਾ ਲੋੜਦਾ ਹੈ ਪਰ ਮਨੁੱਖ ਓਨਾ ਚਿਰ ਹੀ ਮਨੁੱਖ ਹੈ ਜਿੰਨਾ ਚਿਰ ਉਹ ਇਕ ਛਿਣ ਵਿਚ ਰਹਿੰਦਾ ਹੈ। ਇਹ ਇਕ ਛਿਣ ਵਿਯੋਗੀ ਛਿਣ ਹੈ ਅਕਾਲ ਤੋਂ ਵਿਛੜਿਆ ਹੋਇਆ ਹੈ। ਇਹ ਵਿਯੋਗ ਉਸ ਵੇਲੇ ਸਮਾਪਤ ਹੋਵੇਗਾ ਜਦੋਂ ਉਸ ਦਾ ਅਕਾਲ ਨਾਲ ਸੰਜੋਗ ਹੋਵੇਗਾ ਪਰ ਉਸ ਵੇਲੇ ਉਹ ਨਿਰਹੋਂਦ ਹੋ ਜਾਵੇਗਾ।"[53]

ਰੱਬੀ-ਇਸ਼ਕ ਦੇ ਰਾਹ ਵਿਚ ਸਾਧਕ ਨੂੰ ਜਿੰਨੀਆਂ ਜਿਆਦਾ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਤਨਾ ਹੀ ਉਸ ਸਾਧਕ ਦਾ ਇਸ਼ਕ ਆਪਣੇ ਮਹਿਬੂਬ ਪ੍ਰਤੀ ਵੱਧਦਾ ਜਾਂਦਾ ਹੈ ਅਤੇ ਉਹ ਹੋਰ ਜਿਆਦਾ ਦ੍ਰਿੜ ਇਰਾਦੇ ਨਾਲ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਮਸਤ ਹੋ ਜਾਂਦਾ ਹੈ;

"ਗ਼ੁਲਾਮ ਫ਼ਰੀਦ ਅਨੁਸਾਰ ਰੱਬੀ ਮੰਜ਼ਿਲ'ਤੇ ਪੁੱਜਣ ਦੀ ਇੱਛਾ ਰੱਖਣ ਵਾਲੇ ਸੁਤੰਤਰ ਸੁਭਾਅ ਜਗਿਆਸੂ ਕੇਵਲ ਪਰਮਾਤਮਾ ਦੀ ਜ਼ਾਤ ਵਿਚ ਹੀ ਮਸਤ ਹੁੰਦੇ ਹਨ। ਇਸ ਤੋਂ ਛੁੱਟ ਉਹ ਹੋਰ ਸਭ ਸੰਸਾਰਕ ਝਗੜਿਆਂ ਤੋਂ ਆਜ਼ਾਦ ਹਨ। ਨਾ ਜ਼ਾਤ ਦਾ ਸਿਫ਼ਾਤ ਦੇ ਝਗੜਿਆਂ ਵਿਚ ਉਲਝਦੇ ਹਨ, ਨਾ ਹੀ ਨਾਮ ਤੇ ਪ੍ਰਸਿੱਧੀ ਦੀ ਪਰਵਾਹ ਕਰਦੇ ਹਨ, ਨਾ ਹੀ ਦੀਨ-ਈਮਾਨ ਦੇ ਝਮੇਲਿਆਂ ਵਿਚ ਪੈਂਦੇ ਹਨ। ਸਗੋਂ ਇਨ੍ਹਾਂ ਸਾਰੇ ਬਖੇੜਿਆਂ ਤੋਂ ਬਰੀ ਹੁੰਦੇ ਹਨ। ਉਹ ਭਗਤੀ, ਸੋਚ-ਵਿਚਾਰ, ਕੀਰਤਨ ਆਦਿ ਦੇ ਸਾਰੇ ਪਹਿਲੇ ਪੜਾਅ ਲੰਘ ਕੇ, ਸ਼ਬਦ ਅਤੇ ਲਿਖਤ ਦੀਆਂ ਕੈਦਾਂ ਤੋਂ ਛੁਟ ਜਾਂਦੇ ਤੇ ਪਰਮਾਤਮਾ ਵਿਚ ਲੀਨ ਹੋਣ ਦੀ ਸਥਿਤੀ ਵਿਚ ਪੁੱਜ ਜਾਂਦੇ ਹਨ। ਜਦ ਦਿਲ ਤੋਂ ਸੰਸਾਰ ਦਾ ਖ਼ਿਆਲ ਦੂਰ ਹੋ ਗਿਆ, ਉਸ ਸਮੇਂ ਸੱਤ ਸਰੂਪ ਪ੍ਰੀਤਮ ਦੇ ਪ੍ਰਕਾਸ਼ ਨਾਲ ਦਿਲ ਪਰਿਪੂਰਣ ਤੇ ਆਬਾਦ ਹੋ ਗਿਆ। ਤਦ ਹੀ ਕੁਰਾਨ, ਹਦੀਸ ਤੇ ਹੋਰ ਚਿੰਨ੍ਹਾਂ ਦੀ ਅਸਲੀ ਖ਼ਬਰ ਮਿਲਦੀ ਹੈ। ਜਦ ਤੱਕ ਇਕ ਅੱਲ੍ਹਾ ਤੋਂ ਸਿਵਾ ਦੂਜੇ ਤੀਜੇ ਦਾ ਖ਼ਿਆਲ ਨਹੀਂ ਮਿਟਦਾ,



Sri Satguru Jagjit Singh Ji eLibrary NamdhariElibrary@gmail.com

ਉਸ ਸਮੇਂ ਤੱਕ ਪਰਮਾਤਮਾ ਦੀ ਜੋਤ ਦੇ ਮਿਲਾਪ ਨਾਲ ਦਿਲ ਰੋਸ਼ਨ ਨਹੀਂ ਹੁੰਦਾ।"[54]

ਰੱਬੀ-ਇਸ਼ਕ ਦੇ ਰਾਹ ਵਿਚ ਸਾਧਕ ਨੂੰ ਅਣਗਿਣਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਪ੍ਰਭੂ-ਪਿਆਰ ਵਿਚ ਲੀਨ ਸਾਧਕ ਨੂੰ ਇਹ ਮੁਸੀਬਤਾਂ ਇਸ਼ਕ-ਮਾਰਗ ਤੇ ਤੁਰਨ ਤੋਂ ਰੋਕ ਨਹੀਂ ਸਕਦੀਆਂ ਸਗੋਂ ਜਿਤਨੀਆਂ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਸਾਧਕ ਨੂੰ ਕਰਨਾ ਪਵੇਗਾ ਉਸ ਦਾ ਪ੍ਰੇਮ ਆਪਣੇ ਪ੍ਰੀਤਮ ਦੇ ਪ੍ਰਤੀ ਹੋਰ ਵੱਧਦਾ ਜਾਵੇਗਾ;

"ਗ਼ੁਲਾਮ ਫ਼ਰੀਦ ਦੀ ਸ਼ਾਇਰੀ ਇਸ਼ਕ ਤੇ ਆਸ਼ਕ ਦੇ ਕਰੜੇ ਪੰਧ ਦੀ ਪੇਸ਼ਕਾਰੀ ਹੈ। ਆਸ਼ਕ ਸਿਰਲੱਥ ਦੀਵਾਨਾ ਹੁੰਦਾ ਹੈ ਤੇ ਇਸ਼ਕ ਔਕੜਾਂ-ਮੁਸੀਬਤਾਂ ਦੇ ਪਰੀਖਿਆਵਾਂ ਦਾ ਪਲੰਦਾ ਰਿਹਾ ਹੈ। ਇਹੋ ਕਾਰਨ ਹੈ ਕਿ ਇਸ ਰਾਹ ਤੇ ਤੁਰਨ ਵਾਲਿਆਂ ਨੂੰ ਆਪਣਾ ਸਿਰ ਆਪਣੀ ਤਲੀ ਤੇ ਧਰ ਕੇ ਪ੍ਰੇਮ ਨਗਰ ਦੇ ਰਾਹ ਤੁਰਨਾ ਪੈਂਦਾ ਹੈ ਤੇ ਸਿਰਾਂ ਦੀ ਬਾਜ਼ੀ ਲਾਉਣੀ ਪੈਂਦੀ ਹੈ। ਇੱਥੇ ਕਾਣ ਨਹੀਂ ਹੋ ਸਕਦੀ ਸਗੋਂ ਘਾਣ ਸੰਭਵ ਹੈ।"[55]

ਗ਼ੁਲਾਮ ਫ਼ਰੀਦ ਅਨੁਸਾਰ ਜਿਸ ਸਾਧਕ ਨੂੰ ਪ੍ਰਭੂ ਨਾਲ ਪ੍ਰੇਮ ਹੈ ਉਹ ਕੇਵਲ ਉਸ ਪ੍ਰਭੂ ਦੀ ਝਲਕ ਪਾਉਣ ਨੂੰ ਬੇਜ਼ਾਰ ਹੁੰਦਾ ਹੈ ਉਸ ਨੂੰ ਕਿਸੇ ਹੋਰ ਦੀ ਕੋਈ ਪਰਵਾਹ ਨਹੀਂ ਹੁੰਦੀ। ਉਹ ਸਾਧਕ ਰੱਬੀ-ਪ੍ਰੇਮ ਵਿਚ ਆਪਣੀ ਸੁੱਧ-ਬੁੱਧ ਗੁਆ ਬੈਠਦਾ ਹੈ ਤੇ ਪਰਮਾਤਮਾ ਦੇ ਦੀਦਾਰ ਦੀ ਲੋਚਾ ਆਪਣੇ ਅੰਤਰ-ਮਨ ਵਿਚ ਖਿਆਲ ਕਰਦਾ ਹੈ, ਹੋਰ ਇਸ ਤੋਂ ਇਲਾਵਾ ਉਸ ਸਾਧਕ ਦਾ ਕੋਈ ਮੰਤਵ ਨਹੀਂ ਹੁੰਦਾ;

"ਪ੍ਰੇਮ ਦੀ ਖੇਡ ਵਿਚ ਦਰਦ, ਅੰਦੇਸ਼ੇ, ਝੋਰੇ, ਗ਼ਮ, ਦੁੱਖ, ਵਿਯੋਗ, ਸੰਤਾਪ, ਕੂੜੇ-ਪੇਚ, ਫ਼ਰੇਬ, ਤੋਟਾਂ, ਤ੍ਰਿਪਤੀਆਂ, ਰੀਝਾਂ, ਉਮੰਗਾਂ ਤੇ ਵਿਲਕਣੀਆਂ ਦਾ ਚੱਕਰ ਅਜਿਹਾ ਚੱਲਦਾ ਹੈ ਕਿ ਪ੍ਰੇਮੀ ਸਭ ਸੁੱਧ-ਬੁੱਧ ਗੁਆ ਬੈਠਦਾ ਹੈ। ਇਸ ਦੀਵਾਨਗੀ ਨੂੰ ਗ਼ੁਲਾਮ ਫ਼ਰੀਦ ਇਸ਼ਕ ਅਵੱਲੜੀ ਪੀੜ ਦਾ ਨਾਂ ਦਿੰਦਾ ਹੈ ਕਿਉਂਕਿ ਇਸ਼ਕ ਸੂਲਾਂ ਦੀ ਸੇਜ ਤੇ ਦੁੱਖਾਂ ਦਾ ਵਿਛਾਉਣਾ ਹੈ। ਗ਼ੁਲਾਮ ਫ਼ਰੀਦ ਅਨੁਸਾਰ ਇਸ਼ਕ ਤਨ ਮਨ ਦੇ ਕੋਲੇ ਕਰ ਦਿੰਦਾ ਹੈ ਤੇ ਸਾਰੀ ਉਮਰ ਸੂਲਾਂ ਜਰਦਿਆਂ ਤੇ ਆਹਾਂ ਭਰਦਿਆਂ ਹੀ ਬੀਤ ਜਾਂਦੀ ਹੈ।"[56]

ਗ਼ੁਲਾਮ ਫ਼ਰੀਦ ਦੇ ਇਸ਼ਕ ਦੀ ਤਰ੍ਹਾਂ ਹੀ ਸ਼ਾਹ ਹੁਸੈਨ ਨੇ ਵੀ ਇਸ਼ਕ ਦੇ ਸੰਕਲਪ ਵਿਚ ਪਰਮਾਤਮਾ ਨਾਲ ਸਿੱਧਾ ਹੀ ਇਸ਼ਕ ਕਰਨ ਦਾ ਤਰੀਕਾ ਦੱਸਿਆ ਹੈ। ਸ਼ਾਹ ਹੁਸੈਨ ਦੇ ਅਨੁਸਾਰ ਰੱਬੀ-ਇਸ਼ਕ ਵਿਚ ਕਿਸੇ ਵਿਚੋਲੇ ਦੀ ਕੋਈ ਲੋੜ ਨਹੀਂ ਹੈ ਸਿਰਫ਼ ਮੁਰਸ਼ਦ ਦੀ ਅਗਵਾਈ ਵਿਚ ਸੱਚੇ ਮਨ ਨਾਲ ਪ੍ਰਭੂ ਨਾਲ ਪ੍ਰੇਮ ਕੀਤਾ ਜਾਣਾ ਚਾਹੀਦਾ ਹੈ। ਸ਼ਾਹ ਹੁਸੈਨ ਕਹਿੰਦਾ ਹੈ ਕਿ ਮੇਰੇ ਨੈਣ ਆਪਣੇ ਪ੍ਰੀਤਮ ਦੇ ਨਾਲ ਚਾਰ ਹੋ ਗਏ ਹਨ ਹੁਣ ਮੈਨੂੰ ਕਿਸੇ ਵਿਚੋਲੇ ਦੀ ਕੋਈ ਲੋੜ ਨਹੀਂ ਹੈ;

"ਚਾਰੇ ਨੈਣ ਗਡਾਵਡ ਹੋਏ ਵਿਚ ਵਿਚੋਲਾ ਕੇਹਾ।"[57]

ਸ਼ਾਹ ਹੁਸੈਨ ਅਨੁਸਾਰ ਜਿਸ ਸਮੇਂ ਕਿਸੇ ਸਾਧਕ ਨੂੰ ਪਰਮਾਤਮਾ ਨਾਲ ਇਸ਼ਕ ਹੋ ਜਾਂਦਾ ਹੈ ਤਾਂ ਮੁੱਲਾਂ-ਮੁਲਾਣਿਆਂ ਦੀਆਂ ਮੱਤਾਂ ਉਸ ਵਾਸਤੇ ਕੋਈ ਅਹਿਮੀਅਤ ਨਹੀਂ ਰੱਖਦੀਆਂ ਕਿਉਂਕਿ ਉਸ ਸਾਧਕ ਦਾ ਮਨ ਤਾਂ ਆਪਣੇ ਮਹਿਬੂਬ ਨਾਲ ਇਕਮਿਕ ਹੋ ਗਿਆ ਹੈ ਅਤੇ ਉਸ ਨੂੰ ਹੁਣ ਦੁਨੀਆਂ ਦੇ ਬਾਹਰੀ ਦਿਖਾਵੇ ਦੀ ਕੋਈ ਲੋੜ ਨਹੀਂ ਰਹੀ;

"ਕਾਜ਼ੀ ਮੁੱਲਾਂ ਮੱਤੀਂ ਦੇਂਦੇ, ਇਸ਼ਕ ਸ਼ਰ੍ਹੇਂ ਦਾ ਰਾਹ ਦਸੇਂਦੇ,
ਇਸ਼ਕ ਕੀ ਲਗੇ ਰਾਹ ਦੇ ਨਾਲਿ, ਮਨ ਅਟਕਿਆ ਬੇਪ੍ਰਵਾਹ ਦੇ ਨਾਲ।
ਰਹੁ ਵੇ ਕਾਜ਼ੀ ਦਿਲ ਨਹੀਂਓ ਰਾਜ਼ੀ, ਗੱਲਾਂ ਹੋਈਆਂ ਹੋਵਣ ਵਾਲੀਆਂ,
ਸੋਈ ਰਾਤਾਂ ਲੇਖੇ ਪਉਸਨਿ, ਜੋ ਨਾਲ ਸਾਹਿਬ ਦੇ ਜਾਲੀਆਂ।"[58]



Sri Satguru Jagjit Singh Ji eLibrary NamdhariElibrary@gmail.com

ਸੂਫ਼ੀ ਵਿਚਾਰਧਾਰਾ ਵਿਚ ਅਜਿਹਾ ਇਸ਼ਕ ਬੁੱਲ੍ਹੇ ਸ਼ਾਹ ਨੇ ਵੀ ਆਪਣੇ ਪ੍ਰੀਤਮ ਨੂੰ ਕੀਤਾ ਹੈ। ਇਬਾਦਤ ਵਿਚ ਲੀਨ ਬੁੱਲ੍ਹੇ ਸ਼ਾਹ ਨੂੰ ਵੀ ਦੁਨੀਆਂ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਨੱਚਣ-ਟੱਪਣ ਲੱਗ ਪੈਂਦਾ ਹੈ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰੇ ਪ੍ਰੀਤਮ ਤੂੰ ਮੇਰੇ ਹਿਰਦੇ ਵਿਚ ਵੱਸ ਜਾ, ਜੇਕਰ ਤੂੰ ਅਜੇ ਵੀ ਮੈਨੂੰ ਆਪਣੀ ਝਲਕ ਨਹੀਂ ਦਿਖਾਈ ਤਾਂ ਮੇਰੀ ਜਿੰਦ ਚਲੀ ਜਾਵੇਗੀ ਭਾਵ ਪਰਮਾਤਮਾ ਦੇ ਵਿਯੋਗ ਵਿਚ ਮੇਰੀ ਮੌਤ ਹੋ ਜਾਵੇਗੀ;

"ਬਹੁੜੀਂ ਵੇ ਤਬੀਬਾ, ਮੈਂਡੀ ਜਿੰਦ ਗਈਆ
ਤੇਰੇ ਇਸ਼ਕ ਨਚਾਇਆ, ਕਰ ਥੱਈਆ ਥੱਈਆ।"[59]

ਬੁੱਲ੍ਹੇ ਸ਼ਾਹ ਪਰਮਾਤਮਾ ਨਾਲ ਕੀਤੇ ਇਸ਼ਕ ਦੀ ਪਰਿਭਾਸ਼ਾ ਦਿੰਦਿਆਂ ਆਖਦਾ ਹੈ ਕਿ ਇਸ ਇਸ਼ਕ-ਮਾਰਗ ਤੇ ਕੋਈ ਕਿਸੇ ਦੀ ਜਾਤ ਜਾਂ ਧਰਮ ਨਹੀਂ ਪੁੱਛਦਾ ਬਲਕਿ ਇਹ ਇਸ਼ਕ-ਮਾਰਗ ਤਾਂ ਬਾਹਰੀ ਭੇਖਾਂ, ਆਡੰਬਰਾਂ ਦਾ ਵਿਰੋਧ ਕਰਦਾ ਹੈ। ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਜਿਹੜਾ ਵਿਅਕਤੀ ਸ਼ਰੀਅਤ ਦੇ ਘੇਰੇ ਵਿਚ ਇਸ਼ਕ ਕਰਦਾ ਹੈ ਉਹ ਇਸ਼ਕ ਪਰਮਾਤਮਾ ਦੇ ਦਰ ਤੇ ਪਰਵਾਨ ਨਹੀਂ ਹੈ ਕਿਉਂਕਿ ਰੱਬੀ-ਇਸ਼ਕ ਅਤੇ ਧਾਰਮਿਕ ਸ਼ਰ੍ਹਾ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਸ਼ਰ੍ਹਾ ਦੇ ਨਿਯਮ ਮਨੁੱਖ ਨੂੰ ਧਰਮ ਦੇ ਬਾਹਰੀ ਸਿਧਾਂਤਾਂ ਦੀ ਜਾਣਕਾਰੀ ਦਿੰਦੇ ਹਨ ਤੇ ਮਨੁੱਖ ਦੇ ਪੈਰਾਂ ਵਿਚ ਧਾਰਮਿਕ ਰੀਤੀ-ਰਿਵਾਜਾਂ ਦੇ ਸੰਗਲ ਪਾ ਦਿੰਦੇ ਹਨ;

"ਕਰਮ ਸ਼ਰ੍ਹਾ ਦੇ ਧਰਮ ਬਤਾਵਣ, ਸੰਗਲ ਪਾਵਣ ਪੈਰੀਂ।
ਜ਼ਾਤ ਮਜ਼ਹਬ ਇਹ ਇਸ਼ਕ ਨ ਪੁੱਛਦਾ, ਇਸ਼ਕ ਸ਼ਰ੍ਹਾ ਦਾ ਵੈਰੀ।"[60]

ਬੁੱਲ੍ਹੇ ਸ਼ਾਹ ਦੇ ਅਨੁਸਾਰ ਜਿਸ ਸਾਧਕ ਨੂੰ ਆਪਣੇ ਪ੍ਰੀਤਮ ਦੇ ਨਾਲ ਇਸ਼ਕ ਹੋ ਜਾਂਦਾ ਹੈ ਉਹ ਸਾਧਕ ਪਰਮਾਤਮਾ ਦੇ ਇਸ਼ਕ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਉਸ ਸਾਧਕ ਨੂੰ ਸੁਰ, ਤਾਲ ਦੀ ਕੋਈ ਸੋਝੀ ਨਹੀਂ ਰਹਿੰਦੀ ਉਹ ਤਾਂ ਕੇਵਲ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਨੱਚਣ-ਗਾਉਣ ਲੱਗ ਪੈਂਦਾ ਹੈ ਉਹ ਚਾਹੇ ਬੇਸੁਰਾ ਹੋਵੇ ਜਾਂ ਬੇਤਾਲਾ;

"ਜਿਸ ਤਨ ਲਗਿਆ ਇਸ਼ਕ ਕਮਾਲ, ਨਾਚੇ ਬੇਸੁਰ ਤੇ ਬੇਤਾਲ।"[61]

ਸੂਫ਼ੀ ਸਾਧਕ ਇਸ਼ਕ-ਮਜਾਜ਼ੀ ਤੋਂ ਇਸ਼ਕ-ਹਕੀਕੀ ਤੱਕ ਦਾ ਪੰਧ ਤਹਿ ਕਰਦਾ ਹੈ ਕਿਉਂਕਿ ਇਸ਼ਕ-ਮਜਾਜ਼ੀ ਸਾਧਕ ਨੂੰ ਦੁਨੀਆਵੀ ਪੱਧਰ'ਤੇ ਇਸ਼ਕ ਦੀ ਜਾਚ ਸਿਖਾਉਂਦਾ ਹੈ। ਦੂਜੇ ਪਾਸੇ ਪਰਮਾਤਮਾ ਦੇ ਇਸ਼ਕ ਵਿਚ ਰੱਤੇ ਹੋਏ ਸਾਧਕ ਹੀ ਇਸ਼ਕ-ਹਕੀਕੀ ਦੀ ਰਮਜ਼ ਨੂੰ ਸਮਝ ਸਕਦੇ ਹਨ। ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਮੈਂ ਪਰਮਾਤਮਾ ਦੇ ਦਰ ਦੀ ਕੁੱਤੀ ਹਾਂ ਅਤੇ ਹੇ ਪਰਮਾਤਮਾ ਤੂੰ ਭਾਵੇਂ ਮੈਨੂੰ ਜਾਣ ਜਾਂ ਨਾ ਜਾਣ ਪਰ ਮੈਂ ਤੇਰੇ ਇਸ਼ਕ ਵਿਚ ਆਪਣਾ ਆਪਾ ਕੁਰਬਾਨ ਕਰਨ ਲਈ ਹਮੇਸ਼ਾ ਤਿਆਰ ਹਾਂ;

"ਇਸ਼ਕ ਮਜਾਜ਼ੀ ਰਾਜ ਅਨੋਖੇ ਕਿਆ ਜਾਨੜਨ ਮੁਲਾਂ ਮਲਵਾਨੜੀਂ।
ਰਮਜ਼ ਹਕੀਕੀ ਆਰਫ਼ ਸਮਝਨ ਨਾਜ਼ ਦਿਲਬਰ ਦੇ ਭਾਨੜੀਂ।
ਹਾਂ ਮੈਂ ਕੁਤੜੀ ਯਾਰ ਦੇ ਦਰ ਦੀ ਜਾਨੜੀਂ ਯਾਰ ਨ ਜਾਨੜੀਂ।
ਆਖ ਫ਼ਰੀਦ ਮੈਂਡੀ ਲੂੰ ਲੂੰ ਵਿਚ ਚਾ ਕੀਤੇ ਇਸ਼ਕ ਟਿਕਾਨੜੀਂ।"[62]

ਜਦੋਂ ਕੋਈ ਪ੍ਰੇਮੀ ਸੰਸਾਰਕ ਪ੍ਰੇਮਿਕਾ ਦੇ ਇਸ਼ਕ ਵਿਚ ਆਪਣੀ ਹੋਂਦ ਨੂੰ ਮਿਟਾ ਦਿੰਦਾ ਹੈ ਤਾਂ ਉਸ ਦੇ ਪ੍ਰੇਮ ਵਿਚ ਕਿਸੇ ਪ੍ਰਕਾਰ ਦਾ ਸਵਾਰਥ ਨਹੀਂ ਹੁੰਦਾ। ਉਹ ਪ੍ਰੇਮੀ ਇਸ਼ਕ-ਮਜਾਜ਼ੀ ਦੇ ਪੰਧ ਉੱਤੇ ਚੱਲਦਿਆਂ ਅੰਤ ਨੂੰ ਇਸ਼ਕ-ਹਕੀਕੀ ਦੇ ਪੰਧ ਦਾ ਮੁਸਾਫ਼ਰ ਬਣ ਜਾਂਦਾ ਹੈ ਕਿਉਂਕਿ



Sri Satguru Jagjit Singh Ji eLibrary NamdhariElibrary@gmail.com

ਪ੍ਰੇਮ-ਮਾਰਗ ਤੇ ਚੱਲਦਿਆਂ-ਚੱਲਦਿਆਂ ਉਸ ਪ੍ਰੇਮੀ ਦੇ ਹਿਰਦੇ ਵਿਚ ਅਜਿਹਾ ਪ੍ਰਕਾਸ਼ ਉਤਪੰਨ ਹੋ ਜਾਂਦਾ ਹੈ ਕਿ ਉਹ ਰੱਬੀ-ਇਸ਼ਕ ਵਿਚ ਆਪਣੀ ਜਿੰਦ ਨੂੰ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਇਸ਼ਕ-ਮਜਾਜ਼ੀ ਦਾ ਰਾਹ ਅੰਤ ਨੂੰ ਇਸ਼ਕ-ਹਕੀਕੀ ਦੇ ਦੁਆਰ ਤੇ ਆ ਕੇ ਹੀ ਮੁੱਕਦਾ ਹੈ;

"ਇਸ਼ਕ-ਮਜਾਜ਼ੀ ਜਾਂ ਸੰਸਾਰਕ ਪ੍ਰੇਮ ਨੂੰ ਇਸ਼ਕ-ਹਕੀਕੀ (ਰੱਬੀ ਪਿਆਰ) ਦਾ ਵਸੀਲਾ ਇਸੇ ਕਰਕੇ ਸਮਝਿਆ ਗਿਆ ਹੈ ਕਿ ਜਦ ਸੰਸਾਰਕ ਪ੍ਰੇਮੀ ਦਾ ਇਸ਼ਕ ਪਿਆਰ ਦੇ ਸਿਖ਼ਰ ਉੱਤੇ ਪੁਜ ਜਾਂਦਾ ਹੈ ਤਾਂ ਹਰ ਸਮੇਂ, ਹਰ ਥਾਂ, ਉਸ ਨੂੰ ਆਪਣਾ ਪਿਆਰਾ ਮਾਸ਼ੂਕ ਨਜ਼ਰ ਆਉਂਦਾ ਹੈ। ਇਸ ਪਿਆਰ ਨਾਲ ਜਗਿਆਸੂ ਪ੍ਰੇਮੀ ਉੱਪਰ ਅਨੰਦ ਦੀ ਮਸਤੀ ਛਾ ਜਾਂਦੀ ਹੈ। ਇਸ ਪ੍ਰੇਮ ਵਿਚ ਹੀ ਉਹ ਆਪਣੀ ਹੋਂਦ ਅਤੇ ਸਾਰੇ ਸੰਸਾਰ ਨੂੰ ਭੁਲਾ ਦਿੰਦਾ ਹੈ ਅਤੇ ਕੇਵਲ ਆਪਣੇ ਪ੍ਰੀਤਮ ਨੂੰ ਹੀ ਚਾਰੇ ਪਾਸੇ ਪਸਰਿਆ ਦੇਖਦਾ ਹੈ। ਆਪਣੇ ਇਸ਼ਕ ਵਿਚ ਪੂਰਨਤਾ ਪ੍ਰਾਪਤ ਕਰਨ ਬਾਅਦ ਉਹ ਪ੍ਰਭੂ ਪ੍ਰੀਤਮ ਵੱਲ ਮੁੜਦਾ ਹੈ। ਅਜਿਹਾ ਪ੍ਰੇਮੀ ਕਿਸੇ ਸੂਰਤ ਜਾਂ ਸਰੀਰਕ ਸੁੰਦਰਤਾ ਉੱਤੇ ਨਹੀਂ ਮਰਦਾ, ਪਰ ਜਦ ਉਹ ਕਿਸੇ ਸੁਹਣੇ ਨੂੰ ਪਿਆਰ ਕਰਦਾ ਹੈ, ਤਾਂ ਉਸ ਦਾ ਮਨੋਰਥ (ਮੁੱਦਾ) ਕੁਝ ਹੋਰ ਹੁੰਦਾ ਹੈ।"[63]

ਖ਼ਵਾਜਾ ਗ਼ੁਲਾਮ ਫ਼ਰੀਦ ਨੇ ਵੀ ਆਪਣੇ ਨਿੱਜੀ ਜੀਵਨ ਵਿਚ ਇਸ਼ਕ-ਮਜਾਜ਼ੀ ਤੋਂ ਇਸ਼ਕ-ਹਕੀਕੀ ਦੀ ਸਿੱਖਿਆ ਲਈ ਹੈ ਭਾਵੇਂ ਖ਼ਵਾਜਾ ਸਾਹਿਬ ਨੇ ਆਪਣੇ ਜੀਵਨ ਵਿਚ ਇਸ਼ਕ-ਮਜਾਜ਼ੀ ਵੀ ਕੀਤਾ ਪਰ ਇਸ ਇਸ਼ਕ ਦਾ ਮੁੱਖ ਮਨੋਰਥ ਇਸ਼ਕ-ਹਕੀਕੀ ਦੀਆਂ ਮੰਜ਼ਿਲਾਂ ਤਹਿ ਕਰਨਾ ਹੀ ਸੀ। ਖ਼ਵਾਜਾ ਸਾਹਿਬ ਨੂੰ ਇਸ ਗੱਲ ਦਾ ਭਲੀ-ਭਾਂਤ ਇਲਮ ਸੀ ਕਿ ਇਸ਼ਕ-ਹਕੀਕੀ ਦੇ ਰਾਹ ਤੇ ਪੈ ਕੇ ਹੀ ਕੋਈ ਸਾਧਕ ਪਰਮਾਤਮਾ ਵਿਚ ਅਭੇਦਤਾ ਪ੍ਰਾਪਤ ਕਰ ਸਕਦਾ ਹੈ। ਇਸ਼ਕ-ਹਕੀਕੀ ਦਾ ਰਾਹ ਇਸ਼ਕ-ਮਜਾਜ਼ੀ ਦੇ ਘਰ ਵਿਚੋਂ ਹੋ ਕੇ ਲੰਘਦਾ ਹੈ ਕਿਉਂਕਿ ਇਸ਼ਕ-ਮਜਾਜ਼ੀ ਦੇ ਰਾਹ ਤੇ ਤੁਰਦਾ ਆਸ਼ਕ ਅੰਤ ਨੂੰ ਇਸ਼ਕ-ਹਕੀਕੀ ਦੇ ਰਾਹ ਤੇ ਆ ਜਾਂਦਾ ਹੈ। ਜਿਸ ਪ੍ਰਕਾਰ ਉੱਪਰ ਕਿਹਾ ਗਿਆ ਹੈ ਕਿ ਸੰਸਾਰਕ ਪ੍ਰੇਮ ਕਰਦਾ ਹੋਇਆ ਪ੍ਰੇਮੀ ਆਪਣੇ ਪ੍ਰੇਮ ਵਿਚ ਇਸ ਕਦਰ ਦੀਵਾਨਾ ਹੋ ਜਾਂਦਾ ਹੈ ਕਿ ਉਹ ਇਸ਼ਕ-ਹਕੀਕੀ ਦੇ ਰਾਹ ਦਾ ਪਾਂਧੀ ਬਣ ਜਾਂਦਾ ਹੈ;

"ਸੂਫ਼ੀ ਦਾ ਲਖਸ਼ ਉਸ ਸਰਬ ਸ਼ਕਤੀਮਾਨ, ਸਰਬ ਵਿਆਪਕ ਰੱਬ ਵਿਚ ਇਕ-ਮਿਕ ਹੋਣਾ ਹੈ। ਇਸ ਪ੍ਰਾਪਤੀ ਦਾ ਸਾਧਨ ਸੂਫ਼ੀ ਦੇ ਮੁਤਾਬਿਕ ਪ੍ਰੇਮ/ਇਸ਼ਕ ਹੈ।"[64]

ਰੱਬੀ-ਇਸ਼ਕ ਦਾ ਰਾਹ ਉਸ ਵੇਲੇ ਹੀ ਕਿਸੇ ਸਾਧਕ ਨੂੰ ਦਿਖਾਈ ਦਿੰਦਾ ਹੈ ਜਦੋਂ ਉਹ ਪਰਮਾਤਮਾ ਨਾਲੋਂ ਪਏ ਵਿਯੋਗ ਨੂੰ ਸਮਝ ਲੈਂਦਾ ਹੈ। ਜਿਸ ਸਮੇਂ ਤੱਕ ਕਿਸੇ ਸਾਧਕ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਇਲਮ ਨਹੀਂ ਹੁੰਦਾ ਉਸ ਸਮੇਂ ਤੱਕ ਕੋਈ ਵੀ ਰਾਹ ਪ੍ਰੀਤਮ ਦਾ ਦੀਦਾਰ ਨਹੀਂ ਕਰਵਾ ਸਕਦਾ। ਪਰਮਾਤਮਾ ਨਾਲੋਂ ਵਿਯੋਗੀ ਨਾਇਕਾ ਨੂੰ ਜਦੋਂ ਪ੍ਰੀਤਮ ਦਾ ਦੀਦਾਰ ਹੁੰਦਾ ਹੈ ਤਾਂ ਉਸ ਦੇ ਮਨ ਦੀ ਮੁਰਾਦ ਪੂਰੀ ਹੋ ਜਾਂਦੀ ਹੈ। ਪ੍ਰੀਤਮ ਦੇ ਮਿਲਾਪ ਮੌਕੇ ਬਿਰਹਨ ਨਾਇਕਾ ਨੂੰ ਹਰ ਪਾਸੇ ਖੁਸ਼ੀ ਦਾ ਮਾਹੌਲ ਪ੍ਰਤੀਤ ਹੁੰਦਾ ਹੈ। ਗ਼ੁਲਾਮ ਫ਼ਰੀਦ ਨੇ ਇਸ ਮਿਲਾਪ ਦੀ ਅਵਸਥਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਫੁੱਲਾਂ ਉੱਤੇ ਠੰਢ ਹੈ ਅਤੇ ਹਰ ਪਾਸੇ ਤਾਜ਼ਗੀ ਦੇ ਚਿੰਨ ਦਿਖਾਈ ਦੇ ਰਹੇ ਹਨ। ਉਨ੍ਹਾਂ ਦੇ ਅਨੁਸਾਰ ਇਹ ਸਭ ਪਰਮਾਤਮਾ ਦੀ ਕਿਰਪਾ ਦਾ ਨਤੀਜਾ ਹੈ ਕਿ ਪ੍ਰਭੂ ਨੇ ਵਰਖ਼ਾ ਰੁੱਤ ਭੇਜੀ ਹੈ ਅਤੇ ਆਪਣੇ ਨਾਲ ਮਿਲਾਪ ਦਾ ਆਧਾਰ ਬਣਾਇਆ ਹੈ;

"ਮੁਲਕ ਮਲ੍ਹੇਰ ਵਸਾਇਮ ਮੁਲਾ।
ਸਭ ਗੁਲ ਦੁਲ ਖੁਨਕੀ ਚਾਈ।



Sri Satguru Jagjit Singh Ji eLibrary NamdhariElibrary@gmail.com

ਮੁਦਤਾਂ ਪਿਛੋ ਰਾਂਝਨ ਮਿਲਿਆ।
ਰੱਬ ਉਜੜੀ ਝੋਕ ਵਸਾਈ।"[65]

ਪ੍ਰਭੂ ਨਾਲ ਮਿਲਾਪ ਦਾ ਇਹ ਅਵਸਰ ਜੀਵਾਤਮਾ ਦੇ ਵਿਯੋਗ ਕਾਰਣ ਹੀ ਸੰਭਵ ਹੁੰਦਾ ਹੈ। ਵਿਯੋਗ ਹੀ ਸੰਜੋਗ ਦਾ ਆਧਾਰ ਬਣਦਾ ਹੈ। ਵਿਯੋਗ ਤੋਂ ਬਿਨਾਂ ਜੀਵਾਤਮਾ ਸੰਜੋਗ ਦੀ ਅਵਸਥਾ ਨੂੰ ਕਿਸੇ ਵੀ ਹਾਲਤ ਵਿਚ ਪ੍ਰਾਪਤ ਨਹੀਂ ਕਰ ਸਕਦੀ;

"ਵਿਯੋਗ ਦੀ ਪਿਆਸ ਵਿਯੋਗ ਦੇ ਮੀਂਹ ਨਾਲ ਹੀ ਮਿਟਦੀ ਹੈ। ਜਦੋਂ ਵਿਯੋਗ ਵਿਯੋਗ ਦੀ ਸੀਮਾ ਟੱਪ ਜਾਂਦਾ ਹੈ ਤਾਂ ਉਹ ਆਪਣੇ ਆਪ ਸੰਜੋਗ ਬਣ ਜਾਂਦਾ ਹੈ। ਇਹ ਵਿਯੋਗ ਦਾ ਕ੍ਰਿਸ਼ਮਾ ਹੈ। ਵਿਯੋਗੀ ਆਪਣੇ ਵਿਯੋਗ ਵਿਚੋਂ ਪਿਆਰ ਪੈਦਾ ਕਰ ਲੈਂਦਾ ਹੈ ਜਾਂ ਆਪ ਹੀ ਆਪਣਾ ਪਿਆਰ ਬਣ ਜਾਂਦਾ ਹੈ। ਆਪ ਹੀ ਆਪਣੇ ਵਿਯੋਗ ਵਿਚ ਤੜਪਦਾ ਹੈ ਆਪ ਹੀ ਆਪਣੇ ਸੰਜੋਗ ਵਿਚ ਹਰਖਦਾ ਹੈ। ਪਹਿਲਾਂ ਤਪਦਾ ਮਾਰੂਥਲ ਪੈਦਾ ਕਰਦਾ ਹੈ ਫੇਰ ਆਪਣੇ ਵਿਯੋਗ ਵਿਚ ਉਸ ਵਿਚ ਤੁਰਦਾ ਹੈ ਅਤੇ ਫੇਰ ਵਿਯੋਗ ਵਿਚ ਬਰਖ਼ਾ ਬਰਸਣ ਲਗ ਪੈਂਦੀ ਹੈ।"[66]

ਜਿਸ ਵੇਲੇ ਸਾਧਕ ਨੂੰ ਪਰਮਾਤਮਾ ਦਾ ਦੀਦਾਰ ਹੋ ਜਾਂਦਾ ਹੈ ਤਾਂ ਉਸਦੀ ਵਿਯੋਗ ਦੀ ਅਵਸਥਾ ਦਾ ਅੰਤ ਹੋ ਜਾਂਦਾ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਹਰ ਸਾਧਕ ਦਾ ਇਹ ਪਰਮ ਲਕਸ਼ ਹੁੰਦਾ ਹੈ ਕਿ ਉਹ ਪ੍ਰੀਤਮ ਨਾਲ ਮਿਲਾਪ ਪ੍ਰਾਪਤ ਕਰ ਸਕੇ। ਸਾਧਕ ਨੂੰ ਜਦੋਂ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ ਤਾਂ ਉਹ ਆਪਣੀ ਜਿੰਦ ਨੂੰ ਪਰਮਾਤਮਾ ਦੀ ਹੋਂਦ ਵਿਚ ਫ਼ਨਾ ਕਰ ਦੇਣਾ ਚਾਹੁੰਦਾ ਹੈ। ਉਹ ਆਪਣੇ ਪ੍ਰੀਤਮ ਨਾਲ ਇਸ ਤਰ੍ਹਾਂ ਦਾ ਇਸ਼ਕ ਪਾਉਂਦਾ ਹੈ ਕਿ ਉਸ ਸਾਧਕ ਦੀ ਹੋਂਦ ਪਰਮਾਤਮਾ ਦੀ ਹੋਂਦ ਵਿਚ ਰਲ ਜਾਂਦੀ ਹੈ। ਇਹ ਲਕਸ਼ ਹਰ ਸੂਫ਼ੀ ਦਾ ਅੰਤਿਮ ਲਕਸ਼ ਹੁੰਦਾ ਹੈ। ਪਰਮਾਤਮਾ ਨਾਲੋਂ ਮਨੁੱਖ ਦਾ ਪਿਆ ਹੋਇਆ ਵਿਯੋਗ ਅੱਗੇ ਚੱਲ ਕੇ ਬਿਰਹਾ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਇਸ ਬਿਰਹਾ ਦੇ ਕਾਰਨ ਸਾਧਕ ਮੁਰਸ਼ਦ ਦੀ ਸ਼ਰਨ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦਿੰਦਾ ਹੈ। ਮੁਰਸ਼ਦ ਸਾਧਕ ਨੂੰ ਅਜਿਹਾ ਰਾਹ ਦੱਸਦਾ ਹੈ ਜਿਸ ਨੂੰ ਸੂਫ਼ੀ ਵਿਚਾਰਧਾਰਾ ਅਨੁਸਾਰ ਰੱਬੀ-ਇਸ਼ਕ ਦਾ ਸੰਕਲਪ ਕਿਹਾ ਜਾਂਦਾ ਹੈ। ਇਹ ਇਸ਼ਕ ਹੀ ਸਾਧਕ ਨੂੰ ਉਸ ਦੀ ਮੰਜ਼ਿਲ ਤੱਕ ਲੈ ਕੇ ਜਾਂਦਾ ਹੈ, ਇਹ ਗ਼ੁਲਾਮ ਫ਼ਰੀਦ ਦੀ ਕਵਿਤਾ ਦੇ ਨਾਲ-ਨਾਲ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵੀ ਦੇਖਿਆ ਜਾ ਸਕਦਾ ਹੈ। ਗ਼ੁਲਾਮ ਫ਼ਰੀਦ ਨੇ ਰੱਬੀ-ਇਸ਼ਕ ਦੇ ਸੰਕਲਪ ਦੁਆਰਾ ਪ੍ਰੀਤਮ ਵਿਚ ਅਭੇਦਤਾ ਪ੍ਰਾਪਤ ਕੀਤੀ ਹੈ।

## ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਬਿਰਹਾ ਸੰਵੇਦਨਾ

ਬਿਰਹਾ ਸ਼ਬਦ ਦੀ ਵਰਤੋਂ ਆਮ ਸੰਸਾਰਕ ਜੀਵਨ ਵਿਚ ਸੰਸਾਰਕ ਪ੍ਰੇਮੀ-ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਨੂੰ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਮਨੁੱਖ ਦੇ ਸਮਾਜਿਕ ਜੀਵਨ ਵਿਚ ਅਕਸਰ ਹੀ ਦੇਖਣ ਵਿਚ ਆਉਂਦਾ ਹੈ ਕਿ ਸੰਸਾਰਕ ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਪ੍ਰਤੀ ਪਿਆਰ-ਆਕਰਸ਼ਣ ਦੇ ਕਾਰਨ ਆਪਸ ਵਿਚ ਮੁੜ ਮਿਲਣ ਦੀ ਤਾਂਘ ਰੱਖਦੇ ਹਨ। ਇਕ ਦੂਜੇ ਦੇ ਪਿਆਰ ਵਿਚ ਮਸਤ ਉਹ ਪ੍ਰੇਮੀ-ਪ੍ਰੇਮਿਕਾ ਇਕ ਦੂਜੇ ਨੂੰ ਮਿਲਣ ਲਈ ਬਿਲਬਲ ਰਹਿੰਦੇ ਹਨ। ਉਨ੍ਹਾਂ ਨੂੰ ਆਪਣੇ ਮਿਲਾਪ ਦੇ ਪਲ ਵਾਰ-ਵਾਰ ਯਾਦ ਆਉਂਦੇ ਹਨ ਅਤੇ ਵਿਛੋੜੇ ਦੀ ਅੱਗ ਨੂੰ ਹੋਰ ਪ੍ਰਚੰਡ ਕਰਦੇ ਹਨ। ਇਸ ਭਾਵਨਾ ਨੂੰ ਪੰਜਾਬੀ ਸਾਹਿਤ ਵਿਚ ਬਿਰਹਾ ਦੀ ਭਾਵਨਾ ਕਿਹਾ ਜਾਂਦਾ ਹੈ;

"ਸੰਸਕ੍ਰਿਤ ਕਾਵਿ ਸ਼ਾਸਤਰ ਵਿਚ ਬਿਰਹਾ ਵਿਪ੍ਰਲੰਭ ਕਿਹਾ ਜਾਂਦਾ ਹੈ। ਸੰਸਕ੍ਰਿਤ ਅੰਗ੍ਰੇਜ਼ੀ ਡਿਕਸ਼ਨਰੀ ਵਿਚ ਬਿਰਹਾ ਦਾ ਅਰਥ Separation of lovers ਦਿੱਤਾ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਮਿਲਾਪ, ਵਿਯੋਗ, ਬਿਰਹਾ, ਵਸਲ ਸਾਰੇ ਸ਼ਬਦ ਅਤੇ ਇਨ੍ਹਾਂ ਪਿੱਛੇ ਕੰਮ ਕਰਦੇ ਸੰਕਲਪ ਅੰਤਰ ਸੰਬੰਧਿਤ ਹਨ। ਸੰਸਾਰ ਪ੍ਰਸਿੱਧ ਅੰਗ੍ਰੇਜ਼ੀ ਨਾਟਕਕਾਰ ਸ਼ੇਕਸਪੀਅਰ ਪਹਿਲੀ ਨਜ਼ਰੇ ਪਿਆਰ ਨੂੰ ਹੀ ਪ੍ਰੇਮੀਆਂ ਦਾ ਪ੍ਰਥਮ ਮਿਲਾਪ ਕਹਿੰਦਾ ਹੈ। ਵਸਲ ਦੇ ਅਰਥ ਹਨ- ਮੇਲ, ਮਿਲਾਪ, ਪ੍ਰੇਮੀ ਤੇ ਪ੍ਰੇਮਿਕਾ ਦਾ ਮਿਲਾਪ ਜਾਂ ਮੁਲਾਕਾਤ।"[67]

ਡਾ. ਲਾਜਵੰਤੀ ਰਾਮ ਕ੍ਰਿਸ਼ਨ ਆਪਣੀ ਪੁਸਤਕ Punjabi Sufi Poets ਵਿਚ ਲਿਖਦੀ ਹੈ ਕਿ ਸੂਫ਼ੀ ਸਾਧਨਾ ਵਿਚ ਪੁਨਰ-ਮਿਲਨ ਦਾ ਅਰਥ ਬਿਰਹਾ ਭਾਵਨਾ ਨਾਲ ਲਿਆ ਜਾਂਦਾ ਹੈ ਕਿਉਂਕਿ ਪੁਨਰ-ਮਿਲਨ ਦਾ ਭਾਵ ਹੈ ਕਿ ਜੀਵਾਤਮਾ ਦਾ ਉਸ ਦੇ ਪ੍ਰੀਤਮ ਨਾਲੋਂ ਵਿਯੋਗ ਹੋ ਗਿਆ ਹੈ। ਇਸ ਵਿਯੋਗ ਵਿਚ ਜਿਸ ਵੇਲੇ ਸਾਧਕ ਦੇ ਅੰਤਰ-ਮਨ ਵਿਚ ਬਿਰਹਾ ਉਤਪੰਨ ਹੁੰਦੀ ਹੈ ਤਾਂ ਜੀਵਾਤਮਾ ਆਪਣੇ ਪ੍ਰੀਤਮ ਨੂੰ ਮੁੜ ਮਿਲਣ ਲਈ ਵਿਆਕੁਲ ਹੋ ਜਾਂਦੀ ਹੈ;

"ਪੁਨਰ-ਮਿਲਨ ਦੀ ਲਾਲਸਾ ਦਾ ਮਤਲੱਬ ਹੈ ਕਿ ਸੂਫ਼ੀ ਸਾਧਕ ਦੀ ਪਰਮਾਤਮਾ ਨਾਲ ਜੁਦਾਈ ਪਈ ਹੋਈ ਹੈ ਅਤੇ ਪੰਜਾਬੀ ਸੂਫ਼ੀ ਸਾਧਕ ਪਰਮਾਤਮਾ ਨਾਲ ਦੁਬਾਰਾ ਮਿਲਾਪ ਚਾਹੁੰਦੇ ਹਨ। ਸੂਫ਼ੀ ਸਾਧਨਾ ਵਿਧੀ ਵਿਚ ਇਹ ਪਰਮਾਤਮਾ ਵਿਚ ਫ਼ਨਾ ਹੋਣ ਦਾ ਸਭ ਤੋਂ ਵਧੀਆ ਸਿਧਾਂਤ ਹੈ। ਇਸਲਾਮੀ ਸਿਧਾਂਤ ਦੇ ਅਨੁਸਾਰ ਜੀਵਾਤਮਾ ਨੂੰ ਪ੍ਰਭੂ ਨਾਲੋਂ ਵਿਯੋਗੀ ਹੋਈ ਇਸਤਰੀ ਦੇ ਰੂਪ ਵਿਚ ਚਿੱਤਰਿਆ ਗਿਆ ਹੈ।"[68]

ਜੀਵਾਤਮਾ ਪੂਰਬਲੇ ਜਨਮ ਦੇ ਮੰਦੇ ਕਰਮਾਂ ਕਰਕੇ ਆਪਣੇ ਪ੍ਰੇਮੀ (ਪਰਮਾਤਮਾ) ਨਾਲੋਂ ਵਿਛੜ ਕੇ ਇਸ ਨਾਸ਼ਮਾਨ ਸੰਸਾਰ ਅੰਦਰ ਦੁੱਖ ਭੋਗ ਰਹੀ ਹੈ। ਸਮੁੱਚੀ ਸੂਫ਼ੀ ਕਵਿਤਾ ਦਾ ਕੇਂਦਰੀ ਥੀਮ ਇਸ ਪ੍ਰਯੋਜਨ ਦੁਆਲੇ ਹੀ ਘੁੰਮਦਾ ਹੈ ਕਿ ਜੀਵਾਤਮਾ ਦਾ ਮੂਲ ਮਨੋਰਥ ਬਿਰਹਾ ਦੀ ਅਵਸਥਾ ਦਾ ਸਮਾਪਨ ਕਰਕੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨਾ ਹੈ। ਇਸ ਮਨੋਰਥ ਦੇ ਰਾਹ ਵਿਚ ਵਿਯੋਗ, ਬਿਰਹਾ, ਸੰਸਾਰਕ ਦੁੱਖ, ਮੁਰਸ਼ਦ ਦੀ ਅਗਵਾਈ, ਰੱਬੀ-ਇਸ਼ਕ ਦਾ ਮਾਰਗ ਅਤੇ ਮਿਲਾਪ ਦੀ ਅਵਸਥਾ ਦੇ ਸਾਰੇ ਬਿੰਬ ਆ ਜਾਂਦੇ ਹਨ ਪਰ ਮੂਲ ਇਕਾਈ ਪਰਮਾਤਮਾ ਦੀ ਪ੍ਰਾਪਤੀ ਜਾਂ ਪਰਮਾਤਮਾ ਵਿਚ ਅਭੇਦਤਾ ਨੂੰ ਹੀ ਕਿਹਾ ਜਾ ਸਕਦਾ ਹੈ। ਬਾਬਾ ਫ਼ਰੀਦ ਤੋਂ ਆਰੰਭ ਹੋਣ ਵਾਲੀ ਪੰਜਾਬੀ ਸੂਫ਼ੀ ਕਵਿਤਾ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੋਂ ਆਪਣਾ ਪੰਧ ਤਹਿ ਕਰਦੀ ਹੋਈ ਗ਼ੁਲਾਮ ਫ਼ਰੀਦ ਤੱਕ ਅਧਿਆਤਮਕ ਰੰਗਤ ਵਿਚ ਰੰਗੀ ਹੋਈ ਹੈ। ਇਸ ਕਵਿਤਾ ਵਿਚ ਇਸ਼ਕ ਮਜਾਜ਼ੀ ਦੀ ਗੱਲ ਕਰਕੇ ਵੀ ਅੰਤ ਵਿਚ ਸਮਾਪਨ ਇਸ਼ਕ ਹਕੀਕੀ ਦੀ ਗੱਲ ਕਹਿ ਕੇ ਕੀਤਾ ਜਾਂਦਾ ਹੈ। ਦੁਨਿਆਵੀ ਇਸ਼ਕ ਦੀਆਂ ਬਾਤਾਂ ਪਾ ਕੇ ਵੀ ਇਹ ਸੂਫ਼ੀ ਸ਼ਾਇਰ ਰੱਬੀ-ਇਸ਼ਕ ਦੀਆਂ ਮੰਜ਼ਿਲਾਂ ਨੂੰ ਪਾਰ ਕਰਦੇ ਜਾਪਦੇ ਹਨ। ਸੂਫ਼ੀਆਂ ਦਾ ਇਸ਼ਕ ਅਧਿਆਤਮਕ ਰੰਗ ਵਿਚ ਸਾਡੇ ਸਾਹਮਣੇ ਪੇਸ਼ ਹੁੰਦਾ ਹੈ। ਸੂਫ਼ੀ ਸਾਧਕ ਆਪਣੇ ਪ੍ਰੇਮੀ (ਪਰਮਾਤਮਾ) ਦੇ ਵਿਯੋਗ ਵਿਚ ਬਿਰਹਾ ਦੀ ਤੜਪ ਨੂੰ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ। ਉਹ ਲੋਕ ਪ੍ਰਭੂ ਦੇ ਮਿਲਾਪ ਦੀ ਇੱਛਾ ਵਿਚ ਬਿਰਹਾ ਦੇ ਦੁੱਖ ਨੂੰ ਸਹਿਣ ਕਰ ਰਹੇ ਹਨ। ਇਹ ਬਿਰਹਾ ਜਿੱਥੇ ਸਾਧਕ ਨੂੰ ਦੁੱਖ ਦਿੰਦੀ ਹੈ ਉੱਥੇ ਇਸ ਬਿਰਹਾ ਨੇ ਸਾਧਕ ਦੇ ਮਨ ਵਿਚ ਇਕ ਅਜਿਹੀ ਆਸ ਦੀ ਕਿਰਣ ਪੈਦਾ ਕਰ ਦਿੱਤੀ ਹੈ ਜਿਸ ਦੁਆਰਾ ਉਹ ਆਪਣੇ ਪ੍ਰਭੂ ਨੂੰ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਵੇਗਾ;

"ਇਸ਼ਕ ਵਿਚ ਵਿਛੋੜਾ ਵੀ ਲਾਜ਼ਮੀ ਹੈ। ਪ੍ਰੇਮੀ ਨੂੰ ਵਿਛੋੜੇ ਵਿਚ ਲੁਛਣਾ, ਤੜਪਣਾ ਤੇ ਬਿਹਬਲ ਹੋਣਾ ਪੈਂਦਾ ਹੈ। ਪਰ ਇਸ ਵਿਚ ਵੀ ਅਕਹਿ ਰਸ ਹੈ, ਮਿੱਠਾ ਸੁਆਦ ਹੈ। ਪ੍ਰੀਤ ਵਿਚ ਵਸਲ ਤੇ ਸੰਜੋਗ ਦੀ ਹਾਲਤ ਵੀ ਹੈ ਪਰ ਬਿਰਹਾ ਦਾ ਜ਼ਿਕਰ ਪ੍ਰਮੁੱਖ ਰੂਪ ਵਿਚ ਆਉਂਦਾ ਹੈ। ਇਸ



Sri Satguru Jagjit Singh Ji eLibrary NamdhariElibrary@gmail.com

ਲਈ ਬਿਰਹਾ ਦੀ ਹਾਲਤ ਕੋਈ ਨੀਵੀਂ ਹਾਲਤ ਨਹੀਂ ਕਹੀ ਜਾ ਸਕਦੀ। ਬਿਰਹਾ ਦੀ ਅਵਸਥਾ ਵਸਲ ਤੋਂ ਬਾਅਦ ਦੀ ਅਵਸਥਾ ਹੈ। ਇਹ ਮਨੁੱਖ ਦੀ ਵਿਧਾਤਾ ਦੇ ਸਨਮੁਖ, ਇਸਤਰੀ ਦੀ ਕੰਤ ਦੇ ਸਨਮੁਖ ਬਿਹਬਲਤਾ ਦਾ ਪ੍ਰਤੀਕ ਹੈ।"[69]

ਬਿਰਹਾ ਇਕ ਅਹਿਸਾਸ ਹੈ ਜੋ ਜਾਗ੍ਰਤ ਮਨੁੱਖ ਦੇ ਅੰਤਰ-ਮਨ ਵਿਚ ਪੈਦਾ ਹੁੰਦਾ ਹੈ। ਪਰਮਾਤਮਾ ਨਾਲੋਂ ਪਏ ਵਿਯੋਗ ਦੀ ਅਸਵਥਾ ਤੋਂ ਉਪਰੰਤ ਜਾਗ੍ਰਤ ਹੋਏ ਮਨੁੱਖਾਂ ਦੇ ਅੰਤਰ-ਮਨ ਵਿਚ ਬਿਰਹਾ ਦਾ ਅਨੁਭਵ ਹੁੰਦਾ ਹੈ। ਇਹ ਬਿਰਹਾ ਜਦੋਂ ਸਾਧਕ ਨੂੰ ਵਿਆਕੁਲ ਕਰ ਦਿੰਦੀ ਹੈ ਤਾਂ ਸਾਧਕ ਮੁਰਸ਼ਦ (ਗੁਰੂ) ਦੀ ਭਾਲ ਵਿਚ ਤੁਰ ਪੈਂਦਾ ਹੈ। ਜਿਸ ਵੇਲੇ ਸਾਧਕ ਨੂੰ ਮੁਰਸ਼ਦ ਮਿਲਦਾ ਹੈ ਤਾਂ ਸਾਧਕ ਉਸ ਪਿੱਛੇ ਆਪਣਾ ਸਭ ਕੁੱਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਮੁਰਸ਼ਦ ਆਪਣੇ ਸ਼ਾਗਿਰਦ ਨੂੰ ਇਸ਼ਕ ਦਾ ਮਾਰਗ ਦੱਸਦਾ ਹੈ ਕਿਉਂਕਿ ਬਿਨਾਂ ਇਸ਼ਕ-ਮਾਰਗ ਦੇ ਸਾਧਕ ਨੂੰ ਕਿਸੇ ਵੀ ਹਾਲਤ ਵਿਚ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਬਿਰਹਾ ਨੂੰ ਇਸ਼ਕ ਦੀ ਜੜ੍ਹ ਕਿਹਾ ਜਾਂਦਾ ਹੈ, ਬਿਰਹਾ ਤੋਂ ਬਿਨਾਂ ਇਸ਼ਕ ਦੇ ਮਾਰਗ ਦਾ ਗਿਆਨ ਸੰਭਵ ਨਹੀਂ ਹੈ;

"ਸਾਧਨਾ ਵਿਚ ਜਿੱਥੇ ਇਸ਼ਕ ਹੈ, ਉੱਥੇ ਬਿਰਹਾ ਦਾ ਵੀ ਡੂੰਘਾ ਥਾਂ ਹੈ। ਇਲਾਹੀ ਮੁਹੱਬਤ (ਰੱਬੀ-ਇਸ਼ਕ) ਜਿਸ ਦੇ ਅੰਦਰ ਜਾਗ ਪੈਂਦੀ ਹੈ, ਉਸ ਦੇ ਅੰਦਰ ਬਿਰਹਾ ਦਾ ਭਾਂਬੜ ਬਲ ਉੱਠਦਾ ਹੈ। ਆਸ਼ਕ ਇਸ ਬਿਰਹਾ ਵਿਚ ਨਿਮਾਣਾ ਤੇ ਨਿਤਾਣਾ ਬਣ ਜਾਂਦਾ ਹੈ। ਹਾਰ-ਸ਼ਿੰਗਾਰ ਦਾ ਚਾਅ ਖ਼ਤਮ ਹੋ ਜਾਂਦਾ ਹੈ।"[70]

ਬਿਰਹਾ ਤੋਂ ਹੀ ਇਸ਼ਕ ਦਾ ਜਨਮ ਹੁੰਦਾ ਹੈ। ਬਿਰਹਾ ਦੀ ਸਾਧਕ ਨੂੰ ਮੁਰਸ਼ਦ ਦੀ ਭਾਲ ਕਰਨ ਲਗਾਉਂਦਾ ਹੈ। ਬਿਰਹਾ ਹੀ ਮੁਰਸ਼ਦ ਦੇ ਦਰ ਤੇ ਸਾਧਕ ਨੂੰ ਲੈ ਕੇ ਜਾਂਦਾ ਹੈ। ਬਿਰਹਾ ਦੇ ਕਾਰਣ ਹੀ ਸਾਧਕ ਨੂੰ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ;

"ਪਿਆਰ-ਅਧਿਕਾਰ ਬਿਰਹਾ ਹੈ। ਪਿਆਰ ਦਾ ਤੀਖਣ ਅਨੁਭਵ ਉਸ ਵੇਲੇ ਹੀ ਹੁੰਦਾ ਹੈ ਜਦੋਂ ਵਿਛੋੜੇ ਦਾ ਪੜਾਅ ਆਉਂਦਾ ਹੈ। ਬਿਰਹਾ-ਅਗਨੀ ਦਾ ਸੇਕ ਝੱਲਿਆ ਨਹੀਂ ਜਾਂਦਾ। ਬਿਰਹਾ ਦਾ ਤੀਖਣ ਅਨੁਭਵ ਤੀਬਰ ਭਾਵਾਂ ਦੀ ਉਪਜ ਹੁੰਦਾ ਹੈ।"[71]

ਬਿਰਹਾ ਵਿਚ ਤੜਪ ਰਿਹਾ ਸਾਧਕ ਬਿਰਹਾ ਦਾ ਸਮਾਂ ਸਮਾਪਤ ਕਰਨਾ ਚਾਹੁੰਦਾ ਹੈ। ਇਸ ਪ੍ਰਕਾਰ ਬਿਰਹਾ ਉਹ ਅਹਿਸਾਸ ਹੈ ਜੋ ਮਨੁੱਖ ਨੂੰ ਆਪੇ ਦੀ ਪਛਾਣ ਕਰਵਾਉਂਦੀ ਹੈ। ਬਿਰਹਾ ਉਹ ਹੈ ਜੋ ਮਨੁੱਖ ਨੂੰ ਵਿਯੋਗ ਜਾਂ ਦੂਰੀ ਦਾ ਅਹਿਸਾਸ ਕਰਵਾਉਂਦੀ ਹੈ। ਬਿਰਹਾ ਪਰਮਾਤਮਾ ਅਤੇ ਮਨੁੱਖ ਦੇ ਸੰਬੰਧਾਂ ਨੂੰ ਸੰਜੋਗ ਅਤੇ ਵਿਯੋਗ ਦੀ ਤਕੜੀ ਵਿਚ ਤੋਲਦੀ ਹੈ। ਬਿਰਹਾ ਉਹ ਅਵਸਥਾ ਹੈ ਜੋ ਮਨੁੱਖ ਸਮਾਜ ਵਿਚ ਰਹਿੰਦਿਆਂ ਆਪਸੀ ਸੰਬੰਧਾਂ ਨੂੰ ਸਮਝਣ ਲਈ ਜ਼ਰੂਰੀ ਹੈ। ਬਿਰਹਾ ਤੋਂ ਬਿਨਾਂ ਮਨੁੱਖ ਚੰਗੇ ਅਤੇ ਮੰਦੇ ਵਿਚਾਲੇ ਭੇਦ ਨੂੰ ਜਾਣ ਨਹੀਂ ਸਕਦਾ। ਇਸ ਲਈ ਕਿਹਾ ਜਾਂਦਾ ਹੈ ਕਿ ਬਿਰਹਾ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਮਨੁੱਖ ਠੀਕ ਅਤੇ ਗ਼ਲਤ ਦਾ ਭੇਦ ਕਰ ਸਕਦਾ ਹੈ। ਬਿਰਹਾ ਮਨੁੱਖ ਨੂੰ ਫ਼ੈਸਲਾ ਲੈਣ ਲਈ ਬੁੱਧੀ ਪ੍ਰਦਾਨ ਕਰਦਾ ਹੈ;

ਨਜਮ ਹੁਸੈਨ ਸੱਯਦ ਅਨੁਸਾਰ, "ਬਿਰਹਾ ਉਸ ਮੁਢਲੀ ਲਗਨ ਦਾ ਨਾਂ ਹੈ ਜਿਹੜੀ ਬੰਦੇ ਨੂੰ ਅੱਖ ਉਘੇੜਦਿਆਂ ਈ ਆਪਣੇ ਆਪ ਤੇ ਆਪਣੇ ਦੁਆਲੇ ਨੂੰ ਤੇ ਦੋਹਾਂ ਦੇ ਸੰਬੰਧ ਨੂੰ ਸਮਝਣ ਲਈ ਖੁੰਡਣ ਲੱਗ ਪੈਂਦੀ ਹੈ ਤੇ ਅੱਖਾਂ ਮੀਟਣ ਤਾਈਂ ਨਹੀਂ ਛੱਡਦੀ।"[72]

ਜੀਵਾਤਮਾ ਪਰਮਾਤਮਾ ਦਾ ਹੀ ਸਰੂਪ ਹੈ ਅਤੇ ਮਨੁੱਖ ਦਾ ਇਸ ਸੰਸਾਰ ਵਿਚ ਜਨਮ ਲੈਣਾ ਹੀ ਆਪਣੇ ਮੂਲ ਤੱਤ (ਪਰਮਾਤਮਾ) ਨਾਲੋਂ ਵਿਯੋਗ ਹੈ। ਇਹ ਵਿਯੋਗ ਹੀ ਮਨੁੱਖੀ ਮਨ ਦੇ



Sri Satguru Jagjit Singh Ji eLibrary NamdhariElibrary@gmail.com

ਅੰਦਰ ਬਿਰਹਾ ਦਾ ਅਹਿਸਾਸ ਪੈਦਾ ਕਰਦਾ ਹੈ। ਸੂਫ਼ੀ ਪਰੰਪਰਾ ਦੇ ਅਨੁਸਾਰ ਬਿਰਹਾ ਦਰਦ ਦਾ ਪ੍ਰਤੀਕ ਹੈ ਪਰ ਦੂਜੇ ਪਾਸੇ ਇਹ ਦਰਦ ਪ੍ਰੀਤਮ ਨੂੰ ਮਿਲਣ ਦੀ ਤਾਂਘ ਵੀ ਜਗਾਉਂਦਾ ਹੈ। ਬਿਰਹਾ ਦਾ ਅਹਿਸਾਸ ਸੂਫ਼ੀ ਸਾਧਕ ਲਈ ਇਕ ਪ੍ਰਕਾਰ ਦੀ ਅੱਗ ਹੈ ਅਤੇ ਸੂਫ਼ੀ ਸਾਧਕ ਨੇ ਇਸ ਅੱਗ ਵਿਚੋਂ ਕੰਚਨ ਬਣ ਕੇ ਆਪਣੇ ਪ੍ਰੀਤਮ-ਪਿਆਰੇ ਵਿਚ ਅਭੇਦ ਹੋਣਾ ਹੈ। ਬਾਬਾ ਫ਼ਰੀਦ ਵੀ ਆਪਣੀ ਰਚਨਾ ਵਿਚ ਬਿਰਹਾ ਦੀ ਵਡਿਆਈ ਕਰਦੇ ਹਨ। ਬਾਬਾ ਫ਼ਰੀਦ ਅਨੁਸਾਰ ਪਰਮਾਤਮਾ ਦੇ ਮਿਲਾਪ ਦੇ ਰਸਤੇ ਵਿਚ ਬਿਰਹਾ ਦਾ ਪ੍ਰਧਾਨਤਾ ਵਾਲਾ ਸੁਰ ਹੈ। ਬਿਰਹਾ ਪ੍ਰਭੂ-ਮਿਲਾਪ ਦਾ ਆਧਾਰ ਹੈ। ਇਸ ਤੋਂ ਬਿਨਾਂ ਸਾਧਕ ਨੂੰ ਪ੍ਰਭੂ ਦਾ ਮਿਲਾਪ ਸੰਭਵ ਨਹੀਂ ਹੈ। ਬਾਬਾ ਫ਼ਰੀਦ ਜੀ ਅਨੁਸਾਰ ਵਿਯੋਗ, ਬਿਰਹਾ ਅਤੇ ਇਸ਼ਕ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ;

"ਬਾਬਾ ਫ਼ਰੀਦ ਵਿਚ ਸ਼ਹੁ-ਪ੍ਰੀਤੀ ਦੀ ਸੁਲਗਦੀ ਚਿਣਗ ਹੈ। ਉਹ ਇਸ ਵਿਛੋੜੇ, ਤੜਪ ਤੇ ਬਿਰਹਾ ਵਿਚੋਂ ਵੀ ਸੁਹਜ ਛਾਂਟਦਾ ਹੈ। ਬਿਰਹਾ ਦਾ ਸਾਥ ਵੀ ਉਹਦੇ ਲਈ ਪ੍ਰੀਤਮ ਦਾ ਸਾਥ ਹੈ। ਬਿਰਹਾ ਨੂੰ ਉਹ ਸੁਲਤਾਨ ਕਹਿੰਦਾ ਹੈ।"[73]

ਬਾਬਾ ਫ਼ਰੀਦ ਜੀ ਆਪਣੇ ਕਲਾਮ ਵਿਚ ਕਹਿੰਦੇ ਹਨ ਕਿ ਵਿਯੋਗ ਦੀ ਅਵਸਥਾ ਵਿਚੋਂ ਉਤਪੰਨ ਬਿਰਹਾ ਕਰਕੇ ਉਸ ਨੂੰ ਪ੍ਰੀਤਮ ਦਾ ਦੀਦਾਰ ਨਸੀਬ ਹੋਣਾ ਹੈ ਕਿਉਂਕਿ ਇਹ ਬਿਰਹਾ ਸੁਲਤਾਨ ਹੈ ਅਤੇ ਜਿਸ ਵਿਅਕਤੀ ਦੇ ਤਨ ਵਿਚ ਅਜੇ ਤੱਕ ਪਰਮਾਤਮਾ ਦੇ ਨਾਮ ਦੀ ਬਿਰਹਾ ਉਤਪੰਨ ਨਹੀਂ ਹੋਈ ਉਹ ਜੀਵਤ ਵਿਅਕਤੀ ਵੀ ਮਰਿਆ ਹੋਇਆ ਹੈ। ਉਹ ਵਿਅਕਤੀ ਭਾਵੇਂ ਸੰਸਾਰਕ ਤੌਰ 'ਤੇ ਜਿਉਂਦਾ ਹੈ ਪਰ ਆਤਮਿਕ ਤੌਰ 'ਤੇ ਉਸ ਵਿਅਕਤੀ ਦੀ ਮੌਤ ਹੋ ਚੁੱਕੀ ਹੈ;

"ਬਿਰਹਾ-ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫ਼ਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"[74]

ਬਿਰਹਾ ਸਾਧਕ ਲਈ ਜਿੱਥੇ ਦੁੱਖ ਦਾ ਕਾਰਨ ਹੈ ਉੱਥੇ ਪਰਮਾਤਮਾ ਦੇ ਮਿਲਾਪ ਦਾ ਆਧਾਰ ਵੀ ਹੈ। ਬਿਰਹਾ ਨੂੰ ਦੁੱਖ ਦਾ ਕਾਰਨ ਮੰਨਿਆ ਜਾਂਦਾ ਹੈ ਪਰ ਦੂਜੇ ਪਾਸੇ ਬਿਰਹਾ ਸੁੱਖ ਦਾ ਆਧਾਰ ਵੀ ਹੈ। ਬਿਰਹਾ ਨੂੰ ਜੀਵਨ ਦੀ ਨਾਸ਼ਮਾਨਤਾ ਨਾਲ ਜੋੜਿਆ ਜਾਂਦਾ ਹੈ ਪਰ ਇਹ ਜੀਵਨ ਦਾ ਆਧਾਰ ਵੀ ਹੈ ਕਿਉਂਕਿ ਜਦੋਂ ਕਿਸੇ ਸਾਧਕ ਦੇ ਹਿਰਦੇ ਵਿਚ ਬਿਰਹਾ ਉਤਪੰਨ ਹੁੰਦੀ ਹੈ ਤਾਂ ਉਹ ਪ੍ਰੀਤਮ ਨੂੰ ਪਾਉਣ ਦੇ ਉਪਰਾਲੇ ਕਰਦਾ ਹੈ। ਉਹ ਆਪਣੇ ਸਰੀਰ ਨੂੰ ਦੁੱਖ ਦਿੰਦਾ ਹੈ ਅਤੇ ਪ੍ਰੇਮ-ਮਾਰਗ ਉੱਪਰ ਚੱਲਦਾ ਹੈ। ਇਹੀ ਸਾਧਨਾ ਸੂਫ਼ੀ ਸਾਧਕ ਲਈ ਪ੍ਰਭੂ-ਮਿਲਾਪ ਦਾ ਕਾਰਨ ਬਣਦੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਬਿਰਹਾ ਮਨੁੱਖੀ ਜੀਵਨ ਦਾ ਮੂਲ ਆਧਾਰ ਹੈ;

"ਬਿਰਹਾ ਸੁਲਤਾਨ ਹੈ, ਬਿਰਹਾ ਜੀਵਨ ਦਾ ਚਿੰਨ ਹੈ। ਬਿਰਹਾ ਮਿਲਾਪ ਵੱਲ ਪੁਲਾਂਘ ਹੈ। ਬਿਰਹਾ ਬੰਦੇ ਦਾ ਰੱਬ ਤੋਂ ਵਿਛੜੇ ਹੋਣ ਦਾ ਅਹਿਸਾਸ ਹੈ। ਬਿਰਹਾ ਜਾਗ੍ਰਤੀ ਵੱਲ ਜ਼ਰੂਰੀ ਸ਼ਰਤ ਹੈ। ਇਹੀ ਪਹਿਲੀ ਪੁਲਾਂਘ ਹੈ, ਜਦੋਂ ਬੰਦਾ ਸਾਹਸ ਧਾਰਨ ਕਰਦਾ ਹੈ। ਪੈਂਡੇ ਤੇ ਤੁਰਨ ਦੀ ਦ੍ਰਿੜ੍ਹ ਕਰਦਾ ਹੈ, ਆਪਣੀ ਸਮਰੱਥਾ ਦਾ ਅਨੁਭਵ ਕਰਦਾ ਹੈ। ਆਪਣੀ ਅਧੋਗਤੀ ਤੋਂ ਗਿਲਾਨੀ ਕਰਦਾ ਹੈ ਅਤੇ ਆਪਣੀ ਹੋਣੀ ਨੂੰ ਸਵਾਰਨ ਲਈ ਤਤਪਰ ਹੋ ਜਾਂਦਾ ਹੈ। ਬਿਰਹਾ ਇਹ ਅਹਿਸਾਸ ਹੈ ਕਿ ਮੈਂ ਲਤਾੜਿਆ ਪਿਆ ਹਾਂ। ਬਿਰਹਾ ਉੱਚੇ ਜਾਣ ਦੀ ਲੋਚਾ ਹੈ। ਬਿਰਹਾ ਰੱਬ ਨੂੰ ਮਿਲਣ ਲਈ ਚੜ੍ਹਾਈ ਹੈ।"[75]

ਖ਼ਵਾਜਾ ਗ਼ੁਲਾਮ ਫ਼ਰੀਦ ਵੀ ਬਾਬਾ ਫ਼ਰੀਦ ਵਾਂਗ ਬਿਰਹਾ ਨੂੰ ਮਿਲਾਪ ਦਾ ਆਧਾਰ



Sri Satguru Jagjit Singh Ji eLibrary NamdhariElibrary@gmail.com

ਬਣਾ ਕੇ ਪੇਸ਼ ਕਰਦੇ ਹਨ ਅਤੇ ਪ੍ਰੀਤਮ ਦੇ ਵਿਯੋਗ ਵਿਚ ਬਿਰਹਾ ਦਾ ਸੰਤਾਪ ਆਪਣੇ ਪਿੰਡੇ 'ਤੇ ਹੰਢਾ ਰਹੇ ਸਾਧਕ ਨੂੰ ਪ੍ਰਭੂ ਮਿਲਾਪ ਲਈ ਤੱਤਪਰ ਸਾਧਕ ਦੇ ਤੌਰ ਤੇ ਪੇਸ਼ ਕਰਦੇ ਹਨ। ਉਨ੍ਹਾਂ ਦੀਆਂ ਕਾਫ਼ੀਆਂ ਵਿਚ ਪ੍ਰਭੂ ਮਿਲਾਪ ਦੀ ਤੜਪ ਅਤੇ ਬਿਰਹਾ ਦੇ ਪ੍ਰਚੰਡ ਰੂਪ ਨੂੰ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਡਾ. ਸ਼ਾਰਦਾ ਤਾਂ ਇੱਥੋਂ ਤੱਕ ਕਹਿੰਦੀ ਹੈ ਕਿ ਜਿਸ ਬਿਰਹਾ ਦਾ ਵਰਣਨ ਗ਼ੁਲਾਮ ਫ਼ਰੀਦ ਨੇ ਆਪਣੇ ਕਲਾਮ ਵਿਚ ਕੀਤਾ ਹੈ ਉਸ ਬਿਰਹਾ ਦੇ ਨੇੜੇ ਵੀ ਕੋਈ ਦੂਜਾ ਸੂਫ਼ੀ ਸਾਧਕ ਨਹੀਂ ਪਹੁੰਚ ਪਾਇਆ। ਗ਼ੁਲਾਮ ਫ਼ਰੀਦ ਦੁਆਰਾ ਪੇਸ਼ ਬਿਰਹਾ ਦਾ ਸੰਕਲਪ ਸਰਵੋਤਮ ਅਤੇ ਬੇਮਿਸਾਲ ਹੈ;

"ਬਿਰਹਾ ਦੇ ਵਰਣਨ ਵਿਚ ਤਾਂ ਗ਼ੁਲਾਮ ਫ਼ਰੀਦ ਚਾਚੜਾਂ ਦਾ ਮੁਕਾਬਲਾ ਹੋਰ ਕੋਈ ਪੰਜਾਬੀ ਸੂਫ਼ੀ ਕਵੀ ਨਹੀਂ ਕਰ ਸਕਦਾ ਹੈ।"[76]

"ਬਿਰਹਾ ਦਾ ਜਿਤਨਾ ਤੀਖਣ ਪ੍ਰਗਟਾਵਾ ਆਪ (ਗ਼ੁਲਾਮ ਫ਼ਰੀਦ) ਦੀਆਂ ਰਚਨਾਵਾਂ ਵਿਚ ਵਿਦਮਾਨ ਹੈ ਉਤਨਾ ਕਿਸੇ ਹੋਰ ਪੰਜਾਬੀ ਸੂਫ਼ੀ ਕਵੀ ਦੀਆਂ ਰਚਨਾਵਾਂ ਵਿਚੋਂ ਉਪਲਬਧ ਨਹੀਂ ਹੁੰਦਾ ਪਰੰਤੂ ਆਪ ਦੀਆਂ ਰਚਨਾਵਾਂ ਦਾ ਕੇਂਦਰੀ ਵਿਸ਼ਾ ਇਸ਼ਕ-ਏ-ਹਕੀਕੀ ਹੈ।"[77]

ਗ਼ੁਲਾਮ ਫ਼ਰੀਦ ਆਪਣੇ ਕਲਾਮ ਵਿਚ ਵੀ ਬਿਰਹਾ ਦਾ ਵਰਣਨ ਕਰਦਿਆਂ ਕਹਿੰਦਾ ਹੈ ਕਿ ਮੇਰੀਆਂ ਅੱਖਾਂ ਪ੍ਰੀਤਮ ਦੀ ਬਿਰਹਾ ਵਿਚ ਵਿਆਕੁਲ ਹੋ ਕੇ ਇਹ ਆਸ ਲਗਾਈ ਬੈਠੀਆਂ ਹਨ ਕਿ ਕਦੋਂ ਉਹਨਾਂ ਨੂੰ ਆਪਣੇ ਪਿਆਰੇ ਮਹਿਬੂਬ ਦੇ ਦੀਦਾਰ ਹੋਣਗੇ? ਉਹ ਕਹਿੰਦਾ ਹੈ ਕਿ ਮੈਂ ਆਪਣੇ ਪ੍ਰੀਤਮ ਦੇ ਇਸ਼ਕ ਦੀ ਡੋਰ ਆਪਣੇ ਗਲੇ ਵਿਚ ਪਾ ਲਈ ਹੈ ਹੁਣ ਮੇਰੀ ਬਿਰਹਾ ਅਵਸਥਾ ਦਾ ਅੰਤ ਹੋ ਜਾਵੇਗਾ ਅਤੇ ਮੈਨੂੰ ਮੇਰੇ ਪਿਆਰੇ ਦਾ ਦੀਦਾਰ ਨਸੀਬ ਹੋ ਜਾਵੇਗਾ;

"ਸਮਝ ਫ਼ਰੀਦ ਬਿਰਹੋਂ ਬਹੂੰ ਸਰਜ਼ੋਰ
ਅਖੀਆਂ ਉਬਲੀਆਂ ਦਿਲੜੀਆਂ ਉਕਲੀਆਂ
ਸੀਨੇ ਪਏ ਸ਼ਰ ਸ਼ੋਰ।
ਗ਼ਮਜ਼ੇ ਰਾਹਜਨ ਮਲਕ ਮਰੀਲੇ,
ਨਾਜ਼-ਏ-ਨਿਗਾਹ ਹੈ ਚੋਰ
ਲੋਰ ਸਿਰਾਂ ਵਿਚ ਡੋਰ ਕੰਨਾਂ ਵਿਚ,
ਰੋਂਦੀ ਅੱਖੀਆਂ ਕੋਰ।
ਲਾ ਕਰ ਯਾਰੀ ਕਰਨੀ ਨਾ ਕਾਰੀ
ਮਹਿਜ਼ ਨਾ ਚਾੜ ਨ ਤੋੜ
ਨਾਜ਼ ਨਹੋਰੇ ਦਿਲੀਆਂ ਲੁਟ ਕਰ
ਉਲਟਾ ਥੀਂਦੇ ਤੋਰ।
ਸਕੜੇ ਛੁਟੜੇ ਸਾਂਗ ਤਰੁਟੜੇ,
ਇਸ਼ਕ ਪਿਆਰ ਗਲ ਡੋਰ।"[78]

ਪ੍ਰੀਤਮ ਦੀ ਬਿਰਹਾ ਵਿਚ ਵਿਆਕੁਲ ਬਿਰਹਨ ਨਾਇਕਾ ਆਖਦੀ ਹੈ ਕਿ ਉਸ ਦਾ ਆਪਣੇ ਮਹਿਬੂਬ ਨਾਲ ਵਿਯੋਗ ਪੈ ਗਿਆ ਹੈ ਅਤੇ ਇਸ ਵਿਯੋਗ ਕਾਰਨ ਉਹ ਬਿਰਹਾ ਦਾ ਸੰਤਾਪ ਹੰਢਾ ਰਹੀ ਹੈ। ਬਿਰਹਾ ਦੀ ਅਵਸਥਾ ਵਿਚ ਉਸ ਦੇ ਸਿਰ ਵਿਚ ਦਰਦ ਹੋ ਰਿਹਾ ਹੈ ਅਤੇ ਦਿਮਾਗ ਵਿਚ ਪਰਮਾਤਮਾ ਦੇ ਨਾਮ ਦੀ ਖ਼ੁਮਾਰੀ ਚੜ੍ਹੀ ਹੋਈ ਹੈ। ਉਹ ਬਿਰਹਾ ਦੇ ਦੁੱਖ ਵਿਚ ਦੁੱਖੀ ਹੋ ਕੇ ਅੱਖੀਆਂ 'ਚੋਂ ਹੰਝੂ ਵਹਾ ਰਹੀ ਹੈ। ਉਹ ਕਹਿੰਦੀ ਹੈ ਕਿ ਮੇਰਾ ਮਨ ਤਾਂ ਪ੍ਰੀਤਮ ਦੀ



Sri Satguru Jagjit Singh Ji eLibrary NamdhariElibrary@gmail.com

ਬਿਰਹਾ ਵਿਚ ਦੁੱਖ ਭੋਗ ਰਿਹਾ ਹੈ ਬਲਕਿ ਤਨ ਵੀ ਸੂਲਾਂ (ਕੰਡਿਆਂ) ਦੇ ਵੱਸ ਪੈ ਗਿਆ ਹੈ;

"ਸਿਰ ਵਿਚ ਦਰਦ ਦਿਮਾਗ ਖੁਮਾਰੀ, ਤਨਲੇ ਰਤੜੇ ਹੰਝੂ ਜਾਰੀ।
ਜੀਅੜੇ ਡੋਰਾ ਦਿਲ ਆਜਾਰੀ ਤਨ ਸੂਲਾਂ ਦੇ ਵਸ ਪਿਆ।"[79]

ਬਿਰਹਨ ਨਾਇਕਾ ਆਖਦੀ ਹੈ ਕਿ ਮੈਨੂੰ ਮੇਰੇ ਜੀਵਨ ਵਿਚ ਕੇਵਲ ਪ੍ਰੀਤਮ ਦਾ ਵਿਯੋਗ ਹੀ ਮਿਲਿਆ ਹੈ ਹੋਰ ਕੋਈ ਸੁੱਖ ਮੈਨੂੰ ਇਸ ਜੀਵਨ ਵਿਚ ਨਸੀਬ ਨਹੀਂ ਹੋਇਆ। ਬਿਰਹਾ ਦੀ ਇਸ ਹਾਲਤ ਵਿਚ ਵੀ ਮੈਂ ਆਪਣੇ ਮਹਿਬੂਬ ਦੀਆਂ ਮਿੰਨਤਾਂ ਕਰ ਰਹੀ ਹਾਂ ਕਿ ਉਹ ਮੈਨੂੰ ਆਪਣੀ ਦੀਦ ਦਾ ਦੀਦਾਰ ਦਿਖਾ ਕੇ ਮੇਰੀ ਬਿਰਹੋਂ ਅਵਸਥਾ ਦਾ ਅੰਤ ਕਰ ਦੇਵੇ;

"ਹਿਜਰ ਸਿਵਾ ਕੋਈ ਸੂਦ ਨਾ ਪਾਇਮ, ਚੋਟੀਆਂ ਖੁਥਮ ਹਾਲ ਵੰਜਾਇਮ
ਮਿੰਨਤਾਂ ਕੀਤਮ ਸੀਸ ਨਵਾਇਮ, ਨੱਕ ਘਰੜੇਂਦੀ ਘਸ ਪਿਆ।"[80]

ਬਿਰਹਾ ਦੇ ਦਰਦ ਨੂੰ ਆਪਣੇ ਪਿੰਡੇ ਉੱਤੇ ਭੋਗ ਰਹੀ ਨਾਇਕਾ ਕਹਿੰਦੀ ਹੈ ਕਿ ਵਿਯੋਗ ਦੇ ਕਾਰਨ ਹੀ ਉਸ ਨੂੰ ਪ੍ਰੀਤਮ-ਪਿਆਰੇ ਦੇ ਦੀਦਾਰ ਹੋਣੇ ਹਨ। ਉਹ ਕਹਿੰਦੀ ਹੈ ਕਿ ਉਸ ਦਾ ਪ੍ਰੀਤਮ ਜ਼ਰੂਰ ਮਿਹਰ ਕਰੇਗਾ ਅਤੇ ਉਸ ਦੇ ਵਿਹੜੇ ਨੂੰ ਜ਼ਰੂਰ ਮਾਣ ਬਖ਼ਸ਼ੇਗਾ। ਉਸ ਪ੍ਰੀਤਮ ਨੂੰ ਬਿਰਹਨ ਦੀ ਹਾਲਤ ਉੱਤੇ ਇਕ ਨਾ ਇਕ ਦਿਨ ਜ਼ਰੂਰ ਤਰਸ ਆਵੇਗਾ;

"ਅੰਗਨ ਫ਼ਰੀਦ ਦੇ ਵੇ। ਸਾਂਵਲ ਔਸੀ ਵੇ॥
ਕਰਮ ਕਰੇਸਮ ਆਪੇ। ਤਾਂਘੀ ਆਸ ਵਧਾਇਮ॥"[81]

ਬਿਰਹਾ ਵਿਚ ਵਿਆਕੁਲ ਨਾਇਕਾ ਦਾ ਚਿੱਤਰਨ ਕਰਦਿਆਂ ਖ਼ਵਾਜਾ ਗ਼ੁਲਾਮ ਫ਼ਰੀਦ ਕਹਿੰਦੇ ਹਨ ਕਿ ਪਰਮਾਤਮਾ ਦੇ ਵਿਯੋਗ ਵਿਚੋਂ ਉਤਪੰਨ ਬਿਰਹਾ ਨੇ ਨਾਇਕਾ ਨੂੰ ਬਹੁਤ ਦੁੱਖ ਦਿੱਤਾ ਹੈ। ਬਿਰਹਾ ਵਿਚ ਦੁੱਖ ਦਾ ਸੰਤਾਪ ਹੰਢਾ ਰਹੀ ਨਾਇਕਾ ਆਖਦੀ ਹੈ ਕਿ ਪ੍ਰੀਤਮ ਤੋਂ ਬਿਨਾਂ ਸੋਹਣਾ ਮੌਸਮ ਵੀ ਉਸ ਨੂੰ ਚੰਗਾ ਨਹੀਂ ਲੱਗਦਾ ਕਿਉਂਕਿ ਉਸ ਦਾ ਪ੍ਰੀਤਮ ਉਸ ਨਾਲੋਂ ਦੂਰ ਹੈ। ਬਿਰਹਨ ਨਾਇਕਾ ਨੂੰ ਫੁੱਲਾਂ ਦੀ ਸੇਜ ਵੀ ਚੰਗੀ ਨਹੀਂ ਲੱਗਦੀ ਅਤੇ ਉਹ ਨਿੱਤ ਪ੍ਰੀਤਮ ਦੀ ਬਿਰਹਾ ਦੀਆਂ ਬਾਤਾਂ ਕਰਦੀ ਰਹਿੰਦੀ ਹੈ;

"ਆ ਸੱਜਣ ਮਨ ਨਾਮ ਖ਼ੁਦਾ ਦਾ ਖੁੱਲ੍ਹੀ ਮੌਸਮ ਚੇਤ ਬਹਾਰਾਂ।
ਸੰਗੀਆਂ ਸਈਆਂ ਦਰ ਗਲ ਲਾਏ ਮੈਂ ਖੁੱਲ੍ਹੀ ਕਰਾਂ ਪੁਕਾਰਾਂ।
ਸੇਜ ਫੁੱਲਾਂ ਦੀ ਮੂਲ ਨਾ ਭਾਂਦੀ ਨਿੱਤ ਗਾਂਦੀ ਸੋਜ਼ ਦੀਆਂ ਵਾਰਾਂ।
ਯਾਰ ਫ਼ਰੀਦ ਅੰਗਨ ਪਾਉਂ ਪਾਂਵੀਂ ਤਾਂ ਭੀ ਸ਼ੁਕਰ ਗੁਜ਼ਾਰਾਂ।"[82]

ਬਿਰਹਨ ਨਾਇਕਾ ਆਖਦੀ ਹੈ ਕਿ ਮੈਂ ਉਸ ਦਿਨ ਪਰਮਾਤਮਾ ਦਾ ਸ਼ੁਕਰਾਨਾ ਕਰਾਂਗੀ ਜਿਸ ਦਿਨ ਮੈਨੂੰ ਮੇਰੇ ਪ੍ਰੀਤਮ ਦੇ ਦੀਦਾਰ ਹੋ ਜਾਣਗੇ, ਜਿਸ ਦਿਨ ਮੇਰਾ ਪ੍ਰੀਤਮ-ਪਿਆਰਾ ਆਪਣੇ ਮੁਬਾਰਕ ਪੈਰ ਮੇਰੇ ਵਿਹੜੇ ਵਿਚ ਪਾਵੇਗਾ ਉਹ ਦਿਨ ਮੇਰੇ ਲਈ ਭਾਗਾਂ ਭਰਿਆ ਹੋਵੇਗਾ। ਬਿਰਹਨ ਨਾਇਕਾ ਨੂੰ ਜਿਸ ਦਿਨ ਪ੍ਰੀਤਮ ਦੇ ਦੀਦਾਰ ਹੋ ਜਾਂਦੇ ਹਨ ਤਾਂ ਉਹ ਕਹਿੰਦੀ ਹੈ;

"ਲੱਖ ਸ਼ੁਕਰਾਨਾ ਪੜ੍ਹਾਂ ਦੋਗਾਨਾ ਅਰਬੀ ਮੈਂ ਘਰ ਆਇਆ ਬਖ਼ਤ ਸਿਵਾਇਆ।
ਸਦਕੇ ਵੈਂਦੀ ਕਦਮ ਚੁੰਮੇਂਦੀ ਰੱਬ ਦੀਦਾਰ ਡਖਾਇਆ ਬਖ਼ਤ ਸਿਵਾਇਆ।
ਡੋਹੀਂ ਜਹਾਨ ਕੁਰਬਾਨ ਕਰਾਂ ਜੈ ਤਾਜ ਲੌਲਾਕੀ ਪਾਇਆ ਬਖ਼ਤ ਸਿਵਾਇਆ।
ਬੇਸ਼ੱਕ ਯਾਰ ਫ਼ਰੀਦ ਸੋਹਣਾ ਹੈ ਆਇਆ ਨਹੀਂ ਵਲਾਇਆ ਵਖ਼ਤ ਸਿਵਾਇਆ।"[83]

ਬਿਰਹਾ ਵਿਚ ਵਿਆਕੁਲ ਨਾਇਕਾ ਕਹਿੰਦੀ ਹੈ ਕਿ ਆਪਣੇ ਪ੍ਰੀਤਮ ਦੇ ਦੀਦਾਰ ਲਈ ਮੈਂ ਆਪਣੇ ਦੋਵੇਂ ਜਹਾਨ ਵੀ ਕੁਰਬਾਨ ਕਰਨ ਲਈ ਤਿਆਰ ਹਾਂ ਪਰ ਮੈਨੂੰ ਮੇਰੇ ਪ੍ਰੀਤਮ ਦਾ



Sri Satguru Jagjit Singh Ji eLibrary NamdhariElibrary@gmail.com

ਦੀਦਾਰ ਹੋ ਜਾਣਾ ਚਾਹੀਦਾ ਹੈ। ਬਿਰਹਾ ਵਿਚ ਨਾਇਕਾ ਆਪਣੇ ਪ੍ਰੀਤਮ ਤੋਂ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੁੰਦੀ ਹੈ। ਉਹ ਕਹਿੰਦੀ ਹੈ ਕਿ ਮੇਰੇ ਪ੍ਰੀਤਮ ਤੋਂ ਬਿਨਾਂ ਮੇਰੇ ਹਿਰਦੇ ਦਾ ਵਿਹੜਾ ਸੁੰਨਸਾਨ ਹੋ ਗਿਆ ਹੈ ਅਤੇ ਇਹ ਸਾਰਾ ਸੰਸਾਰ ਅੰਧੇਰੇ ਵਿਚ ਦਿਖਾਈ ਦੇ ਰਿਹਾ ਹੈ। ਬਿਰਹਾ ਦੀ ਅਵਸਥਾ ਵਿਚ ਪ੍ਰੀਤਮ ਦੇ ਨਾਮ ਦੀ ਰੋਸ਼ਨੀ ਕਿੱਧਰੇ ਵੀ ਦਿਖਾਈ ਨਹੀਂ ਦੇ ਰਹੀ;

"ਤੌਂ ਬਾਝ ਥੈ ਸੁੰਜ ਵਿਹੜੇ ਵੋ ਯਾਰ,
ਵਲ ਵੱਸ ਵੋ ਸਜਨ ਆ ਨੇੜੇ ਵੋ ਯਾਰ।
ਕਦਸੀ ਘਰ ਵਿਚ ਕੋਲ ਬੁਲ੍ਹਾ ਕੇ ਆਪਣਾ ਮਹਿਰਮ ਰਾਜ਼ ਬਣਾ ਕੇ,
ਕੀਤੋ ਸਖ਼ਤ ਪਰੇਰੇ ਵੋ ਯਾਰ।
ਤੂੰ ਬਿਨ ਸਾਰਾ ਮੁਲਕ ਅੰਧਾਰਾ ਸੀਨੇ ਤੇ ਚੜ ਲੇਟ ਪਿਆਰਾ,
ਅੱਖੀਆਂ ਤੇ ਕਰ ਦੇਰੇ ਵੋ ਯਾਰ।"[84]

ਬਿਰਹਾ ਵਿਚ ਵਿਆਕੁਲ ਨਾਇਕਾ ਨੂੰ ਜਿਸ ਵੇਲੇ ਪ੍ਰੀਤਮ ਦੇ ਦੀਦਾਰ ਹੋ ਜਾਂਦੇ ਹਨ ਤਾਂ ਉਸ ਦੇ ਸੁੰਨੇ ਵਿਹੜੇ ਵਿਚ ਖੁਸ਼ੀਆਂ ਦੀ ਬਹਾਰ ਆ ਜਾਂਦੀ ਹੈ। ਉਹ ਖੁਸ਼ੀ ਵਿਚ ਨੱਚਣ-ਟੱਪਣ ਲੱਗ ਪੈਂਦੀ ਹੈ ਕਿਉਂਕਿ ਉਸ ਦੇ ਜੀਵਨ ਦਾ ਮਨੋਰਥ ਸੰਪੂਰਨ ਹੋ ਗਿਆ ਹੁੰਦਾ ਹੈ। ਉਸ ਨੂੰ ਆਪਣੇ ਪ੍ਰੀਤਮ ਦਾ ਦੀਦਾਰ ਹੋ ਜਾਂਦਾ ਹੈ;

"ਜਦ ਪਰਮਾਤਮਾ ਦੀਆਂ ਮਿਹਰਾਂ ਹੁੰਦੀਆਂ ਹਨ ਤਦ ਜੰਗਲ-ਬੇਲੇ, ਉਜਾੜਾਂ ਤੇ ਰੇਗਸਤਾਨ ਵੀ ਹਰੇ ਭਰੇ ਹੋ ਜਾਂਦੇ ਹਨ। ਉਹ ਸਹੇਲੀਆਂ ਜਿਹੜੀਆਂ ਬਿਰਹੋਂ ਦੇ ਮਾਰਿਆਂ ਦੀ ਹਾਲਤ ਉੱਪਰ ਤਾਨੇ ਮਾਰਦੀਆਂ ਸਨ, ਖੁਸ਼ੀ ਦੇ ਚਿਨ ਦੇਖ ਕੇ ਵਧਾਈਆਂ ਦੇਣ ਲੱਗ ਜਾਂਦੀਆਂ ਹਨ। ਜੰਗਲ ਦੇ ਕੰਡੇ ਵੀ ਦਿਲਕਸ਼ ਬਣ ਜਾਂਦੇ ਹਨ ਅਤੇ ਰੰਜ਼ ਤੇ ਗ਼ਮ ਖੁਸ਼ੀ ਵਿਚ ਬਦਲ ਜਾਂਦੇ ਹਨ।"[85]

ਨਾਇਕਾ ਦੀ ਪਰਮਾਤਮਾ ਨਾਲੋਂ ਪਈ ਬਿਰਹਾ ਦੀ ਅਵਸਥਾ ਤੋਂ ਬਾਅਦ ਪ੍ਰਭੂ ਮਿਲਾਪ ਦੇ ਮੌਕੇ ਨੂੰ ਗ਼ੁਲਾਮ ਫ਼ਰੀਦ ਨੇ ਆਪਣੀਆਂ ਕਾਫ਼ੀਆਂ ਵਿਚ ਇਸ ਪ੍ਰਕਾਰ ਬਿਆਨ ਕੀਤਾ ਹੈ;

"ਮਾਹੀ ਕੀਤੇ ਝਕੀ ਦੇਰੇ। ਥਏ ਹੁਨ ਮੇਰੇ ਭਾਗ ਭਲੇਰੇ॥
ਹਥ ਗਾਨੇ ਸਰ ਸੋਂਹਦੇ ਸਿਹਰੇ। ਬਾਗ ਖੁਸ਼ੀ ਦਾ ਫਲਿਆ ਹੈ॥"[86]

ਗ਼ੁਲਾਮ ਫ਼ਰੀਦ ਆਖਦਾ ਹੈ ਕਿ ਪ੍ਰੀਤਮ ਦੇ ਮਿਲਾਪ ਦੀ ਨਾਇਕਾ ਨੂੰ ਇਤਨੀ ਜਿਆਦਾ ਖੁਸ਼ੀ ਹੋਈ ਹੈ ਕਿ ਉਸ ਨੂੰ ਆਪਣੇ ਆਪੇ ਦੀ ਸੁੱਧ-ਬੁੱਧ ਭੁੱਲ ਗਈ ਹੈ। ਨਾਇਕਾ ਕਹਿੰਦੀ ਹੈ ਕਿ ਮੇਰੇ ਪ੍ਰੀਤਮ-ਪਿਆਰੇ ਨੇ ਮਿਲਣ ਵਿਚ ਦੇਰ ਤਾਂ ਕੀਤੀ ਹੈ ਪਰ ਇਸ ਮਿਲਾਪ ਨੇ ਮੇਰੇ ਹਿਰਦੇ ਦੇ ਸਾਰੇ ਦੁੱਖਾਂ ਨੂੰ ਸਮਾਪਤ ਕਰ ਦਿੱਤਾ ਹੈ। ਮੈਨੂੰ ਇਹ ਮਿਲਾਪ ਦਾ ਅਵਸਰ ਵਿਆਹ ਦੇ ਅਵਸਰ ਜਿਹਾ ਜਾਪ ਰਿਹਾ ਹੈ ਅਤੇ ਮੇਰਾ ਦਿਲ ਖੁਸ਼ੀ ਵਿਚ ਫੁੱਲਿਆ ਨਹੀਂ ਸਮਾ ਰਿਹਾ। ਪਰਮਾਤਮਾ ਦੇ ਮਿਲਾਪ ਦਾ ਮੂਲ ਆਧਾਰ ਗ਼ੁਲਾਮ ਫ਼ਰੀਦ ਬਿਰਹਾ ਨੂੰ ਦਿੰਦਾ ਹੈ। ਉਸ ਅਨੁਸਾਰ ਜੇਕਰ ਕਿਸੇ ਨਾਇਕਾ ਦੇ ਹਿਰਦੇ ਵਿਚ ਬਿਰਹਾ ਦੀ ਪੀੜ ਉਤਪੰਨ ਨਹੀਂ ਹੁੰਦੀ ਤਾਂ ਉਸ ਨਾਇਕਾ ਨੂੰ ਕਿਸੇ ਵੀ ਹਾਲਤ ਵਿਚ ਪ੍ਰੀਤਮ ਦੇ ਦੀਦਾਰ ਨਹੀਂ ਹੋ ਸਕਦੇ। ਬਿਰਹਾ ਦੀ ਲਾਲਸਾ ਉਤਪੰਨ ਹੋਣ ਤੋਂ ਬਾਅਦ ਨਾਇਕਾ ਨੂੰ ਮੁਰਸ਼ਦ ਦਾ ਮਿਲਾਪ ਹੁੰਦਾ ਹੈ। ਮੁਰਸ਼ਦ ਮਿਲਾਪ ਤੋਂ ਬਾਅਦ ਨਾਇਕਾ ਪ੍ਰੀਤਮ ਪ੍ਰਾਪਤੀ ਦੇ ਰਾਹ ਉੱਤੇ ਤੁਰਦੀ ਹੈ। ਇਸ ਰਾਹ ਉੱਤੇ ਉਸ ਨੂੰ ਰੱਬੀ-ਇਸ਼ਕ ਦਾ ਸੰਕਲਪ ਲੈਣਾ ਪੈਂਦਾ ਹੈ। ਰੱਬੀ-ਇਸ਼ਕ ਕਰਕੇ ਹੀ ਨਾਇਕਾ ਨੂੰ ਆਪਣੇ ਪ੍ਰੀਤਮ ਦੇ ਦੀਦਾਰ ਹੁੰਦੇ ਹਨ ਅਤੇ ਉਸਦੀ ਬਿਰਹਾ ਅਵਸਥਾ ਦਾ ਅੰਤ ਹੋ ਜਾਂਦਾ ਹੈ। ਉਹ ਆਪਣੇ ਪ੍ਰੀਤਮ ਦੇ ਹਿਰਦੇ



Sri Satguru Jagjit Singh Ji eLibrary NamdhariElibrary@gmail.com

ਵਿਚ ਨਿਵਾਸ ਪ੍ਰਾਪਤ ਕਰ ਲੈਂਦੀ ਹੈ, ਜਿਸ ਨੂੰ ਸੂਫ਼ੀ ਵਿਚਾਰਧਾਰਾ ਵਿਚ ਫ਼ਨਾ ਦੀ ਅਵਸਥਾ ਕਿਹਾ ਜਾਂਦਾ ਹੈ।

ਗ਼ੁਲਾਮ ਫ਼ਰੀਦ ਦੀ ਸ਼ਾਇਰੀ ਵਿਚ ਬਿਰਹਾ ਨੂੰ ਬਾਬਾ ਫ਼ਰੀਦ ਜੀ ਦੇ ਵਾਂਗ ਬਹੁਤ ਮਹੱਤਵ ਦਿੱਤਾ ਗਿਆ ਹੈ, ਅਸਲ ਵਿਚ ਪੂਰੀ ਸੂਫ਼ੀ ਕਵਿਤਾ ਵਿਚ ਬਿਰਹਾ ਨੂੰ ਪਰਮਾਤਮਾ ਦੇ ਮਿਲਾਪ ਦਾ ਆਧਾਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਗ਼ੁਲਾਮ ਫ਼ਰੀਦ ਨੇ ਵੀ ਬਿਰਹਾ ਵਿਹੂਣੇ ਤਨ ਨੂੰ ਨਿੰਦਿਆ ਹੈ ਕਿਉਂਕਿ ਬਿਰਹਾ ਤੋਂ ਬਗੈਰ ਕੋਈ ਵੀ ਸਾਧਕ ਰੱਬੀ-ਇਸ਼ਕ ਵਿਚ ਆਤਮਾ ਨੂੰ ਨਹੀਂ ਰੰਗ ਸਕਦਾ। ਪਰਮਾਤਮਾ ਨਾਲੋਂ ਪਿਆ ਹੋਇਆ ਵਿਯੋਗ ਜਾਗ੍ਰਤ ਮਨੁੱਖਾਂ ਨੂੰ ਬਿਰਹਾ ਦੇ ਤੰਦੂਰ ਵਿਚ ਸਾੜਨ ਲੱਗਦਾ ਹੈ ਤਾਂ ਉਹ ਸਾਧਕ ਮੁਰਸ਼ਦ ਦੀ ਭਾਲ ਵਿਚ ਤੁਰ ਪੈਂਦੇ ਹਨ। ਕਾਮਿਲ ਮੁਰਸ਼ਦ ਦਾ ਪੱਲਾ ਫੜ ਕੇ ਸਾਧਕ ਰੱਬੀ-ਇਸ਼ਕ ਦੇ ਰਾਹ 'ਤੇ ਤੁਰਦਾ ਹੈ ਅਤੇ ਫਿਰ ਰੱਬੀ-ਇਸ਼ਕ ਕਾਰਨ ਹੀ ਪਰਮਾਤਮਾ ਵਿਚ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ। ਪਰਮਾਤਮਾ ਵਿਚ ਇਹ ਅਭੇਦਤਾ ਹੀ ਸਾਰੇ ਸੂਫ਼ੀ ਸਾਧਕਾਂ ਦਾ ਪਰਮ ਅਤੇ ਅੰਤਿਮ ਲਕਸ਼ ਹੁੰਦਾ ਹੈ।

## ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਰੱਬੀ-ਇਸ਼ਕ ਦਾ ਸੰਕਲਪ

ਸੂਫ਼ੀ ਕਵਿਤਾ ਵਿਚ ਇਸ਼ਕ ਰੂਹ ਦਾ ਕੰਮ ਕਰਦਾ ਹੈ ਅਤੇ ਜੇਕਰ ਮਨੁੱਖ ਦੇ ਸਰੀਰ ਵਿਚੋਂ ਰੂਹ ਕੱਢ ਲਈ ਜਾਵੇ ਤਾਂ ਮਨੁੱਖ ਦਾ ਸਰੀਰ ਲਾਸ਼ ਬਣ ਜਾਂਦਾ ਹੈ। ਇਸ ਲਈ ਪੰਜਾਬੀ ਸੂਫ਼ੀ ਕਵਿਤਾ ਵਿਚ ਇਸ਼ਕ ਦਾ ਬਹੁਤ ਮਹੱਤਵ ਹੈ;

"ਇਸ਼ਕ ਦਾ ਸੂਫ਼ੀਮਤ ਵਿਚ ਵਿਸ਼ੇਸ਼ ਮਹੱਤਵ ਹੈ। ਕੁਰਾਨ ਸ਼ਰੀਫ਼ ਵਿਚ ਦਰਜ਼ ਹੈ ਕਿ ਜਦੋਂ ਅੱਲ੍ਹਾ ਤਾਅਲਾ ਨੂੰ ਆਪਣੇ ਆਪ ਨਾਲ ਇਸ਼ਕ ਪੈਦਾ ਹੋਇਆ ਤਾਂ ਉਸ ਨੇ ਆਪਣਾ ਹੀ ਰੂਪ ਵੇਖਣ ਲਈ ਆਦਮ/ਸੰਸਾਰ ਦੀ ਰਚਨਾ ਕੀਤੀ। ਉਪਰੰਤ ਸੰਸਾਰ ਵਿਚ ਇਸ਼ਕ ਦੀ ਖੇਡ ਚੱਲ ਪਈ।"[87]

ਪਰਮਾਤਮਾ ਨਾਲੋਂ ਮਨੁੱਖ ਦਾ ਪਿਆ ਵਿਯੋਗ ਅਤੇ ਇਸ ਵਿਯੋਗ ਦੀ ਅਵਸਥਾ ਤੋਂ ਸੰਜੋਗ ਦੀ ਅਵਸਥਾ ਤੱਕ ਦੀ ਮੰਜ਼ਿਲ ਇਸ਼ਕ-ਮਾਰਗ ਤੇ ਚੱਲ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਰੱਬੀ-ਇਸ਼ਕ ਤੋਂ ਇਲਾਵਾ ਹੋਰ ਕੋਈ ਅਜਿਹਾ ਜ਼ਰੀਆ ਨਹੀਂ ਹੈ ਜਿਸ ਉੱਤੇ ਚੱਲ ਕੇ ਕੋਈ ਸੂਫ਼ੀ ਸਾਧਕ ਸੰਜੋਗ ਦੀ ਅਵਸਥਾ ਭਾਵ ਮਿਲਾਪ ਦੀ ਅਵਸਥਾ ਦਾ ਆਨੰਦ ਲੈ ਸਕੇ। ਵਿਯੋਗ ਅਤੇ ਬਿਰਹਾ ਤੋਂ ਛੁਟਕਾਰਾ ਪਾਉਣ ਲਈ ਸੂਫ਼ੀ ਸਾਧਕ ਨੂੰ ਰੱਬੀ-ਇਸ਼ਕ ਦਾ ਸਹਾਰਾ ਲੈਣਾ ਪੈਂਦਾ ਹੈ;

"ਵਿਛੋੜੇ ਨੂੰ ਕੱਟਣ ਅਤੇ ਰੱਬ ਨਾਲ ਮੁੜ ਸੰਜੋਗ ਦੀ ਪ੍ਰਾਪਤੀ ਦਾ ਇਕੋ ਇਕ ਰਸਤਾ ਇਸ਼ਕ ਹੀ ਹੈ।"[88]

ਸੂਫ਼ੀ ਸਾਹਿਤ ਵਿਚ ਰੱਬੀ-ਇਸ਼ਕ ਨੂੰ ਪ੍ਰਧਾਨ ਵਿਸ਼ੇ ਵੱਜੋਂ ਮਾਨਤਾ ਦਿੱਤੀ ਗਈ ਹੈ, ਅਸਲ ਵਿਚ ਸੂਫ਼ੀ ਮੰਡਲ ਵਿਚ ਇਸ਼ਕ ਪਰਮਾਤਮਾ ਦੀ ਪ੍ਰਾਪਤੀ ਦਾ ਪ੍ਰਮੁੱਖ ਆਧਾਰ ਬਣ ਕੇ ਸਾਡੇ ਸਾਹਮਣੇ ਪੇਸ਼ ਹੁੰਦਾ ਹੈ। ਸੂਫ਼ੀ ਮੰਡਲ ਵਿਚ ਇਸ ਆਧਾਰ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ;

"ਰੱਬੀ-ਇਸ਼ਕ ਸੂਫ਼ੀ ਕਾਵਿ ਦਾ ਪ੍ਰਧਾਨ ਵਿਸ਼ਾ ਹੈ ਅਤੇ ਰੱਬ ਨਾਲ ਮਿਲਾਪ ਦਾ ਇਕ ਮਾਤਰ ਸਾਧਨ ਉਸ ਨਾਲ ਸੱਚਾ-ਸੁੱਚਾ ਇਸ਼ਕ ਹੈ। ਇਸ ਤਰ੍ਹਾਂ ਰੱਬੀ-ਇਸ਼ਕ ਸੂਫ਼ੀ ਕਾਵਿ ਦਾ ਸਭ ਤੋਂ ਪ੍ਰਮੁੱਖ ਸਾਧਨ ਹੈ ਜੋ ਸਾਧਕ ਦਾ ਮੇਲ ਅੱਲ੍ਹਾ ਨਾਲ ਕਰਵਾਉਂਦਾ ਹੈ।"[89]



Sri Satguru Jagjit Singh Ji eLibrary NamdhariElibrary@gmail.com

"ਇਸ਼ਕ ਖੁਦਾਈ ਰੰਗ ਵਿਚ ਰੰਗੇ ਜਾਣਾ ਹੈ ਜਿਸ ਨੂੰ ਫ਼ਰੀਦ ਰਤੇ ਇਸ਼ਕ ਖ਼ੁਦਾਇ ਰੰਗ ਦੀਦਾਰ ਕੇ ਕਹਿੰਦਾ ਹੈ। ਸੂਫ਼ੀਆਂ ਦੀ ਸਾਧਨਾ ਦਾ ਅਸਲੀ ਮਾਰਗ ਇਸ਼ਕ ਦਾ ਮਾਰਗ ਹੈ ਅਤੇ ਇਹ ਬਹੁਤ ਹੀ ਸੂਖ਼ਮ ਅਤੇ ਕਠਿਨ ਹੈ।"[90]

"ਇਸ਼ਕ ਪ੍ਰੇਮ ਦੀ ਉਸ ਅਵਸਥਾ ਦਾ ਨਾਂ ਹੈ ਜਿੱਥੇ ਦੂਈ ਨਾ ਰਹੇ ਤੇ ਵਜੂਦ ਖ਼ਤਮ ਹੋ ਕੇ ਇਕ ਹੋ ਜਾਵੇ। ਜਦੋਂ ਮਨੁੱਖ ਅਜਿਹੀ ਅਵਸਥਾ ਵਿਚ ਹੋ ਜਾਂਦਾ ਹੈ ਤਾਂ ਉਹ ਰੱਬ ਦਾ ਦਰਜ਼ਾ ਪਾ ਲੈਂਦਾ ਹੈ ਅਤੇ ਫਿਰ ਉਹ ਦੂਜੇ ਦੀ ਨਮਾਜ਼ ਨਹੀਂ ਪੜ੍ਹਦਾ, ਕਿਉਂਕਿ ਉਹ ਆਪ ਹੀ ਰੱਬ ਹੁੰਦਾ ਹੈ। ਨਮਾਜ਼ ਪੜ੍ਹਨ ਵਾਲੇ ਬੰਦਿਆਂ ਵਿਚ ਦੂਈ ਦਾ ਪਰਦਾ ਹੁੰਦਾ ਹੈ ਕਿਉਂਕਿ ਉਹ ਆਪਣੇ ਤੋਂ ਵੱਡੀ ਕਿਸੇ ਵੱਖਰੀ ਹੋਂਦ ਨੂੰ ਸਵੀਕਾਰ ਕਰਦੇ ਹਨ ਅਤੇ ਉਸ ਦੀ ਨਮਾਜ਼ ਪੜ ਦੇ ਹਨ। ਪਰ ਸੂਫ਼ੀ ਆਪੇ ਦੀ ਪਛਾਣ ਹੀ ਰੱਬ ਦੀ ਪਛਾਣ ਮੰਨਦੇ ਹਨ।"[91]

ਸੂਫ਼ੀ ਕਾਵਿਧਾਰਾ ਦੇ ਨਾਲ-ਨਾਲ ਗੁਰਮਤਿ ਕਾਵਿਧਾਰਾ ਵਿਚ ਵੀ ਰੱਬੀ-ਇਸ਼ਕ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਸੂਫ਼ੀ ਕਾਵਿ ਅਨੁਸਾਰ ਸਾਧਕ ਆਪਣੇ ਆਪ ਨੂੰ ਜੀਵ ਰੂਪੀ ਇਸਤਰੀ ਬਣਾ ਕੇ ਪੇਸ਼ ਕਰਦੇ ਹਨ ਅਤੇ ਪਰਮਾਤਮਾ ਨੂੰ ਪ੍ਰੀਤਮ/ਪਤੀ/ਕੰਤ ਦੇ ਰੂਪ ਵਿਚ ਪੇਸ਼ ਕਰਦੇ ਹਨ;

ਪ੍ਰੋ. ਸੰਤ ਸਿੰਘ ਸੇਖੋਂ ਅਨੁਸਾਰ, "ਇਸ਼ਕ ਦਾ ਇਹ ਰੂਪ ਇਤਨਾ ਸਰਬ-ਪ੍ਰਵਾਨ ਸੀ ਕਿ ਵਾਹਿਗੁਰੂ ਨੂੰ ਉਸ ਸਮੇਂ ਦੇ ਮਹਾਤਮਾ ਪੁਰਸ਼ਾਂ ਨੇ ਕੰਤ ਰੂਪ ਵਿਚ ਦੇਖਿਆ ਹੈ ਤੇ ਆਪ ਇਸਤਰੀ ਰੂਪ ਵਿਚ ਉਸ ਦੇ ਚਾਹੁਣ ਵਾਲੇ, ਪੂਜਣ ਵਾਲੇ ਹੋਏ ਹਨ।"[92]

ਸੂਫ਼ੀ ਕਾਵਿਧਾਰਾ ਦੇ ਅਨੁਸਾਰ ਮੁਰਸ਼ਦ ਦੀ ਅਗਵਾਈ ਵਿਚ ਜਿਹੜੇ ਸੂਫ਼ੀ ਸਾਧਕਾਂ ਨੇ ਆਪਣੇ ਮਨ ਨੂੰ ਪ੍ਰੀਤਮ ਦੇ ਇਸ਼ਕ ਵਿਚ ਰੰਗ ਲਿਆ, ਉਨ੍ਹਾਂ ਸੂਫ਼ੀਆਂ ਨੂੰ ਹੀ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਦਿਖਾਈ ਦਿੰਦਾ ਹੈ। ਪਰਮਾਤਮਾ ਨੂੰ ਬਿਨਾਂ ਇਸ਼ਕ/ਪ੍ਰੇਮ ਦੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ, "ਰਬ ਨੂੰ ਪਾਉਣ ਲਈ ਸਭ ਤੋਂ ਚੰਗਾ ਮਾਰਗ ਪ੍ਰੇਮ, ਮੁਹੱਬਤ, ਇਸ਼ਕ ਦਾ ਰਸਤਾ ਹੈ।"[93]

ਰੱਬੀ-ਇਸ਼ਕ ਦੀ ਭਾਵਨਾ ਨਾਲ ਲਬਰੇਜ਼ ਸੂਫ਼ੀ ਦੇ ਜੀਵਨ ਨੂੰ ਤਬਦੀਲ ਹੋਣ ਵਿਚ ਦੇਰ ਨਹੀਂ ਲੱਗਦੀ। ਉਹ ਸੰਸਾਰ ਦੇ ਮੋਹ-ਮਾਇਆ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਅਤੇ ਕਿਸੇ ਬਾਹਰੀ ਭੇਖ ਤੋਂ ਬਗ਼ੈਰ ਸਾਫ਼ ਅਤੇ ਸ਼ੁੱਧ ਹਿਰਦੇ ਨਾਲ ਪਰਮਾਤਮਾ ਵਿਚ ਲੀਨ ਹੋਣ ਲਈ ਉਪਰਾਲੇ ਕਰਨ ਲੱਗਦਾ ਹੈ;

"ਰੱਬੀ-ਇਸ਼ਕ ਮਨੁੱਖ ਨੂੰ ਸੰਪੂਰਨ ਰੂਪ ਵਿਚ ਬਦਲ ਦਿੰਦਾ ਹੈ। ਉਹ ਰੱਬ ਰੂਪ ਹੀ ਹੋ ਜਾਂਦਾ ਹੈ। ਉਸ ਦੀਆਂ ਸਾਰੀਆਂ ਇੰਦ੍ਰੀਆਂ-ਕੰਨ, ਅੱਖਾਂ, ਜ਼ੁਬਾਨ, ਹੱਥ, ਪੈਰ ਸਭ ਰੱਬੀ ਹੁਕਮ ਵਿਚ ਚਲਦੇ ਹਨ। ਇਸ ਦਾ ਮਤਲਬ ਇਹ ਹੈ ਕਿ ਉਸ ਦਾ ਸਾਰਾ ਆਚਰਨ ਰੱਬ ਅਨੁਸਾਰੀ ਬਣ ਜਾਂਦਾ ਹੈ।"[94]

ਸੂਫ਼ੀ ਸਾਧਨਾ ਦੇ ਇਸ਼ਕ-ਮਾਰਗ ਤੇ ਤੁਰਨ ਵਾਲੇ ਸਾਧਕਾਂ ਨੂੰ ਜਿੱਥੇ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਉੱਥੇ ਦੂਜੇ ਪਾਸੇ ਅਜਿਹੇ ਸਾਧਕਾਂ ਨੂੰ ਰੱਬੀ-ਦਰਗਾਹ ਵਿਚ ਵੀ ਸਨਮਾਨ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਰੱਬੀ-ਇਸ਼ਕ ਵਿਚ ਰੰਗੇ ਸਾਧਕ ਆਪਣੀ ਜਿੰਦ ਨੂੰ ਪਰਮਾਤਮਾ ਦੀ ਹੋਂਦ ਵਿਚ ਫ਼ਨਾ ਕਰਨ ਦੇ ਕਾਬਿਲ ਹੋਣਗੇ। ਇਹ ਸੂਫ਼ੀ ਸਾਧਕਾਂ ਦਾ ਵਿਸ਼ਵਾਸ ਹੈ;

"ਰੱਬ ਦੀ ਦਰਗਾਹ ਵਿਚ ਉਹ ਲੋਕ ਸਤਿਕਾਰ ਤੇ ਪਿਆਰ ਦੇ ਪਾਤਰ ਬਣਨਗੇ ਜੋ ਕਾਮਿਲ ਮੁਰਸ਼ਦ ਦੀ ਸ਼ਰਨ ਫੜ ਕੇ ਆਪਣੇ ਮਨ ਨੂੰ ਰੱਬ ਦੇ ਇਸ਼ਕ ਵਿਚ ਲਾਉਂਦੇ ਹਨ।"[95]



Sri Satguru Jagjit Singh Ji eLibrary NamdhariElibrary@gmail.com

ਸੂਫ਼ੀ ਵਿਚਾਰਧਾਰਾ ਨੇ ਪਰਮਾਤਮਾ ਦੀ ਪ੍ਰਾਪਤੀ ਦਾ ਕੇਵਲ ਇਕ ਹੀ ਮਾਰਗ ਦੱਸਿਆ ਹੈ ਅਤੇ ਉਸ ਮਾਰਗ ਦੇ ਅਨੁਸਾਰ ਰੱਬੀ-ਇਸ਼ਕ ਸੂਫ਼ੀ ਸਾਧਕ ਲਈ ਸਭ ਤੋਂ ਜ਼ਰੂਰੀ ਸਮਝਿਆ ਜਾਂਦਾ ਹੈ। ਰੱਬੀ-ਇਸ਼ਕ ਦੇ ਰਾਹੀਂ ਹੀ ਸਾਧਕ ਨੂੰ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ;

"ਸੂਫ਼ੀਮਤ ਵਿਚ ਰੱਬ ਦੀ ਪ੍ਰਾਪਤੀ ਦਾ ਮਾਰਗ ਇਸ਼ਕ ਦੁਆਰਾ ਸਿਰੇ ਚੜ ਦਾ ਹੈ। ਰੱਬ ਨਾਲ ਇਸ਼ਕ ਕਰਨ ਵਾਲੇ ਲੋਕਾਂ ਨੂੰ ਮੰਜ਼ਿਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਸ ਤੋਂ ਬੇਮੁੱਖ ਹੋਣ ਵਾਲੇ ਲੋਕ ਭਟਕਦੇ ਅਤੇ ਖ਼ੁਆਰ ਹੁੰਦੇ ਰਹਿੰਦੇ ਹਨ।"[96]

"ਰੱਬੀ-ਇਸ਼ਕ ਦੀਆਂ ਬਾਤਾਂ ਤੇ ਇਸ ਦਾ ਹਾਲ ਅਨੋਖਾ ਹੈ। ਇਸ ਦੇ ਜ਼ੋਕ-ਸ਼ੌਕ ਵੀ ਅਨੋਖੇ ਹਨ। ਇਸ ਦਾ ਨਾਮ-ਸਿਮਰਨ ਤੇ ਸੋਚ-ਵਿਚਾਰ ਵੀ ਅਨੋਖੇ ਹਨ। ਇਸ ਰਾਹ ਵਿਚ ਆਸ਼ਕ ਦੁਨੀਆਂ ਦੀਆਂ ਕੁੱਲ ਇੱਛਾਵਾਂ ਤਰਕ ਕਰ ਦਿੰਦੇ ਹਨ, ਸਭ ਰੂਪਾਂ ਵਿਚ ਪ੍ਰਭੂ ਦਾ ਜਲਵਾ ਦੇਖ ਕੇ ਆਪਣਾ ਸਿਰ ਝੁਕਾ ਦਿੰਦੇ ਹਨ।"[97]

ਗ਼ੁਲਾਮ ਫ਼ਰੀਦ ਨੇ ਆਪਣੀ ਕਾਵਿ ਰਚਨਾ ਦੇ ਨਾਲ-ਨਾਲ ਆਪਣੇ ਨਿੱਜੀ ਜੀਵਨ ਵਿਚ ਵੀ ਇਸ਼ਕ ਮਜਾਜ਼ੀ ਨੂੰ ਹੰਢਾਇਆ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਸ਼ਾਇਰੀ ਵਿਚ ਰੱਬੀ-ਇਸ਼ਕ ਦੇ ਸੰਕਲਪ ਨੂੰ ਇਤਨੀ ਸ਼ਿੱਦਤ ਨਾਲ ਬਿਆਨ ਕੀਤਾ ਗਿਆ ਹੈ;

"ਖ਼ਵਾਜਾ ਸਾਹਿਬ ਦਾ ਦਿਲ ਇਸ਼ਕ ਦੇ ਭਾਭੜਾਂ ਨਾਲ ਮਰੀਂਡਾ ਹੋ ਚੁਕਿਆ ਸੀ, ਇਨ੍ਹਾਂ ਦਾ ਪਾਲਣ-ਪੋਸਣ ਹੀ ਇਸ਼ਕ ਮੁਹੱਬਤ ਦੇ ਵਾਯੂ-ਮੰਡਲ ਵਿਚ ਹੋਇਆ ਸੀ, ਇਨ੍ਹਾਂ ਦੀ ਪਰਕ੍ਰਿਤੀ ਵਿਚ ਇਸ਼ਕ ਦਾ ਬੀਜ ਬਚਪਨ ਵਿਚ ਬੀਜਿਆ ਗਿਆ ਸੀ। ਇਸੇ ਪਿਆਰ ਜਜ਼ਬੇ ਦੀ ਸਿੱਖਿਆ ਤਸਵੱਫ਼ ਦੇ ਵਿਦਿਆਲੇ ਵਿਚ ਦਿੱਤੀ ਗਈ ਸੀ, ਜਿੱਥੋਂ ਫ਼ਾਰਗ ਹੋ ਕੇ ਸਾਰੀ ਉਮਰ ਆਪ ਲੋਕਾਂ ਵਿਚ ਇਸ਼ਕ ਦਾ ਹੀ ਪ੍ਰਚਾਰ ਕਰਦੇ ਰਹੇ।"[98]

"ਗ਼ੁਲਾਮ ਫ਼ਰੀਦ ਦੀ ਸ਼ਾਇਰੀ ਵਿਚ ਇਕ ਤਿਕੋਣ ਉੱਭਰਦੀ ਹੈ। ਇਸ ਤਿਕੋਣ ਦਾ ਪਾਸਾ ਇਸ਼ਕ-ਮੁਹੱਬਤ ਤੇ ਪ੍ਰੀਤ ਦਾ ਸਗਵਾਂ ਤੇ ਭਰਵਾਂ ਰੰਗ ਹੈ, ਦੂਜੇ ਪਾਸੇ ਕੁਦਰਤ ਦਾ ਮਾਨਵੀਕਰਨ ਤੇ ਚਿੱਤਰਕਾਰੀ ਹੈ ਤੇ ਤੀਜੇ ਪਾਸੇ ਸੂਫ਼ੀ ਵਿਚਾਰ, ਭਾਵ ਤੇ ਪ੍ਰਭਾਵ ਪੁਰਜ਼ੋਰ ਤੇ ਪੁਰ-ਖਲੂਸ ਮਿਲਦੇ ਹਨ। ਉਂਝ ਸਮੁੱਚੀ ਸ਼ਾਇਰੀ ਇਸ਼ਕ ਦੀ ਸ਼ਾਇਰੀ ਹੈ।"[99]

ਗ਼ੁਲਾਮ ਫ਼ਰੀਦ ਦੇ ਅਨੁਸਾਰ ਰੱਬੀ-ਇਸ਼ਕ ਤੋਂ ਬਿਨਾਂ ਪਰਮਾਤਮਾ ਨੂੰ ਪ੍ਰਾਪਤ ਕਰਨਾ ਕਠਿਨ ਹੀ ਨਹੀਂ ਬਲਕਿ ਨਾ-ਮੁਮਕਿਨ ਹੈ। ਇਸ ਲਈ ਗ਼ੁਲਾਮ ਫ਼ਰੀਦ ਦੀ ਸ਼ਾਇਰੀ ਦਾ ਥੀਮ ਰੱਬੀ-ਇਸ਼ਕ ਦੇ ਸਿਧਾਂਤ ਦੇ ਆਲੇ-ਦੁਆਲੇ ਘੁੰਮਦਾ ਹੈ। ਉਨ੍ਹਾਂ ਦੀ ਸ਼ਾਇਰੀ ਦਾ ਕੇਂਦਰੀ ਥੀਮ ਰੱਬੀ-ਇਸ਼ਕ ਦੇ ਸੰਕਲਪ ਨੂੰ ਕਿਹਾ ਜਾ ਸਕਦਾ ਹੈ;

"ਖ਼ਆਜਾ ਗ਼ੁਲਾਮ ਫ਼ਰੀਦ ਦੀ ਸ਼ਾਇਰੀ ਦਾ ਕੇਂਦਰ-ਬਿੰਦੂ ਇਸ਼ਕ ਹੈ। ਇਸ ਰਚਨਾ ਵਿਚ ਸੂਫ਼ੀ ਭਾਵਨਾਵਾਂ ਅਤੇ ਚਿੰਤਨ ਦਾ ਦਰਿਆ ਪ੍ਰਵਾਹਿਤ ਹੈ। ਕਵੀ ਇਸ਼ਕ ਦੀ ਪੀੜ ਕਾਰਨ ਲੂੰ ਲੂੰ ਸੌ ਦਰਦੇ ਦੀ ਗਵਾਹੀ ਦਿੰਦਾ ਹੈ।"[100]

ਗ਼ੁਲਾਮ ਫ਼ਰੀਦ ਅਨੁਸਾਰ ਰੱਬੀ-ਇਸ਼ਕ ਜਿੱਥੇ ਪ੍ਰਭੂ ਮਿਲਾਪ ਦਾ ਆਧਾਰ ਹੈ ਉੱਥੇ ਇਸ ਇਸ਼ਕ ਨੇ ਉਸਦੀ ਹੱਡੀ-ਹੱਡੀ ਵਿਚ ਰਚ-ਮਿਚ ਕੇ ਉਸ ਨੂੰ ਜੰਗਲਾਂ ਤੇ ਉਜਾੜਾਂ ਵਿਚ ਆਵਾਰਾ ਕਰਕੇ ਰੁਲਾਇਆ ਹੈ। ਜਿਸ ਪ੍ਰਕਾਰ ਕੂੰਜ ਆਪਣੀ ਡਾਰ ਵਿਚੋਂ ਵਿਛੜ ਕੇ ਪ੍ਰੇਸ਼ਾਨ ਹੋ ਜਾਂਦੀ ਹੈ ਉਸੇ ਪ੍ਰਕਾਰ ਇਸ ਇਸ਼ਕ ਨੇ ਗ਼ੁਲਾਮ ਫ਼ਰੀਦ ਦੇ ਮਨ ਅਤੇ ਤਨ ਨੂੰ ਬਹੁਤ ਦੁੱਖ ਦਿੱਤਾ ਹੈ, ਉਹ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਕਈ ਪ੍ਰਕਾਰ ਦੇ ਦੁੱਖਾਂ ਨੂੰ ਆਪਣੇ ਮਨ ਅਤੇ ਤਨ ਉੱਤੇ ਭੋਗ ਰਿਹਾ ਹੈ। ਇਹਨਾਂ ਦੁੱਖਾਂ ਨੂੰ ਭੋਗਣ ਦਾ ਮੂਲ ਕਾਰਣ ਪ੍ਰੀਤਮ ਨਾਲ ਮਿਲਾਪ ਦਾ ਆਧਾਰ



Sri Satguru Jagjit Singh Ji eLibrary NamdhariElibrary@gmail.com

ਬਣਦਾ ਹੈ। ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਮੈਨੂੰ ਇਨ੍ਹਾਂ ਦੁੱਖਾਂ ਦੀ ਕੋਈ ਪਰਵਾਹ ਨਹੀਂ ਹੈ ਕਿਉਂਕਿ ਮੈਨੂੰ ਇਹ ਆਸ ਹੈ ਕਿ ਮੇਰਾ ਮਿਲਾਪ ਆਪਣੇ ਪ੍ਰੀਤਮ ਨਾਲ ਹੋ ਜਾਵੇਗਾ;

"ਇਸ਼ਕ ਫ਼ਰੀਦ ਰੁਲਾਇਮ ਬਰੋਚ। ਹੱਡ ਹੱਡ ਤੇ ਅੰਗ ਅੰਗ ਯਾਰਾ॥
ਨਿਖੜਿਮ ਕੂੰਜ ਵੂਲ ਰ ਦੀ॥"[101]

ਇਸ਼ਕ ਨੇ ਜਿੱਥੇ ਸੂਫ਼ੀ ਸਾਧਕ ਨੂੰ ਦੁੱਖ ਦਿੱਤਾ ਹੈ ਉੱਥੇ ਰੱਬੀ-ਇਸ਼ਕ ਨੇ ਸੂਫ਼ੀ ਸਾਧਕ ਨੂੰ ਆਪਣੀ ਹੋਸ਼ ਵੀ ਭੁਲਾ ਦਿੱਤੀ ਹੈ। ਸੂਫ਼ੀ ਸਾਧਕ ਨੂੰ ਪਰਮਾਤਮਾ ਦੇ ਇਸ਼ਕ ਵਿਚ ਨਾ ਤਾਂ ਆਪਣੇ ਕਪੜਿਆਂ ਦੀ ਹੋਸ਼ ਰਹੀ ਹੈ ਅਤੇ ਨਾ ਹੀ ਦੁਨੀਆਂ ਦੀਆਂ ਗੱਲਾਂ ਦੀ। ਉਸ ਨੂੰ ਨਾ ਮੰਦਰ ਦੀ ਹੋਸ਼ ਹੈ ਅਤੇ ਨਾ ਹੀ ਮਸਜਦ ਦੀ। ਗ਼ੁਲਾਮ ਫ਼ਰੀਦ ਆਖਦਾ ਹੈ ਕਿ ਸੂਫ਼ੀ ਸਾਧਕ ਨੂੰ ਰੱਬੀ-ਇਸ਼ਕ ਵਿਚ ਆਪਣੇ ਸਾਰੇ ਹਾਰ-ਸ਼ਿੰਗਾਰ ਵੀ ਭੁੱਲ ਗਏ ਹਨ, ਉਹ ਤਾਂ ਮਦ-ਮਸਤ ਹੋ ਕੇ ਆਪਣੇ ਪ੍ਰੀਤਮ ਨੂੰ ਇਸ਼ਕ ਕਰਨ ਲੱਗ ਪੈਂਦਾ ਹੈ ਅਤੇ ਦੁਨੀਆਂਦਾਰੀ ਦੀ ਕੋਈ ਪਰਵਾਹ ਨਹੀਂ ਕਰਦਾ;

"ਇਸ਼ਕ ਲੱਗਾ ਘਰ ਵਿਸਰਿਆ, ਜ਼ਰ ਵਿਸਰੀ ਵਰ ਵਿਸਰਿਆ।
ਗਜ਼ਰੇ ਨਾਜ਼ ਹੁਸਨ ਦੇ ਮਾਣੇ, ਜ਼ੇਵਰ ਤਰੇਵਰ ਵਿਸਰਿਆ।
ਵਿਸਰੇ ਕੱਜਲੇ, ਸੁਰਖੀ ਮਹਿੰਦੀਆਂ, ਬੂਲਾਂ ਬੈਂਸਰ ਵਿਸਰਿਆ।
ਦਰਦ ਅੰਦੇਸ਼ੇ ਦਿਲ ਦੀ ਮੂੜੀ, ਬਿਆਕੁਲ ਜੋਹਰ ਵਿਸਰਿਆ।
ਦੈਰ ਕਨਿਸ਼ਤ ਦੁਆਰਾ ਮੰਦਰ, ਮਸਜਦ ਮੰਦਰ ਵਿਸਰਿਆ।
ਹਿਕ ਦੇ ਸਾਂਗੇ ਹਿਕ ਦੀ ਸੌਂਹ ਹੈ, ਖ਼ੈਰ ਭਲੀ ਸ਼ਰ ਵਿਸਰਿਆ।
ਹਰ ਵੇਲੇ ਹਰ ਯਾਦ ਅਸਾਨੂੰ, ਹੋਰ ਅਮਾਨ ਹਰ ਵਿਸਰਿਆ।
ਵੈਸਾਂ ਕੇਚ ਫ਼ਰੀਦ ਦਾ ਮੁੜਸਾਂ, ਸੁੰਜ ਬਰ ਦਾ ਡਰ ਵਿਸਰਿਆ।"[102]

ਜਿਸ ਵੇਲੇ ਗ਼ੁਲਾਮ ਫ਼ਰੀਦ ਨੂੰ ਪ੍ਰਭੂ-ਮਿਲਾਪ ਦੇ ਅਵਸਰ ਬਣ ਜਾਂਦੇ ਹਨ ਤਾਂ ਉਸ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ। ਜੀਵ ਰੂਪੀ ਇਸਤਰੀ ਦੇ ਰੂਪ ਵਿਚ ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ, ਹੇ ਮੇਰੀ ਸਹੇਲੀਓ ਤੁਸੀਂ ਹੁਣ ਸ਼ਿੰਗਾਰ ਕਰ ਲਵੋ ਕਿਉਂਕਿ ਪ੍ਰੀਤਮ ਦਾ ਦੀਦਾਰ ਹੋਣ ਵਾਲਾ ਹੈ। ਪ੍ਰੀਤਮ ਦੇ ਮਿਲਾਪ ਦੀ ਖੁਸ਼ੀ ਵਿਚ ਬੱਦਲ ਗੱਜਣ ਲੱਗ ਪੈਂਦੇ ਹਨ, ਬਿਜਲੀ ਚਮਕਣ ਲੱਗ ਪੈਂਦੀ ਹੈ, ਕੋਇਲ ਮਿੱਠੀ ਆਵਾਜ਼ ਵਿਚ ਗੀਤ ਗਾਉਣ ਲੱਗਦੀ ਹੈ ਅਤੇ ਪਪੀਹੇ ਕੂਕਣ ਲੱਗਦੇ ਹਨ ਭਾਵ ਹਰ ਪਾਸੇ ਖੁਸ਼ੀ ਦਾ ਪਸਾਰਾ ਹੋ ਜਾਂਦਾ ਹੈ, ਪੂਰੇ ਵਾਤਾਵਰਣ ਵਿਚ ਮਿੱਠੀ ਮਹਿਕ ਆਉਣ ਲੱਗਦੀ ਹੈ ਅਤੇ ਜੀਵ ਰੂਪੀ ਇਸਤਰੀ ਦੇ ਪੈਰ ਪ੍ਰੀਤਮ-ਮਿਲਾਪ ਦੀ ਖੁਸ਼ੀ ਵਿਚ ਧਰਤੀ ਤੇ ਨਹੀਂ ਲੱਗਦੇ;

"ਸਖੀ ਕਰ ਲੇਉ ਹਾਰ ਸ਼ਿੰਗਾਰ ਸਭੀ। ਸਈਆਂ ਰਲ ਮਿਲ ਧੂਮ ਮਚਾਈ॥
ਗਰਜਤ ਬਦਰਾ ਲਿਸਕਤ ਬਿਜਲੀ। ਸੁੱਤ ਸਾਨੂੰ ਠੀਕ ਸੁਹਾਈ॥
ਅਗਨ ਪਪੀਹੇ ਕਰਨ ਪਲਾਰੇ। ਰਲ ਕੋਇਲ ਕੂਕ ਸੁਨਾਈ॥"[103]

ਗ਼ੁਲਾਮ ਫ਼ਰੀਦ ਕਹਿੰਦਾ ਹੈ ਕਿ ਜਿਸ ਦਿਨ ਤੋਂ ਮੈਨੂੰ ਰੱਬੀ-ਇਸ਼ਕ ਦਾ ਖ਼ਜਾਨਾ ਮਿਲ ਗਿਆ ਹੈ ਉਸ ਦਿਨ ਤੋਂ ਮੈਨੂੰ ਕਿਸੇ ਹੋਰ ਖ਼ਜਾਨੇ ਦੀ ਲੋੜ ਨਹੀਂ ਹੈ। ਮੇਰੇ ਸੋਹਣੇ ਪ੍ਰੀਤਮ ਦੀ ਸੋਹਣੀ ਸੂਰਤ ਮੇਰੇ ਹਿਰਦੇ ਵਿਚ ਵੱਸ ਗਈ ਹੈ ਅਤੇ ਮੇਰੇ ਪ੍ਰੀਤਮ ਜਿਹਾ ਸੋਹਣਾ ਹੋਰ ਇਸ ਸੰਸਾਰ ਵਿਚ ਕੋਈ ਨਹੀਂ ਹੈ। ਮੇਰੇ ਸੋਹਣੇ ਦਿਲਬਰ ਦੀ ਸੋਹਣੀ ਸੂਰਤ ਮੇਰੇ ਹਿਰਦੇ ਵਿਚ ਵੱਸ ਗਈ ਹੈ;



Sri Satguru Jagjit Singh Ji eLibrary NamdhariElibrary@gmail.com

"ਜਬ ਸੇ ਸ਼ਾਹੇ ਇਸ਼ਕ ਨੇ ਦਿਲ ਕੋ ਕੀਆ ਤਸਖੀਰ ਹੈ।
ਦਸ਼ਤ ਵ ਸਹਿਰਾ-ਏ-ਜਨੂੰ ਮੁਝ ਕੋ ਦੀਆ ਜਾਗੀਰ ਹੈ।
ਸੰਗ ਦਿਲ ਜੈਸਾ ਹੋ ਮੇਰੇ ਰੂਬਰੂ ਹੋਤਾ ਹੈ ਮੋਮ।
ਯਹ ਮਿਰੀ ਸੂਰਤ ਮੇਂ ਹਜ਼ਰਤ ਇਸ਼ਕ ਕੀ ਤਾਸੀਰ ਹੈ।"[104]

ਪ੍ਰੀਤਮ ਦੇ ਇਸ਼ਕ ਵਿਚ ਮਸਤ ਗ਼ੁਲਾਮ ਫ਼ਰੀਦ ਨੂੰ ਹਰ ਸ਼ੈਅ ਵਿਚ ਰੱਬੀ-ਨੂਰ ਦਿਖਾਈ ਦੇਣ ਲੱਗਦਾ ਹੈ। ਉਹ ਕਹਿੰਦਾ ਹੈ ਕਿ ਰੱਬੀ-ਇਸ਼ਕ ਦਾ ਜਲਵਾ ਹਰ ਜਗ੍ਹਾ ਤੇ ਪਸਰਿਆ ਹੋਇਆ ਹੈ ਅਤੇ ਉਹ ਖ਼ੁਦ ਹੀ ਆਸ਼ਕ ਅਤੇ ਖ਼ੁਦ ਹੀ ਮਾਸ਼ੂਕ ਬਣ ਗਿਆ ਹੈ ਭਾਵ ਹੁਣ ਮੇਰੇ ਵਿਚ ਅਤੇ ਮੇਰੇ ਪ੍ਰੀਤਮ ਵਿਚ ਕੋਈ ਫ਼ਰਕ ਨਹੀਂ ਰਿਹਾ। ਰੱਬੀ-ਇਸ਼ਕ ਵਿਚ ਪ੍ਰੀਤਮ ਦਾ ਨਾਮ ਲੈਂਦਾ-ਲੈਂਦਾ ਮੈਂ ਖ਼ੁਦ ਪ੍ਰੀਤਮ ਜਿਹਾ ਹੀ ਹੋ ਗਿਆ ਹਾਂ;

"ਹੈ ਇਸ਼ਕ ਦਾ ਜਲਵਾ ਹਰ ਹਰ ਜਾ। ਸੁਬਹਾਨ ਅੱਲਾ, ਸੁਬਹਾਨ ਅੱਲਾ।
ਖ਼ੁਦ ਆਸ਼ਕ ਖ਼ੁਦ ਮਾਸ਼ੂਕ ਬਣਿਆ। ਸੁਬਹਾਨ ਅੱਲਾ, ਸੁਬਹਾਨ ਅੱਲਾ।"[105]

ਬੁੱਲ੍ਹੇ ਸ਼ਾਹ ਵੀ ਜਦੋਂ ਰੱਬੀ-ਇਸ਼ਕ ਦੇ ਮਾਰਗ ਤੇ ਮਸਤਾਨੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਆਪਣੇ ਪ੍ਰੀਤਮ ਦਾ ਨਾਲ ਲੈਂਦੇ ਲੈਂਦੇ ਮੈਂ ਖ਼ੁਦ ਆਪਣੇ ਪ੍ਰੀਤਮ ਦਾ ਰੂਪ ਹੋ ਗਿਆ ਹਾਂ, ਹੁਣ ਮੇਰੇ ਵਿਚ ਅਤੇ ਮੇਰੇ ਪ੍ਰੀਤਮ ਵਿਚ ਕੋਈ ਭੇਦ ਨਹੀਂ ਰਿਹਾ, ਹੁਣ ਮੈਂ ਹੀ ਪ੍ਰੀਤਮ ਹੋ ਗਿਆ ਹਾਂ;

"ਰਾਂਝਾ ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ।
ਸਦੋ ਨੀਂ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।"[106]

ਗ਼ੁਲਾਮ ਫ਼ਰੀਦ ਦੇ ਅਨੁਸਾਰ ਇਸ ਸੰਸਾਰ ਵਿਚ ਕੇਵਲ ਪਰਮਾਤਮਾ ਹੀ ਉਸ ਦੇ ਕਾਰਜ ਨੇਪਰੇ ਚਾੜ੍ਹ ਸਕਦਾ ਹੈ। ਸਾਧਕ ਦਾ ਕੇਵਲ ਇਕ ਹੀ ਕਰਮ ਹੈ ਅਤੇ ਉਸ ਕਰਮ ਦੇ ਅਨੁਸਾਰ ਸਾਧਕ ਨੂੰ ਆਪਣਾ ਆਪਾ ਕੁਰਬਾਨ ਕਰਕੇ ਪਰਮਾਤਮਾ ਨੂੰ ਇਸ਼ਕ ਕਰਨਾ ਪੈਂਦਾ ਹੈ। ਪਰਮਾਤਮਾ ਨੂੰ ਇਸ਼ਕ ਕੀਤੇ ਤੋਂ ਬਿਨਾਂ ਕਿਸੇ ਹੋਰ ਤਰੀਕੇ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਗ਼ੁਲਾਮ ਫ਼ਰੀਦ ਤਾਂ ਆਪਣੇ ਕਲਾਮ ਵਿਚ ਇੱਥੋਂ ਤੱਕ ਕਹਿੰਦੇ ਹਨ ਕਿ ਪਰਮਾਤਮਾ ਨੂੰ ਨਮਾਜ਼ ਅਤੇ ਰੋਜ਼ਿਆਂ ਦੁਆਰਾ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ;

"ਉਸ (ਗ਼ੁਲਾਮ ਫ਼ਰੀਦ) ਦੀਆਂ ਕਾਫ਼ੀਆਂ ਵਿਚ ਪਿਆਰ ਅਤੇ ਏਕਤਾ ਦੀ ਭਾਵਨਾ ਵਿਦਮਾਨ ਹੈ। ਇਨਸਾਨੀ ਪਿਆਰ ਉਨ੍ਹਾਂ ਲਈ ਸਰਵੋਤਮ ਹੈ ਅਤੇ ਸ਼ਾਇਰੀ ਵਿਚ ਉੱਚ-ਸਬਕ ਵਿਦਮਾਨ ਹੈ। ਆਸ਼ਕ ਸਦਾ ਰੱਬ ਤੇ ਭਰੋਸਾ ਰੱਖਦਾ ਹੈ ਨਾ ਉਹ ਨਮਾਜ਼ ਰੋਜ਼ਿਆਂ ਦਾ ਮਾਣ ਕਰਦਾ ਹੈ ਅਤੇ ਨਾ ਹੀ ਭਗਤੀ ਦਾ।"[107]

"ਖ਼ਵਾਜਾ ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਅਤੇ ਬਾਕੀ ਕਾਵਿ ਰੂਪਾਂ ਦਾ ਅਧਿਐਨ ਕਰਦੇ ਹਾਂ ਤਦ ਪਤਾ ਚਲਦਾ ਹੈ ਕਿ ਪਿਆਰ ਦੀ ਇਹ ਸੋਹਜ-ਸਵਾਦ (ਲਜ਼ਤ) ਆਪ (ਗ਼ੁਲਾਮ ਫ਼ਰੀਦ) ਦੇ ਕਲਾਮ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਆਪ ਇਸ਼ਕ ਨੂੰ ਖ਼ੁਦਾ ਅਤੇ ਖ਼ੁਦਾ ਨੂੰ ਇਸ਼ਕ ਖ਼ਿਆਲ ਕਰਦੇ ਸਨ।"[108]

ਗ਼ੁਲਾਮ ਫ਼ਰੀਦ ਦੀ ਕਵਿਤਾ ਇਸ਼ਕ ਮਜਾਜ਼ੀ ਦੀ ਗੱਲ ਕਰਦਿਆਂ ਇਸ਼ਕ ਹਕੀਕੀ ਦੀ ਪੇਸ਼ਕਾਰੀ ਕਰਦੀ ਹੈ। ਗ਼ੁਲਾਮ ਫ਼ਰੀਦ ਆਪਣੀ ਕਵਿਤਾ ਵਿਚ ਪਰਮਾਤਮਾ ਨੂੰ ਰਾਂਝੇ ਦੇ ਰੂਪ ਵਿਚ ਸਿਰਜਦਾ ਹੈ ਅਤੇ ਜੀਵਾਤਮਾ ਨੂੰ ਹੀਰ ਬਣਾ ਕੇ ਪੇਸ਼ ਕਰਦਾ ਹੈ। ਉਹ ਦੁਨਿਆਵੀ ਇਸ਼ਕ ਦੀ ਬਾਤ ਪਾਉਂਦਿਆਂ ਹੋਇਆਂ ਵੀ ਅਧਿਆਤਮਕ ਪ੍ਰੇਮ ਦੀ ਗੱਲ ਕਰਦਾ ਹੈ;



Sri Satguru Jagjit Singh Ji eLibrary NamdhariElibrary@gmail.com

"ਸਾਰੇ ਸੰਸਾਰ ਵਿਚ ਇਸ਼ਕ ਦਾ ਤਸੱਵਰ, ਪਸਾਰ ਤੇ ਉੱਤਪਤੀ ਦਾ ਸਾਧਨ ਖਿਆਲ ਕਰਕੇ ਸੂਫ਼ੀ ਸਾਧਕ ਇਸ਼ਕ ਦੇ ਰਾਹ ਤੁਰਦਾ ਹੈ। ਮੁਹੱਬਤ ਨੂੰ ਹੀ ਬ੍ਰਹਮ ਪ੍ਰਾਪਤੀ ਦਾ ਸਾਧਨ ਸਮਝ ਕੇ, ਸੂਫ਼ੀ ਇਸ਼ਕ ਨੂੰ ਸਾਧਨ ਤੇ ਸਾਧਨਾ ਦੀ ਤਰ੍ਹਾਂ ਵਰਤਦਾ ਹੈ ਤੇ ਉਸ ਲਈ ਇਸ਼ਕ-ਮਜਾਜ਼ੀ (ਦੁਨਿਆਵੀ ਪ੍ਰੇਮ) ਇਸ਼ਕ-ਹਕੀਕੀ (ਰੱਬੀ ਪ੍ਰੇਮ) ਦੀ ਪਹਿਲੀ ਪੌੜੀ ਬਣ ਜਾਂਦੀ ਹੈ।"[109]

ਸੂਫ਼ੀ ਸਾਧਕ ਇਸ਼ਕ-ਮਜਾਜ਼ੀ ਦੇ ਰਾਹ ਤੇ ਤੁਰਦਿਆਂ ਹੋਇਆਂ ਵੀ ਇਸ਼ਕ-ਹਕੀਕੀ ਦੀ ਮੰਜ਼ਿਲ ਪ੍ਰਾਪਤ ਕਰਦਾ ਹੈ ਅਤੇ ਆਪਣੀ ਜਿੰਦ ਨੂੰ ਪਰਮਾਤਮਾ ਵਿਚ ਅਭੇਦ ਕਰਨ ਵਿਚ ਕਾਮਯਾਬ ਹੁੰਦਾ ਹੈ। ਇਸ ਅਵਸਥਾ ਨੂੰ ਸੂਫ਼ੀ ਵਿਚਾਰਧਾਰਾ ਵਿਚ ਫ਼ਨਾ ਦੀ ਅਵਸਥਾ ਕਿਹਾ ਜਾਂਦਾ ਹੈ।

ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਰੱਬੀ-ਇਸ਼ਕ ਦੇ ਸੰਕਲਪ ਨੂੰ ਮਾਨਤਾ ਦਿੱਤੀ ਗਈ ਹੈ। ਗ਼ੁਲਾਮ ਫ਼ਰੀਦ ਵੀ ਇਸ ਤੱਥ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਕਿ ਰੱਬੀ-ਇਸ਼ਕ ਤੋਂ ਬਿਨਾਂ ਕਿਸੇ ਵੀ ਹੋਰ ਤਰੀਕੇ ਨਾਲ ਪਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ ਹੈ। ਇਸ ਲਈ ਸੂਫ਼ੀ ਸਾਧਕ ਲਈ ਪਰਮਾਤਮਾ ਨਾਲ ਇਸ਼ਕ ਕਮਾਉਣਾ ਲਾਜ਼ਮੀ ਹੈ। ਇਹ ਇਸ਼ਕ ਇਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ ਕਿ ਰੱਬੀ-ਇਸ਼ਕ ਵਿਚ ਸਾਧਕ ਨੂੰ ਆਪਣੇ ਆਪੇ ਦੀ ਕੋਈ ਸੁੱਧ ਨਾ ਰਹੇ। ਸਾਧਕ ਨੂੰ ਲੋਕਾਂ ਦੀਆਂ ਗੱਲਾਂ ਦੀ ਕੋਈ ਪਰਵਾਹ ਨਹੀਂ ਹੋਣੀ ਚਾਹੀਦੀ। ਬੁੱਲ੍ਹੇ ਸ਼ਾਹ ਦੇ ਇਸ਼ਕ ਵਾਂਗ ਜਿਸ ਨੇ ਬੁੱਲ੍ਹੇ ਸ਼ਾਹ ਨੂੰ ਗਲੀਆਂ ਵਿਚ ਨੱਚਣ ਲਗਾ ਦਿੱਤਾ। ਜਿਸ ਸਮੇਂ ਸਾਧਕ ਦਾ ਇਸ਼ਕ ਸਵਾਰਥ ਤੋਂ ਰਹਿਤ ਹੋਵੇਗਾ ਤਾਂ ਉਸ ਦਾ ਪ੍ਰੇਮ ਸੱਚਾ ਅਤੇ ਨਿਰਲੇਪ ਹੋਵੇਗਾ ਅਤੇ ਅਜਿਹੇ ਆਸ਼ਕ ਨੂੰ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

## ਗ਼ੁਲਾਮ ਫ਼ਰੀਦ ਅਤੇ ਇਸਲਾਮੀ ਸ਼ਰੀਅਤ

ਸ਼ਰੀਅਤ ਦਾ ਸੰਬੰਧ ਮਨੁੱਖ ਦੇ ਬਾਹਰੀ ਸਰੂਪ ਨਾਲ ਜੁੜਿਆ ਹੁੰਦਾ ਹੈ। ਇਹ ਮਨੁੱਖ ਨੂੰ ਅਨੁਸ਼ਾਸਨ ਵਿਚ ਰੱਖਣ ਲਈ ਲਾਜ਼ਮੀ ਹੈ। ਦੂਜੇ ਪਾਸੇ ਸੂਫ਼ੀ ਸਾਧਕਾਂ ਨੂੰ ਇਸਲਾਮ ਦੇ ਅਧਿਆਤਮਵਾਦੀ ਕਿਹਾ ਜਾਂਦਾ ਹੈ। ਇਹਨਾਂ ਅਧਿਆਤਮਵਾਦੀਆਂ ਦਾ ਸੰਬੰਧ ਮਨੁੱਖ ਨੇ ਅੰਤਰ-ਮਨ ਨਾਲ ਹੁੰਦਾ ਹੈ। ਇਸ ਲਈ ਇਹ ਸੂਫ਼ੀ ਸਾਧਕ ਇਸਲਾਮ ਦੇ ਬਾਹਰੀ ਅਨੁਸ਼ਾਸਨ ਨੂੰ ਆਪਣੇ ਜੀਵਨ ਵਿਚ ਲਾਗੂ ਨਹੀਂ ਕਰਦੇ;

"ਸ਼ਰੀਅਤ ਦਾ ਮੌਲਿਕ ਅਰਥ ਹੀ ਰਸਤਾ ਅਰਥਾਤ ਮਾਰਗ ਹੈ ਜੋ ਜੀਵ ਨੂੰ ਰੱਬ ਦੇ ਘਰ ਵਲ ਲੈ ਕੇ ਜਾਂਦਾ ਹੈ। ਸ਼ਰੀਅਤ ਇਸਲਾਮ ਧਰਮ ਦੇ ਅਨੁਯਾਈ ਵਾਸਤੇ ਇਕ ਰੱਬੀ ਕਾਨੂੰਨ ਹੈ ਜਿਸ ਦੀ ਉਲੰਘਣਾ ਇਕ ਮੁਸਲਮਾਨ ਵਾਸਤੇ ਅਣੋਗ ਅਤੇ ਧਾਰਮਿਕ ਸਮਝੀ ਜਾਂਦੀ ਹੈ।"110

"ਸੱਚ ਦੇ ਰਾਹ ਤੁਰਣ ਵਾਲਿਆਂ ਨੂੰ ਮੁੱਲਾਂ ਮੁਲਾਣਿਆਂ ਦੀ ਨਸੀਹਤ ਤੇ ਅਮਲ ਦੀ ਜ਼ਰੂਰਤ ਨਹੀਂ ਪੈਂਦੀ, ਉਨ੍ਹਾਂ ਦਾ ਆਪਣਾ ਮਾਰਗ ਹੀ ਖ਼ੁਸ਼ੀ ਦਾ ਮੁਕਾਮ ਹੁੰਦਾ ਹੈ। ਸੱਚ ਦੇ ਰਾਹ ਤੇ ਸਜ਼ਾਵਾਂ ਅੱਵਸ਼ ਹਨ। ਸੱਚ ਦਾ ਰਾਹ ਮੁਸ਼ਕਿਲ ਦਾ ਪੈਂਡਾ, ਪਰ ਆਸ਼ਕ ਤੇ ਸਾਧਕ ਕਦੋਂ ਪਿਛਾਂਹ ਹਟਦੇ ਹਨ?"[111]

ਇਸਲਾਮੀ ਸ਼ਰੀਅਤ ਦੇ ਮਾਰਗ ਵਿਚ ਜਿਸ ਵੇਲੇ ਮੁੱਲਾਂ-ਮੁਲਾਣਿਆਂ ਦੀ ਸਵਾਰਥੀ ਵਿਆਖਿਆ ਸ਼ਾਮਲ ਹੋ ਜਾਂਦੀ ਹੈ ਤਾਂ ਇਸ ਦਾ ਮੂਲ ਭਾਵ ਖ਼ਤਮ ਕਰਕੇ ਇਸ ਨੂੰ ਕੇਵਲ ਬਾਹਰੀ ਸਰੂਪ ਉੱਤੇ ਕੇਂਦਰਿਤ ਕਰ ਦਿੱਤਾ ਜਾਂਦਾ ਹੈ। ਅਸਲ ਵਿਚ ਸ਼ਰੀਅਤ ਮਨੁੱਖ ਨੂੰ ਅਨੁਸ਼ਾਸਨ ਵਿਚ ਰੱਖਣ ਲਈ ਲਾਜ਼ਮੀ ਮੰਨੀ ਜਾਂਦੀ ਹੈ ਪਰ ਧਰਮ ਦੇ ਠੇਕੇਦਾਰ ਇਸ ਸ਼ਰੀਅਤ ਦੀ ਸਰਪ੍ਰਸਤੀ ਹੇਠ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਮਨੁੱਖ ਨੂੰ ਧਾਰਮਿਕ ਜਾਲ ਵਿਚ ਫਸਾਉਂਦੇ ਹਨ ਤਾਂ ਫਿਰ ਜਿਹੜੇ ਲੋਕ ਸ਼ਰੀਅਤ ਦੇ ਸੰਸਾਰ ਵਿਚ ਗਿਆਨ ਦੇ ਪ੍ਰਕਾਸ਼ ਵਿਚ ਆਉਂਦੇ ਹਨ ਉਹਨਾਂ ਲੋਕਾਂ ਨੂੰ ਸੂਫ਼ੀ ਕਿਹਾ ਜਾਂਦਾ ਹੈ;

"ਇਸਲਾਮ ਦੇ ਰਹੱਸਵਾਦੀ ਅਥਵਾ ਅਧਿਆਤਮਵਾਦੀ ਪੱਖ ਨੂੰ ਸੂਫ਼ੀਵਾਦ ਅਰਥਾਤ ਤਸੱਵੁਫ਼ ਦਾ ਨਾਮ ਦਿੱਤਾ ਗਿਆ ਹੈ। ਇਸਲਾਮੀ ਤਸਵੁੱਫ਼ ਵਿਚ ਸ਼ਰੀਅਤ ਦਾ ਵਿਰੋਧ ਅਪ੍ਰਵਾਨ ਅਤੇ ਨਿੰਦਨੀ ਹੈ।"[112]

ਸੂਫ਼ੀ ਵਿਚਾਰਧਾਰਾ ਦਾ ਆਰੰਭ ਇਸਲਾਮ ਦੇ ਦਾਇਰੇ ਵਿਚ ਹੀ ਹੋਇਆ ਹੈ। ਸੂਫ਼ੀਆਂ ਦਾ ਹਰ ਕਰਮ ਕੁਰਾਨ ਸ਼ਰੀਫ਼ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਸਿੱਖਿਆ ਨਾਲ ਨੇਪਰੇ ਚੜ੍ਹਦਾ ਹੈ ਪਰ ਜਿਸ ਵੇਲੇ ਮੁੱਲਾਂ-ਮੁਲਾਣਿਆਂ ਨੇ ਆਪਣੇ ਸਵਾਰਥ ਲਈ ਇਸਲਾਮ ਅਤੇ ਇਸ ਦੀਆਂ ਸਿੱਖਿਆਵਾਂ ਦੀ ਗ਼ਲਤ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਸ ਸਮੇਂ ਇਹਨਾਂ ਸੂਫ਼ੀ ਸਾਧਕਾਂ ਨੇ ਇਸਲਾਮੀ ਸ਼ਰੀਅਤ ਦੀ ਭੰਡੀ ਕਰਕੇ ਇਸ ਤੋਂ ਕਿਨਾਰਾ ਕਰ ਲਿਆ। ਅਸਲ ਵਿਚ ਸੂਫ਼ੀਆਂ ਦਾ ਮੁੱਖ ਮੰਤਵ ਪਰਮਾਤਮਾ ਦੀ ਪ੍ਰਾਪਤੀ ਨਾਲ ਸੰਬੰਧਤ ਹੁੰਦਾ ਹੈ ਇਸ ਲਈ ਸੂਫ਼ੀਆਂ ਦੇ ਰਾਹ ਵਿਚ ਆਉਣ ਵਾਲੇ ਬਾਹਰੀ ਦਿਖਾਵਿਆਂ ਨੂੰ ਉਹ ਅਸਲੋਂ ਹੀ ਖ਼ਾਰਜ ਕਰਦੇ ਹਨ;

"ਸੂਫ਼ੀਆਂ ਸਾਹਮਣੇ ਮੁੱਖ ਸੱਮਸਿਆ ਰੱਬ ਨੂੰ ਪਾਉਣ ਦੀ ਹੈ। ਇਸ ਮੰਤਵ ਦੀ ਪੂਰਤੀ ਲਈ ਸ਼ਰ੍ਹਾ ਦੇ ਦਿਖਾਵੇ ਖ਼ਾਤਰ ਕੀਤੇ ਗਏ ਬਾਹਰੀ ਕਰਮ ਜਿਵੇਂ ਨਮਾਜ਼ਾਂ ਪੜ੍ਹਨ, ਰੋਜ਼ੇ ਰੱਖਣ, ਹੱਜ ਕਰਨ, ਚਲੀਹੇ ਕੱਟਣ, ਭੇਖ ਵਿਚ ਪੂਰੇ ਰਹਿਣ ਜਾਂ ਧਰਮ ਗ੍ਰੰਥਾਂ ਦੇ ਅਧਿਐਨ ਦੀ ਥਾਂ ਅੰਦਰੂਨੀ ਆਚਰਨ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਸੂਫ਼ੀ ਸਾਧਕ ਨੇ ਆਪਣੇ ਆਪ ਨੂੰ ਸੋਧ ਕੇ ਪਰਮਾਤਮਾ ਦੇ ਯੋਗ ਬਣਾਉਣਾ ਹੈ।"[113]

ਗ਼ੁਲਾਮ ਫ਼ਰੀਦ ਆਪਣੇ ਕਲਾਮ ਵਿਚ ਇਸਲਾਮੀ ਸ਼ਰੀਅਤ ਦੀ ਵਿਰੋਧਤਾ ਕਰਦਾ ਹੋਇਆ ਮਨੁੱਖ ਨੂੰ ਸਦਾਚਾਰਕ ਗੁਣ ਧਾਰਣ ਕਰਨ ਲਈ ਪ੍ਰੇਰਿਤ ਕਰਦਾ ਹੈ। ਉਹ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਇਕ ਖ਼ੁਦਾ ਉੱਤੇ ਨਿਸ਼ਚਾ ਰੱਖਣ ਲਈ ਤਾਕੀਦ ਕਰਦਾ ਹੈ। ਗ਼ੁਲਾਮ ਫ਼ਰੀਦ ਅਨੁਸਾਰ ਪਰਮਾਤਮਾ ਨੂੰ ਪਾਉਣ ਦਾ ਕੇਵਲ ਇਕ ਹੀ ਜ਼ਰੀਆ ਹੈ ਅਤੇ ਉਹ ਹੈ ਰੱਬੀ-ਇਸ਼ਕ ਦਾ ਮਾਰਗ। ਰੱਬੀ-ਇਸ਼ਕ ਤੋਂ ਬਿਨਾਂ ਸੰਸਾਰ ਵਿਚ ਸ਼ਰੀਅਤ ਸੰਬੰਧੀ ਹੋ ਰਹੀਆਂ ਸਾਰੀਆਂ ਕਿਰਿਆਵਾਂ ਨਿਰਮੂਲ ਹਨ। ਧਰਮ ਦੇ ਨਾਮ ਉੱਤੇ ਪਹਿਨੇ ਬਾਹਰੀ ਸਰੂਪ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ ਹੈ;

"ਗ਼ੁਲਾਮ ਫ਼ਰੀਦ ਮਨੁੱਖ ਨੂੰ ਸੁਚੇਤ ਕਰਦਾ ਹੋਇਆ ਖ਼ੁਦਾ ਤੋਂ ਬਿਨਾਂ ਬਾਕੀ ਸਭ ਗੱਲਾਂ ਦਾ ਤਿਆਗ ਕਰਨ ਉੱਤੇ ਬਲ ਦੇਂਦਾ ਹੈ। ਉਹ ਰੱਬੀ ਰਿਸ਼ਤੇ ਤੋਂ ਬਾਕੀ ਸਮਸਤ ਦੁਨਿਆਵੀ ਸੰਬੰਧ ਨਿਰਮੂਲ ਅਤੇ ਨਿਰਾਰਥਕ ਸਮਝਦਾ ਹੈ। ਉਹ ਇਕ ਅਜਿਹਾ ਸੂਫ਼ੀ ਕਵੀ ਹੈ, ਜਿਸ ਵਿਚਲੀ ਭਾਵਾਂ ਦੀ ਤਪਸ਼ ਰੱਬੀ ਇਸ਼ਕ ਤੋਂ ਬਿਨਾਂ ਬਾਕੀ ਸਭ ਕੁਝ ਨੂੰ ਭਸਮ ਕਰ ਦੇਣ ਦੀ ਸਮਰੱਥਾ ਰੱਖਦੀ ਹੈ। ਗ਼ੁਲਾਮ ਫ਼ਰੀਦ ਦੁਆਰਾ ਰਚਿਤ ਪੰਜਾਬੀ ਸੂਫ਼ੀ ਕਵਿਤਾ ਬਿਰਹਾ ਅਥਵਾ ਵਿਯੋਗ ਦਾ ਸਿਖ਼ਰ ਹੈ।"[114]

ਸੂਫ਼ੀ ਸਾਧਕ ਨੂੰ ਧਰਮ ਦੇ ਨਾਮ ਤੇ ਹੁੰਦੇ ਬਾਹਰੀ ਭੇਖ ਨੂੰ ਛੱਡ ਕੇ ਸਿਰਫ਼ ਯਾਰ ਨੂੰ ਰੀਝਾਵਣ (ਪਰਮਾਤਮਾ ਨੂੰ ਪਾਉਣ) ਲਈ ਰੱਬੀ-ਇਸ਼ਕ ਦਾ ਮਾਰਗ ਅਖ਼ਤਿਆਰ ਕਰਨਾ ਚਾਹੀਦਾ ਹੈ। ਇਸ ਮਾਰਗ ਤੇ ਚੱਲ ਕੇ ਸੂਫ਼ੀ ਨੂੰ ਪ੍ਰੀਤਮ ਦਾ ਦੀਦਾਰ ਸੰਭਵ ਹੈ। ਇਸ ਮਾਰਗ ਤੋਂ ਬਿਨਾਂ ਹੋਰ ਕੋਈ ਅਜਿਹਾ ਮਾਰਗ ਨਹੀਂ ਹੈ ਜਿਸ ਦੁਆਰਾ ਸੂਫ਼ੀ ਨੂੰ ਪ੍ਰੀਤਮ ਦਾ ਦੀਦਾਰ ਹੋ ਜਾਵੇ। ਪ੍ਰੀਤਮ ਨੂੰ ਪਾਉਣ ਲਈ ਮੁੱਲਾਂ-ਮੁਲਾਣਿਆਂ ਦੀਆਂ ਮੱਤਾਂ, ਦਲੀਲਾਂ ਅਤੇ ਉਪਦੇਸ਼ ਵਿਅਰਥ ਹਨ ਕਿਉਂਕਿ



Sri Satguru Jagjit Singh Ji eLibrary NamdhariElibrary@gmail.com

ਇਸ਼ਕ ਤੋਂ ਬਿਨਾਂ ਪ੍ਰੀਤਮ ਦੀ ਪ੍ਰਾਪਤੀ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ;

"ਯਾਰ ਰੁਝਾਵਣ ਸਿੱਖ ਵੇ ਮੁਲਾਂ ਬਿਆਂ ਸੱਟ ਘਤ ਸਭ ਦਲੀਲਾਂ।
ਇਸ਼ਕ ਮਜਾਜ਼ੀ ਤੇ ਮੁਸ਼ਕਲ ਬਾਜ਼ੀ ਕੰਮ ਨਹੀਂ ਬਖ਼ੀਲਾਂ।
ਸਿਰ ਤੇ ਭੜਕੇ ਢਾਂਡ ਹਿਜਰ ਦਾ ਓ ਵੀ ਸਮਝ ਠੰਡੀਆਂ ਹੀਨਾਂ।
ਯਾਰ ਫ਼ਰੀਦ ਜਥਾਂ ਅੱਖੀਆਂ ਲੱਗੀਆਂ ਅਬ ਹਾਜਤ ਨਹੀਂ ਵਕੀਲਾਂ।"[115]

ਬਾਬਾ ਫ਼ਰੀਦ ਨੇ ਵੀ ਆਪਣੇ ਕਲਾਮ ਵਿਚ ਸ਼ਰੀਅਤ ਦੇ ਵਿਰੋਧ ਵਿਚ ਸੁਰ ਪ੍ਰਗਟ ਕੀਤੇ ਹਨ। ਉਨ੍ਹਾਂ ਦੇ ਅਨੁਸਾਰ ਬਿਨਾਂ ਭਾਵਨਾ ਦੇ ਕੀਤਾ ਗਿਆ ਕੋਈ ਵੀ ਧਾਰਮਿਕ ਕੰਮ ਪਰਮਾਤਮਾ ਦੀ ਦਰਗਾਹ ਵਿਚ ਕਬੂਲ ਨਹੀਂ ਹੁੰਦਾ;

"ਫ਼ਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥"[116]

ਬਾਬਾ ਫ਼ਰੀਦ ਆਖਦੇ ਹਨ ਅਜਿਹੇ ਸੂਫ਼ (ਉੱਨ) ਨੂੰ ਆਪਣੇ ਤਨ ਉੱਤੇ ਧਾਰਨ ਕਰਨ ਦਾ ਕੋਈ ਲਾਭ ਨਹੀਂ ਹੈ ਜਿਹੜਾ ਕੇਵਲ ਬਾਹਰੀ ਭੇਖ ਜਾਂ ਦਿਖਾਵੇ ਲਈ ਧਾਰਨ ਕੀਤਾ ਗਿਆ ਹੋਵੇ। ਬਾਬਾ ਫ਼ਰੀਦ ਅਨੁਸਾਰ ਕਿਸੇ ਸਾਧਕ ਦਾ ਹਿਰਦਾ ਜਿਸ ਵੇਲੇ ਤੱਕ ਪ੍ਰਭੂ ਦੀ ਯਾਦ ਵਿਚ ਸੱਚੇ ਮਨ ਨਾਲ ਹੰਝੂ ਨਾ ਵਹਾਉਂਦਾ ਹੋਵੇ, ਉਸ ਵੇਲੇ ਤੱਕ ਉਸ ਸਾਧਕ ਨੂੰ ਪਰਮਾਤਮਾ ਦਾ ਦੀਦਾਰ ਸੰਭਵ ਨਹੀਂ ਹੈ। ਜਦੋਂ ਸਾਧਕ ਦਾ ਮਨ ਸਾਫ਼ਗੋਈ ਨਾਲ ਪ੍ਰੀਤਮ ਦੇ ਪ੍ਰੇਮ ਵਿਚ ਮਗਨ ਹੋ ਜਾਂਦਾ ਹੈ ਅਤੇ ਉਸ ਨੂੰ ਦੁਨੀਆਂਦਾਰੀ ਦੀ ਕੋਈ ਸੁੱਧ-ਬੁੱਧ ਨਹੀਂ ਰਹਿੰਦੀ ਤਾਂ ਉਸ ਸਾਧਕ ਨੇ ਅੰਤਰ-ਮਨ ਵਿਚ ਪ੍ਰੀਤਮ ਪ੍ਰਾਪਤੀ ਦੀ ਕਿਰਣ ਪ੍ਰਗਟ ਹੋ ਜਾਂਦੀ ਹੈ। ਇਹ ਕਿਰਣ ਸਾਧਨਾ ਦੀ ਭੱਠੀ ਵਿਚ ਹੋਰ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ ਅਤੇ ਅੰਤ ਵਿਚ ਪਰਮਾਤਮਾ ਦੀ ਜੋਤੀ ਵਿਚ ਸਾਧਕ ਦੀ ਜੋਤ ਮਿਲ ਜਾਂਦੀ ਹੈ। ਇਸ ਅਵਸਥਾ ਨੂੰ ਸੂਫ਼ੀ ਸਾਧਕ ਫ਼ਨਾ ਦੀ ਅਵਸਥਾ ਕਹਿੰਦੇ ਹਨ;

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥"[117]

ਬਾਬਾ ਫ਼ਰੀਦ ਜੀ ਤੋਂ ਬਾਅਦ ਇਸਲਾਮੀ ਸ਼ਰੀਅਤ ਦਾ ਵਿਰੋਧ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਵੀ ਦੇਖਿਆ ਜਾ ਸਕਦਾ ਹੈ। ਬੁੱਲ੍ਹੇ ਸ਼ਾਹ ਵੀ ਗ਼ੁਲਾਮ ਫ਼ਰੀਦ ਵਾਂਗ ਧਰਮ ਦੇ ਨਾਂ ਤੇ ਹੁੰਦੇ ਸਾਰੇ ਬਾਹਰੀ ਦਿਖਾਵਿਆਂ ਨੂੰ ਰੱਬੀ-ਇਸ਼ਕ ਦੇ ਰਾਹ ਤੋਂ ਹੇਠਾਂ ਸਮਝਦਾ ਹੈ। ਉਹ ਆਪਣੇ ਕਲਾਮ ਵਿਚ ਇਸਲਾਮ ਧਰਮ ਦੇ ਬੁਨਿਆਦੀ ਅਸੂਲਾਂ ਜਿਵੇਂ ਨਮਾਜ਼ ਅਤੇ ਰੋਜ਼ਿਆਂ ਦਾ ਵਿਰੋਧ ਕਰਦਾ ਹੈ ਅਤੇ ਇਨ੍ਹਾਂ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ;

"ਉਹ (ਬੁੱਲ੍ਹੇ ਸ਼ਾਹ) ਇਸ਼ਕ ਨੂੰ ਸਾਰੇ ਧਾਰਮਿਕ ਅਡੰਬਰਾਂ ਨਾਲੋਂ ਉੱਚਾ ਸਮਝਦਾ ਹੈ। ਪੂਜਾ, ਪਾਠ ਰੋਜ਼ੇ ਜਾਂ ਨਮਾਜਾਂ ਵਿਚ ਉਸ ਦਾ ਅਸਲੋਂ ਕੋਈ ਵਿਸ਼ਵਾਸ ਨਹੀਂ ਹੈ। ਉਹ ਇਨ੍ਹਾਂ ਧਾਰਮਿਕ ਰਸਮਾਂ ਨੂੰ ਘਿਰਨਾ ਕਰਦਾ ਹੋਇਆ ਇਸ਼ਕ ਦੇ ਰਾਹ ਵਿਚ ਸ਼ਰੀਅਤ ਤੇ ਨਮਾਜ਼ ਰੋਜ਼ੇ ਨੂੰ ਫਜ਼ੂਲ ਸਮਝਦਾ ਹੈ।"[118]

ਸ਼ਰੀਅਤ ਦੀ ਭੰਡੀ ਦੇ ਉਦਾਹਰਣ ਬੁੱਲ੍ਹੇ ਸ਼ਾਹ ਦੀਆਂ ਰਚਨਾਵਾਂ ਵਿਚ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਉਸ ਨੇ ਧਰਮ ਦੇ ਨਾਂ ਤੇ ਮੁੱਲਾਂ-ਮੁਲਾਣਿਆਂ ਵਲੋਂ ਕੀਤੇ ਗਏ ਪਾਖੰਡ ਦਾ ਪਰਦਾਫਾਸ਼ ਕੀਤਾ ਹੈ;

"ਫੂਕ ਮੁਸੱਲਾ ਭੰਨ ਸੁੱਟ ਲੋਟਾ, ਨਾ ਫੱੜ ਤਸਬੀ ਕਾਸਾ ਸੋਟਾ।
ਆਸ਼ਕ ਕਹਿੰਦਾ ਦੇ ਦੇ ਹੋਕਾ, ਤਰਕ ਹਲਾਲੋਂ ਖਾਰ ਮੁਰਦਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।"[119]



Sri Satguru Jagjit Singh Ji eLibrary NamdhariElibrary@gmail.com

ਸੂਫ਼ੀ ਵਿਚਾਰਧਾਰਾ ਅਨੁਸਾਰ ਸਾਧਕ ਨੂੰ ਸ਼ਰ੍ਹਾ ਨੇ ਨਿਯਮਾਂ ਦੀ ਉਲਝਣ ਵਿਚ ਗੁਆਚਣ ਦੀ ਲੋੜ ਨਹੀਂ ਹੈ ਬਲਕਿ ਸੱਚੇ ਅਤੇ ਸ਼ੁੱਧ ਹਿਰਦੇ ਨਾਲ ਇਸ਼ਕ ਦੇ ਮਾਰਗ ਤੇ ਚੱਲਣ ਦੀ ਜ਼ਰੂਰਤ ਹੈ। ਜਦੋਂ ਤੱਕ ਕੋਈ ਸਾਧਕ ਪਰਮਾਤਮਾ ਨਾਲੋਂ ਪਏ ਵਿਯੋਗ ਦੀ ਅਸਲ ਸੋਝੀ ਨਹੀਂ ਪ੍ਰਾਪਤ ਕਰ ਲੈਂਦਾ ਉਹ ਧਾਰਮਿਕ ਰੀਤੀ-ਰਿਵਾਜਾਂ ਦੇ ਚੱਕਰਵਿਊ ਵਿਚ ਉਲਝਿਆ ਰਹਿੰਦਾ ਹੈ। ਜਿਸ ਵੇਲੇ ਉਸ ਸਾਧਕ ਨੂੰ ਕਾਮਿਲ ਮੁਰਸ਼ਦ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਸਾਧਕ ਬਾਹਰੀ ਭੇਖਾਂ ਤੋਂ ਪਾਸਾ ਵੱਟ ਕੇ ਕਾਮਿਲ ਮੁਰਸ਼ਦ ਦੀ ਅਗਵਾਈ ਵਿਚ ਰੱਬੀ-ਇਸ਼ਕ ਦੇ ਮਾਰਗ ਦਾ ਪਾਂਧੀ ਬਣ ਜਾਂਦਾ ਹੈ। ਰੱਬੀ-ਇਸ਼ਕ ਦੇ ਰਾਹ ਤੇ ਸਾਧਕ ਨੂੰ ਆਪਣਾ ਆਪਾ ਕੁਰਬਾਨ ਕਰ ਲਈ ਹਮੇਸ਼ਾ ਤਿਆਰ ਰਹਿਣਾ ਪੈਂਦਾ ਹੈ।

ਖ਼ਵਾਜਾ ਗ਼ੁਲਾਮ ਫ਼ਰੀਦ ਅਨੁਸਾਰ ਪ੍ਰੀਤਮ ਦੇ ਵਿਯੋਗ ਵਿਚ ਵਿਆਕੁਲ ਕੋਈ ਨਾਇਕਾ ਜਦੋਂ ਯਾਰ (ਮੁਰਸ਼ਦ) ਨੂੰ ਰੀਝਾਉਣਾ ਸਿੱਖ ਲੈਂਦੀ ਹੈ ਤਾਂ ਮੁੱਲਾਂ-ਮੁਲਾਣਿਆਂ ਦੀਆਂ ਮੱਤਾਂ ਉਸ ਲਈ ਕੋਈ ਅਹਿਮੀਅਤ ਨਹੀਂ ਰੱਖਦੀਆਂ। ਗ਼ੁਲਾਮ ਫ਼ਰੀਦ ਆਖਦਾ ਹੈ ਕਿ ਜਿਸ ਜੀਵਾਤਮਾ ਨੂੰ ਪਰਮਾਤਮਾ ਦਾ ਵਿਯੋਗ ਪੈ ਗਿਆ ਹੈ ਉਹ ਇਸ਼ਕ-ਮਾਰਗ ਦੁਆਰਾ ਹੀ ਸਮਾਪਤ ਹੋ ਸਕਦਾ ਹੈ। ਉਹ ਕਹਿੰਦਾ ਹੈ ਜਦੋਂ ਬਿਰਹਨ ਨਾਇਕਾ ਦੀਆਂ ਅੱਖੀਆਂ ਪ੍ਰੀਤਮ ਨਾਲ ਲੱਗ ਜਾਂਦੀਆਂ ਹਨ ਭਾਵ ਨਾਇਕਾ ਦਾ ਇਸ਼ਕ ਆਪਣੇ ਪ੍ਰੀਤਮ ਨਾਲ ਹੋ ਜਾਂਦਾ ਹੈ ਤਾਂ ਫਿਰ ਬਾਹਰੀ ਦਿਖਾਵੇ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ ਅਤੇ ਨਾ ਹੀ ਕਿਸੇ ਪੂਜਾ-ਪਾਠ ਦੀ ਲੋੜ ਹੁੰਦੀ ਹੈ। ਗ਼ੁਲਾਮ ਫ਼ਰੀਦ ਅਨੁਸਾਰ ਜਦੋਂ ਤੱਕ ਕਿਸੇ ਸਾਧਕ ਦਾ ਅੰਤਰ-ਮਨ ਪਰਮਾਤਮਾ ਦੀ ਇਬਾਦਤ ਵਾਲੇ ਪਾਸੇ ਨਹੀਂ ਲੱਗਦਾ ਉਸ ਵੇਲੇ ਤੱਕ ਉਹ ਬਾਹਰੀ ਭੇਖਾਂ, ਆਡੰਬਰਾਂ ਅਤੇ ਪੂਜਾ-ਪਾਠਾਂ ਦੇ ਚੱਕਰਾਂ ਵਿਚ ਆਪਣੇ ਜੀਵਨ ਦਾ ਸਮਾਂ ਗੁਆਈ ਜਾਂਦਾ ਹੈ ਪਰ ਜਿਸ ਵੇਲੇ ਉਸ ਨੂੰ ਪਰਮਾਤਮਾ ਨੂੰ ਪਾਉਣ ਦੀ ਜੁਗਤ ਸਮਝ ਆਉਂਦੀ ਹੈ ਤਾਂ ਉਹ ਰੱਬੀ-ਇਸ਼ਕ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਦੇ ਉਪਰਾਲੇ ਕਰਨ ਲੱਗਦਾ ਹੈ;

"ਗ਼ੁਲਾਮ ਫ਼ਰੀਦ ਨੇ ਨਮਾਜ਼ ਅਥਵਾ ਇਬਾਦਤ ਦਾ ਆਪਣੀ ਕਾਵਿ ਰਚਨਾ ਵਿਚ ਕਿਸੇ ਨਿਸ਼ਚਿਤ ਪੱਖ ਤੋਂ ਪ੍ਰਗਟਾ ਨਹੀਂ ਕੀਤਾ ਪਰੰਤੂ ਉਹ ਕਿਤੇ ਕਿਤੇ ਧਰਮ ਦੇ ਠੇਕੇਦਾਰ ਮੁੱਲਾਂ ਆਦਿ ਉੱਤੇ ਵਿਅੰਗ ਆਵੱਸ਼ ਕਰਦਾ ਹੈ ਜਿਹੜੇ ਰੱਬੀ ਭੇਦ ਤੋਂ ਅਣਜਾਣ ਅਤੇ ਕੁਰਾਨ ਦੇ ਸਹੀ ਅਰਥਾਂ ਤੋਂ ਅਭਿੱਜ ਹਨ।"[120]

ਗ਼ੁਲਾਮ ਫ਼ਰੀਦ ਅਨੁਸਾਰ ਪਰਮਾਤਮਾ ਦੇ ਸੱਚੇ ਇਸ਼ਕ ਨੂੰ ਧਰਮ ਦੇ ਠੇਕੇਦਾਰ ਇਹ ਮੁੱਲਾਂ-ਮੁਲਾਣੇ ਨਹੀਂ ਜਾਣ ਸਕਦੇ ਕਿਉਂਕਿ ਇਹਨਾਂ ਲੋਕਾਂ ਨੇ ਧਰਮ ਦੇ ਬਾਹਰੀ ਸਰੂਪ ਤੇ ਹੀ ਆਪਣਾ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਪਰਮਾਤਮਾ ਨੂੰ ਪਾਉਣ ਲਈ ਸ਼ਰ੍ਹਾ-ਸ਼ਰੀਅਤ ਦੀ ਲੋੜ ਨਹੀਂ ਬਲਕਿ ਆਤਮਿਕ ਤੌਰ'ਤੇ ਪ੍ਰਭੂ ਨਾਲ ਪ੍ਰੇਮ ਕੀਤਾ ਜਾਣਾ ਚਾਹੀਦਾ ਹੈ। ਸ਼ਰੀਅਤ ਦਾ ਢੋਲ ਵਜਾਉਣ ਵਾਲੇ ਮੁੱਲਾਂ-ਮੁਲਾਣਿਆਂ ਨੇ ਪਰਮਾਤਮਾ ਦੇ ਇਸ਼ਕ ਨੂੰ ਸਹੀ ਅਰਥਾਂ ਵਿਚ ਸਮਝਿਆ ਹੀ ਨਹੀਂ ਹੈ;

"ਇਸ਼ਕ ਮਜਾਜ਼ੀ ਰਾਜ ਅਨੋਖੇ ਕਿਆ ਜਾਨੜਨ ਮੁਲਾਂ ਮਲਵਾਨੜੀਂ।
ਰਮਜ਼ ਹਕੀਕੀ ਆਰਫ਼ ਸਮਝਨ ਨਾਜ਼ ਦਿਲਬਰ ਦੇ ਭਾਨੜੀਂ।
ਹਾਂ ਮੈਂ ਕੁਤੜੀ ਯਾਰ ਦੇ ਦਰ ਦੀ ਜਾਨੜੀਂ ਯਾਰ ਨ ਜਾਨੜੀਂ।
ਆਖ ਫ਼ਰੀਦ ਮੈਂਡੀ ਲੂੰ ਲੂੰ ਵਿਚ ਚਾ ਕੀਤੇ ਇਸ਼ਕ ਟਿਕਾਨੜੀਂ।"[121]

ਗ਼ੁਲਾਮ ਫ਼ਰੀਦ ਦੀ ਕਵਿਤਾ ਦਾ ਅਧਿਐਨ ਕਰਦਿਆਂ ਕਿਤੇ-ਕਿਤੇ ਮਹਿਸੂਸ ਹੁੰਦਾ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਉਹ ਸ਼ਰੀਅਤ ਦੀ ਪਾਬੰਦੀ ਉੱਪਰ ਜ਼ੋਰ ਦੇ ਰਹੇ ਹਨ ਪਰ ਜਦੋਂ ਕਵਿਤਾ ਦੇ ਅਰਥਾਂ ਦੀ ਤਹਿ ਵਿਚ ਜਾਇਆ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਗ਼ੁਲਾਮ ਫ਼ਰੀਦ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਨੂੰ ਅਪਨਾਉਣ ਦਾ ਪਾਠ ਪੜ੍ਹਾ ਰਹੇ ਹਨ;

"ਫ਼ਖਰ ਨ ਕਰਵੇ ਐਡਾ ਬੰਦਿਆ ਫ਼ਖਰ ਕੀਤੇ ਕੀ ਕੰਮ ਆਵਨਾਈ।
ਤੈਂਡੇ ਨਾਲ ਦੇ ਸਾਨੀ ਲੱਡ ਸਿਧਾਏ ਉਦਰੇ ਤੂ ਵੀ ਲਡ ਸਧਾਵਨਾ ਈਂ।
ਕੁਝ ਮਸਲਮ ਨਹੀਂ ਬੰਦਿਆ ਨਾਲ ਤੈਂਡੇ ਵਕਤ ਗੁਜ਼ਾਰ ਕੇ ਪਛੋਤਾਵਨਾਈਂ।
ਪੜ੍ਹ ਕਲਮਾ ਤੇ ਆਖ ਫ਼ਰੀਦ ਬੰਦਿਆ ਔਖੇ ਸੌਖੇ ਵੇਲੇ ਕੰਮ ਆਵਨਾਈ।"[122]

ਗ਼ੁਲਾਮ ਫ਼ਰੀਦ ਦੀ ਉੱਪਰ ਲਿਖੀ ਕਾਫ਼ੀ ਦੀ ਸਭ ਤੋਂ ਹੇਠਲੀ ਪੰਕਤੀ ਪੜ੍ਹ ਕਲਮਾ ਤੇ ਆਖ ਫ਼ਰੀਦ ਬੰਦਿਆ ਔਖੇ ਸੌਖੇ ਵੇਲੇ ਕੰਮ ਆਵਨਾਈ ਇਹ ਭੁਲੇਖਾ ਪਾਉਂਦੀ ਹੈ ਕਿ ਗ਼ੁਲਾਮ ਫ਼ਰੀਦ ਕਲਮਾ ਪੜ੍ਹਣ ਅਤੇ ਸ਼ਰੀਅਤ ਦੀ ਪੈਰਵੀ ਕਰ ਰਹੇ ਹਨ। ਜਿਸ ਸਮੇਂ ਇਸ ਪੂਰੀ ਕਾਫ਼ੀ ਨੂੰ ਵਿਚਾਰ-ਚਰਚਾ ਦਾ ਹਿੱਸਾ ਬਣਾਇਆ ਜਾਂਦਾ ਹੈ ਤਾਂ ਇਹ ਪਤਾ ਚੱਲਦਾ ਹੈ ਕਿ ਗ਼ੁਲਾਮ ਫ਼ਰੀਦ ਮਨੁੱਖ ਨੂੰ ਹਲੀਮੀ, ਨਿਮਰਤਾ, ਪ੍ਰੇਮ ਅਤੇ ਆਪਸੀ ਭਾਈਚਾਰੇ ਦਾ ਪਾਠ ਪੜ੍ਹਾ ਰਹੇ ਹਨ। ਗ਼ੁਲਾਮ ਫ਼ਰੀਦ ਨੇ ਆਪਣੇ ਕਲਾਮ ਵਿਚ ਸ਼ਰੀਅਤ ਦੀ ਕਿਤੇ ਪੈਰਵੀ ਨਹੀਂ ਕੀਤੀ। ਉਨ੍ਹਾਂ ਨੇ ਮਨੁੱਖ ਨੂੰ ਸਮਾਜਿਕ ਜੀਵਨ ਜੀਉਣ ਦਾ ਸੰਦੇਸ਼ ਦਿੱਤਾ ਅਤੇ ਸੱਚੇ ਇਸ਼ਕ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਦੱਸਿਆ ਹੈ।

ਗ਼ੁਲਾਮ ਫ਼ਰੀਦ ਨੇ ਆਪਣੇ ਕਲਾਮ ਵਿਚ ਮਨੁੱਖ ਦੇ ਬਾਹਰੀ ਦਿਖਾਵੇ ਵਾਲੇ ਜੀਵਨ ਦਾ ਵਿਰੋਧ ਕੀਤਾ ਹੈ। ਗ਼ੁਲਾਮ ਫ਼ਰੀਦ ਮਨੁੱਖ ਨੂੰ ਧਰਮ ਦੇ ਨਾਂ ਉੱਤੇ ਹੁੰਦੇ ਬਾਹਰੀ ਵਿਖਾਵਿਆਂ ਨੂੰ ਛੱਡ ਕੇ ਸੱਚੇ ਮਨ ਨਾਲ ਪਰਮਾਤਮਾ ਦੇ ਲੜ੍ਹ ਲੱਗਣ ਦੀ ਪ੍ਰੇਰਣਾ ਦਿੰਦਾ ਹੈ ਕਿਉਂਕਿ ਧਰਮ ਦੇ ਨਾਮ ਤੇ ਹੁੰਦੇ ਬਾਹਰੀ ਭੇਖ ਕੇਵਲ ਦੁਨੀਆਂ ਨੂੰ ਖੁਸ਼ ਕਰਨ ਲਈ ਹੁੰਦੇ ਹੈ ਪਰਮਾਤਮਾ ਨੂੰ ਤਾਂ ਕੇਵਲ ਰੱਬੀ-ਇਸ਼ਕ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਰੱਬੀ-ਇਸ਼ਕ ਤੋਂ ਇਲਾਵਾ ਹੋਰ ਅਜਿਹਾ ਕੋਈ ਮਾਰਗ ਨਹੀਂ ਹੈ ਜਿਸ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੋਵੇ। ਜਿਸ ਸਾਧਕ ਨੇ ਪਰਮਾਤਮਾ ਵਿਚ ਅਭੇਦਤਾ ਪ੍ਰਾਪਤ ਕਰਨੀ ਹੈ ਉਸ ਨੂੰ ਸ਼ਰੀਅਤ ਦੇ ਬਾਹਰੀ ਦਿਖਾਵਿਆਂ ਵਾਲਾ ਜੀਵਨ ਛੱਡ ਕੇ ਕਾਮਿਲ ਮੁਰਸ਼ਦ ਦੀ ਅਗਵਾਈ ਵਿਚ ਰੱਬੀ-ਇਸ਼ਕ ਦੇ ਮਾਰਗ ਦਾ ਪਾਂਧੀ ਬਣਨਾ ਪਵੇਗਾ ਤਾਂ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ।

## ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਮੁਰਸ਼ਦ ਦਾ ਸਥਾਨ

ਮੁਰਸ਼ਦ ਅਜਿਹਾ ਜ਼ਰੀਆ ਹੈ ਜੋ ਸਾਧਕ ਦਾ ਬਿਖੜੇ ਪੈਂਡੇ ਤੇ ਹੱਥ ਫੜਦਾ ਹੈ ਅਤੇ ਭਵਸਾਗਰ ਤੋਂ ਪਾਰ ਜਾਣ ਦਾ ਰਾਹ ਦੱਸਦਾ ਹੈ। ਸੂਫ਼ੀ ਦਰਸ਼ਨ ਅਨੁਸਾਰ ਜਿਹੜੇ ਲੋਕਾਂ ਨੇ ਸੱਚੇ ਮੁਰਸ਼ਦ ਦਾ ਪੱਲਾ ਫੜ ਗਿਆ ਉਹ ਲੋਕ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਹੋ ਗਏ ਹਨ ਭਾਵ ਉਹ ਲੋਕ ਇਸ ਸੰਸਾਰ ਵਿਚ ਰਹਿੰਦੇ ਹੋਏ ਵੀ ਪਰਮਾਤਮਾ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ ਹਨ, ਪਰ ਬਹੁਤੇ ਲੋਕ ਸਿਰਫ਼ ਅੰਹਕਾਰ ਅਤੇ ਹਉਮੈ ਵਾਲਾ ਜੀਵਨ ਹੀ ਬਤੀਤ ਕਰ ਰਹੇ ਹਨ। ਉਹਨਾਂ ਲੋਕਾਂ ਨੂੰ ਨਾ ਤਾਂ ਇਸ ਜੀਵਨ ਦਾ ਆਨੰਦ ਮਿਲ ਸਕਦਾ ਹੈ ਅਤੇ ਨਾ ਹੀ ਉਹ ਲੋਕ ਪਰਮਾਤਮਾ ਦੇ ਦੀਦਾਰ ਪਾਉਣ ਦੇ ਕਾਬਲ ਬਣ ਸਕਦੇ ਹਨ। ਇਸ ਲਈ ਸੂਫ਼ੀ ਕਵਿਤਾ ਵਿਚ ਮੁਰਸ਼ਦ ਦੀ ਅਗਵਾਈ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਮੁਰਸ਼ਦ ਦਾ ਪੱਲਾ ਫੜ ਕੇ ਸੂਫ਼ੀ ਸਾਧਕ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਹੋ ਸਕੇ। ਮੁਰਸ਼ਦ ਸਾਧਕ ਨੂੰ ਅਜਿਹਾ ਰਾਹ



Sri Satguru Jagjit Singh Ji eLibrary NamdhariElibrary@gmail.com

ਦੱਸਦਾ ਹੈ ਜਿਸ ਉੱਪਰ ਚੱਲ ਕੇ ਉਹ ਪਰਮਾਤਮਾ ਦੀ ਪ੍ਰਾਪਤੀ ਦੇ ਕਾਬਲ ਬਣ ਜਾਂਦਾ ਹੈ, ਅਸਲ ਵਿਚ ਮੁਰਸ਼ਦ ਆਪਣੇ ਜੀਵਨ ਦੀ ਘਾਲਣਾ ਕਰਕੇ ਇਸ ਕਾਰਜ ਲਈ ਸਮਰੱਥ ਹੁੰਦਾ ਹੈ ਕਿ ਉਸ ਦੀ ਸ਼ਰਨ ਵਿਚ ਆਇਆ ਸਾਧਕ ਆਪਣੇ ਲਕਸ਼ ਵਿਚ ਕਾਮਯਾਬ ਹੋ ਜਾਂਦਾ ਹੈ। ਇਹ ਮੁਰਸ਼ਦ ਦੇ ਤਜ਼ੁਰਬੇ ਦਾ ਸਿੱਟਾ ਹੁੰਦਾ ਹੈ ਕਿ ਉਹ ਆਪਣੇ ਮੁਰੀਦ ਨੂੰ ਸਹੀ ਰਾਹ ਉੱਤੇ ਤੋਰਦਾ ਹੈ;

"ਸੂਫ਼ੀ ਵਿਚਾਰਧਾਰਾ ਦਾ ਮੁੱਢਲਾ ਪੱਕਾ ਵਿਸ਼ਵਾਸ ਹੈ ਕਿ ਪੀਰ ਵਿਚ ਇਹ ਸ਼ਕਤੀ ਹੁੰਦੀ ਹੈ ਕਿ ਉਹ ਆਪਣੇ ਜੀਵਨ ਤਜ਼ਰਬਿਆਂ ਦੇ ਆਧਾਰ ਤੇ ਜ਼ੁਹਦ ਤੇ ਤਪੱਸਿਆ ਦੇ ਸਹਾਰੇ ਗਿਆਨ-ਪ੍ਰਕਾਸ਼ ਦੀ ਸ਼ਕਤੀ ਮੁਰੀਦ ਦੇ ਅੰਤਰ-ਆਤਮਾ ਵਿਚ ਪ੍ਰਵੇਸ਼ ਕਰਾ ਦਿੰਦਾ ਹੈ, ਜਿਸ ਦੇ ਫਲਸਰੂਪ ਮੁਰੀਦ ਇਲਾਹੀ ਮਸਤੀ ਦੇ ਰੰਗ ਵਿਚ ਭਰਦਾ ਹੈ ਤੇ ਮੁਰਸ਼ਦ ਇਸ ਪ੍ਰਕਾਸ਼ ਅਧੀਨ ਆਪਣੀ ਦੇਖ-ਰੇਖ ਵਿਚ ਇਲਾਹੀ ਮੰਜ਼ਿਲ ਤੱਕ ਪਹੁੰਚਾਉਣ ਦਾ ਵਸੀਲਾ ਬਣ ਜਾਂਦਾ ਹੈ। ਗੁਰੂ (ਮੁਰਸ਼ਦ) ਵਿਚ ਇਲਾਹੀ ਸ਼ਕਤੀ ਦਾ ਸੋਮਾਂ ਫੁੱਟ ਪੈਂਦਾ ਹੈ ਤੇ ਜੇ ਉਹ ਕਿਸੇ ਵੱਲ ਮਿਹਰ ਦੀ ਨਜ਼ਰ ਨਾਲ ਵੇਖ ਲਵੇ, ਤਦ ਉਹ ਵਿਅਕਤੀ ਆਪਣੇ ਮੁਰਸ਼ਦ ਦਾ ਹੀ ਬਣ ਜਾਂਦਾ ਹੈ। ਭਾਵੇਂ ਮੁਰੀਦ ਆਪਣੇ ਅਮਲਾਂ ਨਾਲ ਕਿੱਡਾ ਵੱਡਾ ਵੀ ਬਣਿਆ ਹੋਵੇ, ਉਹ ਮੁਰਸ਼ਦ ਅੱਗੇ ਵਧਿਆ ਨਹੀਂ ਹੁੰਦਾ ਕਿਉਂਕਿ ਮੁਰਸ਼ਦ ਅਨੇਕਾਂ ਪ੍ਰਕਾਰ ਦੀਆਂ ਠੋਕਰਾਂ ਖਾ ਕੇ, ਆਪਣੀਆਂ ਨਿੱਜੀ ਕਮਜ਼ੋਰੀਆਂ ਤੇ ਖੋਟਾਂ ਨੂੰ ਤਪੱਸਿਆ ਤੇ ਭਗਤੀ ਦੀ ਕੁਠਾਲੀ ਵਿਚ ਗਾਲ ਕੇ ਦੂਰ ਕਰ ਦਿੰਦਾ ਹੈ, ਤੇ ਖ਼ਾਲਸ ਕੁੰਦਨ ਬਣਿਆ ਹੁੰਦਾ ਹੈ। ਸੋ ਗੁਰੂ ਹੀ ਮੁਰੀਦ ਨੂੰ ਕੁੰਦਨ ਬਣਾ ਸਕਦਾ ਹੈ। ਗੁਰੂ ਅਧਿਆਤਮਿਕ ਸ਼ਕਤੀ ਦੇ ਬਲਬੁੱਤੇ ਦੇ ਸਹਾਰੇ, ਮੁਰੀਦ ਦੇ ਅੰਦਰਲੇ ਅਨੁਭਵ ਤੇ ਅਹਿਸਾਸ ਤੋਂ ਪੂਰੀ ਤਰ੍ਹਾਂ ਜਾਣੂ ਹੁੰਦਾ ਹੈ ਤੇ ਗ਼ਲਤ ਰਸਤਿਆਂ ਤੋਂ ਮੁਰੀਦ ਨੂੰ ਰੋਕ ਕੇ ਸੱਚੇ ਮਾਰਗ ਉੱਪਰ ਉਸ ਨੂੰ ਟੋਰੀ ਰੱਖਦਾ ਹੈ।"[123]

ਕਿਸੇ ਵੀ ਸੂਫ਼ੀ ਸਾਧਕ ਨੂੰ ਕੇਵਲ ਕਿਤਾਬੀ ਗਿਆਨ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ ਹੈ। ਸੂਫ਼ੀ ਆਪਣੇ ਜੀਵਨ ਵਿਚ ਭਾਵੇਂ ਕਿੰਨੀ ਵੀ ਸਾਧਨਾ ਕਰ ਲਵੇ ਪਰ ਜਦੋਂ ਤੱਕ ਉਹ ਕਾਮਿਲ ਮੁਰਸ਼ਦ ਦੀ ਸ਼ਰਣ ਵਿਚ ਨਹੀਂ ਜਾਂਦਾ ਉਤਨੀ ਦੇਰ ਤੱਕ ਉਸ ਨੂੰ ਰੱਬੀ-ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਸ ਵੇਲੇ ਸਾਧਕ ਮੁਰਸ਼ਦ ਦਾ ਪੱਲਾ ਫੜਦਾ ਹੈ ਤਾਂ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਸੁਖਾਲਾ ਪ੍ਰਤੀਤ ਹੋਣ ਲੱਗਦਾ ਹੈ;

"ਸੂਫ਼ੀ ਸਾਧਨਾ ਵਿਚ ਗੁਰੂ ਜਾਂ ਮੁਰਸ਼ਦ ਦਾ ਬੜਾ ਮਹੱਤਵ ਹੈ। ਸੂਫ਼ੀ ਮੰਨਦੇ ਹਨ ਕਿ ਕੇਵਲ ਕਿਤਾਬੀ ਗਿਆਨ ਦੀ ਸਹਾਇਤਾ ਨਾਲ ਆਤਮਕ ਅਨੁਭਵ ਅਤੇ ਅਧਿਆਤਮਕ ਵਿਕਾਸ ਸੰਭਵ ਨਹੀਂ। ਉਨ੍ਹਾਂ ਅਨੁਸਾਰ ਗੂੜ ਰਹੱਸ ਨੂੰ ਸਮਝਣ ਲਈ ਕਿਸੇ ਹਾਦੀ ਦੀ ਬਾਂਹ ਫੜਨਾ, ਉਸ ਤੋਂ ਹਦਾਇਤ ਪ੍ਰਾਪਤ ਕਰਨਾ ਜ਼ਰੂਰੀ ਹੈ। ਸੂਫ਼ੀਆਂ ਦਾ ਤਾਂ ਇਹ ਵੀ ਵਿਸ਼ਵਾਸ ਹੈ ਕਿ ਜਿਵੇਂ ਜਬਰਾਈਲ ਨੇ ਈਸ਼ਵਰ ਦਾ ਗਿਆਨ ਸ਼ੁਧ ਰੂਪ ਵਿਚ ਰਸੂਲ ਨੂੰ ਦੱਸਿਆ ਸੀ, ਉਸੇ ਤਰ੍ਹਾਂ ਇਕ ਪੀਰ ਆਪਣੇ ਮੁਰੀਦ ਨੂੰ ਈਸ਼ਵਰ ਦਾ ਗਿਆਨ ਸ਼ੁਧ ਰੂਪ ਵਿਚ ਦੱਸਦਾ ਹੈ। ਵਾਸਤਵਿਕ ਰੂਪ ਵਿਚ ਸੂਫ਼ੀਮਤ ਵਿਚ ਗੁਰੂ ਜਾਂ ਮੁਰਸ਼ਦ ਤੋਂ ਬਿਨਾਂ ਸਾਲਿਕ ਬ੍ਰਹਮ ਪ੍ਰਾਪਤੀ ਦੀ ਕਲਪਨਾ ਵੀ ਨਹੀਂ ਕਰ ਸਕਦਾ।"[124]

"ਸੂਫ਼ੀ ਮਾਰਗ ਪ੍ਰੇਮ ਦਾ ਪੰਧ ਹੈ। ਇਥੇ ਪ੍ਰੇਮ ਅਤੇ ਸਦਾਚਾਰ ਨਾਲ ਸੂਫ਼ੀ ਦਾ ਨਾਤਾ ਮੁਰਸ਼ਦ ਹੀ ਜੋੜਦਾ ਹੈ। ਇਹ ਇਕ ਵਿਰਸਾ ਹੈ ਜਿਸ ਨੂੰ ਮੁਰਸ਼ਦ ਸਾਂਭਦਾ ਹੈ ਅਤੇ ਅੱਗੇ ਤੋਰਦਾ ਹੈ।"[125]

"ਸੰਸਾਰਿਕ ਮੋਹ-ਮਾਇਆ ਦਾ ਭਾਰ ਸਿਰੋਂ ਲਾਹੁਣ ਲਈ ਤੇ ਹੌਲੇ ਹੋ ਕੇ ਪ੍ਰਭੂ-ਪ੍ਰੇਮ ਦੇ



Sri Satguru Jagjit Singh Ji eLibrary NamdhariElibrary@gmail.com

ਔਖੇ ਪੈਂਡੇ ਤੇ ਤੁਰਨ ਲਈ ਮਾਰਗ-ਦਰਸ਼ਕ (ਮੁਰਸ਼ਦ) ਦੀ ਲੋੜ ਸੂਫ਼ੀ ਸਾਧਨਾ ਦਾ ਪਹਿਲਾ ਕਦਮ ਹੈ।"[126]

ਮੁਰਸ਼ਦ ਦੀ ਸੁਯੋਗ ਅਗਵਾਈ ਤੋਂ ਬਿਨਾਂ ਸਾਧਕ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਕਿ ਉਸ ਨੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਕਿਸ ਪ੍ਰਕਾਰ ਦੇ ਯਤਨ ਕਰਨੇ ਹਨ। ਪਰਮਾਤਮਾ ਨੂੰ ਸਾਧਨਾ ਦੇ ਮਾਧਿਅਮ ਦੁਆਰਾ ਪ੍ਰਾਪਤ ਕਰਨਾ ਹੈ ਜਾਂ ਇਸ਼ਕ ਦੁਆਰਾ। ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਕੇਵਲ ਮੁਰਸ਼ਦ ਕੋਲੋਂ ਹੀ ਮਿਲ ਸਕਦਾ ਹੈ ਕਿਉਂਕਿ ਪਰਮਾਤਮਾ ਦੇ ਗੁੱਝੇ ਭੇਤਾਂ ਦਾ ਇਲਮ ਕੇਵਲ ਮੁਰਸ਼ਦ ਕੋਲ ਹੁੰਦਾ ਹੈ। ਇਸ ਲਈ ਸੂਫ਼ੀਮਤ ਅਨੁਸਾਰ ਮੁਰਸ਼ਦ ਦੇ ਪ੍ਰਤੀ ਸਾਧਕ ਨੇ ਮਨ ਵਿਚ ਅਥਾਹ ਸ਼ਰਧਾ ਪਾਈ ਜਾਂਦੀ ਹੈ;

"ਸੂਫ਼ੀ ਮਾਰਗ ਉੱਤੇ ਚੱਲਦਿਆਂ ਇਕ ਸੂਫ਼ੀ ਸਾਧਕ ਨੂੰ ਰੱਬੀ ਮਿਲਾਪ ਲਈ ਮੁਰਸ਼ਦ ਭਾਵ ਗੁਰੂ ਦੇ ਆਸਰੇ ਦੀ ਜ਼ਰੂਰਤ ਪੈਂਦੀ ਹੈ। ਸੂਫ਼ੀ ਦਰਸ਼ਨ ਵਿਚ ਮੁਰਸ਼ਦ ਨੂੰ ਸ਼ਰਧਾ ਅਧੀਨ ਬਹੁਤ ਅਹਿਮੀਅਤ ਦਿੱਤੀ ਗਈ ਹੈ। ਕਾਮਿਲ ਮੁਰਸ਼ਦ ਤੋਂ ਬਿਨਾਂ ਸੂਫ਼ੀ ਸਾਧਨਾ ਦੇ ਰੂਹਾਨੀ ਸਫ਼ਰ ਦਾ ਭੇਤ ਪ੍ਰਾਪਤ ਨਹੀਂ ਹੋ ਸਕਦਾ ਅਰਥਾਤ ਮੁਰਸ਼ਦ ਹੀ ਮੁਰੀਦ ਦਾ ਮਾਰਗ ਦਰਸ਼ਨ ਕਰਦਾ ਹੈ।"[127]

ਸੂਫ਼ੀ ਕਵਿਤਾ ਵਿਚ ਮੁਰਸ਼ਦ ਦੀ ਵਡਿਆਈ ਬਾਬਾ ਫ਼ਰੀਦ ਜੀ ਦੀ ਕਵਿਤਾ ਤੋਂ ਹੀ ਆਰੰਭ ਹੋ ਗਈ ਸੀ। ਇਸ ਤੋਂ ਬਾਅਦ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਸਮੇਤ ਹਰ ਸੂਫ਼ੀ ਕਵੀ ਨੇ ਆਪਣੇ ਕਲਾਮ ਵਿਚ ਮੁਰਸ਼ਦ ਦੀ ਵਡਿਆਈ ਕੀਤੀ ਹੈ। ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵੀ ਮੁਰਸ਼ਦ ਦੀ ਜ਼ਰੂਰਤ ਅਤੇ ਵਡਿਆਈ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ;

"ਸੂਫ਼ੀ ਦਰਸ਼ਨ ਵਿਚ ਮੁਰਸ਼ਦ ਦੇ ਮਹੱਤਵ ਨੂੰ ਸ਼ਰਧਾ ਭਾਵਨਾ ਅਤੇ ਆਦਰਮਈ ਦ੍ਰਿਸ਼ਟੀ ਤੋਂ ਵੇਖਿਆ ਗਿਆ ਹੈ। ਰੱਬੀ-ਇਸ਼ਕ ਦੇ ਪੰਧ ਉੱਤੇ ਚੱਲਣ ਵਾਲਾ ਜਗਿਆਸੂ ਅਥਵਾ ਸਾਲਿਕ ਆਪਣੇ ਆਪ ਨੂੰ ਕਿਸੇ ਨਾ ਕਿਸੇ ਰੂਹਾਨੀ ਪੱਥ-ਪ੍ਰਦਰਸ਼ਕ ਦੇ ਸਮਰਪਿਤ ਕਰੇ। ਖ਼ਆਜਾ ਗ਼ੁਲਾਮ ਫ਼ਰੀਦ ਵੀ ਅਧਿਆਤਮਕ ਮੰਜ਼ਿਲ ਦੀ ਪ੍ਰਾਪਤੀ ਅਤੇ ਅੱਲ੍ਹਾ ਨਾਲ ਇਕਸੁਰ ਹੋਣ ਵਾਸਤੇ ਮੁਰਸ਼ਦ ਅਥਵਾ ਗੁਰੂ ਦੇ ਮਹੱਤਵ ਉੱਪਰ ਬਲ ਦਿੰਦਾ ਹੈ।"[128]

ਗ਼ੁਲਾਮ ਫ਼ਰੀਦ ਅਨੁਸਾਰ ਉਸ ਦਾ ਮੁਰਸ਼ਦ ਤਾਂ ਖ਼ੁਦ ਪਰਮਾਤਮਾ ਦਾ ਹੀ ਰੂਪ ਹੈ ਕਿਉਂਕਿ ਮੁਰਸ਼ਦ ਕੋਲ ਅਜਿਹੀ ਜੁਗਤ ਹੁੰਦੀ ਹੈ ਕਿ ਉਹ ਆਪਣੇ ਸ਼ਾਗਿਰਦ ਨੂੰ ਰੱਬੀ ਨੂਰ ਦੇ ਦੀਦਾਰ ਕਰਵਾ ਦਿੰਦਾ ਹੈ। ਇਸ ਲਈ ਗ਼ੁਲਾਮ ਫ਼ਰੀਦ ਨੂੰ ਆਪਣੇ ਮੁਰਸ਼ਦ ਵਿਚ ਰੱਬੀ-ਨੂਰ ਦਾ ਜਲਵਾ ਪ੍ਰਗਟ ਹੁੰਦਾ ਦਿਖਾਈ ਦਿੰਦਾ ਹੈ। ਸੂਫ਼ੀ ਵਿਚਾਰਧਾਰਾ ਦੇ ਅਨੁਸਾਰ ਮੁਰਸ਼ਦ ਹੀ ਪਰਮਾਤਮਾ ਦਾ ਰੂਪ ਹੈ;

"ਸੂਫ਼ੀ ਸਾਧਨਾ ਵਿਚ ਗੁਰੂ ਜਾਂ ਮੁਰਸ਼ਦ ਨੂੰ ਪਰਮ ਜੋਤਿ ਨਾਲ ਇਕ-ਮਿਕ ਕਰਾਉਣ ਦਾ ਇੱਕੋ ਇਕ ਵਸੀਲਾ ਮੰਨਿਆ ਗਿਆ ਹੈ। ਉਹ ਇਸ ਰਸਤੇ ਦਾ ਆਗੂ ਹੈ ਕਿਉਂਕਿ ਉਹ ਖ਼ੁਦ ਇਸ ਰਸਤੇ ਵਿਚੋਂ ਲੰਘ ਚੁਕਿਆ ਹੈ। ਉਹ ਇਕ ਪਰਮ ਮਨੁੱਖ ਹੈ। ਇਸ਼ਕ ਨੇ ਉਸ ਨੂੰ ਹਰ ਪੱਖੋਂ ਸੰਪੂਰਨ ਕਰ ਦਿੱਤਾ ਹੈ। ਇਸ਼ਕ ਦੀ ਚਿਣਗ ਸੂਫ਼ੀ ਸਾਧਕ ਨੂੰ ਅਜਿਹਾ ਗੁਰੂ ਜਾਂ ਮੁਰਸ਼ਦ ਹੀ ਲਾ ਸਕਦਾ ਹੈ। ਰੱਬ ਤੋਂ ਹੇਠਾਂ ਮੁਰਸ਼ਦ ਹੀ ਹੈ। ਰੱਬ ਨਾਲ ਉਹ ਇਕ-ਮਿਕ ਵੀ ਹੈ। ਦੂਜੇ ਸ਼ਬਦਾਂ ਵਿਚ ਸੂਫ਼ੀ ਸਾਧਨਾ ਵਿਚ ਮਨੁੱਖੀ ਰੂਪ ਵਿਚ ਰੱਬ ਹੀ ਮੁਰਸ਼ਦ ਹੈ।"[129]

"ਖ਼ਆਜਾ ਗ਼ੁਲਾਮ ਫ਼ਰੀਦ ਨੂੰ ਮੁਰਸ਼ਦ ਦੇ ਰੂਪ ਵਿਚ ਰੱਬ ਦਾ ਨੂਰ ਵਿਖਾਈ ਦਿੰਦਾ ਹੈ।"[130]



Sri Satguru Jagjit Singh Ji eLibrary NamdhariElibrary@gmail.com

ਪਰਮਾਤਮਾ ਨੂੰ ਪਾਉਣ ਦੀ ਰੀਝ ਮਨ ਵਿਚ ਧਾਰਨ ਕਰਕੇ ਸਾਧਕ ਜਦੋਂ ਕਾਮਿਲ ਮੁਰਸ਼ਦ ਦੀ ਸ਼ਰਣ ਵਿਚ ਆਉਂਦਾ ਹੈ ਤਾਂ ਉਸ ਸਾਧਕ ਨੂੰ ਆਪਣਾ ਆਪਾ ਮੁਰਸ਼ਦ ਅੱਗੇ ਸਮਰਪਿਤ ਕਰਨਾ ਪੈਂਦਾ ਹੈ। ਕੋਈ ਸਾਧਕ ਜਿਸੇ ਸਮੇਂ ਤੱਕ ਆਪਣੀ ਹਉਮੈ, ਹੰਕਾਰ ਨੂੰ ਖ਼ਤਮ ਨਹੀਂ ਕਰ ਲੈਂਦਾ ਉਸ ਵੇਲੇ ਤੱਕ ਉਹ ਸਾਧਕ ਆਪਣੇ ਮੁਰਸ਼ਦ ਦਾ ਪਿਆਰ ਨਹੀਂ ਪ੍ਰਾਪਤ ਕਰ ਸਕਦਾ। ਜਿਸ ਵੇਲੇ ਸਾਧਕ ਆਪਣੇ ਆਪ ਨੂੰ ਸਮਰਪਿਤ ਕਰਕੇ ਮੁਰਸ਼ਦ ਦੀ ਸ਼ਰਨ ਵਿਚ ਆ ਕੇ ਇਸ਼ਕ-ਮਾਰਗ ਤੇ ਚੱਲਦਾ ਹੈ ਤਾਂ ਇਸ ਇਸ਼ਕ ਕਾਰਨ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਦਿੱਸਣ ਲੱਗਦਾ ਹੈ;

"ਸੂਫ਼ੀ ਸਾਧਕ ਨੂੰ ਆਪਣੇ ਆਪ ਨੂੰ ਪੂਰਨ ਰੂਪ ਵਿਚ ਮੁਰਸ਼ਦ ਅੱਗੇ ਸਮਰਪਿਤ ਕਰਨਾ ਪੈਂਦਾ ਹੈ। ਮੁਰੀਦ ਪਹਿਲਾਂ ਮੁਰਸ਼ਦ ਅੱਗੇ ਆਤਮ-ਸਮਰਪਣ ਕਰਦਾ ਹੈ ਫਿਰ ਪੀਰ ਦੁਆਰਾ ਉਹ ਰਸੂਲ ਅਥਵਾ ਨੱਬੀ ਦੇ ਪ੍ਰਭਾਵ ਨਾਲ ਅੱਗੇ ਵੱਧਦਾ ਹੋਇਆ ਅੱਲ੍ਹਾ ਦੀ ਹਜ਼ੂਰੀ ਵਿਚ ਪੁੱਜ ਜਾਂਦਾ ਹੈ।"[131]

ਮੁਰਸ਼ਦ ਦੀ ਅਗਵਾਈ ਤੋਂ ਬਿਨਾਂ ਪਰਮਾਤਮਾ ਨੂੰ ਪਾਉਣਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ ਕਿਉਂਕਿ ਸਾਧਕ ਨੂੰ ਇਸ਼ਕ ਦੇ ਬਿਖੜੇ ਪੈਂਡੇ ਦਾ ਰਾਹ ਕੇਵਲ ਮੁਰਸ਼ਦ ਹੀ ਦੱਸ ਸਕਦਾ ਹੈ। ਮੁਰਸ਼ਦ ਦੀ ਰਹਿਨੁਮਾਈ ਤੋਂ ਬਿਨਾਂ ਆਪਣੇ ਮਾਰਗ ਤੇ ਤੁਰਿਆ ਸਾਧਕ ਕਦੇ ਵੀ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ ਕਿਉਂਕਿ ਇਸ਼ਕ ਦੇ ਮਾਰਗ ਦਾ ਰਾਹ ਕੇਵਲ ਮੁਰਸ਼ਦ ਨੂੰ ਹੀ ਪਤਾ ਹੁੰਦਾ ਹੈ। ਮੁਰਸ਼ਦ ਖ਼ੁਦ ਕਾਮਿਲ ਪੁਰਸ਼ ਹੁੰਦਾ ਹੈ ਅਤੇ ਉਹ ਇਹਨਾਂ ਰਸਤਿਆਂ ਤੋਂ ਲੰਘਿਆ ਹੁੰਦਾ ਹੈ ਇਸ ਲਈ ਮੁਰਸ਼ਦ ਹੀ ਮੁਰੀਦ ਨੂੰ ਪਰਮਾਤਮਾ ਦੇ ਦਰ ਤੇ ਪਰਵਾਨ ਕਰਵਾ ਸਕਦਾ ਹੈ;

"ਮੁਰਸ਼ਦ ਤੋਂ ਬਿਨਾਂ ਪਰਮਾਤਮਾ ਨੂੰ ਮਿਲਣਾ ਅਸੰਭਵ ਹੈ। ਇਸ ਕਰਕੇ ਪਰਮਾਤਮਾ ਦੀ ਪ੍ਰਾਪਤੀ ਲਈ ਆਤਮਿਕ ਤੌਰ'ਤੇ ਪਹੁੰਚੇ ਹੋਏ ਮੁਰਸ਼ਦ ਦੀ ਆਵੱਸ਼ਕਤਾ ਮੰਨੀ ਜਾਂਦੀ ਹੈ। ਅਸਲ ਵਿਚ ਸੂਫ਼ੀ ਸਾਧਕ ਜਾਂ ਅਧਿਆਤਿਮਕ ਮਾਰਗ ਉੱਤੇ ਚੱਲਣ ਵਾਲੇ ਵਿਅਕਤੀ ਦਾ ਪ੍ਰਮੁੱਖ ਕਰਤੱਵ ਇਹ ਹੈ ਕਿ ਉਹ ਮੁਰਸ਼ਦ ਦੀ ਸ਼ਰਨ ਲਵੇ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੁਰਸ਼ਦ ਆਪਣੇ ਮੁਰੀਦ ਦੇ ਹਿਰਦੇ ਵਿਚ ਰੂਹਾਨੀ ਸ਼ਕਤੀ ਪ੍ਰਵੇਸ਼ ਕਰਾਉਣ ਦੇ ਯੋਗ ਹੁੰਦਾ ਹੈ। ਉਹ ਵਿਅਕਤੀ ਦੁਨਿਆਵੀ ਪੱਧਰ'ਤੇ ਉੱਪਰ ਉਠ ਜਾਂਦਾ ਹੈ।"[132]

ਮੁਰਸ਼ਦ ਦੀ ਸ਼ਰਨ ਵਿਚ ਆਇਆ ਹੋਇਆ ਵਿਅਕਤੀ ਇਸ ਸੰਸਾਰ ਵਿਚ ਤਾਂ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦੇ ਜੀਵਨ ਦਾ ਲਕਸ਼ ਪੂਰਾ ਹੋ ਜਾਂਦਾ ਹੈ ਪਰ ਦੂਜੇ ਪਾਸੇ ਅਜਿਹਾ ਵਿਅਕਤੀ ਪਰਮਾਤਮਾ ਦੀ ਦਰਗਾਹ ਵਿਚ ਵੀ ਮਾਣ-ਸਨਮਾਨ ਪ੍ਰਾਪਤ ਕਰਦਾ ਹੈ;

"ਰੱਬ ਦੀ ਦਰਗਾਹ ਵਿਚ ਉਹ ਲੋਕ ਸਤਿਕਾਰ ਤੇ ਪਿਆਰ ਦੇ ਪਾਤਰ ਬਣਨਗੇ ਜੋ ਕਾਮਿਲ ਮੁਰਸ਼ਦ ਦੀ ਸ਼ਰਨ ਫੜ ਕੇ ਆਪਣੇ ਮਨ ਨੂੰ ਰੱਬ ਦੇ ਇਸ਼ਕ ਵਿਚ ਲਾਉਂਦੇ ਹਨ।"[133]

ਸੂਫ਼ੀ ਵਿਚਾਰਧਾਰਾ ਵਿਚ ਮੁਰਸ਼ਦ ਦੇ ਸਥਾਨ ਦੇ ਨਾਲ-ਨਾਲ ਅਸੀਂ ਆਪਣੀ ਇਸ ਪੁਸਤਕ ਵਿਚ ਗੁਰਮਤਿ ਵਿਚਾਰਧਾਰਾ ਵਿਚ ਮੁਰਸ਼ਦ (ਗੁਰੂ) ਦੇ ਸਥਾਨ ਬਾਰੇ ਵੀ ਵਿਚਾਰ-ਚਰਚਾ ਕਰ ਰਹੇ ਹਾਂ ਤਾਂ ਕਿ ਮੁਰਸ਼ਦ ਦੇ ਸੰਕਲਪ ਨੂੰ ਦ੍ਰਿੜ੍ਹਤਾ ਨਾਲ ਪਾਠਕਾਂ ਸਾਹਮਣੇ ਪੇਸ਼ ਕੀਤਾ ਜਾ ਸਕੇ।



Sri Satguru Jagjit Singh Ji eLibrary NamdhariElibrary@gmail.com

## ਗੁਰਮਤਿ ਵਿਚਾਰਧਾਰਾ ਵਿਚ ਮੁਰਸ਼ਦ ਦਾ ਸਥਾਨ

ਸੂਫ਼ੀ ਵਿਚਾਰਧਾਰਾ ਦੇ ਵਾਂਗ ਗੁਰਮਤਿ ਵਿਚਾਰਧਾਰਾ ਵਿਚ ਵੀ ਮੁਰਸ਼ਦ (ਗੁਰੂ) ਨੂੰ ਬਹੁਤ ਵਡਿਆਈ ਦਿੱਤੀ ਗਈ ਹੈ। ਗੁਰਮਤਿ ਅਨੁਸਾਰ ਮੁਰਸ਼ਦ (ਗੁਰੂ) ਤੋਂ ਬਗ਼ੈਰ ਇਹ ਸੰਸਾਰ ਘੋਰ ਅੰਧਕਾਰ ਹੈ। ਜਿਸ ਸਮੇਂ ਕਿਸੇ ਵਿਅਕਤੀ ਨੂੰ ਸੱਚਾ ਗੁਰੂ ਮਿਲ ਪਿਆ ਉਹ ਸਮਾਂ ਉਸ ਵਿਅਕਤੀ ਲਈ ਗਿਆਨ ਦਾ ਪ੍ਰਕਾਸ਼ ਲੈ ਕੇ ਆਉਂਦਾ ਹੈ। ਗੁਰੂ ਅੰਗਦ ਦੇਵ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਆਪਣੀ ਬਾਣੀ ਵਿਚ ਆਖਦੇ ਹਨ ਕਿ ਜੇਕਰ ਸੌ ਚੰਦਰਮੇਂ ਚੜ ਜਾਣ ਅਤੇ ਹਜ਼ਾਰਾਂ ਸੂਰਜ ਨਿਕਲ ਜਾਣ ਤਾਂ ਵਿਚ ਬਿਨਾਂ ਸੱਚੇ ਗੁਰੂ ਦੇ ਇਹ ਸਾਰਾ ਸੰਸਾਰ ਘੋਰ ਅੰਧਕਾਰ ਵਿਚ ਹੋਵੇਗਾ ਕਿਉਂਕਿ ਬਿਨਾਂ ਗੁਰੂ ਦੇ ਕੋਈ ਅਜਿਹਾ ਵਸੀਲਾ ਨਹੀਂ ਹੈ ਜਿਸ ਦੁਆਰਾ ਗਿਆਨ ਦੀ ਪ੍ਰਾਪਤੀ ਸੰਭਵ ਹੋਵੇ। ਇਸ ਲਈ ਗੁਰਮਤਿ ਅਨੁਸਾਰ ਗੁਰੂ ਦਾ ਦਰਜ਼ਾ ਸਾਰਿਆਂ ਨਾਲੋਂ ਉੱਚਾ ਅਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ;

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥"[134]

ਗੁਰੂ ਨਾਨਕ ਦੇਵ ਨੇ ਗੁਰੂ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਆਸਾ ਦੀ ਵਾਰ ਵਿਚ ਕਿਹਾ ਹੈ ਕਿ ਗੁਰੂ ਅਜਿਹੀ ਸਖਸ਼ੀਅਤ ਹੈ ਜੋ ਮਨੁੱਖ ਨੂੰ ਦੇਵਤੇ ਵਾਂਗ ਪਾਕ ਬਣਾ ਸਕਦੀ ਹੈ। ਉਹ ਕਹਿੰਦੇ ਹਨ ਕਿ ਮੈਂ ਅਜਿਹੇ ਗੁਰੂ ਤੋਂ ਬਲਿਹਾਰੇ ਜਾਂਦਾ ਹੈ ਜਿਸ ਨੇ ਮੈਨੂੰ ਮਨੁੱਖ ਤੋਂ ਦੇਵਤੇ ਜਿਹਾ ਪਾਕ-ਸਾਫ਼ ਬਣਾ ਦਿੱਤਾ ਹੈ। ਗੁਰੂ ਅਜਿਹਾ ਸਾਧਕ ਹੈ ਜਿਸ ਨੇ ਇਕ ਘੜੀ ਵਿਚ ਹੀ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਪ ਕਰਵਾ ਦਿੱਤਾ ਹੈ;

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥"[135]

ਮੁਰਸ਼ਦ ਦੀ ਅਗਵਾਈ ਤੋਂ ਬਿਨਾਂ ਮਨੁੱਖ ਭਟਕਦਾ ਫਿਰਦਾ ਹੈ ਪਰ ਉਸ ਨੂੰ ਕੋਈ ਢੋਈ ਨਹੀਂ ਮਿਲਦੀ। ਜਿਸ ਸਮੇਂ ਮਨੁੱਖ ਸੱਚੇ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਉਸ ਦੀ ਇਹ ਭਟਕਣਾ ਸਮਾਪਤ ਹੋ ਜਾਂਦੀ ਹੈ। ਗੁਰੂ ਰਾਮਦਾਸ ਆਪਣੀ ਬਾਣੀ ਵਿਚ ਆਖਦੇ ਹਨ ਕਿ ਜਦੋਂ ਦਾ ਮੈਂ ਸੱਚੇ ਗੁਰੂ ਦੇ ਦੁਆਰੇ ਢਹਿ ਪਿਆ ਹਾਂ ਉਸ ਸਮੇਂ ਦੀ ਮੈਨੂੰ ਬਹੁਤ ਵਡਿਆਈ ਮਿਲੀ ਹੈ ਅਤੇ ਜਗਤ ਵਿਚ ਮੇਰੀ ਪਛਾਣ ਕਾਇਮ ਹੋਈ ਹੈ। ਉਹ ਕਹਿੰਦੇ ਹਨ ਕਿ ਜੇਕਰ ਮੈਨੂੰ ਸੱਚੇ ਗੁਰੂ ਦੀ ਸ਼ਰਨ ਨਾ ਮਿਲਦੀ ਤਾਂ ਮੈਂ ਵੀ ਦੂਜੇ ਲੋਕਾਂ ਵਾਂਗ ਰੁਲਦਾ ਫਿਰਦਾ ਅਤੇ ਮੈਨੂੰ ਕਿਤੇ ਵੀ ਢੋਈ ਨਾ ਮਿਲਦੀ। ਉਹ ਕਹਿੰਦੇ ਹਨ ਕਿ ਮੇਰਾ ਗੁਰੂ ਧੰਨ ਹੈ ਜਿਸ ਦੀ ਕਿਰਪਾ ਦੁਆਰਾ ਮੇਰੇ ਸਾਰੇ ਸੋਗ-ਸੰਤਾਪ (ਦੁੱਖ-ਦਰਦ) ਦੂਰ ਹੋ ਗਏ ਹਨ;

"ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥"[136]

ਜਦੋਂ ਸਾਧਕ ਦੇ ਹਿਰਦੇ ਵਿਚ ਗੁਰੂ ਪ੍ਰਾਪਤੀ ਦੀ ਲਾਲਸਾ ਉਤਪੰਨ ਹੋ ਜਾਂਦੀ ਹੈ ਤਾਂ ਉਸ ਦਾ ਮਨ ਇਸ ਤਾਂਘ ਵਿਚ ਰਹਿੰਦਾ ਹੈ ਕਿ ਉਹ ਕਿਹੜਾ ਵੇਲਾ ਹੋਵੇਗਾ ਜਿਸ ਵੇਲੇ ਉਸ ਦਾ ਮੁਰਸ਼ਦ ਉਸ ਨੂੰ ਮਿਲੇਗਾ? ਗੁਰੂ ਅਰਜੁਨ ਦੇਵ ਜੀ ਆਖਦੇ ਹਨ ਕਿ ਮੇਰੇ ਮਨ ਦੀ ਤ੍ਰਿਸ਼ਨਾ ਬਿਨਾਂ ਗੁਰੂ ਦੇ ਕਿਸੇ ਹੋਰ ਵਸੀਲੇ ਨਾਲ ਸ਼ਾਂਤ ਨਹੀਂ ਹੋ ਸਕਦੀ। ਗੁਰੂ ਦੇ ਦਰਸ਼ਨ ਦੁਆਰਾ ਮੇਰੇ ਹਿਰਦੇ



Sri Satguru Jagjit Singh Ji eLibrary NamdhariElibrary@gmail.com

ਦੀ ਤ੍ਰਿਸ਼ਨਾ ਦਾ ਅੰਤ ਸੰਭਵ ਹੈ;

"ਮੇਰਾ ਮਨ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ॥
ਬਿਨੁ ਦਰਸਨ ਸੰਤ ਪਿਆਰੇ ਜੀਉ॥"[137]

ਗੁਰਮਤਿ ਵਿਚਾਰਧਾਰਾ ਵਿਚ ਜਿਸੇ ਵੇਲੇ ਮਨੁੱਖ ਨੂੰ ਸੱਚਾ ਗੁਰੂ ਮਿਲ ਜਾਂਦਾ ਹੈ ਤਾਂ ਉਸ ਦਾ ਜੀਵਨ ਆਨੰਦ ਨਾਲ ਭਰ ਜਾਂਦਾ ਹੈ। ਇਸ ਗੁਰੂ ਨੂੰ ਪਾਉਣ ਲਈ ਸਾਧਕ ਨੂੰ ਆਪਣੇ ਜੀਵਨ ਵਿਚ ਸਹਿਜ ਧਾਰਨ ਕਰਨਾ ਪੈਂਦਾ ਹੈ। ਗੁਰੂ ਅਮਰਦਾਸ ਜੀ ਆਪਣੀ ਬਾਣੀ ਅਨੰਦ ਸਾਹਿਬ ਵਿਚ ਲਿਖਦੇ ਹਨ ਕਿ ਹੇ ਮੇਰੀ ਮਾਤਾ, ਮੇਰਾ ਜੀਵਨ ਅਨੰਦ ਨਾਲ ਭਰ ਗਿਆ ਹੈ ਭਾਵ ਮੇਰੀ ਜ਼ਿੰਦਗੀ ਖੁਸ਼ੀਆਂ ਨਾਲ ਲਬਰੇਜ਼ ਹੋ ਗਈ ਹੈ ਕਿਉਂਕਿ ਮੈਨੂੰ ਮੇਰਾ ਮੁਰਸ਼ਦ (ਗੁਰੂ) ਮਿਲ ਗਿਆ ਹੈ। ਇਸ ਗੁਰੂ ਦੇ ਮਿਲਾਪ ਦੇ ਸਹਾਰੇ ਮੈਂ ਪਰਮਾਤਮਾ ਦੀ ਪ੍ਰਾਪਤੀ ਦੇ ਕਾਬਲ ਹੋ ਗਿਆ ਹਾਂ;

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤਾ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥"[138]

ਗੁਰੂ ਤੋਂ ਬਿਨਾਂ ਸਾਧਕ ਨੂੰ ਸਿੱਧੇ ਰਾਹ ਪਾਉਣ ਵਾਲਾ ਕੋਈ ਨਹੀਂ ਹੈ। ਗੁਰੂ ਹੀ ਪਰਮਾਤਮਾ ਨਾਲ ਮਿਲਾਪ ਦਾ ਰਾਹ ਦਿਖਾਉਂਦਾ ਹੈ ਜਿਸ ਉੱਪਰ ਚੱਲ ਕੇ ਸਾਧਕ ਪਰਮਾਤਮਾ ਦੀ ਪ੍ਰਾਪਤੀ ਦਾ ਵਸੀਲਾ ਬਣਦਾ ਹੈ। ਪੰਜਾਬੀ ਸੂਫ਼ੀ ਕਾਵਿ ਪਰੰਪਰਾ, ਗੁਰਮਤਿ ਕਾਵਿ ਪਰੰਪਰਾ, ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਮੁਰਸ਼ਦ ਦਾ ਸਥਾਨ ਬਹੁਤ ਮਹੱਤਵਪੂਰਨ ਮੰਨਿਆ ਗਿਆ ਹੈ। ਮੁਰਸ਼ਦ ਇਕ ਅਜਿਹਾ ਸਾਧਕ ਹੈ ਜਿਸ ਦੁਆਰਾ ਦਿਖਾਏ ਗਏ ਮਾਰਗ ਤੇ ਚੱਲਦਿਆਂ ਸੂਫ਼ੀ ਸਾਧਕ ਆਪਣੇ ਲਕਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਬਾਬਾ ਫ਼ਰੀਦ ਨੇ ਸੂਫ਼ੀ ਕਾਵਿ ਪਰੰਪਰਾ ਵਿਚ ਮੁਰਸ਼ਦ ਦਾ ਜਿਹੜਾ ਸਥਾਨ ਨਿਸ਼ਚਿਤ ਕੀਤਾ ਸੀ ਉਹੀ ਸਥਾਨ ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਵੀ ਕਾਇਮ ਹੈ। ਸੂਫ਼ੀ ਸਾਧਕਾਂ ਲਈ ਪਰਮਾਤਮਾ ਤੋਂ ਬਾਅਦ ਸਤਿਕਾਰਯੋਗ ਜੇ ਕੋਈ ਹਸਤੀ ਮੰਨੀ ਜਾਂਦੀ ਹੈ ਤਾਂ ਉਹ ਹੈ ਮੁਰਸ਼ਦ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਖ਼ਵਾਜਾ ਗ਼ੁਲਾਮ ਫ਼ਰੀਦ ਨੇ ਮੁਰਸ਼ਦ ਨੂੰ ਆਪਣੀ ਕਵਿਤਾ ਵਿਚ ਕੇਵਲ ਵਡਿਆਇਆ ਹੀ ਨਹੀਂ ਬਲਕਿ ਮੁਰਸ਼ਦ ਦੀ ਜ਼ਰੂਰਤ ਤੇ ਬਲ ਵੀ ਦਿੱਤਾ ਹੈ ਕਿਉਂਕਿ ਬਿਨਾਂ ਮੁਰਸ਼ਦ ਦੀ ਅਗਵਾਈ ਦੇ ਕੋਈ ਵੀ ਸੂਫ਼ੀ ਸਾਧਕ ਆਪਣੇ ਲਕਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ।

## ਗ਼ੁਲਾਮ ਫ਼ਰੀਦ ਦੀ ਕਾਵਿ ਕਲਾ

ਕਿਸੇ ਵੀ ਸਾਹਿਤ ਦੀ ਲੋਕਪ੍ਰਿਯਤਾ ਦਾ ਪ੍ਰਮੁੱਖ ਆਧਾਰ ਭਾਸ਼ਾ-ਸ਼ੈਲੀ ਨੂੰ ਮੰਨਿਆ ਜਾਂਦਾ ਹੈ। ਜਿਸ ਸਾਹਿਤ ਦੀ ਭਾਸ਼ਾ ਉਸ ਸਮਾਜ ਦੇ ਲੋਕਾਂ ਦੇ ਬੌਧਿਕ-ਪੱਧਰ ਦੇ ਮੇਚ ਦੀ ਹੋਵੇਗੀ, ਉਹ ਸਾਹਿਤ ਉਤਨਾ ਜਿਆਦਾ ਪ੍ਰਸਿੱਧ, ਲੋਕਪ੍ਰਿਯ ਅਤੇ ਹਰਮਨ-ਪਿਆਰਾ ਹੋਵੇਗਾ। ਇਹ ਸਾਰੇ ਪੈਮਾਨੇ ਪੰਜਾਬੀ ਸੂਫ਼ੀ ਸਾਹਿਤ ਅਤੇ ਖ਼ਾਸ ਕਰਕੇ ਗ਼ੁਲਾਮ ਫ਼ਰੀਦ ਦੇ ਕਾਵਿ ਉੱਤੇ ਪੂਰੇ ਉੱਤਰਦੇ ਹਨ। ਸੂਫ਼ੀ ਸਾਹਿਤ ਵਿਚ ਆਮ ਮਨੁੱਖ ਨੂੰ ਮੁੱਖ ਰੱਖ ਕੇ ਸਾਹਿਤ-ਰਚਨਾ ਕੀਤੀ ਗਈ ਹੈ। ਇਸ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਹੈ ਤਾਂ ਹੀ ਇਹ ਸਾਹਿਤ ਸਮਾਜ ਵਿਚ ਰਹਿੰਦੇ ਆਮ ਲੋਕਾਂ ਦੀ ਰੁਚੀ ਦਾ ਕਾਰਨ ਬਣਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਗ਼ੁਲਾਮ ਫ਼ਰੀਦ ਦੀ ਸ਼ਾਇਰੀ ਦੀ ਭਾਸ਼ਾ

ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਦੀ ਭਾਸ਼ਾ ਪ੍ਰਮੁੱਖ ਰੂਪ ਵਿਚ ਮੁਲਤਾਨੀ ਹੈ ਪਰ ਇਸ ਦੇ ਬਾਵਜੂਦ ਇਸ ਕਵਿਤਾ ਵਿਚ ਅਰਬੀ-ਫ਼ਾਰਸੀ ਦੇ ਸ਼ਬਦ, ਹਿੰਦੀ, ਸਿੰਧੀ ਅਤੇ ਉਰਦੂ ਦੇ ਸ਼ਬਦਾਂ ਦੀ ਭਰਮਾਰ ਵੀ ਦੇਖੀ ਜਾ ਸਕਦੀ ਹੈ। ਡਾ. ਅਨਵਰ ਚਿਰਾਗ਼ ਨੇ ਭਾਸ਼ਾ ਨੂੰ ਹੀ ਕਿਸੇ ਸਾਹਿਤ ਅਤੇ ਸਾਹਿਤਕਾਰ ਦੀ ਪ੍ਰਸਿੱਧੀ ਦਾ ਪੈਮਾਨਾ ਮੰਨਿਆ ਹੈ। ਸਾਹਿਤ ਦੀ ਭਾਸ਼ਾ ਜਿਤਨੀ ਸਰਲ ਅਤੇ ਆਮ ਲੋਕਾਂ ਦੇ ਸਮਝ ਵਿਚ ਆਉਣ ਵਾਲੀ ਹੋਵੇਗੀ ਉਹ ਸਾਹਿਤ ਅਤੇ ਸਾਹਿਤਕਾਰ ਉਤਨਾ ਜਿਆਦਾ ਮਕਬੂਲ ਹੋਵੇਗਾ। ਇਹ ਸਿਧਾਂਤ ਖ਼ਵਾਜਾ ਗ਼ੁਲਾਮ ਫ਼ਰੀਦ ਤੇ ਵੀ ਲਾਗੂ ਹੁੰਦਾ ਹੈ, ਅਸਲ ਵਿਚ ਸਮੁੱਚੀ ਸੂਫ਼ੀ ਕਵਿਤਾ ਦੀ ਪ੍ਰਸਿੱਧੀ ਦਾ ਮੂਲ ਆਧਾਰ ਭਾਸ਼ਾ ਨੂੰ ਹੀ ਕਿਹਾ ਜਾ ਸਕਦਾ ਹੈ;

"ਭਾਸ਼ਾ ਕਿਸੇ ਸਾਹਿਤ ਰਚਨਾ ਦੀ ਸਫ਼ਲਤਾ ਦਾ ਪ੍ਰਮੁੱਖ ਆਧਾਰ ਹੁੰਦੀ ਹੈ। ਪੰਜਾਬੀ ਸੂਫ਼ੀ ਕਾਵਿ ਦੀ ਭਾਸ਼ਾ ਸਰਲ, ਠੇਠ ਅਤੇ ਮੁਹਾਵਰੇ ਵਾਲੀ ਹੈ। ਸੂਫ਼ੀ ਕਵੀਆਂ ਨੇ ਜਨ-ਸਾਧਾਰਨ ਦੁਆਰਾ ਨਿੱਤ ਵਰਤੀਂਦੀ ਭਾਸ਼ਾ ਦਾ ਪ੍ਰਯੋਗ ਕੀਤੀ ਹੈ।"[139]

"ਖ਼ਵਾਜਾ ਗ਼ੁਲਾਮ ਫ਼ਰੀਦ ਸੱਤ ਭਾਸ਼ਾਵਾਂ ਅਰਥਾਤ ਅਰਬੀ, ਫ਼ਾਰਸੀ, ਉਰਦੂ, ਮੁਲਤਾਨੀ, ਸਿੰਧੀ, ਹਿੰਦੀ ਅਤੇ ਸੰਸਕ੍ਰਿਤ ਤੋਂ ਵਾਕਫ਼ ਸਨ। ਉਹਨਾਂ ਨੇ ਪਾਕ ਜੀਵਤ ਬਤੀਤ ਕੀਤਾ ਜੋ ਇਸਲਾਮ ਤੇ ਹਜ਼ਰਤ ਪੈਗੰਬਰ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਉਹਨਾਂ ਦੀ ਆਤਮਾ ਹਮੇਸ਼ਾ ਸ਼ਾਤ ਅਤੇ ਨਿਰਮਲ ਰਹੀ।"[140]

"ਗ਼ੁਲਾਮ ਫ਼ਰੀਦ ਅਨੇਕ ਭਾਸ਼ਾਵਾਂ ਦਾ ਜਾਣਕਾਰ ਸੀ। ਹਿੰਦੀ, ਉਰਦੂ, ਪੂਰਬੀ, ਸਿੰਧੀ ਆਦਿ ਦਾ ਪ੍ਰਭਾਵ ਸਪੱਸ਼ਟ ਝਲਕਦਾ ਹੈ ਅਤੇ ਉਨ੍ਹਾਂ ਦੀ ਠੇਠ ਮੁਲਤਾਨੀ'ਚ ਰਚੀ ਸ਼ਾਇਰੀ ਨੂੰ ਹੋਰ ਵੀ ਨਿਆਰਾ ਅਤੇ ਨਿਰਾਲਾ ਬਣਾ ਧਰਦਾ ਹੈ। ਸਿਰਾਇਕੀ, ਮੁਲਤਾਨੀ, ਬਹਾਵਲਪੁਰੀ ਤੇ ਕੁਝ ਸਿੰਧੀ ਭਾਸ਼ਾ ਦੀ ਰਲਾਉਣ ਨੇ ਬਾਕੀ ਦੇ ਸੂਫ਼ੀ ਕਵੀਆਂ ਨਾਲੋਂ ਉਨ੍ਹਾਂ ਨੂੰ ਨਿਖੇੜ ਦਿੱਤਾ ਹੋਇਆ ਹੈ ਪਰ ਪ੍ਰਸਿੱਧੀ'ਚ ਉਹ ਦੂਜਿਆਂ ਤੋਂ ਕਿਤੇ ਅੱਗੇ ਵੱਧ ਗਏ ਹੋਏ।"[141]

"ਗ਼ੁਲਾਮ ਫ਼ਰੀਦ ਨਿਰੇ ਸ਼ੇਖ਼ ਅਤੇ ਫ਼ਕੀਰ ਨਹੀਂ ਸਨ ਸਗੋਂ ਉਨ੍ਹਾਂ ਨੇ ਢੇਰ ਸਾਰੀ ਬਾਣੀ ਦੀ ਰਚਨਾ ਵੀ ਕੀਤੀ। ਆਪ ਨੇ ਫ਼ਾਰਸੀ, ਉਰਦੂ ਅਤੇ ਮੁਲਤਾਨੀ ਵਿਚ ਬਹੁਤ ਕੁੱਝ ਲਿਖਿਆ ਹੈ। ਆਪ ਨੇ ਕਾਫ਼ੀਆਂ, ਦੋਹੜੇ ਅਤੇ ਗ਼ਜ਼ਲਾਂ ਲਿਖ ਕੇ ਜਿੱਥੇ ਮੁਲਤਾਨੀ ਨੂੰ ਅਮੀਰ ਕੀਤਾ, ਉੱਥੇ ਪੰਜਾਬੀ ਦੀ ਝੋਲੀ ਵੀ ਖ਼ੂਬ ਭਰੀ। ਇਨ੍ਹਾਂ ਤਿੰਨ ਭਾਸ਼ਾਵਾਂ ਤੋਂ ਛੁੱਟ ਗ਼ੁਲਾਮ ਫ਼ਰੀਦ ਜੀ ਸਿੰਧੀ ਅਤੇ ਹਿੰਦੀ ਵੀ ਜਾਣਦੇ ਸਨ।"[142]

"ਗ਼ੁਲਾਮ ਫ਼ਰੀਦ ਦੀਆਂ ਪੰਜਾਬੀ ਕਾਫ਼ੀਆਂ ਦਾ ਦੀਵਾਨ ਮੁਲਤਾਨੀ ਉੱਪ-ਭਾਸ਼ਾ ਵਿਚ ਹੈ। ਕਈ ਕਾਫ਼ੀਆਂ ਵਿਚ ਮੁਲਤਾਨੀ ਦੀ ਜ਼ਮੀਨ ਉੱਤੇ ਅਰਬੀ-ਫ਼ਾਰਸੀ ਸ਼ਬਦਾਂ ਦੀ ਭਰਮਾਰ ਅਤੇ ਕਿਤੇ ਕਿਤੇ ਕੁਰਾਨ ਦੀਆਂ ਆਇਤਾਂ ਦੀ ਵਰਤੋਂ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਆਪ ਅਰਬੀ ਤੇ ਫ਼ਾਰਸੀ ਦੇ ਕਿਤਨੇ ਵੱਡੇ ਵਿਦਵਾਨ ਸਨ। ਮੁਲਤਾਨੀ ਬੋਲੀ ਅਤੇ ਅਰਬੀ-ਫ਼ਾਰਸੀ ਤੇ ਇਸਲਾਮੀ ਸ਼ਬਦਾਂ ਦੀ ਅਧਿਕਤਾ ਦੇ ਕਾਰਨ ਗੈਰ-ਮੁਲਤਾਨੀ ਪਾਠਕਾਂ ਨੂੰ ਜੋ ਇਸ ਸ਼ਬਦਾਵਲੀ ਤੋਂ ਅਣਜਾਣ ਹੁੰਦੇ ਹਨ, ਆਪ ਦੀ ਅਜਿਹੀ ਕਵਿਤਾ ਕਠਿਨ ਵੀ ਪ੍ਰਤੀਤ ਹੁੰਦੀ ਹੈ।"[143]

"ਗ਼ੁਲਾਮ ਫ਼ਰੀਦ ਮੁਲਤਾਨੀ ਉੱਪ-ਭਾਸ਼ਾ ਦਾ ਇਕ ਮਹਾਨ ਸੂਫ਼ੀ ਕਵੀ ਹੋਇਆ ਹੈ



Sri Satguru Jagjit Singh Ji eLibrary NamdhariElibrary@gmail.com

ਅਤੇ ਉਸ ਨੇ ਮੁਲਤਾਨੀ ਕਾਫ਼ੀ ਨੂੰ ਇਕ ਵਿਸ਼ੇਸ਼ ਸ਼ਨਾਖ਼ਤ ਪ੍ਰਦਾਨ ਕੀਤੀ ਹੈ। ... ਉਸ ਨੇ ਮੁਲਤਾਨੀ ਉੱਪ-ਭਾਸ਼ਾ ਦੇ ਨਾਵਾਂ, ਪੜਨਾਵਾਂ, ਕਿਰਿਆਵਾਂ, ਕਿਰਿਆ ਵਿਸ਼ੇਸ਼ਣਾਂ, ਸੰਬੰਧਕਾਂ ਅਤੇ ਯੋਜਕਾਂ ਆਦਿ ਦਾ ਭਰਪੂਰ ਪ੍ਰਯੋਗ ਕੀਤਾ ਹੈ।"[144]

"ਆਪ (ਗ਼ੁਲਾਮ ਫ਼ਰੀਦ) ਦੀ ਕਾਵਿ-ਰਚਨਾ ਲਹਿੰਦੀ ਵਿਚ ਹੈ ਜਿਸ'ਤੇ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਕਾਫ਼ੀ ਪ੍ਰਭਾਵ ਹੈ। ਕਾਵਿ-ਰਚਨਾ ਵਿਚ ਸ਼ਰੀਅਤ ਅਤੇ ਤਸੱਵੁਫ਼ ਦੀਆਂ ਸੂਖ਼ਮ ਅਤੇ ਗੰਭੀਰ ਰਮਜ਼ਾਂ ਦਾ ਨਿਰੂਪਣ ਸੁਹਜਮਈ ਅਤੇ ਫ਼ਨਕਾਰਾਨਾ ਰੂਪ ਵਿਚ ਹੋਇਆ ਹੈ।"[145]

"ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਦੀ ਭਾਸ਼ਾ ਮੁਲਤਾਨੀ ਹੈ, ਪਰੰਤੂ ਮੁਲਤਾਨੀ ਭਾਸ਼ਾ ਦੇ ਅੰਤਰਗਤ ਅਰਬੀ-ਫ਼ਾਰਸੀ, ਉਰਦੂ ਆਦਿ ਸ਼ਬਦਾਵਲੀ ਵੀ ਵਰਤੀ ਗਈ ਹੈ। ਗ਼ੁਲਾਮ ਫ਼ਰੀਦ ਆਪਣੇ ਪੂਰਵ-ਵਰਤੀ ਪੰਜਾਬੀ ਸੂਫ਼ੀ ਕਵੀਆਂ ਵਾਂਗ ਆਪਣੇ-ਆਪ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕਰਦਾ ਹੈ।"[146]

"ਸੂਫ਼ੀ ਕਾਵਿ ਤੇ ਲਹਿੰਦੀ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਖ਼੍ਵਾਜਾ ਗ਼ੁਲਾਮ ਫ਼ਰੀਦ ਨੇ ਮੁਲਤਾਨੀ ਬੋਲੀ ਨੂੰ ਹੀ ਆਪਣੀ ਕਾਵਿ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਹੈ।"[147]

"ਗ਼ੁਲਾਮ ਫ਼ਰੀਦ ਸਾਡਾ ਅੰਤਿਮ ਪੰਜਾਬੀ ਸੂਫ਼ੀ ਕਵੀ ਹੈ। ਇਸ ਦੀ ਮੁਲਤਾਨੀ ਰੰਗੀ ਬਹਾਵਲਪੁਰੀ ਬੋਲੀ ਡਾਢੀ ਮਿੱਠੀ ਹੈ। ਕਾਫ਼ੀਆਂ ਵਿਚ ਅਨੇਕਾਂ ਛੰਦ ਤੇ ਤੋਲ ਤੁਕਾਂਤ ਵਰਤੇ ਹਨ। ਪਰ ਕਈ ਥਾਂਵਾਂ ਫ਼ਾਰਸੀ ਵੀ ਗੂੜ੍ਹੀ ਮਿਸ਼ਰਤ ਹੋ ਗਈ ਹੈ।"[148]

"ਮੁਲਤਾਨੀ ਭਾਸ਼ਾ ਦੇ ਨਾਲ-ਨਾਲ ਗ਼ੁਲਾਮ ਫ਼ਰੀਦ ਦੇ ਕਲਾਮ ਵਿਚ ਅਰਬੀ-ਫ਼ਾਰਸੀ ਦੇ ਸੰਕਲਪਗਤ ਸ਼ਬਦ ਦੀ ਢੇਰ ਮਾਤਰਾ ਵਿਚ ਦੇਖੇ ਜਾ ਸਕਦੇ ਹਨ। ਜਿਵੇਂ: ਜ਼ਾਹਰ, ਮੁਜ਼ਾਹਰ, ਨਿਆਜ਼, ਇਸ਼ਕ, ਆਸ਼ਕ, ਰਮਜ਼, ਤੌਹੀਦ, ਹਕੀਕੀ, ਮਖ਼ਫ਼ੀ, ਇਫ਼ਹਾਰ, ਵਾਜ਼ਹੇ ਮਸ਼ਹੂਦ, ਕਰਬ, ਬੁਅਦ, ਲਮਿਨ-ਉਲ-ਮੁਲਕ, ਰਿੰਦ, ਮਸ਼ਰਬ, ਅਯਾਨ, ਅਸਦ, ਅੱਲ੍ਹਾ, ਜ਼ੀਸ਼ਆਨ, ਕੁਤਬੀ ਰੁਤਬਾ, ਤਬੱਸੁਮ, ਅਕਰਬ, ਰਾਜ਼, ਰਕੀਬ, ਆਬਦ, ਨਫ਼ਲ, ਜ਼ੌਕ, ਸ਼ੌਕ, ਵਜੂਦ, ਜ਼ਕਾਤ, ਹਿਕਮਾਤ ... ਆਦਿ।"[149]

ਗ਼ੁਲਾਮ ਫ਼ਰੀਦ ਨੇ ਆਪਣੇ ਕਾਵਿ ਵਿਚ ਮੁਲਤਾਨੀ ਭਾਸ਼ਾ ਦੇ ਨਾਲ-ਨਾਲ ਅਰਬੀ-ਫ਼ਾਰਸੀ, ਉਰਦੂ, ਹਿੰਦੀ ਅਤੇ ਸੰਸਕ੍ਰਿਤ ਆਦਿ ਦੇ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਹੈ। ਗ਼ੁਲਾਮ ਫ਼ਰੀਦ ਦੀ ਕਵਿਤਾ ਦਾ ਮੂਲ ਧੁਰਾ ਮੁਲਤਾਨੀ ਭਾਸ਼ਾ ਹੀ ਰਿਹਾ ਹੈ।

## ਗ਼ੁਲਾਮ ਫ਼ਰੀਦ ਦੀ ਕਵਿਤਾ ਵਿਚ ਅੰਲਕਾਰ ਅਤੇ ਪ੍ਰਤੀਕ

ਅੰਲਕਾਰ ਇਕ ਅਜਿਹਾ ਗਹਿਣਾ ਹੈ ਜੋ ਕਵਿਤਾ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਦਿੰਦਾ ਹੈ। ਅੰਲਕਾਰ ਦੁਆਰਾ ਕਵਿਤਾ ਬਹੁ-ਪਸਾਰੀ ਅਰਥ ਗ੍ਰਹਿਣ ਕਰਦੀ ਹੈ। ਇਹ ਕਿਸੇ ਕਵੀ ਦਾ ਵੱਡਾ ਗੁਣ ਹੁੰਦਾ ਹੈ ਕਿ ਉਹ ਆਪਣੀ ਕਵਿਤਾ ਦੀ ਸੁੰਦਰਤਾ ਨੂੰ ਵਧਾਉਣ ਲਈ ਕਿਸ ਪ੍ਰਕਾਰ ਦੇ ਅੰਲਕਾਰਾਂ ਅਤੇ ਪ੍ਰਤੀਕਾਂ ਦੀ ਚੋਣ ਕਰਦਾ ਹੈ;

"ਅੰਲਕਾਰ ਜਾਂ ਬਿੰਬ ਦੀ ਵਰਤੋਂ ਕਵਿਤਾ ਵਿਚ ਇਕ ਅਜਿਹਾ ਰਸ ਲਿਆਂਦੀ ਹੈ ਜੋ ਕਵਿਤਾ ਦੇ ਮੂਲ-ਮਾਧਿਅਮ, ਸ਼ਬਦ ਦਾ ਰਸ ਨਹੀਂ ਹੁੰਦਾ। ਇਹ ਇਕ ਤਰ੍ਹਾਂ ਨਾਲ ਕੋਈ ਬਾਹਰਲਾ ਰਸ ਹੁੰਦਾ ਹੈ ਸ਼ਾਇਦ ਇਸੇ ਕਰਕੇ ਇਹ ਕਵੀਆਂ ਦਾ ਵਧੇਰੇ ਪਿਆਰਾ ਕਰਤੱਵ ਹੈ।"[150]



Sri Satguru Jagjit Singh Ji eLibrary NamdhariElibrary@gmail.com

ਗ਼ੁਲਾਮ ਫ਼ਰੀਦ ਨੇ ਆਪਣੀ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਨੁਪ੍ਰਯਾਸ ਅੰਲਕਾਰ, ਰੂਪਕ ਅੰਲਕਾਰ ਅਤੇ ਉਪਮਾ ਅੰਲਕਾਰ ਆਦਿ ਦੀ ਵਰਤੋਂ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਅਜਨਬੀਕਰਣ ਵਿਧੀ ਦਾ ਪ੍ਰਯੋਗ ਵੀ ਕੀਤਾ ਹੈ;

"ਕਾਵਿ-ਸ਼ੈਲੀ ਨੂੰ ਚਮਤਕਾਰਪੂਰਣ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਗ਼ੁਲਾਮ ਫ਼ਰੀਦ ਅੰਲਕਾਰਾਂ ਆਦਿ ਸਜਾਵਟੀ ਤੱਤਾਂ ਦੁਆਰਾ ਅਜਨਬੀਕਰਣ ਦੀ ਵਿਧੀ ਦਾ ਬੜਾ ਸੁਚੱਜਾ ਪ੍ਰਯੋਗ ਕਰਦਾ ਹੈ। ਨਵਾਲੋਚਕਾਂ ਅਨੁਸਾਰ ਕਾਵਿ-ਭਾਸ਼ਾ ਵਿਚ ਸਾਹਿਤਿਕਤਾ (literayness) ਪੈਦਾ ਕਰਨ ਲਈ ਅਜਨਬੀਕਰਣ (defamiliarization) ਦੀ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਨੁਪ੍ਰਾਸ ਅਤੇ ਹੋਰ ਅੰਲਕਾਰ ਭਾਸ਼ਾ ਵਿਚ ਸਾਹਿਤਿਕ ਗੁਣ-ਲੱਛਣ ਪੈਦਾ ਕਰ ਦਿੰਦੇ ਹਨ।"[151]

ਗ਼ੁਲਾਮ ਫ਼ਰੀਦ ਨੇ ਆਪਣੀ ਕਵਿਤਾ ਨੂੰ ਅੰਲਕਾਰਾਂ ਦੀ ਸੁੰਦਰਤਾ ਅਤੇ ਪ੍ਰਤੀਕਾਂ ਦਾ ਬਹੁਤ-ਪਸਾਰੀ ਅਰਥ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਵਿਯੋਗੇ ਮਨੁੱਖ ਦੇ ਸੰਕਲਪ ਨੂੰ ਆਪਣੀ ਕਵਿਤਾ ਵਿਚ ਦ੍ਰਿੜ ਕੀਤਾ ਹੈ। ਗ਼ੁਲਾਮ ਫ਼ਰੀਦ ਨੇ ਹੀਰ-ਰਾਂਝੇ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬ ਅਤੇ ਸੱਸੀ-ਪੁਨੂੰ ਦੇ ਪ੍ਰਤੀਕ ਵਰਤ ਕੇ ਜੀਵਾਤਮਾ ਅਤੇ ਪਰਮਾਤਮਾ ਦੇ ਵਿਯੋਗ ਦੀ ਗੱਲ ਸਮਝਾਈ ਹੈ। ਉਨ੍ਹਾਂ ਨੇ ਆਪਣੀ ਕਵਿਤਾ ਵਿਚ ਇਸ਼ਕ ਮਜਾਜ਼ੀ ਦਾ ਜ਼ਿਕਰ ਕਰਦਿਆਂ ਇਸ਼ਕ ਹਕੀਕੀ ਦੀ ਬਾਤ ਪਾਈ ਹੈ। ਹੀਰ-ਰਾਂਝੇ ਦਾ ਪ੍ਰਤੀਕ ਵਰਤ ਕੇ ਜੀਵਾਤਮਾ ਅਤੇ ਪਰਮਾਤਮਾ ਵਿਚਾਲੇ ਪਏ ਵਿਯੋਗ ਨੂੰ ਦ੍ਰਿਸ਼ਮਾਨ ਕੀਤਾ ਹੈ;

"ਆਪ (ਗ਼ੁਲਾਮ ਫ਼ਰੀਦ) ਦੀਆਂ ਰਚਨਾਵਾਂ ਵਿਚ ਆਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਦੇ ਪ੍ਰਗਟਾਵੇ ਤਹਿਤ ਆਸ਼ਕ-ਮਾਸ਼ੂਕ ਦੇ ਰੂਪ ਵਿਚ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸੱਸੀ-ਪੁੰਨੂ, ਲੈਲਾ-ਮਜਨੂੰ ਆਦਿ ਲੋਕ-ਕਥਾਵਾਂ ਦੇ ਨਾਇਕ-ਨਾਇਕਾਵਾਂ ਨੂੰ ਪ੍ਰਤੀਕ ਦੇ ਰੂਪ ਵਿਚ ਵਰਤੋਂ ਵਿਚ ਲਿਆਂਦਾ ਹੈ ਅਤੇ ਰੱਬ ਵਾਸਤੇ ਆਪ ਨੇ ਸ਼ਹੁ, ਯਾਰ, ਪੀਆ, ਦੋਸਤ, ਮਾਹੀ, ਸੱਜਣ, ਢੋਲ, ਦਿਲਵਰ, ਸਾਈਂ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।"[152]

ਗ਼ੁਲਾਮ ਫ਼ਰੀਦ ਦੀ ਕਵਿਤਾ ਕਿਉਂਕਿ ਇਸਲਾਮੀ ਵਿਚਾਰਧਾਰਾ ਵਿਚੋਂ ਹੋਂਦ ਵਿਚ ਆਈ ਹੈ ਇਸ ਲਈ ਇਸ ਕਵਿਤਾ ਵਿਚ ਇਸਲਾਮੀ ਸ਼ਬਦਾਂ, ਮੁਹਾਵਰਿਆਂ, ਅਖਾਣਾਂ ਅਤੇ ਪ੍ਰਤੀਕਾਂ ਦੀ ਭਰਮਾਰ ਦੇਖੀ ਜਾ ਸਕਦੀ ਹੈ;

"ਪੰਜਾਬੀ ਸੂਫ਼ੀ ਕਵਿਤਾ ਇਸਲਾਮੀ ਚਿੰਤਨ ਅਤੇ ਸਭਿਆਚਾਰ ਨਾਲ ਸੰਬੰਧਿਤ ਹੈ। ਇਸ ਲਈ ਸੂਫ਼ੀ ਕਵਿਤਾ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਪ੍ਰਯੋਗ ਸੁਭਾਵਿਕ ਪ੍ਰਤੀਤ ਹੁੰਦਾ ਹੈ।"[153]

"ਗ਼ੁਲਾਮ ਫ਼ਰੀਦ ਦੀ ਕਵਿਤਾ ਸੂਫ਼ੀਆਈ ਅਨੁਪ੍ਰਾਸਕ ਰਿਦਮ ਦੀ ਕਵਿਤਾ ਹੈ। ਸੰਗੀਤਾਤਮਕਤਾ ਇਸ ਕਵਿਤਾ ਦੀ ਜਾਨ ਹੈ। ਉਸ ਦੀਆਂ ਕਾਫ਼ੀਆਂ ਵਿਚ ਸ਼ਬਦਾਂ ਦੀ ਜੜ੍ਹਤ ਗਾਇਨ ਤੇ ਵਜਦ ਦੀ ਅਨੁਸਾਰੀ ਹੈ।"[154]

ਗ਼ੁਲਾਮ ਫ਼ਰੀਦ ਨੇ ਆਪਣੇ ਕਾਵਿ ਨੂੰ ਸੁੰਦਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅੰਲਕਾਰ ਅਤੇ ਪ੍ਰਤੀਕ ਵਰਤੇ ਹਨ। ਇਹਨਾਂ ਅੰਲਕਾਰਾਂ ਅਤੇ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਉਹਨਾਂ ਪਰਮਾਤਮਾ ਨਾਲੋਂ ਵਿਯੋਗੇ ਮਨੁੱਖ ਦੇ ਵਿਭਿੰਨ ਬਿੰਬ ਸਿਰਜੇ ਹਨ।



Sri Satguru Jagjit Singh Ji eLibrary NamdhariElibrary@gmail.com

## ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਵਿਚ ਸੰਗੀਤ

ਪੰਜਾਬੀ ਸੂਫ਼ੀ ਵਿਚਾਰਧਾਰਾ ਵਿਚ ਸੰਗੀਤ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਸੂਫ਼ੀ ਕਵਿਤਾ ਦੇ ਮੋਢੀ ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਸੰਗੀਤ ਨੂੰ ਅਹਿਮ ਸਥਾਨ ਮਿਲਿਆ ਹੈ। ਬੁੱਲ੍ਹੇ ਸ਼ਾਹ ਨੇ ਤਾਂ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਗਲੀਆਂ ਵਿਚ ਨੱਚ-ਟੱਪ ਕੇ ਸੰਗੀਤ ਦੀ ਮਿੱਠੀ ਧੁਨ ਵਿਚ ਯਾਰ (ਪਰਮਾਤਮਾ) ਨੂੰ ਮਨਾਇਆ ਸੀ। ਸੰਗੀਤ ਨੂੰ ਅਸਲ ਵਿਚ ਰੂਹ ਦੀ ਖ਼ੁਰਾਕ ਮੰਨਿਆ ਜਾਂਦਾ ਹੈ। ਸੰਗੀਤ ਅਤੇ ਰਾਗ ਦੀ ਉੱਤਪਤੀ ਸੰਬੰਧੀ ਸਾਹਿਤਿਆਰਥ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਵਿਚਾਰ ਦੇਖੇ ਜਾ ਸਕਦੇ ਹਨ;

"ਸੰਗੀਤ ਨੂੰ ਰਾਗ ਵੀ ਕਿਹਾ ਜਾਂਦਾ ਹੈ। ਰਾਗ ਸ਼ਬਦ ਸੰਸਕ੍ਰਿਤ ਵਿਚ ਰਕ ਧਾਤੂ ਤੋਂ ਨਿਕਲਿਆ ਹੈ ਜਿਸ ਦਾ ਭਾਵ ਰਕਤ ਹੋ ਜਾਣਾ, ਰਚ ਜਾਣਾ, ਭਾਵਕ ਰੂਪ ਵਿਚ ਜੁੜ ਜਾਣਾ ਹੈ। ਇਸ ਦਾ ਵਿਆਪਕ ਅਰਥ ਪ੍ਰੇਮ ਹੈ, ਜਿਸ ਤੋਂ ਸੰਗੀਤ ਜਾਂ ਰਾਗ ਕਲਾ ਦਾ ਪ੍ਰੇਮ ਜਾਂ ਭਾਵਕ ਯੋਗ ਵਿਚੋਂ ਉਪਜਣਾ ਸਿਧ ਹੈ। ਮਾਂ ਬੱਚੇ ਨੂੰ ਪਿਆਰ ਨਾਲ ਬੁਲਾਂਦੀ ਜਾਂ ਲੋਰੀ ਦੇਂਦੀ ਹੈ ਤਾਂ ਆਪਣੇ ਬੋਲ ਦੀਆਂ ਮਾਤਰਾਂ ਨੂੰ ਲਮਕਾ ਲਮਕਾ ਕੇ ਕਿਸੇ ਸੁਰ ਵਿਚ ਉਚਾਰਦੀ ਹੈ। ਇਹ ਸੁਰ ਹੀ ਰਾਗ ਦਾ ਮੁੱਢ ਹੈ।"[155]

ਪੰਜਾਬੀ ਸੂਫ਼ੀ ਕਵੀਆਂ ਵਾਂਗ ਗ਼ੁਲਾਮ ਫ਼ਰੀਦ ਵੀ ਰੱਬੀ-ਸੰਗੀਤ ਦੇ ਮੁਰੀਦ ਸਨ। ਉਹ ਆਪਣੇ ਡੇਰੇ ਵਿਚ ਸੂਫ਼ੀ-ਸੰਗੀਤ ਦੀਆਂ ਮਹਿਫ਼ਲਾਂ ਸਜਾਉਂਦੇ ਸਨ ਅਤੇ ਖ਼ੁਦ ਵੀ ਸੰਗੀਤ ਦਾ ਸ਼ੌਂਕ ਰੱਖਦੇ ਸਨ;

"ਖ਼ਵਾਜਾ ਸਾਹਿਬ ਨੂੰ ਸੰਗੀਤ ਨਾਲ ਬਹੁਤ ਹੀ ਪਿਆਰ ਸੀ। ਆਪ ਚਿਸ਼ਤੀਆਂ ਖ਼ਾਨਦਾਨ ਦੇ ਦੂਜੇ ਬਜ਼ੁਰਗਾਂ ਵਾਂਙ ਬੜੀ ਗੌਰ ਤੇ ਗੰਭੀਰਤਾ ਨਾਲ ਕੱਵਾਲੀ ਸੁਣਿਆ ਕਰਦੇ ਸਨ। ਬਰਕਤ ਕੱਵਾਲ ਇਨ੍ਹਾਂ ਦਾ ਪਿਆਰਾ ਕੱਵਾਲ ਸੀ, ਜੋ ਸਦਾ ਇਨ੍ਹਾਂ ਨਾਲ ਰਿਹਾ ਕਰਦਾ ਸੀ। ... ਇਹ ਗੱਲ ਮਸ਼ਹੂਰ ਹੈ ਕਿ ਘੰਟਿਆਂ ਤਕ ਇਸ ਪਾਸੋਂ ਕੱਵਾਲੀ ਸਣਿਆ ਕਰਦੇ ਸਨ। ਕਦੀ ਕਦੀ ਦਰਿਆ ਦੀ ਸੈਰ ਨੂੰ ਨਿਕਲ ਜਾਂਦੇ ਸਨ ਅਤੇ ਕਿਸ਼ਤੀ ਵਿਚ ਬੈਠ ਕੇ ਪਾਣੀ ਦੇ ਧਰਾਤਲ ਉੱਪਰ ਰਾਗ ਤੇ ਰਾਗਣੀ ਦਾ ਲੁਤਫ਼ (ਮਜ਼ਾ) ਲੈਂਦੇ ਸਨ। ਕੱਵਾਲੀ ਦੀਆਂ ਮਹਿਫ਼ਲਾਂ ਵਿਚ ਇਨ੍ਹਾਂ ਦੀ ਹਾਲਤ ਦੇਖਣ ਦੇ ਕਾਬਲ ਹੁੰਦੀ ਸੀ। ਜਦ ਵੀ ਕੋਈ ਰੱਬੀ-ਪਿਆਰ ਦਾ ਸ਼ਿਅਰ ਆ ਜਾਂਦਾ ਮਸਤ ਹੋ ਜਾਂਦੇ ਅਤੇ ਅੱਖੀਆਂ ਵਿਚ ਹੰਝੂਆਂ ਦੀ ਬਰਖ਼ਾ ਸ਼ੁਰੂ ਹੋ ਜਾਂਦੀ।"[156]

"ਖ਼ਵਾਜਾ ਗ਼ੁਲਾਮ ਫ਼ਰੀਦ ਦੇ ਕਲਾਮ ਵਿਚ ਸਾਦਗੀ ਤੇ ਸੁੰਦਰਤਾ ਹੈ। ਸਪਸ਼ਟਤਾ ਤੇ ਰਸ ਹੈ। ਰਮਜ਼ ਤੇ ਸੰਗੀਤ ਹੈ। ਰਾਂਝਾ, ਪੁੰਨਲ (ਪੁੰਨੂੰ), ਰਾਵਲ, ਸੋਹਣੀ ਮਹੀਂਵਾਲ, ਮਿਠਲ ਤੇ ਹੀਰ ਆਦਿ ਦੇ ਪਾਤਰ ਜਿਉਂਦੇ ਜਾਗਦੇ ਨਜ਼ਰ ਆਉਂਦੇ ਹਨ। ਇਨ੍ਹਾਂ ਪਾਤਰਾਂ ਦੇ ਰਾਹੀਂ ਪ੍ਰੇਮ ਭਾਵ, ਇਸ਼ਕ ਦੀ ਅੱਗ ਤੇ ਬਿਰਹਾ ਦਾ ਸੰਤਾਪ ਅਤਿ ਖ਼ੂਬਸੂਰਤ ਤੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਗਿਆ ਹੈ।"[157]

ਪੰਜਾਬੀ ਸੂਫ਼ੀ ਕਾਵਿਧਾਰਾ ਦਾ ਕਾਫ਼ੀ ਕਾਵਿ ਰੂਪ ਸੰਗੀਤ ਦੁਆਰਾ ਹੀ ਆਪਣੀ ਅਸਲ ਹੋਂਦ ਅਖ਼ਤਿਆਰ ਕਰਦਾ ਹੈ। ਪੁਰਤਾਨ ਕਾਲ ਵਿਚ ਸੂਫ਼ੀ ਸੰਤਾਂ ਦੀਆਂ ਮਜਲਿਸਾਂ ਵਿਚ ਸੰਗੀਤ ਦੇ ਦੌਰ ਚੱਲਦੇ ਸਨ। ਉਹ ਸੰਗੀਤ ਦੀ ਮਸਤੀ ਵਿਚ ਆਪਣੇ-ਆਪ ਦੀ ਸੁੱਧ-ਬੁੱਧ ਭੁੱਲ ਜਾਂਦੇ ਸਨ ਅਤੇ ਪ੍ਰੀਤਮ ਦੇ ਇਸ਼ਕ ਵਿਚ ਨੱਚਣ-ਗਾਉਣ ਲੱਗ ਪੈਂਦੇ ਸਨ। ਪ੍ਰੇਮ ਵਿਚ ਮਸਤ ਸੂਫ਼ੀ ਸਾਧਕ ਆਪਣੇ ਪ੍ਰੀਤਮ ਦੇ ਦਰ ਨੂੰ ਛੱਡਣ ਨੂੰ ਤਿਆਰ ਨਹੀਂ ਹੁੰਦੇ, ਉਹ ਹਰ ਹਾਲ ਵੀ



Sri Satguru Jagjit Singh Ji eLibrary NamdhariElibrary@gmail.com

ਆਪਣੇ ਪ੍ਰੀਤਮ ਦੇ ਇਸ਼ਕ ਵਿਚ ਮਸਤ ਅਤੇ ਖੁਸ਼ ਰਹਿੰਦੇ ਹਨ। ਸੂਫ਼ੀ ਸਾਧਕ ਰੱਬੀ-ਸੰਗੀਤ ਦੀ ਧੁਨ ਵਿਚ ਅਜਿਹਾ ਮਸਤ ਹੋ ਜਾਂਦਾ ਹੈ ਕਿ ਉਹ ਸਭ ਕੁੱਝ ਪਰਮਾਤਮਾ ਦੇ ਹਵਾਲੇ ਕਰ ਦਿੰਦਾ ਹੈ ਅਤੇ ਉਸ ਨੂੰ ਦੁਨੀਆਂਦਾਰੀ ਦੀ ਕੋਈ ਪਰਵਾਹ ਨਹੀਂ ਰਹਿੰਦੀ। ਉਹ ਕਹਿੰਦਾ ਹੈ ਕਿ ਜਿਹੜਾ ਸਰੂਰ ਪਰਮਾਤਮਾ ਦੇ ਨਾਮ ਦਾ ਉਸ ਨੂੰ ਚੜ ਗਿਆ ਹੈ ਉਹ ਸਰੂਰ ਦੁਨੀਆਂ ਦੀ ਕਿਸੇ ਵੀ ਹੋਰ ਵਸਤੂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸੂਫ਼ੀ ਸਾਧਕ ਕਹਿੰਦਾ ਹੈ ਕਿ ਮੈਨੂੰ ਪਰਮਾਤਮਾ ਦੇ ਨਾਮ ਦੀ ਖ਼ੁਮਾਰੀ ਚੜ ਗਈ ਹੈ ਅਤੇ ਹੁਣ ਮੈਂ ਪਰਮਾਤਮਾ ਦੇ ਇਸ਼ਕ ਵਿਚ ਮਸਤ ਹੋ ਕੇ ਨੱਚਣ-ਗਾਉਣ ਲੱਗ ਪਿਆ ਹਾਂ। ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਵਿਚ ਸੰਗੀਤ ਦੇ ਤੱਤ ਵੀ ਵਿਦਮਾਨ ਹਨ। ਉਨ੍ਹਾਂ ਦੀਆਂ ਕਾਫ਼ੀਆਂ ਵਧੇਰੇ ਕਰਕੇ ਰਾਗਾਂ ਵਿਚ ਜਾਂ ਫਿਰ ਰਾਗਣੀਆਂ ਵਿਚ ਮੌਜੂਦ ਹਨ। ਇਹਨਾਂ ਦੀਆਂ ਕਾਫ਼ੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਕਾਫ਼ੀਆਂ ਨੂੰ ਸੰਗੀਤ ਵਿਚ ਗਾਇਆ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਇਸ ਤੋਂ ਪਹਿਲੇ ਸੂਫ਼ੀਆਂ ਨੂੰ ਮਹਿਫ਼ਲਾਂ ਵਿਚ ਗਾਉਣ ਦਾ ਰੀਵਾਜ ਰਿਹਾ ਹੈ। ਖ਼ਵਾਜਾ ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਨੂੰ ਗਾਇਆ ਵੀ ਜਾ ਸਕਦਾ ਹੈ ਅਤੇ ਇਹੀ ਗ਼ੁਲਾਮ ਫ਼ਰੀਦ ਦੀ ਪ੍ਰਸਿੱਧੀ ਦਾ ਕਾਰਣ ਹੈ;

"ਖ਼ਵਾਜਾ ਸਾਹਿਬ ਦਾ ਇਕ ਵੱਡਾ ਗੁਣ ਲੋਕ-ਬੋਲੀ ਤੇ ਲੋਕ-ਮੁਹਾਵਰੇ ਦੀ ਜਾਣਕਾਰੀ ਦੇ ਨਾਲ ਸੰਗੀਤ ਦੇ ਮਾਹਰ ਹੋਣ ਦਾ ਹੈ। ਆਪ ਦੀਆਂ ਸਾਰੀਆਂ ਕਾਫ਼ੀਆਂ, ਰਾਗਾਂ ਤੇ ਰਾਗਣੀਆਂ ਉੱਤੇ ਆਧਾਰਿਤ ਹਨ। ਇਸ ਤਰ੍ਹਾਂ ਜਦ ਕਵਿਤਾ ਨੂੰ ਸੰਗੀਤ ਦੀ ਪਾਹ ਚੜ ਜਾਂਦੀ ਹੈ ਤਾਂ ਇਸ ਦਾ ਦਰਜ਼ਾ ਹੋਰ ਵੀ ਬੁਲੰਦ ਹੋ ਜਾਂਦਾ ਹੈ। ਇਸ ਉੱਤੇ ਲੋਕ ਗੀਤਾਂ ਦਾ ਪ੍ਰਭਾਵ ਇਸ ਦੀ ਪ੍ਰਗੀਤਾਤਮਕਤਾ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ।"[158]

"ਗ਼ੁਲਾਮ ਫ਼ਰੀਦ ਨੇ ਸਿੰਧੀ ਸ਼ਬਦ, ਤੁਕਾਂਰਾ ਅਤੇ ਸਾਂਈਂ ਜਿਹੇ ਸ਼ਬਦ ਦੀ ਸੰਬੋਧਨੀ ਤੇ ਵਰਤੋਂ ਆਪਣੀਆਂ ਕਾਫ਼ੀਆਂ ਵਿਚ ਕੀਤੀ ਹੈ। ਖ਼ਵਾਜਾ ਸਾਹਿਬ ਦਾ ਇਕ ਵੱਡਾ ਗੁਣ ਲੋਕ ਬੋਲੀ ਤੇ ਲੋਕ ਮੁਹਾਵਰੇ ਦੀ ਜਾਣਕਾਰੀ ਦੇ ਨਾਲ ਸੰਗੀਤ ਦੇ ਮਾਹਰ ਹੋਣ ਦਾ ਹੈ। ਆਪ ਦੀਆਂ ਸਾਰੀਆਂ ਕਾਫ਼ੀਆਂ, ਰਾਗਾਂ ਤੇ ਰਾਗਣੀਆਂ ਉੱਤੇ ਆਧਾਰਿਤ ਹਨ।"[159]

ਗ਼ੁਲਾਮ ਫ਼ਰੀਦ ਦੀ ਕਵਿਤਾ ਪੰਜਾਬੀ ਸਾਹਿਤ ਅਤੇ ਖਾਸ ਕਰਕੇ ਸੂਫ਼ੀ ਸਾਹਿਤ ਦਾ ਅਣਮੋਲ ਖ਼ਜਾਨਾ ਹੈ। ਗ਼ੁਲਾਮ ਫ਼ਰੀਦ ਨੇ ਆਪਣੀ ਕਵਿਤਾ ਵਿਚ ਸੁੰਦਰਤਾ ਲਿਆਉਣ ਲਈ ਛੰਤ, ਪ੍ਰਤੀਕ, ਅੰਲਕਾਰ, ਭਾਸ਼ਾ ਅਤੇ ਕਾਫ਼ੀ ਰੂਪ ਉੱਤੇ ਬਹੁਤ ਧਿਆਨ ਦਿੱਤਾ ਹੈ। ਗ਼ੁਲਾਮ ਫ਼ਰੀਦ ਦੀ ਕਵਿਤਾ ਸਮਾਜ ਵਿਚ ਰਹਿੰਦੇ ਆਮ ਮਨੁੱਖ ਦੇ ਵਧੇਰੇ ਨੇੜੇ ਹੈ। ਇਹ ਕਵਿਤਾ ਸਮਾਜ ਵਿਚ ਰਹਿੰਦੇ ਆਮ ਮਨੁੱਖ ਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਦੀ ਹੈ ਅਤੇ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਰਾਹ ਦੱਸਦੀ ਹੈ। ਗ਼ੁਲਾਮ ਫ਼ਰੀਦ ਦੀ ਕਵਿਤਾ ਦੇ ਹਰਮਨ-ਪਿਆਰੀ ਹੋਣ ਦਾ ਇਕ ਕਾਰਣ ਹੋਰ ਵੀ ਹੈ ਅਤੇ ਉਹ ਕਾਰਣ ਹੈ ਕਿ ਗ਼ੁਲਾਮ ਫ਼ਰੀਦ ਦੀ ਭਾਸ਼ਾ ਸਰਲ ਅਤੇ ਆਮ ਲੋਕਾਂ ਦੀ ਸਮਝ ਵੀ ਆਉਣ ਵਾਲੀ ਹੈ। ਇਸੇ ਲਈ ਗ਼ੁਲਾਮ ਫ਼ਰੀਦ ਦਾ ਕਲਾਮ ਪੰਜਾਬੀ ਸੂਫ਼ੀ ਸਾਹਿਤ ਵਿਚ ਇਤਨਾ ਲੋਕਪ੍ਰਿਯ ਹੋਇਆ ਹੈ। ਇਸ ਕਲਾਮ ਵਿਚ ਮਨੁੱਖ ਦਾ ਪਰਮਾਤਮਾ ਨਾਲੋਂ ਪਿਆ ਵਿਯੋਗ ਮੂਲ ਵਿਸ਼ੇ ਵੱਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਗ਼ੁਲਾਮ ਫ਼ਰੀਦ ਆਪਣੇ ਕਲਾਮ ਵਿਚ ਨਿਰਾ ਵਿਯੋਗ ਨੂੰ ਹੀ ਬਿਆਨ ਨਹੀਂ ਕਰਦਾ ਬਲਕਿ ਇਸ ਵਿਯੋਗ ਤੋਂ ਪਾਰ ਪਾਉਣ ਦੇ ਤਰੀਕੇ ਵੀ ਸੂਫ਼ੀਆਂ ਸਾਹਮਣੇ ਪੇਸ਼ ਕਰਦਾ ਹੈ। ਇਨ੍ਹਾਂ ਦਾ ਪੱਲਾ ਫੱੜ ਕੇ ਸੂਫ਼ੀ ਸਾਧਕ ਪਰਮਾਤਮਾ ਦੀ ਪ੍ਰਾਪਤੀ ਦੇ ਲਕਸ਼ ਨੂੰ ਪ੍ਰਾਪਤ ਕਰ ਲੈਂਦੇ ਹਨ ਜਾਂ ਦੂਜੇ ਸ਼ਬਦਾਂ ਵਿਚ ਸੂਫ਼ੀ ਸਾਧਕ ਪਰਮਾਤਮਾ ਵਿਚ ਫ਼ਨਾ ਹੋ ਜਾਂਦੇ ਹਨ। ਇਹੀ ਹਰ ਸੂਫ਼ੀ ਸਾਧਕਾਂ ਦਾ ਅੰਤਿਮ ਲਕਸ਼ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਟਿੱਪਣੀਆਂ ਅਤੇ ਹਵਾਲੇ


1. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-7.
2. ਰਘਬੀਰ ਸਿੰਘ ਭਰਤ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ, (ਮੁੱਖ ਸੰਪਾਦਕ), ਪੰਨਾ-226.
3. ਉਹੀ, ਪੰਨਾ-227.
4. ਡਾ. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ-73.
5. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-291.
6. ਉਹੀ, ਪੰਨਾ-4.
7. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ-217.
8. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-16.
9. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-142.
10. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-359.
11. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪਹਿਲਾ), ਪੰਨਾ-263.
12. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-4.
13. ਡਾ. ਹਰਿਭਜਨ ਸਿੰਘ, (ਸੰਪਾਦਕ), ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ-75.
14. ਡਾ. ਹਰਪ੍ਰੀਤ ਰੂਬੀ, ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ, ਪੰਨਾ-76.
15. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-8.
16. ਰਘਬੀਰ ਸਿੰਘ ਭਰਤ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-233.
17. http://pa.wikipedia.org.
18. Khawaja Ghulam Farid is one of the most read sufi poets. He was born in 1845 at Chachran Sharif (a city in Tehsil Khanpur, District Rahim Yar Khan, Punjab. This city is situated at the east bank of Indus River). He died at Chachran Sharif in 1901 and was buried at Mithankot in District Rajanpur. Mithankot is located across the river Indus on its west bank." http://nativepakistan.com/khawaja-ghulam-farid.
19. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-8.
20. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-19.
21. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-17.
22. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-27.
23. ਡਾ. ਹਰਿਭਜਨ ਸਿੰਘ, (ਸੰਪਾਦਕ), ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ-76.




Sri Satguru Jagjit Singh Ji eLibrary NamdhariElibrary@gmail.com

24. ਡਾ. ਅਨਵਰ ਚਿਰਾਗ, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-142.
25. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪਹਿਲਾ), ਪੰਨਾ-263.
26. ਡਾ. ਹਰਪ੍ਰੀਤ ਰੂਬੀ, ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ, ਪੰਨਾ-76.
27. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ-222.
28. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-362.
29. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ-220.
30. ਡਾ. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ-73.
31. ਜਗਵਿੰਦਰ ਜੋਧਾ, ਸ਼ਾਇਰੀ ਗ਼ੁਲਾਮ ਫ਼ਰੀਦ, ਸ਼ਾਹ ਚਮਨ (ਸੰਪਾਦਕ), ਪੰਨਾ-17.
32. http://pa.wikipedia.org ਹਵਾਲਾ ਤਨਵੀਰ ਬੁਖ਼ਾਰੀ।
33. "The lyrics of Khawaja Farid speak of the sadness of his separation from God and Muhammad, the beloved of Allah. He never reckoned himself away from his goal. But at times he felt a great separation and so he cried, groaned and sang in his ecstacy of the love which united him to his creator but with a veil in between them. The body acts as a most obedient slave, the sould gives life to the body and the spirit infuses the mechanical power in man. All these faculties he utilised only for the sake of Allah to approach Him, the only Goal for the man to attain."
http://sufipoetry.wordpress.com/poets/khawaja-ghulam-farid.
34. ਦਰਸ਼ਨ ਗਿੱਲ, ਪੰਜਾਬੀ ਕਾਵਿ ਵਿਚ ਨਿਰਾਸ਼ਾਵਾਦ, ਪੰਨਾ-16.
35. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-25.
36. ਉਹੀ, ਪੰਨਾ-90.
37. ਉਹੀ, ਪੰਨਾ-92.
38. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-366.
39. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-82.
40. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-30.
41. ਉਹੀ, ਪੰਨਾ-35.
42. ਉਹੀ, ਪੰਨਾ-34.
43. http://pa.wikipedia.org.
44. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, (ਭਾਗ-ਪਹਿਲਾ), ਪੰਨਾ-266.
45. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-71.



Sri Satguru Jagjit Singh Ji eLibrary NamdhariElibrary@gmail.com

46. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-39.
47. ਉਹੀ, ਕਾਫ਼ੀ 49, ਪੰਨਾ-94.
48. ਡਾ. ਰਤਨ ਸਿੰਘ ਜੱਗੀ, ਖੋਜ-ਪੱਤ੍ਰਿਕਾ ਸਾਂਈ ਬੁੱਲ੍ਹੇ ਸ਼ਾਹ ਅੰਕ, ਪੰਨਾ-174.
49. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-60, 61.
50. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਦੋਹੜੇ, ਪੰਨਾ-36.
51. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-72.
52. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-61.
53. ਧਰਮਪਾਲ ਚੌਧਰੀ (ਸੰਪਾਦਕ), ਦੀਵਾਨ ਗ਼ੁਲਾਮ ਫ਼ਰੀਦ, ਪੰਨਾ-6.
54. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-48.
55. ਰਘਬੀਰ ਸਿੰਘ ਭਰਤ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-228.
56. ਉਹੀ, ਪੰਨਾ-229.
57. ਡਾ. ਮੋਹਨ ਸਿੰਘ ਦੀਵਾਨਾ, ਸ਼ਾਹ ਹੁਸੈਨ, ਕਾਫ਼ੀ 144, ਪੰਨਾ-215.
58. ਡਾ. ਬਿਕਰਮ ਸਿੰਘ ਘੁੰਮਣ, ਕਲਾਮ ਸ਼ਾਹ ਹੁਸੈਨ, ਕਾਫ਼ੀ 119, ਪੰਨਾ-65.
59. ਡਾ. ਮਨਜੀਤ ਕੌਰ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਪੰਨਾ-186.
60. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪੰਨਾ-25.
61. ਡਾ. ਮਨਜੀਤ ਕੌਰ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਪੰਨਾ-190.
62. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਦੋਹੜੇ, ਪੰਨਾ-37.
63. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਤ ਤੇ ਰਚਨਾ, ਪੰਨਾ-73, 74.
64. ਪ੍ਰੋ. ਕਿਸ਼ਨ ਸਿੰਘ, ਸੂਫ਼ੀਮਤ ਅਤੇ ਸੂਫ਼ੀ ਕਵਿਤਾ, ਪੰਨਾ-22.
65. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-94.
66. ਧਰਮਪਾਲ ਚੌਧਰੀ (ਸੰਪਾਦਕ), ਦੀਵਾਨ ਗ਼ੁਲਾਮ ਫ਼ਰੀਦ, ਪੰਨਾ-8.
67. ਪੰਜਾਬੀ ਸੂਫ਼ੀ ਸਾਹਿਤ ਸੰਦਰਭ ਗ੍ਰੰਥ, ਪੰਨਾ-351.
68. "Birha is separation which implies longing for reunion. The Punjabi Sufi seeks God and craves for oneness with him. The supreme ideal is Fana-Fi-Allah (The annihilation of the self in God). But the union can also be attained by identifying oneself with the attributes of God and His creation. The Punjabi Sufi, like the other Sufis the world over, considers God his Beloved. But the Beloved here, contrary to the Islamic tradition, is masculine. The human soul, the woman separated from her lover, yearns for union with the spouse." The Copcept of Birha in Punjabi Sufi Poetry. http://www.apnaorg.com/books/tasneem/Ch-2.html.
69. ਦਰਸ਼ਨ ਗਿੱਲ, ਪੰਜਾਬੀ ਕਾਵਿ ਵਿਚ ਨਿਰਾਸ਼ਾਵਾਦ, ਪੰਨਾ-16.
70. ਡਾ. ਗ਼ੁਲਜ਼ਾਰ ਸਿੰਘ ਕੰਗ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-214.



Sri Satguru Jagjit Singh Ji eLibrary NamdhariElibrary@gmail.com

71. ਦਰਸ਼ਨ ਗਿੱਲ, ਪੰਜਾਬੀ ਕਾਵਿ ਵਿਚ ਨਿਰਾਸ਼ਾਵਾਦ, ਪੰਨਾ-18.
72. ਨਜਮ ਹੁਸੈਨ ਸੱਯਦ, ਸੇਧਾਂ ਸਾਰਾਂ ਅਤੇ ਹੋਰ ਲੇਖ, ਪੁਰਦਮਨ ਸਿੰਘ ਬੇਦੀ (ਲਿਪੀਅੰਤਰਨ ਅਤੇ ਸੰਪਾਦਕ), ਪੰਨਾ-81.
73. ਦਰਸ਼ਨ ਗਿੱਲ, ਪੰਜਾਬੀ ਕਾਵਿ ਵਿਚ ਨਿਰਾਸ਼ਾਵਾਦ, ਪੰਨਾ-13.
74. ਗੁਰੂ ਗ੍ਰੰਥ ਸਾਹਿਬ, ਰਾਗ ਸੂਹੀ, ਬਾਣੀ ਸ਼ੇਖ਼ ਫ਼ਰੀਦ ਜੀ ਕੀ, ਪੰਨਾ-1379.
75. ਪ੍ਰੋ. ਹਰਚੇਤ ਸਿੰਘ ਪੰਛੀ, ਪੰਜਾਬੀ ਕਾਵਿ ਵਿਚ ਬਿਰਹਾ ਭਾਵਨਾ, ਪੰਨਾ-11.
76. http://pa.wikipedia.org ਹਵਾਲਾ ਡਾ. ਸ਼ਾਰਦਾ।
77. ਡਾ. ਹਰਪ੍ਰੀਤ ਰੂਬੀ, ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ, ਪੰਨਾ-77.
78. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-98.
79. ਉਹੀ, ਪੰਨਾ-55.
80. ਉਹੀ, ਪੰਨਾ-55.
81. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-94.
82. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-372.
83. ਉਹੀ, ਪੰਨਾ-374.
84. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-86, 87.
85. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-94.
86. ਉਹੀ, ਪੰਨਾ-95.
87. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-37.
88. ਡਾ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਪੰਨਾ-75.
89. ਡਾ. ਹਰਪ੍ਰੀਤ ਰੂਬੀ, ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਪੰਨਾ-85.
90. ਡਾ. ਗੁਲਜ਼ਾਰ ਸਿੰਘ ਕੰਗ, ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਪੰਨਾ-54.
91. ਡਾ. ਗੋਬਿੰਦ ਸਿੰਘ ਲਾਂਬਾ, ਸੂਫ਼ੀ ਸਾਹਿਤ, ਪੰਨਾ-77.
92. ਪ੍ਰਿੰ. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ-26.
93. ਡਾ. ਮੋਹਨ ਸਿੰਘ ਦੀਵਾਨਾ, ਸੂਫ਼ੀ ਸਾਹਿਤ, ਪੰਨਾ-7.
94. ਡਾ. ਸੁਰਜੀਤ ਸਿੰਘ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-117.
95. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-30.
96. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-22.
97. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-48.
98. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-48.
99. ਰਘਬੀਰ ਸਿੰਘ ਭਰਤ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-232.
100. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-182.
101. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-92.



Sri Satguru Jagjit Singh Ji eLibrary NamdhariElibrary@gmail.com

102. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਕਾਫ਼ੀ ਨੰ. 13, ਪੰਨਾ–58.
103. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ–93.
104. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਗ਼ਜ਼ਲਾਂ, ਪੰਨਾ–25.
105. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ–57.
106. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਪੰਨਾ–113.
107. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ–360.
108. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ–81, 82.
109. ਰਘਬੀਰ ਸਿੰਘ ਭਰਤ, ਖੋਜ–ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ–33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ–226.
110. ਡਾ. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ–101.
111. ਰਘਬੀਰ ਸਿੰਘ ਭਰਤ, ਖੋਜ–ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ–33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ–227.
112. ਡਾ. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ–101.
113. ਡਾ. ਸੁਰਜੀਤ ਸਿੰਘ, ਖੋਜ–ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ–33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ–106.
114. ਡਾ. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ–74.
115. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ–363.
116. ਗੁਰੂ ਗ੍ਰੰਥ ਸਾਹਿਬ, ਪੰਨਾ–1380.
117. ਉਹੀ, ਬਿਲਾਵਲੁ ਮਹਲਾ ਪੰਜਵਾਂ, ਪੰਨਾ–846.
118. ਡਾ. ਤੇਜਾ ਸਿੰਘ, ਪੰਜਾਬੀ ਸੂਫ਼ੀ ਸਾਹਿਤ ਵਿਚ ਸਮਾਜਿਕ ਚੇਤਨਾ, ਪੰਨਾ–102.
119. ਡਾ. ਪ੍ਰੀਤਮ ਸੈਨੀ, ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ 25, ਪੰਨਾ–15.
120. ਡਾ. ਹਰਜਿੰਦਰ ਸਿੰਘ ਢਿੱਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ–98.
121. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਦੋਹੜੇ, ਪੰਨਾ–37.
122. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ–374.
123. ਡਾ. ਕਾਲਾ ਸਿੰਘ ਬੇਦੀ, ਬੁੱਲ੍ਹੇ ਸ਼ਾਹ: ਆਲੋਚਨਾਤਮਕ ਅਧਿਐਨ, ਪੰਨਾ–24, 25.
124. ਡਾ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਪੰਨਾ–65.
125. ਡਾ. ਜਗਜੀਤ ਸਿੰਘ, ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ, ਪੰਨਾ–62.
126. ਡਾ. ਨਰੇਸ਼, ਸੂਫ਼ੀਮਤ ਅਤੇ ਸੂਫ਼ੀ ਕਾਵਿ, ਪੰਨਾ–98.
127. ਡਾ. ਹਰਪ੍ਰੀਤ ਰੂਬੀ, ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਪੰਨਾ–85.
128. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ–21.
129. ਡਾ. ਗੁਰਦਿਆਲ ਸਿੰਘ ਢਿੱਲੋਂ, ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਪੰਨਾ–65.
130. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ–183.
131. ਪ੍ਰੋ. ਸੁਹਿੰਦਰਬੀਰ, ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਪੰਨਾ–71.



Sri Satguru Jagjit Singh Ji eLibrary NamdhariElibrary@gmail.com

132. ਉਹੀ, ਪੰਨਾ-70.
133. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, (ਸੰਪਾਦਕ), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-30.
134. ਗੁਰੂ ਗ੍ਰੰਥ ਸਾਹਿਬ, ਮਹਲਾ ਦੂਜਾ, ਪੰਨਾ-463.
135. ਉਹੀ, ਸਲੋਕ ਮਹਲਾ ਪਹਿਲਾ, ਪੰਨਾ-461, 462.
136. ਉਹੀ, ਗਉੜੀ ਬੈਰਾਗਣਿ ਮਹਲਾ ਚੌਥਾ, ਪੰਨਾ-167.
137. ਉਹੀ, ਮਾਝ ਮਹਲਾ ਪੰਜਵਾਂ, ਪੰਨਾ-96.
138. ਉਹੀ, ਰਾਮਕਲੀ ਮਹਲਾ ਤੀਜਾ, ਪੰਨਾ-917.
139. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-215.
140. "Khawaja Farid was conversant with seven languages Viz, Arabic, Persian, Urdu, Multani, Sindhi, Hindi and Sansakrat. He led a life of purity and was utterly devoted to the righteous path of the Holy Prophet (PBUH) of Islam. May his soul ever rest in peace."
http://sufipoetry.wordpress.com/poets/khawaja-ghulam-farid.
141. ਸ਼ਾਹ ਚਮਨ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਪੰਨਾ-8.
142. ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ ਬੱਦਨ, ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਪੰਨਾ-359, 360.
143. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-102.
144. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-33.
145. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-142.
146. ਡਾ. ਹਰਪ੍ਰੀਤ ਰੂਬੀ, ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ, ਪੰਨਾ-77.
147. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-215.
148. http://pa.wikipedia.org ਹਵਾਲਾ ਪ੍ਰਿੰਸੀਪਲ ਗੁਰਦਿੱਤ ਸਿੰਘ ਪ੍ਰੇਮੀ।
149. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-35.
150. ਪ੍ਰਿੰ. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ-153.
151. ਡਾ. ਬਿਕਰਮ ਸਿੰਘ ਘੁੰਮਣ, (ਸੰਪਾਦਕ), ਕਾਫ਼ੀਆਂ ਗ਼ੁਲਾਮ ਫ਼ਰੀਦ, ਪੰਨਾ-33.
152. ਡਾ. ਹਰਪ੍ਰੀਤ ਰੂਬੀ, ਪੰਜਾਬੀ ਸੂਫ਼ੀ ਕਾਵਿ ਦਾ ਸੰਚਾਰ-ਵਿਧਾਨ, ਪੰਨਾ-77.
153. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-215.
154. ਜਗਵਿੰਦਰ ਜੋਧਾ, ਸ਼ਾਇਰੀ ਗ਼ੁਲਾਮ ਫ਼ਰੀਦ, ਸ਼ਾਹ ਚਮਨ (ਸੰਪਾਦਕ), ਪੰਨਾ-18.
155. ਪ੍ਰਿੰ. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ-11.
156. ਡਾ. ਕਾਲਾ ਸਿੰਘ ਬੇਦੀ, (ਸੰਗ੍ਰਹਿ ਕਰਤਾ), ਪ੍ਰੋ. ਗੁਲਵੰਤ ਸਿੰਘ, (ਮੁੱਖ ਸੰਪਾਦਕ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪੰਨਾ-12.
157. ਰਘਬੀਰ ਸਿੰਘ ਭਰਤ, ਖੋਜ-ਪੱਤ੍ਰਿਕਾ, ਸੂਫ਼ੀ ਕਾਵਿ ਵਿਸ਼ੇਸ਼ ਅੰਕ, ਅੰਕ-33, ਡਾ. ਰਤਨ ਸਿੰਘ ਜੱਗੀ (ਮੁੱਖ ਸੰਪਾਦਕ), ਪੰਨਾ-234.
158. ਪ੍ਰੋ. ਹਿੰਮਤ ਸਿੰਘ ਸੋਢੀ, ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪੰਨਾ-85.
159. http://pa.wikipedia.org.



Sri Satguru Jagjit Singh Ji eLibrary NamdhariElibrary@gmail.com

# ਸਹਾਇਕ ਪੁਸਤਕ-ਸੂਚੀ

**ਪੰਜਾਬੀ ਪੁਸਤਕਾਂ**


ਉਪਕਾਰ ਕੌਰ (ਡਾ.), ਬਾਬਾ ਫ਼ਰੀਦ ਤੇ ਉਹਨਾਂ ਦੀ ਰਚਨਾ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 1983.

ਅੰਜੀਲ ਕੌਰ (ਡਾ.), ਸੂਫ਼ੀਵਾਦ ਵਿਚ ਵਿਦਰੋਹੀ ਸੁਰ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2005.

ਅਟਵਾਲ, ਹਰਜਿੰਦਰ ਸਿੰਘ (ਡਾ.), ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਆਲੋਚਨਾਤਮਕ ਅਧਿਐਨ, ਨਿਊ ਬੁੱਕ ਕੰਪਨੀ, ਜਲੰਧਰ, 1976.

ਅਤਰ ਸਿੰਘ (ਡਾ.), ਦ੍ਰਿਸ਼ਟੀਕੋਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963.

.............................., ਸਮਦਰਸ਼ਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1982.

ਅਨਵਰ ਚਿਰਾਗ਼ (ਡਾ.), ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006.

ਅਮੋਲ, ਐਸ.ਐਸ.(ਸੰਪਾਦਕ) ਬਾਬਾ ਫ਼ਰੀਦ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੂਜੀ ਵਾਰ, 1991.

ਅਮਰਵੰਤ ਸਿੰਘ (ਡਾ.), ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ (ਸਰੋਤ ਤੇ ਵਿਆਖਿਆ ਸਹਿਤ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਅਰਸ਼ੀ, ਗੁਰਚਰਨ ਸਿੰਘ ਸਭਿਆਚਾਰ ਅਤੇ ਰੰਗਮੰਚ, ਪੰਜਾਬੀ ਅਕਾਦਮੀ, ਦਿੱਲੀ, 1980.

ਸੁਹਿੰਦਰਬੀਰ (ਡਾ.), ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2005.

ਸਾਹਿਬ ਸਿੰਘ (ਪ੍ਰੋ.), ਸ਼ੇਖ ਫ਼ਰੀਦ ਜੀ ਦੀ ਬਾਣੀ ਸਟੀਕ, ਲਾਹੌਰ ਬੁੱਕ ਸ਼ਾਪ ਲੁਧਿਆਣਾ, 1946.

ਸੁਖਬੀਰ ਸਿੰਘ (ਡਾ.), ਫ਼ਰੀਦ ਬਾਣੀ: ਬਿੰਬ ਵਿਧਾਨਕ ਅਧਿਐਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987.

ਸੇਖੋਂ, ਸੰਤ ਸਿੰਘ (ਪ੍ਰੋ.), ਪੰਜਾਬੀ ਕਾਵਿ ਸ਼ਿਰੋਮਣੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, 2001.

ਸਿੰਗਲ, ਧਰਮਪਾਲ (ਡਾ.), ਚੋਣਵਾਂ ਪੰਜਾਬੀ ਸੂਫ਼ੀ ਕਲਾਮ, ਬਲਦੇਵ ਸਿੰਘ ਬੱਦਨ (ਸੰਪਾਦਕ), ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 2005.





Sri Satguru Jagjit Singh Ji eLibrary NamdhariElibrary@gmail.com

ਸੋਢੀ, ਹਿੰਮਤ ਸਿੰਘ (ਪ੍ਰੋ.), ਗ਼ੁਲਾਮ ਫ਼ਰੀਦ: ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਸੋਢੀ, ਤੇਜਾ ਸਿੰਘ (ਟੀਕਾਕਾਰ), ਸਲੋਕ ਫ਼ਰੀਦ ਜੀ ਸਟੀਕ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1997.

ਸੀਤਲ, ਜੀਤ ਸਿੰਘ (ਡਾ.), ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁੱਕ ਡਿਪੂ, ਪਟਿਆਲਾ, 1979.

.............................., ਸ਼ਾਹ ਹੁਸੈਨ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਸਤਿਵੰਤ ਕੌਰ (ਡਾ.), ਪੰਜਾਬੀ ਸੂਫ਼ੀ ਕਾਵਿ ਵਿਚ ਮੌਤ ਦੀ ਚੇਤਨਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988.

ਸੈਨੀ, ਪ੍ਰੀਤਮ (ਡਾ.), ਕਲਾਮ ਬੁੱਲ੍ਹੇ ਸ਼ਾਹ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਸੱਯਦ, ਨਜਮ ਹੁਸੈਨ, ਸੇਧਾਂ ਸਾਰਾਂ ਅਤੇ ਹੋਰ ਲੇਖ, ਪੁਰਦਮਨ ਸਿੰਘ ਬੇਦੀ (ਲਿਪੀਅੰਤਰਨ ਅਤੇ ਸੰਪਾਦਕ), ਜਸਵੰਤ ਪ੍ਰਿੰਟਰਜ਼, ਲੁਧਿਆਣਾ, 2005.

ਹਬੀਬ, ਮੁਹੰਮਦ (ਡਾ.), ਭਾਰਤ ਵਿਚ ਸੂਫ਼ੀਵਾਦ ਚੋਣਵੇਂ ਸੰਦਰਭ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਹਰਜਿੰਦਰ ਸਿੰਘ (ਡਾ.), ਫ਼ਰੀਦ ਬਾਣੀ ਸਮੀਖਿਆ ਸਰੋਕਾਰ, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011.

ਹਰਿਭਜਨ ਸਿੰਘ (ਸੰਪਾਦਕ), ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਨੈਸ਼ਨਲ ਬੁੱਕ ਟਰਸੱਟ, ਦਿੱਲੀ, 1993.

ਕਸੇਲ, ਕਿਰਪਾਲ ਸਿੰਘ (ਡਾ.), ਬਾਬਾ ਫ਼ਰੀਦ ਦੀ ਸਾਹਿਤਕ ਪ੍ਰਤਿਭਾ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 1981.

.................. (ਸੰਪਾਦਕ), ਪੰਜਾਬੀ ਸਾਹਿਤ ਦਾ ਇਤਿਹਾਸ, (ਭਾਗ-ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

ਕੰਗ, ਗ਼ੁਲਜ਼ਾਰ ਸਿੰਘ (ਡਾ.), ਪੰਜਾਬੀ ਸੂਫ਼ੀ ਕਾਵਿ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1980.

.............................., ਸੂਫ਼ੀਧਾਰਾ ਸੂਫ਼ੀ-ਸਾਧਕ, ਕਲਾਕਾਰ ਪ੍ਰਕਾਸ਼ਨ, ਅਨੰਦਪੁਰ ਸਾਹਿਬ, 1994.

.............................., ਸੂਫ਼ੀਮਤ ਸਿਲਸਿਲੇ ਅਤੇ ਸਾਧਕ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002.

.............. (ਸੰਪਾਦਕ), ਚੋਣਵਾਂ ਸੂਫ਼ੀ ਕਲਾਮ ਮੀਆਂ ਸ਼ਾਹ ਜਲੰਧਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਕਾਂਗ, ਅਮਰਜੀਤ (ਡਾ.), ਮੱਧਕਾਲੀ ਸਾਹਿਤ ਚਿੰਤਨ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1980.

ਕਰਮਜੀਤ ਸਿੰਘ (ਡਾ.), ਪੰਜਾਬੀ ਰੁਬਾਈ: ਨਿਕਾਸ ਤੇ ਵਿਕਾਸ, ਐਮ.ਪੀ. ਪ੍ਰਕਾਸ਼ਨ, ਦਿੱਲੀ, 2009.

ਖਹਿਰਾ, ਹਰੀ ਸਿੰਘ (ਡਾ.), ਬਾਬਾ ਫ਼ਰੀਦ ਤੇ ਗੁਰੂ ਨਾਨਕ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2004.



Sri Satguru Jagjit Singh Ji eLibrary NamdhariElibrary@gmail.com

ਗੁਰਦੇਵ ਸਿੰਘ (ਡਾ.), ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005.

.............................., ਕਲਾਮ ਸ਼ਾਹ ਹੁਸੈਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006.

.............................., ਕਲਾਮ ਬੁੱਲ੍ਹੇ ਸ਼ਾਹ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007.

ਗੁਰਬਖਸ਼ ਸਿੰਘ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1985.

ਗਿੱਲ, ਤੇਜਵੰਤ ਸਿੰਘ (ਡਾ.), ਪੰਜਾਬੀ ਸਾਹਿਤ ਸਮੀਖਿਆ ਅਤੇ ਵਿਹਾਰ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1997.

ਗੁਲਵੰਤ ਸਿੰਘ (ਪ੍ਰੋ.), ਇਸਲਾਮ ਅਤੇ ਸੂਫ਼ੀਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਘੁੰਮਣ, ਬਿਕਰਮ ਸਿੰਘ (ਡਾ.), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1999.

.............................., ਕਾਫ਼ੀਆਂ ਸ਼ਾਹ ਹੁਸੈਨ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2005.

.............................., ਕਾਫ਼ੀਆਂ ਗ਼ੁਲਾਮ ਫ਼ਰੀਦ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2008.

.............................., ਸ਼ਾਹ ਹੁਸੈਨ ਜੀਵਨ ਤੇ ਰਚਨਾ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2008.

ਚੌਧਰੀ, ਧਰਮਪਾਲ (ਸੰਪਾਦਕ), ਦੀਵਾਨ ਗ਼ੁਲਾਮ ਫ਼ਰੀਦ, ਭਾਸ਼ਾ ਵਿਭਾਗ ਪੰਜਾਬ, 2002.

ਚਮਨ, ਸ਼ਾਹ (ਸੰਪਾਦਕ), ਸ਼ਾਇਰੀ ਗ਼ੁਲਾਮ ਫ਼ਰੀਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.

ਜੱਗੀ, ਰਤਨ ਸਿੰਘ (ਡਾ.), ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

.............................., ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, (ਭਾਗ ਤੀਜਾ) (ਪੂਰਵ ਮੱਧਕਾਲ-2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਜਗਤਾਰ (ਡਾ.), ਸੂਫ਼ੀ ਕਾਵਿ ਤੇ ਉਸਦਾ ਪਿਛੋਕੜ, ਦੀਪਕ ਪਬਲੀਕੇਸ਼ਨ, ਜਲੰਧਰ, 1985.

.............................., ਮਿੱਤਰਾਂ ਦੀ ਮਿਜਮਾਨੀ ਖ਼ਾਤਰ, ਸ਼ਾਹ ਹੁਸੈਨ: ਜੀਵਨ ਤੇ ਰਚਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009.

ਜਗਜੀਤ ਸਿੰਘ (ਡਾ.), ਪੰਜਾਬੀ ਸੂਫ਼ੀ ਕਾਵਿ ਪ੍ਰਵਚਨ, ਬਲਵੰਤ ਪ੍ਰਕਾਸ਼ਨ, ਜਲੰਧਰ, ਪਹਿਲੀ ਵਾਰ, ਦਸਬੰਰ 2000.

.............................., ਸ਼ੇਖ਼ ਫ਼ਰੀਦ ਦਾ ਕਾਵਿ ਪ੍ਰਵਚਨ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2005.

ਜਗੀਰ ਸਿੰਘ (ਡਾ.), ਫ਼ਰੀਦ ਬਾਣੀ: ਸੰਗੀਤਕ ਪਰਿਪੇਖ, ਪੰਜਾਬੀ ਪਬਲੀਕੇਸ਼ਨ ਪਟਿਆਲਾ, 2002.

ਜੋਧਾ, ਜਗਵਿੰਦਰ ਪੰਜਾਬੀ ਸੂਫ਼ੀ ਕਾਵਿ ਸਮੀਖਿਆ ਸੰਵਾਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.




Sri Satguru Jagjit Singh Ji eLibrary NamdhariElibrary@gmail.com

ਜੋਸ਼ੀ, ਜੀਤ ਸਿੰਘ — ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2004.

ਢਿੱਲੋਂ, ਹਰਜਿੰਦਰ ਸਿੰਘ (ਡਾ.), ਸੂਫ਼ੀ ਕਵੀ ਸ਼ਾਹ ਹੁਸੈਨ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 1992.

.............................., ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1980.

ਢਿੱਲੋਂ, ਗੁਰਦਿਆਲ ਸਿੰਘ (ਡਾ.), ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, 2000.

ਤੇਜਾ ਸਿੰਘ (ਡਾ.), ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ, ਰਾਹੁਲ ਪ੍ਰਕਾਸ਼ਨ, ਫ਼ਿਰੋਜ਼ਪੁਰ, 2007.

ਤ੍ਰਿਪਤ ਕੌਰ, ਸ਼ੇਖ਼ ਫ਼ਰੀਦ, ਭਾਸ਼ਾ ਵਿਭਾਗ ਪੰਜਾਬ, ਦੂਜੀ ਵਾਰ, 1990.

ਦੀਵਾਨ ਸਿੰਘ (ਡਾ.), ਫ਼ਰੀਦ ਦਰਸ਼ਨ, ਲਾਹੌਰ ਬੁੱਕ ਸ਼ਾਪ ਲੁਧਿਆਣਾ, ਪੰਜਵੀਂ ਸੋਧੀ ਹੋਈ ਐਡੀਸ਼ਨ, 1986.

.............................., ਬੁੱਲ੍ਹੇ ਸ਼ਾਹ ਦਾ ਕਾਵਿ-ਲੋਕ, ਡਾ. ਬਿਕਰਮ ਸਿੰਘ ਘੁੰਮਣ (ਸੰਪਾਦਨ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, (ਤੀਜੀ ਵਾਰ), 2004.

ਦੀਵਾਨਾ, ਮੋਹਨ ਸਿੰਘ ਉਬਰਾਏ (ਡਾ.), ਸ਼ਾਹ ਹੁਸੈਨ ਰਚਨਾ, ਨਰੀਖਣ ਅਤੇ ਵਿਚਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988.

ਧਨਵੰਤ ਕੌਰ (ਡਾ.), ਸੂਫ਼ੀਆਨਾ ਅਦਬੀ ਰਿਵਾਇਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਨਾਰੰਗ, ਸੀ. ਐਲ. (ਪ੍ਰੋ.), ਸ਼ਾਹ ਹੁਸੈਨ: ਇਕ ਅਧਿਐਨ, ਮਦਾਨ ਪਬਲੀਕੇਸ਼ਨ, ਪਟਿਆਲਾ, 1977.

ਨਰੇਸ਼ (ਡਾ.), ਸੂਫ਼ੀਮਤ ਅਤੇ ਸੂਫ਼ੀ ਕਾਵਿ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1993.

ਪਦਮ, ਪਿਆਰਾ ਸਿੰਘ, ਹੁਸੈਨ ਰਚਨਾਵਲੀ, ਕਲਮ ਮੰਦਰ, ਪਟਿਆਲਾ, ਦੂਜੀ ਵਾਰ, 1974.

ਪ੍ਰੀਤਮ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ

ਬਲਦੇਵ ਸਿੰਘ (ਡਾ.), ਪੰਜਾਬੀ ਸੂਫ਼ੀ ਕਾਵਿ ਦਾ ਬਿੰਬ ਵਿਧਾਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ

ਬ੍ਰਹਮਜਗਦੀਸ਼ ਸਿੰਘ (ਪ੍ਰੋ.), ਬੋਲੈ ਸ਼ੇਖ਼ ਫ਼ਰੀਦ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, ਪਹਿਲੀ ਵਾਰ, 1994.

ਬੇਦੀ, ਕਾਲਾ ਸਿੰਘ (ਡਾ.), ਬੁੱਲ੍ਹੇ ਸ਼ਾਹ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

...........(ਸੰਗ੍ਰਹਿ ਕਰਤਾ), ਕਾਫ਼ੀਆਂ ਖ਼ਵਾਜਾ ਗ਼ੁਲਾਮ ਫ਼ਰੀਦ, ਪ੍ਰੋ. ਗੁਲਵੰਤ ਸਿੰਘ (ਸੰਪਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

.............................., ਬੁੱਲ੍ਹੇ ਸ਼ਾਹ ਆਲੋਚਨਾਤਮਕ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਬੇਦੀ, ਵਣਜਾਰਾ (ਡਾ.), ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007.

ਮਨਮੋਹਨ ਸਿੰਘ (ਡਾ.), ਸੂਫ਼ੀਮਤ ਅਤੇ ਧਾਰਮਿਕ ਲਹਿਰਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਰੱਤੂ, ਮਨਜੀਤ, ਕਾਫ਼ੀਆਂ ਬੁੱਲ੍ਹੇ ਸ਼ਾਹ, ਅਸ਼ੋਕ ਬੁੱਕ ਸ਼ਾਪ, ਸਰਹਿੰਦ, 2000.
ਰੰਧਾਵਾ, ਤਰਲੋਚਨ ਸਿੰਘ, ਪੰਜਾਬੀ ਸਭਿਆਚਾਰ ਅਤੇ ਹੀਰ ਕਾਵਿ ਪਰੰਪਰਾ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਪਹਿਲੀ ਵਾਰ 1990.
ਰੂਬੀ, ਹਰਪ੍ਰੀਤ (ਡਾ.), ਬੁੱਲ੍ਹੇ ਸ਼ਾਹ ਦਾ ਕਾਵਿ ਜਗਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ , 2008.
ਰਾਮ ਕ੍ਰਿਸ਼ਨ, ਲਾਜਵੰਤੀ (ਡਾ.), ਪੰਜਾਬੀ ਸੂਫ਼ੀ ਕਵੀ (1460-1900 ਈ.), ਡਾ. ਸੁਖਦੇਵ ਸਿੰਘ (ਅਨੁਵਾਦ ਅਤੇ ਸੰਪਾਦਨ), ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ , 2008.
ਰਸ਼ੀਦ, ਰਾਸ਼ਿਦ (ਡਾ.), ਕਲਾਮ ਬੁੱਲ੍ਹੇ ਸ਼ਾਹ: ਲੋਕਧਾਰਾਈ ਅਧਿਐਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2011.
ਲਾਂਬਾ, ਗੋਬਿੰਦ ਸਿੰਘ (ਡਾ.), ਮਸਲੇ ਸ਼ੇਖ਼ ਫ਼ਰੀਦ ਇਕ ਆਲੋਚਨਾਤਮਕ ਵਿਵੇਚਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ
............................., ਸੂਫ਼ੀ ਸਾਹਿਤ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 1983.
ਸ਼ਾਸਤਰੀ, ਨੀਲਕੰਠ, ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ), ਪੰਜਾਬੀ ਅਨੁਵਾਦ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1981.
ਸ਼ਰਮਾ, ਜੀ. ਐਲ. ਸ਼ਾਹ ਹੁਸੈਨ ਕਲਾ ਤੇ ਕਲਾਮ, ਜਗਜੀਵਨ ਪੰਜਾਬੀ ਪ੍ਰਕਾਸ਼ਨ, ਅੰਮ੍ਰਿਤਸਰ, 1975.
............................., ਸ਼ੇਖ਼ ਫ਼ਰੀਦ ਚਿੰਤਨ ਤੇ ਕਲਾ, ਏਕਤਾ ਪ੍ਰਕਾਸ਼ਨ ਅੰਮ੍ਰਿਤਸਰ, ਦੂਜੀ ਵਾਰ, 1985.
ਸ਼ੈਲੀ, ਕੁਲਜੀਤ (ਡਾ.), ਪੰਜਾਬੀ ਸੂਫ਼ੀ ਕਾਵਿ ਦੇ ਬਿੰਬ ਪੈਟਰਨ, ਭਾਸ਼ਾ ਵਿਭਾਗ ਪੰਜਾਬ, ਪਹਿਲੀ ਐਡੀਸ਼ਨ, 1992.

## ਖੋਜ-ਪ੍ਰਬੰਧ ਅਤੇ ਖੋਜ-ਨਿਬੰਧ

ਸਚਨੀਤ ਕੌਰ, ਫ਼ਰੀਦ ਬਾਣੀ ਵਿਚ ਬਿਰਹਾ ਸੰਵੇਦਨਾ (ਖੋਜ-ਨਿਬੰਧ), ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, 2003.
ਗੁਰਦੀਪ ਸਿੰਘ, ਸੂਫ਼ੀ ਕਵਿਤਾ ਵਿਚ ਬਿਰਹਾ ਦਾ ਸਰੂਪ (ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੇ ਸੰਦਰਭ ਵਿਚ), ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, 2003.
ਮਾਨ ਕੌਰ, ਪੰਜਾਬੀ ਸੂਫ਼ੀ ਕਵਿਤਾ ਦਾ ਕਾਵਿ ਸ਼ਾਸ਼ਤਰ (ਖੋਜ-ਪ੍ਰਬੰਧ), ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, 1999.

## ਹਿੰਦੀ ਪੁਸਤਕਾਂ

ਸਹਿਗਲ, ਮਨਮੋਹਨ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਭਾਸ਼ਾ ਵਿਭਾਗ ਪਟਿਆਲਾ, ਪੰਜਾਬ
ਗੋਇਲ, ਜੈ ਭਗਵਾਨ (ਡਾ.), ਸ਼ੇਖ਼ ਬਾਬਾ ਫ਼ਰੀਦ ਔਰ ਉਨਕਾ ਕਾਵਿਯ, ਆਤਮਾਰਾਮ ਐਂਡ ਸੰਨਜ਼, ਕਸ਼ਮੀਰੀ ਗੇਟ, ਦਿੱਲੀ, 1988.
ਗੁਲਾਟੀ, ਯਸ਼, ਸੂਫ਼ੀ ਕਵਿਤਾ ਕੀ ਪਹਿਚਾਨ, ਪ੍ਰਵੀਨ ਪ੍ਰਕਾਸ਼ਨ, ਦਿੱਲੀ, 1979.



Sri Satguru Jagjit Singh Ji eLibrary NamdhariElibrary@gmail.com

| | |
|---|---|
| ਜੈਨ, ਵਿਮਲ ਕੁਮਾਰ, | ਸੂਫ਼ੀਮਤ ਔਰ ਹਿੰਦੀ ਸਾਹਿਤਯ, ਆਤਮਾ ਰਾਮ ਐਂਡ ਸੰਨਜ਼, ਦਿੱਲੀ, 1995. |
| ਤਿਵਾਰੀ, ਭਾਲ ਚੰਦਰ, | ਸੂਫ਼ੀ ਕਾਵਯ ਕਾ ਦਾਰਸ਼ਨਿਕ ਵਿਵੇਚਨ, ਐਸ ਚਾਂਦ ਐਂਡ ਕੰਪਨੀ ਲਿਮਟਿਡ, ਨਵੀਂ ਦਿੱਲੀ |
| ਤਿਵਾੜੀ, ਰਾਮ ਪੂਜਨ, | ਸੂਫ਼ੀਮਤ ਸਾਧਨਾ ਔਰ ਸਾਹਿਤਯ, ਗਯਾਨ ਮੰਡਲ ਲਿਮ. ਬਨਾਰਸ, 2012. |
| ਦਿਨਕਰ, ਰਾਮਧਾਰੀ ਸਿੰਘ, | ਸੰਸਕ੍ਰਿਤੀ ਕੇ ਚਾਰ ਅਧਿਆਏ, ਭਾਰਤੀਯ ਸਾਹਿਤਯ ਅਕਾਦਮੀ, ਦਿੱਲੀ, 1956. |
| ਦਿਵੇਦੀ, ਹਜ਼ਾਰੀ ਪ੍ਰਸਾਦ, | ਮੱਧਕਾਲੀਨ ਬੋਧ ਕਾ ਸਵਰੂਪ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1970. |
| ........................, | ਹਿੰਦੀ ਸਾਹਿਤਯ ਕਾ ਆਦਿ ਕਾਲ, ਬਿਹਾਰ ਰਾਸ਼ਟਰ ਭਾਸ਼ਾ ਪ੍ਰੀਸ਼ਦ, ਪਟਨਾ, 1961. |
| ਸ਼ਾਹੀ, ਵਿਨੋਦ, | ਬੁੱਲ੍ਹੇ ਸ਼ਾਹ: ਸਮਯ ਔਰ ਪਾਠ, ਆਧਾਰ ਪ੍ਰਕਾਸ਼ਨ ਪੰਚਕੂਲਾ, 2012. |


**English Books**


| | |
|---|---|
| Ahmad , Zuhuru'ddin, | An Examination of the Mystic Tendencies in Islam (In the light of The Quran and Traditions), 1932. |
| Attar Singh, | Socio-Cultural Impact of Islam in India, Punjab University, Chandigarh, 1976. |
| Islam, Rama Krishna, | Punjabi University, Patiala, 1969. |
| Lajwanti (Dr.), | Punjabi Sufi Poets, Asha Janak Publications, New Delhi, 1973. |
| Razir, Saiyid Athar Abbar, | A History of Sufism in India, Munshi Ram Manonar Lal (P) Ltd.-1, 1978. Vol-2, 1983. |
| Renard, John, | The A to Z of Sufism, The Scarecrow Press, Inc. Lanham, Toronto, Plymouth, UK, 2009. |
| Rose H.A. | A Glossary of The Tribes and Castes of the Panjab and North West Frontier Province Vol.1, Lanuage Dept. Panjab Patiala, 1990. (Second Reprint) |
| Shan, Harnam Singh (Dr.), | So Said Sheikh Farid, Deptt. of Guru Nanak Sikh Studies, Panjab University, Chandigarh, 1974. |
| Sharda, S.R., | Sufi Thougt, Munshi Ram, Manohar Lal, Publishers Pvt. Ltd. New Delhi, 1974. |




Sri Satguru Jagjit Singh Ji eLibrary NamdhariElibrary@gmail.com

Subhan, John A., Sufism: Its Saints and Shrines, Lucknow Publishing House, Lucknow.

Talib, Gurbachan Singh (Prof.), Baba Sheikh Farid Life and Teachings, Parnassus Publishers Nov. 1973.


## ਗ੍ਰੰਥ


ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2002.

ਗੁਰਦੇਵ ਸਿੰਘ (ਡਾ.) (ਸੰਪਾਦਕ), ਪੰਜਾਬੀ ਸੂਫ਼ੀ ਸਾਹਿਤ ਸੰਦਰਭ ਗ੍ਰੰਥ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989.

ਨਾਭਾ, ਭਾਈ ਕਾਨ ਸਿੰਘ, ਮਹਾਨਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, (ਸੱਤਵੀਂ ਵਾਰ), 2006.

ਨਰੈਣ ਸਿੰਘ (ਟੀਕਾਕਾਰ), ਵਾਰਾਂ ਭਾਈ ਗੁਰਦਾਸ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, (12ਵੀਂ ਐਡੀਸ਼ਨ), 2001.


## ਖੋਜ-ਪੱਤਰ, ਪੱਤਰ-ਪੱਤ੍ਰਿਕਾਵਾਂ ਅਤੇ ਰਸਾਲੇ


ਗੁਰਮਤਿ ਪ੍ਰਕਾਸ਼, (ਮਾਸਿਕ ਰਸਾਲਾ), ਸਿਮਰਜੀਤ ਸਿੰਘ (ਸੰਪਾਦਕ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਈ 2008.

ਖੋਜ-ਪੱਤ੍ਰਿਕਾ, (ਸਾਈਂ ਬੁੱਲ੍ਹੇ ਸ਼ਾਹ ਵਿਸ਼ੇਸ਼ ਅੰਕ), ਡਾ. ਰਤਨ ਸਿੰਘ ਜੱਗੀ (ਸੰਪਾਦਕ), ਅੰਕ-23, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1984.

ਖੋਜ-ਪੱਤ੍ਰਿਕਾ, (ਗੁਰਮਤਿ ਕਾਵਿ ਵਿਸ਼ੇਸ਼ ਅੰਕ), ਡਾ. ਰਤਨ ਸਿੰਘ ਜੱਗੀ (ਸੰਪਾਦਕ), ਅੰਕ-26, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1985.

ਖੋਜ-ਪਤ੍ਰਿਕਾ, (ਬਾਬਾ ਫ਼ਰੀਦ ਵਿਸ਼ੇਸ਼ ਅੰਕ), ਡਾ. ਜੀਤ ਸਿੰਘ ਸੀਤਲ (ਸੰਪਾਦਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਦੂਜੀ ਵਾਰ) 1988.

ਖੋਜ-ਪੱਤ੍ਰਿਕਾ, (ਸੂਫ਼ੀ ਕਾਵਿ ਵਿਸ਼ੇਸ਼-ਅੰਕ), ਡਾ. ਰਤਨ ਸਿੰਘ ਜੱਗੀ (ਸੰਪਾਦਕ), ਅੰਕ-33, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1989.

ਪੰਜਾਬੀ ਦੁਨੀਆ, (ਸੂਫ਼ੀ ਸਾਹਿਤ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵੰਬਰ-ਦਸੰਬਰ 1964.

ਖੋਜ-ਦਰਪਣ, (ਪੰਜਾਬੀ ਸੂਫ਼ੀ ਕਾਵਿ ਵਿਸ਼ੇਸ਼ ਅੰਕ), ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1998.




Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਸੂਫ਼ੀ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ

ਨਿਸ਼ਾਨ ਸਿੰਘ (ਡਾ.)



ਨਿਸ਼ਾਨ ਸਿੰਘ (ਡਾ.)

ਪੂੰਜੀਵਾਦੀ ਦੌਰ ਵਿਚ ਮਨੁੱਖ ਦੇ ਆਪਣੇ ਕੰਮ ਤੋਂ ਅਤੇ ਆਪਣੀ ਕੀਤੀ ਮਿਹਨਤ ਤੋਂ ਵਿਯੋਗੇ ਹੋਣ (Alienation) ਦਾ ਸੰਕਲਪ ਮਾਰਕਸਵਾਦ ਦੀ ਦੇਣ ਹੈ ਪਰ ਇਸ ਤੋਂ ਪ੍ਰਭਾਵਿਤ ਹੋ ਕੇ ਰਹੱਸਵਾਦੀ ਚਿੰਤਨ ਵਿਚ ਵਿਯੋਗੇ ਮਨੁੱਖ ਬਾਰੇ ਚਰਚਾ ਹੋਣ ਲੱਗੀ ਹੈ ਜਿਸਦੀ ਉਦਾਹਰਣ ਨਿਸ਼ਾਨ ਸਿੰਘ ਦੀ ਪੁਸਤਕ "ਪੰਜਾਬੀ ਸੂਫ਼ੀ ਕਾਵਿ ਵਿਚ ਵਿਯੋਗੇ ਮਨੁੱਖ ਦਾ ਸੰਕਲਪ" ਹੈ। ਨਿਸ਼ਾਨ ਸਿੰਘ ਨੇ ਸੂਫੀ ਦਰਸ਼ਨ ਨੂੰ ਇਤਿਹਾਸਕ ਪਰਿਪੇਖ ਵਿਚ ਸਮਝਣ ਦੇ ਯਤਨ ਤੋਂ ਬਾਅਦ ਚਾਰ ਪ੍ਰਮੁੱਖ ਪੰਜਾਬੀ ਸੂਫ਼ੀਆਂ ਦੀ ਕਵਿਤਾ ਵਿਚ ਵਿਯੋਗੇ ਮਨੁੱਖ ਦੇ ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਹੈ ਇਨ੍ਹਾਂ ਸੂਫ਼ੀਆਂ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਰਹੱਸਵਾਦੀ ਅਤੇ ਯਥਾਰਥਵਾਦੀ ਮਾਨਵੀ ਸਥਿਤੀ ਨੂੰ ਵੀ ਲੋਕ ਭਾਸ਼ਾ ਵਿਚ ਸਮਝਿਆ ਹੈ। ਇਕ ਥਾਂ ਤੇ ਜਾ ਕੇ ਵਿਚੋਲੇ ਮੁਰਸ਼ਦ ਨੂੰ ਵੀ ਇਕ ਪਾਸੇ ਕਰ ਦਿੱਤਾ 'ਚਾਰੇ ਨੈਣ ਗਡਾਵਡ ਹੋਏ ਵਿਚ ਵਿਚੋਲਾ ਕੇਹਾ' ਸੂਫ਼ੀ ਅੰਤ ਉੱਪਰ 'ਅਨਹਲਹੱਕ' ਦਾ ਨਾਅਰਾ ਲਾਉਂਦਾ ਹੈ। ਸ਼ਰ੍ਹਾ ਸ਼ਰੀਅਤ ਤੋਂ ਉੱਪਰ ਉੱਠ ਕੇ ਵੱਖਰੀ ਤਰ੍ਹਾਂ ਦਾ ਜੀਵਨ ਜੀਉਂਦਾ ਹੈ। ਇਹੀ ਕਾਰਣ ਹੈ ਕਿ ਅੱਜ ਵੀ ਕੱਟੜਵਾਦੀ, ਸੂਫ਼ੀਆਂ ਨੂੰ ਪ੍ਰਵਾਨ ਨਹੀਂ ਕਰਦੇ ਅਜੋਕੇ ਯੁੱਗ ਵਿਚ ਸੂਫ਼ੀਆਂ ਦੀ ਚੜ੍ਹਤ ਦਾ ਰਾਜ਼ ਵੀ ਇਹੀ ਹੈ। ਨਿਸ਼ਾਨ ਸਿੰਘ ਦੀ ਪੁਸਤਕ ਇਨ੍ਹਾਂ ਸਾਰੇ ਸੂਫ਼ੀ ਮਸਲਿਆਂ ਨਾਲ ਦੋ ਚਾਰ ਹੁੰਦੀ ਹੈ। ਮੈਂ ਇਸ ਪੁਸਤਕ ਦਾ ਦਿਲੋਂ ਸਵਾਗਤ ਕਰਦਾ ਹੋਇਆ ਇਹ ਵੀ ਆਸ ਰੱਖਦਾ ਹਾਂ ਕਿ ਉਹ ਅਗਾਂਹ ਵੀ ਇਸ ਖੋਜ ਕਾਰਜ ਨੂੰ ਜਾਰੀ ਰੱਖੇਗਾ।

-ਡਾ. ਕਰਮਜੀਤ ਸਿੰਘ
ਸਾਬਕਾ ਪ੍ਰੋਫੈਸਰ ਤੇ ਚੇਅਰਮੈਨ ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

5 ਆਬ
Parkashan, Jalandhar
1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com

Sri Satguru Jagjit Singh Ji eLibrary NamdhariElibrary@gmail.com